# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਪੰਜਾਬੀ) ਭਾਗ ਪਹਿਲਾ ਸਮੈਸਟਰ ਦੂਜਾ

ਪੇਪਰ : ਪਹਿਲਾ (ਪੰਜਾਬੀ ਸਾਹਿਤ ਦਾ ਇਤਿਹਾਸ) ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


**ਅ-1**

2.1 : ਆਧੁਨਿਕ ਕਾਲ ਦੀ ਪੰਜਾਬੀ ਕਵਿਤਾ

2.2 : ਪੰਜਾਬੀ ਨਾਵਲ ਦਾ ਜਨਮ ਤੇ ਵਿਕਾਸ

2.3 : ਪੰਜਾਬੀ ਕਹਾਣੀ ਦਾ ਜਨਮ ਤੇ ਵਿਕਾਸ

2.4 : ਪੰਜਾਬੀ ਨਾਟਕ ਤੇ ਇਕਾਂਗੀ : ਜਨਮ ਤੇ ਵਿਕਾਸ

2.5 : ਪੰਜਾਬੀ ਰੰਗਮੰਚ ਦਾ ਵਿਕਾਸ

2.6 : ਪੰਜਾਬੀ ਨਿਬੰਧ : ਆਰੰਭ ਤੇ ਵਿਕਾਸ

2.7 : ਪੰਜਾਬੀ ਜੀਵਨੀ ਅਤੇ ਸਵੈ-ਜੀਵਨੀ ਸਾਹਿਤ : ਆਰੰਭ ਤੇ ਵਿਕਾਸ

2.8 : ਪੰਜਾਬੀ ਸਫ਼ਰਨਾਮਾ ਸਾਹਿਤ ਦਾ ਆਰੰਭ ਤੇ ਵਿਕਾਸ

2.9 : ਪੰਜਾਬੀ ਆਲੋਚਨਾ : ਜਨਮ ਤੇ ਵਿਕਾਸ

2.10 : ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਸਾਹਿਤ

**ਅ-2**

2.11 : ਸੰਯੁਕਤ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ : ਸੰਕਲਪ, ਸਰੂਪ ਅਤੇ ਵਿਕਾਸ

2.12 : ਦੇਸ਼-ਵੰਡ ਦੇ ਸਾਹਿਤਕ-ਸਭਿਆਚਾਰਕ ਪ੍ਰਭਾਵ

2.13 : ਪੰਜਾਬੀ ਸਾਹਿਤ ਦੀਆਂ ਪ੍ਰਮੁੱਖ ਵੰਨਗੀਆਂ (ਕਾਵਿ, ਨਾਵਲ, ਨਾਟਕ, ਕਹਾਣੀ) ਦੀ ਸੰਯੁਕਤ ਇਤਿਹਾਸਕਾਰੀ : ਸੰਭਾਵਨਾਵਾਂ ਤੇ ਸਮੱਸਿਆਵਾਂ

2.14 : ਸੰਖੇਪ ਪ੍ਰਸ਼ਨ-ਉੱਤਰ



**Department website : www.pbidde.org**

ਪਾਠ ਨੰ. : 2.1 –ਡਾ. ਕੇਸਰ ਸਿੰਘ ਕੇਸਰ

## ਆਧੁਨਿਕ ਕਾਲ ਦੀ ਪੰਜਾਬੀ ਕਵਿਤਾ

(1)

1849 ਈ. ਵਿਚ ਸਿੱਖਾਂ ਦੀ ਦੂਜੀ ਲੜਾਈ ਵਿਚ ਹਾਰ ਤੋਂ ਪਿਛੋਂ ਪੰਜਾਬ ਅੰਗਰੇਜ਼ੀ ਰਾਜ ਵਿਚ ਮਿਲਾ ਦਿੱਤਾ ਗਿਆ। ਇਸ ਤਰ੍ਹਾ ਸੁਤੰਤਰ ਪੰਜਾਬ ਇਕ ਵਾਰ ਫਿਰ ਗ਼ੁਲਾਮ ਹੋ ਗਿਆ। ਇਸ ਸਮੇਂ ਤੋਂ ਪੰਜਾਬ ਦੇ ਜੀਵਨ ਉੱਤੇ ਪੱਛਮੀ ਪ੍ਰਭਾਵ ਪੈਣੇ ਆਰੰਭ ਹੋ ਗਏ। ਇਸ ਰਾਜਸੀ ਪਰਿਵਰਤਨ ਉੱਤੇ ਪੰਜਾਬੀਆਂ ਨੇ ਬੜਾ ਸੋਗ ਮਨਾਇਆ ਅਤੇ ਇਸੇ ਦੁੱਖ ਨੂੰ ਸ਼ਾਹ ਮੁਹੰਮਦ ਤੇ ਮਟਕ ਨੇ ਆਪਣੀ ਕਵਿਤਾ ਵਿਚ ਪ੍ਰਗਟਾਇਆ ਹੈ। ਇਨ੍ਹਾਂ ਦੋਹਾਂ ਕਵੀਆਂ ਦੀ ਕਵਿਤਾ ਵਿਚ ਆਪਣੇ ਦੇਸ਼ ਲਈ ਇਕ ਦਰਦ ਭਰੀ ਹੂਕ ਹੈ।

**ਸ਼ਾਹ ਮੁਹੰਮਦ**

ਪੰਜਾਬ ਦਾ ਸ਼ਾਇਦ ਇਹ ਇਕੋ ਇਕ ਕੌਮੀ ਕਵੀ ਸੀ ਜਿਸ ਨੇ ਨਿਰੋਲ ਦੇਸ਼ ਪਿਆਰ ਨੂੰ ਹੀ ਆਪਣੀ ਕਵਿਤਾ ਦਾ ਮਜ਼ਮੂਨ ਬਣਾਇਆ। ਇਸ ਦੀ ਰਚਨਾ ਵਿੱਚ ਸਿੰਘਾਂ ਤੇ ਅੰਗਰੇਜ਼ਾਂ ਦੀ ਜੰਗ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਇਹ ਬੈਂਤ ਛੰਦ ਵਿਚ ਹੈ। ਆਪਣੇ ਦੇਸ਼ ਦੀ ਆਜ਼ਾਦੀ ਨੂੰ ਬਚਾਉਣ ਲਈ ਜਦ ਪੰਜਾਬ ਦੇ ਜਵਾਨ ਫ਼ਰੰਗੀਆਂ ਦੇ ਟਾਕਰੇ ਲਈ ਨਿਕਲਦੇ ਹਨ ਤਾਂ ਸ਼ਾਹ ਮੁਹੰਮਦ ਉਨ੍ਹਾਂ ਦੀ ਚੜ੍ਹਤ ਦਾ ਜ਼ਿਕਰ ਬੜੇ ਮਾਣ ਨਾਲ ਕਰਦਾ ਹੋਇਆ ਕਹਿੰਦਾ ਹੈ:

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ,
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ
ਜੈਸੇ ਬੇਲਿਉਂ ਨਿਕਲਦੇ ਸ਼ੇਰ ਮੀਆਂ
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ,
ਸ਼ਾਹ ਮੁਹੰਮਦ ਚੜ੍ਹੇ ਜਮੂਰ ਖਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।

ਕਵੀ ਨਵੇਂ ਆਏ ਅੰਗਰੇਜ਼ਾਂ ਨੂੰ ਇਕ 'ਆਫ਼ਤ' ਤੇ 'ਬੇ-ਪੀਰ' 'ਤੀਸਰੀ ਜਾਤ' ਦੱਸਦਾ ਹੈ ਅਤੇ ਹਉਕਾ ਭਰ ਕੇ ਆਖਦਾ ਹੈ ਕਿ ਅਸੀਂ ਪੰਜਾਬੀ, ਹਿੰਦੂ ਤੇ ਮੁਸਲਮਾਨ ਸੁੱਖ ਨਾਲ ਆਜ਼ਾਦ ਵਸਦੇ ਸਾਂ ਪਰ ਹੁਣ ਦੋਹਾਂ ਦੇ ਸਿਰ ਉੱਤੇ ਇਕ ਤੀਸਰੀ ਜਾਤ ਦੀ ਆਫ਼ਤ ਆ ਪਈ ਹੈ :

ਖੁਸ਼ੀ ਵਸਣ ਹਿੰਦੂ ਮੁਸਲਮਾਨ ਦੋਵੇਂ
ਸਿਰ ਦੋਹਾਂ ਦੇ ਆਫਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੀ ਨਹੀਂ ਸੀ ਤੀਸਰੀ ਜਾਤ ਆਈ।

ਕਵੀ ਦੁੱਖ ਪ੍ਰਗਟ ਕਰਦਾ ਹੈ ਕਿ ਸਰਕਾਰ (ਮਹਾਰਾਜਾ ਰਣਜੀਤ ਸਿੰਘ) ਦੀ ਅਗਵਾਈ ਬਾਝੋਂ ਖ਼ਾਲਸਾ ਫ਼ੌਜਾਂ ਜਿੱਤਦੀਆਂ-ਜਿੱਤਦੀਆਂ ਅੰਤ ਨੂੰ ਹਾਰ ਗਈਆਂ :

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਸ਼ਾਹ ਮੁਹੰਮਦ ਦਾ ਕਿੱਸਾ ਕਹਿਣ ਦਾ ਢੰਗ ਸਿੱਧਾ ਸਾਦਾ, ਸੰਜਮੀ, ਦਿਲ ਨੂੰ ਟੁੰਬਣ ਵਾਲਾ ਤੇ ਨਾਟਕੀ ਹੈ। ਬੋਲੀ ਸਮੁੱਚੇ ਤੌਰ 'ਤੇ ਠੇਠ ਤੇ ਬੜੀ ਸਵਰੀ ਹੋਈ ਵਰਤੀ ਹੈ। ਪੰਜਾਬ ਉੱਤੇ ਸਦੀਆਂ ਤੋਂ ਮੁਸਲਮਾਨੀ ਰਾਜ ਹੋਣ ਦੇ ਕਾਰਨ

ਅਰਬੀ ਫ਼ਾਰਸੀ ਦੇ ਅਨੇਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।

ਅਲੰਕਾਰ ਕਵਿਤਾ ਦੀ ਜਿੰਦ-ਜਾਨ ਹੁੰਦੇ ਹਨ। ਸ਼ਾਹ ਮੁਹੰਮਦ ਨੇ ਢੁਕਵੀਆਂ ਉਪਮਾਵਾਂ ਦੀ ਵਰਤੋਂ ਕਰਕੇ ਕਵਿਤਾ ਵਿਚ ਬਿਆਨੀ ਗੱਲ ਨੂੰ ਬਹੁਤ ਖਿੱਚਵੀਂ ਬਣਾ ਦਿੱਤਾ ਜਿਵੇ:

ਸ਼ਾਹ ਮੁਹੰਮਦਾ ਸਿੰਘਾ ਨੇ ਗੋਰਿਆਂ ਦੇ,<br>
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਕਵੀ ਨੇ ਆਪਣੇ-ਆਪ ਨੂੰ ਕੇਵਲ ਲੜਾਈ ਸਬੰਧੀ ਘਟਨਾਵਾਂ ਦਾ ਬਿਆਨ ਕਰਨ ਤੱਕ ਹੀ ਸੀਮਤ ਨਹੀਂ ਰੱਖਿਆ ਸਗੋਂ ਕਈ ਥਾਵਾਂ 'ਤੇ ਸਦਾਚਾਰਕ ਤੇ ਵਿਸ਼ਵ ਵਿਆਪੀ ਸਚਿਆਈਆਂ, ਨਾਸ਼ਮਾਨਤਾ ਦਾ ਪ੍ਰਭਾਵ ਅਤੇ ਨੀਤੀ ਦੀਆਂ ਗੱਲਾਂ ਵੀ ਲਿਖੀਆਂ ਹਨ। ਇਸ ਤਰ੍ਹਾਂ ਲਗਦਾ ਹੈ ਕਿ ਉਸਦਾ ਦ੍ਰਿਸ਼ਟੀਕੋਣ ਇਕ ਦਾਰਸ਼ਨਿਕ ਵਾਲਾ ਹੈ, ਜਿਵੇ:

ਇਹ ਜਗ ਸਰਾਏ ਮੁਸਾਫਰਾਂ ਦੀ,<br>
ਏਥੇ ਜ਼ੋਰ ਵਾਲੇ ਕਈ ਆਇ ਗਏ।<br>
....... ............... ..........<br>
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,<br>
ਵਾਜੇ ਕੂੜ ਦੇ ਕਈ ਵਜਾਇ ਗਏ।

ਇਸ ਤਰ੍ਹਾਂ ਹੀ ਜਿੱਥੇ ਉਹ ਮਹਾਰਾਜੇ ਦੇ ਗੁਣ ਗਾਉਂਦਾ ਹੈ:

ਅੱਜ ਹੋਵੇ ਸਰਕਾਰ ਤਾਂ ਮੁਲ ਪਾਵੇ,<br>
ਜਿਹੜੀਆਂ ਖ਼ਾਲਸੇ ਤੇ ਤੇਗਾਂ ਮਾਰੀਆਂ ਨੇ।

ਉਥੇ ਉਹ ਪਾਠਕਾਂ ਨੂੰ ਇਹ ਵੀ ਯਾਦ ਕਰਾਉਂਦਾ ਹੈ:

ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ।<br>
ਬਾਦਸ਼ਾਹਾਂ ਤੋਂ ਭੀਖ ਮੰਗਾਵਦਾ ਈ।

ਬੈਂਤ ਦੀ ਵਰਤੋਂ ਵਿਚ ਸ਼ਾਹ ਮੁਹੰਮਦ, ਵਾਰਿਸ਼ ਸ਼ਾਹ ਅਤੇ ਕਾਦਰਯਾਰ ਦੇ ਮੁਕਾਬਲੇ 'ਤੇ ਆਉਂਦਾ ਹੈ। ਸ਼ਾਹ ਮੁਹੰਮਦ ਨੇ ਇਸ ਰੂਪ ਨੂੰ ਪਹਿਲੀ ਵਾਰ ਬੀਰ ਰਸੀ ਕਵਿਤਾ ਲਈ ਵਰਤਿਆ। ਭਾਵੇਂ ਬੈਂਤ ਪ੍ਰੀਤ ਕਹਾਣੀਆਂ ਜਾਂ ਕਿੱਸੇ ਦੇ ਵਰਣਨ ਲਈ ਵਰਤਿਆ ਜਾਂਦਾ ਸੀ ਪਰੰਤੂ ਇਸ ਵਿਚ ਜੋ ਬੀਰ ਰਸੀ ਹੁਲਾਰਾ ਸ਼ਾਹ ਮੁਹੰਮਦ ਨੇ ਦਿੱਤਾ ਹੈ, ਉਹ ਬੇ-ਮਿਸਾਲ ਹੈ।

## ਮਟਕ

ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਨੂੰ ਗਾਉਣ ਵਾਲਾ ਦੂਜਾ ਕਵੀ ਮਟਕ ਹੋਇਆ ਹੈ। ਇਸ ਦੇ ਜਨਮ ਬਾਰੇ ਸਾਨੂੰ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ। ਇਸ ਨੇ 'ਜੰਗ ਸਿੰਘਾਂ ਤੇ ਫ਼ਰੰਗੀਆਂ' ਇਕ ਜੋਸ਼ੀਲੀ ਕਵਿਤਾ ਲਿਖੀ ਹੈ। ਮਟਕ ਨੂੰ ਰਣ ਵਿਚੋਂ ਭੱਜੇ ਸਰਦਾਰਾਂ ਉੱਤੇ ਗੁੱਸਾ ਆਉਂਦਾ ਹੈ ਤੇ ਉਸ ਦੀ ਬੋਲੀ ਬੜੀ ਵਿਅੰਗਮਈ ਹੋ ਜਾਂਦੀ ਹੈ:

ਦੌੜਦਿਆਂ ਨੂੰ ਸ਼ਰਮ ਨਾ ਆਈ, ਕੀਤੀ ਜਾਨ ਪਿਆਰੀ, ਇਹੋ ਵਿਚਾਰੀ।<br>
ਤੋਲ ਤੱਕੜੀ ਲੈਣ ਰੁਪਈਏ, ਅਸੀਂ ਬੰਦੂਕਈ ਭਾਰ, ਪੰਜ ਹਜ਼ਾਰੀ।<br>
ਘਰ ਵਿਚ ਬੈਠ ਇਨਾਮ ਵਧਾਉਣ, ਰਣ ਵਿਚ ਪਿੱਠ ਦਿਖਾਰੀ, ਲਾਜ ਵਿਸਾਰੀ।<br>
ਕਹਿਤ ਮਟਕ ਲੜ ਮਰਨ, ਸੂਰਮੇ, ਜਰਾ ਨਾ ਹਟਣ ਪਿਛਾੜੀ, ਹੋਣ ਅਗਾੜੀ।

ਇਤਿਹਾਸਕ ਪੱਖ ਤੋਂ ਮਟਕ ਦੀ ਕਵਿਤਾ ਦੀ ਮਹੱਤਤਾ ਬਹੁਤ ਵਧੇਰੇ ਹੈ। ਇਹ ਪਹਿਲਾ ਕਵੀ ਹੈ ਜਿਸ ਨੇ ਜੰਗ ਵਿਚ ਫ਼ਰੰਗੀਆਂ ਦਾ ਸਤਲੁਜ ਦਰਿਆ ਨੂੰ ਪਾਰ ਕਰਕੇ ਹੱਲਾ ਬੋਲਣਾ ਲਿਖਿਆ ਹੈ। ਇਸ ਨੇ ਪੂਰਬੀ ਤੇ ਡੋਗਰੇ ਸਰਦਾਰਾਂ ਦੀ ਗਦਾਰੀ ਨੂੰ ਨੰਗਾ ਕੀਤਾ ਹੈ। ਨਵੀਂ ਇਤਿਹਾਸਕ ਖੋਜ ਵੀ ਇਸ ਸਾਰੇ ਹਾਲ ਨੂੰ ਠੀਕ ਮੰਨਦੀ ਹੈ।

ਮਟਕ ਨੇ ਆਪਣੇ ਬਿਆਨ ਲਈ ਡਿਉਢ ਛੰਦ ਨੂੰ ਵਰਤਿਆ ਹੈ। 'ਡਿਉਢ' ਦੀ ਚਾਲ ਤੇਜ਼ ਹੁੰਦੀ ਹੈ ਜਿਸ ਕਰਕੇ ਮਟਕ ਦੀ ਕਵਿਤਾ ਵਿਚ ਕੋਈ ਵਾਧੂ ਵਿਸਥਾਰ ਨਹੀਂ, ਸ਼ਬਦ ਢੁਕਵੇਂ ਵਰਤੇ ਹਨ ਅਤੇ ਕਈ ਥਾਈਂ ਬੀਰ ਰਸ ਦਾ ਸੁਹਣਾ ਨਕਸ਼ਾ ਖਿੱਚਿਆ ਹੈ:

ਦੋਹੀਂ ਧਿਰੀ ਤੰਬੂਰ ਖੜਕਦੇ, ਲੜਦੇ ਨਦੀ ਕਿਨਾਰੇ, ਮੁਲਖਾ ਮਾਰੇ।
ਚਲਨ ਬੰਦੂਕਾਂ ਔਰ ਰਹਿਲਕੇ, ਤੇਗੇ ਚਮਕਣ ਭਾਰੇ ਬਣੇ ਦੁਧਾਰੇ।
ਗੱਜਣ ਸੂਰਮੇ ਸਨਮੁੱਖ ਹੋ ਕੇ, ਰਣਿ ਦੇ ਵਿਚ ਪੁਕਾਰੇ, ਲੈਣਿ ਹੁਲਾਰੇ।
ਕਹਿਤ ਮਟਕ ਗੋਲਾ ਪਿਆ ਬਰਸੇ, ਵਗਦੇ ਰੁਦ੍ ਪ੍ਰਨਾਰੈ, ਲੈਣਿ ਹੁਲਾਰੇ।

**ਪੰਜਾਬੀ ਕਿੱਸੇ ਦਾ ਪਤਨ**

ਸਿੱਖ ਰਾਜ ਦੇ ਚਲੇ ਜਾਣ ਨਾਲ ਪੰਜਾਬੀ ਕਵਿਤਾ ਵੀ ਠੰਡੀ ਪੈ ਗਈ। ਸ਼ਾਹ ਮੁਹੰਮਦ ਤੇ ਮਟਕ ਵਾਸਤਵ ਵਿਚ ਰਣਜੀਤ ਸਿੰਘ ਕਾਲ ਦੇ ਕਵੀ ਹਨ, ਅੰਗਰੇਜ਼ੀ ਕਾਲ ਦੇ ਨਹੀਂ ਪਰੰਤੂ ਇਥੇ ਅਸੀਂ 1851 ਈਸਵੀ ਤੋਂ ਪਰਿਵਰਤਨ ਕਾਲ ਮੰਨਿਆ ਹੈ ਅਤੇ ਇਨ੍ਹਾਂ ਕਵੀਆਂ ਦੀ ਰਚਨਾ ਇਸ ਸਮੇਂ ਵਿਚ ਹੋਈ ਹੈ। ਸਮੁੱਚੇ ਤੌਰ 'ਤੇ ਸ਼ਾਹ ਮੁਹੰਮਦ ਦੇ ਪਿਛੋਂ ਪੰਜਾਬੀ ਕਿੱਸਾ ਆਪਣੀ ਚੋਟੀ ਤੋਂ ਹੌਲੀ-ਹੌਲੀ ਨੀਵੇ ਪੱਧਰ 'ਤੇ ਆਉਣਾ ਸ਼ੁਰੂ ਹੋ ਗਿਆ ਅਤੇ ਜੋ ਵਾਰਿਸ ਨੇ ਇਸ ਦਾ ਨੁੱਕ ਬੰਨ੍ਹਿਆ ਸੀ ਉਹ ਸਮੇਂ ਦੇ ਪ੍ਰਭਾਵ ਨਾਲ ਕਾਇਮ ਨਹੀਂ ਰਹਿ ਸਕਿਆ। 1860 ਈ. ਤੋਂ ਪਿਛੋਂ ਅੰਗਰੇਜ਼ੀ ਸਭਿਆਚਾਰ ਦੇ ਪ੍ਰਭਾਵ ਨਾਲ ਸਾਹਿਤ ਤੇ ਸਮਾਜ ਦੀਆਂ ਕੀਮਤਾਂ ਬਦਲਣ ਲੱਗੀਆਂ। ਸਮਾਜਿਕ ਤੇ ਰਾਜਸੀ ਹਾਲਾਤ ਬਦਲ ਗਏ ਅਤੇ ਇਹ ਸਮਾਂ ਕਿੱਸੇ ਨੂੰ ਅਪਨਾਉਣ ਤੋਂ ਅਸਮਰਥ ਸੀ। ਫਿਰ ਵੀ ਇਸ ਕਾਲ ਦੇ ਕੁਝ ਉੱਘੇ ਕਵੀ ਇਹ ਸਨ:

**ਅਮਾਮ ਬਖ਼ਸ਼ (1778-1863 ਈ.)**

ਸਿੱਖ ਰਾਜ ਦੇ ਮੁੱਕਣ ਉੱਤੇ ਰਾਜ ਦੇ ਸ਼ੁਰੂ ਵਿਚ ਕਵੀ ਨੇ ਕਵਿਤਾ ਲਿਖਣੀ ਆਰੰਭ ਕੀਤੀ। ਅਮਾਮ ਬਖ਼ਸ਼ ਨੇ ਬਹਿਰਾਮ ਗੋਰਾ, ਲੈਲਾ ਮਜਨੂੰ, ਗੁਲ ਸਨੋਬਰ, ਚੰਦਨ ਬਦਨ ਤੇ ਗੁੱਲ ਬਦਨ ਆਦਿ ਕਿੱਸੇ ਲਿਖੇ ਅਤੇ ਇਸ਼ਕ ਮਿਜ਼ਾਜੀ ਤੋਂ ਲੈ ਕੇ ਇਸਲਾਮੀ ਸ਼ਰ੍ਹਾ ਤੱਕ ਨੂੰ ਆਪਣੀ ਕਵਿਤਾ ਦਾ ਮਜ਼ਮੂਨ ਬਣਾਇਆ ਹੈ। ਇਨ੍ਹਾਂ ਕਵੀਆਂ ਦੀ ਕਵਿਤਾ ਬਿਲਕੁਲ ਸਾਦਾ ਹੈ। ਕਹਾਣੀਆਂ ਦਾ ਨਿਭਾਅ ਵੀ ਕਾਫ਼ੀ ਸਫਲ ਹੈ। ਇਸ ਕਵੀ ਦੀ ਬਹੁਤੀ ਪ੍ਰਸਿੱਧੀ 'ਬਹਿਰਾਮ' ਗੋਆ ਦੇ ਕਿੱਸੇ ਕਰਕੇ ਹੋਈ।

**ਮੁਹੰਮਦ ਬਖ਼ਸ਼**

ਮੁਹੰਮਦ ਬਖ਼ਸ਼ ਦਾ ਕਿੱਸਾ 'ਸੈਫ਼ਲ-ਮਲੂਕ' ਬੜੀ ਪ੍ਰਸਿੱਧ ਰਚਨਾ ਹੈ। ਇਹ ਪੁਸਤਕ ਆਕਾਰ ਵਿਚ ਵੀ ਕਾਫ਼ੀ ਵੱਡੀ ਹੈ ਤੇ ਇਸ ਵਿਚ ਕਈ ਕਾਵਿ-ਖੂਬੀਆਂ ਹਨ। ਅਹਿਮਦ ਯਾਰ ਵਾਂਗ ਇਸ ਕਵੀ ਨੇ ਆਪਣੇ ਸਮਕਾਲੀਆਂ ਤੇ ਪੂਰਵ-ਕਾਲੀਆਂ ਦੀ ਸਮਾਲੋਚਨਾ ਕੀਤੀ ਹੈ। ਆਪਣੇ ਬਾਰੇ ਲਿਖਦਾ ਹੈ:

ਸ਼ਿਅਰ ਮੇਰੇ ਇਸ ਮੁਲਕ ਆਪਣੇ ਵਿਚ,
ਪਾਂਦੇ ਮੂਲ ਨਾ ਕੀਮਤ,
ਦੂਰ ਦੁਰਾਡੇ ਜਿਸ ਨੂੰ ਲੱਭਣ
ਜਾਣੇ ਬਹੁਤ ਗਨੀਮਤ।

ਉਸ ਨੇ ਦਵੱਈਆ ਛੰਦ ਵਰਤਿਆ ਹੈ। ਬੋਲੀ ਤੇ ਭਾਵੇਂ ਕਾਬੂ ਹੈ ਪਰ ਉਸ ਦੀ ਭਾਸ਼ਾਈ ਨਿਪੁੰਨਤਾ ਸ਼ਾਹ ਮੁਹੰਮਦ ਜਿੰਨੀ ਨਹੀਂ।

**ਕਿੱਸਾਕਾਰੀ ਦਾ ਮੁੜ ਸੁਰਜੀਤ ਹੋਣਾ**

ਬੈਂਤ ਬਾਜ਼ੀ ਦੇ ਮੁੜ ਸੁਰਜੀਤ ਹੋਣ ਨਾਲ ਇਕ ਵਾਰੀ ਫਿਰ ਕਿੱਸਾਕਾਰਾਂ ਦਾ ਦੌਰ ਚਲਿਆ। 19ਵੀਂ ਸਦੀ ਦੇ ਅੰਤ ਵਿਚ ਕਈ ਕਵੀਆਂ ਨੇ ਵਾਰਿਸ ਸ਼ਾਹ ਵਾਂਗ ਬੈਂਤਾਂ ਵਿਚ ਹੀਰ ਲਿਖਣ ਦਾ ਉਪਰਾਲਾ ਕੀਤਾ, ਇਨ੍ਹਾਂ ਵਿਚੋਂ ਫ਼ਜ਼ਲ ਸ਼ਾਹ, ਕ੍ਰਿਸ਼ਨ ਸਿੰਘ ਆਰਫ਼ ਤੇ ਭਗਵਾਨ ਸਿੰਘ ਦੇ ਨਾਂ ਵਰਣਨਯੋਗ ਹਨ। ਭਾਵੇਂ ਇਨ੍ਹਾਂ ਕਵੀਆਂ ਨੇ ਪੁਰਾਣੇ ਕਿੱਸਿਆਂ ਨੂੰ ਹੀ ਦੁਹਰਾਇਆ ਪਰੰਤੂ ਕਿਤੇ-ਕਿਤੇ ਕਿਸੇ ਨਵੀਨਤਾ ਦੇ ਅਭਿਲਾਸ਼ੀ ਨੇ ਕੋਈ ਨਵੀਂ ਕਹਾਣੀ, ਕੋਈ ਨਵਾਂ ਰੁਮਾਂਸ ਛੋਹਿਆ ਪਰੰਤੂ ਕਲਮ ਵਿਚ ਜ਼ੋਰ ਨਾ ਹੋਣ ਕਰਕੇ ਪਹਿਲਾਂ ਵਾਲਾ ਰਸ ਨਾ ਬੱਝਿਆ।

**ਫ਼ਜ਼ਲ ਸ਼ਾਹ (1827-1880 ਈ.)**

ਇਹ ਰਵਾਇਤੀ ਕਵੀਆਂ ਦਾ ਸਿਰਤਾਜ ਹੈ। ਇਸ ਨੇ ਬਹੁਤ ਸਾਰੇ ਕਿੱਸੇ ਲਿਖੇ ਹਨ। ਸੋਹਣੀ ਮਹੀਵਾਲ, ਯੂਸਫ ਜੁਲੇਖਾਂ, ਹੀਰ ਰਾਂਝਾ, ਸੱਸੀ ਪੁੰਨੂ, ਲੈਲਾ ਮਜਨੂੰ ਆਦਿ। ਇਸ ਦਾ ਪ੍ਰਤਿਨੀਧ ਕਿੱਸਾ ਸੋਹਣੀ ਮਹੀਵਾਲ ਹੈ। ਇਸ ਤੋਂ

ਇਲਾਵਾ ਬਾਰਾਂਮਾਹ, ਸੀਹਰਫ਼ੀਆਂ ਤੇ ਦੋਹੜੇ ਵੀ ਲਿਖੇ ਹਨ।

ਡਾ. ਮੋਹਨ ਸਿੰਘ ਦੀਵਾਨਾ ਨੇ ਇਸ ਨੂੰ ਸ਼ਬਦ-ਅਲੰਕਾਰ ਤੇ ਮਾਹਰ ਕਵੀਆਂ ਦਾ ਬਾਦਸ਼ਾਹ ਮੰਨਿਆ ਹੈ ਇਸ ਦੀਆਂ ਰਚਨਾਵਾਂ ਵਿਚ ਅਲੰਕਾਰਾਂ ਦੀ ਭਰਮਾਰ, ਸ਼ਬਦਾਂ ਦਾ ਦੁਹਰਾਉ ਤੇ ਕਾਫ਼ੀਏ ਦੀ ਚੁਸਤੀ ਆਦਿ ਗੁਣ ਮਿਲਦੇ ਹਨ। ਬੋਲੀ ਦਾ ਰੂਪ ਕੇਂਦਰੀ ਹੈ ਪਰ ਫ਼ਾਰਸੀ ਸ਼ਬਦਾਂ ਦੀ ਕਾਫ਼ੀ ਵਰਤੋਂ- ਕੀਤੀ ਹੈ। ਕਈ ਥਾਵਾਂ 'ਤੇ ਇਕ ਸ਼ਬਦ ਨੂੰ ਇਕ ਤੋਂ ਵੱਧ ਅਰਥਾਂ ਵਿਚ ਵਰਤਿਆ ਹੈ। ਜਿਵੇਂ ਸੋਹਣੀ ਮਹੀਵਾਲ ਦੇ ਕਿੱਸੇ ਵਿਚ ਸੋਹਣੀ ਦੀ ਮਾਨਸਿਕ ਦਸ਼ਾ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ:

ਜੇਕਰ ਪਿਛਾਂ ਜਾਵਾਂ ਝੂਠੀ ਯਾਰ ਵਲੋਂ
ਪਿਛਾਂ ਜਾਣ ਦੇ ਵਿੱਚ ਖਤਾ ਬੇਲੀ
ਜੇਕਰ ਸੰਗ ਰਖੀ, ਕੀਕਰ ਸੰਗ ਮਿਲਸਾਂ,
ਸੰਗ ਵਾਲੜੇ ਸੰਗ ਗਵਾ ਬੋਲੀ।
ਪਿਛਾਂ ਮੁੜਨ ਕੇਹਾ ਜੇਕਰ ਪੈਰ ਮੋੜਾਂ
ਜਲਾਂ ਦੋਜ਼ਖੀ ਮਿਲੇ ਸਜ਼ਾ ਬੋਲੀ।

ਕਿਸ਼ਨ ਸਿੰਘ ਆਰਫ਼ ਨੇ ਕਾਫ਼ੀਆਂ ਦੀ ਤਰਜ਼ 'ਤੇ ਹੀਰ ਲਿਖੀ ਤੇ ਇਸ ਤਰ੍ਹਾਂ ਪੰਜਾਬੀ ਵਿਚ ਇਕ ਨਵੀਂ ਵੰਨਗੀ ਨੂੰ ਜਨਮ ਦਿੱਤਾ। ਇਸ ਦੀ ਹੀਰ ਨੂੰ 'ਕਲੀਆਂ ਵਾਲੀ ਹੀਰ' ਕਿਹਾ ਜਾਂਦਾ ਹੈ। ਭਗਵਾਨ ਸਿੰਘ ਦੀ ਹੀਰ ਕਬਿੱਤਾਂ ਵਿਚ ਹੈ।

ਇਨ੍ਹਾਂ ਕਵੀਆਂ ਤੋਂ ਛੁੱਟ ਗ਼ੁਲਾਮ ਰਸੂਲ (ਲੇਖਕ ਯੂਸਫ਼ ਜ਼ੁਲੇਖਾਂ) ਹਦਾਇਤ ਉੱਲਾ (ਲੇਖਕ ਬਾਰਾਂਮਾਹ), ਮੁਹੰਮਦ ਬੂਟਾ (ਲੇਖਕ ਪੰਜਾ ਗੰਜ ਤੇ ਸੋਹਣੀ ਮਹੀਵਾਲ), ਦੌਲਤ ਰਾਮ (ਲੇਖਕ ਰੂਪ ਬਸੰਤ), ਮੌਲਾ ਬਖਸ਼ ਕੁਸ਼ਤਾ (ਲੇਖਕ ਹੀਰ ਰਾਂਝਾ) ਅਤੇ ਸੂਫ਼ੀ ਕਵੀ ਖ਼ੁਆਜਾ ਗ਼ੁਲਾਮ ਫਰੀਦ ਆਦਿ ਕਵੀਆਂ ਨੇ ਵੀ ਕਿੱਸਾਕਾਰੀ ਤੇ ਸੂਫ਼ੀ ਕਵਿਤਾ ਦੀ ਲੀਹ ਨੂੰ ਅੱਗੇ ਤੋਰਿਆ ਹੈ।

ਰਵਾਇਤੀ ਕਵਿਤਾ ਤੋਂ ਇਲਾਵਾ ਪੰਜਾਬੀ ਕਵੀ ਦਰਬਾਰਾਂ ਦਾ ਰਿਵਾਜ ਵੀ ਇਸੇ ਕਾਲ ਵਿਚ ਪਿਆ।ਇਹ ਪੰਜਾਬੀ ਕਵੀ ਦਰਬਾਰ ਉਰਦੂ ਮੁਸ਼ਾਇਰਿਆਂ ਦੀ ਰੀਸ ਨਾਲ ਹੋਂਦ ਵਿੱਚ ਆਏ। ਇਨ੍ਹਾਂ ਵਿਚ ਪਹਿਲਾਂ ਬੈਂਤਬਾਜੀ ਹੁੰਦੀ ਰਹੀ ਤੇ ਗ਼ਜ਼ਲ ਦਾ ਵੀ ਮੁੱਢ ਬੱਝਾ। ਇਨ੍ਹਾਂ ਕਵੀ ਦਰਬਾਰਾਂ ਦੀ ਰੌਣਕ ਵਧਾਉਣ ਵਾਲਿਆਂ ਵਿਚੋਂ ਫ਼ਜ਼ਲ ਸ਼ਾਹ, ਮੁਹੰਮਦ ਬੂਟਾ, ਹਦਾਇਤ ਉੱਲਾ, ਰਫ਼ੀਕ ਆਗਾ, ਅਖੀ ਖਾਂ, ਅਰੂੜਾ ਰਾਇ, ਖੁਲਦੀ ਕਰਮ, ਹੁਸੈਨ ਅਸ਼ਰਫ, ਮਹਿਰਮ ਸ਼ਾਹ, ਗਾਮੂ ਖਾਨ ਅਤੇ ਮੌਲਾ ਬਖਸ਼ ਕੁਸ਼ਤਾ ਪ੍ਰਸਿੱਧ ਹਨ। ਕਵਿਤਾ ਇਨ੍ਹਾਂ ਸਾਰਿਆਂ ਦੀ ਰਵਾਇਤੀ ਜਿਹੀ ਇਸ਼ਕੀਆ ਹੀ ਰਹੀ ਭਾਵੇਂ ਫ਼ਾਰਸੀ ਪ੍ਰਭਾਵ ਹੇਠ ਇਹਨਾਂ ਪੰਜਾਬੀ ਵਿਚ ਨਵੀਆਂ-ਨਵੀਆਂ ਉਪਮਾਵਾਂ ਜ਼ਰੂਰ ਲਿਆਂਦੀਆਂ। ਮੌਲਾ ਬਖ਼ਸ਼ ਕੁਸ਼ਤਾ ਨੇ ਆਪਣੀ ਪੁਸਤਕ 'ਪੰਜਾਬ ਦੀ ਹੀਰੇ' ਵਿਚ ਇਨ੍ਹਾਂ ਕਵੀਆਂ ਦੀਆਂ ਕਵੀ ਦਰਬਾਰਾਂ ਵਿਚ ਹੁੰਦੀਆਂ ਨੋਕਾਂ-ਝੋਕਾਂ ਦੇ ਕੁਝ ਨਮੂਨੇ ਦਿੱਤੇ ਹਨ। ਪੰਜਾਬੀ ਵਿਚ ਸਭ ਤੋਂ ਪਹਿਲਾਂ ਗਜ਼ਲਾਂ ਦਾ ਸੰਗ੍ਰਹਿ 'ਦੀਵਾਨ' ਵੀ ਕੁਸ਼ਤਾ ਨੇ ਹੀ ਛਾਪਿਆ ਹੈ।

(2)

'ਆਧੁਨਿਕ' ਸ਼ਬਦ ਪੰਜਾਬੀ ਆਲੋਚਨਾ ਵਿਚ ਅੰਗਰੇਜ਼ੀ ਸ਼ਬਦ 'ਮਾਡਰਨ' ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਮੋਟੇ ਅਰਥਾਂ ਵਿਚ ਉਦਯੋਗਿਕ ਕਾਲ ਨੂੰ ਹੀ ਆਧੁਨਿਕ ਕਾਲ ਆਖਿਆ ਜਾਂਦਾ ਹੈ ਤੇ ਸਨਅਤੀ ਯੁੱਗ ਦੇ ਆਰੰਭ ਨੂੰ ਪੁਰਾਤਨ ਤੇ ਮੱਧਕਾਲ ਦਾ ਖ਼ਾਤਮਾ ਸਮਝਿਆ ਜਾਂਦਾ ਹੈ। ਪੰਜਾਬ ਵਿਚ ਉਦਯੋਗ ਦਾ ਆਗਮਨ ਅੰਗਰੇਜ਼ਾਂ ਦੇ ਆਉਣ ਨਾਲ ਹੀ ਹੋਇਆ ਤੇ ਇਸੇ ਲਈ 1849 ਈ. ਤੋਂ ਹੁਣ ਤੱਕ ਦੇ ਸਮੇਂ ਨੂੰ ਪੰਜਾਬੀ ਸਮਾਜ ਦਾ ਆਧੁਨਿਕ ਕਾਲ ਮੰਨ ਲਿਆ ਜਾਂਦਾ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਆਧੁਨਿਕ ਕਾਲ ਵਿਚ ਵੀ ਪੁਰਾਤਨ ਤੇ ਮੱਧ ਕਾਲ ਦੇ ਰਸਮੋ-ਰਿਵਾਜ਼, ਰਹਿਣ-ਸਹਿਣ, ਮਨੁੱਖੀ ਰਿਸ਼ਤੇ ਤੇ ਪੰਜਾਬ ਦੇ ਸਮੁੱਚੇ ਸਭਿਆਚਾਰਕ ਵਿਰਸੇ ਦੇ ਬਹੁਤ ਸਾਰੇ ਅੰਸ਼ ਕਾਇਮ ਰਹੇ ਹਨ ਅਤੇ ਪੰਜਾਬੀ ਬੋਲੀ ਤੇ ਸਾਹਿਤ ਦੀਆਂ ਪੁਰਾਤਨ ਰੂੜ੍ਹੀਆਂ ਆਧੁਨਿਕ ਕਾਲ ਦੇ ਸਾਹਿਤ ਵਿਚ ਵੀ ਮਿਲ ਜਾਂਦੀਆਂ ਹਨ।

1900 ਤੋਂ 1935 ਈ. ਤੱਕ ਭਾਵ 35 ਵਰ੍ਹਿਆਂ ਦੀ ਕਵਿਤਾ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਸ ਸਮੇਂ ਵਿਚ ਪੰਜਾਬੀ ਕਵੀ ਪਰੰਪਰਾਗਤ, ਧਾਰਮਿਕ ਦ੍ਰਿਸ਼ਟੀਕੋਣ, ਨਵੀਨ ਵਿਗਿਆਨ, ਸ਼ੰਕਾ-ਚੇਤਨ ਦੀ ਵੰਗਾਰ ਦਾ ਸਾਹਮਣਾ

ਕਰਦੇ ਰਹੇ ਹਨ। ਇਸ ਦੇ ਨਾਲ ਹੀ ਉਸ ਦੀ ਰਾਸ਼ਟਰੀ ਚੇਤਨਾ ਤੇ ਪੰਜਾਬ ਪਿਆਰ, ਪੱਛਮੀ ਵਿੱਦਿਆ ਤੇ ਸਭਿਆਚਾਰ ਦੇ ਹਮਲੇ ਦਾ ਜਵਾਬ ਸਿਰਜਣ ਦੇ ਸਿਰਤੋੜ ਯਤਨ ਵਿਚ ਰਹੇ ਹਨ। ਕੁਝ ਨਵਿਆਂ ਨੂੰ ਅੰਗਰੇਜ਼ੀ ਰਾਜ ਦੀ ਗ਼ੁਲਾਮੀ ਦਾ ਵੀ ਤਿੱਖਾ ਅਹਿਸਾਸ ਹੈ ਤੇ ਉਹ ਆਪਣੀ ਕਵਿਤਾ ਨੂੰ ਰਾਜਨੀਤਿਕ ਜਾਗਰਿਤੀ ਪੈਦਾ ਕਰਨ ਲਈ ਇਕ ਚੇਤਨਾ ਦੇ ਰੂਪ ਵਿਚ ਸਿਰਜਦੇ ਰਹੇ ਹਨ।

**ਇਸ ਕਾਲ ਦੀ ਕਵਿਤਾ ਦੇ ਪ੍ਰਮੁੱਖ ਉਦੇਸ਼**

ਸਿੱਖ ਧਰਮ ਦੀ ਪੁਨਰ-ਸੁਰਜੀਤੀ, ਰਾਸ਼ਟਰੀ ਚੇਤਨਾ ਦਾ ਵਿਕਾਸ ਤੇ ਰਾਜਨੀਤਕ ਸੰਘਰਸ਼ ਲਈ ਜਾਗਰਿਤੀ ਇਸ ਸਮੇਂ ਦੀ ਕਵਿਤਾ ਦੇ ਪ੍ਰਮੁੱਖ ਉਦੇਸ਼ ਰਹੇ ਹਨ। ਭਾਈ ਵੀਰ ਸਿੰਘ ਤੇ ਮੋਹਣ ਸਿੰਘ ਦੀਵਾਨਾ ਦੀ ਕਵਿਤਾ ਦੀ ਪ੍ਰਧਾਨ ਸੁਰ ਸਿੱਖ ਧਰਮ ਦੀ ਪੁਨਰ-ਸੁਰਜੀਤੀ ਹੈ। ਲਾਲਾ ਧਨੀ ਰਾਮ ਚਾਤ੍ਰਿਕ, ਲਾਲ ਕਿਰਪਾ ਸਾਗਰ ਤੇ ਬਾਬੂ ਫ਼ਿਰੋਜ਼ ਦੀਨ ਸ਼ਰਫ ਨੂੰ ਇਸ ਸਮੇਂ ਦੇ ਰਾਸ਼ਟਰਵਾਦੀ ਕਵੀ ਵੀ ਕਿਹਾ ਜਾ ਸਕਦਾ ਹੈ। ਹੀਰਾ ਸਿੰਘ ਦਰਦ, ਮੁਨਸ਼ਾ ਸਿੰਘ ਦੁਖੀ, ਲਾਲ ਬਾਂਕੇ ਦਿਆਲ ਤੇ ਹਰਨਾਮ ਸਿੰਘ ਟੁੰਡੀਲਾਟ ਜਿਹੇ ਕਵੀਆਂ ਦਾ ਮਨੋਰਥ ਲੋਕਾਂ ਨੂੰ ਰਾਜਨੀਤਕ ਘੋਲ ਲਈ ਉਭਾਰਨ ਦਾ ਸੀ।

**ਕਾਵਿ ਵਿਵਿਧਤਾ**

ਇਨ੍ਹਾਂ 35 ਵਰ੍ਹਿਆਂ ਵਿਚ ਸਟੇਜੀ ਕਵਿਤਾ ਵੀ ਲਿਖੀ ਜਾਂਦੀ ਰਹੀ ਹੈ ਤੇ ਸਾਹਿਤਕ ਵੀ। ਇਹ ਜਨਤਕ (Public) ਕਵਿਤਾ ਦਾ ਯੁੱਗ ਵੀ ਹੈ ਤੇ ਨਿੱਜੀ (Private) ਕਵਿਤਾ ਦਾ ਵੀ। ਇਸ ਸਮੇਂ ਵਿਚ ਲੰਮੇ-ਲੰਮੇ ਮਹਾਂਕਾਵਿ ਤੇ ਕਿੱਸੇ ਵੀ ਲਿਖੇ ਗਏ ਅਤੇ ਨਿੱਕੀਆਂ ਕਵਿਤਾਵਾਂ ਵੀ। ਕਿਤਾਬਾਂ ਤੇ ਕਵੀ ਦਰਬਾਰੀ ਕਵਿਤਾ ਦੇ ਇਸ ਜ਼ਮਾਨੇ ਵਿਚ ਗੰਭੀਰ ਕਵਿਤਾ ਭਾਵੇਂ ਪ੍ਰਧਾਨ ਰਹੀ ਹੈ, ਪਰ ਹਾਸਰਸੀ ਕਾਵਿ-ਸਿਰਜਣ ਵੀ ਨਾਲੋ ਨਾਲ ਚਲਦਾ ਰਿਹਾ ਹੈ। ਛੰਦ ਬੱਧ ਕਵਿਤਾ ਦੀਆਂ ਰੂੜੀਆਂ ਨੂੰ ਮੁੜ-ਪ੍ਰਚਲਿਤ ਕਰਨ ਦੇ ਰਿਵਾਜ ਦੇ ਨਾਲ-ਨਾਲ ਛੰਦ-ਰਹਿਤ ਕਾਵਿ-ਰਚਨਾ ਦੇ ਪ੍ਰਯੋਗ ਵੀ ਇਸੇ ਯੁੱਗ ਵਿਚ ਹੋਏ। ਪੰਜਾਬ ਦੀ ਧਾਰਮਿਕ, ਰਾਜਨੀਤਕ ਤੇ ਸਭਿਆਚਾਰਕ ਵੰਨ-ਸੁਵੰਨਤਾ ਨੂੰ ਇਸ ਸਮੇਂ ਦੀ ਪੰਜਾਬੀ ਕਵਿਤਾ ਵਿਚ ਕਲਾਤਮਕ ਅਭਿਵਿਅੰਜਨ ਪ੍ਰਾਪਤ ਹੋਇਆ ਹੈ। ਇਸੇ ਲਈ ਕਵਿਤਾ ਵਿਸ਼ੇ ਵਸਤੂ, ਰੂਪ, ਮਨੋਰਥ ਤੇ ਕਵੀਆਂ ਦੇ ਦ੍ਰਿਸ਼ਟੀਕੋਣ, ਹਰ ਪੱਖ ਤੋਂ ਹੀ ਵੰਨ-ਸੁਵੰਨੀ ਹੈ। ਇਸ ਦੌਰ ਦੇ ਕਿਸੇ ਇਕ ਕਵੀ ਦੀਆਂ ਕਵਿਤਾਵਾਂ ਵਿਚੋਂ ਹੀ ਅਨੇਕ ਰੰਗਾਂ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਪੰਡਤ ਮਾਨ ਸਿੰਘ, ਕਾਲੀਦਾਸ ਗੁਜਰਾਵਾਲੀਆ, ਲਾਲਾ ਧਨੀ ਰਾਮ ਚਾਤ੍ਰਿਕ, ਕਰਤਾਰ ਸਿੰਘ ਕਲਾਸਵਾਲੀਆਂ, ਦੌਲਤ ਰਾਮ, ਵਿਧਾਤਾ ਸਿੰਘ ਤੀਰ, ਸਾਧੂ ਦਯਾ ਸਿੰਘ ਆਰਫ਼ ਤੇ ਬਾਬੂ ਫ਼ਿਰੋਜ਼ ਦੀਨ ਸ਼ਰਫ਼ ਨੇ ਕਿੱਸਾ ਕਵਿਤਾ ਤੇ ਸਟੇਜੀ ਕਵਿਤਾ ਦੀਆਂ ਪਰੰਪਰਾਵਾਂ ਨੂੰ ਪੱਕਿਆਂ ਕੀਤਾ। ਭਾਈ ਵੀਰ ਸਿੰਘ ਤੇ ਕਿਰਪਾ ਸਾਗਰ ਨੇ ਮਹਾਂਕਾਵਿ ਲਿਖੇ। ਚਰਨ ਸਿੰਘ ਸ਼ਹੀਦ ਨੇ ਹਾਸਰਸ ਦੀ ਕਵਿਤਾ ਲਿਖੀ ਤੇ ਪ੍ਰੋ. ਪੂਰਨ ਸਿੰਘ ਨੇ ਸੈਲਾਨੀ ਛੰਦ ਦਾ ਨਾ ਕੇਵਲ ਪ੍ਰਯੋਗ ਕੀਤਾ, ਸਗੋਂ ਇਸ ਨੂੰ ਇਕ ਪਰੰਪਰਾ ਵੀ ਬਣਾ ਦਿੱਤਾ।

**ਪ੍ਰਮੁੱਖ ਕਵੀ**

ਇਸ ਸਾਰੀ ਕਵਿਤਾ ਦਾ ਸਰਵੇਖਣ, ਵਿਸ਼ਲੇਸ਼ਣ ਤੇ ਵਿਵੇਚਨ ਇਸ ਸੀਮਤ ਜਿਹੇ ਲੇਖ ਵਿਚ ਸੰਭਵ ਨਹੀਂ, ਇਸ ਲਈ ਸਾਹਿਤ ਪੱਧਰ ਨੂੰ ਮੁੱਖ ਰੱਖਦਿਆਂ ਇਸ ਸਮੇਂ ਦੇ ਕੇਵਲ ਚਾਰ ਚੋਣਵੇਂ ਕਵੀਆਂ ਬਾਰੇ ਹੀ ਵਿਸਥਾਰ ਪੂਰਵਕ ਚਰਚਾ ਕੀਤੀ ਜਾਵੇਗੀ। ਉਹ ਚਾਰ ਕਵੀ ਹੇਠ ਲਿਖੇ ਹਨ :

(1) ਭਾਈ ਵੀਰ ਸਿੰਘ (1872 ਈ ਤੋਂ 1957 ਈ.)

(2) ਲਾਲ ਕਿਰਪਾ ਸਾਗਰ (1875 ਈ ਤੋਂ 1939 ਈ.)

(3) ਲਾਲਾ ਧਨੀ ਰਾਮ ਚਾਤ੍ਰਿਕ (1876 ਈ. ਤੋਂ 1954 ਈ.)

(4) ਪ੍ਰੋ. ਪੂਰਨ ਸਿੰਘ (1881 ਈ. ਤੋਂ 1931 ਈ.)

**ਸਮੁੱਚੀ ਪ੍ਰਾਪਤੀ**

ਇਨ੍ਹਾਂ ਚਹੁੰਆਂ ਕਵੀਆਂ ਦੀ ਸਮੁੱਚੀ ਪ੍ਰਾਪਤੀ ਬਾਰੇ ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਡਾ. ਪਰਮਿੰਦਰ ਸਿੰਘ ਰਚਿਤ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਦੇ ਪੰਨਾ 392 (ਦੂਜਾ ਸੰਸਕਰਨ) ਉੱਤੇ ਲਿਖਿਆ ਗਿਆ ਹੈ, ''ਕਵਿਤਾ ਵਿੱਚ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਕਿਰਪਾ ਸਾਗਰ ਆਦਿ ਕਵੀਆਂ ਨੇ ਆਧੁਨਿਕ ਲੀਹਾਂ ਨੂੰ

ਸਵੀਕਾਰ ਕੀਤਾ ਅਤੇ ਇਸ ਸੰਬੰਧ ਵਿੱਚ ਕੁਝ ਨਵੀਆਂ ਪ੍ਰਾਪਤੀਆਂ ਵੀ ਕੀਤੀਆਂ। ਮਹਾਂ-ਕਾਵਿ ਦੇ ਲਿਖਣ ਦਾ ਰਿਵਾਜ ਭਾਈ ਵੀਰ ਸਿੰਘ ਤੇ ਕਿਰਪਾ ਸਾਗਰ ਨੇ ਹੀ ਪਾਇਆ। ਮੁਕਤ ਛੰਦ ਜਿਸ ਨੂੰ ਪ੍ਰੋ. ਪੂਰਨ ਸਿੰਘ ਸੈਲਾਨੀ ਛੰਦ ਵੀ ਕਹਿੰਦਾ ਹੈ, ਪਹਿਲੀ ਵਾਰ ਵਰਤੋਂ ਵਿਚ ਲਿਆਂਦਾ ਗਿਆ। ਭਾਈ ਵੀਰ ਸਿੰਘ ਨੇ ਛੋਟੀਆਂ ਕਵਿਤਾਵਾਂ ਤੇ ਕੁਦਰਤ ਦੇ ਵਰਨਣ ਨੂੰ ਕਵਿਤਾਵਾਂ ਵਿਚ ਲਿਆਉਣ ਦਾ ਰਿਵਾਜ ਪਾਇਆ ਤੇ ਪ੍ਰੋ. ਪੂਰਨ ਸਿੰਘ ਕਿਰਪਾ ਸਾਗਰ ਅਤੇ ਧਨੀ ਰਾਮ ਚਾਤ੍ਰਿਕ ਨੇ ਇਸ ਪਰੰਪਰਾ ਨੂੰ ਅੱਗੇ ਤੋਰਿਆ। ਪ੍ਰੋ. ਪੂਰਨ ਸਿੰਘ ਤੇ ਚਾਤ੍ਰਿਕ ਪੰਜਾਬੀ ਸਭਿਆਚਾਰ ਤੇ ਸੰਸਕ੍ਰਿਤੀ ਦੇ ਕੌਮੀ ਅੰਸ਼ ਨੂੰ ਬਿਆਨਦੇ ਹਨ।''

ਭਾਈ ਵੀਰ ਸਿੰਘ ਦਾ ਜਨਮ ਡਾਕਟਰ ਚਰਨ ਸਿੰਘ ਦੇ ਘਰ ਅੰਮ੍ਰਿਤਸਰ ਵਿਚ 5 ਦਸੰਬਰ 1872 ਨੂੰ ਹੋਇਆ। ਉਨ੍ਹਾਂ ਦੇ ਪਿਤਾ ਤੇ ਨਾਨਾ (ਸਰਦਾਰ ਹਜ਼ਾਰਾ ਸਿੰਘ) ਆਪਣੇ ਸਮੇਂ ਦੇ ਮੰਨੇ ਪ੍ਰਮੰਨੇ ਵਿਦਵਾਨ ਸਨ ਅਤੇ ਇਸੇ ਲਈ ਨਾਨਕਿਆਂ ਤੇ ਦਾਦਕਿਆਂ ਵੱਲੋਂ ਅਜਿਹਾ ਧਾਰਮਿਕ ਤੇ ਸਾਹਿਤਕ ਵਾਤਾਵਰਨ ਪ੍ਰਾਪਤ ਹੋਇਆ ਜਿਸ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਨਵੀਨ ਪੰਜਾਬੀ ਕਵਿਤਾ ਦੇ ਬੀਜ ਨੂੰ ਪੁੰਗਰਣ ਅਤੇ ਵਿਗਸਣ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ। ਸਿੰਘ ਸਭਾ ਲਹਿਰ ਦੇ 'ਖਾਲਸਾ ਟ੍ਰੈਕਟ ਸੁਸਾਇਟੀ' ਦੇ ਸਿੱਖੀ ਆਦਰਸ਼ਾਂ ਨੂੰ ਪ੍ਰਚਾਰਨ ਲਈ ਭਾਈ ਵੀਰ ਸਿੰਘ ਨੂੰ ਆਪਣੇ ਪੂਰਬਕਾਲੀ ਸਿੱਖ ਵਿਦਵਾਨਾਂ ਦੀ ਬ੍ਰਜ-ਭਾਸ਼ੀ ਪ੍ਰਥਾ ਨੂੰ ਤਿਆਗ ਕੇ ਠੇਠ ਪੰਜਾਬੀ ਨੂੰ ਗੰਭੀਰ ਚਿੰਤਨ ਤੇ ਉੱਚ ਪੱਧਰ ਦੀ ਸਾਹਿਤ ਸਿਰਜਣਾ ਦਾ ਮਾਧਿਅਮ ਬਣਾਉਣਾ ਪਿਆ। ਪੰਜਾਬ ਵਿਚ ਸਿੱਖ ਧਰਮ ਦੀ ਸੁਰੱਖਿਆ ਲਈ ਅਤੇ ਪੰਜਾਬੀ ਸਭਿਆਚਾਰ ਨੂੰ ਈਸਾਈਅਤ, ਇਸਲਾਮ ਤੇ ਆਰੀਆ ਸਮਾਜੀ ਹਮਲਿਆਂ ਤੋਂ ਬਚਾਉਣ ਲਈ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਨੂੰ ਸਾਹਿਤਕ ਵਿਸ਼ੇਸ਼ਤਾ ਪ੍ਰਦਾਨ ਕਰਨੀ, ਉਸ ਸਮੇਂ ਹੋਰ ਵੀ ਮਹੱਤਵਪੂਰਨ ਗੱਲ ਸੀ। ਭਾਈ ਵੀਰ ਸਿੰਘ ਨੇ, ਆਪਣੀ ਮਾਂ ਬੋਲੀ ਵਿਚ ਨਾ ਕੇਵਲ ਖਾਲਸਾ ਟ੍ਰੈਕਟ ਸੁਸਾਇਟੀ ਲਈ ਸੈਂਕੜੇ ਟ੍ਰੈਕਟ ਲਿਖੇ ਸਗੋਂ ਸਪਤਾਹਿਕ ਪੱਤਰ, 'ਖਾਲਸਾ ਸਮਾਚਾਰ' ਚਾਲੂ ਕਰਕੇ ਅਤੇ ਗੁਰੂ ਸਾਹਿਬ ਦੀਆਂ ਜੀਵਨੀਆਂ ਲਿਖ ਕੇ ਸਿੱਖ ਧਰਮ ਦਾ ਸੁਨੇਹਾ ਘਰ-ਘਰ ਪਹੁੰਚਾਇਆ। ਸਿੱਖ ਸ਼ਰਧਾ, ਅਧਿਆਤਮਕ ਉੱਚਤਾ, ਇਤਿਹਾਸਕ ਪਿਛੋਕੜ ਤੇ ਪ੍ਰਕਿਰਤੀ ਪਿਆਰ ਵਿਚ ਸਿਰਜੀਆਂ ਅਨੇਕ ਰਚਨਾਵਾਂ ਸਦਕਾ ਆਪ ਨੂੰ ਪੰਜਾਬ ਯੂਨੀਵਰਸਿਟੀ ਵੱਲੋਂ ਡੀ. ਓ. ਐਲ. (ਡਾਕਟਰ ਆਫ ਓਰੀਐਂਟਲ ਲਰਨਿੰਗ) ਦੀ ਡਿਗਰੀ ਦਿੱਤੀ ਗਈ। ਪੰਜਾਬ ਸਰਕਾਰ ਨੇ ਵਿਧਾਨ ਪਰਿਸ਼ਦ ਦੀ ਮੈਂਬਰੀ ਲਈ ਆਪ ਨੂੰ ਨਾਮਜ਼ਦ ਕੀਤਾ ਅਤੇ ਭਾਰਤ ਸਰਕਾਰ ਦੀ ਕੇਂਦਰੀ ਸਾਹਿਤ ਅਕਾਡਮੀ ਵਲੋਂ ਆਪ ਦੀ ਕਾਵਿ ਰਚਨਾ 'ਮੇਰੇ ਸਾਈਆਂ ਜੀਉ' ਨੂੰ 1956 ਦੀ ਉੱਤਮ ਪੰਜਾਬੀ ਰਚਨਾ ਸਵੀਕਾਰ ਕਰਦਿਆਂ ਪੰਜ ਹਜ਼ਾਰੀ ਇਨਾਮ ਦਿੱਤਾ ਗਿਆ।

**ਆਧੁਨਿਕ ਪੰਜਾਬੀ ਸਾਹਿਤ ਦੇ ਉਸਰੱਈਏ**

ਭਾਈ ਵੀਰ ਸਿੰਘ ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦੇ ਪ੍ਰਮੁੱਖ ਉਸਰੱਈਆਂ ਵਿਚੋਂ ਗਿਣੇ ਜਾਂਦੇ ਹਨ। ਉਹ ਪੰਜਾਬੀ ਦੇ ਮੌਲਿਕ ਨਾਵਲ, ਮਹਾਂ ਕਾਵਿ ਤੇ ਨਾਟਕ ਦੇ ਮੋਢੀ ਹਨ ਅਤੇ ਉਨ੍ਹਾਂ ਨੇ ਪੁਰਾਣੇ ਸਾਹਿਤ, ਇਤਿਹਾਸ ਅਤੇ ਵਿਸ਼ੇਸ਼ ਕਰਕੇ ਗੁਰਬਾਣੀ ਦੀ ਖੋਜ ਵਿਆਖਿਆ ਅਤੇ ਸੰਪਾਦਨਾ ਦੇ ਖੇਤਰ ਵਿਚ ਜੋ ਵੱਡਮੁੱਲਾ ਕੰਮ ਕੀਤਾ ਹੈ, ਉਸ ਦੀ ਮਿਸਾਲ ਉਹ ਆਪ ਹੀ ਹਨ। ਪਰ ਇਸ ਲੇਖ ਵਿਚ ਅਸੀਂ ਉਨ੍ਹਾਂ ਦੀ 1935 ਈ. ਤੱਕ ਦੀ ਕਵਿਤਾ ਦਾ ਹੀ ਅਧਿਐਨ ਪੇਸ਼ ਕਰਾਂਗੇ।

**ਕਵੀ ਭਾਈ ਵੀਰ ਸਿੰਘ**

ਕਵਿਤਾ ਦੇ ਖੇਤਰ ਵਿਚ ਭਾਈ ਵੀਰ ਸਿੰਘ ਨੇ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਬਹੁਪੱਖੀ ਰਚਨਾ ਕੀਤੀ ਹੈ। ਭਗਤੀ ਭਾਵ, ਰਹੱਸਵਾਦ ਤੇ ਕੁਦਰਤ ਪਿਆਰ ਉਨ੍ਹਾਂ ਦੀਆਂ ਕਵਿਤਾਵਾਂ ਦੇ ਪ੍ਰਮੁੱਖ ਵਿਸ਼ੇ ਹਨ। ਮਹਾਂਕਾਵਿ, ਗੀਤ ਅਤੇ ਰੁਬਾਈ ਜਿਹੇ ਕਾਵਿ-ਰੂਪਾਂ ਦੀ ਰਚਨਾ ਉਨ੍ਹਾਂ ਨੇ ਬੜੀ ਯੋਗਤਾ ਨਾਲ ਕੀਤੀ ਹੈ। ਡਾ. ਗੁਰਚਰਨ ਸਿੰਘ ਮਹਿਤਾ ਦੀ ਖੋਜ ਅਨੁਸਾਰ ਭਾਈ ਸਾਹਿਬ ਨੇ ਰਾਣਾ ਸੂਰਤ ਸਿੰਘ ਦੀ ਸਿਰਜਣਾ ਤੋਂ ਪਹਿਲੇ ਵੀ ਕੁਝ ਨਿੱਕੀਆਂ ਵੱਡੀਆਂ ਕਾਵਿ-ਕਿਰਤਾਂ ਉੱਤੇ ਆਪਣਾ ਹੱਥ ਅਜ਼ਮਾਇਆ ਸੀ ਪਰ ਉਹਨਾਂ ਦੀ ਸਭ ਤੋਂ ਪਹਿਲੀ ਵਰਣਨ ਯੋਗ ਰਚਨਾ ਮਹਾਂ ਕਾਵਿ 'ਰਾਣਾ ਸੂਰਤ ਸਿੰਘ ਹੀ ਹੈ। ਭਾਈ ਵੀਰ ਸਿੰਘ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਪਾਦਨਾ ਕਰਦੇ ਹੋਏ ਡਾ. ਹਰਿਭਜਨ ਸਿੰਘ ਲਿਖਦੇ ਹਨ, ਉਂਝ ਤਾਂ ਭਾਈ ਸਾਹਿਬ ਜੀਵਨ ਭਰ ਕਾਵਿ ਰਚਨਾ ਨਾਲ ਸੰਬੰਧਿਤ ਰਹੇ, ਪਰ 1900 ਤੋ- 1935 ਈ. ਤੱਕ ਦਾ ਸਮਾਂ ਤਾਂ ਉਨ੍ਹਾਂ ਲਈ ਨਿਰੰਤਰ ਕਾਵਿ ਸਾਧਨਾ ਦਾ ਸਮਾਂ ਸੀ, 'ਨਨਾਣ-ਭਰਜਾਈ', 'ਰਾਣਾ ਸੂਰਤ ਸਿੰਘ, 'ਮਟਕ ਹੁਲਾਰੇ' 'ਬਿਜਲੀਆਂ

ਦੇ ਹਾਰ', 'ਪ੍ਰੀਤ ਵੀਣਾ' ਇਸ ਸਮੇਂ ਦੀਆਂ ਰਚਨਾਵਾਂ ਹਨ। ਭਾਈ ਵੀਰ ਸਿੰਘ ਦੀ ਕਾਵਿ-ਪਰੰਪਰਾ ਦਾ ਪਹਿਲਾ ਸਪਸ਼ਟ ਸੰਕੇਤ 'ਰਾਣਾ ਸੂਰਤ ਸਿੰਘ' ਦੇ ਪ੍ਰਕਾਸ਼ਿਤ ਹੋਣ ਤੋਂ ਮਿਲਿਆ। ਆਪਣੇ ਕਾਵਿ ਜੀਵਨ ਦੇ ਮੁੱਢਲੇ ਪੜ੍ਹਾਅ ਉਪਰ ਹੀ ਮਹਾਂ-ਕਾਵਿ ਦੇ ਅਕਾਰ ਵਾਲੇ ਗ੍ਰੰਥ ਦੀ ਰਚਨਾ ਨਾਲ ਭਾਈ ਸਾਹਿਬ ਮਹਾਂ ਕਵੀ ਦੇ ਰੂਪ ਵਿਚ ਸਥਾਪਿਤ ਹੋ ਗਏ।

**ਰਾਣਾ ਸੂਰਤ ਸਿੰਘ**

'ਰਾਣਾ ਸੂਰਤ ਸਿੰਘ' ਦੀ ਨਾਇਕਾ ਰਾਣੀ ਰਾਜ ਕੌਰ ਹੈ। ਉਸ ਦਾ ਪਤੀ, ਰਾਣਾ ਸੂਰਤ ਸਿੰਘ, ਖ਼ਾਲਸਾ ਦਲ ਵਿਚ ਸ਼ਾਮਲ ਹੋ ਕੇ, ਇਸ ਯੁੱਧ ਵਿਚ ਆਪਣੀ ਭਰ ਜਵਾਨੀ ਵਿਚ ਹੀ ਅਕਾਲ ਚਲਾਣਾ ਕਰ ਜਾਂਦਾ ਹੈ। ਉਸ ਦਾ ਵਿਛੋੜਾ ਰਾਣੀ ਲਈ ਅਸਹਿ ਹੋ ਜਾਂਦਾ ਹੈ ਤੇ ਉਹ ਬਹੁਤ ਵਿਆਕੁਲ ਹੋ ਜਾਂਦੀ ਹੈ। ਇਕ ਹੋਰ ਰਾਜਾ ਰਾਣੀ ਨੂੰ ਆਪਣੇ ਕਪਟ-ਜਾਲ ਵਿਚ ਫਸਾਉਣਾ ਚਾਹੁੰਦਾ ਹੈ, ਪਰ ਉਹ ਨਹੀਂ ਫਸਦੀ ਤੇ ਕਾਫ਼ੀ ਚਿਰ ਵਿਛੋੜੇ ਦੀ ਅਵਸਥਾ ਵਿੱਚ ਰਾਜ-ਕਾਲ ਤੋਂ ਉਪਰਾਮ ਹੋ ਕੇ ਆਪਣੇ ਮਨ ਦੀ ਸ਼ਾਂਤੀ ਲਈ ਭਟਕਦੀ ਰਹਿੰਦੀ ਹੈ। ਅੰਤ ਸਤਿਸੰਗ ਨਾਲ ਉਸ ਨੂੰ ਗੁਰਮਤ ਦਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਉਹ ਮੁੜ ਆਪਣਾ ਰਾਜ ਕਾਜ ਸੰਭਾਲਦੀ ਹੈ ਤੇ ਰਾਜ-ਭੋਗ ਦੀ ਅਵਸਥਾ ਨੂੰ ਪਹੁੰਚਦੀ ਹੈ। ਅਜਿਹੀ ਅਵਸਥਾ ਵਿਚ ਉਸ ਨੂੰ ਮਾਨਸਿਕ ਸ਼ਾਂਤੀ ਤੇ ਆਨੰਦ ਮਿਲਦਾ ਹੈ। ਇਸ ਪਹਿਲੀ ਹੀ ਕਾਵਿ-ਰਚਨਾ ਤੋਂ ਸਪਸ਼ਟ ਹੈ ਕਿ ਭਾਈ ਵੀਰ ਸਿੰਘ ਦੀ ਕਾਵਿ-ਸਿਰਜਣਾ ਸ਼ੁਰੂ ਤੋਂ ਹੀ ਸਿੱਖ ਧਰਮ ਨਾਲ ਸੰਬੰਧਿਤ ਰਹੀ ਹੈ ਅਤੇ ਉਹ ਸਿੱਖ ਗੁਰੂਆਂ ਅਨੁਸਾਰ ਹੀ ਅਧਿਆਤਮਿਕਤਾ ਤੇ ਸੰਸਾਰਕਤਾ ਦੇ ਸੁਮੇਲ ਉੱਤੇ ਜ਼ੋਰ ਦਿੰਦੇ ਹਨ ਪਰ ਇਸ ਮਹਾਂ ਕਾਵਿ ਦੇ ਵਸਤੂ ਨੂੰ ਭਾਈ ਵੀਰ ਸਿੰਘ ਦੇ ਸਮਕਾਲੀ ਸਮਾਜ ਦਾ ਪ੍ਰਤੀਬਿੰਬ ਸਾਬਤ ਕਰਦੇ ਹੋਏ ਗਿਆਨੀ ਹੀਰਾ ਸਿੰਘ ਦਰਦ ਅਤੇ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਇਸ ਦੀ ਵਿਵੇਚਨਾ ਉਸ ਦੇ ਰਾਜਨੀਤਕ ਪ੍ਰਸੰਗ ਅਨੁਸਾਰ ਕੀਤੀ ਹੈ। ਉਨ੍ਹਾਂ ਦਾ ਮੱਤ ਹੈ ਕਿ ਰਾਣਾ ਸੂਰਤ ਸਿੰਘ ਗਵਾਚੇ ਸਿੱਖ-ਰਾਜ ਦਾ ਪ੍ਰਤੀਕ ਹੈ ਤੇ ਰਾਣੀ ਰਾਜ ਕੌਰ ਉਸੇ ਤਰ੍ਹਾਂ ਆਪਣੇ ਸਵਰਗਵਾਸੀ ਪਤੀ ਦੀ ਭਾਲ ਵਿੱਚ ਨਾ-ਉਮੀਦ ਹੋ ਕੇ ਅੰਤ ਵਿਚ ਨਾਮ ਦਾ ਸਹਾਰਾ ਲੈ ਲੈਂਦੀ ਹੈ ਜਿਵੇਂ ਭਾਈ ਵੀਰ ਸਿੰਘ ਤੇ ਸਮਕਾਲੀ ਜਾਗੀਰਦਾਰ, ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਭਾਗ ਨੂੰ ਗੁਆ ਕੇ ਮੁੜ ਸਿੱਖ ਰਾਜ ਸਥਾਪਤ ਕਰਨ ਦੀ ਆਸ ਛੱਡ ਕੇ ਸਿੰਘ ਸਭਾ ਵਰਗੀਆਂ ਸੰਸਥਾਵਾਂ ਰਾਹੀਂ ਨਿਰੋਲ ਨਾਮ ਦਾ ਪ੍ਰਚਾਰ ਕਰਨ ਵਿਚ ਆਪਣੇ ਮਨ ਦੀ ਸ਼ਾਂਤੀ ਲੱਭਦੇ ਸਨ।

ਉਸ ਸਮੇਂ ਦੇ ਸਮਾਜ-ਸੁਧਾਰਕ ਅੰਦੋਲਨਾਂ ਦੇ ਪ੍ਰਸੰਗ ਵਿਚ ਰਾਣਾ ਸੂਰਤ ਸਿੰਘ ਦੀ ਇੱਕ ਹੋਰ ਵਿਵੇਚਨਾ ਵੀ ਹੋ ਸਕਦੀ ਹੈ। ਪੁਰਾਤਨ ਸਮੇਂ ਭਾਰਤੀ ਪੰਜਾਬ ਵਿਚ ਸਤੀ ਦੀ ਰਸਮ ਤੇ ਵਿਧਵਾ ਰਹਿਣ ਦਾ ਰਿਵਾਜ ਦੋ ਸਮਾਜਿਕ ਸਮੱਸਿਆਵਾਂ ਬਣ ਚੁੱਕੀਆਂ ਸਨ। ਵਿਧਵਾ ਦੀ ਸਮੱਸਿਆ ਉੱਤੇ ਭਾਈ ਵੀਰ ਸਿੰਘ ਨੇ ਆਪਣੀ ਇਕ ਹੋਰ ਗਲਪ ਰਚਨਾ 'ਬਾਬਾ ਨੌਧ ਸਿੰਘ' ਵਿਚ ਵੀ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਫ਼ਰਕ ਇਹ ਹੈ ਕਿ ਰਾਣਾ ਸੂਰਤ ਸਿੰਘ ਵਿਚ ਉਨ੍ਹਾਂ ਨੇ ਇਸ ਸਮੱਸਿਆ ਦਾ ਪਿਛੋਕੜ ਅਠਾਰ੍ਹਵੀਂ ਸਦੀ ਦੇ ਸਮਾਜ ਨੂੰ ਬਣਾਇਆ ਹੈ ਤੇ ਬਾਬਾ ਨੌਧ ਸਿੰਘ ਵਿਚ ਵੀਹਵੀਂ ਸਦੀ ਦੇ ਪੰਜਾਬ ਨੂੰ ਪਰ ਇਨ੍ਹਾਂ ਦੋਹਾਂ ਗ੍ਰੰਥਾਂ ਵਿਚ ਇਸ ਦੇ ਸਮਾਧਾਨ ਦਾ ਇਕੋ ਰਾਹ ਸੁਝਾਇਆ ਗਿਆ ਹੈ, ਉਹ ਹੈ ਸਿੱਖ ਧਰਮ ਨੂੰ ਸਵੀਕਾਰ ਕਰਨਾ, ਸੰਗ ਵਿਚ ਜੁੜਨਾ ਤੇ ਪ੍ਰਭੂ-ਪ੍ਰੇਮ ਵਿਚ ਲਿਵ ਜੋੜ ਕੇ ਸਾਰੀ ਉਮਰ ਅਣਵਿਆਹੇ ਰਹਿਣਾ।

**ਮਹਾਂਕਾਵਿ**

ਮਹਾਂਕਾਵਿ (epic) ਵਿਚ ਹੇਠ ਲਿਖੇ ਪ੍ਰਮੁੱਖ ਗੁਣ ਹੁੰਦੇ ਹਨ:

1. ਇਹ ਬਹੁਤ ਸਾਰੇ ਪ੍ਰਵਰਗਾਂ ਵਿਚ ਵੰਡੀ ਲੰਮੀ ਰਚਨਾ ਹੁੰਦੀ ਹੈ।
2. ਇਸ ਦੀ ਸ਼ੈਲੀ ਬਿਰਤਾਂਤਕ ਹੁੰਦੀ ਹੈ।
3. ਇਸ ਦਾ ਸੰਬੰਧ ਕਿਸੇ ਕੌਮ ਦੇ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਨਾਲ ਹੁੰਦਾ ਹੈ।
4. ਇਸ ਵਿਚ ਆਰੰਭ ਤੋਂ ਲੈ ਕੇ ਅੰਤ ਤਕ ਇਕੋ ਛੰਦ ਦੀ ਵਰਤੋਂ ਹੁੰਦੀ ਹੈ।
5. ਇਸ ਦਾ ਅੰਤਿਮ ਪ੍ਰਭਾਵ ਸ਼ਾਂਤ ਰਸ ਪੈਦਾ ਕਰਦਾ ਹੈ, ਅਰਥਾਤ ਇਸ ਦਾ ਪ੍ਰਮੁੱਖ ਰਸ ਸ਼ਾਂਤ ਹੁੰਦਾ ਹੈ।

ਉਪਰੋਕਤ ਕਸਵੱਟੀ ਉੱਤੇ ਪਰਖਿਆਂ 'ਰਾਣਾ ਸੂਰਤ ਸਿੰਘ' ਵਿਚ ਰਾਣੀ ਰਾਜ ਕੌਰ ਇਕ ਮਹਾਨ ਨਾਇਕ ਹੈ। ਇਹ ਰਚਨਾ ਬਹੁਤ ਸਾਰੇ ਪ੍ਰਵਰਗਾਂ ਵਿਚ ਵੰਡੀ ਹੋਈ ਹੈ। ਇਸ ਦਾ ਸੰਬੰਧ ਪੰਜਾਬ ਦੇ ਇਤਿਹਾਸ ਅਤੇ ਸਿੱਖ ਕੌਮ ਦੇ ਇਤਿਹਾਸ ਦੇ ਇਕ ਮਹੱਤਵਪੂਰਨ ਕਾਲ- ਖੰਡ (ਅਠਾਰ੍ਹਵੀਂ ਸਦੀ) ਨਾਲ ਵੀ ਹੈ ਤੇ ਇਸ ਦਾ ਵਾਤਾਵਰਣ ਉਨ੍ਹੀਵੀਂ ਸਦੀ ਜੋ ਅੰਤਲੇ ਵਰ੍ਹਿਆਂ ਦੀ ਸਿੱਖ-ਜਾਗੀਰਦਾਰੀ ਦਸ਼ਾ ਨਾਲ ਵੀ ਮੇਲ ਖਾਂਦਾ ਹੈ। ਇਸ ਵਿਚ ਆਰੰਭ ਤੋਂ ਲੈ ਕੇ ਅੰਤ ਤੱਕ

ਇਕੋ ਛੰਦ ਵੀ ਵਰਤੋਂ ਹੋਈ ਹੈ ਤੇ ਇਸ ਦੀ ਭਾਸ਼ਾ ਸੋਧੀ-ਸੰਵਾਰੀ ਠੇਠ ਪੰਜਾਬੀ ਹੈ। ਇਸ ਦਾ ਪ੍ਰਮੁੱਖ ਰਸ ਸ਼ਾਂਤ ਹੀ ਹੈ। ਪਰ ਦੋ ਕਾਰਨਾਂ ਕਰਕੇ ਇਸ ਨੂੰ ਪ੍ਰਤੀਮਹਾਂ-ਕਾਵਿ (anti-epic) ਵੀ ਸਿੱਧ ਕੀਤਾ ਜਾ ਸਕਦਾ ਹੈ। ਇਕ ਤਾਂ ਇਸ ਦੀ ਨਾਇਕਾ ਦਾ ਸੰਘਰਸ਼ ਬਾਹਰਮੁਖੀ ਨਹੀਂ, ਅੰਤਰਮੁਖੀ ਹੈ, ਕਿਉਂਕਿ ਇਤਿਹਾਸ ਕੇਵਲ ਪਿਛੋਕੜ ਵਿਚ ਰਹਿ ਜਾਂਦਾ ਹੈ। ਨਾਇਕਾ ਅੰਤ ਵਿਚ ਮਨ ਨੂੰ ਜਿੱਤਦੀ ਹੈ ਪਰ ਇਹ ਜਿੱਤ ਕੇਵਲ ਤਿਆਗ ਦੀ ਜਿੱਤ ਹੈ। ਦੂਸਰੇ ਇਸਦੀ ਸ਼ੈਲੀ ਬਿਰਤਾਂਤਕ ਨਹੀਂ, ਵਰਨਣੀ ਹੈ। ਵਰਨਣ ਦੇ ਚਿਤਰਣ ਦੁਆਰਾ ਭਾਈ ਸਾਹਿਬ ਨੇ ਰਚਨਾ ਦਾ ਆਕਾਰ ਤਾਂ ਮਹਾਂਕਾਵਿਕ ਬਣਾ ਦਿੱਤਾ ਹੈ ਪਰ ਕਿਸੇ ਕਥਾ-ਵਾਰਤਾ ਦੀ ਅਣਹੋਂਦ ਕਾਰਨ ਇਹ ਵਰਨਣ ਕੇਵਲ ਦੁਹਰਾਉ ਬਣ ਕੇ ਜਾਂ ਪ੍ਰਕਿਰਤੀ-ਚਿਤਰਣ ਬਣ ਕੇ ਰਹਿ ਗਿਆ ਹੈ।

**ਰਹੱਸਵਾਦੀ ਨਿੱਕੀਆਂ ਕਵਿਤਾਵਾਂ**

ਭਾਈ ਸਾਹਿਬ ਦੀਆਂ ਨਿੱਕੀਆਂ, ਰਹੱਸਵਾਦੀ ਕਵਿਤਾਵਾਂ ਦੀ ਨਾਇਕਾ ਦਾ ਚਿਹਰਾ-ਮੁਹਰਾ ਵੀ ਰਾਜ ਕੌਰ ਨਾਲ ਹੀ ਮਿਲਦਾ ਜੁਲਦਾ ਹੈ। ਉਨ੍ਹਾਂ ਕਵਿਤਾਵਾਂ ਵਿਚ ਵੀ ਸੁਪਨ ਸੰਸਾਰ ਵਿਚ ਵਿਚਰਦੀ ਨਾਇਕਾ 'ਸਥੂਲ' ਨੂੰ ਤਿਆਗ ਕੇ 'ਸੂਖ਼ਮ' ਦੀ ਛੋਹ ਪ੍ਰਾਪਤ ਕਰਦੀ ਹੈ ਤੇ ਇਸ ਕਰਕੇ ਹੀ ਨਾਇਕਾ ਸਿੱਖ, ਸੰਤ, ਸੂਫ਼ੀ ਜਾਂ ਭਗਤ ਦਾ ਪ੍ਰਤੀਕ ਬਣ ਜਾਂਦੀ ਹੈ। ਇਸ ਨਾਇਕਾ ਦੀ ਸਥਿਤੀ ਤੇ ਗਤੀ ਦਾ ਇਕ ਅਤਿਅੰਤ ਕਲਾਤਮਕ ਬਿੰਬ ਭਾਈ ਸਾਹਿਬ ਦੇ ਪ੍ਰਸਿੱਧ ਗੀਤ 'ਕੰਬਦੀ ਕਲਾਈ' ਵਿਚ ਮਿਲਦਾ ਹੈ।

''ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾ ਗਲਵਕੜੀ ਪਾਈ,
ਨਿਰਾ ਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ,
ਫਿਰ ਲੜ ਫੜਨੇ ਨੂੰ ਉੱਠ ਦੌੜੇ, ਪਰ ਲੜ ਓਹ 'ਬਿਜਲੀ ਲਹਿਰਾ'
ਉਡਦਾ ਜਾਂਦਾ ਪਰ ਉਹ ਆਪਦੀ ਛੂਹ ਸਾਨੂੰ ਗਿਆ ਲਾਈ।''

ਨਿੱਤ ਅਰਜੋਈ, ਅਣਡਿੱਠਾ ਰਸ-ਦਾਤਾ, ਅੰਦਰ ਦੀ ਟੇਕ ਆਦਿ ਕਵਿਤਾਵਾਂ ਵੀ ਭਾਈ ਸਾਹਿਬ ਦੇ ਰਹੱਸਮਈ ਅਨੁਭਵ ਦੀਆਂ ਹੀ ਲਖਾਇਕ ਹਨ। ਕੁਝ ਕਵਿਤਾਵਾਂ ਵਿਚ ਸਿੱਖ ਗੁਰੂਆਂ ਪ੍ਰਤੀ ਭਗਤੀ-ਭਾਵ ਦਾ ਪ੍ਰਗਟਾਵਾ ਕੀਤਾ ਗਿਆ ਹੈ :

ਮੈਂ ਕੁੱਠੀ ਮੈਂ ਵਿੰਨ੍ਹੀ ਵੇ ਲੋਕਾ।
ਉਸ ਕਲਗੀ ਦੀਆਂ ਅਣੀਆਂ।

**ਪ੍ਰਕਿਰਤੀ ਪਿਆਰ**

ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਦਾ ਦੂਜਾ ਪ੍ਰਧਾਨ ਵਿਸ਼ਾ ਹੈ ਪ੍ਰਕਿਰਤੀ ਪਿਆਰ। ਅਸਲ ਵਿਚ ਇਹ ਉਨ੍ਹਾਂ ਦੇ ਪ੍ਰਭੂ ਪ੍ਰੇਮ ਅਤੇ ਭਗਤੀ ਭਾਵ ਦਾ ਹੀ ਵਿਸਤਾਰ ਹੈ। ਕੁਦਰਤ ਵਿਚ ਵੀ ਕਾਦਰ ਦਾ ਜਲਵਾ ਹੈ ਤੇ ਉਸ ਜਲਵੇ ਨੂੰ ਸਿਜਦਾ ਕਰਨ ਲਈ ਭਾਈ ਸਾਹਿਬ ਕੁਦਰਤ ਦੇ ਦਰਸ਼ਨ ਵਿਚ ਮਸਤ ਹੋ ਜਾਂਦੇ ਹਨ:

''ਅਰੂਪ ਤੇ ਦੀਦਾਰ ਦੀ ਤੜਫਨ ਤੋਂ ਬਣੀਆਂ ਅੱਖੀਆਂ
ਪਰ ਰੂਪ ਦੇ ਕਰ ਸਾਹਮਣੇ ਰੁਖ ਬਾਹਰ ਦਾ ਦੇ ਰਖੀਆਂ
ਦੇਖਣ ਨਜ਼ਾਰਾ ਸੋਹਿਣੇ, ਰੀਝਣ ਤੇ ਰਚ ਰਚ ਜਾਣ, ਪਰ
ਮਿਟਦੀ ਨਾ ਤਾਂਘ ਅਰੂਪ ਦੀ, ਪਲ ਰੂਪ ਤੇ ਫਿਰ ਭੁੱਖੀਆਂ।''

ਇਸ ਤਰ੍ਹਾਂ ਉਹ ਲੋਕਾਂ ਨੂੰ ਪਰਲੋਕ ਨਾਲ, ਰੂਪ ਨੂੰ ਅਰੂਪ ਨਾਲ, ਫ਼ਰਸ਼ ਨੂੰ ਅਰਸ਼ ਨਾਲ ਤੇ ਸਥੂਲ ਨੂੰ ਸੂਖ਼ਮ ਨਾਲ ਜੋੜਦੇ ਹਨ। ਉਨ੍ਹਾਂ ਨੂੰ ਕਸ਼ਮੀਰ ਦੇ ਸੁੰਦਰ ਨਜ਼ਾਰੇ, 'ਅਰਸ਼ੀ' ਛੂਹ ਨਾਲ ਚਮਕਦੇ ਪ੍ਰਤੀਤ ਹੁੰਦੇ ਹਨ, ਇਛਾਬਲ ਕਿਸੇ ਅਸਮਾਨੀ ਛੂਹ ਦੀ ਪ੍ਰਾਪਤੀ ਲਈ ਦਿਨੇ ਰਾਤ ਵਹਿੰਦਾ ਹੈ, ਇੱਥੋਂ ਤੱਕ ਕਿ ਕਵਿਤਾ ਦੀ 'ਸੁੰਦਰਤਾਈ' ਵੀ 'ਉੱਚੇ ਨਛੱਤਰੀ' ਵਸਦੀ ਹੈ। ਇਸ ਅਰਸ਼ੀ ਸੁੰਦਰਤਾ ਦੇ ਅਨੁਭਵ ਲਈ ਵੀ ਬੁੱਧੀ-ਮੰਡਲੀ ਦੀ ਕੈਦ ਤੋਂ ਆਜ਼ਾਦ ਹੋ ਕੇ ਵਲਵਲੇ ਦੇ ਦੇਸ਼ ਵਿਚ ਜਾਣ ਦੀ ਲੋੜ ਹੈ ਤੇ ਦੁਨਿਆਵੀ ਝਮੇਲਿਆਂ ਤੋਂ ਕੰਨੀ ਖਿਸਕਾ ਕੇ ਏਕਾਂਤਵਾਸੀ ਹੋਣ ਦੀ ਜ਼ਰੂਰਤ ਹੈ। ਇਸੇ ਲਈ ਕਹਿੰਦੇ ਹਨ:

(1) ''ਬੈਠ ਵੇ ਗਿਆਨੀ, ਬੁੱਧੀ ਮੰਡਲੇ ਦੀ ਕੈਦ ਵਿਚ
ਵਲਵਲੇ ਦੇ ਦੇਸ਼ ਸਾਡੀਆਂ ਲਗ ਗਈਆਂ ਯਾਰੀਆਂ''।

(2) ਤੇਰਾ ਥਾਉਂ ਕਿਸੇ ਨਦੀ ਕਿਨਾਰੇ, ਤੇਰਾ ਥਾਉਂ ਕਿਸੇ ਜੰਗਲ ਬੇਲੇ।
ਤੇਰਾ ਭਾਗਾਂ ਵਿਚ ਅਰਸ਼ਾਂ ਤੇ ਉਡਣਾ ਤੇ ਗਾਂਦਿਆਂ ਫਿਰਨ ਅਕੇਲੇ।

ਮਨੁੱਖਵਾਦੀ ਆਪਾ

ਅਜਿਹੀਆਂ ਤੁਕਾਂ ਦੇ ਸਨਮੁੱਖ ਕਈ ਵਾਰ ਨਿਰਣਾ ਕਰਨਾ ਪੈ ਜਾਂਦਾ ਹੈ ਕਿ ਭਾਈ ਵੀਰ ਸਿੰਘ ਇਕ ਪਲਾਇਨਵਾਦੀ ਜਾਂ ਅਪਸਾਰਵਾਦੀ (escapist) ਕਵੀ ਸਨ ਜਿਨ੍ਹਾਂ ਨੇ ਆਪਣੀ ਕਾਵਿ-ਸਮਰਥਾ ਨੂੰ ਆਪਣੇ ਸਮਕਾਲੀ ਜੀਵਨ ਦੇ ਅਨੁਭਵ ਅਰਥਾਤ ਆਜ਼ਾਦੀ-ਘੋਲ, ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ, ਕਰਤਾਰ ਸਿੰਘ ਸਰਾਭੇ ਤੇ ਸਰਦਾਰ ਭਗਤ ਸਿੰਘ ਦੀ ਸ਼ਹੀਦੀ ਦੀ ਪੇਸ਼ਕਾਰੀ ਲਈ ਨਹੀਂ ਵਰਤਿਆ। ਇਸ ਆਧਾਰ 'ਤੇ ਉਨ੍ਹਾਂ ਨੂੰ ਬਰਤਾਨਵੀ ਸਰਕਾਰ ਦੇ ਪੱਖੀਆਂ ਵਿਚੋਂ ਹੀ ਗਿਣਿਆ ਜਾਂਦਾ ਹੈ ਪਰੰਤੂ ਸਾਡਾ ਮਤ ਇਹ ਹੈ ਕਿ ਕਵੀ ਮੂਲ ਰੂਪ ਵਿਚ ਮਨੁੱਖਵਾਦੀ ਹੁੰਦਾ ਹੈ ਤੇ ਭਾਈ ਵੀਰ ਸਿੰਘ ਦਾ ਕਵੀ-ਆਪਾ ਵੀ ਮਨੁੱਖਵਾਦੀ ਸੀ। ਉਨ੍ਹਾਂ ਦੇ ਅਵਾਂਤੀਪੁਰੇ ਦੇ ਖੰਡਰ, ਮਾਰਤੰਡ, ਕੁਤਬ ਦੀ ਲਾਠ, ਗੰਗਾ ਰਾਮ ਆਦਿ ਕਵਿਤਾਵਾਂ ਵਿਚ ਗ਼ੁਲਾਮੀ ਪ੍ਰਤੀ ਘਿਰਣਾ ਤੇ ਮਨੁੱਖ-ਸਿਰਜੀ ਸੁੰਦਰਤਾ ਪ੍ਰਤੀ ਪਿਆਰ ਜਗਾਉਣ ਦਾ ਯਤਨ ਕੀਤਾ ਹੈ।

**ਪੰਜਾਬੀ ਬੋਲੀ ਤੇ ਸ਼ੈਲੀ ਨੂੰ ਦੇਣ**

ਭਾਈ ਵੀਰ ਸਿੰਘ ਦੀ ਪੰਜਾਬੀ ਬੋਲੀ ਅਤੇ ਸ਼ੈਲੀ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਨ੍ਹਾਂ ਨੇ ਆਪਣੇ ਤੋਂ ਪਹਿਲਾਂ ਵਰਤੀਂਦੀ ਬੋਲੀ ਦੀ ਸਾਹਿਤਕ ਪੱਧਰ ਨੂੰ ਉਚਿਆਇਆ ਤੇ ਉਸ ਦਾ ਪ੍ਰਤੀਕਾਤਮਕ ਪ੍ਰਯੋਗ ਕੀਤਾ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਭਾਈ ਸਾਹਿਬ ਨੇ ਪੰਜਾਬੀ ਕਵਿਤਾ ਨੂੰ ਕਿੱਸਾਕਾਰੀ ਵਿਚੋਂ ਕੱਢਿਆ ਤਾਂ ਇਸ ਦਾ ਇਹੋ ਅਰਥ ਹੈ ਕਿ ਉਨ੍ਹਾਂ ਨੇ ਪੰਜਾਬੀ ਬੋਲੀ ਦੀ ਲਖਾਇਕ ਅਤੇ ਵਿਅੰਜਨ ਸ਼ਕਤੀ ਨੂੰ ਪਛਾਣਿਆ ਤੇ ਉਸ ਦਾ ਪ੍ਰਯੋਗ ਕੀਤਾ। ਇਸ ਲਈ ਉਨ੍ਹਾਂ ਦੀ ਕਵਿਤਾ ਬਹੁ-ਅਰਥਕ ਹੈ ਤੇ ਇਕੱਲਿਆਂ ਪੜ੍ਹ ਕੇ ਮਾਣਨ ਦੀ ਵਸਤ ਹੈ, ਸਮੂਹ ਵਿਚ ਖੜ੍ਹ ਕੇ ਗਾਉਣ ਦੀ ਨਹੀਂ।

**ਲਾਲਾ ਕਿਰਪਾ ਸਾਗਰ**

ਵੀਹਵੀਂ ਸਦੀ ਦੇ ਆਰੰਭਿਕ ਪੈਂਤੀ ਵਰ੍ਹਿਆਂ ਵਿਚ ਭਾਈ ਵੀਰ ਸਿੰਘ ਤੋਂ ਪਿੱਛੋਂ ਦੂਜਾ ਪ੍ਰਸਿੱਧ ਕਵੀ ਹੈ, ਲਾਲਾ ਕਿਰਪਾ ਸਾਗਰ। ''ਕਿਰਪਾ ਸਾਗਰ ਪੰਜਾਬੀ ਸਾਹਿਤ ਵਿਚ ਆਪਣੇ ਮਹਾਂ-ਕਾਵਿ 'ਲਕਸ਼ਮੀ ਦੇਵੀ' ਕਾਰਨ ਪ੍ਰਸਿੱਧ ਹੈ। ਇਹ ਮਹਾਂ ਕਾਵਿ, ਕਿਰਪਾ ਸਾਗਰ ਨੇ 10 ਦਸੰਬਰ 1925 ਨੂੰ ਮੁਕਾਇਆ। ਕਵੀ ਨੇ ਉਨ੍ਹੀਵੀਂ ਸਦੀ ਦੇ ਅੰਗਰੇਜ਼ ਕਵੀ ਸਰ ਵਾਲਟਰ ਸਕਾਟ ਦੀ ਇਕ ਰਚਨਾ ਨੂੰ ਆਪਣੀ ਰਚਨਾ ਦਾ ਆਧਾਰਸ਼ਿਲਾ ਬਣਾਇਆ ਹੈ ਪਰ ਇਸ ਨੇ ਆਪਣੀ ਰਚਨਾ ਨੂੰ ਇੰਨਾ ਯਥਾਰਥਵਾਦੀ ਪੰਜਾਬੀ ਵਾਯੂਮੰਡਲ ਪ੍ਰਦਾਨ ਕੀਤਾ ਹੈ ਕਿ ਇਸ ਦੀ ਰਚਨਾ ਆਪਣੇ ਕਿਸੇ ਸਮਕਾਲੀ ਦੀ ਇਤਿਹਾਸਕ ਕਿਰਤ ਤੋਂ ਕਿਸੇ ਹਾਲਤ ਵਿਚ ਵੀ ਘੱਟ ਮੌਲਿਕ ਨਹੀਂ ਆਖੀ ਜਾ ਸਕਦੀ।''

**ਮਹਾਂਕਾਵਿ ਲਕਸ਼ਮੀ ਦੇਵੀ**

ਲਕਸ਼ਮੀ ਦੇਵੀ ਭਾਵੇਂ ਉਪਰੋਕਤ ਅੰਗਰੇਜ਼ੀ ਰਚਨਾ ਉਤੇ ਅਧਾਰਿਤ ਹੈ, ਭਾਵੇਂ ਇਸ ਵਿਚਲੀਆਂ ਘਟਨਾਵਾਂ ਬੰਦਰਾਲ, ਜੰਮੂ ਦੇ ਅਜਿਹੇ ਇਲਾਕੇ ਵਿਚ ਵਾਪਰਦੀਆਂ ਹਨ ਜਿੱਥੇ ਸਕਾਟਲੈਂਡ ਵਰਗੀਆਂ ਹੀ ਪਹਾੜੀਆਂ ਹਨ ਪਰ ਇਸ ਰਚਨਾ ਦੇ ਪਿੱਛੇ ਕਿਰਪਾ ਸਾਗਰ ਦੀ ਰਾਸ਼ਟਰੀ ਭਾਵਨਾ ਹੀ ਕੰਮ ਕਰਦੀ ਹੈ। ਆਪਣੀ ਮੱਧਯੁਗੀਨ ਪੰਜਾਬੀ ਬੋਲੀ, ਸਭਿਆਚਾਰ ਦੀ ਪੁਨਰ-ਸੁਰਜੀਤੀ, ਪੰਜਾਬੀਆਂ ਦੇ ਸਾਂਝੇ ਰਾਜਾ ਮਹਾਰਾਜਾ ਰਣਜੀਤ ਸਿੰਘ ਦੀ ਵਡਿਆਈ ਤੇ ਪੰਜਾਬੀ ਬੋਲੀ ਦੀ ਸਾਹਿਤਕ ਪੱਧਰ ਨੂੰ ਉਚਿਆਉਣ ਦਾ ਉਦੇਸ਼ ਇਸ ਰਚਨਾ ਦਾ ਪ੍ਰੇਰਨਾ-ਸਰੋਤ ਹੈ। ਆਪਣੇ ਦੇਸ਼ ਦੇ ਸੁਤੰਤਰਤਾ ਸੰਗਰਾਮ ਲਈ ਪੰਜਾਬੀਆਂ ਨੂੰ ਆਤਮਕ ਬਲ ਪ੍ਰਦਾਨ ਕਰਨ ਲਈ ਤੇ ਉਨ੍ਹਾਂ ਵਿਚਲੇ ਸਵੈ-ਵਿਸ਼ਵਾਸ ਤੇ ਸਵੈ ਮਾਣ ਨੂੰ ਜਗਾਉਣ ਲਈ ਉਨ੍ਹਾਂ ਦੇ ਅਮੀਰ ਸਭਿਆਚਾਰਕ ਵਿਰਸੇ ਨੂੰ ਮੁੜ ਚੇਤੇ ਕਰਵਾਉਣਾ ਸਮੇਂ ਦੀ ਲੋੜ ਸੀ। ਕਿਰਪਾ ਸਾਗਰ ਦੀ ਇਹ ਰਚਨਾ ਪੰਜਾਬੀਆਂ ਦੇ ਪਿਆਰ, ਬਹਾਦਰੀ, ਖੁੱਲ੍ਹਦਿਲੀ, ਦੁਸ਼ਮਣੀ ਤੇ ਦ੍ਰਿੜ੍ਹਤਾ ਦਾ ਚਿੱਤਰ ਪੇਸ਼ ਕਰਕੇ ਇਸ ਲੋੜ ਨੂੰ ਪੂਰਾ ਕਰਦੀ ਹੈ।

**ਲਕਸ਼ਮੀ ਦੇਵੀ ਦੀ ਸੰਖੇਪ ਕਹਾਣੀ**

ਇਸ ਵਿਚ ਰਣਜੀਤ ਸਿੰਘ ਦੇ ਜੀਵਨ ਦੀ ਇਕ ਨਿੱਕੀ ਜਿਹੀ ਘਟਨਾ ਦਾ ਵਰਣਨ ਹੈ ਜਿਸ ਦੇ ਪ੍ਰਸੰਗ ਵਿਚ ਪ੍ਰਕਿਰਤੀ-ਚਿੱਤਰ ਕਮਾਲ ਦਾ ਹੋਇਆ ਹੈ। ਸੰਖੇਪ ਵਿਚ ਕਹਾਣੀ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਸ਼ਿਕਾਰ ਲਈ

ਬੰਦਰਾਲ ਦੇਸ਼ ਜਾਂਦਾ ਹੈ, ਰਸਤੇ ਵਿਚ ਆਪਣੇ ਸਿਪਾਹੀਆਂ ਤੋਂ ਪਿਛੜ ਜਾਂਦਾ ਹੈ, ਉਸ ਦੇ ਸ਼ਿਕਾਰੀ-ਕੁੱਤੇ ਤੇ ਉਸ ਦਾ ਘੋੜਾ ਥੱਕ ਟੁਟ ਕੇ ਦਮ ਤੋੜ ਜਾਂਦੇ ਹਨ। ਇਕ ਝੀਲ ਦੇ ਕੰਢੇ ਉਸ ਨੂੰ ਇਕ ਸੁੰਦਰੀ ਮਿਲਦੀ ਹੈ ਜਿਸ ਦਾ ਨਾਂ ਲਕਸ਼ਮੀ ਦੇਵੀ ਹੈ, ਉਹ ਬੰਦਰਾਲ ਦੇ ਰਾਜੇ, ਜੈਮਲ ਸਿੰਘ ਦੇ ਕਿਲ੍ਹੇ ਵਿਚ ਆਪਣੇ ਪਿਤਾ, ਰਾਜਾ ਬਲਬੀਰ ਨਾਲ ਰਹਿੰਦੀ ਹੈ। ਰਾਜਾ ਬਲਬੀਰ ਪੰਜਾਬੀ ਹੈ ਤੇ ਰਣਜੀਤ ਸਿੰਘ ਨਾਲ ਲੜ ਕੇ ਜੈਮਲ ਸਿੰਘ ਦੀ ਸ਼ਰਨ ਆ ਗਿਆ ਹੈ।

ਲਕਸ਼ਮੀ ਦੇਵੀ ਤੇ ਰਣਜੀਤ ਸਿੰਘ ਧਰਮ ਦੇ ਭੈਣ-ਭਰਾ ਬਣ ਜਾਂਦੇ ਹਨ ਪਰ ਰਣਜੀਤ ਸਿੰਘ ਆਪਣਾ ਨਾਂ ਪੰਜਾਬ ਸਿੰਘ ਦੱਸਦਾ ਹੈ। ਲਕਸ਼ਮੀ ਪੰਜਾਬ ਸਿੰਘ ਨੂੰ ਕਿਲ੍ਹੇ ਵਿਚ ਲੈ ਜਾਂਦੀ ਹੈ ਤੇ ਉਸ ਨੂੰ ਦੂਜੇ ਦਿਨ ਧਰਮ-ਭਰਾ ਵਾਂਗ ਵਿਦਾ ਕਰਦੀ ਹੈ। ਮੈਦਾਨਾਂ ਵਿਚ ਆ ਕੇ ਪੰਜਾਬ ਸਿੰਘ ਨੂੰ ਪਤਾ ਲਗਦਾ ਹੈ ਕਿ ਸਿਆਲਕੋਟ ਵਾਲੇ ਪਾਸਿਉਂ ਪੰਜਾਬ ਦੀਆਂ ਫ਼ੌਜਾਂ ਨੇ ਬੰਦਰਾਲ ਉੱਤੇ ਹਮਲਾ ਕਰ ਦਿੱਤਾ ਹੈ। ਉਹ ਆਪਣੀ ਧਰਮ ਭੈਣ, ਲਕਸ਼ਮੀ ਦੇਵੀ ਨੂੰ ਉਥੋਂ ਕੱਢਣ ਲਈ ਮੁੜ ਜੈਮਲ ਸਿੰਘ ਦੇ ਕਿਲ੍ਹੇ ਵਿਚ ਜਾਂਦਾ ਹੈ ਪਰ ਪਤਾ ਲਗਦਾ ਹੈ ਕਿ ਲਕਸ਼ਮੀ ਦੇਵੀ ਦੇ ਪਿਉ ਬਲਬੀਰ ਅਤੇ ਰਾਜੇ ਜੈਮਲ ਵਿਚ ਝਗੜਾ ਹੋ ਜਾਣ ਕਾਰਨ ਉਹ ਕਿਲ੍ਹੇ ਵਿਚ ਨਹੀਂ। ਬੜੀ ਮੁਸ਼ਕਲ ਨਾਲ ਉਹ ਲਕਸ਼ਮੀ ਨੂੰ ਕਿਸੇ ਹੋਰ ਥਾਂ ਲੱਭਦਾ ਹੈ ਪਰ ਲਕਸ਼ਮੀ ਉਸ ਨਾਲ ਨਹੀਂ ਆਉਂਦੀ ਕਿਉਂਕਿ ਉਸਦਾ ਪਿਤਾ ਤੇ ਇਕ ਹੋਰ ਨੌਜਵਾਨ ਪੂਰਨ ਸਿੰਘ ਉਸ ਨੂੰ ਕਹਿ ਗਏ ਹਨ ਕਿ ਉਨ੍ਹਾਂ ਦੇ ਵਾਪਸ ਆਉਣ ਤੱਕ ਲਕਸ਼ਮੀ ਉਥੋਂ ਨਾ ਜਾਵੇ। ਪੰਜਾਬ ਸਿੰਘ ਵਾਪਸ ਮੁੜਦਾ ਹੈ। ਰਸਤੇ ਵਿਚ ਉਸ ਦਾ ਟਾਕਰਾ ਜੈਮਲ ਸਿੰਘ ਨਾਲ ਹੁੰਦਾ ਹੈ। ਦੋਹਾਂ ਦੀ ਮੁਠ-ਭੇੜ ਵਿਚ ਜੈਮਲ ਸਿੰਘ ਜ਼ਖਮੀ ਹੋ ਜਾਂਦਾ ਹੈ ਤੇ ਉਸ ਨੂੰ ਪਤਾ ਲੱਗ ਜਾਦਾ ਹੈ ਕਿ ਪੰਜਾਬ ਸਿੰਘ ਅਸਲ ਵਿਚ ਰਣਜੀਤ ਸਿੰਘ ਹੀ ਹੈ। ਰਣਜੀਤ ਸਿੰਘ ਜ਼ਖ਼ਮੀ ਜੈਮਲ ਸਿੰਘ ਨੂੰ ਲਾਹੌਰ ਲੈ ਆਉਂਦਾ ਹੈ ਤੇ ਕੈਦ ਕਰ ਲੈਂਦਾ ਹੈ, ਉਥੇ ਉਸ ਨੂੰ ਬਲਬੀਰ ਸਿੰਘ ਤੇ ਪੂਰਨ ਸਿੰਘ ਵੀ ਮਿਲ ਜਾਂਦੇ ਹਨ, ਜਿਹੜੇ ਹੁਣ ਮੁੜ ਕੇ ਉਸ ਦੀ ਸ਼ਰਨ ਆਏ ਹਨ। ਉਹ ਉਨ੍ਹਾਂ ਨੂੰ ਭੇਜ ਕੇ ਲਕਸ਼ਮੀ ਦੇਵੀ ਨੂੰ ਲਾਹੌਰ ਮੰਗਵਾ ਲੈਂਦਾ ਹੈ ਤੇ ਉਸਦੀ ਸ਼ਾਦੀ ਉਸ ਦੇ ਮਨ ਪਸੰਦ ਨੌਜਵਾਨ ਪੂਰਨ ਸਿੰਘ ਨਾਲ ਕਰ ਦਿੰਦਾ ਹੈ।

**ਰਣਜੀਤ ਸਿੰਘ ਦੀ ਵਡਿਆਈ**

ਉਪਰੋਕਤ ਕਥਾ ਤੋਂ ਸਾਫ਼ ਪ੍ਰਗਟ ਹੈ ਕਿ ਪੁਸਤਕ ਦੇ ਨਾਂ ਭਾਵੇਂ ਲਕਸ਼ਮੀ ਦੇਵੀ ਹੈ ਪਰ ਇਸ ਵਿਚ ਵਡਿਆਈ ਮਹਾਰਾਜਾ ਰਣਜੀਤ ਸਿੰਘ ਦੀ ਹੋਈ ਹੈ। ਉਸਨੂੰ ਨਾ ਕੇਵਲ ਇਕ ਸਿੱਖ ਵਜੋਂ ਸਗੋਂ ਇਕ ਪੰਜਾਬੀ ਰਾਜੇ (ਪੰਜਾਬ ਸਿੰਘ) ਦੇ ਰੂਪ ਵਿਚ ਪੰਜਾਬੀ ਸਭਿਆਚਾਰ ਤੇ ਵਿਰਸੇ ਦੀ ਅਮੀਰੀ ਦੇ ਪ੍ਰਤਿਨਿਧ ਵਜੋਂ ਚਿਤਰਿਆ ਗਿਆ ਹੈ। ਆਦਿ ਤੋਂ ਅੰਤ ਤੱਕ ਛੰਦ ਦੋਹਰਾ ਰੱਖਿਆ ਗਿਆ ਹੈ, ਪਰ ਇਕ ਰਸ ਅਕੇਵੇਂ ਨੂੰ ਤੋੜਨ ਲਈ ਵਿਚ ਲੋਕ-ਗੀਤਾਂ ਦੀਆਂ ਧਾਰਨਾਂ ਉੱਤੇ ਲਿਖੇ ਗੀਤ ਵੀ ਦਿੱਤੇ ਹਨ।

ਉਦਾਰਹਣ ਲਈ:

1. ਕਿਧਰੇ ਢਾਲਾਂ ਟੰਗੀਆਂ, ਕਿਧਰੇ ਦੂਜੇ ਸਾਜ।<br>ਪਾਇਆ ਨੇਜੇ ਬਰਛੀਆਂ ਜਿਵੇਂ ਵਖਾਲਾ ਦਾਜ।
2. ਨੀਂਦਰ ਭਰੀਆਂ ਅੱਖਾਂ ਤੇਰੀਆਂ ਵੀਰਾ ਵੇ।<br>ਸੌਂ ਜਾ ਤੂੰ ਸੌਂ ਜਾ ਸੁੱਖਾਂ ਨਾਲ ਸਿਪਾਹੀਆ।

**ਫੁੱਟਕਲ ਰਚਨਾਵਾਂ**

ਮਹਾਂਕਾਵਿ ਤੋਂ ਇਲਾਵਾ ਕਿਰਪਾ ਸਾਗਰ ਨੇ ਦੇਸ਼ ਪਿਆਰ ਦੀਆਂ ਫੁੱਟਕਲ ਰਚਨਾਵਾਂ ਦੀ ਰਚਨਾ ਵੀ ਕੀਤੀ ਹੈ। ਉਨ੍ਹਾਂ ਵਿੱਚੋਂ ਇਕ ਪ੍ਰਸਿੱਧ ਰਚਨਾ ਹੈ- 'ਮੇਰਾ ਪੰਜਾਬ ਦੇਸ਼' ਇਸ ਦੇ ਆਰੰਭ ਵਿਚ ਹੀ ਕਵੀ ਲਿਖਦਾ ਹੈ:

''ਮੇਰੇ ਪੰਜਾਬ ਦੇਸ਼ ਤੂੰ ਏ ਸਭ ਦੇਸ਼ਾਂ ਤੋਂ ਕਿਆ ਸੋਹਣਾ।<br>ਮੇਰੇ ਦਿਲਦਾਰ ਤੇਰਾ ਰਾਂਗਲਾ ਵਿਸਤਾਰ ਮਨਮੋਹਣਾ''

ਇਸ ਕਵਿਤਾ ਵਿਚ ਪੰਜਾਬ ਦੀ ਪ੍ਰਕਿਰਤੀ, ਸਭਿਆਚਾਰ ਤੇ ਨਿੱਤ ਦੇ ਜੀਵਨ ਨੂੰ ਬਹੁਤ ਵਡਿਆ ਕੇ ਪੇਸ਼ ਕੀਤਾ ਗਿਆ ਹੈ। ਜ਼ਿਲ੍ਹਾ ਗੁੱਜਰਾਂਵਾਲਾ ਦੇ ਪਿੰਡ ਪਿਪਨਾਖੇ ਦਾ ਜੰਮ-ਪਲ ਹੋਣ ਕਾਰਨ ਕਿਰਪਾ ਸਾਗਰ ਦੀ ਬੋਲੀ ਠੇਠ ਪੰਜਾਬੀ ਦੀ ਪ੍ਰਤੀਨਿਧ ਭਾਸ਼ਾ ਹੈ।

**ਲਾਲਾ ਧਨੀ ਰਾਮ ਚਾਤ੍ਰਿਕ**

**ਕਿਰਪਾ ਸਾਗਰ ਦਾ ਸਮਕਾਲੀ, ਲਾਲਾ ਧਨੀ ਰਾਮ ਚਾਤ੍ਰਿਕ ਵੀ ਪਿੰਡ ਦੇ ਹਿੰਦੂ ਘਰਾਣੇ ਦਾ ਜੰਮ-ਪਲ ਸੀ** ਅਤੇ ਉਸ ਵਾਂਗ ਹੀ ਪੰਜਾਬ ਦੀ 'ਕੌਮੀ ਸਾਂਝ' ਦਾ ਕਵੀ ਸੀ। ਧਰਮ ਨਿਰਪੇਖ (secular) ਰਹਿਣਾ ਇਸ ਕਵੀ ਦੀ ਵੱਡੀ ਵਿਸ਼ੇਸ਼ਤਾ ਸੀ। ਕਾਰਨ ਇਹ ਹੈ ਕਿ ''ਉਹ ਆਪਣੇ ਸਮਕਾਲੀ ਪੰਜਾਬ ਵਿਚ ਪੈਦਾ ਹੋ ਚੁੱਕੀ ਧਾਰਮਿਕ ਖਿਚੋਤਾਨ ਦੀ ਸਮੱਸਿਆ ਵੱਲ ਵਧੇਰੇ ਧਿਆਨ ਦਿੰਦਾ ਹੈ। ਉਸ ਦੀਆਂ ਕਵਿਤਾਵਾਂ ਵਿੱਚੋਂ 1947 ਦੀ ਹੋਣੀ ਦੇ ਝਲਕਾਰੇ ਸਪਸ਼ਟ ਝਲਕਦੇ ਹਨ :

ਹਿੰਦੂ ਮੁਸਲਿਮਾਂ ਨੂੰ ਜਿਹੜੀ ਵੱਗ ਗਈ ਏ,
ਜਾਣੇ ਰਬ ਕੀ ਜ਼ੁਲਮ ਹੈ ਆਉਣ ਵਾਲਾ ।
ਖਬਰੇ ਆਪਣੀ ਨਿਗਾਹ ਅਸਮਾਨ ਚੜ੍ਹ ਗਈ,
ਯਾ ਕੋਈ ਹੋਰ ਬੈਠਾ ਤੁਣਕੇ ਲਾਉਣ ਵਾਲਾ।
ਯਾਰੋ ਮਰਨ ਮਿੱਟੀ ਕਾਹਦੀ ਚੜ੍ਹ ਗਈ ਜੇ,
ਤੁਹਾਨੂੰ ਕੋਈ ਨਹੀਂ ਰਿਹਾ ਸੁਝਾਉਣ ਵਾਲਾ ?
ਕੋਈ ਅੱਗ ਨੂੰ ਨਹੀਂ ਬੁਝਾਉਣ ਜੋਗਾ,
ਜਿਹੜਾ ਉਠਦਾ ਹੈ, ਤੇਲ ਪਾਉਣ ਵਾਲਾ।

ਚਾਤ੍ਰਿਕ ਦਾ ਜਨਮ 1876 ਈ. ਵਿਚ ਲਾਲਾ ਪੋਹੂ ਮਲ ਦੇ ਘਰ, ਪੰਜਾਬੀ ਦੇ ਮਸ਼ਹੂਰ ਕਿੱਸਾਕਾਰ ਅਮਾਮ ਬਖ਼ਸ਼ ਦੇ ਪਿੰਡ ਪੱਸੀਆਂ ਵਾਲਾ, ਜ਼ਿਲ੍ਹਾ ਸਿਆਲਕੋਟ ਵਿਚ ਹੋਇਆ ਸੀ। ਉਨ੍ਹਾਂ ਦੀ ਸਕੂਲੀ ਵਿੱਦਿਆ ਬਹੁਤ ਥੋੜ੍ਹੀ ਸੀ, ਕੇਵਲ ਪੰਜ ਜਮਾਤਾਂ-ਪਰੰਤੂ ਜਦੋਂ ਉਸਨੇ ਕਵਿਤਾ ਲਿਖਣੀ ਸ਼ੁਰੂ ਕੀਤੀ ਉਦੋਂ ਉਸ ਨੂੰ 40-45 ਸਾਲ ਦਾ ਲੰਮਾ ਤਜ਼ਰਬਾ ਹਾਸਲ ਹੋ ਚੁੱਕਾ ਸੀ। ਹਿੰਦੂ ਘਰਾਣੇ ਦਾ ਵਿਰਸਾ, ਪੇਂਡੂ ਜੀਵਨ ਦਾ ਅਨੁਭਵ, ਵਿੱਦਿਆ ਦੀ ਥੁੜ੍ਹ, ਭਾਈ ਵੀਰ ਸਿੰਘ ਦੇ ਪ੍ਰੈਸ ਵਿਚ ਗੁਜ਼ਾਰੇ ਸਾਲ ਅਤੇ ਸਮਕਾਲੀ ਪੰਜਾਬੀ ਵਿਚ ਵੱਧ ਰਹੀ ਜਾਗਰਿਤੀ ਤੇ ਪਰਸਪਰ ਫੁਟ ਕੁੱਝ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਨੇ ਚਾਤ੍ਰਿਕ ਨੂੰ ਪੰਜਾਬੀ ਵਿਚ ਲਿਖਣ ਲਈ ਮਜਬੂਰ ਕੀਤਾ ਹੈ। 1935 ਈ. ਤੱਕ ਉਸ ਨੇ ਪਰੰਪਰਾਗਤ ਕਿੱਸਾਕਾਰੀ ਉੱਤੇ ਹੱਥ ਰਵਾਂ ਕਰਕੇ ਨਵੇਂ ਅਨੁਭਵ ਦੇ ਪ੍ਰਗਟਾਵੇ ਲਈ ਨਵੇਂ ਪ੍ਰਯੋਗ ਕਰਨੇ ਆਰੰਭ ਕਰ ਦਿੱਤੇ ਸਨ। ਉਸ ਸਮੇਂ ਤੱਕ ਉਸ ਨੇ ਪੰਜਾਬੀ ਸਾਹਿਤ ਨੂੰ ਨਿਮਨ ਰਚਨਾਵਾਂ ਪ੍ਰਦਾਨ ਕੀਤੀਆਂ :

1. ਭਰਥਰੀ ਹਰੀ
2. ਨਲ ਦਮਯੰਤੀ
3. ਧਰਮ ਬੀਰ
4. ਚੰਦਨ ਵਾੜੀ

'ਕੇਸਰ ਕਿਆਰੀ' ਭਾਵੇਂ 1940 ਈ. ਵਿਚ ਛਪੀ, ਪਰ ਉਸ ਦੀਆਂ ਕੁੱਝ ਕੁ ਕਵਿਤਾਵਾਂ 1932 ਈ. ਦੇ ਨੇੜੇ ਤੇੜੇ ਹੀ ਲਿਖੀਆਂ ਜਾ ਚੁੱਕੀਆਂ ਸਨ। ਚਾਤ੍ਰਿਕ ਆਪ ਲਿਖਦਾ ਹੈ : ਸੰਨ 1931 ਦੇ ਅਖੀਰ ਵਿਚ ਮੈਂ ਆਪਣੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਛਪਵਾਇਆ ਅਤੇ ਉਸ ਦਾ ਨਾਮ ਸ੍ਰੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸਲਾਹ ਨਾਲ 'ਚੰਦਨ ਵਾੜੀ' ਰੱਖਿਆ। ਇਸ ਦਾ ਮੁੱਖ ਬੰਦ ਵੀ ਆਪ ਨੇ ਲਿਖ ਕੇ ਦਿੱਤਾ ਅਤੇ ਸ. ਬਹਾਦਰ ਭਾਈ ਕਾਨ੍ਹ ਸਿੰਘ ਸਾਹਿਬ ਨੇ ਵੀ ਦੋ ਸਫ਼ਿਆਂ ਵਿਚ ਇਸ ਦੀ ਪ੍ਰਸੰਸਾ ਲਿਖੀ। ਚੰਦਨ ਵਾੜੀ' ਦੇ ਬਾਅਦ 1932 ਈ. ਤੋਂ 1940 ਤੱਕ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ 'ਕੇਸਰ ਕਿਆਰੀ' 1940 ਵਿਚ ਛਪੀ।

ਇਨ੍ਹਾਂ ਪਹਿਲੀਆਂ ਦੋ ਪੁਸਤਕਾਂ ਨਾਲ ਹੀ ਆਧੁਨਿਕ ਕਾਲ ਦੀ ਪੰਜਾਬੀ ਕਵਿਤਾ ਵਿਚ ਚਾਤ੍ਰਿਕ ਦਾ ਜ਼ਿਕਰਯੋਗ ਸਥਾਨ ਬਣ ਚੁੱਕਾ ਸੀ। ਉਸ ਦੇ ਅਨੁਭਵ ਦੀ ਮੌਲਿਕਤਾ, ਉਸ ਦੀ ਕਾਵਿ ਸ਼ੈਲੀ ਅਤੇ ਉਸ ਦੇ ਛੰਦ-ਵਿਧਾਨ ਤੇ ਸ਼ਬਦਾਵਲੀ ਦੀ ਨੁਹਾਰ ਇਸੇ ਕਾਲ ਵਿਚ ਉਜਾਗਰ ਹੋ ਗਈ ਸੀ।

**ਪੰਜਾਬ ਦੀ ਆਤਮਾ**

ਜਿਵੇਂ ਅਸੀਂ ਉੱਤੇ ਕਹਿ ਆਏ ਹਾਂ, ਚਾਤ੍ਰਿਕ ਦੇ ਅਨੁਭਵ ਦੀ ਮੌਲਿਕਤਾ ਇਹੋ ਹੈ ਕਿ ਉਸ ਨੇ ਧਰਮ ਨਿਰਪੇਖ ਹੋ ਕੇ ਸਾਂਝੇ ਪੰਜਾਬ ਦੀ ਆਤਮਾ ਨੂੰ ਰੂਪਮਾਨ ਕੀਤਾ ਹੈ। ਉਸ ਦਾ ਪੰਜਾਬ ਰਾਜ, ਕਾਲ ਵਿਚ ਵੀ ਤੇ ਦੇਸ਼ ਵਿਚ ਵੀ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਪੰਜਾਬ ਤੋਂ ਕਿਤੇ ਵਿਸ਼ਾਲ ਹੈ। ਕਾਲ ਵਿਚ ਇਸ ਪੰਜਾਬ ਦੀ ਸੀਮਾ ਰਿਗਵੇਦ ਤੋਂ ਲੈ ਕੇ ਅਜੋਕੇ ਸਮੇਂ ਤੱਕ ਹੈ। ਦੇਸ਼ ਵਿਚ ਇਹ ਪੱਛਮੀ

1. **ਜੀਵਨ ਸਿੰਘ (ਸੰਪਾ.), ਸਾਹਿਤ ਸਮਾਚਾਰ, ਧਨੀ ਰਾਮ ਚਾਤ੍ਰਿਕ ਅੰਕ, ਪੰਨੇ 12-13**

ਤੇ ਪੂਰਬੀ ਦੋਹਾਂ ਨੂੰ ਆਪਣੀ ਵਲਗਣ ਵਿਚ ਵਲ਼ ਲੈਂਦਾ ਹੈ। ਇਸ ਦਾ ਇਕ ਕਾਰਨ ਇਹ ਹੈ ਕਿ 1935 ਈ. ਤੱਕ ਪੰਜਾਬ ਦੇ ਅੱਜ ਵਾਂਗ ਇੰਨੇ ਟੋਟੇ ਨਹੀਂ ਹੋਏ ਸਨ। ਆਪਣੇ ਵਿਸ਼ਾਲ ਤੇ ਪੁਰਾਤਨ ਪੰਜਾਬ ਬਾਰੇ ਚਾਤ੍ਰਿਕ ਨੇ ਲਿਖਿਆ ਸੀ :

''ਤੇਰੀਆਂ ਹੱਡ-ਬੀਤੀ ਕੀਤੀ ਮਾਤ ਮਹਿਫਲ,
ਮੱਤਾਂ ਸਿਖੀਆਂ ਤੈਥੋ ਸੰਸਾਰ ਸਾਰੇ,
ਪਹਿਲਾ ਬਾਬ ਕਿਤਾਬ ਦਾ ਧਰਤ ਤੇਰੀ,
ਖੇਡੇ ਤੇਰੀ ਵਿਚ ਰਿਸ਼ੀ ਅਵਤਾਰ ਸਾਰੇ।

'ਮੇਲੇ ਵਿਚ ਜੱਟ', 'ਸੁਰਗੀ ਜੀਉਣੇ', 'ਕੋਰਾ ਕਾਦਰ', 'ਅੰਮ੍ਰਿਤਸਰੀ ਸਿਫਤੀ ਦਾ ਘਰ' ਆਦਿ ਕਵਿਤਾਵਾਂ ਵਿਚ ਪੰਜਾਬ ਦੀ ਪ੍ਰਕਿਰਤੀ, ਇਸ ਦੇ ਸਾਦੇ ਪੇਂਡੂ ਜੀਵਨ, ਇਸ ਦੇ ਜਗੀਰਦਾਰੀ ਸਭਿਆਚਾਰ, ਇਸ ਦੇ ਇਤਿਹਾਸ ਤੇ ਇਸ ਦੀ ਧਰਮ-ਨਿਰਪੇਖ ਰਹਿਣੀ-ਬਹਿਣੀ ਦਾ ਚਿਤਰਣ ਅਤਿ ਰੁਮਾਂਟਿਕ ਢੰਗ ਨਾਲ ਕੀਤਾ ਗਿਆ ਹੈ। ਆਪਣੇ ਆਖ਼ਰੀ ਕਾਵਿ-ਸੰਗ੍ਰਹਿ 'ਸੂਫ਼ੀਆਨਾ ' ਵਿਚ ਚਾਤ੍ਰਿਕ ਨੇ ਆਪਣੇ ਕਾਵਿ ਵਸਤੂ ਬਾਰੇ ਜੋ ਟਿੱਪਣੀ ਕੀਤੀ ਹੈ, ਉਹ ਉਸ ਦੀਆਂ 1935 ਤੋਂ ਪਹਿਲਾਂ ਦੀਆਂ ਰਚਨਾਵਾ ਬਾਰੇ ਵੀ ਸੱਚ ਹੈ।
ਉਹ ਲਿਖਦਾ ਹੈ :

'ਕੁਝ ਰੋਟੀ ਦਾ ਉਪਰਾਲਾ ਸੀ, ਕੁਝ ਪੜ੍ਹਨ ਲਿਖਣ ਦਾ ਚਸਕਾ ਸੀ,
ਕਵਿਤਾ ਕਰਦਾ ਸਾਂ ਦੇਸ਼ ਲਈ, ਯਾ ਪਾਟੇ ਸੀਨੇ ਸਿਉਣ ਲਈ,
ਈਸ਼ਵਰ ਹੈ ਸਚਮੁਚ ਬਹੁਤ ਵੱਡਾ, ਪਰ ਮੈਂ ਉਸ ਨਹੀਂ ਪਾ ਸਕਿਆ।
ਨਾ ਉਸਦੇ ਭੇਦ ਸਮਝ ਸਕਿਆ, ਨਾ ਦੁਨੀਆਂ ਨੂੰ ਸਮਝਾ ਸਕਿਆ।
ਮੈਂ ਧਰਤੀ ਦਾ ਪੰਖੇਰੂ ਸਾਂ, ਅਸਮਾਨਾਂ ਤਕ ਨਹੀਂ ਜਾ ਸਕਿਆ।

**ਕਾਵਿ ਸ਼ੈਲੀ**

ਸਪਸ਼ਟ ਹੈ ਕਿ ਵਿਸ਼ੇ-ਪੱਖ ਤੋਂ ਚਾਤ੍ਰਿਕ ਦੀ ਕਵਿਤਾ ਦੇਸ਼-ਪਿਆਰ, ਕੌਮੀ ਸਾਂਝ, ਆਫਿਰਕੂ ਧਾਰਮਿਕਤਾ ਤੇ ਧਰਤੀ ਦੀ ਛੂਹ ਦੀ ਕਵਿਤਾ ਹੈ। ਉਸ ਦੀ ਕਾਵਿ-ਸ਼ੈਲੀ ਉੱਤੇ ਪੰਜਾਬੀ ਕਿੱਸਾ ਕਾਵਿ ਤੇ ਸੂਫ.ੀ ਕਾਵਿ ਦਾ ਪ੍ਰਤੱਖ ਪ੍ਰਭਾਵ ਹੈ ਤੇ ਬਿਰਤਾਂਤ ਅਤੇ ਸਰੋਦ ਇਸ ਸ਼ੈਲੀ ਦੇ ਪ੍ਰਮੁੱਖ ਗੁਣ ਹਨ। ਇਸ ਪ੍ਰਭਾਵ ਨੂੰ ਗ੍ਰਹਿਣ ਕਰਨ ਦਾ ਵੱਡਾ ਕਾਰਨ ਇਹ ਹੈ ਕਿ ਚਾਤ੍ਰਿਕ ਦੀ ਸਮਾਜਿਕ ਸਥਿਤੀ ਲਗਭਗ ਉਸੇ ਤਰ੍ਹਾਂ ਦੀ ਹੈ ਜਿਹੋ ਜਿਹੀ ਮੱਧ-ਕਾਲ ਦੇ ਪੰਜਾਬ ਵਿਚ ਕਿੱਸਾਕਾਰਾਂ ਤੇ ਸੂਫ਼ੀਆਂ ਦੀ ਹੁੰਦੀ ਸੀ। ਫਿਰਕੂ ਰਾਜਨੀਤੀ ਤੋਂ ਉਹ ਸਾਰੀ ਉਮਰ ਲਾਂਭੇ ਰਿਹਾ ਸੀ। ਚਾਤ੍ਰਿਕ ਦਾ ਛੰਦ-ਵਿਧਾਨ ਵੀ ਕਿੱਸਾ-ਕਾਵਿ, ਸੂਫ਼ੀ ਕਵਿਤਾ ਤੇ ਪੰਜਾਬੀ ਲੋਕ ਗੀਤਾਂ ਤੋਂ ਪ੍ਰਭਾਵਿਤ ਹੈ। ਉਸ ਨੇ ਬੈਂਤ, ਕੋਰੜਾ, ਕਬਿੱਤ, ਦੋਹੜਾ, ਦੋਹਰਾ, ਕਾਫ਼ੀ, ਸੱਦ ਅਤੇ ਦਵੱਯਾ ਛੰਦ ਰਿਵਾਇਤੀ ਪੰਜਾਬੀ ਕਵਿਤਾ ਦੇ ਅਸਰ ਹੇਠ ਹੀ ਅਪਣਾਏ ਹਨ। ਉਰਦੂ ਕਵਿਤਾ ਦੇ ਪ੍ਰਭਾਵ ਨਾਲ ਉਸ ਦੀ ਕਵਿਤਾ ਵਿਚ ਗ਼ਜ਼ਲ ਤੇ ਰੁਬਾਈ ਵਰਗੇ ਕਾਵਿ ਰੂਪ ਵੀ ਵੇਖਣ ਨੂੰ ਮਿਲਦੇ ਹਨ। ਚਾਤ੍ਰਿਕ ਮਾਝੇ ਦਾ ਜੰਮਪਾਲ ਸੀ ਤੇ ਪੰਜਾਬੀ ਬੋਲੀ ਨਾਲ ਉਸ ਨੂੰ ਵਿਸ਼ੇਸ਼ ਪਿਆਰ ਸੀ। ਉਸ ਦੀ ਸ਼ਬਦਾਵਲੀ ਦਾ ਪ੍ਰਧਾਨ ਰੰਗ ਮਾਝੀ ਪੰਜਾਬੀ ਦਾ ਹੈ ਪਰ ਉਸ ਨੇ ਰਵਾਇਤੀ ਤੇ ਬਿਰਤਾਂਤਕ ਸ਼ੈਲੀ ਦੀ ਪ੍ਰਥਾ ਅਨੁਸਾਰ 'ਸ਼ਬਦ' ਨੂੰ ਵਧੇਰੇ ਕਰਕੇ ਅਭਿਧਾ ਅਰਥ (dictionary meaning) ਵਿਚ ਹੀ ਵਰਤਿਆ ਹੈ ਉਸ ਦੀ ਕਵਿਤਾ ਵਿਚ ਸ਼ਬਦਾਂ ਦੀ ਲਖਾਇਕ ਜਾਂ ਪ੍ਰਤੀਕਾਤਮਕ ਵਰਤੋਂ ਬਹੁਤ ਘੱਟ ਮਿਲੇਗੀ।

**ਪ੍ਰੋ. ਪੂਰਨ ਸਿੰਘ**

ਇਸ ਦੌਰ ਦੇ ਚੌਥੇ ਪ੍ਰਸਿੱਧ ਕਵੀ ਹਨ—ਪ੍ਰੋ. ਪੂਰਨ ਸਿੰਘ। ''ਪੂਰਨ ਸਿੰਘ ਦੇ ਬਜ਼ੁਰਗ ਰਾਵਲਪਿੰਡੀ ਦੇ ਇਕ ਛੋਟੇ ਜਿਹੇ ਪਰ ਅਤਿ ਰਮਣੀਕ ਪਿੰਡ ਖ਼ਾਲਸੇ ਦੇ ਵਾਸੀ ਸਨ, ਜਿਥੇ ਦੀ ਸਾਰੀ ਵਸੋਂ ਕੇਵਲ ਸਿੰਘਾਂ ਦੀ ਹੀ ਸੀ। ਉਨ੍ਹਾਂ ਦੇ ਪਿਤਾ ਸਰਦਾਰ ਕਰਤਾਰ ਸਿੰਘ, ਨੌਕਰੀ ਦੇ ਸੰਬੰਧ ਵਿਚ ਐਬਟਾਬਾਦ ਦੇ ਲਾਗੇ ਇਕ ਪਿੰਡ ਸਲਹੱਡ ਵਿਚ ਲੱਗੇ ਹੋਏ ਸਨ, ਜਿਥੇ ਪੂਰਨ ਸਿੰਘ, ਦਾ 27 ਫਰਵਰੀ, 1881 ਈ. ਵਿਚ ਜਨਮ ਹੋਇਆ। ਉਨ੍ਹਾਂ ਆਪਣੀ ਮੁੱਢਲੀ ਵਿਦਿਆ ਗੁਰਦੁਆਰੇ ਤੇ ਮਸਜਿਦ ਵਿਚ ਆਰੰਭੀ ਤੇ ਫਿਰ 1895 ਵਿਚ ਹਰੀਪੁਰ ਦੇ ਐਮ.ਸੀ. ਸਕੂਲ ਤੋਂ ਮਿਡਲ ਪਾਸ ਕੀਤੀ। ਇਸ ਤੋਂ ਬਾਅਦ ਉਨ੍ਹਾਂ ਦੀ ਪੜ੍ਹਾਈ ਲਈ ਉਨ੍ਹਾਂ ਦੇ ਮਾਤਾ ਪਿਤਾ ਜੀ ਸਾਰਿਆਂ ਬੱਚਿਆ ਸਣੇ, ਰਾਵਲਪਿੰਡੀ ਆ ਟਿਕੇ, ਜਿਥੇ 1897 ਵਿਚ ਪੂਰਨ ਸਿੰਘ ਨੇ ਮੈਟਰਿਕ ਪਾਸ ਕੀਤੀ ਤੇ ਫਿਰ ਲਾਹੌਰ ਦੇ ਡੀ.ਏ.ਵੀ.ਕਾਲਜ ਤੋਂ ਐਫ.ਏ. ਪਾਸ ਕਰਕੇ ਉਥੇ ਹੀ ਬੀ.ਏ ਵਿਚ ਦਾਖ਼ਲ ਹੋ ਗਏ। ਛੇਤੀ ਹੀ ਆਪਣੀ ਬਰਾਦਰੀ ਵੱਲੋਂ ਵਜ਼ੀਫਾ ਮਿਲਣ ਤੇ ਆਪਣੇ ਭਾਈਚਾਰੇ ਦੇ ਇਕ ਹੋਰ ਨੌਜ਼ਵਾਨ ਨਾਲ ਜਾਪਾਨ ਚਲੇ ਗਏ।

**ਵਿਰੋਧਾਂ ਤੇ ਸੁਮੇਲ ਵਾਲੀ ਸ਼ਖ਼ਸੀਅਤ**

ਉਪਰਲੇ ਕਥਨ ਤੋਂ ਸਾਫ਼ ਪਤਾ ਲੱਗਦਾ ਹੈ ਕਿ ਛੋਟੀ ਜਿਹੀ ਆਯੂ ਵਿਚ ਹੀ ਅਪਲਾਈਡ ਕੈਮਿਸਟਰੀ ਦੀ ਪੜ੍ਹਾਈ ਲਈ ਜਾਪਾਨ ਜਾਣ ਵਾਲੇ ਪੂਰਨ ਸਿੰਘ ਇਕ ਤੀਖਣ-ਬੁੱਧੀ ਵਿਅਕਤੀ, ਸਾਇੰਸ ਦੇ ਵਿਦਿਆਰਥੀ, ਸਿੱਖ ਘਰਾਣੇ ਦੇ ਜੰਮਪਾਲ ਤੇ ਜਾਪਾਨ ਵਰਗੇ ਸਨਅਤੀ ਸਮਾਜ ਦੇ ਅਨੁਭਵੀ ਪੁਰਸ਼ ਸਨ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਅਨੇਕਾਂ ਵਿਰੋਧਾਂ ਦਾ ਸੁਮੇਲ ਹੈ। ਸਿੱਖੀ ਤੇ ਸੰਨਿਆਸ, ਭਾਈ ਵੀਰ ਸਿੰਘ ਤੇ ਸੁਆਮੀ ਰਾਮ ਤੀਰਥ, ਵਿਗਿਆਨ ਤੇ ਧਰਮ, ਬੁੱਧੀ ਤੇ ਭਾਵੁਕਤਾ, ਪੰਜਾਬ ਤੇ ਜਾਪਾਨ, ਵਹਿਸ਼ੀ ਚਾਅ ਤੇ ਬੁੱਧ-ਦਰਸ਼ਨ ਆਦਿ ਵਿਰੋਧ ਇਕੋ ਸਮੇਂ ਉਨ੍ਹਾਂ ਦੇ ਵਿਅਕਤਿਤਵ ਵਿਚ ਉਜਾਗਰ ਹੋਏ ਹਨ। ਉਹ 'ਪੂਰਬੀ ਕਵਿਤਾ ਦੀ ਆਤਮਾ' ( The Spirits of Oriental Poetry) ਨਾਲ ਇਕ ਸੁਰ ਹਨ ਤੇ ਦੂਜੇ ਪਾਸੇ ਇੰਗਲੈਂਡ ਦੇ ਸ਼ੈਲੀ ਅਤੇ ਅਮਰੀਕਾ ਦੇ ਵਾਲਟ ਵਿਟਮੈਨ ਨਾਲ ਉਨ੍ਹਾਂ ਦੀ ਸਾਂਝ ਹੈ। ਉਹ ਆਪਣੇ ਆਧਾਰ ਵਿਅਕਤਿਤਵ ਨੂੰ ਕਿਸੇ ਚਰਿੱਤਰ ਦੇ ਕਿਨਾਰਿਆਂ ਵਿਚ ਸੀਮਤ ਤੋਂ ਆਕੀ ਹਨ::

'ਨੇਮਾਂ ਵਾਲੀ ਗੱਲ ਨਾ ਕਰਨੀ ਕਾਈ,
ਧਰਮ ਕਰਮਾਂ ਥੀ ਨੱਸਣਾ,
ਅਨੇਮੀ ਰਹਿਣਾ, ਸੋਚ ਸਾਰੀ ਡੋਬਣਾ,
ਹੱਸਣਾ ਤੇ ਰੋਣਾ, ਚੀਖਨਾ,
ਤੇ ਦਰਿਆਵਾਂ ਦੇ ਕਿਨਾਰੇ ਦੌੜਦੇ ਫਿਰਨਾ,
ਪਾਗਲ ਜਿਹਾ, ਵਹਿਸ਼ੀ ਇਹ ਚਾ ਮੇਰਾ,
ਆਖੇ ਨਹੀਂ ਲਗਦਾ ਨੇਮ ਵਿਚ ਨਾ ਬੱਝਦਾ ।''

**ਮੌਲਿਕ ਪ੍ਰਤਿਭਾ**

ਅਜਿਹੀ ਮੌਲਿਕ ਪ੍ਰਤਿਭਾ ਦੇ ਮਾਲਕ ਪ੍ਰੋ. ਪੂਰਨ ਸਿੰਘ ਨੇ ਆਪਣੇ ਦੇਹਾਂਤ (1931)ਤੱਕ ਪੰਜਾਬੀ ਨੂੰ 'ਖੁਲ੍ਹੇ ਘੁੰਡ' 'ਖੁਲ੍ਹੇ ਮੈਦਾਨ', ਖੁਲ੍ਹੇ ਅਸਮਾਨੀ ਰੰਗ' ਨਾਂ ਦੇ ਤਿੰਨ ਕਾਵਿ- ਸੰਗ੍ਰਹਿ ਦਿੱਤੇ ਹਨ।

**ਖੁੱਲ੍ਹ ਦੇ ਕਵੀ: ਰੁਮਾਂਟਿਕ ਕਵਿਤਾ ਦੇ ਮੋਢੀ**

ਪ੍ਰੋ . ਪੂਰਨ ਸਿੰਘ ਦੀਆਂ ਕਾਵਿ ਰਚਨਾਵਾਂ ਦੇ ਨਾਂ ਇਸ ਗੱਲ ਦੇ ਸੂਚਕ ਹਨ ਕਿ ਉਹ ਖੁੱਲ੍ਹ ਦੇ ਕਵੀ ਸਨ। 'ਖੁੱਲ੍ਹ' ਨੂੰ ਕਿਸੇ ਵਾਦ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਕਿਧਰੇ-ਕਿਧਰੇ ਇਹ ਸੁਤੰਤਰਤਾ ਰਹੱਸਮਈ ਜਾਪਦੀ ਹੈ। ਤੇ ਪੂਰਨ ਸਿੰਘ ਨੂੰ ਭਾਈ ਵੀਰ ਸਿੰਘ ਨਾਲ ਸੰਬੰਧਤ ਕਰਕੇ ਇਕ ਭਾਂਤ ਦਾ ਰਹੱਸਵਾਦੀ ਕਵੀ ਕਹਿ ਦਿੱਤਾ ਜਾਂਦਾ ਹੈ ਪਰ ਸਾਡੇ ਜਾਚੇ ਉਹ ਆਧੁਨਿਕ ਕਾਲ ਦੀ ਰੋਮਾਂਟਿਕ ਪੰਜਾਬੀ ਕਵਿਤਾ ਦਾ ਮੋਢੀ ਹੈ। ਜੀਵਨ ਪ੍ਰਤੀ ਉਸ ਦਾ ਰਵੱਈਆ ਬੁਨੀਆਦੀ ਤੌਰ 'ਤੇ ਰੋਮਾਂਟਿਕ ਹੈ। ਸਿੱਖ ਗੁਰੂਆਂ ਤੇ ਸਿੱਖ ਧਰਮ ਨਾਲ ਉਸ ਦਾ ਪਿਆਰ ਇਸ ਕਰਕੇ ਹੈ ਕਿ ਇਸ ਧਰਮ ਵਿਚ ਹਰ ਪ੍ਰਕਾਰ ਦੇ ਬੰਧਨਾਂ ਤੋਂ ਆਜ਼ਾਦ ਹੋਣ ਦੀ ਪ੍ਰੇਰਨਾ ਹੈ। ਇਹ ਧਰਮ ਨਿਰੋਲ 'ਪਿਆਰ' ਹੈ। ਪੂਰਨ ਸਿੰਘ ਦਾ ਦੇਸ਼-ਪਿਆਰ ਤੇ ਪਿਆਰ-ਸੰਕਲਪ ਵੀ ਰੁਮਾਂਟਿਕ ਹੈ। ਉਦਾਹਰਣਾਂ ਇਸ ਪ੍ਰਕਾਰ ਹਨ::

(1) ਇਸ ਬਾਬੇ ਦੇ ਸ਼ਬਦ ਨੇ
ਪੱਥਰਾਂ ਨੂੰ ਪਿਘਾਲਿਆ
ਮਰਦਾਨੇ ਦੀ ਰਬਾਬ ਵੱਜੀ
ਪਰਬਤਾਂ ਸਲਾਮ ਕੀਤਾ
ਬੂਟਾ ਬੂਟਾ ਵਜਦ ਵਿਚ ਨੱਚਿਆ
ਪੰਜਾਬ ਦੀ ਮਿੱਟੀ ਦਾ ਜ਼ੱਰਾ ਜ਼ੱਰਾ ਕੰਬਿਆ ਪਿਆਰ ਵਿਚ

**(2) ਮੈਨੂੰ ਪੰਜਾਬ ਜਿਹਾ ਮੁਲਖ ਕੋਈ ਹੋਰ ਨਾ ਦਿੱਸਦਾ
ਵੱਸਦਾ ਤੇ ਹੱਸਦਾ, ਖੇਡਦਾ ਮਜ਼ੂਰੀ ਕਰਦਾ ਪਿਆਰ ਦੀ**

**(3) ਆਜ਼ਾਦੀ ਪਈ ਠਾਠਾਂ ਮਾਰਦੀ ਮੇਰੇ ਪੰਜਾਬ ਵਿਚ
ਪਿਆਰ ਦਾ ਨਾਮ ਇਨ੍ਹਾਂ ਸਿੱਖਿਆ**

---

1. *ਪ੍ਰੋ. ਪੂਰਨ ਸਿੰਘ (ਜੀਵਨ ਤੇ ਕਲਾ),* **ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅਮਰ ਸਿੰਘ ਮਲਿਕ ਦਾ ਲੇਖ, ਪੰਨਾ 30**

ਦਿਲ ਜਾਨ ਵਾਰਨ ਪਿਆਰ ਤੇ
ਸੱਚੇ ਪੰਜਾਬ ਦੇ ਵਾਸੀ ਦਾ ਇਹ ਇਮਾਨ ਹੈ।

ਤੀਜੇ ਕਥਨ ਵਿਚ 'ਧਰਮ' (ਇਮਾਨ), 'ਪਿਆਰ' ਤੇ 'ਅਜ਼ਾਦੀ' ਨੂੰ ਸਮਾਨ-ਅਰਥਾਂ ਵਿਚ ਵਰਤਿਆ ਗਿਆ ਹੈ। ਪੂਰਨ ਸਿੰਘ ਲਈ ਪਿਆਰ ਦੀ ਕੋਈ ਪਾਬੰਦੀ, ਕੋਈ ਬੰਧਨ ਜਾਂ ਕੋਈ ਨੇਮ ਨਹੀਂ। ਇਹੋ ਇਸ ਸੰਕਲਪ ਦਾ ਰੁਮਾਂਟਿਕ ਤੱਤ ਹੈ।

**ਯੁੱਗ ਚਿੱਤਰ**

ਇਸ ਰੁਮਾਂਟਿਕ ਬਿਰਤੀ ਦੇ ਕਾਰਨ ਪੂਰਨ ਸਿੰਘ ਦੇ ਯੁੱਗ ਚਿੱਤਰ ਉਸ ਦੀ ਕਵਿਤਾ ਵਿਚੋਂ ਲੱਭੇ ਜਾ ਸਕਦੇ ਹਨ। ਉਸ ਦਾ ਆਪਣੇ ਯੁੱਗ ਦੇ ਸਾਕਾਰ ਹੋ ਰਹੇ ਯਥਾਰਥ ਦਾ ਅਨੁਭਵ ਇਹ ਹੈ:

'ਅੰਗਰੇਜ਼ ਤੱਕੇ, ਅਮਰੀਕਨ ਤੇ ਜਾਪਾਨੀ ਤੱਕੇ,
ਸਭ ਖੁਸ਼ੀ ਖੁਸ਼ੀ ਵਸਦੇ
ਪਰ ਓਥੇ ਕੋਈ ਨਾ ਬਿਰਦ ਦਿਲ ਵਾਲਾ
ਵਿਰਲਾ ਜ਼ਰੂਰ ਕੋਈ ਹੋਵੇ, ਆਮ ਕਿਥਾਈ ਨਾਂਹ।
ਘਰ ਘਰ ਕੋਈ ਡੂੰਘੀ ਜਿਹੀ ਖਾਈ ਸੀ।
ਇਹ ਖਾਈ, ਮਾਂ ਪੁਤ ਵਿਚ ਤਕੀ, ਓਥੇ,
ਜਨਾਨੀ-ਮਰਦ ਵਿਚ ਸੀ।
ਕੋਈ ਤ੍ਰੱਪ ਨਾਂਹ ਸਕਦਾ ਉਹ ਖਾਈ ਅਣਦਿਸਦੀ
ਕੁਝ ਤਿਆਗ ਤਿਆਗ ਸੀ ਦੂਏ ਦਾ,
ਸਭ ਕੁਛ, ਕੁਝ ਆਪਣਾ ਆਪ ਗਰਜ਼ੀ ਸੀ:
ਨਿੱਕੀ ਮੈਂ ਪੁਆੜਾ ਪਿਆ ਘਰ ਘਰ,
ਮੇਰਾ ਜੀ ਕੁਛ ਘਬਰਾ ਗਿਆ,
ਇਹ ਕਿਹੇ ਲੋਕੀ? ਥਾਂ ਸਭ ਥੀਂ ਵੱਧ ਸੰਭਾਲਦੇ।''

ਇਨ੍ਹਾਂ ਸਤਰਾਂ ਵਿਚ ਪੈਸੇ ਦੀ ਸਰਦਾਰੀ, ਨਿੱਜੀ ਜਾਇਦਾਦ ਪ੍ਰਧਾਨ, ਪੂੰਜੀਵਾਦੀ ਯੁੱਗ ਦੀ ਸਭਿਅਤਾ ਦਾ ਚਿੱਤਰ ਹੈ। ਇਹ ਸਭਿਅਤਾ ਉਦੋਂ ਬਰਤਾਨੀਆਂ, ਅਮਰੀਕਾ ਤੇ ਜਪਾਨ ਵਿਚ ਆਪਣੀ ਚੜ੍ਹਦੀ ਕਲਾ ਵਿਚ ਸੀ ਤੇ ਭਾਰਤ ਵਿਚ ਵੀ ਇਸ ਦਾ ਉਭਾਰ ਪ੍ਰਤੱਖ ਹੋ ਰਿਹਾ ਸੀ। ਦਿਨੋ-ਦਿਨ ਸਮਾਜ ਇਕ ਵਿਸ਼ਾਲ ਮੰਡੀ ਦਾ ਰੂਪ ਧਾਰ ਰਿਹਾ ਸੀ ਤੇ ਮਨੁੱਖੀ ਰਿਸ਼ਤਿਆਂ ਵਿਚੋਂ ਨਿੱਘ ਘਟ ਕੇ ਪੈਸੇ ਦੀ ਲੈਣ-ਦੇਣ ਬਣਦਾ ਜਾ ਰਿਹਾ ਸੀ। ਹਰ ਕਿਸੇ ਵਿਚ ਹਉਮੈ ਅਰਥਾਤ ਨਿੱਜ ਦਾ ਮੋਹ ਵਧਦਾ ਜਾ ਰਿਹਾ ਸੀ ਤੇ ਬੰਦਾ ਬੰਦੇ ਨਾਲੋਂ ਟੁੱਟ ਰਿਹਾ ਸੀ। ਪੈਸੇ ਦਾ ਤਿਆਗ ਕਰਨ ਦੀ ਥਾਂ ਹਰ ਕੋਈ ਇਕ ਦੂਜੇ ਦਾ ਤਿਆਗ ਕਰਨ ਲੱਗ ਪਿਆ ਸੀ। ਇਸ ਪਿਆਰ ਵਿਹੂਣੀ ਸਭਿਅਤਾ ਨੂੰ ਦੇਖ ਕੇ ਪੂਰਨ ਸਿੰਘ ਦਾ ਮਨ ਘਬਰਾਉਂਦਾ ਸੀ। ਨਵੇਂ ਪੰਜਾਬ ਦਾ ਸ਼ਹਿਰੀ ਜੀਵਨ ਵੀ ਉਸ ਨੂੰ ਇਸ ਪੂੰਜੀ-ਪ੍ਰਧਾਨ ਸਭਿਅਤਾ ਵੱਲ ਜਾਂਦਾ ਨਜ਼ਰ ਆ ਰਿਹਾ ਸੀ। ਸੁਹਿਰਦ ਪੂਰਨ ਸਿੰਘ ਦੇ ਇਸ ਸਭਿਅਤਾ ਵੱਲ ਤਿੰਨ ਤਰ੍ਹਾਂ ਦੇ ਪ੍ਰਤੀਕਰਮ ਹਨ :

1. **ਸਮਝੌਤਾਵਾਦੀ ਪ੍ਰਤੀਕਰਮ:** ਇਸ ਸਭਿਅਤਾ ਨਾਲ ਸਮਝੌਤਾ ਕਰਕੇ ਤੇ ਪੈਸੇ ਦੀ ਸਰਦਾਰੀ ਨੂੰ ਸਵੀਕਾਰ ਕਰਕੇ, ਅਜੋਕੇ ਬਹੁਤ ਸਾਰੇ ਮੱਧ-ਵਰਗੀ ਸਾਹਿਤਕਾਰਾਂ ਵਾਂਗ ਉਹ ਵੀ ਇਸ ਨੂੰ ਕਬੂਲ ਲੈਂਦਾ ਤੇ ਸਬਰ ਦਾ ਘੁੱਟ ਭਰਦਾ।
2. **ਯਥਾਰਥਵਾਦੀ ਪ੍ਰਤੀਕਰਮ:** ਉਹ ਇਸ ਸਭਿਅਤਾ ਦੇ ਪਛਾਣੇ ਜਾ ਚੁੱਕੇ ਰੋਗ (ਹਉਮੈ, ਵਿਅਕਤੀਵਾਦ) ਨੂੰ ਦੂਰ ਕਰਨ ਲਈ ਇਸ ਰੋਗ ਦੀ ਜੜ੍ਹ (ਪੂੰਜੀ : ਨਿੱਜੀ ਜਾਇਦਾਦ) ਦਾ ਵਧੇਰੀ ਡੂੰਘਾਈ ਵਿਚ ਵਿਸ਼ਲੇਸ਼ਣ ਚਿਤਰਨ ਕਰਕੇ ਤੇ ਇਸ ਜੜ੍ਹ ਨੂੰ ਕੱਟ ਕੇ ਅਗਲੇਰੇ ਅਰੋਗ ਸਮਾਜ ਦੀ ਸਿਰਜਣਾ ਦੀ ਪ੍ਰੇਰਣਾ ਦੇਂਦਾ।
3. **ਰੁਮਾਂਸਵਾਦੀ ਪ੍ਰਤੀਕਰਮ:** ਇਹ ਹਉਂ ਪ੍ਰਧਾਨ, ਦਰਦ ਵਿਹੂਣੀ, ਮਾਇਆ ਤੋਂ, ਸਾਰੀ ਸਭਿਅਤਾ ਤੋਂ ਭੱਜ ਕੇ ਪੁਰਾਣੇ, ਪੇਂਡੂ ਪੰਜਾਬ, ਆਦਿਮ ਸਮਾਜ ਜਾਂ ਕੇਵਲ ਜੰਗਲ ਵਿਚ ਰਹਿਣ ਦੀ ਪ੍ਰੇਰਨਾ ਦੇਂਦਾ।

ਪ੍ਰੋ. ਪੂਰਨ ਸਿੰਘ ਦਾ ਪ੍ਰਤੀਕਰਮ ਰੁਮਾਂਸਵਾਦੀ ਹੈ। ਉਹ ਸਮਝੌਤਾਵਾਦੀ ਵੀ ਨਹੀਂ, ਆਪਣੇ ਤੋਂ ਪਹਿਲੇ ਤਿੰਨ ਕਵੀਆਂ ਵਾਂਗ ਸੁਧਾਰਵਾਦੀ ਵੀ ਨਹੀਂ, ਵਿਦਰੋਹੀ ਹੈ ਪਰ ਉਨ੍ਹਾਂ ਦਾ ਵਿਦਰੋਹ ਪਾਠਕ ਨੂੰ ਆਪਣੇ ਅਤੀਤ ਵੱਲ ਮੁੜਨ ਦੀ ਸਿਫ਼ਾਰਸ਼ ਕਰਦਾ ਹੈ ਜਦ ਕਿ ਅਤੀਤ ਤੋਂ ਸਿੱਖਿਆ ਤਾਂ ਲਈ ਜਾ ਸਕਦੀ ਹੈ, ਪਰ ਮੁੜ ਆਦਿਮ-ਸਭਿਅਤਾ ਜਾਂ ਬਰਾਬਰੀ ਯੁੱਗ ਦੀ ਉਸਾਰੀ ਅਸੰਭਵ ਹੈ।

ਪੂਰਨ ਸਿੰਘ ਦਾ ਵਿਦਰੋਹ-ਵਾਲਟ ਵਿਟਮੈਨ, ਸ਼ੈਲੇ, ਕੀਟਸ, ਬਾਇਰਨ ਤੇ ਵਰਡਜ਼ਵਰਥ ਵਰਗਾ ਹੈ। ਇਹ ਕਰਾਂਤੀ ਤਾਂ ਹੈ ਪਰ ਯਥਾਰਥ ਵੱਲ ਆਣ ਦੀ ਥਾਂ ਯਥਾਰਥ ਦੇ ਪਰਛਾਵੇਂ ਵੱਲ ਜਾਣ ਦੀ ਕਰਾਂਤੀ ਹੈ। ਅਜਿਹੇ ਰੁਮਾਂਸਕਾਂ ਨੂੰ ਕ੍ਰਿਸਟੋਫਰ ਕਾਡਵੈਲ 'ਦਰਪਨੀ ਕਰਾਂਤੀਕਾਰ' ਕਹਿੰਦਾ ਹੈ। ਉਹ ਅੰਗਰੇਜ਼ੀ ਰੁਮਾਂਸਕਾਂ ਬਾਰੇ ਆਪਣੀ ਪੁਸਤਕ 'ਇਲੀਯੂਨ ਐਂਡ ਰਿਐਲਟੀ' (Illusion and reality) ਵਿਚ ਲਿਖਦਾ ਹੈ।

''ਉਹ (ਰੁਮਾਂਟਿਕ ਕਵੀ), ਦਰਪਨੀ, ਕਰਾਂਤੀਕਾਰ ਹਨ। ਉਹ ਅਸਲੀ ਵਸਤੂ ਤੋਂ ਦੂਰ ਜਾਂਦੇ ਹਨ ਕਿਉਂਕਿ ਉਸਦੇ ਸ਼ੀਸ਼ੇ ਵਿਚ ਪੈਂਦੇ ਅਕਸ ਨੂੰ ਫੜਨ ਦੀ ਕੋਸ਼ਿਸ ਕਰਦੇ ਹਨ।''[1]

ਆਪਣੀ ਰੁਮਾਂਟਿਕ ਬਿਰਤੀ ਕਾਰਨ ਹੀ ਪੂਰਨ ਸਿੰਘ ਦਾ ਅਨੁਭਵ, ਉਨ੍ਹਾਂ ਦੀ ਸ਼ੈਲੀ ਤੇ ਸ਼ਬਦਾਵਲੀ ਭਾਈ ਵੀਰ ਸਿੰਘ, ਲਾਲਾ ਕਿਰਪਾ ਸਾਗਰ ਤੇ ਚਾਤ੍ਰਿਕ ਨਾਲੋਂ ਅੱਡਰੀ ਹੈ। ਪੂਰਨ ਸਿੰਘ ਕਾਵਿ, ਆਪਣੇ ਆਪ ਵਿਚ ਲੀਨ, ਆਧੁਨਿਕ ਪੰਜਾਬੀ ਕਾਵਿ ਦੀ ਇਕ ਵਿਲੱਖਣ (Unique) ਪਰੰਪਰਾ ਹੈ ਜਿਸ ਨੂੰ ਅੱਗੇ ਤੋਰਨ ਵਾਲਾ ਕਵੀ ਅਜੇ ਪੰਜਾਬੀ ਵਿਚ ਪੈਦਾ ਨਹੀਂ ਹੋਇਆ। ਪੂਰਨ ਸਿਘ ਕਾਵਿ ਵਿਚ ਰੁਮਾਂਸ ਤੋਂ ਯਥਾਰਥ, ਅਕਸ ਤੋਂ ਵਸਤੂ ਵੱਲ ਮੁੜਨ ਦੀਆਂ ਸੰਭਾਵਨਾਵਾਂ ਮੌਜੂਦ ਹਨ, ਪਰ ਇਨ੍ਹਾਂ ਸੰਭਾਵਨਾਵਾਂ ਨੂੰ ਕੋਈ ਪੂਰਨ ਕਵੀ ਹੀ ਉਜਾਗਰ ਕਰ ਸਕਦਾ ਹੈ।

(3)

ਸੰਨ 1935 ਈ. ਦਾ ਵਰ੍ਹਾ ਪੰਜਾਬੀ ਸਾਹਿਤ ਵਿਚ ਇਕ ਵਿਸ਼ੇਸ਼ ਪਰਿਵਰਤਨ ਦਾ ਵਰ੍ਹਾ ਹੈ। ਇਸ ਵਰ੍ਹੇ ਤੋਂ ਪੰਜਾਬੀ ਕਵਿਤਾ ਦਾ ਇਕ ਨਵਾਂ ਦੌਰ ਆਰੰਭ ਹੁੰਦਾ ਹੈ ਜੋ 1947 ਈ. ਤੱਕ ਕਵੀਆਂ ਦਾ ਧਿਆਨ ਆਪਣੇ ਵੱਲ ਖਿੱਚੀ ਰੱਖਦਾ ਹੈ। ਇਨ੍ਹਾਂ ਵਰ੍ਹਿਆਂ ਵਿਚ ਪੰਜਾਬੀ ਕਵਿਤਾ ਦਾ ਮੁਹਾਂਦਰਾ ਲਿਸ਼ਕਦਾ ਹੈ ਤੇ ਪੰਜਾਬੀ ਕਵਿਤਾ ਨੂੰ ਇਕ ਨਵੀਂ ਸੇਧ ਮਿਲਦੀ ਹੈ।

ਸੂਫ਼ੀ-ਕਾਵਿ, ਕਿੱਸਾ ਕਾਵਿ, ਭਗਤੀ ਕਾਵਿ ਅਤੇ ਬੀਰ-ਕਾਵਿ ਦੀਆਂ ਪਰੰਪਰਾਵਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਉਨ੍ਹੀਵੀਂ ਸਦੀ ਦੇ ਅੰਤ ਤੱਕ ਆਪਣੀ ਜਵਾਨੀ ਹੰਢਾ ਚੁੱਕੀਆਂ ਸਨ ਪਰ ਇਨ੍ਹਾਂ ਪਰੰਪਰਾਵਾ ਦਾ ਕੋਈ ਨਾ ਕੋਈ ਰੂਪ ਵੀਹਵੀਂ ਸਦੀ ਦੀ ਸਟੇਜੀ ਕਵਿਤਾ ਜਾਂ ਬਿਰਤਾਂਤਕ ਕਵਿਤਾ ਵਿਚ ਮੁੜ-ਮੁੜ ਉਜਾਗਰ ਹੁੰਦਾ ਰਿਹਾ ਹੈ ਅਤੇ ਇਸ ਕਾਵਿਕ ਵਿਰਸੇ ਦਾ ਅਸਰ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਦੇ ਛੰਦ-ਵਿਧਾਨ, ਬਿੰਬ-ਵਿਧਾਨ, ਵਿਚਾਰਧਾਰਾ ਤੇ ਭਾਵ ਉਜਾਗਰ ਉੱਤੇ ਪਰਤੱਖ ਹੈ। 1935 ਈ. ਤੋਂ ਪਹਿਲਾਂ ਭਾਵੇਂ ਰਾਜਨੀਤਿਕ ਅੰਦੋਲਨਾਂ ਤੋਂ ਪ੍ਰਭਾਵਿਤ ਹੋ ਕੇ ਲਾਲਾ ਬਾਂਕੇ ਦਿਆਲ, ਮੁਨਸ਼ਾ ਸਿੰਘ ਦੁਖੀ, ਹਰਨਾਮ ਸਿੰਘ ਟੁੰਡੀਲਾਟ, ਹੀਰਾ ਸਿੰਘ ਦਰਦ ਆਦਿ ਨੇ ਇਕ ਨਵੀਂ ਰਾਜਨੀਤਕ ਚੇਤੰਨਤਾ ਨੂੰ ਜਾਗਰਿਤ ਕਰਨ ਵਾਲੀ ਕਵਿਤਾ ਲਿਖਣੀ ਆਰੰਭ ਕਰ ਦਿੱਤੀ ਸੀ। ਪਰ ਪੰਜਾਬੀ ਕਵਿਤਾ ਦੀ ਸਮੁੱਚੀ ਗਤੀ-ਵਿਧੀ ਦਾ ਨਿਰਣਾ ਕਰਨ ਵੇਲੇ ਇਹ ਕਵੀ ਕਿਸੇ ਗਿਣਤੀ ਵਿਚ ਨਹੀਂ ਆਉਂਦੇ। ਕਵਿਤਾ ਦੇ ਖੇਤਰ ਵਿਚ ਉਸ ਸਮੇਂ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਡਾ. ਮੋਹਣ ਸਿੰਘ ਦੀਵਾਨਾ, ਲਾਲਾ ਕਿਰਪਾ ਸਾਗਰ ਆਦਿਕ ਦੇ ਨਾਂ ਹੀ ਪ੍ਰਮੁੱਖ ਰਹੇ ਹਨ। 1935 ਈ. ਤੱਕ ਇਨ੍ਹਾਂ ਕਵੀਆਂ ਨੇ ਨਵੇਂ ਰਹੱਸਵਾਦੀ, ਰੁਮਾਂਸਵਾਦੀ ਤੇ ਰਾਸ਼ਟਰਵਾਦੀ ਝੁਕਾਵਾਂ ਅਧੀਨ ਪੰਜਾਬੀ ਕਵਿਤਾ ਨੂੰ ਨਵੇਂ ਵਿਸ਼ਿਆਂ, ਨਵੇਂ ਅਨੁਭਵ ਤੇ ਨਵੇਂ ਰੂਪ ਰਾਹੀਂ ਪਰੀਚਿਤ ਕਰਵਾਇਆ। ਪਰ 1935 ਦਾ ਸਾਲ ਪੰਜਾਬੀ ਸਾਹਿਤ ਹੀ ਨਹੀਂ ਸਗੋਂ ਸਮੁੱਚੇ ਭਾਰਤੀ ਸਾਹਿਤ ਦੇ ਇਤਿਹਾਸ ਵਿਚ ਇਕ ਨਵਾਂ ਮੋੜ ਹੈ। ਬਹੁਤ ਸਾਰੇ ਕਾਰਨਾਂ ਕਰਕੇ ਪੰਜਾਬੀ ਸਾਹਿਤ ਦਾ ਆਧੁਨਿਕ ਰੂਪ ਇਸ ਵਰ੍ਹੇ ਦੇ ਨੇੜੇ ਤੇੜੇ ਹੀ ਪਛਾਣਨ ਯੋਗ ਹੋ ਸਕਿਆ।

ਅੰਗਰੇਜ਼ਾਂ ਦੇ ਪੰਜਾਬ ਪਰਵੇਸ਼ ਨੂੰ ਹੀ ਆਧੁਨਿਕ ਕਾਲ ਦਾ ਆਰੰਭ ਮੰਨ ਲਿਆ ਜਾਂਦਾ ਹੈ ਪਰ ਆਧੁਨਿਕਤਾ ਦੇ ਲੱਛਣ ਉਦੋਂ ਹੀ ਉਘੜੇ ਹਨ ਜਦੋਂ ਸਾਰੇ ਸਾਹਿਤਕਾਰਾਂ ਨੇ ਪੁਰਾਣੇ ਅਧਿਆਤਮਵਾਦੀ ਆਦਰਸ਼ਵਾਦ ਅਰਥਾਤ ਧਾਰਮਿਕ

---

They are 'mirror revolutionaries', they attempt to reach an object in a mirror only to move further away from the real object.

Caudwell, *Illusion and Reality,* PPH New Delhi, 1966, p. 86

ਵਿਸ਼ਵ-ਦਰਸ਼ਨ ਨੂੰ ਤਿਆਗ ਕੇ ਵਿਗਿਆਨਕ ਭੌਤਿਕਵਾਦ ਜਾਂ ਆਧੁਨਿਕ ਵਿਸ਼ਵ ਦਰਸ਼ਨ ਨੂੰ ਅਪਨਾਉਣਾ ਸ਼ੁਰੂ ਕੀਤਾ ਹੈ।

1935 ਈ. ਤੱਕ ਜਪਾਨ, ਇੰਗਲੈਂਡ, ਅਮਰੀਕਾ, ਫਰਾਂਸ ਇਟਲੀ ਤੇ ਜਰਮਨੀ ਵਿਚ ਸਰਮਾਏਦਾਰੀ ਨਿਜ਼ਾਮ ਆਪਣੀ ਸਿਖ਼ਰ ਨੂੰ ਪਹੁੰਚ ਕੇ ਆਪਣੇ ਪਤਨ ਵੱਲ ਜਾ ਰਿਹਾ ਸੀ। 1917 ਈ. ਵਿਚ ਦੁਨੀਆਂ ਦੀ ਧਰਤੀ ਦੇ ਛੇਵੇਂ ਹਿੱਸੇ ਅਰਥਾਤ ਰੂਸ ਵਿਚ ਸਮਾਜਵਾਦੀ ਨਿਜ਼ਾਮ ਕਾਇਮ ਹੋ ਚੁੱਕਾ ਸੀ ਅਤੇ ਚੀਨੀ ਇਨਕਲਾਬ ਆਪਣੇ ਸੰਘਰਸ਼ਮਈ ਪੜਾਅ ਵਿਚੋਂ ਲੰਘ ਰਿਹਾ ਸੀ। ਭਾਰਤੀ ਰਾਜਨੀਤਕ, ਸਾਹਿਤਕਾਰਾਂ ਤੇ ਫ਼ੌਜੀ ਸਿਪਾਹੀਆਂ ਨੂੰ ਵੀਹਵੀਂ ਸਦੀ ਦੇ ਆਰੰਭਕ ਤਿੰਨ ਦਹਾਕਿਆਂ ਵਿਚ ਭਾਰਤ ਤੋਂ ਬਾਹਰ ਜਾਣ ਦਾ ਅਤੇ ਉਥੋਂ ਦੇ ਲੋਕਾਂ ਤੇ ਰਾਜਨੀਤਕਾਂ ਨੂੰ ਮਿਲਣ ਦਾ ਅਤੇ ਵਿਗਿਆਨ ਦੀ ਉੱਨਤੀ ਨੂੰ ਆਪਣੇ ਅੱਖੀਂ ਵੇਖਣ ਦਾ ਅਵਸਰ ਪ੍ਰਾਪਤ ਹੋ ਚੁੱਕਿਆ ਸੀ। ਪਹਿਲੇ ਸੰਸਾਰ ਯੁੱਧ ਦੇ ਸਿਪਾਹੀਆਂ ਤੋਂ ਇਲਾਵਾ ਮਹਾਤਮਾ ਗਾਂਧੀ, ਰਤਨ ਸਿੰਘ, ਐਮ. ਐਨ. ਰਾਇ, ਸੰਤੋਖ ਸਿੰਘ, ਲਾਲਾ ਹਰਦਿਆਲ, ਪੰਡਤ ਜਵਾਹਰ ਲਾਲ ਨਹਿਰੂ ਪ੍ਰੋ. ਪੂਰਨ ਸਿੰਘ, ਮੁਲਕ ਰਾਜ ਆਨੰਦ ਅਤੇ ਸਜਾਦ ਜ਼ਹੀਰ ਵਰਗੀਆਂ ਉੱਘੀਆਂ ਹਸਤੀਆਂ ਜਾਪਾਨ, ਇੰਗਲੈਂਡ, ਅਮਰੀਕਾ, ਰੂਸ ਅਤੇ ਫ਼ਰਾਂਸ ਘੁੰਮ ਆਈਆਂ ਸਨ। 1935 ਈ. ਵਿਚ ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਦੁਨੀਆਂ ਭਰ ਦੇ ਪ੍ਰਗਤੀਵਾਦੀ ਲੇਖਕਾਂ ਦੀ ਕਾਨਫ਼ਰੰਸ ਵਿਚ ਨਵੇਂ ਵਿਗਿਆਨਕ ਦ੍ਰਿਸ਼ਟੀਕੋਣ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਤੇ ਸਾਹਿਤਕਾਰ ਦੀ ਰਾਜਨੀਤਿਕ ਮਹੱਤਤਾ ਨੂੰ ਜਤਲਾਉਣ ਲਈ ਸਕੀਮਾਂ ਸੋਚੀਆਂ ਜਾ ਚੁੱਕੀਆਂ ਸਨ। ਜਰਮਨੀ ਤੋਂ ਇਟਲੀ ਵਿਚ ਸੰਸਾਰ-ਯੁੱਧ ਲਈ ਨਾਜ਼ੀ ਅਤੇ ਫਾਸਿਸਟ ਸ਼ਕਤੀਆਂ ਤਿਆਰ-ਬਰ-ਤਿਆਰ ਹੋ ਰਹੀਆਂ ਸਨ। ਅਜਿਹੇ ਅੰਤਰ-ਰਾਸ਼ਟਰੀ ਵਾਤਾਵਰਨ ਵਿਚ ਪੰਜਾਬੀ ਸਾਹਿਤਕਾਰਾਂ ਨੇ ਵੀ ਪੁਰਾਣੀਆਂ ਪਰੰਪਰਾਵਾਂ ਨੂੰ ਛੱਡ ਕੇ ਆਪਣੇ ਰਾਸ਼ਟਰੀ ਸੁਤੰਤਰਤਾ ਸੰਗਰਾਮ ਅਤੇ ਕਿਸੇ 'ਨਵੇਂ ਜਹਾਨ' ਦੀ ਉਸਾਰੀ ਲਈ ਜੂਝ ਰਹੇ ਇਨਸਾਨ ਨੂੰ ਪ੍ਰੇਰਨਾ ਦੇਣ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਰਥਾਤ ਆਧੁਨਿਕਤਾ ਦਾ ਪੱਲਾ ਫੜਿਆ। 1935 ਤੋਂ 1947 ਤਕ ਦੀ ਪੰਜਾਬੀ ਕਵਿਤਾ ਨੂੰ ਸਹੀ ਅਰਥਾਂ ਵਿਚ ਆਧੁਨਿਕ ਪੰਜਾਬੀ ਕਵਿਤਾ ਦਾ ਪਹਿਲਾ ਪੜਾਅ ਕਿਹਾ ਜਾ ਸਕਦਾ ਹੈ।

ਇਨ੍ਹਾਂ ਬਾਰਾਂ-ਤੇਰ੍ਹਾਂ ਵਰ੍ਹਿਆਂ ਵਿਚ ਹੇਠ ਲਿਖੇ ਕਵੀਆਂ ਦੀਆਂ ਪ੍ਰਾਪਤੀਆਂ ਵਰਣਨਯੋਗ ਹਨ :

1. ਲਾਲਾ ਧਨੀ ਰਾਮ ਚਾਤ੍ਰਿਕ (ਕੇਸਰ ਕਿਆਰੀ ਤੇ ਨਵਾਂ ਜਹਾਨ)
2. ਡਾਕਟਰ ਦੀਵਾਨ ਸਿੰਘ ਕਾਲੇਪਾਣੀ (ਵਗਦੇ ਪਾਣੀ)
3. ਅੰਮ੍ਰਿਤਾ ਪ੍ਰੀਤਮ (ਅੰਮ੍ਰਿਤਾ ਲਹਿਰਾਂ, ਓ ਗੀਤਾਂ ਵਾਲਿਆ, ਜੀਉਂਦਾ ਜੀਵਨ, ਬਦਲਾਂ ਦੇ ਪੱਲੇ ਵਿਚ, ਪੱਥਰ ਗੀਟੇ ਆਦਿ)
4. ਪ੍ਰੋ. ਮੋਹਨ ਸਿੰਘ (ਸਾਵੇ ਪੱਤਰ, ਕਸੁੰਭੜਾ ਆਦਿ)
5. ਬਾਵਾ ਬਲਵੰਤ (ਮਹਾਂ ਨਾਚ, ਅਮਰ ਗੀਤ, ਜਵਾਲਾ ਮੁਖੀ)
6. ਪ੍ਰੀਤਮ ਸਿੰਘ ਸਫ਼ੀਰ (ਕੱਤਕ ਕੂੰਜਾਂ, ਰਕਤ ਬੂੰਦਾਂ, ਰਾਜ ਰਿਸ਼ਮਾਂ)
7. ਦੇਵਿੰਦਰ ਸਤਿਆਰਥੀ (ਧਰਤੀ ਦੀਆਂ ਵਾਜ਼ਾਂ)
8. ਪਿਆਰਾ ਸਿੰਘ ਸਹਿਰਾਈ (ਸਹਿਰਾਈ ਪੰਛੀ, ਤਾਰਿਆਂ ਦੀ ਲੋਅ)
9. ਸੰਤੋਖ ਸਿੰਘ ਧੀਰ (ਗੁੱਡੀਆਂ ਪਟੋਲੇ, ਪਹੁ ਫੁਟਾਲਾ)
10. ਚੰਨਣ ਸਿੰਘ ਜੇਠੂਵਾਲੀਆ (ਮਨ-ਆਈਆਂ)
11. ਅਜਾਇਬ ਚਿੱਤਰਕਾਰ (ਦੁਮੇਲ)
12. ਪ੍ਰੋ. ਹਰਦਿਆਲ ਸਿੰਘ ਸੀਕਰੀ (ਫੁਟਦੇ ਸੋਮੇ)
13. ਅਵਤਾਰ ਸਿੰਘ ਆਜ਼ਾਦ
14. ਜਰਨੈਲ ਸਿੰਘ ਅਰਸ਼ੀ
15. ਹੀਰਾ ਸਿੰਘ ਦਰਦ
16. ਗੁਰਮੁਖ ਸਿੰਘ ਮੁਸਾਫ਼ਰ

ਜਿਵੇਂ ਅਸੀਂ ਆਰੰਭ ਵਿਚ ਹੀ ਕਿਹਾ ਹੈ, ਪੰਜਾਬੀ ਕਵਿਤਾ ਦਾ ਇਹ ਦੌਰ ਵਿਗਿਆਨ ਦੇ ਪ੍ਰਭਾਵ ਅਤੇ ਪ੍ਰਗਤੀਵਾਦੀ ਲਹਿਰ ਦੇ ਆਰੰਭ ਦਾ ਦੌਰ ਹੈ ਪਰ ਤਾਂ ਵੀ ਉਪਰੋਕਤ ਕਵੀਆਂ ਵਿਚੋਂ ਬਹੁਤ ਸਾਰੇ ਕਵੀਆਂ ਦੀਆਂ ਕਵਿਤਾਵਾਂ

ਵਿਚ ਪ੍ਰਭੂਸੱਤਾ ਪ੍ਰਤੀ ਇਕ ਆਸਤਕ ਭਾਵ ਕਾਇਮ ਹੈ। ਅਜਿਹੀਆਂ ਕਵਿਤਾਵਾਂ ਨੂੰ ਅਸੀਂ ਰਹੱਸਵਾਦੀ ਕਵਿਤਾ ਦੀ ਰਹਿੰਦੀ ਖੂੰਹਦ ਜਾਂ ਹਿੰਦੀ ਦੀ ਛਾਇਆਵਾਦੀ ਕਵਿਤਾ ਦੇ ਪ੍ਰਭਾਵ ਹੇਠ ਉਤਪੰਨ ਹੋਈ ਕਵਿਤਾ ਕਹਿ ਸਕਦੇ ਹਾਂ। ਚਾਤ੍ਰਿਕ, ਕਾਲੇ ਪਾਣੀ, ਸਫ਼ੀਰ, ਪ੍ਰੋ. ਮੋਹਨ ਸਿੰਘ ਦੀਆਂ ਕੁਝ ਕਵਿਤਾਵਾਂ, ਮੁਸਾਫ਼ਰ ਦੀ ਕਵਿਤਾ, ਅੰਮ੍ਰਿਤਾ ਦੀਆਂ ਕੁੱਝ ਕਵਿਤਾਵਾਂ ਤੇ ਬਾਵਾ ਬਲਵੰਤ ਦੀਆਂ ਕੁੱਝ ਕਵਿਤਾਵਾਂ ਅਜਿਹੇ ਰਹੱਸਵਾਦੀ ਛਾਇਆਵਾਦੀ ਝੁਕਾ ਦੀਆਂ ਹੀ ਕਵਿਤਾਵਾਂ ਹਨ। ਇਸ ਝੁਕਾ ਨੂੰ ਪੂਰੀ ਤਰ੍ਹਾਂ ਰਹੱਸਵਾਦੀ ਕਹਿਣ ਤੋਂ ਅਸੀਂ ਇਸ ਲਈ ਸੰਕੋਚ ਕਰਦੇ ਹਾਂ ਕਿਉਂਕਿ ਇਸ ਦੇ ਪਿੱਛੇ ਪ੍ਰਭੂਸੱਤਾ ਦੀ ਹੋਂਦ ਦੀ ਸਵੀਕਿਰਤੀ ਤਾਂ ਹੈ, ਪਰ ਉਸ ਹੋਂਦ ਪ੍ਰਤੀ ਉਹ ਸ਼ਰਧਾ ਅਤੇ ਭਗਤੀ ਭਾਵ ਨਹੀਂ ਜੋ ਗੁਰਬਾਣੀ ਅਤੇ ਸੂਫ਼ੀ ਕਾਵਿ ਦੇ ਅਨੁਭਵ ਵਿਚ ਲੱਭਦਾ ਹੈ। ਚਾਤ੍ਰਿਕ ਦੀਆਂ ਕਵਿਤਾਵਾਂ ਵਿਚ ਧਾਰਮਿਕ ਭਾਵਾਂ ਦਾ ਪ੍ਰਗਟਾਵਾ, ਸਾਧਾਰਨ ਮਨੁੱਖ ਦੀ ਪੱਧਰ ਉੱਤੇ ਹੋਇਆ ਹੈ। ਕਿਤੇ-ਕਿਤੇ ਰੱਬ ਨੂੰ 'ਕੋਰਾ ਕਾਦਰ' ਕਹਿ ਕੇ ਮਿੱਠੇ-ਮਿੱਠੇ ਉਲਾਭਿਆਂ ਦੁਆਰਾ ਉਸ ਦੀ ਹੋਂਦ ਪ੍ਰਤੀ ਸ਼ੱਕ ਵੀ ਪ੍ਰਗਟ ਕੀਤਾ ਗਿਆ ਹੈ। ਇਸੇ ਤਰ੍ਹਾਂ ਪ੍ਰੀਤਮ ਸਿੰਘ ਸਫ਼ੀਰ ਦੀ ਸਥਿਤੀ ਵੀ ਸ਼ੰਕਾਲੂ ਮਨੁੱਖ ਵਰਗੀ ਹੀ ਹੈ। 1947 ਤੋਂ ਪਿਛੋਂ ਭਾਵੇਂ ਸਫ਼ੀਰ ਦਾ ਕਾਵਿ ਅਨੁਭਵ ਭਾਈ ਵੀਰ ਸਿੰਘ ਦੇ ਰਹੱਸਵਾਦੀ ਝੁਕਾ ਦੇ ਕਾਫ਼ੀ ਨੇੜੇ ਪਹੁੰਚ ਗਿਆ ਹੈ ਪਰ 'ਕਤਕ ਕੂੰਜਾਂ' ਵਿਚ ਉਸ ਦਾ ਅਨੁਭਵ ਕੁਝ ਇਸ ਤਰ੍ਹਾਂ ਦਾ ਸੀ। :

''ਮੈਂ ਨਹੀਂ ਮੰਨਦਾ ਕਿ ਉਹ ਤਾਰੇ
ਇਹ ਨੇ ਖੰਡ ਪੁਰਾਣੇ
ਲੱਖਾਂ ਰੱਬ ਬਰਬਾਦ ਹੋ ਗਏ
ਕੌਣ ਓਨ੍ਹਾਂ ਨੂੰ ਜਾਣੇ।''

ਸਫ਼ੀਰ ਤੋਂ ਪਹਿਲਾਂ ਪ੍ਰੋ. ਮੋਹਨ ਸਿੰਘ ਨੇ 'ਰੱਬ' ਨਾਂ ਦੀ ਕਵਿਤਾ ਵਿਚ ਰੱਬ ਦੀ ਹੋਂਦ ਪ੍ਰਤੀ ਨਵੀਂ ਵਿਗਿਆਨਕ ਖੋਜ ਬਿਰਤੀ ਨੂੰ ਅਪਨਾਉਣ ਦੀ ਸਿਫ਼ਾਰਸ਼ ਇਹਨਾਂ ਸ਼ਬਦਾਂ ਵਿਚ ਕੀਤੀ ਸੀ :

''ਰੱਬ ਇਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖ ਧੰਦਾ।
ਖੋਲ੍ਹਣ ਲੱਗਿਆਂ ਪੇਚ ਇਸ ਦੇ
ਕਾਫ਼ਰ ਹੋ ਜਾਏ ਬੰਦਾ।
ਕਾਫ਼ਰ ਹੋਣੋਂ ਡਰ ਕੇ ਜੀਵੇਂ
ਖੋਜੋਂ ਮੂਲ ਨਾ ਖੁੰਝੀਂ।
ਲਾਈ ਲਗ ਮੋਮਨ ਦੇ ਕੋਲੋਂ
ਖੋਜੀ ਕਾਫ਼ਰ ਚੰਗਾ।''

ਇਹਨਾਂ ਸਤਰਾਂ ਵਿਚ ਰੱਬ ਤੋਂ ਇਨਕਾਰ ਨਹੀਂ ਪਰ ਉਸ ਪ੍ਰਤੀ ਸ਼ਰਧਾ ਭਾਵ ਵੀ ਕੋਈ ਨਹੀਂ। 'ਮਹਾਂ-ਨਾਦ' ਦੇ ਕਵੀ ਬਾਵਾ ਬਲਵੰਤ ਨੇ ਵੀ 'ਪਰਮ ਜੋਤ', 'ਅਰਥਾਂ' ਤੇ 'ਦੂਸਰੇ ਕਿਨਾਰੇ' ਦੇ ਸੰਕੇਤਾਂ ਨਾਲ ਪ੍ਰਭੂਸੱਤਾ ਵਿਚ ਇਕ ਵਿਸ਼ਵਾਸ ਪ੍ਰਗਟਾਇਆ ਹੈ, ਪਰ ਕਿਧਰੇ ਵੀ ਉਸ ਸੱਤਾ ਨੂੰ ਦਿਸਦੀ ਪ੍ਰਕਿਰਤੀ ਤੋਂ ਪਰ੍ਹਾਂ ਨਹੀਂ ਮੰਨਿਆ। ਇਹਨਾਂ ਸਾਰੇ ਕਾਰਨਾਂ ਕਰਕੇ ਇਸ ਝੁਕਾ ਨੂੰ ਛਾਇਆਵਾਦੀ ਕਹਿਣਾ ਵਧੇਰੇ ਯੋਗ ਹੈ।

1935 ਤੋਂ ਪਹਿਲਾਂ ਛਾਇਆਵਾਦੀ ਝੁਕਾ ਹਿੰਦੀ ਕਵਿਤਾ ਵਿਚ ਆਪਣੇ ਪ੍ਰਬਲ ਰੂਪ ਵਿਚ ਪ੍ਰਗਟ ਹੋ ਚੁਕਿਆ ਸੀ। ਜੈ ਸ਼ੰਕਰ ਪ੍ਰਸਾਦ, ਮਹਾਂਦੇਵੀ ਵਰਮਾ, ਨਿਰਾਲਾ ਅਤੇ ਪੰਤ ਵਰਗੇ ਕਵੀਆਂ ਨੇ ਇਸ ਝੁਕਾ ਦੀ ਸੀਮਾ ਅਤੇ ਸਮਰੱਥਾ ਨੂੰ ਨਿਰਧਾਰਤ ਕਰ ਦਿੱਤਾ। ਮਹਾਂਦੇਵੀ ਵਰਮਾ ਨੇ ਭਾਵੇਂ ਰਹੱਸਵਾਦ ਨੂੰ ਛਾਇਆਵਾਦੀ ਅਨੁਭਵ ਦੀ ਆਧਾਰਸ਼ਿਲਾ ਮੰਨਿਆ ਹੈ, ਪਰ ਇਹ ਇਕ ਅਜਿਹੀ ਕਾਵਿਕ ਪ੍ਰਵਿਰਤੀ ਹੈ ਜਿਹੜੀ ਰਹੱਸਵਾਦ ਤੇ ਰੁਮਾਂਸਵਾਦ ਦੇ ਵਿਚਕਾਰ ਵਿਚਰਦੀ ਹੈ। ਛਾਇਆਵਾਦੀ ਕਵੀ ਵੀ ਪੁਰਾਣੀਆਂ ਰੂੜ੍ਹੀਆਂ ਨੂੰ ਤਿਆਰ ਕਰ ਕੇ ਰੁਮਾਂਟਿਕ ਕਵੀ ਵਾਂਗ ਆਪਣੇ ਨਿੱਜੀ ਅਨੁਭਵ ਪਿਆਰ ਦੇ ਮੇਲ-ਵਿਛੋੜੇ ਅਤੇ ਸਥਾਪਤ ਸਦਾਚਾਰ ਤੋਂ ਵਿਅਕਤੀਗਤ ਵਿਦਰੋਹ ਦਾ ਪ੍ਰਗਟਾਵਾ ਕਰਦਾ ਹੈ, ਉਸ ਦੀ ਕਵਿਤਾ ਵਿਚ ਵੀ ਸ਼ਿੰਗਾਰ-ਰਸ ਅਤੇ ਸਰੋਦੀ ਤੱਤ ਪ੍ਰਧਾਨ ਹੁੰਦਾ ਹੈ, ਪਰ ਉਸ ਦਾ ਪ੍ਰਗਟਾਵਾ ਨਵੀਨ ਬਿੰਬ ਤੇ ਛਾਇਆ-ਚਿੱਤਰਾਂ ਕਾਰਨ ਰਹੱਸਵਾਦੀਆਂ ਵਾਂਗ ਧੁੰਦਲਾ ਹੋ ਜਾਂਦਾ ਹੈ। ਪ੍ਰੋ. ਸੰਤ ਸਿੰਘ ਸੇਖੋਂ ਨੇ ਪੰਜਾਬੀ ਦੀ ਇਸ ਛਾਇਆਵਾਦੀ ਕਵਿਤਾ ਨੂੰ ਬੌਧਿਕ ਰਹੱਸ ਅਤੇ ਭਾਵਾਂ ਦੇ ਰਹੱਸ ਵਾਲੀ ਕਵਿਤਾ ਆਖਿਆ ਹੈ, ਪਰ ਸਾਡਾ ਵਿਚਾਰ ਹੈ ਕਿ ਇਸ ਕਵਿਤਾ ਦਾ ਮੁਹਾਂਦਰਾ ਹਿੰਦੀ ਛਾਇਆਵਾਦੀ ਕਵਿਤਾ ਤੋਂ ਵੱਖਰਾ ਨਹੀਂ ਹੈ। ਪ੍ਰਸਿੱਧ ਹਿੰਦੀ ਆਲੋਚਕ ਡਾ. ਨਗੇਂਦਰ ਦੇ ਵਿਚਾਰ ਅਨੁਸਾਰ ਛਾਇਆਵਾਦ

ਉਦੋਂ ਉਤਪੰਨ ਹੁੰਦਾ ਹੈ ਜਦੋਂ ਬਾਹਰਲੇ ਸਦਾਚਾਰਕ ਜਾਂ ਰਾਜਨੀਤਕ ਦਬਾਉ ਕਾਰਨ ਕਵੀ ਦੇ ਨਿੱਜੀ ਭਾਵ ਕੁੰਠਿਤ ਹੋ ਕੇ ਕੋਈ ਅਸਿੱਧਾ ਪ੍ਰਗਟਾਵਾ ਭਾਲਦੇ ਹਨ। ਕੁਦਰਤੀ ਗੱਲ ਹੈ ਛਾਇਆਵਾਦੀ ਕਵੀ ਨਾ ਤਾਂ ਰਹੱਸਵਾਦੀਆਂ ਵਾਂਗ ਕਿਸੇ ਅਸਗਾਹ, ਅਗੰਮ ਜਾਂ ਅਰੂਪ ਸੱਚ ਨੂੰ ਰੂਪਵਾਨ ਕਰਨ ਦੀ ਮਜਬੂਰੀ ਅਧੀਨ ਅਜਿਹਾ ਰਵੱਈਆ ਅਪਣਾਉਂਦਾ ਹੈ ਤੇ ਨਾ ਹੀ ਉਹ ਆਪਣੇ ਦੁਨਿਆਵੀ ਅਨੁਭਵ ਨੂੰ ਸਿੱਧੇ ਤੌਰ 'ਤੇ ਪ੍ਰਗਟਾ ਕੇ ਆਪਣੇ ਤੋਂ ਪਹਿਲੀ ਭਾਵ-ਪ੍ਰਣਾਲੀ ਨੂੰ ਤੋੜਨ ਦਾ ਜਤਨ ਕਰਦਾ ਹੈ। ਇਸ ਲਈ ਨਾ ਹੀ ਉਹ ਰਹੱਸਵਾਦੀ ਰਹਿੰਦਾ ਹੈ ਤੇ ਨਾ ਹੀ ਰੁਮਾਂਟਿਕ ਬਣਦਾ ਹੈ। ਉਹ ਤਾਂ ਆਪਣੇ ਕੁੰਠਿਤ ਭਾਵਾਂ ਨੂੰ ਪ੍ਰਗਟਾਵਾ ਦੇ ਕੇ ਆਪਣੇ ਆਪੇ ਦੇ ਬੋਝ ਤੋਂ ਛੁਟਕਾਰਾ ਹਾਸਲ ਕਰਦਾ ਹੈ। ਇਸ ਲਈ ਉਸ ਦਾ ਨਿੱਜੀ ਅਨੁਭਵ ਵੀ ਧਾਰਮਕ ਸ਼ਬਦਾਵਲੀ, ਮਿਥਿਹਾਸਕ ਸੰਕੇਤਾਂ ਜਾਂ ਪ੍ਰਕਿਰਤੀ ਦੇ ਬਿੰਬਾਂ ਦੁਆਰਾ ਪ੍ਰਗਟ ਹੁੰਦਾ ਹੈ। ਪੰਜਾਬੀ ਦੇ ਇਸ ਕਾਲ ਦੇ ਚਾਰ ਪ੍ਰਮੁੱਖ ਕਵੀਆਂ (ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਤੇ ਅੰਮ੍ਰਿਤਾ ਪ੍ਰੀਤਮ) ਦੀਆਂ ਮੁੱਢਲੀਆਂ ਰਚਨਾਵਾਂ ਵਿਚ ਇਹ ਛਾਇਆਵਾਦੀ ਪ੍ਰਵਿਰਤੀ ਹੀ ਪ੍ਰਧਾਨ ਹੈ। 'ਸਾਵੇ ਪੱਤਰ', 'ਕੁਸੰਭੜਾ' ਅਤੇ 'ਅਧਵਾਟੇ' ਵਿਚ ਨਿੱਜੀ ਪਿਆਰ ਅਤੇ ਆਪਣੀਆਂ ਸਰੀਰਕ ਭੁੱਖਾਂ ਨੂੰ ਤ੍ਰਿਪਤ ਕਰਨ ਦੀ ਲੋਚਾ ਤਾਂ ਹੈ ਪਰ ਉਸ ਪ੍ਰੇਮੀ ਜਾਂ ਪ੍ਰੇਮਿਕਾ ਦਾ ਕੋਈ ਠੋਸ ਸਰੀਰਕ ਰੂਪ ਸਾਕਾਰ ਨਹੀਂ ਹੋਇਆ। 'ਮੈਂ ਨਹੀਂ ਰਹਿਣਾ ਤੇਰੇ ਗਿਰਾਂ', 'ਦੇਹ ਹਵਾ ਦਾ ਜੀਵਨ ਸਾਨੂੰ', 'ਕੁੜੀ ਪੋਠੋਹਾਰ ਦੀ', 'ਲਿਧਰੀ ਨੂੰ' ਅਤੇ 'ਅਧਵਾਟੇ' ਵਰਗੀਆਂ ਕਵਿਤਾਵਾਂ ਉਦਾਹਰਨ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। 'ਅਧਵਾਟੇ' ਪੁਸਤਕ ਦੀ ਇਕ ਛੋਟੀ ਜਿਹੀ ਕਵਿਤਾ 'ਨਿਕੀ ਜਿਹੀ ਮੈਂ ਕਲੀ' ਵਿਚ ਵੀ ਮੋਹਨ ਸਿੰਘ ਨੇ 'ਕਲੀ', 'ਅਰਸ਼', 'ਸਵੇਰ', 'ਦੁਪਹਿਰ', 'ਸੁਗੰਧ' ਤੇ 'ਉਹ' ਵਰਗੇ ਪ੍ਰਤੀਕਾਂ ਦੁਆਰਾ ਆਪਣੀ ਕਾਵਿ-ਨਾਇਕਾ ਦੀਆਂ ਸਰੀਰਕ ਭੁੱਖਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਇਸ ਦੇ ਦੈਵੀ ਤੇ ਦੁਨਿਆਵੀ ਦੋਹਾਂ ਤਰ੍ਹਾਂ ਦੇ ਅਰਥ ਲਏ ਜਾ ਸਕਦੇ ਹਨ। ਪੂਰੀ ਕਵਿਤਾ ਇਸ ਪ੍ਰਕਾਰ ਹੈ :

ਨਿੱਕੀ ਜਿਹੀ ਮੈਂ ਕਲੀ
ਅਰਸ਼ਾਂ ਵੰਨੀ ਮੂੰਹ ਭੁਆਈ
ਚਿਰਾਂ ਚਿਰਾਂ ਤੋਂ ਖਲੀ
ਤਾਰਿਆਂ ਜੜੀ ਸਵੇਰ ਬੀਤ ਗਈ
ਬੀਤ ਦੁਪਹਿਰ ਚਲੀ।
ਸ਼ਾਮਾਂ ਦੇ ਪੈ ਗਏ ਝਾਵਲੇ
ਦੁਖਮਈ ਧੌਣ ਅਲੀ।
ਸੁਕ ਗਏ ਅਥਰੂ ਮੁਕ ਗਏ ਹਾਸੇ
ਗਈ ਸੁਗੰਧ ਛਲੀ।
ਕੀ ਸਖੀਓ ਉਹ ਮੂਲ ਨਾ ਮਿਲਸੀ।
ਮੈਂ ਜਿਸਦੀ ਆਸ ਖਲੀ।
ਨਿੱਕੀ ਜਿਹੀ ਮੈਂ ਕਲੀ।

ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ ਵਿਚੋਂ ਪ੍ਰੋ. ਮੋਹਨ ਸਿੰਘ ਨਾਲੋਂ ਵੀ ਵਧੇਰੇ ਪ੍ਰਤੱਖ ਰੂਪ ਵਿਚ ਛਾਇਆਵਾਦੀ ਕਾਵਿ ਦੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ। 'ਰਕਤ ਬੂੰਦਾਂ' ਪੁਸਤਕ ਦੀ ਬੜੀ ਪ੍ਰਸਿੱਧ ਕਵਿਤਾ 'ਬਰਸਾਤ ਹੈ ਨਾ' ਦਾ ਪਹਿਲਾ ਬੰਦ ਹੀ ਇਸ ਪੱਖੋਂ ਧਿਆਨ ਯੋਗ ਹੈ :

''ਅੱਜ ਗਯਾ ਬਿਰਛ ਦੇ ਨੇਰ੍ਹ ਵਿਚ
ਪੱਥਰ ਹੋਈਆਂ ਅੱਖੀਆਂ ਸਾਹਵੇਂ
ਜਗਮਗ ਜਯੋਤੀ ਕੋਈ ਪ੍ਰਗਟੀ ਏ।
ਤੂੰ ਜੀਵਨ-ਰਾਹ ਤੇ ਚਮਕੀ ਏਂ।
ਨਿਰਵਾਨ ਪਛਾਣੀ ਹੈ ਰੂਪ ਨੇ।
ਕੁਝ ਰੰਗ ਵਟਾਂਦੀ ਪਈ ਆਪਣਾ

ਹਿਜਰਾਂ ਦੀ ਲੰਮੀ ਰਾਤ ਹੈ ਨਾ।''

ਪ੍ਰੇਮੀ-ਪ੍ਰੇਮਿਕਾ ਦਾ ਆਪਣੀ ਨਾਇਕਾ ਨੂੰ ਪਛਾਣਨ ਦਾ ਇਹ ਪਲ ਸਫ਼ੀਰ ਨੂੰ ਬੁੱਧ ਦੀ ਨਿਰਵਾਨ ਪ੍ਰਾਪਤੀ ਵਰਗਾ ਜਾਪਦਾ ਹੈ। ਇਸ ਨੂੰ ਅਤਿਕਥਨੀ ਅਲੰਕਾਰ ਕਹਿ ਕੇ ਇਕ ਕਾਵਿਕ ਤਕਨੀਕ ਵੀ ਸਮਝਿਆ ਜਾ ਸਕਦਾ ਹੈ ਪਰ ਯਾਦ ਰਹੇ ਕਿ ਕਾਵਿਕ ਤਕਨੀਕ ਦੇ ਪਿਛੇ ਵੀ ਕਵੀ ਦਾ ਦ੍ਰਿਸ਼ਟੀਕੋਣ ਅਤੇ ਉਸ ਦੇ ਅਨੁਭਵ ਦੀ ਸੀਮਾ ਦਾ ਹੱਥ ਹੁੰਦਾ ਹੈ। ਪੁਰਾਣੀਆਂ ਜਾਗੀਰਦਾਰੀ ਰਹੁ-ਰੀਤਾਂ ਅਤੇ ਪੁਰਾਤਨ ਵਿਆਹ ਪ੍ਰਬੰਧ ਦੇ ਪ੍ਰਸੰਗ ਵਿਚ ਨਵੇਂ ਪੂੰਜੀਵਾਦੀ ਪਿਆਰ ਅਨੁਭਵ ਨੂੰ ਸੌਖਿਆਂ ਪ੍ਰਗਟਾ ਸਕਣਾ ਉਸ ਵੇਲੇ ਸੰਭਵ ਨਹੀਂ ਸੀ। ਇਸ ਲਈ ਕਾਵਿ ਨੂੰ ਅਜਿਹੇ ਪ੍ਰਗਟਾਵੇ ਲਈ ਇਕ ਧਾਰਮਿਕ ਬਿੰਬ ਦਾ ਸਹਾਰਾ ਲੈਣਾ ਪਿਆ ਹੈ। ਸਫ਼ੀਰ ਨੇ ਸਮਾਜ ਦੀ ਆਰਥਕ ਕਾਵਿ-ਵੰਡ ਅਤੇ ਮਨੂੰ ਦੇ ਪੈਰੋਕਾਰਾਂ ਦੀਆਂ ਬਣਾਈਆਂ ਰੀਤਾਂ ਦੇ ਉਹਨਾਂ ਬੰਧਨਾਂ ਨੂੰ ਵੀ ਅਨੁਭਵ ਕਰ ਲਿਆ ਸੀ ਜਿਹੜੇ 'ਸੁਪਰ ਈਗੋ' (Super ego) ਦੇ ਰੂਪ ਵਿਚ ਉਸ ਦੇ ਨਾਇਕ ਦੀ ਚੇਤੰਨਤਾ ਨੂੰ ਮੱਲੀ ਬੈਠੇ ਹਨ ਤੇ ਉਸ ਦੀਆਂ ਇੱਛਾਵਾਂ ਦਾ ਦਮਨ ਕਰਦੇ ਹਨ। ਸਫ਼ੀਰ ਲਿਖਦਾ ਹੈ :

''ਇਹ ਧਰਮਾਂ ਵਾਲੇ
ਆਪਣੇ ਧੀਆਂ ਪੁੱਤਰਾਂ ਦੀ
ਸਰਪਰਸਤੀ ਕਰਦੇ ਨੇ ਆਤਮਾ ਦੇ ਮਾਮਲੇ ਵਿਚ ਵੀ
ਖੂਬ ਨੇ ਇਹ ਰੱਬ ਦੇ ਉਪਾਸਕ
ਜੋ ਬੇਸਮਝ ਬੁੱਤਾਂ ਉੱਤੇ
ਛਿੜਕ ਕੇ ਸਮਾਜ ਦੀਆਂ ਰਸਮਾਂ ਦੇ ਕੇਸਰ
ਆਪਣੇ ਵਲੋਂ ਇਸ਼ਕ ਲਭਾ ਦੇਂਦੇ ਨੇ।''

ਇਹਨਾਂ ਧਰਮਾਂ ਵਾਲਿਆਂ ਦੇ ਜਕੜਬੰਦਾਂ ਤੋਂ ਮੁਕਤੀ ਹਾਸਲ ਕਰਨ ਦਾ ਰਸਤਾ ਵੀ ਸਫ਼ੀਰ ਨੂੰ ਪਤਾ ਸੀ ਤੇ ਉਸ ਨੇ ਲਿਖਿਆ ਵੀ ਸੀ :

''ਟੁੱਟ ਜਾਵਣ ਕੈਦਾਂ ਹੱਦਬੰਦੀਆਂ।
ਵੰਡ ਰਹੇ ਨਾ ਕਾਣੀ।''

ਪਰ ਉਸ ਦੀ ਕਾਵਿ-ਧਾਰਾ ਕੈਦਾਂ, ਹੱਦਬੰਦੀਆਂ ਤੋੜਨ ਵਾਲੇ ਪ੍ਰਗਤੀਵਾਦੀ, ਜਾਂ ਘੱਟੋ ਘੱਟ ਰੁਮਾਂਸਵਾਦੀ ਕਾਵਿਕ ਝੁਕਾ ਵੱਲ ਵਿਕਾਸ ਕਰਨ ਦੀ ਥਾਂ ਛਾਇਆਵਾਦ ਵੱਲ ਮੁੜਦੀ ਹੈ।

'ਮਹਾਨਾਚ' ਵਿਚ ਬਾਵਾ ਬਲਵੰਤ ਵਿਸ਼ਵ ਦੀ ਸਮੁੱਚੀ ਕਲਾ ਦੇ ਪਿੱਛੇ ਵਿਚਰਦੇ ਸੱਤ ਅਰਥਾਤ ਅਸਲੇ ਨੂੰ ਸੰਬੋਧਨ ਕਰਦਾ ਹੋਇਆ ਲਿਖਦਾ ਹੈ :

''ਹੇ ਅਸਲੇ ਵਿਸ਼ਵ ਕਲਾ ਦੇ,
ਤੱਤਾਂ ਦੀ ਅਲਖ ਮੁਕਾ ਦੇ,
ਮੈਨੂੰ ਵੀ ਨਾਚ ਬਣਾ ਦੇ,
ਜਾਂ ਮੈਂ ਸ਼ਿਵ ਜੀ ਹੋ ਜਾਂ,
ਨਾਚਾਂ ਵਿਚ ਉਮਰ ਬਿਤਾਵਾਂ।''

ਸੰਘਰਸ਼ਸ਼ੀਲ ਜੀਵਨ ਬਤੀਤ ਕਰਨ ਦੀ ਇਹ ਲੋਚਾ ਬਾਵੇ ਦੀ ਕਵਿਤਾ ਦੇ ਪ੍ਰਗਤੀਵਾਦੀ ਕਾਵਿ-ਧਾਰਾ ਵੱਲ ਮੁੜ ਜਾਣ ਦੀ ਸੂਚਕ ਤਾਂ ਹੈ ਪਰ ਅਜੇ ਇਹ ਲੋਚਾ ਦਾ ਕੋਈ ਠੋਸ ਸਮਾਜਿਕ ਰੂਪ ਕਵੀ ਦੇ ਸਾਹਮਣੇ ਨਹੀਂ ਹੈ। ਉਸ ਪੜਾਅ ਦੀ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿਚ ਵੀ ਪਿਆਰ ਅਨੁਭਵ ਦਾ ਜੋ ਸੰਘਰਸ਼ਮਈ ਜਾਂ ਵੇਦਨਾਮਈ ਰੂਪ ਮਿਲਦਾ ਹੈ, ਉਸ ਦਾ ਪ੍ਰਗਟਾਵਾ ਵੀ ਛਾਇਆ ਚਿੱਤਰਾਂ ਦੁਆਰਾ ਹੀ ਹੋਇਆ ਹੈ। ਅਜਿਹੇ ਇਕ ਚਿੱਤਰ ਦੀ ਉਦਾਹਰਨ ਹੇਠਲੀਆਂ ਸਤਰਾਂ ਵਿਚੋਂ ਮਿਲਦੀ ਹੈ :

''ਤੂੰ ਵੀ ਕੀਤਾ ਸੀ ਪਿਆਰ ਪਰਵਾਨੇ
ਤੇ ਮੈਂ ਵੀ ਕਰਨੀ ਆਂ ਪਿਆਰ,
ਫਰਕ ਤੇ ਏਨਾ ਤੂੰ ਭੰਬਟ ਬਣ ਕੇ

ਇਕੋ ਵਾਰੀ ਬਲ ਉਠਿਓਂ।
ਬਲਿਓਂ ਤੇ ਬੁਝ ਗਿਉਂ
ਦੂਜੇ ਪਾਸੇ ਮੈਂ ਸ਼ਮ੍ਹਾਂ ਵਿਚਾਰੀ
ਥੋੜ੍ਹਾ ਥੋੜ੍ਹਾ ਬਲਨੀ ਆਂ
ਤੇ ਬਲਨੀ ਆਂ ਦਿਨ ਰਾਤ।''

ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ ਅਤੇ ਬਾਵਾ ਬਲਵੰਤ ਛੇਤੀ ਹੀ ਛਾਇਆਵਾਦੀ ਪ੍ਰਵਿਰਤੀ ਨੂੰ ਤਿਆਗ ਕੇ ਨਵੇਂ ਪ੍ਰਗਤੀਵਾਦੀ ਝੁਕਾ ਨਾਲ ਜੁੜ ਗਏ। ਉਂਜ ਤਾਂ ਹਰ ਵਧੀਆ ਕਵੀ ਹੀ ਜੀਵਨ ਤੇ ਸਾਹਿਤ ਦੀ ਪ੍ਰਗਤੀ ਲਈ ਨਵੇਂ ਰਾਹ ਢੂੰਡਦਾ ਤੇ ਉਹਨਾਂ ਨੂੰ ਆਪਣੀ ਸਮਰੱਥਾ ਅਨੁਸਾਰ ਪਾਠਕਾਂ ਤੱਕ ਪਹੁੰਚਾਉਂਦਾ ਹੈ। ਪਰ ਇੱਥੇ ਪ੍ਰਗਤੀਵਾਦੀ ਝੁਕਾ ਅਰਥਾਤ ਉਹ ਸਾਹਿਤ ਪ੍ਰਵਿਰਤੀ ਹੈ ਜਿਸ ਦੇ ਆਧਾਰ ਵਜੋਂ ਇਨ੍ਹਾਂ ਕਵੀਆਂ ਨੇ ਸਮਾਜਵਾਦੀ ਯਥਾਰਥਵਾਦੀ ਭਾਵ ਮਾਰਕਸਵਾਦ ਨੂੰ ਅਪਣਾਇਆ। ਅਸੀਂ ਆਰੰਭ ਵਿਚ ਹੀ ਕਹਿ ਆਏ ਹਾਂ ਕਿ ਇਹਨਾਂ ਵਰ੍ਹਿਆਂ ਵਿਚ ਪੰਜਾਬੀ ਕਵਿਤਾ ਨੇ ਆਪਣੀ ਸਾਂਝ ਨਵੇਂ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਪਾਈ ਤੇ ਇਸ ਵਿਗਿਆਨਕ ਦ੍ਰਿਸ਼ਟੀਕੋਣ ਦਾ ਇਕ ਆਧਾਰ ਮਾਰਕਸਵਾਦ ਸੀ। ਇਸ ਤੋਂ ਇਲਾਵਾ ਫਰਾਇਡ ਦਾ ਮਨੋਵਿਗਿਆਨ ਤੇ ਆਇਨਸਟਾਇਨ ਦਾ ਭੌਤਿਕਵਾਦ ਵੀ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਨਿਸ਼ਚਿਤ ਕਰਨ ਵਿਚ ਸਹਾਇਕ ਹੋਏ। ਬਾਵਾ ਬਲਵੰਤ ਦੀ 1941 ਵਿਚ ਛਪੀ ਪਹਿਲੀ ਪੁਸਤਕ ਵਿਚ ਹੀ ਉਸ ਨੇ ਮਾਰਕਸ, ਲੈਨਿਨ ਵਾਲਾ ਦ੍ਰਿਸ਼ਟੀਕੋਣ ਹੋਣ ਦਾ ਐਲਾਨ ਕਰ ਦਿੱਤਾ ਸੀ :

''ਮੈਂ ਗੌਤਮ, ਮੈਂ ਰੂਸੋ, ਮੈਂ ਲੇਨਿਨ ਦੀ ਚਾਹਤ।
ਮੈਂ ਹਾਂ ਮਾਰਕਸ ਦੀ ਖੁਦਾਈ ਦੀ ਦੌਲਤ।''

ਪ੍ਰਗਤੀਵਾਦੀ ਝੁਕਾ ਦੀ ਪੰਜਾਬੀ ਕਵਿਤਾ ਦਾ ਪਹਿਲਾ ਲੱਛਣ ਹੈ : ਧਰਮ ਦਾ ਵਿਰੋਧ। ਇਹਨਾਂ ਤਿੰਨ ਕਵੀਆਂ ਨੇ ਆਪਣੇ-ਆਪਣੇ ਢੰਗ ਨਾਲ ਅਜਿਹਾ ਆਸਤਿਕਤਾ ਦਾ ਵਿਰੋਧ ਕੀਤਾ ਜਿਸਦੇ ਪਰਦੇ ਹੇਠ ਪੂੰਜੀਪਤੀ ਤੇ ਜਾਗੀਰਦਾਰ ਵਰਗ ਮਜ਼ਦੂਰ ਕਿਸਾਨ ਵਰਗ ਦੀ ਲੁੱਟ ਜਾਰੀ ਰਖਦਾ ਹੈ। ਇਹਨਾਂ ਤਿੰਨਾਂ ਦੀਆਂ ਕਵਿਤਾਵਾਂ ਵਿਚੋਂ ਅਜਿਹੇ ਧਾਰਮਿਕ ਵਿਰੋਧ ਦੀਆਂ ਕੁਝ ਕੁਝ ਉਦਾਹਰਨਾਂ ਹੇਠ ਲਿਖੀਆਂ ਹਨ :

1. ''ਕਿਸ ਕੰਮ ਆਖਰ ਇਹ ਸਾਧਾਂ ਦੇ ਮੰਨੂਏ ?
ਕਿਸ ਕੰਮ ਲਿਵਾਂ ਤੇ ਤਾਰਾਂ ?
ਭਿੱਜਣ ਨਾ ਵੇਖ ਜੋ ਗ਼ਰੀਬਾਂ ਦੇ ਹੰਝੂ ?
ਟੁੱਟਣ ਨਾ ਸੁਣ ਕੇ ਪੁਕਾਰਾਂ।''

(ਮੋਹਨ ਸਿੰਘ, ਕਸੁੰਭੜਾ)

2. ''ਸੁਣ ਨਾ ਧਰਮਾਂ ਦੇ ਕਿੱਸੇ
ਕੀਤੇ ਜੋਸ਼ ਨਾ ਸਿੱਸੇ,
ਰਲਿਆ ਗ਼ੈਰ ਨਾ ਦਿੱਸੇ,
ਮੈਨੂੰ ਭਾਈ ਤੇ ਮੁਲਾਣਾ।''

(ਮੋਹਨ ਸਿੰਘ, ਕਸੁੰਭੜਾ)

3. ਵੇ ਮੈਂ ਕੀ ਆਖਾਂ ਤੇਰੇ ਦੇਸ਼ ਨੂੰ
ਜਿਥੇ ਵਰਜਤ ਨਵੀਂ ਵਿਚਾਰ
ਜਿਥੇ ਵਹਿਮ ਪੜ੍ਹਾਂਦੇ ਇਲਮ ਨੂੰ
ਰੱਬ ਵੇਚਣ ਠੇਕੇਦਾਰ
ਜਿੱਥੇ ਮਿਹਨਤ ਸੌਂਦੀ ਭੁੱਖਿਆਂ
ਤੇ ਵਿਹਲੇ ਸੌਂਣੇ ਵਿਚਕਾਰ

(ਅੰਮ੍ਰਿਤਾ ਪ੍ਰੀਤਮ)

4. ਇਹ ਈਸ਼ਵਰ ਪਖੰਡ ਤੇ ਕੁਰਬਾਨੀਆਂ ਪਖੰਡ।
ਹੈ ਆਦਮੀ ਦਾ ਅਸਲ 'ਚ ਦਾਰੂ ਹੀ ਆਦਮੀ।
ਸਭ ਦੇਵਤੇ ਫ਼ਰੇਬ ਨੇ ਇਕ ਅਮਲ ਤੋਂ ਬਿਨਾ।

(ਬਾਵਾ ਬਲਵੰਤ-ਜਵਾਲਾਮੁਖੀ)

ਜਿਸ ਕਰਕੇ ਧਰਮ ਅਤੇ ਪਾਖੰਡ ਦਾ ਵਿਰੋਧ ਕਰਨਾ ਪਿਆ ਉਹ ਸੀ ਸਮਾਜ ਦੀ ਸ਼੍ਰੇਣੀ ਵੰਡ। ਇਹਨਾਂ ਕਵੀਆਂ ਨੂੰ ਗਿਆਨ ਹੋ ਚੁੱਕਾ ਸੀ ਕਿ ਜਾਗੀਰਦਾਰੀ ਤੇ ਪੂੰਜੀਵਾਦ ਸਮਾਜ ਪੈਸੇ ਅਤੇ ਨਿੱਜੀ ਜਾਇਦਾਦ ਦੀ ਸਰਦਾਰੀ ਦਾ ਸਮਾਜ ਸੀ ਪਰ ਉਸ ਸਮਾਜ ਨੂੰ ਨਵੇਂ ਸਮਾਜਵਾਦੀ ਨਿਜ਼ਾਮ ਵਿਚ ਬਦਲਣ ਲਈ ਪੂੰਜੀਪਤੀ ਤੇ ਜਾਗੀਰਦਾਰ ਵਰਗ ਦੇ ਵਿਰੁੱਧ ਮਜ਼ਦੂਰ ਕਿਸਾਨ ਵਰਗ ਸੰਗਠਿਤ ਹੋ ਰਿਹਾ ਹੈ ਤੇ ਇਸ ਸ਼੍ਰੇਣੀ ਸੰਘਰਸ਼ ਵਿਚ ਵਰਗ ਵੰਡ ਤੇ ਵਰਗ ਘੋਲ ਦੇ ਚਿੱਤਰ ਇਹਨਾਂ ਕਵੀਆਂ ਦੀ ਨਵੀਂ ਸਮਾਜਿਕ ਚੇਤੰਨਤਾ ਦਾ ਸਬੂਤ ਹਨ।

**ਉਦਾਹਰਣ ਲਈ** :

1. ਸਭ ਧਰਤੀ ਹੋ ਗਈ ਲਾਲ ਨੀ
ਬੰਦੇ ਦੇ ਲਹੂ ਨਾਲ ਨੀ
ਖੜਦੈਂਤ ਵਡੇ ਸਰਮਾਏ ਦੇ
ਨੱਚਣ ਪਏ ਤਾਲ ਬੇਤਾਲ ਨੀ।

(ਮੋਹਨ ਸਿੰਘ-ਅਧਵਾਟੇ)

2. ਭੁਲੋ ਲੂਮਣ ਰੱਜ ਦੇ ਹਾਲੀ,
ਕਿਰਤੀ ਕਾਮੇ ਢਿੱਡੋਂ ਖਾਲੀ,
ਦੂਜੇ ਨੂੰ ਜੋ ਦੇਣ ਖੁਸ਼ਹਾਲੀ,
ਪੇਸ਼ ਉਨ੍ਹਾਂ ਦੇ ਪਾਈ ਕੰਗਾਲੀ

(ਅੰਮ੍ਰਿਤਾ ਪ੍ਰੀਤਮ)

3. ਸਮੇਂ ਦੀ ਮਿਟਾ ਦੇ ਨਵੀਂ ਹੋਸ਼ਿਆਰੀ।
ਤੇ ਤਹਿ ਤੇਗ਼ ਕਰਦੇ ਇਹ ਸਰਮਾਇਆਦਾਰੀ।
ਕਿਸਾਨਾਂ ਦੀਆਂ ਝੁੱਗੀਆਂ ਤਖ਼ਤ ਕਰਦੇ।
ਤੂੰ ਅਰਸ਼ਾਂ ਦੀ ਬਿਜਲੀ ਹਥੋੜੇ 'ਚ ਭਰ ਦੇ।

(ਬਾਵਾ ਬਲਵੰਤ-ਮਹਾਂਨਾਚ)

ਇਸ ਵਰਗ ਸੰਘਰਸ਼ ਵਿਚ ਸਪਸ਼ਟ ਭਾਂਤ ਇਨ੍ਹਾਂ ਕਵੀਆਂ ਦੀ ਹਮਦਰਦੀ ਮਜ਼ਦੂਰ ਵਰਗ ਨਾਲ ਹੈ। ਇਹ ਇਸ ਕਵਿਤਾ ਦਾ ਤੀਜਾ ਲੱਛਣ ਹੈ। ਕੇਵਲ ਹਮਦਰਦੀ ਹੀ ਨਹੀਂ ਸਗੋਂ ਜਾਗ ਰਹੇ ਮਜ਼ਦੂਰ ਦੇ ਚਿੱਤਰ ਵੀ ਇਸ ਕਵਿਤਾ ਵਿਚ ਮਿਲ ਜਾਂਦੇ ਹਨ। ਮਜ਼ਦੂਰ ਹਿਤੈਸ਼ੀ ਸਤਰਾਂ ਦੇ ਨਮੂਨੇ ਇਸ ਪ੍ਰਕਾਰ ਹਨ :

1. ਏਦਾਂ ਮਜ਼ਦੂਰਾਂ ਦੀ ਝਾਕੀ
ਜਦ ਮੈਨੂੰ ਦਿਸ ਆਈ।
ਨਾਲ ਪੀੜ ਦੇ ਕਲਵਲ ਹੋ ਕੇ।
ਰੂਹ ਮੇਰੀ ਕੁਰਲਾਈ।

(ਮੋਹਨ ਸਿੰਘ-ਕਸੁੰਭੜਾ)

2. ਫੇਰ ਕਦੇ ਕੋਈ ਲੈਨਿਨ ਜੰਮੇ
ਤੇ ਸਰਮਾਏਦਾਰ ਦੀ ਚੱਕੀ ਪੀਠਾ।
ਮਜ਼ਦੂਰ ਵੀ ਅੱਖਾਂ ਖੋਹਲੇ।

(ਅੰਮ੍ਰਿਤਾ ਪ੍ਰੀਤਮ)

ਸਰਮਾਏਦਾਰ ਦੀ ਲੁੱਟ ਦੇ ਵਿਰੋਧ ਸਾਰੀ ਦੁਨੀਆਂ ਦੇ ਮਿਹਨਤਕਸ਼ਾਂ ਨੂੰ ਇਕੱਠੇ ਹੋਣ ਦੀ ਪ੍ਰੇਰਨਾ ਦਿੰਦਾ ਹੋਇਆ ਬਾਵਾ ਬਲਵੰਤ ਲਿਖਦਾ ਹੈ :

ਅਸੀਂ ਤੁਸੀਂ ਇਕ ਮੰਜ਼ਲ ਦੇ ਰਾਹੀ
ਸਾਡੇ ਖੇਤ ਨੇ ਸਾਂਝੇ ਦੁੱਖ ਦੇ ਮਾਰੇ।
ਇਕੋ ਬੱਦਲ ਹੇਠ ਨੇ ਸਾਡੇ ਤਾਰੇ।
ਸਾਡੀ ਮਰਜ਼ ਦੀ ਇਕੋ ਪਿਆਰੀ ਦਵਾਈ।

(ਬਾਵਾ ਬਲਵੰਤ-ਅਮਰ ਗੀਤ)

ਬਾਵਾ ਦੀਆਂ ਇਹ ਸਤਰਾਂ ਕਾਰਲ ਮਾਰਕਸ ਦੇ ਪ੍ਰਸਿੱਧ ਨਾਅਰੇ 'ਦੁਨੀਆਂ ਭਰ ਦੇ ਮਜ਼ਦੂਰੋ ਇਕ ਹੋ ਜਾਓ', ਦੀ ਹੀ ਕਾਵਿਕ ਪੇਸ਼ਕਾਰੀ ਜਾਪਦੀਆਂ ਹਨ। ਦੁਨੀਆਂ ਭਰ ਦੇ ਮਜ਼ਦੂਰਾਂ ਨੂੰ ਇਕ ਹੋਣ ਲਈ ਕੋਈ ਅੰਤਰਰਾਸ਼ਟਰੀ ਮਨੁੱਖ ਹੀ ਅਪੀਲ ਕਰ ਸਕਦਾ ਹੈ ਅਤੇ ਪ੍ਰਗਤੀਵਾਦੀ ਝੁਕਾਅ ਦੇ ਕਵੀ ਅੰਤਰ ਰਾਸ਼ਟਰਵਾਦੀ ਹਨ। ਇਹਨਾਂ ਤੋਂ ਜ਼ਰਾ ਵਡੇਰੀ ਉਮਰ ਦੇ ਕਵੀ (ਲਾਲਾ ਧਨੀ ਰਾਮ ਚਾਤ੍ਰਿਕ, ਗੁਰਮੁਖ ਸਿੰਘ ਮੁਸਾਫ਼ਰ ਤੇ ਹੀਰਾ ਸਿੰਘ ਦਰਦ) ਕਿਸੇ ਇਨਸਾਨ ਸੰਤਾਨ ਦੇ ਚਾਹਵਾਨ ਹੁੰਦੇ ਹੋਏ ਵੀ ਅਤੇ ਨਵੇਂ ਜਹਾਨ ਦੇ ਸੁਪਨਿਆਂ ਦੀ ਸਿਰਜਣਾ ਕਰਦੇ ਹੋਏ ਵੀ ਰਾਸ਼ਟਰਵਾਦੀ ਦ੍ਰਿਸ਼ਟੀਕੋਣ ਤੋਂ ਅੱਗੇ ਨਹੀਂ ਸਨ ਲੰਘੇ। ਇਹਨਾਂ ਕਵੀਆਂ ਦੇ ਸਾਹਮਣੇ ਦੇਸ਼ ਨੂੰ ਅੰਗਰੇਜ਼ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਦਾ ਨਿਸ਼ਾਨਾ ਅੰਤਿਮ ਮੰਜ਼ਿਲ ਦੇ ਰੂਪ ਵਿਚ ਮੌਜੂਦ ਸੀ। ਜਿਸ ਲਈ ਇਨ੍ਹਾਂ ਦੀ ਸਮੁੱਚੀ ਪ੍ਰੇਰਨਾ ਦੇਸ਼ ਭਗਤੀ ਤੋਂ ਅਗਾਂਹ ਨਹੀਂ ਸੀ ਲੰਘੀ। ਪਰ ਬਾਵਾ ਬਲਵੰਤ ਵਰਗੇ ਕਵੀ ਦੂਜੀ ਵੱਡੀ ਜੰਗੀ ਦੇ ਰੂਪ ਵਿਚ ਜਰਮਨੀ ਦੇ ਰਾਸ਼ਟਰਵਾਦ ਦੇ ਜਨੂੰਨ ਹੱਥੋਂ ਹੋ ਰਹੀ ਤਬਾਹੀ ਦਾ ਅਨੁਭਵ ਕਰ ਚੁੱਕੇ ਸਨ ਅਤੇ ਉਨ੍ਹਾਂ ਨੂੰ ਇਹ ਵੀ ਸੋਝੀ ਸੀ ਕਿ ਨੰਗੇ ਮਜ਼ਦੂਰ ਤੇ ਭੁੱਖੇ ਹਾਲੀ ਦਾ ਕੋਈ ਦੇਸ਼ ਨਹੀਂ ਹੁੰਦਾ। ਦੁਨੀਆਂ ਦੇ ਸਭ ਕਾਮੇ ਜਿੰਨਾ ਚਿਰ ਅੰਤਰਰਾਸ਼ਟਰੀ ਸਾਂਝ ਵਿਚ ਪਰੋਤੇ ਨਹੀਂ ਜਾਂਦੇ ਉਨਾਂ ਚਿਰ ਇਕੱਲੇ ਦੇਸ਼ ਦੀ ਰਾਜਨੀਤਕ ਆਜ਼ਾਦੀ ਨਾਲ ਉਹਨਾਂ ਦਾ ਕਲਿਆਣ ਨਹੀਂ ਹੋ ਸਕਦਾ। ਇਸੇ ਲਈ ਬਾਵਾ ਬਲਵੰਤ ਨੇ ਦੇਸ਼ ਦੀ ਸੇਵਾ ਨੂੰ ਇਕ ਪਉੜੀ ਮੰਨਦੇ ਹੋਏ ਵੀ ਨਿਰੀ ਦੇਸ਼ ਭਗਤੀ ਦਾ ਵਿਰੋਧ ਕੀਤਾ ਹੈ :

1. ਦੇਸ਼ ਦੀ ਸੇਵਾ ਸਿਰਫ਼ ਪੌੜੀ ਸੀ ਮੰਜ਼ਲ ਤਾਂ ਨਹੀਂ,
ਇਹ ਮਨੁੱਖਤਾ ਦੀ ਕੋਈ ਆਖ਼ਰੀ ਮਹਿਫ਼ਲ ਤਾਂ ਨਹੀਂ।
ਦੇਸ਼ ਭਗਤੀ ਦਾ ਹੀ ਦੁਨੀਆਂ ਵਿਚ ਨਸ਼ਾ ਜਦ ਤਕ,
ਖ਼ੂਬ ਹੋਵੇਗੀ ਗ਼ਰੀਬਾਂ ਦੀ ਤਬਾਹੀ ਤਦ ਤਕ।
2. ਹੈ ਦੇਸ਼ ਭਗਤੀ ਤਬਾਹੀ ਮਨੁੱਖਤਾਈ ਦੀ
ਐਲਾਨ-ਜੰਗ ਹੈ ਕੋਮਲ ਸ਼ਬਦ 'ਵਤਨ ਮੇਰਾ'।

(ਬਾਵਾ ਬਲਵੰਤ-ਮਹਾਂਨਾਚ)

ਜੰਗ ਦਾ ਵਿਰੋਧ ਤੇ ਅਮਨ ਦੀ ਸਥਾਪਨਾ ਇਹਨਾਂ ਕਵੀਆਂ ਨੂੰ ਨਵੇਂ ਸਮਾਜਵਾਦੀ ਸਮਾਜ ਦੀ ਸਿਰਜਣਾ ਲਈ ਜ਼ਰੂਰੀ ਵੀ ਜਾਪਦੀ ਹੈ ਅਤੇ ਇਹ ਇਸ ਗੱਲੋਂ ਵੀ ਚੇਤੰਨ ਹਨ ਕਿ ਅਮਨ ਪੂਰੀ ਤਰ੍ਹਾਂ ਸਮਾਜਵਾਦੀ ਸਮਾਜਿਕ ਢਾਂਚੇ ਵਿਚ ਹੀ ਸਥਾਪਤ ਹੋ ਸਕਦਾ ਹੈ। ਇਸ ਲਈ ਪ੍ਰਗਤੀਵਾਦ ਕਵਿਤਾ ਵਿਚ ਨਵੇਂ ਯੁੱਗ ਦੀ ਕਲਪਨਾ ਜਾਂ ਸਮਾਜਵਾਦੀ ਢਾਂਚੇ ਦਾ ਚਿਤਰਣ ਇਸ ਕਵਿਤਾ ਦਾ ਪੰਜਵਾਂ ਪ੍ਰਮੁੱਖ ਲੱਛਣ ਹੈ। ਇਸੇ ਕਰਕੇ ਇਸ ਨੂੰ ਸਮਾਜਵਾਦੀ ਯਥਾਰਥਵਾਦੀ ਕਵਿਤਾ ਵੀ ਕਿਹਾ ਜਾਂਦਾ ਹੈ। 1947 ਤੋਂ ਪਹਿਲਾਂ ਹੀ ਉਪਰੋਕਤ ਕਵੀਆਂ ਦੇ ਨਾਲ ਪਿਆਰਾ ਸਿੰਘ ਸਹਿਰਾਈ, ਜਰਨੈਲ ਸਿੰਘ ਅਰਸ਼ੀ ਅਤੇ ਸੰਤੋਖ ਸਿੰਘ ਧੀਰ ਵਰਗੇ ਨਵੀਂ ਪੀੜ੍ਹੀ ਦੇ ਕਵੀ ਵੀ ਸ਼ਾਮਲ ਹੋ ਗਏ ਸਨ। ਇਨ੍ਹਾਂ ਸਭ ਕਵੀਆਂ ਨੇ ਨਵੇਂ ਯੁੱਗ ਦੀ ਉਸਾਰੀ ਲਈ ਪ੍ਰੇਰਨਾ ਦਿੱਤੀ ਹੈ ਅਤੇ ਉਸ ਯੁੱਗ ਦੀ ਆਸ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਲਿਖਿਆ ਹੈ। ਕੁੱਝ ਉਦਾਹਰਣਾਂ ਹੇਠ ਲਿਖੀਆਂ ਹਨ :

1. ਸ਼ਹਿਨਸ਼ਾਹੀਅਤ ਖ਼ਤਮ ਹੋ ਰਹੀ, ਯੁੱਗ ਨਵਾਂ ਹੈ ਆ ਰਿਹਾ।
ਦੁਨੀਆਂ ਦੇ ਨੇਰ੍ਹੇ ਕੋਨਿਆਂ ਤੋਂ, ਨੂਰ ਹੈ ਹੁਣ ਛਾ ਰਿਹਾ।
ਆਪਣੇ ਡੋਲ੍ਹੇ ਖ਼ੂਨ ਵਿਚ ਹੁਣ ਡੁਬਣਾ ਜਲਾਦ ਨੇ।
ਆਪਣੇ ਬਣਾਏ ਕਫ਼ਨ ਵਿਚ ਹੁਣ ਫਸਣਾ ਸੱਯਾਦ ਨੇ।

ਮਜ਼ਦੂਰ ਤੇ ਕ੍ਰਿਸਾਣ ਆਪਣੇ ਹੱਕ ਹੁਣ ਲੈ ਲੈਣਗੇ
ਤਖ਼ਤਾਂ ਨੂੰ ਝੂਟੇ ਆ ਰਹੇ ਨੇ, ਤਾਜ ਸਭ ਡਿਗ ਪੈਣਗੇ।
ਨਾ ਦਿਲ ਕਿਸੇ ਦੇ ਹੁਣ ਕਦੀ ਅਰਮਾਨ ਕੁਚਲੇ ਜਾਣਗੇ।
ਪੂੰਜੀ ਦੇ ਪੈਰਾਂ ਹੇਠ ਨਾ ਇਨਸਾਨ ਕੁਚਲੇ ਜਾਣਗੇ।

(ਜਰਨੈਲ ਸਿੰਘ ਅਰਸ਼ੀ, ਲਲਕਾਰ ਕਵਿਤਾ : ਨਵਯੁੱਗ)

2. ਇਹ ਚਰਣ ਨਵਾਂ ਯੁਗ ਰਖਣਾ।
ਤਲਵਾਰਾਂ ਨਾਲ ਪਲਚਣਾ ਹੁਣ।
ਚੜ੍ਹ ਸੂਲੀਆਂ ਉਤੇ ਨਚਣਾ ਹੁਣ।
ਮੇਰੇ ਮਰਨੋਂ ਨਾ ਘਬਰਾਉਣ ਗੀਤ।

(ਮੋਹਨ ਸਿੰਘ-ਕਸੁੰਭੜਾ)

ਰੂਪ ਪੱਖ ਤੋਂ ਬਾਵਾ ਬਲਵੰਤ ਤੇ ਪ੍ਰੀਤਮ ਸਿੰਘ ਸਫ਼ੀਰ ਇਸ ਦੌਰ ਦੇ ਸਾਰੇ ਕਵੀਆਂ ਨਾਲੋਂ ਅੱਡਰੇ ਹਨ। ਦੋਹਾਂ ਦੀ ਬੋਲੀ ਸਾਧਾਰਨ ਪੇਂਡੂ ਪੰਜਾਬੀ ਹੈ। ਦੋਹਾਂ ਦੇ ਪ੍ਰਤੀਕ-ਵਿਧਾਨ ਵਿਚ ਮਿਥਿਹਾਸਕ ਹਵਾਲੇ ਦੂਜੇ ਕਵੀਆਂ ਨਾਲੋਂ ਵਧੇਰੇ ਮਾਤਰਾ ਵਿਚ ਹਨ ਅਤੇ ਦੋਹਾਂ ਵਿਚ ਬਿੰਬਾਵਲੀ ਵੀ ਧੁੰਦਲੀ ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਦੋਵੇਂ ਕਵੀ ਵੱਖ-ਵੱਖ ਦ੍ਰਿਸ਼ਟੀਕੋਣ ਤੋਂ ਪੰਜਾਬੀ ਕਵਿਤਾ ਵਿਚ ਕੁੱਝ ਨਵੇਂ ਪ੍ਰਯੋਗ ਕਰ ਰਹੇ ਸਨ। ਬਾਕੀ ਸਾਰੇ ਕਵੀ, ਕਿਉਂਕਿ ਸਾਧਾਰਨ ਪੰਜਾਬੀ ਪਾਠਕ ਨਾਲ ਸੰਬੰਧਿਤ ਸਨ, ਇਸ ਲਈ ਉਨ੍ਹਾਂ ਦੇ ਛੰਦ ਜਾਂ ਪੁਰਾਣੇ ਕਿੱਸਾ-ਕਾਵਿ ਤੇ ਸੂਫ਼ੀ ਕਾਵਿ ਤੋਂ ਪ੍ਰਭਾਵਿਤ ਹਨ ਅਤੇ ਜਾਂ ਪੰਜਾਬੀ ਲੋਕ ਗੀਤਾਂ ਤੋਂ। ਉਨ੍ਹਾਂ ਦੀ ਬੋਲੀ ਦੀ ਨੁਹਾਰ ਪੇਂਡੂ ਹੈ ਅਤੇ ਉਨ੍ਹਾਂ ਨੇ ਇਤਿਹਾਸ ਮਿਥਿਹਾਸ ਵਿਚੋਂ ਉਨ੍ਹਾਂ ਹਵਾਲਿਆਂ ਨੂੰ ਲੈ ਕੇ ਹੀ ਪ੍ਰਤੀਕ ਰੂਪ ਵਿਚ ਵਰਤਿਆ ਹੈ ਜਿਹੜੇ ਹਵਾਲੇ ਲੋਕਾਂ ਦੇ ਆਮ ਜੀਵਨ ਵਿਚ, ਉਨ੍ਹਾਂ ਦੇ ਸਾਂਝੇ ਗਿਆਨ-ਅਨੁਭਵ ਦਾ ਅੰਗ ਬਣ ਚੁੱਕੇ ਸਨ।

(4)

1947 ਤੋਂ 1960 ਤੱਕ ਦਾ ਸਮਾਂ ਪੰਜਾਬੀ ਕਾਵਿ ਦੇ ਪਿਛਲੇ ਸੱਤਰ ਕੁ ਵਰ੍ਹਿਆਂ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਪੜਾਅ ਹੈ। 1947 ਈ. ਵਿੱਚ ਪੰਜਾਬ ਦੇ ਲੋਕਾਂ ਦੇ ਜੀਵਨ ਵਿੱਚ ਵਿਸ਼ੇਸ਼ ਪਰਿਵਰਤਨ ਆਇਆ, ਫ਼ਲਸਰੂਪ ਪੰਜਾਬੀ ਕਵਿਤਾ ਵੀ ਇੱਕ ਨਵੇਂ ਦੌਰ ਵਿੱਚ ਦਾਖ਼ਲ ਹੋਈ। ਇਸ ਸਮੇਂ ਰਹੱਸਵਾਦੀ ਤੇ ਰਾਸ਼ਟਰਵਾਦੀ ਪੰਜਾਬੀ ਕਵਿਤਾ ਆਪਣਾ ਅੰਤਿਮ ਦੌਰ ਹੰਢਾ ਰਹੀ ਸੀ। ਰੁਮਾਂਸਵਾਦੀ ਅਤੇ ਪ੍ਰਗਤੀਵਾਦੀ ਜਾਂ ਰੁਮਾਂਟਿਕ ਪ੍ਰਗਤੀਵਾਦੀ ਕਵਿਤਾ ਆਪਣੇ ਸਿਖ਼ਰ ਉਤੇ ਸੀ, ਪ੍ਰਗਤੀਵਾਦੀ ਝੁਕਾਅ ਦਾ ਇਹ ਹੀ ਇਕ ਅੰਤਰਮੁਖੀ ਰੂਪ ਮੁੜ ਛਾਇਆਵਾਦੀ ਪ੍ਰਵਿਰਤੀ ਵੱਲ ਜਾ ਰਿਹਾ ਸੀ, ਜਿਸ ਨੂੰ ਪ੍ਰੋ. ਸੇਖੋਂ ਨੇ ਸੁਹਜਵਾਦ ਦਾ ਨਾਂ ਦਿੱਤਾ ਸੀ ਅਤੇ ਇਕ ਐਂਟੀਰੁਮਾਂਟਿਕ (antiromantic) ਜਾਂ ਪ੍ਰਯੋਗਵਾਦੀ ਝੁਕਾਅ ਦੇ ਪ੍ਰਭਾਵ ਦੀਆਂ ਕਨਸੋਆਂ ਸੁਣਾਈ ਦੇਣ ਲੱਗ ਪਈਆਂ ਸਨ। ਇਹ ਬਹੁ-ਭਾਂਤੀ ਕਾਵਿ ਸਿਰਜਣ ਦਾ ਅਧਿਐਨ ਹੀ ਸਾਡਾ ਵਿਸ਼ਾ ਹੈ।

1947 ਤੋਂ 1960 ਤੱਕ ਦੇ ਪ੍ਰਮੁੱਖ ਕਵੀ ਤੇ ਇਸ ਸਮੇਂ ਵਿਚ ਛਪੀਆਂ ਪੁਸਤਕਾਂ :

1. ਭਾਈ ਵੀਰ ਸਿੰਘ (ਮੇਰੇ ਸਾਈਆਂ ਜੀਓ)
2. ਲਾਲਾ ਧਨੀ ਰਾਮ 'ਚਾਤ੍ਰਿਕ' (ਸੂਫ਼ੀ ਖਾਨਾ)
3. ਪ੍ਰੀਤਮ ਸਿੰਘ 'ਸਫ਼ੀਰ' (ਆਦਿ-ਜੁਗਾਦਿ)
4. ਮੋਹਨ ਸਿੰਘ (ਕੱਚ ਸੱਚ, ਆਵਾਜ਼ਾਂ, ਵੱਡਾ ਵੇਲਾ)
5. ਅੰਮ੍ਰਿਤਾ ਪ੍ਰੀਤਮ (ਲੰਮੀਆਂ ਵਾਟਾਂ, ਸਰਘੀ ਵੇਲਾ, ਸੁਨੇਹੜੇ, ਅਸ਼ੋਕਾ ਚੇਤੀ, ਕਸਤੂਰੀ)
6. ਬਾਵਾ ਬਲਵੰਤ (ਬੰਦਰਗਾਹ, ਸੁਗੰਧ-ਸੁਮੀਰ)
7. ਦੇਵਿੰਦਰ ਸਤਿਆਰਥੀ (ਕਣਕ ਤੇ ਮੁੜ੍ਹਕਾ, ਲੱਕ ਟਣੂ ਟਣੂ)
8. ਪਿਆਰਾ ਸਿੰਘ ਸਹਿਰਾਈ (ਸਮੇਂ ਦਾ ਵਾਗ)
9. ਸੰਤੋਖ ਸਿੰਘ ਧੀਰ (ਧਰਤੀ ਮੰਗਦੀ ਮੀਂਹ ਵੇ, ਪਤ ਝੜੇ ਪੁਰਾਣੇ)
10. ਪ੍ਰਭਜੋਤ ਕੌਰ (ਸੁਪਨੇ ਸੱਧਰਾਂ, ਪੰਖੇਰੂ, ਵਣ ਕਪਾਸੀ)

11. ਅਵਤਾਰ ਸਿੰਘ ਆਜ਼ਾਦ (ਮਰਦ ਅਗੰਮੜਾ, ਵਿਸ਼ਵ ਨੂਰ)

**ਨਵੇਂ ਕਵੀ**

1. ਹਰਿਭਜਨ ਸਿੰਘ (ਲਾਸਾਂ, ਤਾਰ ਤੁਪਕਾ)
2. ਗੁਰਬਚਨ ਰਾਮਪੁਰੀ (ਕਣਕਾਂ ਦੀ ਖੁਸ਼ਬੋ, ਕੌਲ ਕਰਾਰ)
3. ਸੁਰਜੀਤ ਰਾਮਪੁਰੀ (ਗੀਤਾਂ ਭਰੀ ਸਵੇਰ, ਠਰੀ ਚਾਨਣੀ)
4. ਸੁਖਬੀਰ (ਪੈੜਾਂ)
5. ਤਾਰਾ ਸਿੰਘ (ਸਿੰਮਦੇ ਪੱਥਰ)
6. ਹਜ਼ਾਰਾ ਸਿੰਘ ਗੁਰਦਾਸਪੁਰੀ (ਸਿੱਟੀ ਰੋਈ)
7. ਅਜਾਇਬ ਚਿਤਰਕਾਰ (ਸੂਰਜਮੁਖੀਆ)
8. ਈਸ਼ਵਰ ਚਿਤਰਕਾਰ (ਸੂਲ ਸੁਰਾਹੀ, ਭੁੱਖ ਦੀਆਂ ਲਾਟਾਂ)
9. ਜਸਵੰਤ ਸਿੰਘ ਨੇਕੀ (ਅਸਲੇ ਦੇ ਓਹਲੇ)
10. ਸੁਖਪਾਲਵੀਰ ਸਿੰਘ ਹਸਰਤ (ਪਤਝੜਾਂ, ਹਯਾਤੀ ਦੇ ਸੋਮੇ)
11. ਪ੍ਰਿ. ਤਖ਼ਤ ਸਿੰਘ (ਵੰਗਾਰ, ਕਾਵਿ ਹਿਲੂਣੇ)
12. ਜਗਤਾਰ (ਤਲਖੀਆਂ, ਰੰਗੀਨੀਆਂ)
13. ਰਣਧੀਰ ਸਿੰਘ (ਰਾਹਾਂ ਦੀ ਧੂੜ)
14. ਹੀਰਾ ਸਿੰਘ ਦਰਦ (ਹੋਰ ਅਗੇਰੇ)

**ਭਾਰਤ ਦੀ ਆਜ਼ਾਦੀ ਅਤੇ ਪੰਜਾਬ ਦੀ ਵੰਡ**

ਦੂਜੇ ਸੰਸਾਰ ਯੁੱਧ ਤੋਂ ਪਿਛੋਂ ਯੂ.ਐਨ.ਓ. ਦੀ ਸਥਾਪਨਾ, ਕੌਮਾਂਤਰੀ ਅਮਨ ਲਹਿਰ, ਭਾਰਤ ਦੀ ਸੁਤੰਤਰਤਾ ਤੇ ਪੰਜਾਬ ਦੀ ਵੰਡ, ਆਦਿਕ ਅਜਿਹੀਆਂ ਘਟਨਾਵਾਂ ਸਨ ਜਿਨ੍ਹਾਂ ਦਾ ਇਸ ਸਮੇਂ ਦੀ ਪੰਜਾਬੀ ਕਵਿਤਾ ਉਤੇ ਡੂੰਘਾ ਪ੍ਰਭਾਵ ਹੈ।

ਉਸ ਸਮੇਂ ਦੇ ਇਕ ਨਵੇਂ ਉਠ ਰਹੇ ਕਵੀ, ਰਣਧੀਰ ਸਿੰਘ ਦੇ ਸ਼ਬਦਾਂ ਵਿਚ 'ਇਹ ਤਿੰਨ ਸਾਲ' (1947, 48, 49) ਸਾਡੇ ਦੇਸ਼ ਦੇ ਲੋਕਾਂ ਲਈ ਬਹੁਤ ਹੋਣੀਆਂ ਭਰੇ ਸਾਲ ਸਨ, ਜਦ ਇਕ ਆਜ਼ਾਦੀ ਦੀ ਲਹਿਰ ਸਾਮਰਾਜ ਨਾਲ ਸਮਝੌਤੇ ਦੀਆਂ ਦਲਦਲਾਂ 'ਚ ਗੁਆਚ ਗਈ ਤੇ ਉਸ ਤੋਂ ਬਾਅਦ ਬੱਸ ਫ਼ਿਰਕੂ ਫ਼ਸਾਦ ਸਨ, ਪੰਜਾਬ ਤੇ ਬੰਗਾਲ ਦੀਆਂ ਵੰਡੀਆਂ ਤੇ ਹੋਰ ਫ਼ਸਾਦ। ਰੱਤ-ਨੁਚੜਦੇ ਦਿਨ ਸਨ ਤੇ ਫੱਟੀਆਂ ਪੀੜਾਂ, ਰਿਸਦੀਆਂ ਰਾਤਾਂ ਤੇ ਇਕ ਆਜ਼ਾਦੀ, ਜੋ ਪਤਝੜਾਂ ਦੇ ਪਹਿਲੇ ਸਾਲ 'ਚ ਹੀ ਝੜ ਗਈ। ਪਰ ਨਾਲ ਹੀ ਇਨ੍ਹਾਂ ਸਾਲਾਂ ਨੇ ਇਕ ਰਾਂਗਲੇ ਤੇ ਆਸਾ-ਭਰਪੂਰ ਭਵਿੱਖਤ ਵੱਲ ਜਾਂਦੀਆਂ ਰਾਹਾਂ ਵੀ ਨਿਖਾਰੀਆਂ ਹਨ, ਲੋੜ ਹੈ ਵੇਖਣ ਦੀ ਤੇ ਅੱਗੇ ਵਧਣ ਦੇ ਹੌਂਸਲੇ ਦੀ। ('ਰਾਹਾਂ ਦੀ ਧੂੜ' ਦੀ ਭੂਮਿਕਾ, ਜਨਵਰੀ 1950, ਪੰਨਾ 7)

ਆਰਥਕ ਖੁਸ਼ਹਾਲੀ ਤੋਂ ਸੱਖਣੀ ਰਾਜਨੀਤਿਕ ਆਜ਼ਾਦੀ, ਪੰਜਾਬ ਦੀ ਬਰਬਾਦੀ ਤੇ ਫ਼ਿਰਕੂ ਫ਼ਸਾਦਾਂ ਨੂੰ ਮੁੱਖ ਰੱਖਦਿਆਂ ਉਰਦੂ ਦੇ ਪ੍ਰਸਿੱਧ ਸ਼ਾਇਰਾਂ (ਫੈਜ਼ ਅਹਿਮਦ ਫੈਜ਼, ਜੋਸ਼ ਮਲੀਹਾਬਾਦੀ ਤੇ ਕੈਫ਼ੀ ਆਜ਼ਮੀ) ਨੇ ਵੀ ਕੁਝ ਇਸ ਭਾਵ ਦੀਆਂ ਕਵਿਤਾਵਾਂ ਲਿਖੀਆਂ ਹਨ :

1. ਯੇ ਦਾਗ ਦਾਗ ਉਜਾਲਾ, ਯੇ ਸ਼ਬ ਗਜ਼ੀਦਾ ਸਹਰ,
ਵੋ ਇੰਤਜ਼ਾਰ ਥਾ ਜਿਸਕਾ, ਯੇ ਵੋ ਸਹਰ ਤੋ ਨਹੀਂ।
ਯੇ ਵੋ ਸਹਰ ਤੋ ਨਹੀਂ ਜਿਸਕੀ ਆਰਜ਼ੂ ਲੇਕਰ
ਚਲੇ ਥੇ ਯਾਰ ਕਿ ਮਿਲ ਜਾਏਗੀ ਕਹੀਂ ਨਾ ਕਹੀਂ
............... .................... ....................
ਨਜ਼ਾਤੇ ਦੀਦਾ-ਓ-ਦਿਲ ਕੀ ਘੜੀ ਨਹੀਂ ਆਈ।
ਚਲੇ ਚਲੋ ਕਿ ਵੋ ਮੰਜ਼ਿਲ ਅਭੀ ਨਹੀਂ ਆਈ।

(ਫੈਜ਼)

2. ਹਮ ਨੇ ਸੋਚਾ ਥਾ ਯੇ ਇਨਕਲਾਬ ਆਤੇ ਹੀ
ਨਜ਼ਮੇ ਕੁਹਨਾ ਚਮਨ ਕਾ ਬਦਲ ਜਾਏਗਾ
ਯੇ ਖ਼ਬਰ ਕਿਸ ਕੋ ਥੀ ਆਤਸ਼ੇ-ਗੁਲ ਸੇ ਹੀ
ਤਿਨਕਾ ਤਿਨਕਾ ਨਸ਼ੇਮਨ ਕਾ ਜਲ ਜਾਏਗਾ।

(ਜੋਸ਼)

3. ਮਸਾਲਹਤ ਕੇ ਸਕੂਤ ਮੇਂ 'ਹੁਮਹੁਮੇ' ਬਜਾਵਤ ਕੇ ਢਲ ਚੁਕੇ ਹੈਂ।
ਬਦਲਨੇ ਉਠੇ ਥੇ ਜੋ ਮੁਕੱਦਰ ਵੁਹ ਰਾਹਨੁਮਾ ਬਦਲ ਚੁਕੇ ਹੈਂ।
ਕਹਾਂ ਮਫ਼ਦਾਤੇ-ਹੁਕਮਰਾਨੀ, ਕਹਾਂ ਤਕਾਜ਼ਾਏ-ਰਾਹਨੁਮਾਈ।
ਬੜ੍ਹੇਂਗੇ ਝੁਕਾ ਕੇ ਰਾਹਬਰੋਂ ਕੋ, ਉਹ ਕਾਫ਼ਲੇ ਜੋ, ਚਲ ਚੁਕੇ ਹੈਂ।

(ਕੈਫ਼ੀ ਆਜ਼ਮੀ)

ਪੰਜਾਬੀ ਬੋਲੀ ਵਿਚ ਲਿਖਣ ਵਾਲੇ ਕਵੀਆਂ ਨੇ ਵੀ ਉਪਰੋਕਤ ਦਰਸਾਈ ਅਧੂਰੀ ਆਜ਼ਾਦੀ ਤੇ ਵੰਡ ਦੀ ਬਰਬਾਦੀ ਨੂੰ ਬੜੇ ਜ਼ੋਸ ਨਾਲ ਭੰਡਿਆ। ਅੰਗਰੇਜ਼ੀ ਸਾਮਰਾਜ ਦੀ ਚਾਲ, ਭਾਰਤੀ ਬੁਰਜੁਆਜ਼ੀ ਦਾ ਅੰਗਰੇਜ਼ ਹਕੂਮ ਨਾਲ ਸਮਝੋਤਾ, ਮਜ਼੍ਹਬੀ ਫਿਰਕਾਪ੍ਰਸਤੀ ਤੇ ਅਯੋਗ-ਆਗੂ, ਪੰਜਾਬ ਦੀ ਵੰਡ ਅਤੇ ਲਗਭਗ ਪੰਜ ਲੱਖ ਜਾਨਾਂ ਦੇ ਘਾਤ ਦੇ ਜ਼ਿੰਮੇਵਾਰੀ ਠਹਿਰਾਏ ਗਏ, ਪਰ ਸਮੁੱਚੇ ਤੌਰ 'ਤੇ ਪੰਜਾਬੀ ਕਵੀਆਂ ਨੇ ਇਸ ਹੋਣੀ ਨੂੰ ਉਪਭਾਵਕ ਜਿਹੇ ਦ੍ਰਿਸ਼ਟੀਕੋਣ ਤੋਂ ਹੀ ਚਿਤਰਿਆ ਹੈ। ਲਾਲਾ ਧਨੀ ਰਾਮ 'ਚਾਤ੍ਰਿਕ', ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਤੇ ਹਰਿਭਜਨ ਸਿੰਘ ਦੀਆਂ ਕਵਿਤਾਵਾਂ ਵਿਚੋਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ :

1. ਨੀ ਆਜ਼ਾਦੀ ਦੀ ਘੜੀ
ਕਿਸ ਦੇ ਕੋਠੇ ਜਾ ਚੜ੍ਹੀ
ਕਿਹੜੇ ਡਾਕੂ ਨੇ ਫੜੀ
ਦਿਤੀ ਮੁਹਰੇ ਦੀ ਪੁੜੀ
ਨੀ ਬਲੈਕ ਦੀ ਕੁੜੀ।

(ਚਾਤ੍ਰਿਕ)

2. ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।
ਵੇ ਦਰਦਮੰਦਾਂ ਦਿਆ ਦਰਦੀਆ ਉਠ ਤਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿੱਛੀਆਂ ਤੇ ਲਹੂ ਦੀ ਭਰੀ ਚਨਾਬ।

(ਅੰਮ੍ਰਿਤਾ ਪ੍ਰੀਤਮ)

3. ਆਈ ਮਜ੍ਹਬਾਂ ਦੀ ਕਾਂਗ,
ਕੱਚੇ ਘੜਿਆਂ ਦੇ ਵਾਂਗ,
ਟੁੱਟਾ ਸੋਹਣੀ ਦਾ ਦੇਸ਼,
ਅੱਖਾਂ ਪਈਆਂ ਨੇ ਰੋ।

(ਅੰਮ੍ਰਿਤਾ ਪ੍ਰੀਤਮ)

4. ਹੋ ਕਣਕਾਂ ਗੋਡੀਆਂ
ਕਹਿੰਦੇ ਲੰਘ ਗਈ ਏ ਰਾਤ

ਕਹਿੰਦੇ ਆਈ ਏ ਪ੍ਰਭਾਤ
ਮੇਰੇ ਅਰਸ਼ਾਂ ਤੇ ਸਿਆਹੀਆਂ
ਅਜੇ ਓਡੀਆਂ ਹੀ ਉਡੀਆਂ।

(ਅੰਮ੍ਰਿਤਾ ਪ੍ਰੀਤਮ)

5. ਜੁਗਾਂ ਦੀ ਸਾਂਝੀ ਸਭਿਅਤਾ ਪੈਰੀਂ ਲਿਤੜ ਗਈ।
ਸਦੀਆਂ ਦੇ ਸਾਂਝੇ ਖ਼ੂਨ ਦਾ ਵੀ ਨ੍ਹਾਣ ਹੋ ਗਿਆ।
ਕੁਝ ਐਸਾ, ਕੁਫਰ ਤੋਲਿਆ ਈਮਾਨ ਵਾਲਿਆਂ
ਕਿ ਕੁਫਰ ਤੋਂ ਹੀ ਹੋਲਾ ਹੈ ਈਮਾਨ ਹੋ ਗਿਆ।
ਹਿੰਦਵਾਣੀਆਂ, ਤੁਰਕਾਣੀਆਂ ਦੋਹਾਂ ਦੀ ਪਤ ਗਈ।
ਬੁਰਕੇ, ਸੰਧੂਰ ਦੋਹਾਂ ਦਾ ਅਪਮਾਨ ਹੋ ਗਿਆ।

(ਮੋਹਨ ਸਿੰਘ)

6. ਵੇ ਪੱਸਰੀ ਜਹਾਨ ਉਤੇ ਮੌਤ ਦੀ ਹਵਾੜ
ਵੇ ਖਿੰਡ ਗਈਆਂ ਮਹਿਫ਼ਲਾਂ ਤੇ ਛਾ ਗਈ ਉਜਾੜ।
ਵੇ ਜ਼ਿੰਦਗੀ ਬੇਹੋਸ਼ ਤੇ ਖਾਮੋਸ਼ ਕਾਇਨਾਤ।
ਸੌਂ ਜਾ ਮੇਰੇ ਮਾਲਕਾ ਵੀਰਾਨ ਹੋਈ ਰਾਤ।
ਵੇ ਸੌਂ ਜਾ ਇੰਝ ਅੱਖੀਆਂ ਚੋਂ ਅੱਥਰੂ ਨਾ ਕੇਰ।
ਸਿਤਾਰਿਆਂ ਦੀ ਸਦਾ ਨਹੀਂ ਡੁਬਣੀ ਸਵੇਰ।
ਹਮੇਸ਼ ਨਹੀਂ ਕੁਦਣਾ ਮਨੁੱਖ ਨੂੰ ਜਨੂਨ
ਹਮੇਸ਼ ਨਹੀ ਡੁਲ੍ਹਣਾ ਜ਼ਮੀਨ ਉਤੇ ਖ਼ੂਨ।
ਹਮੇਸ਼ ਨ ਵੀਰਾਨ ਹੋਣੀ ਅੱਜ ਵਾਂਗ ਰਾਤ।
ਸੌਂ ਜਾ ਮੇਰੇ ਮਾਲਕਾ ਵੀਰਾਨ ਹੋਈ ਰਾਤ।

(ਹਰਿਭਜਨ ਸਿੰਘ)

ਸਪੱਸ਼ਟ ਹੈ ਕਿ ਪੰਜਾਬ ਦੇ ਕਵੀ ਭਾਰਤ ਦੀ ਅਜਿਹੀ ਸੁਤੰਤਰਤਾ ਨਾਲ ਸੰਤੁਸ਼ਟ ਨਹੀਂ ਸਨ ਜਿਸ ਦੇ ਆਉਂਦਿਆਂ ਹੀ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ ਅਤੇ ਆਜ਼ਾਦੀ ਦੀ ਖੁਸ਼ੀ ਮੌਤ ਦੀ ਹਵਾੜ ਵਿਚ ਗੁਆਚ ਗਈ। ਅਸੰਤੁਸ਼ਟੀ ਦਾ ਦੂਜਾ ਕਾਰਨ ਇਹ ਸੀ ਕਿ ਭਾਰਤ ਵਿਚ ਵੰਡ ਪਿਛੋਂ ਛੇਤੀ ਹੀ ਬਲੈਕ, ਭ੍ਰਿਸ਼ਟਾਚਾਰ, ਸਮੱਗਲਿੰਗ ਆਦਿ ਬੁਰਾਈਆਂ ਵਿਚ ਵਾਧਾ ਹੋਇਆ। ਇਸ ਹੋਣੀ ਤੋਂ ਛੁਟਕਾਰਾ ਹਾਸਲ ਕਰਨ ਲਈ ਅੰਮ੍ਰਿਤਾ ਨੇ ਮਨੁੱਖਤਾ ਦੇ ਆਸ਼ਕ ਕਵੀ, ਵਾਰਿਸ਼ ਨੂੰ ਵੰਗਾਰਿਆ, ਅਰਥਾਤ ਆਪਣੇ ਅੰਦਰ ਬੈਠੇ ਕਵੀ ਨੂੰ ਵੰਗਾਰ ਪਾਈ। ਮੋਹਨ ਸਿੰਘ ਦੀ ਕਵਿਤਾ 'ਗੁਰੂ ਨਾਨਕ ਨੂੰ' ਇਕ ਤਰ੍ਹਾਂ ਸਾਡੇ ਉਸ ਧਾਰਮਿਕ ਵਿਰਸੇ ਉਤੇ ਵਿਅੰਗ ਵੀ ਹੈ ਜਿਸ ਨੂੰ ਅਸੀਂ ਸਾਂਝਾ ਧਰਮ ਕਹਿੰਦੇ ਹਾਂ ਪਰ ਵਾਸਤਵ ਵਿਚ ਉਸ ਦੇ ਅਸਰ ਹੇਠ ਵੀ ਅਸੀਂ ਫਿਰਕਾਪ੍ਰਸਤੀ ਤੋਂ ਉਤੇ ਨਹੀਂ ਉਠ ਸਕੇ। ਸਾਡੀ ਅਖੌਤੀ ਆਸਤਿਕਤਾ, ਨਾਸਤਿਕਤਾ ਨਾਲੋਂ ਵੀ ਨਾਕਿਸ ਸਾਬਤ ਹੋਈ। ਹਰਿਭਜਨ ਸਿੰਘ 1947 ਦੇ ਫ਼ਸਾਦਾਂ ਨੂੰ ਇਕ ਪਾਗਲਪਨ (ਜਨੂਨ) ਦੀ ਖੇਡ ਸਮਝਦਾ ਹੈ ਤੇ ਉਸ ਦਾ ਵਿਸ਼ਵਾਸ ਹੈ ਕਿ ਅਜਿਹਾ ਪਾਗਲਪਨ ਮਨੁੱਖ ਨੂੰ ਬਹੁਤ ਚਿਰ ਨਹੀਂ ਚੜ੍ਹਿਆ ਰਹਿੰਦਾ। ਇਸ ਵਕਤੀ ਉਬਾਲ ਤੋਂ ਪਿੱਛੋਂ ਮਨੁੱਖ ਜ਼ਰੂਰ ਅਸਲੀਅਤ ਨੂੰ ਸਮਝੇਗਾ ਤੇ ਆਪਣੀਆਂ ਘਾਤਕ ਰੁਚੀਆਂ ਨੂੰ ਤਿਆਗ ਦੇਵੇਗਾ। ਪੰਜਾਬ ਦੀ ਵੰਡ ਉੱਤੇ ਛਪੀਆਂ ਕਵਿਤਾਵਾਂ ਵਿਚੋਂ ਇਹ ਵਧੇਰੇ ਆਸ਼ਾਵਾਦੀ ਕਵਿਤਾ ਹੈ।

**ਪ੍ਰਗਤੀਵਾਦੀ ਝੁਕਾਅ**

ਪ੍ਰਗਤੀਵਾਦੀ ਜਾਂ ਸਮਾਜਵਾਦੀ ਯਥਾਰਥਵਾਦ ਦੇ ਪ੍ਰਭਾਵ ਹੇਠ 1947 ਤੋਂ ਪਹਿਲਾਂ ਵੀ ਪੰਜਾਬੀ ਵਿਚ ਕਾਵਿ ਸਿਰਜਣਾ ਹੋ ਰਹੀ ਸੀ, ਪਰ ਪੰਜਾਬ ਦੀ ਵੰਡ ਨੇ ਧਾਰਮਿਕ ਕੱਟੜਤਾ ਦੇ ਸਮਾਜ-ਵਿਰੋਧੀ ਤੱਤ ਨੂੰ, ਸਾਮਰਾਜੀ ਤਾਕਤਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ, ਉਜੜੇ-ਪੁਜੜੇ ਲੋਕਾਂ ਦੇ ਮੁੜ ਵਸਣ ਦੀ ਸਮੱਸਿਆ ਨੂੰ, ਨਿੱਤ ਦੇ ਜੀਵਨ ਦੀਆਂ ਲੋੜਾਂ ਨੂੰ ਅਤੇ

ਉਨ੍ਹਾਂ ਔਕੜਾਂ ਨੂੰ ਜੋ ਆਮ ਮਨੁੱਖ ਲਈ ਸਹਿਨ ਕਰਨੀਆਂ ਵੀ ਬਹੁਤ ਮੁਸ਼ਕਲ ਸਨ, ਇੰਨਾ ਉਭਾਰ ਕੇ ਤੇ ਇੰਨਾ ਸਪੱਸ਼ਟ ਰੂਪ ਵਿਚ ਸਾਹਿਤਕਾਰ ਦੇ ਸਾਹਮਣੇ ਲੈ ਆਂਦਾ ਕਿ ਪੰਜਾਬੀ ਕਵੀ ਰਾਸ਼ਟਰਵਾਦ ਤੋਂ ਅਤਿ ਰਾਸ਼ਟਰਵਾਦ ਅਤੇ ਨਿੱਜੀ ਰਾਜਨੀਤਿਕ ਆਜ਼ਾਦੀ ਤੋਂ ਆਰਥਕ ਆਜ਼ਾਦੀ ਦੀ ਚੇਤੰਨਤਾ ਵੱਲ ਵਧੇ। ਪੱਛਮੀ ਪੰਜਾਬ ਵਿਚੋਂ ਉਜੜ ਕੇ ਆਏ ਕੁੱਝ ਕਵੀਆਂ ਨੂੰ ਗ਼ਰੀਬੀ ਤੇ ਕਰੜੀ ਮੁਸ਼ੱਕਤ ਦਾ ਨਿੱਜੀ ਅਨੁਭਵ ਹੋਇਆ। ਅਜਿਹੀ ਸਥਿਤੀ ਵਿਚੋਂ ਨਿਕਲਣ ਦਾ ਇਕੋ ਇਕ ਰਾਹ ਸਮਾਜਵਾਦੀ ਸਮਾਜਕ-ਪ੍ਰਬੰਧ ਦੀ ਉਸਾਰੀ ਹੀ ਨਜ਼ਰ ਆਉਂਦਾ ਸੀ। ਹਰਿਭਜਨ ਸਿੰਘ ਦੇ ਅਮੂਰਤ ਆਸ਼ਾਵਾਦ ਦੀ ਥਾਂ ਪਿਆਰਾ ਸਿੰਘ ਸਹਿਰਾਈ ਦੀ ਹੇਠ ਲਿਖੀ ਕਵਿਤਾ ਵਿਚ ਚੰਗੇਰੇ ਸਮਾਜ ਦਾ ਚਿੱਤਰ ਆਪਣੇ ਸਾਕਾਰ ਰੂਪ ਵਿਚ ਮੌਜੂਦ ਹੈ :

ਸੁਤੀ ਸੁਤੀ ਭਰਾਵਾਂ ਦੀ ਭੁੱਖ ਜਾਗੂ
ਧੂਹ ਪਾਣਗੇ ਭੁੱਲੇ ਪਿਆਰ ਭਾਈ।
ਕੰਨੀ ਪਊ ਮਾਂ-ਧਰਤ ਦੀ ਵਿਲਕਣੀ ਜਦ,
ਮਿਲੂ ਫੇਰ ਨਾ ਚੈਨ, ਕਰਾਰ ਭਾਈ।
ਬਾਹਵਾਂ ਖੁਲ੍ਹਸਨ ਛਾਤੀਆਂ ਧੜਕ ਉਕਸਣ,
ਖੜ੍ਹੇ ਕੌਣ ਫਿਰ ਰਾਹ ਵਿਚਕਾਰ ਭਾਈ।
ਢੇਰ ਹੋਣਗੀਆਂ ਕੰਧਾਂ ਰੇਤ ਦੀਆਂ,
ਗਿਆ ਜਿਨ੍ਹਾਂ ਨੂੰ ਗੈਰ ਉਸਾਰ ਭਾਈ।

ਪਰ ਗ਼ੈਰ ਦੀਆਂ ਉਸਾਰੀਆਂ ਰੇਤ ਦੀਆਂ ਕੰਧਾਂ ਨੇ ਆਪਣੇ ਆਪ ਢਹਿ ਢੇਰੀ ਨਹੀਂ ਹੋਣਾ, ਇਸ ਸਚਾਈ ਤੋਂ ਮੋਹਨ ਸਿੰਘ, ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਅੰਮ੍ਰਿਤਾ ਪ੍ਰੀਤਮ, ਗੁਰਚਰਨ ਸਿੰਘ ਰਾਮਪੁਰੀ ਆਦਿ ਅਨੇਕਾਂ ਹੀ ਕਵੀ ਭਲੀ ਭਾਂਤ ਜਾਣੂ ਸਨ। ਧਾਰਮਕ ਫਿਰਕਾਪ੍ਰਸਤੀ ਅਤੇ ਰਾਸ਼ਟਰਵਾਦ ਦੀ ਜ਼ਿੱਲ੍ਹਣ ਵਿਚੋਂ ਨਿਕਲ ਕੇ ਹੀ ਇਸ ਕੰਧ ਨੂੰ ਢਾਹਿਆ ਜਾ ਸਕਦਾ ਸੀ। ਇਸ ਲਈ ਧਾਰਮਕ ਕੱਟੜਤਾ ਤੇ ਨਿਰੋਲ ਰਾਸ਼ਟਰਵਾਦ ਦਾ ਵਿਰੋਧ ਉਸ ਸਮੇਂ ਦੀ ਪ੍ਰਗਤੀਵਾਦੀ ਕਵਿਤਾ ਦੇ ਉਘੇ ਲੱਛਣ ਹਨ। ਉਦਾਹਰਣ ਲਈ :

1. ਦੌਲਤ ਹੀ ਦੇ ਕਬਜ਼ੇ ਨੇ ਤਕਦੀਰ ਬਣਾਈ ਏ
ਇਕ ਚੀਜ਼ ਹੀ ਕਲਪਤ ਹੈ ਬੇਨਾਮ ਨਿਸ਼ਾਨੀ ਏ।
ਜੋ ਜਨਮਾਂ ਤੇ ਕਰਮਾਂ ਦੇ ਚੱਕਰ 'ਚ ਫਸਾ ਰਖੇ।
ਉਹ ਗਲਤ ਹੈ ਚਾਹੇ ਉਹ ਆਕਾਸ਼ ਦੀ ਬਾਣੀ ਏ।

(ਬਾਵਾ ਬਲਵੰਤ)

2. ਖੁਸ਼ਬੂ ਦਾ ਵਧੇ ਜ਼ੋਰ ਤਾਂ ਮਹਿਕੇਗਾ ਜ਼ਮਾਨਾ
ਢਹਿ ਜਾਏਗੀ ਇਹ ਰੰਗ ਦੀ ਦੀਵਾਰ ਕਿਸੇ ਦਿਨ।

'ਏਸ਼ੀਆ', 'ਚੀਨ', 'ਹਿੰਦ-ਚੀਨ' ਤੇ 'ਰੋਜ਼ਨਬਰਗ' ਬਾਰੇ ਲਿਖੀਆਂ ਬਹੁਤ ਸਾਰੀਆਂ ਕਵਿਤਾਵਾਂ ਅੰਤਰ-ਰਾਸ਼ਟਰੀ ਝੁਕਾਅ ਦੀਆਂ ਹੀ ਸੂਚਕ ਹਨ।

ਹੁਣ ਪ੍ਰਗਤੀਵਾਦ ਕੇਵਲ ਇਕ ਝੁਕਾਅ ਨਹੀਂ ਸੀ ਰਿਹਾ, ਸਗੋਂ ਇਹ ਇਕ ਲਹਿਰ ਦਾ ਰੂਪ ਧਾਰਨ ਕਰ ਗਿਆ ਸੀ। ਇਸ ਲਹਿਰ ਦੇ ਕਵੀਆਂ ਦੀ ਕਵਿਤਾ ਦਾ ਤੀਜਾ ਵੱਡਾ ਲੱਛਣ ਸੀ, ਸ਼੍ਰੇਣੀ-ਵੰਡ ਦੀ ਸਮਝ ਅਤੇ ਜਨ-ਸ਼ੋਸ਼ਣ (Exploitation) ਦਾ ਵਿਰੋਧ ਕਰਕੇ ਸੰਘਰਸ਼ ਵਿਚ ਕੁੱਦ ਪੈਣ ਦੀ ਪ੍ਰਵਿਰਤੀ :

ਚੁਣ ਚੁਣ ਅੰਨ ਜਟੇਟੀਆਂ ਮੋਈਆਂ,
ਮੁੱਕਣ ਨਾ ਤੋਹ ਤੇ ਵੰਡ ਓ ਯਾਰ।
ਹੱਥ ਤਰਖਾਣਾਂ ਰੱਟਣ ਪੈ ਗਏ,
ਮੁੱਕੇ ਨਾ ਕਾਣੀ ਵੰਡ ਓ ਯਾਰ।
ਜਾਗ ਕਿਰਤੀਆਂ ਜਾਗ ਕਿਸਾਨਾ,

ਸਿਰ ਤੋਂ ਆਲਸ ਛੱਡ ਓ ਯਾਰ।
ਦਾਤੀਆਂ, ਕਲਮਾਂ ਅਤੇ ਹਥੋੜੇ,
ਕੱਠੇ ਕਰ ਲਉ ਸੰਦ ਓ ਯਾਰ।
ਤਗੜੀ ਇਕ ਤ੍ਰਿਸ਼ੂਲ ਬਣਾਓ,
ਯੁੱਧ ਕਰੋ ਪ੍ਰਚੰਡ ਓ ਯਾਰ।

(ਮੋਹਨ ਸਿੰਘ)

ਇਕ ਪ੍ਰਚੰਡ ਯੁੱਧ ਤੋਂ ਪਾਰ ਨਵੀਨ ਭਵਿੱਖ ਵਿਚ ਵਿਸ਼ਵਾਸ ਅਤੇ ਨਵੇਂ ਮਨੁੱਖ ਦਾ ਰੱਬ ਵਰਗਾ ਸਤਿਕਾਰ ਕਰਨ ਦੀ ਪ੍ਰੇਰਨਾ ਦੇਣ ਵਾਲੀਆਂ ਬਹੁਤ ਸਾਰੀਆਂ ਕਵਿਤਾਵਾਂ ਵੀ ਇਨ੍ਹਾਂ ਵਰ੍ਹਿਆਂ ਵਿਚ ਲਿਖੀਆਂ ਗਈਆਂ। ਮਿਸਾਲ ਵਜੋਂ ਕੁਝ ਸਤਰਾਂ :

1. ਏਸ਼ੀਆ ਦੀ ਧਰਤ ਤੇ ਵੀ ਸਵੇਰਾ ਹੋ ਰਿਹਾ।
ਰੱਤੀਆਂ ਕਿਰਨਾਂ ਤੋਂ ਰੌਸ਼ਨ ਹੈ ਚੁਫੇਰਾ ਹੋ ਰਿਹਾ।

(ਅਜਾਇਬ ਚਿੱਤਰਕਾਰ)

2. ਨਾ ਫ਼ਰਸ਼ ਦੀਵਾ, ਨਾ ਅਰਸ਼ ਤਾਰਾ,
ਮਨੁੱਖ ਦੇ ਚਮਕਣ ਦਾ ਕਾਲ ਆਇਆ।
ਨਵਾਂ ਸਵੇਰਾ ਤਾਂ ਆ ਰਿਹਾ ਹੈ,
ਨਵਾਂ ਮਨੁੱਖ ਵੀ ਕੀ ਨਾਲ ਆਇਆ।

(ਹਰਿਭਜਨ ਸਿੰਘ)

3. ਮੈਂ ਤਾਂ ਬੰਦੇ ਨੂੰ ਸਮਝਦਾ ਹਾਂ ਖੁਦਾ,
ਕਿਥੇ ਬੰਦਾ ਹੈ ਨਮਸਕਾਰ ਕਰਾਂ।

(ਹਰਿਭਜਨ ਸਿੰਘ)

ਇਹ ਨਵਾਂ ਸਵੇਰਾ 'ਸਮਾਜਵਾਦ' ਦੀ ਉਸਾਰੀ ਦੇ ਆਰੰਭ ਦਾ ਪ੍ਰਤੀਕ ਸੀ। ਅਜਿਹੀ ਸੁਝਾਊ ਪ੍ਰਤੀਕਾਤਮਕ ਸ਼ਬਦਾਵਲੀ ਦੇ ਨਾਲ ਸਮਾਜਵਾਦ ਦੀ ਵਡਿਆਈ ਵਿਚ ਸਿੱਧੀਆਂ ਕਵਿਤਾਵਾਂ ਵੀ ਲਿਖੀਆਂ ਗਈਆਂ ਜਿਨ੍ਹਾਂ ਦੀ ਬਣਤਰ ਵਾਰਤਕ ਵਰਗੀ ਅਤੇ ਸ਼ੈਲੀ ਭਾਸ਼ਣ-ਕਲਾ (rhetoric) ਵਰਗੀ ਹੈ। ਬਾਵਾ ਬਲਵੰਤ ਸਿੰਘ ਦੀ ਕਵਿਤਾ 'ਸਮਾਜਵਾਦ' ਅਤੇ ਪਿਆਰਾ ਸਿੰਘ ਸਹਿਰਾਈ ਦੀਆਂ ਸੋਵੀਅਤ ਰੂਸ ਦੀ ਵਡਿਆਈ ਵਿਚ ਲਿਖੀਆਂ ਕਵਿਤਾਵਾਂ ਇਸੇ ਪੱਧਰ ਦੀਆਂ ਹਨ। 'ਸਮੇਂ ਦੀ ਵਾਗ' ਪੁਸਤਕ ਵਿਚ 'ਸਹਿਰਾਈ' ਲਿਖਦਾ ਹੈ :

ਸੋਵੀਅਤ ਰੂਸ ! ਤੂੰ ਆਸ ਅਮਨ ਦੀ
ਲੋਕ-ਅਮਨ ਦੀ ਧਰਤੀ
ਤੇਰਾ ਸਦਕਾ ਹੀ ਜੱਗ ਅੰਦਰ,
ਚਾਨਣ ਤੇ ਠੰਢ ਵਰਤੀ।

**ਅਮਨ ਲਹਿਰ ਦਾ ਪ੍ਰਭਾਵ**

ਉਂਜ ਤਾਂ ਪ੍ਰਗਤੀਵਾਦੀ ਕਵੀਆਂ ਨੇ ਸ਼ੁਰੂ ਤੋਂ ਜੰਗ ਦਾ ਵਿਰੋਧ ਕਰਕੇ ਅਮਨ ਦਾ ਪੱਖ ਪੂਰਿਆ ਹੈ, ਪਰ 1948 ਵਿਚ ਸੰਸਾਰ ਅਮਨ ਲਹਿਰ ਦਾ ਮੁੱਢ ਬੱਝਾ ਤੇ ਇਸ ਦੇ ਪ੍ਰਭਾਵ ਅਧੀਨ ਪੰਜਾਬੀ ਵਿਚ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਗਈਆਂ। ਪਹਿਲੇ ਅਤੇ ਦੂਜੇ ਸੰਸਾਰ ਯੁੱਧ ਤੋਂ ਇਹ ਗੱਲ ਪ੍ਰਤੱਖ ਹੋ ਚੁੱਕੀ ਸੀ ਕਿ ਜੰਗਾਂ ਛੇੜਨ ਦੀ ਪਹਿਲ ਸਾਮਰਾਜੀ ਦੇਸ਼ਾਂ ਵਲੋਂ ਹੁੰਦੀ ਹੈ ਤੇ ਸਰਮਾਇਦਾਰਾਂ ਨੇ ਸੰਸਾਰ ਨੂੰ ਤਬਾਹੀ ਦੇ ਮੂੰਹ ਅੱਗੇ ਲਿਆ ਖੜ੍ਹਾ ਕੀਤਾ। ਇਸ ਲਈ ਇਨ੍ਹਾਂ ਕਵਿਤਾਵਾਂ ਵਿਚ ਵੀ ਸਾਮਰਾਜੀ ਤੇ ਪੂੰਜੀਵਾਦੀ ਸ਼ਕਤੀਆਂ ਦੀ ਨਿੰਦਿਆ ਅਤੇ ਦੁਨੀਆਂ ਭਰ ਦੇ ਲੋਕਾਂ ਨੂੰ ਇਨ੍ਹਾਂ ਦੇ ਵਿਰੁੱਧ ਡਟ ਜਾਣ ਦੀ ਅਪੀਲ ਕੀਤੀ ਗਈ ਹੈ :

ਝਟ ਅਮਨ ਦੇ ਝੰਡੇ ਹੇਠ ਜੁੜੋ

ਨਹੀਂ ਬਚਣਾ ਇਹ ਸੰਸਾਰ ਨਹੀਂ,
ਕਦ ਦਰ ਦੋਜ਼ਖ ਦੇ ਖੋਹਲ ਦੇਣ
ਜੰਗਬਾਜ਼ਾਂ ਦਾ ਇਤਬਾਰ ਨਹੀਂ।
ਸਭ ਅੰਨ ਅਨਾਜ ਗ਼ਰੀਬਾਂ ਦਾ
ਗੋਦਾਮਾਂ ਦੇ ਵਿਚ ਦਫ਼ਨ ਪਿਆ,
ਸਭ ਦੁਨੀਆਂ ਦਾ ਲੋਹਾ ਕੋਇਲਾ
ਹਥਿਆਰਾਂ ਦੇ ਵਿਚ ਬਦਲ ਗਿਆ।
ਲੱਖ ਰੱਤੇ ਚੂੜੇ ਕੜਕ ਗਏ
ਲੱਖ ਵਹੁਟੀਆਂ ਦੇ ਸ਼ਿੰਗਾਰ ਲੁੱਟੇ,
ਫੁਲ ਹਸਦੇ ਬਾਲਾਂ ਬੱਚਿਆਂ ਦੇ
ਦੋਹਾਂ ਜੰਗਾਂ ਨੇ ਸਾੜ ਸੁੱਟੇ।
ਮੁੜ ਤੀਜੇ ਜੰਗ ਦੀ ਭੱਠੀ ਵਿਚ
ਅਸਾਂ ਲੂਹਣਾ ਇਹ ਗੁਲਜ਼ਾਰ ਨਹੀਂ।
ਸੌਂਹ ਕਲਾ ਸੰਗੀਤ ਤੇ ਕਵਿਤਾ ਦੀ
ਸੌਂਹ ਇਸ਼ਕ ਹੁਸਨ ਤੇ ਖੇੜਿਆਂ ਦੀ।
ਸੌਂਹ ਖੁਰਲੀ ਬੱਧੇ ਡੰਗਰਾਂ ਦੀ।
ਸੌਂਹ ਵਸਦੇ ਰਸਦੇ ਵੇਹੜਿਆਂ ਦੀ।
ਅਸਾਂ ਬਣਨਾ ਧੋਖੇ ਵਿਚ ਆ ਕੇ
ਜੰਗਬਾਜ਼ਾਂ ਦਾ ਹਥਿਆਰ ਨਹੀਂ।

(ਪ੍ਰੋ. ਮੋਹਨ ਸਿੰਘ)

ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਸੰਤੋਖ ਸਿੰਘ ਧੀਰ, ਗੁਰਚਰਨ ਰਾਮਪੁਰੀ, ਪਿਆਰਾ ਸਿੰਘ ਸਹਿਰਾਈ ਤੇ ਹਰਭਜਨ ਸਿੰਘ ਨੇ ਇਸੇ ਭਾਵ ਦੀਆਂ ਅਨੇਕ ਕਵਿਤਾਵਾਂ ਲਿਖੀਆਂ। ਹਰਿਭਜਨ ਸਿੰਘ ਦਾ ਕਾਵਿ-ਨਾਟਕ, 'ਤਾਰ-ਤੁਪਕਾ' ਤੇ ਅੰਮ੍ਰਿਤਾ ਦੀ ਕਵਿਤਾ 'ਮੈਂ ਗੀਤ ਲਿਖਦੀ ਹਾਂ' ਇਸ ਸੰਦਰਭ ਵਿਚ ਵਰਨਣਯੋਗ ਰਚਨਾਵਾਂ ਹਨ।

**ਰਾਸ਼ਟਰੀ ਭਾਵਾਂ ਦੀ ਕਵਿਤਾ**

ਜਿਵੇਂ ਉਪਰੋਕਤ ਸਰਵੇਖਣ ਤੋਂ ਸਪੱਸ਼ਟ ਹੈ, ਇਸ ਕਾਲ ਦੀ ਪੰਜਾਬੀ ਕਵਿਤਾ ਦਾ ਵਡੇਰਾ ਭਾਗ ਅੰਤਰ-ਰਾਸ਼ਟਰੀ ਵਿਸ਼ਿਆਂ ਨਾਲ ਸੰਬੰਧਿਤ ਹੈ ਪਰ ਜਿਉਂ-ਜਿਉਂ ਪੰਜਾਬ ਦੀ ਵੰਡ ਦਾ ਜ਼ਖ਼ਮ ਭਰਦਾ ਗਿਆ ਤੇ ਨਵੀਆਂ ਪੰਜ ਸਾਲਾ ਯੋਜਨਾਵਾਂ ਅਨੁਸਾਰ ਦੇਸ਼ ਦੀ ਉਸਾਰੀ ਦਾ ਉੱਦੇਸ਼ ਸਾਹਮਣੇ ਆਇਆ ਤਿਉਂ-ਤਿਉਂ ਪੁਰਾਣੀ ਰਾਸ਼ਟਰੀ ਭਾਸ਼ਾ ਵੀ ਪੰਜਾਬੀ ਕਵਿਤਾ ਵਿਚ ਪ੍ਰਗਟ ਹੁੰਦੀ ਹੈ। ਪ੍ਰੋ. ਮੋਹਨ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ, ਅੰਮ੍ਰਿਤਾ ਪ੍ਰੀਤਮ, ਜਸਵੰਤ ਸਿੰਘ ਨੇਕੀ, ਸੁਖਪਾਲਵੀਰ ਸਿੰਘ ਹਸਰਤ, ਦੇਵਿੰਦਰ ਸਤਿਆਰਥੀ, ਪ੍ਰੀਤਮ ਸਿੰਘ ਸਫ਼ੀਰ ਤੇ ਸੰਤੋਖ ਸਿੰਘ ਧੀਰ ਨੇ ਰਾਸ਼ਟਰੀ ਵਿਸ਼ਿਆਂ ਉੱਤੇ ਰਚਨਾਵਾਂ ਰਚੀਆਂ। ਉਦਾਹਰਨ ਲਈ ਪ੍ਰੋ. ਮੋਹਨ ਸਿੰਘ ਦੀਆਂ 'ਗਾਂਧੀ ਨੂੰ' ਤੇ 'ਕਾਲੀਦਾਸ', ਚਾਤ੍ਰਿਕ ਦੀਆਂ 'ਪੰਜਾਬ', ਅੰਮ੍ਰਿਤਾ ਦੀਆਂ 'ਮੈਂ ਤਵਾਰੀਖ ਹਾਂ ਹਿੰਦ ਦੀ', 'ਮੇਘ ਦੂਤ', 'ਕੰਨਿਆ ਕੁਮਾਰੀ' ਅਤੇ ਸੰਤੋਖ ਸਿੰਘ ਦੀਆਂ 'ਗੋਆ' ਤੇ 'ਕਰਨੈਲ ਸਿੰਘ', ਆਦਿ ਕਵਿਤਾਵਾਂ ਇਸੇ ਦ੍ਰਿਸ਼ਟੀ ਤੋਂ ਪੜ੍ਹਨ ਯੋਗ ਹਨ।

**ਰਹੱਸਵਾਦੀ ਜਾਂ ਨਵ-ਰਹੱਸਵਾਦੀ ਝੁਕਾਅ**

ਗੁਰਬਾਣੀ ਤੇ ਸੂਫ਼ੀ-ਕਾਵਿ ਦੀ ਪਰੰਪਰਾ ਦੇ ਅਧੀਨ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਵਿਚ ਵੀ ਰਹੱਸਵਾਦੀ ਝੁਕਾਅ ਕਾਫ਼ੀ ਪ੍ਰਬਲ ਰਿਹਾ ਹੈ। ਭਾਈ ਵੀਰ ਸਿੰਘ ਨੇ ਪ੍ਰਮਾਤਮਾ ਨੂੰ ਨਿਰੇ ਨੂਰ, ਅਣਡਿੱਠੇ ਰੱਬ 'ਮੇਰੇ ਸਾਈਆਂ ਜੀਓ' ਦੇ ਰੂਪ ਵਿਚ ਕਲਪਿਆ। 1947 ਤੋਂ ਪਿਛੋਂ ਵੀ ਉਨ੍ਹਾਂ ਦੀ ਪੰਜ ਹਜ਼ਾਰੀ ਪੁਸਤਕ, 'ਮੇਰੇ ਸਾਈਆਂ ਜੀਓ' ਵਿਚ ਉਨ੍ਹਾਂ ਨੇ ਰਹੱਸਵਾਦੀ ਅਨੁਭਵ ਦਾ ਪ੍ਰਗਟਾਵਾ ਹੋਇਆ ਹੈ। ਭਾਵੇਂ ਉਸ ਸਮੇਂ ਤੱਕ ਇਹ ਪ੍ਰਵਿਰਤੀ ਇਕ ਨਵ-ਰਹੱਸਵਾਦੀ ਜਿਹਾ

(ਅਰਥਾਤ ਪੁਰਾਣੇ ਰਹੱਸਵਾਦ ਤੋਂ ਵੱਖਰਾ) ਰੰਗ ਪਕੜ ਚੁੱਕੀ ਸੀ, ਪਰ ਫੇਰ ਵੀ ਪ੍ਰੀਤਮ ਸਿੰਘ ਸਫ਼ੀਰ, ਲਾਲਾ ਧਨੀ ਰਾਮ ਚਾਤ੍ਰਿਕ, ਜਸਵੰਤ ਸਿੰਘ ਨੇਕੀ ਤੇ ਜਗਜੀਤ ਸਿੰਘ ਗੁਲੇਰੀਆ ਦੀ ਕਵਿਤਾ ਵਿਚ ਭਾਈ ਵੀਰ ਸਿੰਘ ਦੇ ਅਨੁਭਵ ਦੀਆਂ ਹੀ ਗੂੰਜਾਂ ਸੁਣਾਈ ਦੇਂਦੀਆਂ ਹਨ।

ਨਵੇਂ ਵਿਗਿਆਨਕ ਵਾਤਾਵਰਨ ਵਿਚ ਅੰਮ੍ਰਿਤ ਸੱਚ ਨੂੰ ਵਿਆਪਕ ਚੇਤਨਾ ਪਰਿਵਰਤਨ ਤੇ ਨੂਰ ਤੇ ਸਰੂਪ ਵਿਚ ਕਲਪਦੇ ਰਹੱਸਵਾਦੀ ਅਨੁਭਵ ਨੂੰ ਆਪਣੇ ਯੁੱਗ ਦੇ ਅਨੁਕੂਲ ਗ੍ਰਹਿਣ ਕਰਨ ਦੀ ਪ੍ਰਵਿਰਤੀ ਸਫ਼ੀਰ ਦੀਆਂ ਕਵਿਤਾਵਾਂ ਵਿਚ ਪ੍ਰਤੱਖ ਹੈ :

1. ਪਰਿਵਰਤਨ ਹੈ ਇਉਂ ਜੀਣ ਅੰਦਰ
ਜਿਉਂ ਸ਼ਕਤੀ ਹਰ ਥਾਂ ਹੁੰਦੀ ਵੀ
ਨਾ ਰੂਪ, ਨਾ ਰੇਖ, ਨਾ ਰੰਗ ਬਣੇ,
ਨਾ ਰੰਗ ਆਏ, ਨਾ ਰੰਗ ਜਾਏ।

2. ਅਗਨੀ ਹੈ ਕਿਣਕੇ ਕਿਣਕੇ ਵਿਚ
ਅਗਨੀ ਚਹੁੰ ਜੁਗਾਂ ਦੀ ਮਾਤਾਸ
ਅਗਨੀ ਹੈ ਰੂਪ ਤੇ ਰੰਗ ਅੰਦਰ
ਇਸ਼ਕਾਂ ਦੇ ਜ਼ਹਿਰੀ ਡੰਗ ਅੰਦਰ,
ਉਹ ਮਾਲਕ ਮੇਰੀ ਹਸਤੀ ਦਾ
ਇਸ ਨੂਰ ਤੋਂ ਖਾਲੀ ਕਰ ਗਿਆ।

3. ਰੌਸ਼ਨ
ਦਿਖਾ ਮੇਰੇ ਨੂਰ,
ਅੱਜ
ਬੜਾ ਹਨੇਰਾ ਹੈ
ਇਹਨਾਂ ਆਸਮਾਨਾਂ ਚੋਂ
ਫਿਰ ਨਜ਼ਰ ਆ ਮੇਰੇ ਨੂਰ।

**ਕੁੱਝ ਨਵੇਂ ਝੁਕਾਅ**

1960 ਈ. ਤੋਂ ਪਹਿਲਾਂ ਹੀ ਪੰਜਾਬੀ ਕਵਿਤਾ ਵਿਚ ਕੁੱਝ ਨਵੇਂ ਪ੍ਰਯੋਗ ਆਰੰਭ ਹੋ ਗਏ ਸਨ। ਇਨ੍ਹਾਂ ਨਵੇਂ ਪ੍ਰਯੋਗਾਂ ਨੂੰ ਪ੍ਰੋ. ਸੰਤ ਸਿੰਘ ਸੇਖੋਂ ਨੇ 'ਸੁਹਜਵਾਦ' ਤੇ 'ਸਿਆਣਪਵਾਦ' ਦਾ ਨਾਂ ਦਿੱਤਾ ਸੀ ਪਰ ਸਾਡੇ ਜਾਚੇ ਇਹ ਇਕ ਤਰ੍ਹਾਂ ਦੇ ਨਵੇਂ-ਛਾਇਆਵਾਦੀ ਜਿਹੇ ਝੁਕਾਅ ਹੀ ਸਨ। ਇਨ੍ਹਾਂ ਅਧੀਨ ਡਾ. ਹਰਿਭਜਨ ਸਿੰਘ, ਐੱਸ.ਐੱਸ. ਮੀਸ਼ਾ, ਈਸ਼ਵਰ-ਚਿੱਤਰਕਾਰ, ਤਖ਼ਤ ਸਿੰਘ ਤੇ ਸੁਖਬੀਰ ਆਦਿ ਕਵੀਆਂ ਨੇ ਅਜਿਹੀਆਂ ਕਵਿਤਾਵਾਂ ਲਿਖੀਆਂ ਜਿਨ੍ਹਾਂ ਵਿਚ ਸਾਡੇ ਸਮਾਜ ਦੇ ਮੱਧ-ਵਰਗ ਦਾ ਵਿਸ਼ਾਦ, ਕੁੰਠਾ, ਵਿਹਲ, ਆਵਾਰਾਗਰਦੀ, ਸ਼ੰਕੇ, ਇਕੱਲੇਪਣ ਦਾ ਅਹਿਸਾਸ ਤੇ ਮਾਨਸਿਕ ਖ਼ਲਾਅ ਦਾ ਪ੍ਰਗਟਾਵਾ ਹੋਇਆ ਹੈ। ਛਾਇਆਵਾਦੀ ਕਵੀਆਂ ਵਾਂਗ, ਇਹ ਕਵੀ ਆਪਣੇ ਅਨੁਭਵ ਨੂੰ ਨਵੇਂ-ਨਵੇਂ ਪ੍ਰਤੀਕਾਂ ਰਾਹੀਂ ਅਤੇ ਸੁਹਲ ਚਿੱਤਰਾਂ ਦੁਆਰਾ ਪ੍ਰਗਟਾਉਂਦੇ ਰਹੇ ਹਨ। ਐਂਟੀ-ਰੁਮਾਂਟਿਕ ਹੋ ਕੇ ਵੀ ਇਹ ਕਵੀ ਵਿਅਕਤੀਵਾਦੀ ਹਨ, ਇਸ ਲਈ ਇਨ੍ਹਾਂ ਦੀ ਕਵਿਤਾ ਦਾ ਅਨੁਭਵ ਤੇ ਪ੍ਰਗਟਾਵੇ ਦੀ ਅਸਪਸ਼ਟਤਾ, ਸਰੋਦੀ ਤੱਤ ਤੇ ਅੰਤਰਮੁਖੀ ਪ੍ਰਵਿਰਤੀ ਇਨ੍ਹਾਂ ਕਵੀਆਂ ਨੂੰ ਮੁੜ ਇਕ ਭਾਂਤ ਦੇ ਰੁਮਾਂਸ ਵੱਲ ਮੋੜਦੀ ਹੈ। ਨਵੇਂ ਝੁਕਾਵਾਂ ਦੀ ਕਵਿਤਾ ਦੇ ਕੁਝ ਨਮੂਨੇ ਹੇਠ ਲਿਖੇ ਹਨ :

1. ਕੁਛ ਇਸ ਤਰ੍ਹਾਂ ਨਜ਼ਰ ਤੇ ਆਪਣੇ ਹੀ ਭੇਤ ਖੁਲ੍ਹੇ
ਜਿਉਂ ਮੋਰ ਤੇ ਪਰਾਂ ਤੇ ਸੂਰਜ ਤੇ ਚੰਨ ਤਾਰੇ
ਨਾਚਾਂ 'ਚੋਂ ਉਸਦੇ ਲੈਂਦੇ ਲਿਸ਼ਕਾਰੇ ਮਧ ਹੁਲਾਰੇ,
ਜੀਵਨ ਵਿਕਾਸ ਮੰਦਰ ਦੇ ਦਰ ਅਚੇਤ ਖੁਲ੍ਹੇ।

(ਈਸ਼ਵਰ ਚਿੱਤਰਕਾਰ-ਸੂਲ ਸੁਰਾਹੀ)

2. ਕਾਲਖ-ਵਿਰਲਾਂ ਥਾਣੀਂ ਉਮ੍ਰਲੇ
ਟਿਮਕ ਟਿਮਕ ਇਕ ਸੂਹੀ ਛਾਇਆ।
ਉਡ ਉਡ ਮੇਲੇ ਨੀਲਾਂਗਣ ਵਿਚ
ਇਕ ਮਿੱਠੀ, ਚਾਹਨਾ ਦਾ ਸਾਇਆ।

(ਤਖ਼ਤ ਸਿੰਘ)

3. ਇਹ ਆਲ੍ਹਣੇ, ਗਗਨ-ਉਡਾਰੀ, ਮਦ-ਮਾਤੀ ਸੁੱਤੀ ਅਣਭੋਲ।
ਗਗਨ-ਉਡਾਰੀ ਸੰਸਕਾਰ ਉਠ ਸੁਹਾਗਣ ਕੇਸਰ ਘੋਲ
ਯਾਦ ਗਗਨ ਦੀ ਪੌਣਾਂ ਦੇ ਸੰਗ ਕਰਦੀ ਏ ਪਈ ਕੇਲ-ਕਲੋਲ
ਗੂੰਜ ਗੀਤ ਦੀ ਇਹ ਆਖੇ, ਉਡ ਉਡ ਮੁੜ ਗਗਨਾਂ ਨੂੰ ਟੋਲ।

(ਦੇਵਿੰਦਰ ਸਤਿਆਰਥੀ)

4. ਦੁਧ ਦਾ ਪੋਚਾ ਧਰਤ ਦੇ ਖਰ੍ਹਵੇਂ ਅੰਗਾਂ ਉੱਤੇ
ਹਰ ਸ਼ੈ ਦੇ ਨਕਸ਼ਾਂ ਤੇ ਕੂਲੀ ਕੂਲੀ ਨੀਂਦਰ
ਸੁਬਕ ਮਲੂਕ ਮੁਹਾਂਦਰੇ, ਪਿਆਰ ਦੀ ਸ੍ਰਿਸ਼ਟੀ ਜੀਕਰ
ਸੁੱਤੇ ਹੋਏ ਘਰ, ਆਲ੍ਹਣੇ, ਪੰਛੀ, ਅਧ-ਮੀਟੇ ਫੁੱਲ
ਜਿੰਦ ਆਖੇ ਅੱਜ ਆਈਆਂ ਮੈਨੂੰ ਰਾਤਾਂ ਫੇਰ ਪਛਾਣੀਆਂ।

(ਸੁਖਬੀਰ)

(5)

1960 ਤੋਂ ਪਿੱਛੋਂ ਦੇ ਪੰਜਾਬੀ ਸਾਹਿਤ ਵਿੱਚ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਪਹਿਲਾਂ ਦੇ ਪੰਜਾਬੀ ਸਾਹਿਤ ਨਾਲੋਂ ਕੁਝ ਪਛਾਣਨਯੋਗ ਅੰਤਰ ਆਏ ਹਨ। ਅਨੇਕਾਂ ਹੀ ਨਵੇਂ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਅਧੀਨ ਨਵੇਂ ਸਾਹਿਤਕ ਪ੍ਰਯੋਗਾਂ ਅਤੇ ਰੂਪ-ਵਿਧੀਆਂ ਨੇ ਇਸ ਸਮੇਂ ਦੇ ਪੰਜਾਬੀ ਸਾਹਿਤ ਵਿੱਚ ਪ੍ਰਵੇਸ਼ ਕੀਤਾ ਹੈ। ਇਸ ਦੌਰ ਦੇ ਲਗਭਗ ਸਾਰੇ ਦੇ ਸਾਰੇ ਸਾਹਿਤਕਾਰਾ ਨੇ ਦੇਰ ਤੋਂ ਪ੍ਰਚਲਿਤ ਅਧਿਆਤਮਵਾਦੀ ਆਦਰਸ਼ਵਾਦ ਨੂੰ ਹੀ ਤਿਆਗਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਪ੍ਰਗਤੀਵਾਦੀ ਰੁਮਾਂਸਵਾਦ ਤੋਂ ਮੁਕਤੀ ਹਾਸਲ ਕਰਨ ਦਾ ਵੀ ਯਤਨ ਕੀਤਾ ਹੈ। ਭਾਵੇਂ 1960 ਤੋਂ ਪਹਿਲਾਂ ਰੁਮਾਂਟਿਕ ਰੂੜ੍ਹੀਆਂ ਵੀ ਨਾਲ-ਨਾਲ ਪ੍ਰਚਲਿਤ ਰਹੀਆਂ ਹਨ, ਪਰ ਇਸ ਕਾਲ ਦੇ ਪ੍ਰਮੁੱਖ ਝੁਕਾਅ ਅਜਿਹੇ ਹਨ, ਜਿਨ੍ਹਾਂ ਵਿੱਚ ਰੁਮਾਂਚਿਕਤਾ ਦਾ ਵਿਰੋਧ ਵੀ ਇੱਕ ਹੱਦ ਤੱਕ ਕੀਤਾ ਗਿਆ ਹੈ। ਉਹ ਝੁਕਾਅ ਹਨ :

1. ਪ੍ਰਯੋਗਵਾਦ (ਹੋਂਦਵਾਦ, ਊਲਜਲੂਲਵਾਦ, ਆਧੁਨਿਕਤਾਵਾਦ ਆਦਿ)
2. ਜੁਝਾਰਵਾਦ।

ਇਨ੍ਹਾਂ ਦੋ ਝੁਕਾਵਾਂ ਤੋਂ ਛੁੱਟ ਧੀਮੀ ਸੁਰ ਵਿੱਚ (ਵਿਸ਼ੇਸ਼ ਕਰਕੇ ਕਵਿਤਾ ਦੇ ਖੇਤਰ ਵਿੱਚ), ਸੁਹਜਵਾਦ, ਸਿਆਣਪਵਾਦ, ਰਾਸ਼ਟਰਵਾਦ ਤੇ ਸ਼ਕਤੀਵਾਦ ਵੀ ਪ੍ਰਚੱਲਿਤ ਰਹੇ ਹਨ। ਪ੍ਰਯੋਗਵਾਦ ਦੀ ਮੂਲ ਪ੍ਰੇਰਨਾ ਵਿਲੀਅਮ ਜੇਮਜ਼ ਅਤੇ ਜੌਹਨ ਡੀ.ਵੀ. ਦਾ ਪਰੈਗਮੈਟਿਜ਼ਮ ਹੈ। ਜਿਸ ਅਨੁਸਾਰ ਮਨੁੱਖ ਦਾ ਹਰ ਕਰਮ ਤੇ ਬ੍ਰਹਿਮੰਡ ਦੀ ਹਰ ਪ੍ਰਕ੍ਰਿਆ ਆਪਣੇ ਆਪ ਵਿੱਚ ਇੱਕ ਵੱਖਰਾ ਪ੍ਰਯੋਗ ਹੈ। ਕਿਸੇ ਵਸਤੂ ਦੀ ਕੋਈ ਪਰੰਪਰਾ ਨਹੀਂ, ਇਸ ਲਈ ਸਾਹਿਤ ਵਿੱਚ ਵੀ ਹਰ ਪ੍ਰਕਾਰ ਦੀ ਪਰੰਪਰਾ ਤੋਂ ਚੇਤੰਨ ਹੋ ਕੇ ਅਤੇ ਉਸ ਤੋਂ ਮੁਕਤ ਹੋ ਕੇ ਕੋਈ ਨਵੀਂ ਰਚਨਾ ਕਰਨ ਦਾ ਉਪਰਾਲਾ ਪ੍ਰਯੋਗਵਾਦ ਅਖਵਾਇਆ। ਪਰੈਗਮੈਟਿਜ਼ਮ ਤੋਂ ਬਾਅਦ ਇਸ ਵਿਚਾਰਧਾਰਾ ਨੇ ਹੋਂਦਵਾਦ ਨੂੰ ਆਪਣੇ ਵੱਲੋਂ ਪੱਕੀਆਂ ਨੀਂਹਾਂ ਪ੍ਰਦਾਨ ਕੀਤੀਆਂ ਹਨ ਕਿਉਂਕਿ ਹੋਂਦਵਾਦ ਅਨੁਸਾਰ ਹੀ ਹਰ ਇੱਕ ਵਿਅਕਤੀ ਦੀ ਆਪਣੇ ਆਪ ਵਿੱਚ ਇੱਕ ਵੱਖਰੀ ਹੋਂਦ ਹੈ ਤੇ ਉਸਦਾ ਆਪਣੇ ਤੋਂ ਪਿਛਲੀ ਕਿਸੇ ਹੋਂਦ ਨਾਲ ਕੋਈ ਸੰਬੰਧ ਨਹੀਂ ਹੁੰਦਾ। ਹਰ ਜੀਵਨ ਇਕੱਲਾ ਹੈ। ਇਸੇ ਤਰ੍ਹਾਂ ਮਨੁੱਖੀ ਅਨੁਭਵ ਦਾ ਹਰ ਪਲ ਦੂਜੇ ਪਲਾਂ ਨਾਲੋਂ ਵੱਖਰਾ ਹੈ ਤੇ ਉਸ ਪਲ ਨੂੰ ਪਰੰਪਰਾਗਤ ਕਲਾਵਿਧੀਆਂ ਰਾਹੀਂ ਵਿਅਕਤ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦੋਹਾਂ ਫਿਲਾਸਫੀਆਂ ਦਾ ਸਿੱਟਾ ਹੈ ਅਲਬੇਅਰ ਕਾਮੂ ਅਤੇ ਬੈਕਟ ਵਰਗੇ ਲੇਖਕਾਂ ਦਾ ਊਲਜਲੂਲਵਾਦ (Absurdism)। ਗੱਲ ਵੀ ਠੀਕ ਹੈ ਕਿ ਇੱਕ ਛਿਣ ਦਾ ਦੂਜੇ ਛਿਣ ਨਾਲ, ਇੱਕ ਵਿਅਕਤੀ ਦਾ ਦੂਜੇ ਵਿਅਕਤੀ ਨਾਲ, ਇੱਕ ਘਟਨਾ ਦਾ ਦੂਜੀ ਘਟਨਾ ਨਾਲ ਅਰਥਾਨ ਕਾਰਨ ਦਾ ਕਾਰਜ ਨਾਲ ਕੋਈ ਨਿਸ਼ਚਿਤ ਸੰਬੰਧ ਹੀ ਨਹੀਂ ਤਾਂ ਫਿਰ ਸਭ ਕੁਝ ਊਲਜਲੂਲ ਜਾਂ ਫਜੂਲ ਹੀ ਹੋਇਆ। ਇਸ ਵਿਚਾਰ ਅਧੀਨ ਪ੍ਰਯੋਗਵਾਦੀਆਂ ਨੇ

ਰੂਪ ਪ੍ਰਯੋਗਾਂ ਤੋਂ ਇਲਾਵਾ ਵਿਸ਼ੇ-ਮੂਲਕ ਪ੍ਰਯੋਗ ਵੀ ਆਰੰਭ ਕੀਤੇ, ਅਰਥਾਤ ਉਨ੍ਹਾਂ ਨੇ ਜ਼ਿੰਦਗੀ ਦੇ ਅਜਿਹੇ ਪੱਖਾਂ ਨੂੰ ਸਾਹਿਤ ਦਾ ਵਿਸ਼ਾ ਬਣਾਇਆ ਜਿਹੜੇ ਪੱਖ ਇਸ ਤੋਂ ਪਹਿਲਾਂ ਮਹੱਤਵਪੂਰਨ ਨਹੀਂ ਸਨ ਸਮਝੇ ਜਾਂਦੇ। ਅੰਤ ਵਿੱਚ ਇਸ ਸਾਰੇ ਵਾਦ ਆਧੁਨਿਕਤਾਵਾਦ ਦੇ ਨਾਂ ਹੇਠ ਪ੍ਰਗਟ ਹੁੰਦੇ ਰਹੇ। ਆਧੁਨਿਕਤਾਵਾਦ ਵੀ ਇਸ ਸਨਅਤੀ ਯੁੱਗ ਦੇ ਹੁਣ ਦੇ ਅਨੁਭਵ ਨੂੰ ਪਰੰਪਰਕ ਅਨੁਭਵ ਤੋਂ ਬਿਲਕੁੱਲ ਅਲੱਗ ਕਰਕੇ ਅਤੇ ਭਵਿੱਖ ਦੀ ਕਲਪਨਾ ਤੋਂ ਤੋੜ ਕੇ ਪ੍ਰਗਟਾਉਣ ਦਾ ਨਾਂ ਹੈ।

ਜੁਝਾਰਵਾਦੀ ਸਾਹਿਤਕ ਕਿਰਤਾਂ ਇਸ ਪ੍ਰਯੋਗਵਾਦੀ ਲਹਿਰ ਦੇ ਪ੍ਰਤੀਕਰਮ ਵਜੋਂ ਹੀ ਹੋਂਦ ਵਿੱਚ ਆਈਆਂ ਹਨ। ਉਨ੍ਹਾਂ ਦੇ ਹੋਂਦ ਵਿੱਚ ਆਉਣ ਦੇ ਸਮਾਜਕ, ਰਾਜਨੀਤਕ ਕਾਰਨਾਂ ਨੂੰ ਭਾਵੇਂ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਪਰ ਪੰਜਾਬੀ ਸਾਹਿਤ ਦੇ ਇਤਿਹਾਸ ਦੇ ਪ੍ਰਸੰਗ ਵਿੱਚ ਵਿਚਾਰਦਿਆਂ ਇਹੋ ਨਿਰਣਾ ਦਿੱਤਾ ਜਾ ਸਕਦਾ ਹੈ ਕਿ ਪ੍ਰਯੋਗਵਾਦੀਆਂ ਨੇ ਇਸ ਸੰਬੋਧਨ-ਮੁਕਤ ਅਤੇ ਪ੍ਰੇਰਨਾ ਰਹਿਤ ਸ਼ੈਲੀ ਤੇ ਨਿਰਾਥਕ ਵਿਸ਼ਿਆਂ ਦੁਆਰਾ ਪੰਜਾਬੀ ਸਾਹਿਤਕਾਰ ਦੀ ਨਿਪੁੰਸਕਤਾ ਨੂੰ ਜਿੰਨੀ ਨਿਰਲੇਪਤਾ ਨਾਲ ਪ੍ਰਗਟਾਇਆ, ਓਨੀ ਹੀ ਸ਼ਿੱਦਤ ਨਾਲ ਚੰਗੇਰੇ ਭਵਿੱਖ ਦੀ ਉਸਾਰੀ ਲਈ ਪ੍ਰੇਰਨਾ ਭਰਪੂਰ ਰਚਨਾਵਾਂ ਰਾਹੀਂ ਇੱਕ ਬਲਵਾਨ ਨਾਇਕ ਦਾ ਬਿੰਬ ਪੇਸ਼ ਕਰਦਿਆਂ ਜੁਝਾਰਵਾਦੀਆਂ ਨੇ ਪ੍ਰਯੋਗਵਾਦੀਆਂ ਦੇ ਪੈਦਾ ਕੀਤੇ ਠਹਿਰਾਉ ਨੂੰ ਤੋੜਨ ਕਾ ਯਤਨ ਕੀਤਾ ਅਤੇ ਲੇਖਕ ਤੇ ਪਾਠਕ ਵਿਚਕਾਰ ਪੈਦਾ ਹੋ ਰਹੇ ਓਪਰੇਪਣ ਨੂੰ ਖਤਮ ਕਰਕੇ ਸਾਹਿਤ ਨੂੰ ਮੁੜ ਸਾਹਿਤਕਾਰ ਦੇ ਭਾਵਾਂ ਵਿਚਾਰਾਂ ਦਾ ਸੰਚਾਰ-ਸਾਧਨ ਬਣਾਇਆ।

1962 ਦੀ ਹਿੰਦ-ਚੀਨ ਲੜਾਈ ਅਤੇ 1965 ਦੇ ਹਿੰਦ-ਪਾਕ ਯੁੱਧ ਤੋਂ ਪ੍ਰਭਾਵਿਤ ਹੋ ਕੇ ਕੁਝ ਰਾਸ਼ਟਰਵਾਦੀ ਸਾਹਿਤਕ ਕਿਰਤਾਂ ਵੀ ਲਿਖੀਆਂ ਗਈਆਂ।

ਪ੍ਰਯੋਗਵਾਦੀਆਂ ਦੀ ਪੈਦਾ ਕੀਤੀ ਅਸਪੱਸ਼ਟਤਾ ਅਤੇ ਰਾਸ਼ਟਰਵਾਦੀ ਵਾਤਾਵਰਣ ਵਿੱਚ ਸੁਖਪਾਲਵੀਰ ਸਿੰਘ ਹਸਰਤ ਨੇ ਸ਼ਕਤੀਵਾਦ ਦਾ ਨਾਅਰਾ ਲਾਇਆ। ਅਸਲ ਵਿੱਚ ਸ਼ਕਤੀਵਾਦ ਵੀ ਇੱਕ ਤਰ੍ਹਾਂ ਦਾ ਰਾਸ਼ਟਰਵਾਦੀ ਹੀ ਹੈ ਪਰ ਇਸ ਤੋਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਜਾਂਦੀ ਹੈ ਜਿਹੜੇ ਲੇਖਕ ਆਪਣੇ ਪਾਠਕ ਪ੍ਰਤੀ ਆਪਣੇ ਫ਼ਰਜ਼ਾਂ ਤੋਂ ਸੁਚੇਤ ਸਨ, ਉਹ ਸ਼ੁਰੂ-ਸ਼ੁਰੂ ਵਿੱਚ ਪ੍ਰਯੋਵਾਦੀਆਂ ਨਾਲ ਹੁੰਦੇ ਹੋਏ ਵੀ ਪਿੱਛੋਂ ਜਾ ਕੇ ਇਨ੍ਹਾਂ ਨਾਲੋਂ ਨਿਖੜ ਗਏ।

ਅਜਿਹੇ ਵਾਤਾਵਰਣ ਵਿੱਚ ਸ਼ਿਵ ਕੁਮਾਰ ਵਰਗੇ ਰੁਮਾਂਟਿਕ ਕਵੀ ਦਾ ਹੋਣਾ ਤੇ ਫਿਰ ਪ੍ਰਸਿੱਧੀ ਦੀ ਸਿਖਰ ਉਤੇ ਪਹੁੰਚ ਜਾਣਾ ਪ੍ਰਯੋਗਵਾਦ ਦੀ ਅਪ੍ਰਵਾਨਗੀ ਦਾ ਹੀ ਸੂਚਕ ਹੈ। ਪਰ ਸ਼ਿਵ ਕੁਮਾਰ ਦੀ ਕਵਿਤਾ ਦਾ ਰੁਮਾਂਟਿਕ ਬਿੰਬ ਆਪਣੇ ਮਾਹੌਲ ਨਾਲ ਜੂਝ ਰਹੇ ਬਲਵਾਨ ਵਿਅਕਤਿਤਵ ਦਾ ਚਿੱਤਰ ਪ੍ਰਸਤੁਤ ਨਹੀਂ ਕਰਦਾ। ਇਸ ਦਾ ਇੱਕ ਕਾਰਨ ਸ਼ਿਵ ਕੁਮਾਰ ਦਾ ਮੱਧ ਸ਼ਰੇਣਿਕ ਸਮਾਜਕ-ਆਰਥਕ ਪਿਛੋਕੜ ਵਿੱਚੋਂ ਲੱਭਿਆ ਜਾ ਸਕਦਾ ਹੈ ਤੇ ਦੂਜਾ ਉਸ ਦੀ ਦਾਰਸ਼ਨਿਕ ਅਪ੍ਰੌੜ੍ਹਤਾ ਵਿੱਚ। ਅਜਿਹੇ ਸਮੇਂ ਜੁਝਾਰਵਾਦੀ ਜਾਂ ਦੂਜੇ ਸ਼ਬਦਾਂ ਵਿੱਚ ਨਵ-ਪ੍ਰਗਤੀਵਾਦੀ ਕਵੀ ਤੇ ਲੇਖਕ ਪੰਜਾਬੀ ਸਾਹਿਤ ਵਿੱਚ ਪ੍ਰਵੇਸ਼ ਕਰਦੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਮਜਦੂਰ ਵਰਗ ਨਾਲ ਸਿੱਧੇ ਸੰਬੰਧਿਤ ਜਾਂ ਮੱਧਵਰਗ ਵਿੱਚੋਂ ਨਿਰਲੇਪ ਹੋ ਚੁੱਕੇ ਅਜਿਹੇ ਕਵੀ ਸਨ ਜਿਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਮਾਰਕਸਵਾਦੀ ਜੀਵਨ ਦਰਸ਼ਨ ਨਾਲ ਚੰਗੀ ਤਰ੍ਹਾਂ ਜੂਝਣ ਦਾ ਅਵਸਰ ਪ੍ਰਾਪਤ ਹੋਇਆ ਸੀ। ਖ਼ਾਸ ਤੌਰ 'ਤੇ ਉਸ ਸਮੇਂ ਸਾਰੇ ਭਾਰਤ ਵਿੱਚ ਖੱਬੇ-ਪੱਖੀ ਅਤਿਵਾਦੀਆਂ ਵੱਲੋਂ ਕੁਝ ਅਜਿਹੀਆਂ ਸਮਾਜਕ ਲਹਿਰਾਂ ਉਠਾਈਆਂ ਗਈਆਂ ਹਨ ਜਿਨ੍ਹਾਂ ਦਾ ਨਿਸ਼ਾਨਾ ਹਥਿਆਰਬੰਦ ਇਨਕਲਾਬ ਲਿਆਉਣਾ ਸੀ। ਸਾਡੇ ਇਹ ਲੇਖਕ ਅਜਿਹੀਆਂ ਲਹਿਰਾਂ ਨਾਲ ਅਮਲੀ ਰੂਪ ਵਿੱਚ ਜੁੜੇ ਅਤੇ ਸਮੁੱਚੀ ਲਹਿਰ ਦੀਆਂ ਕਚਿਆਈਆਂ ਕਾਰਨ, ਉਨ੍ਹਾਂ ਨੇ ਬਹੁਤ ਸਾਰੀਆਂ ਕਠਿਨਾਈਆਂ ਦਾ ਵੀ ਸਾਹਮਣਾ ਕੀਤਾ ਤੇ ਜਿਸ ਸਮੇਂ ਉਨ੍ਹਾਂ ਨੇ ਆਪਣੇ ਇਸ ਅਨੁਭਵ ਨੂੰ ਸ਼ਬਦਾਂ ਦਾ ਜਾਮਾ ਪਹਿਨਾਇਆ ਤਾਂ ਉਹ ਇੱਕ ਜੁਝਾਰੂ ਸਾਹਿਤ ਦੇ ਰੂਪ ਵਿੱਚ ਸਾਡੇ ਸਾਹਮਣੇ ਆਇਆ।

1960 ਤੋਂ ਬਾਅਦ ਦੀ ਪੰਜਾਬੀ ਕਵਿਤਾ ਵਿਚ ਭਾਵੇਂ ਕੁਝ ਪਰੰਪਰਕ ਝੁਕਾਅ ਵੀ ਪ੍ਰਚਲਤ ਰਹੇ ਹਨ ਤੇ ਸਾਡੇ ਪਰੰਪਕ ਕਵੀਆਂ ਦੀਆਂ ਰਚਨਾਵਾਂ ਸਾਡੇ ਸਾਹਮਣੇ ਆਈਆਂ ਹਨ ਜਿਵੇਂ ਪ੍ਰੋ. ਮੋਹਨ ਸਿੰਘ ਰਚਿਤ 'ਜੰਦਰੇ', 'ਜੇ ਮੀਰ' ਤੇ 'ਨਾਨਕਾਇਣ', ਅੰਮ੍ਰਿਤਾ ਪ੍ਰੀਤਮ ਰਚਿਤ 'ਨਾਗਮਣੀ' ਤੇ ਪ੍ਰੀਤਮ ਸਿੰਘ ਸਫ਼ੀਰ ਦੀ 'ਸਰਬ ਕਲਾ' ਪਰ ਪ੍ਰਮੁੱਖ ਤੌਰ 'ਤੇ ਪ੍ਰਯੋਗਵਾਦੀ ਤੇ ਜੁਝਾਰਵਾਦ ਝੁਕਾਅ ਹੀ ਇਸ ਕਾਲ ਦੀ ਵਿਸ਼ੇਸ਼ ਪ੍ਰਾਪਤੀ ਹਨ।

**ਪ੍ਰਯੋਗਵਾਦ**

ਪ੍ਰਯੋਗਵਾਦ ਪੰਜਾਬੀ ਕਵਿਤਾ ਦਾ ਇਕ ਅਜਿਹਾ ਝੁਕਾਅ ਹੈ, ਜਿਸ ਵਿਚ ਕਵੀਆਂ ਨੇ ਆਰੰਭ ਵਿਚ ਪਰੰਪਰਾ ਦੀ ਵਿਰੋਧਤਾ ਨੂੰ ਆਪਣਾ ਉਦੇਸ਼ ਬਣਾਇਆ ਸੀ।[1] ਡਾ. ਜਸਬੀਰ ਸਿੰਘ ਆਹਲੂਵਾਲੀਆ ਅਨੁਸਾਰ ਇਹ 'ਅੰਮ੍ਰਿਤਾ-ਮੋਹਨ ਸਿੰਘ

1. ਡਾ. ਜਸਬੀਰ ਸਿੰਘ ਆਹਲੂਵਾਲੀਆ, ਪ੍ਰਯੋਗਸ਼ੀਲ ਲਹਿਰ ਦਾ ਸਿਧਾਂਤਕ ਪਿਛੋਕੜ, ਪੰਨਾ 471

ਪਰੰਪਰਾ' ਦੀ ਵਿਰੋਧਤਾ ਸੀ। ਇਸ ਦਾ ਭਾਵ ਹੈ ਕਿ ਇਹ ਕਿਸੇ ਖ਼ਾਸ ਕਿਸਮ ਦੀ ਰਵਾਇਤ (tradition) ਦੀ ਵਿਰੋਧਤਾ ਸੀ ਜਿਹੜੀ ਕਿ ਪੰਜਾਬੀ ਕਵਿਤਾ ਦੇ ਵਿਸ਼ੇ ਤੇ ਰੂਪ ਦੋਹਾਂ ਨੂੰ ਆਪਣੀ ਜਕੜ ਵਿਚ ਲੈ ਬੈਠੀ ਸੀ। ਰਵਿੰਦਰ ਰਵੀ ਦੇ ਸ਼ਬਦਾਂ ਵਿਚ ਪ੍ਰਯੋਗਸ਼ੀਲ ਪੰਜਾਬੀ ਕਵਿਤਾ ਅੰਮ੍ਰਿਤਾ-ਮੋਹਨ ਸਿੰਘ ਧਾਰਾ ਦੀਆਂ ਘਸ ਚੁੱਕੀਆਂ ਤੇ ਜਰਜਰ ਹੋ ਚੁੱਕੀਆਂ ਅਨੁਭਵ ਪ੍ਰਣਾਲੀਆਂ ਦਾ ਤਿਆਗ ਕਰਕੇ ਨਵੀਨ ਸੰਭਾਵਨਾਵਾਂ ਦੀ ਢੂੰਡ ਭਾਲ ਕਰਦੀ ਹੈ ਤੇ ਬਿੰਬ ਖੇਤਰ ਨੂੰ ਆਧੁਨਿਕ ਜੀਵਨ ਤੇ ਇਸ ਦੀਆਂ ਸਮੱਸਿਆਵਾਂ ਜਿੰਨਾ ਵਿਸ਼ਾਲ ਕਰਕੇ ਨਵੀਨ ਮਾਹੌਲ ਨਾਲ ਭਾਵ ਚੇਤਨਾ ਦੀ ਸਾਂਝ ਪਾਉਂਦੀ ਹੈ।

ਪੰਜਾਬੀ ਦੇ ਪ੍ਰਯੋਗਵਾਦੀ ਕਵੀ ਰਵਿੰਦਰ ਰਵੀ ਦਾ ਉਪਰੋਕਤ ਕਥਨ ਵਿਚਾਰ ਦੀ ਮੰਗ ਕਰਦਾ ਹੈ। ਇਹ ਤਾਂ ਠੀਕ ਹੈ ਕਿ ਪ੍ਰਯੋਗਵਾਦੀ ਲਹਿਰ ਨੇ ਅੰਮ੍ਰਿਤਾ-ਮੋਹਨ ਸਿੰਘ ਦੀ ਪਰੰਪਰਾ ਤੋਂ ਬਗ਼ਾਵਤ ਕੀਤੀ ਤੇ ਇਹ ਬਗ਼ਾਵਤ ਪੰਜਾਬੀ ਕਾਵਿ-ਜਗਤ ਵਿਚ ਪੈਦਾ ਹੋ ਰਹੀ ਖੜੋਤ ਨੂੰ ਮੁੱਖ ਰਖਦਿਆਂ ਲਾਜ਼ਮੀ ਵੀ ਸੀ। ਪਰ ਕੀ ਇਹ ਕਵਿਤਾ ਨਵੀਨ ਮਾਹੌਲ ਨਾਲ ਸਾਂਝ ਪਾ ਕੇ ਪੰਜਾਬੀ ਸਾਹਿਤ ਨੂੰ ਕੁੱਝ ਵੀ ਪ੍ਰਦਾਨ ਕਰਦੀ ਹੈ? ਇਸ ਪ੍ਰਸ਼ਨ ਦੇ ਉੱਤਰ ਲਈ ਸਾਨੂੰ ਪ੍ਰਯੋਗਵਾਦੀ ਕਵਿਤਾ ਨੂੰ ਘੋਖਣਾ ਪਵੇ ਗਾ।

ਪ੍ਰਯੋਗਵਾਦੀ ਕਵੀਆਂ ਵਿਚ ਮੁੱਖ ਰੂਪ ਵਿਚ ਅਸੀਂ ਡਾ. ਜਸਬੀਰ ਸਿੰਘ ਆਹਲੂਵਾਲੀਆ, ਅਜਾਇਬ ਕਮਲ, ਰਵਿੰਦਰ ਰਵੀ, ਸੁਖਪਾਲਵੀਰ ਹਸਰਤ, ਜਗਤਾਰ ਆਦਿ ਕਵੀਆਂ ਨੂੰ ਰੱਖ ਸਕਦੇ ਹਾਂ। ਡਾ. ਹਰਿਭਜਨ ਸਿੰਘ, ਸ਼ਿਵ ਕੁਮਾਰ ਬਟਾਲਵੀ ਆਦਿ ਨੇ ਵੀ ਪ੍ਰਯੋਗਵਾਦੀ ਕਵਿਤਾ ਦੇ ਵਿਕਾਸ ਵਿਚ ਹਿੱਸਾ ਪਾਇਆ ਹੈ ਜਿਵੇਂ 'ਨਾ ਧੁੱਪੇ ਨਾ ਛਾਵੇਂ' (ਡਾ. ਹਰਿਭਜਨ ਸਿੰਘ), 'ਮੈਂ ਤੇ ਮੈਂ' (ਸ਼ਿਵ ਬਟਾਲਵੀ) ਆਦਿ ਵਿਚ। ਇਸ ਦੌਰ ਵਿਚ ਮਨੁੱਖ ਇਕ ਵਿਸ਼ੇਸ਼ ਪ੍ਰਕਾਰ ਦੇ ਸੰਕਰਾਂਤੀ ਕਾਲ (transitional period) ਵਿਚੋਂ ਲੰਘ ਰਿਹਾ ਸੀ। ਪੱਛਮੀ ਸੰਸਾਰ ਤੇ ਭਾਰਤ ਦੇ ਹੋਰ ਗਵਾਂਢੀ ਦੇਸ਼ਾਂ ਦੀ ਆਰਥਿਕਤਾ ਪੂੰਜੀਵਾਦ ਦੇ ਸਿਖਰ 'ਤੇ ਪਹੁੰਚ ਕੇ ਤੇ ਇਸ ਤੋਂ ਵੀ ਅੱਗੇ ਲੰਘ ਕੇ ਸਮਾਜਵਾਦੀ ਸਮਾਜਕ ਪ੍ਰਬੰਧ ਵਿਚ ਤਬਦੀਲ ਹੋ ਰਹੀ ਸੀ ਜਾਂ ਹੋ ਚੁੱਕੀ ਸੀ। ਪਰ ਭਾਰਤ ਦਾ ਅੰਦਰੂਨੀ ਸਮਾਜਕ ਜੀਵਨ ਜਾਗੀਰਦਾਰੀ ਤੇ ਪੂੰਜੀਵਾਦੀ ਕੀਮਤਾਂ ਦੇ ਮਿਲਗੋਭੇ ਵਿਚ ਸੰਘਰਸ਼ ਕਰ ਰਿਹਾ ਸੀ। ਇਸ ਦੌਰ ਵਿਚ ਸਾਡੇ ਲੋਕ/ਲੇਖਕ ਜਿੱਥੇ ਆਪਣੇ ਸਮਾਜ ਵਿਚ ਨਵੀਆਂ ਤੇ ਪੁਰਾਣੀਆਂ ਕੀਮਤਾਂ ਦੇ ਟਕਰਾਉ ਦਾ ਸ਼ਿਕਾਰ ਹੋ ਰਹੇ ਸਨ ਉਥੇ ਬਾਹਰਲੇ ਸਮਾਜ ਦੀਆਂ ਨਵੀਨਤਮ ਜਾਂ ਆਧੁਨਿਕ ਕੀਮਤਾਂ ਵੀ ਉਨ੍ਹਾਂ ਦੇ ਅਧਿਐਨ ਤੇ ਵਿਚਾਰ ਦਾ ਵਿਸ਼ਾ ਬਣੀਆਂ ਹੋਈਆਂ ਸਨ। ਇਹੀ ਕਾਰਨ ਹੈ ਕਿ ਉਨ੍ਹਾਂ ਦਾ ਵਿਸ਼ਵਾਸ ਥਿੜਕਿਆ ਹੋਇਆ ਸੀ। ਉਨ੍ਹਾਂ ਨੂੰ ਆਪਣੇ ਪੈਰਾਂ ਹੇਠਲੀ ਧਰਤੀ (ਅਰਥਾਤ ਆਪਣੇ ਆਧਾਰ 'ਤੇ ਵਿਸ਼ਵਾਸ) ਕੰਬਦੀ ਨਜ਼ਰ ਆਉਂਦੀ ਸੀ। ਇਸ ਤਰ੍ਹਾਂ ਦਾ ਅਨੁਭਵ ਸਾਡੇ ਪ੍ਰਯੋਗਵਾਦੀ ਕਵੀ ਹੰਢਾ ਰਹੇ ਸਨ। ਇਹ ਉਹ ਅਨੁਭਵ ਹੈ ਜਿਸ ਬਾਰੇ ਕਵੀ ਹਰਿਭਜਨ ਸਿੰਘ ਨੇ ਆਪਣੇ ਕਾਵਿ-ਸੰਗ੍ਰਹਿ 'ਅਧਰੈਣੀ' ਵਿਚ ਇਸ਼ਾਰਾ ਕੀਤਾ ਸੀ :

''ਮਿਲੀਏ ਤਾਂ ਮਿਲੀਏ ਕਿਸ ਥਾਵੇਂ,
ਨਾ ਅਸੀਂ ਧੁਪੇ ਨਾ ਅਸੀਂ ਛਾਵੇਂ,
ਨਾ ਮਨ ਵਿਚ ਵਿਸ਼ਵਾਸ ਪੁਰਾਣਾ,
ਨਵਾਂ ਕੋਈ ਧਰਵਾਸ ਨਾ ਜਾਣਾ।''

ਇਹ ਅਨੁਭਵ ਇਨ੍ਹਾਂ ਪ੍ਰਯੋਗਵਾਦੀਆਂ ਦੇ ਕਾਵਿ ਪ੍ਰਗਟਾਵੇ ਵਿਚੋਂ ਝਲਕਦਾ ਹੈ :

1. ਇਕ ਪੈਰ ਦਹਲੀਜ਼ਾਂ ਅੰਦਰ
ਇਕ ਪੈਰ ਦਹਲੀਜ਼ੋਂ ਬਾਹਰ
ਨਾ ਮੈਂ ਏਧਰ ਨਾ ਮੈਂ ਓਧਰ
ਕਿਤ ਵਲ ਜਾਵਾਂ ਠਉਰ ਨਹੀਂ ਸੀ।

(ਜਸਬੀਰ ਸਿੰਘ ਆਹਲੂਵਾਲੀਆ)

2. ਸੁਞਾਂ ਦੀ ਔਰਤ ਦੀ ਕੁਖੋਂ
ਜਿਹੜਾ ਵੀ ਆਦਰਸ਼ ਜਨਮਦਾ
ਇਕ ਸਤਮਾਹੇਂ ਬੱਚੇ ਵਾਂਗੂ
ਛਿਣਾਂ ਪਲਾਂ ਵਿਚ
ਮਰ ਮੁਕ ਜਾਂਦਾ
ਬਚਦਾ ਜੇ

ਪਰਛਾਵਾਂ ਪੈ ਕੇ
ਸੜ ਮੁਕ ਜਾਂਦਾ

(ਅਜਾਇਬ ਕਮਲ)

ਸ਼ਹਿਰੀ ਜੀਵਨ ਦੇ ਮੱਧ-ਸ਼੍ਰੇਣਿਕ ਮਨੁੱਖ ਦੀ ਇਹ ਡਾਂਵਾਡੋਲ ਅਵਸਥਾ ਇਨ੍ਹਾਂ ਪ੍ਰਯੋਗਵਾਦੀਆਂ ਦੇ ਕਾਵਿ-ਪ੍ਰਗਟਾਵੇ ਦਾ ਸਾਧਨ ਹੈ। ਇਹ ਮਨੁੱਖ ਪੁਰਾਣੇ ਵਿਸ਼ਵਾਸ ਗੁਆ ਬੈਠਾ ਹੈ, ਨਵੇਂ ਧਰਵਾਸ ਉਸ ਨੂੰ ਮਿਲੇ ਨਹੀਂ। ਪਰ ਪ੍ਰਯੋਗਵਾਦੀਆਂ ਨੇ ਅਜਿਹੇ ਮਨੁੱਖ ਦਾ ਇੱਕ ਚਿੱਤਰ ਜਾਂ ਤਸਵੀਰ ਵੀ ਪ੍ਰਸਤੁਤ ਕੀਤੀ ਹੈ। ਇਹ ਠੀਕ ਹੈ ਕਿ ਅੰਮ੍ਰਿਤਾ-ਮੋਹਨ ਸਿੰਘ ਵਾਂਗ ਅਜੋਕੇ ਮਨੁੱਖ ਨੂੰ ਆਪਣੇ ਇਸ਼ਟ 'ਤੇ ਭਰੋਸਾ ਨਹੀਂ, ਉਸ ਨਾਲ ਗਿਲਾ ਸ਼ਿਕਵਾ ਨਹੀਂ, ਪਰ ਕੇਵਲ ਫ਼ੋਟੋਗਰਾਫ਼ੀ ਵੀ ਕਵਿਤਾ ਨਹੀਂ ਹੁੰਦੀ ਤੇ ਨਾ ਹੀ ਅਜਿਹੀ ਕਵਿਤਾ ਆਪਣੀ ਨਵੀਨਤਾ ਜਾਂ ਆਧੁਨਿਕਤਾ ਦਾ ਦਾਅਵਾ ਕਰ ਸਕਦੀ ਹੈ। ਇਸ ਕਵਿਤਾ ਵਿਚਲੀ ਤਸਵੀਰ ਬੀਮਾਰ ਵਿਅਕਤੀ ਦੀ ਹੈ, ਪ੍ਰੇਸ਼ਾਨ ਵਿਅਕਤੀ ਦੀ ਹੈ ਤੇ ਕੇਵਲ ਬੀਮਾਰ ਨਾਇਕ ਪੇਸ਼ ਕਰਨ ਨਾਲ ਕੋਈ ਵੀ ਸਾਹਿਤ ਉਸਾਰੂ ਤੇ ਆਧੁਨਿਕ ਨਹੀਂ ਹੋ ਸਕਦਾ।

ਆਪਣੇ ਆਪ ਵਿਚ ਹਰ ਨਵੀਂ ਕਵਿਤਾ ਇਕ ਪ੍ਰਯੋਗ ਹੁੰਦੀ ਹੈ। ਇਸੇ ਲਈ ਕਿਸੇ ਇਕ ਲਹਿਰ ਨੂੰ ਪ੍ਰਯੋਗਵਾਦ ਦਾ ਨਾਂ ਦੇਣਾ ਸਾਰਥਿਕਤਾ ਤੋਂ ਸੱਖਣੀ ਗੱਲ ਹੈ। ਇਸ ਕਰਕੇ ਹੀ ਸ਼ਾਇਦ ਇਸ ਲਹਿਰ ਦੇ ਸਮਰਥਕਾਂ ਨੇ 1961 ਵਿਚ ਹੀ ਇਸ ਲਹਿਰ ਦਾ ਨਾਉਂ 'ਪ੍ਰਯੋਗਸ਼ੀਲ ਲਹਿਰ' ਰੱਖ ਲਿਆ ਸੀ। ਪਰ ਬਾਕੀ ਕਵਿਤਾ ਨਾਲੋਂ ਆਪਣੇ ਜਿਸ ਬੁਨਿਆਦੀ ਵਖਰੇਵੇਂ ਦੀ ਗੱਲ ਇਹ ਕਵੀ ਕਰਦੇ ਹਨ, ਆਪ ਵੀ ਉਸ ਦੇ ਸ਼ਿਕਾਰ ਹੋ ਕੇ ਰਹਿ ਗਏ। ਅਰਥਾਤ ਪਰੰਪਰਾ ਤੋਂ ਬਗਾਵਤ ਕਰਨ ਦਾ ਸਨਕੀਪੁਣਾ ਇਹਨਾਂ ਦੀ ਕਵਿਤਾ ਨੂੰ ਇਕ ਪਰੰਪਰਾ ਦੀ ਸ਼ਕਲ ਦੇ ਗਿਆ। ਉਹ ਪਰੰਪਰਾ ਹੈ : ਨਿੱਜੀ ਭਾਸ਼ਾ, ਨਿੱਜੀ ਵਿਚਾਰ, ਨਿੱਜੀ ਬਿੰਬ ਚਿੱਤਰ ਦੀ ਵਰਤੋਂ। ਸੋ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਹੀ ਇਹ ਕਵਿਤਾ ਕੋਈ ਬਹੁਤੀ ਮਹਾਨਤਾ ਨਹੀਂ ਰਖਦੀ। ਇਸ ਲਈ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦਾ ਕਥਨ, ''ਜਸਬੀਰ ਸਿੰਘ ਆਹਲੂਵਾਲੀਆ ਇਸ ਦਹਾਕੇ ਦੀ ਨਵੀਂ ਕਵਿਤਾ ਨੂੰ ਹੀ ਨਹੀਂ ਸਾਡੇ ਸਮੁੱਚੇ ਸਾਹਿਤ ਨੂੰ ਨਵੀਂ ਨੁਹਾਰ ਦੇਣ ਵਾਲਾ ਬੁਧੀਮਾਨ ਹੈ''[1] ਉਲਾਰ ਪੱਖੀ ਪ੍ਰਤੀਤ ਹੁੰਦਾ ਹੈ। ਇਸ ਲਹਿਰ ਦੇ ਸਾਰੇ ਕਵੀ ਪੰਜਾਬੀ ਕਵਿਤਾ ਨੂੰ ਕੋਈ ਨਵੀਂ ਨੁਹਾਰ ਦੇਣੋਂ ਅਸਮਰਥ ਰਹੇ ਹਨ। ਇਸ ਕਾਲ ਵਿਚ ਸਾਡੇ ਵਿਚਾਰ ਅਨੁਸਾਰ ਪਹਿਲੀ ਵਾਰ ਪੰਜਾਬੀ ਕਵਿਤਾ ਤੇ ਪੰਜਾਬੀ ਪਾਠਕਾਂ ਵਿਚਾਲੇ ਪਾੜ ਪਿਆ ਹੈ ਤੇ ਉਹ ਇਸ ਕਵਿਤਾ ਨੂੰ ਸਮਝਣ ਤੋਂ ਅਸਮਰਥ ਹਨ।

**ਜੁਝਾਰਵਾਦੀ ਝੁਕਾਅ**

1967 ਈ. ਤੋਂ ਪਿੱਛੋਂ ਪੰਜਾਬੀ ਕਵਿਤਾ ਵਿਚ ਕੁੱਝ ਨੌਜਵਾਨ ਕਵੀਆਂ ਨੇ ਅਜਿਹੀ ਕਵਿਤਾ ਲਿਖੀ ਹੈ ਜਿਸ ਦੀ ਵਿਲੱਖਣਤਾ ਨੂੰ ਸਥਾਪਤ ਕਰਨ ਲਈ ਜੁਝਾਰਵਾਦੀ ਕਵਿਤਾ ਦਾ ਨਾਂ ਦਿੱਤਾ ਗਿਆ ਹੈ। ਸ਼ਾਇਦ ਇਹ ਨਾਂ ਇਸ ਲਈ ਢੁਕਵਾਂ ਹੈ ਕਿਉਂਕਿ ਇਸ ਕਵਿਤਾ ਦਾ ਨਾਇਕ ਮਜ਼ਦੂਰ ਕਿਸਾਨ ਵਰਗ ਦਾ ਅਜਿਹਾ ਮਨੁੱਖ ਹੈ ਜਿਹੜਾ ਆਪਣੀ ਜ਼ਿੰਦਗੀ ਦੀਆਂ ਔਕੜਾਂ ਤੋਂ ਘਬਰਾ ਕੇ ਡੂੰਘੀ ਨਿਰਾਸ਼ਾ ਅਤੇ ਆਪਣੀ ਟੁੱਟੀ ਸ਼ਖ਼ਸੀਅਤ ਦੇ ਰੋਣੇ ਨਹੀਂ ਰੋਂਦਾ ਤੇ ਨਾ ਹੀ ਇਕ ਵਿਸ਼ਾਦਗ੍ਰਸਤ ਵਿਅਕਤੀ ਵਾਂਗ ਪਾਗਲਪਨ ਦੇ ਦੌਰੇ ਅਧੀਨ ਉਲ-ਜਲੂਲ ਬਕਦਾ ਹੈ, ਸਗੋਂ ਉਹ ਆਪਣੀਆਂ ਔਕੜਾਂ ਨਾਲ ਜੂਝਦਾ ਨਜ਼ਰ ਆਉਂਦਾ ਹੈ। ਅਜਿਹੀ ਕਵਿਤਾ ਦੇ ਰਚਣ ਵਾਲੇ ਉੱਘੇ ਕਵੀ ਹਨ : ਪਾਸ਼, ਦਰਸ਼ਨ ਖਟਕੜ, ਸੰਤ ਸੰਧੂ, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਗੁਰਦੀਪ ਸਿੰਘ ਗਰੇਵਾਲ ਅਤੇ ਅਮਰਜੀਤ ਚੰਦਨ। ਇਹਨਾਂ ਕਵੀਆਂ ਦੇ ਵੱਖਰੇ ਪਣ ਦਾ ਵੱਡਾ ਕਾਰਨ ਇਹਨਾਂ ਦੀ ਹੱਡ-ਬੀਤੀ ਦੀ ਵਿਲੱਖਣਤਾ ਹੈ। ਲਗਭਗ ਇਹ ਸਾਰੇ ਕਵੀ ਇਕ ਵਿਸ਼ੇਸ਼ ਰਾਜਨੀਤਿਕ ਲਹਿਰ ਨਾਲ ਜੁੜ ਕੇ ਕੁਝ ਸਮੇਂ ਲਈ ਜੇਲ੍ਹ ਜਾਂ ਨਜ਼ਰਬੰਦੀ ਭੋਗਦੇ ਰਹੇ ਹਨ। ਅਜਿਹੇ ਨਿੱਜੀ ਅਨੁਭਵ ਦਾ ਇਹਨਾਂ ਕਵਿਤਾਵਾਂ ਵਿਚ ਬੜਾ ਸਪੱਸ਼ਟ ਚਿਤਰਨ ਹੈ। ਉਹ ਲਹਿਰ ਭਾਵੇਂ ਪੂਰੀ ਤਰ੍ਹਾਂ ਕਿਰਤੀ ਵਰਗ ਦੀ ਜਾਗ੍ਰਿਤੀ ਦਾ ਪ੍ਰਤੀਕ ਨਹੀਂ ਬਣ ਸਕੀ ਪਰ ਉਸ ਤੋਂ ਪ੍ਰਭਾਵਿਤ ਹੋ ਕੇ ਲਿਖੀ ਕਵਿਤਾ ਵਿਚ ਅਜਿਹੇ ਰੋਹ ਅਤੇ ਵਿਦਰੋਹ ਦੀ ਭਾਵਨਾ ਸਪੱਸ਼ਟ ਹੈ ਜਿਹੜੀ ਸਾਡੇ ਸਮਾਜ ਦੇ ਹੇਠਲੇ ਵਰਗ ਵਿਚ ਕਦੇ ਵੀ ਉਤਪੰਨ ਹੋ ਸਕਦੀ ਹੈ। ਇਸ ਕਵਿਤਾ ਦੀ ਸੰਬੋਧਨੀ ਸ਼ੈਲੀ ਇਸੇ ਵਿਦਰੋਹ ਭਾਵਨਾ ਦੀ ਸੂਚਕ ਹੈ। ਇਹ ਸੰਬੋਧਨ ਇਕ ਪਾਸੇ ਉਸ ਵਰਗ ਪ੍ਰਤੀ ਹੈ ਜਿਹੜਾ ਕਿਰਤੀ ਕਿਸਾਨ ਦੀ ਮਿਹਨਤ ਨੂੰ ਆਪਣੇ ਲਈ ਵਰਤਦਾ ਹੈ ਤੇ ਦੂਜੇ ਪਾਸੇ ਅਜਿਹੇ ਮੱਧ ਵਰਗ ਦੇ ਬੁੱਧੀ-ਜੀਵੀਆਂ ਨੂੰ ਸੰਬੋਧਿਤ ਕੀਤਾ ਗਿਆ ਹੈ ਜਿਹੜੇ ਪ੍ਰਯੋਗਵਾਦ ਜਾਂ ਹੋਰ ਵਾਦਾਂ ਦੇ ਨਵੇਂ-ਨਵੇਂ ਤਜ਼ਰਬਿਆਂ ਨੂੰ ਹੀ ਵਿਦਰੋਹ ਸਮਝ ਕੇ ਸਾਹਿਤ ਵਿਚ ਇਕ ਅਖੌਤੀ ਕਰਾਂਤੀ ਦੇ ਝੰਡਾ-ਬਰਦਾਰ

1. ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਦਸਵੀਂ ਸਰਬ ਹਿੰਦ ਪੰਜਾਬੀ ਕਾਨਫ਼ਰੰਸ ਸਮੇਂ ਚੰਡੀਗੜ੍ਹ ਵਿਚ ਪੜ੍ਹੇ ਗਏ ਇਕ ਪੈਂਫਲੇਟ ਵਿਚੋਂ (ਸਮਕਾਲੀ ਪੰਜਾਬੀ ਸਾਹਿਤ ਪੰ. 18)

ਬਣਨ ਦਾ ਯਤਨ ਕਰਦੇ ਰਹੇ ਸਨ। ਪਾਸ਼ ਲਿਖਦਾ ਹੈ :

''ਮੈਂ ਲੋਹਾ ਖਾਧਾ ਹੈ
ਤੁਸੀਂ ਲੋਹੇ ਦੀ ਗਲ ਕਰਦੇ ਹੋ।''

ਸਥਾਪਤੀ ਦਾ ਵਿਰੋਧ ਇਹਨਾਂ ਕਵੀਆਂ ਦੀ ਵਿਸ਼ੇਸ਼ਤਾ ਹੈ ਪਰ ਇਹ ਵਿਰੋਧ ਪ੍ਰਯੋਗਵਾਦੀਆਂ ਵਾਂਗ ਨਿਰਾਰਥਕ ਨਹੀਂ, ਸਗੋਂ ਇਸ ਵਿਚ ਇਕ ਉਸਾਰੂ ਪ੍ਰੇਰਨਾ ਹੈ ਤੇ ਉਹ ਪ੍ਰੇਰਨਾ ਬੜੀ ਸਰਲ ਸ਼ੈਲੀ ਰਾਹੀਂ ਰੂਪਮਾਨ ਹੋਈ ਹੈ :

''ਧਰਤੀ ਮਾਂ ਦਾ ਕਿਰਤੀ ਜਾਇਆ
ਕਿਰਤ ਨਾਲ ਹੈ ਜੋ ਪਰਨਾਇਆ
ਲੁੱਟ ਹੁੰਦਾ ਸਦੀਆਂ ਤੋਂ ਆਇਆ
ਪੁਛੀਏ ਉਸ ਦੀ ਸਾਰ
ਸਾਥਣ ਜਨਤਾ ਹੈ, ਉੱਠ ਕੇ ਹੱਲਾ ਮਾਰ।

ਪੇਂਡੂ ਜੀਵਨ ਦਾ ਅਨੁਭਵ, ਉਸ ਜੀਵਨ ਵਿਚੋਂ ਪ੍ਰਾਪਤ ਕੀਤੀ ਬਿੰਬਾਵਲੀ ਅਤੇ ਆਪਣੇ ਅਨੁਭਵ ਨੂੰ ਜਨ ਸਾਧਾਰਨ ਨਾਲ ਸਾਂਝਾ ਕਰਨ ਦੀ ਇੱਛਾ ਇਸ ਕਵਿਤਾ ਦੀ ਸਾਦਗੀ ਦਾ ਕਾਰਨ ਹੈ ਅਤੇ ਇਹ ਸਾਦਗੀ ਪ੍ਰਯੋਗਵਾਦੀ ਕਵਿਤਾ ਦੇ ਜਟਿਲ ਬਿੰਬ ਵਿਧਾਨ ਅਤੇ ਧੁੰਦਲੇਪਨ ਨਾਲੋਂ ਵਧੇਰੇ ਮਕਬੂਲ ਹੋਈ ਹੈ। ਪੰਜਾਬ ਦੇ ਇਤਿਹਾਸ ਅਤੇ ਭਾਰਤੀ ਇਤਿਹਾਸ ਵਿਚੋਂ ਹਵਾਲੇ ਦੇ ਕੇ ਇਹਨਾਂ ਕਵੀਆਂ ਨੇ ਆਪਣੀ ਕਵਿਤਾ ਦੇ ਨਾਇਕ ਨੂੰ ਸਰਬ ਸਮਿਆਂ ਦੇ ਜੁਝਾਰੂ ਮਨੁੱਖ ਨਾਲ ਜੋੜਨ ਦਾ ਉਪਰਾਲਾ ਕੀਤਾ ਹੈ।

ਜੁਝਾਰਵਾਦੀ ਕਾਵਿ ਇਕ ਲਹਿਰ ਬਣ ਕੇ ਉਭਰਿਆ ਜਿਸ ਅਧੀਨ ਇਹਨਾਂ ਕਵੀਆਂ ਨੇ ਪ੍ਰਗਤੀਵਾਦੀ ਲਹਿਰ ਦੀ ਕਵਿਤਾ ਨੂੰ ਇਕ ਨਵਾਂ ਆਯਾਮ ਦਿੱਤਾ। ਇਸ ਕਾਵਿ-ਪਰੰਪਰਾ ਨੂੰ ਨਕਸਲਵਾਦੀ ਕਾਵਿ ਜਾਂ ਉੱਤਰ ਪ੍ਰਗਤੀਵਾਦੀ ਕਾਵਿ ਦਾ ਨਾਮ ਵੀ ਦਿੱਤਾ ਗਿਆ। ਮੂਲ ਕਾਰਣ ਇਹ ਸੀ ਕਿ ਜਿਸ ਮੱਧ ਸ਼੍ਰੇਨਿਕ ਆਦਰਸ਼ਵਾਦ ਵਿਚੋਂ ਪ੍ਰਗਤੀਵਾਦੀ ਕਵਿਤਾ ਉਭਰੀ ਸੀ, ਇਹ ਕਵਿਤਾ ਉਸੇ ਦੇ ਪ੍ਰਤੀਉਤਰ ਵਜੋਂ ਨਿਮਨ ਸ਼੍ਰੇਣੀ ਦੇ ਯਥਾਰਥ ਵਿਚੋਂ ਉਭਰੀ ਅਤੇ ਇਸ ਲਹਿਰ ਦੇ ਕਵੀਆਂ ਨੇ ਆਪਣੇ ਬਿੰਬ ਪੰਜਾਬੀ ਜੀਵਨ, ਸਭਿਆਚਾਰ ਅਤੇ ਸਿੱਖ ਇਤਿਹਾਸ ਵਿਚੋਂ ਚੁਣੇ। ਇਹ ਲਹਿਰ ਪੰਜਾਬੀ ਕਾਵਿ ਦਾ ਮਹੱਤਵਪੂਰਨ ਕਾਂਡ ਹੈ ਜਿਸ ਵਿਚੋਂ ਪਾਸ਼ ਵਰਗਾ ਸਰਬਕਾਲੀ ਸ਼ਾਇਰ ਸਾਮ੍ਹਣੇ ਆਇਆ ਅਤੇ ਇਸ ਲਹਿਰ ਜਾਂ ਇਸ ਦੌਰ ਨਾਲ ਸਿੱਧੇ ਅਸਿੱਧੇ ਰੂਪ ਵਿਚ ਕੁੱਝ ਕਵੀ ਵਖਰੀ ਤਰ੍ਹਾਂ ਸਥਾਪਿਤ ਹੋਏ ਜਿਨ੍ਹਾਂ ਵਿਚ ਸੁਰਜੀਤ ਪਾਤਰ ਦੀ ਪ੍ਰਗੀਤਾਤਮਕਤਾ, ਹਰਭਜਨ ਹਲਵਾਰਵੀ ਦੀ ਸਹਿਜਤਾ ਅਤੇ ਅਮਰਜੀਤ ਚੰਦਨ ਦੀ ਵਿਲੱਖਣਤਾ ਵਿਸ਼ੇਸ਼ ਸਥਾਨ ਰਖਦੀ ਹੈ।

(6)

ਇਸ ਲਹਿਰ ਉਪਰੰਤ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਪੰਜਾਬੀ ਕਵਿਤਾ ਵਿਚ ਉਤਰ ਆਧੁਨਿਕ ਸਰੋਕਾਰ ਸਾਮ੍ਹਣੇ ਆਏ ਜਿਸ ਅਧੀਨ ਸਵਰਨਜੀਤ ਸਵੀ, ਜਸਵੰਤ ਦੀਦ, ਅਮਰਜੀਤ ਕੌਂਕੇ, ਦਰਸ਼ਨ ਬੁਟਰ ਆਦਿ ਕਵੀ ਪੰਜਾਬੀ ਕਾਵਿ ਵਿਚ ਉਭਰੇ। ਇਨ੍ਹਾਂ ਕਵੀਆਂ ਨੇ ਮਨੁੱਖੀ ਰਿਸ਼ਤਿਆਂ ਦੀ ਜੜ੍ਹਹੀਨਤਾ, ਵਿਸ਼ਵਾਸਭੰਗਤਾ ਆਦਿ ਮਸਲੇ ਅਗ੍ਰਭੂਮ ਵਿਚ ਲਿਆਂਦੇ । ਇਹ ਕਵਿਤਾ ਰਿਸ਼ਤਿਆਂ ਦੀ ਟੁੱਟ ਭੱਜ ਦੇ ਉਸ ਮੁਕਾਮ ਨੂੰ ਪੇਸ਼ ਕਰਦੀ ਹੈ ਜਿਥੇ ਜਾ ਕੇ ਕਈ ਮਾਨਵੀ ਪੱਧਰ ਵੀ ਗੁੰਮਣ, ਗੁਆਚਣ ਲਗਦੇ ਹਨ। ਖਪਤਵਾਦ ਦੇ ਦੌਰ ਵਿਚ ਮਨੁੱਖੀ ਰਿਸ਼ਤੇ ਉਪਭੋਗਤਾ ਦਾ ਹਿੱਸਾ ਬਣਦੇ ਹਨ। ਇਹ ਕਵਿਤਾ ਇਸ ਸਥਿਤੀ ਨੂੰ ਰੂਪਮਾਨ ਕਰਦੀ ਹੈ। ਇਸਦੇ ਨਾਲ ਹੀ 'ਇਤਿਹਾਸ ਦਾ ਅੰਤ' ਜਾਂ 'ਵਿਚਾਰਧਾਰਾ ਦਾ ਅੰਤ' ਜਿਹੇ ਸੰਕਲਪ ਵੀ ਪੰਜਾਬੀ ਕਵਿਤਾ ਨੂੰ ਪ੍ਰੇਰਿਤ ਕਰਦੇ ਹਨ ਅਤੇ ਇਹ ਕਵਿਤਾ ਦਿਸ਼ਾਹੀਨਤਾ ਤੇ ਮੋਹਭੰਗਤਾ ਦਾ ਸ਼ਿਕਾਰ ਵੀ ਹੁੰਦੀ ਹੈ।

ਆਧੁਨਿਕ ਕਵਿਤਾ ਦਾ ਇਹ ਪੱਖ ਵੀ ਵਿਚਾਰਨ ਵਾਲਾ ਹੈ ਕਿ ਵੱਖ-ਵੱਖ ਦੌਰਾਂ ਵਿਚ ਵੱਖ-ਵੱਖ ਧਾਰਾਵਾਂ ਇਕੋ ਵੇਲੇ ਕਾਰਜਸ਼ੀਲ ਰਹੀਆਂ ਹਨ, ਇਸ ਲਈ ਇਕੀਵੀਂ ਸਦੀ ਦੇ ਪਹਿਲੇ ਦਹਾਕੇ ਦੇ ਮੁਢਲੇ ਵਰ੍ਹਿਆਂ ਵਿਚ ਆਧੁਨਿਕ ਪੰਜਾਬੀ ਕਵਿਤਾ ਆਪਣੇ ਉੱਤਰ ਆਧੁਨਿਕ ਸਰੋਕਾਰਾਂ ਸਮੇਤ ਵਿਵਿਧਤਾ ਦੇ ਦਰਸ਼ਨ ਕਰਵਾਉਂਦੀ ਹੈ, ਜਿਸ ਵਿਚ ਵਿਚਾਰਗਤ ਵਿਭਿੰਨਤਾ ਵੀ ਹੈ ਅਤੇ ਰੂਪਗਤ ਵਿਲੱਖਣਤਾ ਵੀ। ਇਕ ਪਾਸੇ ਕਵਿਤਾ ਖੁਲ੍ਹੀ ਕਵਿਤਾ ਦਾ ਸਿਖ਼ਰ ਹੰਢਾਉਂਦੀ ਸੰਚਾਰਹੀਨਤਾ ਦਾ ਸੰਕਟ ਵੀ ਹੰਢਾਉਂਦੀ ਹੈ ਅਤੇ ਦੂਜੇ ਪਾਸੇ ਜਗਤਾਰ, ਰਣਧੀਰ ਸਿੰਘ ਚੰਦ, ਕੰਵਰ ਚੌਹਾਨ, ਗੁਰਦੇਵ ਨਿਰਧਨ, ਤਰਲੋਕ ਸਿੰਘ ਆਨੰਦ, ਸੁਰਜੀਤ ਪਾਤਰ ਤੋਂ ਬਾਅਦ ਬਰਜਿੰਦਰ ਚੌਹਾਨ, ਸੁਰਜੀਤ ਜੱਜ, ਜਸਵਿੰਦਰ, ਗੁਰਤੇਜ ਕੋਹਾਰਵਾਲਾ, ਬਚਨਜੀਤ, ਰੁਪਿੰਦਰ ਮਾਨ ਆਦਿ ਸ਼ਾਇਰਾਂ ਰਾਹੀਂ ਗਜ਼ਲ ਦੇ ਸਰੂਪ ਨੂੰ ਵੀ ਪੁਖਤਗੀ ਪ੍ਰਦਾਨ ਕਰਦੀ ਹੈ। ਆਧੁਨਿਕ ਪੰਜਾਬੀ ਕਵਿਤਾ ਦਾ ਇਹ ਨਿਵੇਕਲਾ ਦ੍ਰਿਸ਼ ਪ੍ਰਮਾਣਯੋਗ ਵੀ ਹੈ ਅਤੇ ਪਛਾਣਯੋਗ ਵੀ ਹੈ।

ਪਾਠ ਨੰ. : 2.2 –ਡਾ. ਜਗਜੀਤ ਸਿੰਘ

## ਪੰਜਾਬੀ ਨਾਵਲ ਦਾ ਜਨਮ ਤੇ ਵਿਕਾਸ

**ਪਾਠ ਦਾ ਮੰਤਵ** : ਇਸ ਪਾਠ ਵਿਚ ਸਾਹਿਤ ਦੇ ਇਕ ਵਿਸ਼ੇਸ਼ ਰੂਪ ਨਾਵਲ ਦੇ ਜਨਮ ਅਤੇ ਵਿਕਾਸ ਬਾਰੇ ਵਿਸਤ੍ਰਿਤ ਵਿਚਾਰ ਕਰਨ ਦਾ ਯਤਨ ਕੀਤਾ ਗਿਆ ਹੈ। ਜਿਨ੍ਹਾਂ ਪਰਿਸਥਿਤੀਆਂ ਨੇ ਨਾਵਲ ਨੂੰ ਜਨਮ ਦਿੱਤਾ, ਉਨ੍ਹਾਂ ਦਾ ਸੰਖੇਪ ਵਰਨਣ ਕਰਕੇ, ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਅਧੀਨ ਨਾਵਲ ਨੂੰ ਹੋਂਦ ਵਿਚ ਲਿਆਉਣ ਵਾਲੀਆਂ ਸ਼ਕਤੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

**ਪਾਠ ਦੀ ਰੂਪ ਰੇਖਾ**

ਨਾਵਲ ਕੀ ਹੈ? ਨਾਵਲ ਦੀ ਪਰਿਭਾਸ਼ਾ, ਪੰਜਾਬੀ ਵਿਚ ਨਾਵਲ ਦਾ ਜਨਮ, ਨਾਵਲ ਦੀਆਂ ਕਿਸਮਾਂ – ਇਤਿਹਾਸਕ, ਧਾਰਮਕ ਅਤੇ ਸਮਾਜਕ ਨਾਵਲ ਦਾ ਵਿਕਾਸ, ਨਾਵਲੈੱਟ ਦਾ ਵਿਕਾਸ।

ਨਾਵਲ ਆਧੁਨਿਕ ਸਾਹਿਤ ਦਾ ਇਕ ਪ੍ਰਤੀਨਿਧ ਤੇ ਮਹੱਤਵਪੂਰਨ ਅੰਗ ਹੈ। ਨਾਵਲ ਇਤਾਲਵੀ ਸ਼ਬਦ 'ਨੋਵੇਲ' (Novella) ਤੋਂ ਬਣਿਆ ਹੈ। ਇਤਾਲਵੀ ਭਾਸ਼ਾ ਵਿਚ ਨੋਵੇਲ ਦਾ ਭਾਵ ਇਕ ਪ੍ਰਕਾਰ ਦੀ ਕਥਾ, ਵਾਰਤਾ, ਗੱਲਬਾਤ ਜਾਂ ਬਿਆਨ ਹੁੰਦਾ ਹੈ, ਜਿਸ ਵਿਚ ਜੀਵਨ ਵਿਚੋਂ ਪਾਤਰ ਲੈ ਕੇ ਉਨ੍ਹਾਂ ਦੇ ਕਰਮ ਬਾਰੇ ਟਿੱਪਣੀ ਕੀਤੀ ਹੁੰਦੀ ਹੈ। ਇਤਾਲਵੀ ਭਾਸ਼ਾ ਵਿਚ 'ਡੈਕਾ ਮੈਰਨ' ਨਾਂ ਦੀ ਰਚਨਾ ਜਿਹੜੀ 1353 ਈ. ਵਿਚ ਲਿਖੀ ਗਈ ਇਸ ਵੰਨਗੀ ਦੀ ਪਹਿਲੀ ਪੁਸਤਕ ਮੰਨੀ ਗਈ ਹੈ।

ਈ.ਐਮ. ਫਾਸਟਰ ਨਾਵਲ ਨੂੰ ''ਪੰਜਾਹ ਹਜ਼ਾਰ ਤੋਂ ਵੱਧ ਸ਼ਬਦਾਂ ਦੀ ਕਲਪਿਤ ਵਾਰਤਕ''[1] ਕਹਿੰਦਾ ਹੈ।

ਹੈਨਰੀ ਫੀਲਡਿੰਗ ਨਾਵਲ ਨੂੰ ''ਵਾਰਤਕ ਵਿਚ ਸੁਖਾਂਤ ਮਹਾਂਕਾਵਿ ਸਮਝਦਾ ਹੈ।''[2]

ਐਚ.ਸੀ. ਵੈਲਜ਼ ਦਾ ਕਥਨ ਹੈ ਕਿ ''ਨਾਵਲ ਇਕ ਕਿਸਮ ਦਾ ਜਾਦੂ ਦਾ ਥੈਲਾ ਹੈ ਜਿਸ ਵਿਚ ਹਰ ਇਕ ਚੀਜ਼ ਪਾਈ ਜਾ ਸਕਦੀ ਹੈ।''[3]

ਹਡਸਨ ਦਾ ਵਿਚਾਰ ਹੈ ਕਿ ''ਨਾਟਕ ਵਾਂਗ ਨਾਵਲ ਵੀ ਜੀਵਨ ਨਾਲ, ਮਰਦਾਂ ਤੇ ਇਸਤਰੀਆਂ ਨਾਲ ਅਤੇ ਉਨ੍ਹਾਂ ਦੇ ਪਰਸਪਰ ਸੰਬੰਧਾਂ ਨਾਲ, ਉਨ੍ਹਾਂ ਦੇ ਵਿਚਾਰਾਂ, ਮੰਤਵਾਂ ਨਾਲ ਜਿਨ੍ਹਾਂ ਰਾਹੀਂ ਉਹ ਪ੍ਰਭਾਵਿਤ ਹੁੰਦੇ ਅਤੇ ਕਾਰਜ ਕਰਦੇ ਹਨ, ਉਨ੍ਹਾਂ ਦੀਆਂ ਖੁਸ਼ੀਆਂ ਤੇ ਗ਼ਮੀਆਂ ਨਾਲ, ਉਨ੍ਹਾਂ ਦੇ ਸੰਘਰਸ਼, ਸਫ਼ਲਤਾਵਾਂ ਅਤੇ ਅਸਫ਼ਲਤਾਵਾਂ ਨਾਲ ਸਿੱਧਾ ਸੰਬੰਧ ਰਖਦਾ ਹੈ।''[4]

ਨਾਵਲ ਵਿਚ ਕਹਾਣੀ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਈ.ਐਮ. ਫਾਸਟਰ ਕਹਾਣੀ ਬਿਆਨ ਕਰਨ ਨੂੰ ਨਾਵਲ ਦਾ ਮੂਲ ਤੱਤ ਮੰਨਦਾ ਹੈ। ਹਡਸਨ ਇਸੇ ਗੱਲ ਨੂੰ ਕੁਝ ਵੱਖਰੇ ਸ਼ਬਦਾਂ ਵਿਚ ਇਉਂ ਕਹਿੰਦਾ ਹੈ :

''ਨਾਵਲ ਭਾਵੇਂ ਕੁਝ ਵੀ ਹੈ ਪਰ ਇਹ ਕਹਾਣੀ ਨੂੰ ਜ਼ਰੂਰ ਬਿਆਨ ਕਰਦਾ ਹੈ।''[5]

ਨਾਵਲ ਦੀ ਪਰਿਭਾਸ਼ਾ ਭਿੰਨ-ਭਿੰਨ ਵਿਦਵਾਨਾਂ ਤੇ ਆਲੋਚਕਾਂ ਨੇ ਭਿੰਨ-ਭਿੰਨ ਪ੍ਰਕਾਰ ਕੀਤੀ ਹੈ। ਇਹ ਪਰਿਭਾਸ਼ਾਵਾਂ ਨਾਵਲ ਵਿਚ ਮਿਲਦੇ ਤੱਤਾਂ ਵਿਚੋਂ ਕਿਸੇ ਇਕ ਉੱਤੇ ਵਧੇਰੇ ਜ਼ੋਰ ਦੇਣ ਅਤੇ ਦੂਜੇ ਤੱਤਾਂ ਨੂੰ ਅੱਖੋਂ ਉਹਲੇ ਕਰਨ ਦੇ ਫ਼ਲਸਰੂਪ ਇਕ ਦੂਜੇ ਤੋਂ ਵੱਖਰੀਆਂ-ਵੱਖਰੀਆਂ ਪ੍ਰਤੀਤ ਹੁੰਦੀਆਂ ਹਨ। ਜੇ ਅਸੀਂ ਨਾਵਲ ਦੇ ਜ਼ਰੂਰੀ ਤੱਤਾਂ ਨੂੰ ਦ੍ਰਿਸ਼ਟੀਗੋਚਰ ਕਰ ਲਈਏ ਤਾਂ ਅਸੀਂ ਨਾਵਲ ਦੀ ਕਿਸੇ ਪ੍ਰਮਾਣਿਕ ਪਰਿਭਾਸ਼ਾ 'ਤੇ ਅੱਪੜ ਸਕਦੇ ਹਾਂ। ਇਹ ਤੱਤ ਹੇਠ ਲਿਖੇ ਮੰਨੇ ਜਾਂਦੇ

1. *Aspects of the Novel,* page 9.
2. Joseph Andrews.
3. Perey Lubbock-*The Craft of Fiction.*
4. *An Introduction to the Study of Literature,* page 163.
5. *Ibid,* page 136.

ਹਨ :

1. ਕਹਾਣੀ
2. ਗੋਂਦ
3. ਪਾਤਰ-ਚਿਤਰਣ ਜਾਂ ਪਾਤਰ ਉਸਾਰੀ
4. ਵਾਰਤਾਲਾਪ ਜਾਂ ਕਥਾ ਵਰਨਣ
5. ਦ੍ਰਿਸ਼ ਵਰਨਣ
6. ਉਦੇਸ਼

ਨਾਵਲ ਇਕ ਸਾਹਿਤਕ ਕਲਾ ਹੈ ਜੀਵਨ ਦੀ ਤਸਵੀਰ ਪੇਸ਼ ਕਰਨਾ ਇਸ ਦਾ ਮੰਤਵ ਹੁੰਦਾ ਹੈ। ਪਰ ਤਸਵੀਰ ਜਾਂ ਚਿੱਤਰ ਪੇਸ਼ ਕਰਨ ਵੇਲੇ ਨਾਵਲਕਾਰ ਜੀਵਨ ਦੀ ਹੂ-ਬ-ਹੂ ਤਸਵੀਰ ਪੇਸ਼ ਨਹੀਂ ਕਰ ਸਕਦਾ ਕਿਉਂਕਿ ਉਹ ਫੋਟੋਗ੍ਰਾਫਰ ਨਹੀਂ ਹੈ। ਉਸ ਨੂੰ ਅਵੱਸ਼ ਹੀ ਕੁਝ ਕਾਂਟ-ਛਾਂਟ ਕਰਨੀ ਪੈਂਦੀ ਹੈ। ਕੁੱਝ ਘਟਾਉਣਾ ਵਧਾਉਣਾ ਪੈਂਦਾ ਹੈ। ਫੇਰ ਉਸ ਕਾਂਟੀ ਛਾਂਟੀ ਹੋਈ ਜੀਵਨ ਦੀ ਕਾਤਰ ਨੂੰ ਕਿਸੇ ਰੂਪ ਵਿਚ ਢਾਲ ਕੇ ਪੇਸ਼ ਕਰਨਾ ਹੁੰਦਾ ਹੈ, ਨਹੀਂ ਤਾਂ ਲੇਖਕ ਇਕ ਸਾਹਿਤਕ ਕਿਰਤ ਪੈਦਾ ਨਹੀਂ ਕਰ ਸਕੇਗਾ। ਨਾਵਲਕਾਰ ਆਪਣੀ ਸਮੱਗਰੀ ਨੂੰ ਕਿਸੇ ਤਰਤੀਬ ਵਿਚ ਅਭਿਵਿਅਕਤ ਕਰਦਾ ਹੈ ਤਾਂ ਕਿਤੇ ਉਸ ਦੀ ਕਿਰਤ ਕਲਾਮਈ ਬਣਦੀ ਹੈ। ਇਸ ਪ੍ਰਕਾਰ ਨਾਵਲ ਵਿਚ ਕਹਾਣੀ ਤੇ ਗੋਂਦ ਤੇ ਤੱਤ ਵਿਦਮਾਨ ਹੁੰਦੇ ਹਨ।

ਨਾਵਲ ਦੀ ਕਹਾਣੀ ਦਾ ਆਧਾਰ ਜੀਵਨ ਦੀਆਂ ਘਟਨਾਵਾਂ ਜਾਂ ਮਾਨਸਿਕ ਕਿਰਿਆਵਾਂ ਹੁੰਦੀਆਂ ਹਨ। ਇਹ ਘਟਨਾਵਾਂ ਜਾਂ ਮਾਨਸਿਕ ਕਿਰਿਆਵਾਂ ਵਿਅਕਤੀਆਂ ਨਾਲ ਵਾਪਰਦੀਆਂ ਹਨ। ਇਸ ਤਰ੍ਹਾਂ ਨਾਵਲ ਵਿਚ ਪਾਤਰਾਂ ਦਾ ਆਉਣਾ ਇਕ ਆਵੱਸ਼ਕ ਗੱਲ ਹੈ। ਨਾਵਲ ਲਿਖਾਰੀ ਪਾਤਰਾਂ ਦੀ ਸਰੀਰਕ, ਮਾਨਸਿਕ, ਬੌਧਿਕ ਤੇ ਮਨੋਵਿਗਿਆਨਕ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਨੂੰ ਪਾਤਰ ਚਿਤਰਣ ਜਾਂ ਪਾਤਰ-ਉਸਾਰੀ ਆਖਦੇ ਹਨ।

ਨਾਵਲ ਲਿਖਾਰੀ ਕਹਾਣੀ ਨੂੰ ਉੱਤਰ-ਪੁਰਖ ਜਾਂ ਅੱਨ-ਪੁਰਖ ਵਿਚ ਬਿਆਨ ਕਰਦਾ ਹੈ ਜਾਂ ਪਾਤਰਾਂ ਦੀ ਵਾਰਤਾਲਾਪ ਰਾਹੀਂ ਅੱਗੇ ਤੋਰਦਾ ਹੈ। ਇਕੋ ਨਾਵਲ ਵਿਚ ਦੋਵੇਂ ਢੰਗ ਵੀ ਵਰਤੇ ਜਾ ਸਕਦੇ ਹਨ। ਪਹਿਲਾ ਢੰਗ ਇਤਿਹਾਸਕ ਹੈ ਤੇ ਦੂਜਾ ਨਾਟਕੀ।

ਕਹਾਣੀ ਨੂੰ ਮੰਨਣਯੋਗ ਬਣਾਉਣ ਲਈ ਸਥਾਨ ਤੇ ਆਲੇ-ਦੁਆਲੇ ਦੇ ਦ੍ਰਿਸ਼ਾਂ ਨੂੰ ਵੀ ਚਿਤਰਨਾ ਪੈਂਦਾ ਹੈ। ਇਸ ਨਾਲ ਇਕ ਤਾਂ ਪਾਤਰਾਂ ਦੇ ਕਾਰਜਾਂ ਨੂੰ ਯਥਾਰਥਕ ਤੌਰ 'ਤੇ ਦਰਸਾਇਆ ਜਾ ਸਕਦਾ ਹੈ ਤੇ ਦੂਜੇ ਕਹਾਣੀ ਨੂੰ ਰੌਚਕ ਵੀ ਬਣਾਇਆ ਜਾ ਸਕਦਾ ਹੈ।

ਨਾਵਲਕਾਰ ਆਪਣੀ ਰਚਨਾ ਕਿਸੇ ਨਾ ਕਿਸੇ ਉਦੇਸ਼ ਜਾਂ ਮੰਤਵ ਦੀ ਪੂਰਤੀ ਲਈ ਕਰਦਾ ਹੈ। ਉਹ ਸਿੱਧਾ ਉਪਦੇਸ਼ ਦੇਣ ਤੋਂ ਸੰਕੋਚ ਕਰਦਾ ਹੈ ਕਿਉਂਕਿ ਜੇ ਉਹ ਇੰਜ ਕਰੇ ਤਾਂ ਉਸ ਦੀ ਕਿਰਤ ਕਲਾਮਈ ਹੋਣ ਦੀ ਥਾਂ ਉਪਦੇਸ਼ਾਤਮਕ ਹੋ ਜਾਵੇਗੀ। ਉਹ ਉਦੇਸ਼ ਨੂੰ ਕਹਾਣੀ ਦੇ ਅੰਦਰ ਇਉਂ ਸਮੋ ਕੇ ਪ੍ਰਗਟ ਕਰਦਾ ਹੈ ਕਿ ਇਸ ਪਾਠਕ ਦੇ ਮਨ ਉੱਤੇ ਸਹਿਜੇ ਹੀ ਪ੍ਰਭਾਵ ਪੈਂਦਾ ਹੈ ਤੇ ਉਹ ਇਸ ਮੰਤਵ ਨੂੰ ਗ੍ਰਹਿਣ ਕਰਨ ਤੋਂ ਸੰਕੋਚ ਨਹੀਂ ਕਰਦਾ।

ਇਸ ਵਿਚਾਰ ਉਪਰੰਤ ਅਸੀਂ ਇਹ ਆਖ਼ਦੇ ਹਾਂ ਕਿ ਨਾਵਲ ਗ਼ਲਪ ਸਾਹਿਤ ਦਾ ਉਹ ਅੰਗ ਹੈ ਜਿਸ ਵਿਚ ਸਮੁੱਚੇ ਜੀਵਨ ਜਾਂ ਜੀਵਨ ਦੇ ਲੰਮੇਰੇ ਭਾਗ ਨੂੰ ਪਾਤਰਾਂ ਦੇ ਕਿਰਦਾਰ ਰਾਹੀਂ ਇੰਜ ਬਿਆਨ ਕੀਤਾ ਜਾਵੇ ਕਿ ਉਹ ਸਾਨੂੰ ਸੁਹਜ ਸੁਆਦ ਦੇਵੇ ਤੇ ਜੀਵਨ ਦੀ ਅਗਵਾਈ ਕਰੇ।

**ਪੰਜਾਬੀ ਵਿਚ ਨਾਵਲ ਦਾ ਜਨਮ**

ਨਾਵਲ ਉਦੋਂ ਉਪਜਦਾ ਹੈ ਜਦੋਂ ਜਾਗੀਰਦਾਰੀ ਸਮਾਜ ਦੀ ਥਾਂ ਪੂੰਜੀਵਾਦੀ ਸਮਾਜ ਲੈਂਦਾ ਹੈ। ਕਿਉਂਕਿ ਪੱਛਮੀ ਦੇਸ਼ਾਂ ਵਿਚ ਪੂੰਜੀਵਾਦੀ ਸਮਾਜ ਦਾ ਜਨਮ ਭਾਰਤ ਦੇ ਟਾਕਰੇ 'ਤੇ ਪਹਿਲਾਂ ਹੋਇਆ ਸੀ, ਇਸ ਲਈ ਉਥੇ ਨਾਵਲ ਸਾਡੇ ਦੇਸ਼ ਨਾਲੋਂ ਪਹਿਲਾਂ ਹੋਂਦ ਵਿਚ ਆਇਆ। ਇੰਗਲੈਂਡ ਵਿਚ ਪੰਦਰ੍ਹਵੀਂ ਸਦੀ ਦੇ ਅੰਤ ਅਤੇ ਸੋਲ੍ਹਵੀਂ ਸਦੀ ਦੇ ਆਰੰਭ ਨਾਲ ਜਾਗੀਰਦਾਰੀ ਮੱਧਕਾਲੀਨ ਪ੍ਰਬੰਧ, ਮੱਧ-ਵਰਗੀ ਸਮਾਜਕ ਬਣਤਰ ਵਿਚ ਬਦਲਣਾ ਸ਼ੁਰੂ ਹੋ ਗਿਆ ਸੀ। ਕਿਰਸਾਨ ਮੁਜਾਰੇ ਮਜ਼ਦੂਰਾਂ ਵਿਚ ਬਦਲਣ ਲੱਗ ਪਏ ਸਨ। ਜਿਨਸ ਵਟਾਂਦਰੇ ਦੀ ਥਾਂ ਸਿੱਕੇ ਵਟਾਂਦਰੇ ਨੇ ਮੱਲ ਲਈ ਸੀ। 1688 ਈ. ਵਿਚ ਸਤਾਰ੍ਹਵੀਂ ਸਦੀ ਦੇ ਅੰਤ ਵੇਲੇ ਉਸ ਦੇਸ਼ ਵਿਚ ਇਕ ਉਦਯੋਗਿਕ ਕ੍ਰਾਂਤੀ ਆਈ ਜਿਸ ਨੇ ਉਸ ਦੇਸ਼ ਦੇ ਪੁਰਾਤਨ ਢਾਂਚੇ

ਦੀ ਥਾਂ ਨਵਾਂ ਢਾਂਚਾ ਉਸਾਰਨ ਦਾ ਰਾਹ ਮੋਕਲਾ ਕਰ ਦਿੱਤਾ। ਜੀਵਨ ਅੱਗੇ ਨਾਲੋਂ ਗੁੰਝਲਦਾਰ ਹੋ ਗਿਆ ਤੇ ਇਸ ਸਮੇਂ ਉਸ ਦੇਸ਼ ਵਿਚ ਨਾਵਲ ਦਾ ਜਨਮ ਹੋਇਆ। ਇਸ ਸਮੇਂ ਰਾਬਿਨਸਨ ਕਰੂਸੋ ਨਾਂ ਦੀ ਇਕ ਰਚਨਾ ਛਪੀ ਜਿਸ ਦਾ ਲੇਖਕ ਡੇਨੀਅਲ ਡੈਫੋ ਸੀ। ਇਸ ਰਚਨਾ ਨੂੰ ਅੰਗਰੇਜ਼ੀ ਸਾਹਿਤ ਦਾ ਪਹਿਲਾ ਨਾਵਲ ਕਿਹਾ ਜਾ ਸਕਦਾ ਹੈ। ਇਸ ਵਿਚ ਮੱਧਕਾਲੀਨ ਯੁੱਗ ਦੇ ਦ੍ਰਿਸ਼ਟੀਕੋਣ ਦੀ ਥਾਂ ਨਵੀਂ ਉਭਰ ਰਹੀ ਮੱਧ ਸ਼੍ਰੇਣੀ ਦੀਆਂ ਰੁਚੀਆਂ ਨੂੰ ਪ੍ਰਗਟ ਕੀਤਾ ਗਿਆ ਸੀ।

ਭਾਰਤ ਵਿਚ ਨਾਵਲ ਪੱਛਮੀ ਪ੍ਰਭਾਵ ਖ਼ਾਸ ਕਰਕੇ ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਅਧੀਨ ਉਤਪੰਨ ਹੋਇਆ। ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ 1849 ਈ. ਵਿਚ ਪੱਕੇ ਤੌਰ 'ਤੇ ਹੋ ਗਿਆ ਤੇ ਉਨ੍ਹਾਂ ਨੇ ਤਿੰਨ ਚਾਰ ਦਹਾਕਿਆਂ ਵਿਚ ਹੀ ਪੰਜਾਬ ਦੇ ਸਮਾਜਕ ਜੀਵਨ ਵਿਚ ਕੁੱਝ ਅਜਿਹੇ ਪਰਿਵਰਤਨ ਕਰ ਦਿੱਤੇ ਜਿਸ ਨਾਲ ਧਰਤੀ 'ਤੇ ਨਾਵਲ ਦਾ ਅੰਕੁਰ ਫੁੱਟ ਪਿਆ।

ਪੰਜਾਬੀ ਸਮਾਜ ਉਸ ਵੇਲੇ ਤੱਕ ਜਾਗੀਰਦਾਰੀ ਢਾਂਚੇ ਵਿਚ ਢਲਿਆ ਹੋਇਆ ਸੀ ਪਰ ਅੰਗਰੇਜ਼ੀ ਸਮਾਜ ਪੂੰਜੀਵਾਦੀ ਪੱਧਰ 'ਤੇ ਪਹੁੰਚ ਚੁੱਕਾ ਸੀ। ਜਾਗੀਰਦਾਰੀ ਸਮਾਜ ਵਿਚ ਰਾਜੇ ਤਾਂ ਬਦਲਦੇ ਰਹਿੰਦੇ ਹਨ ਪਰ ਭੂਮੀ ਦੇ ਮਾਲਕ ਜਿਉਂ ਤੇ ਤਿਉਂ ਬਣੇ ਰਹਿੰਦੇ ਸਨ। ਅੰਗਰੇਜ਼ਾਂ ਨੇ ਭਾਰਤ ਵਿਚ ਆ ਕੇ ਉਨ੍ਹਾਂ ਜਾਗੀਰਦਾਰਾਂ ਦੀਆਂ ਮਲਕੀਅਤਾਂ ਉਸੇ ਤਰ੍ਹਾਂ ਰਹਿਣ ਦਿੱਤੀਆਂ ਤੇ ਇਸ ਤਰ੍ਹਾਂ ਕਰਕੇ ਉਨ੍ਹਾਂ ਦੀ ਵਫ਼ਾਦਾਰੀ ਖ਼ਰੀਦ ਲਈ। ਪੰਜਾਬ ਦੇ ਜਾਗੀਰਦਾਰਾਂ ਨੇ ਆਪਣੇ ਹੱਕਾਂ ਦੀ ਰਾਖੀ ਲਈ ਅੰਗਰੇਜ਼ਾਂ ਦੀ ਗੁਲਾਮੀ ਦਾ ਪਟਾ ਗਲੇ ਵਿਚ ਪਾਉਣਾ ਸਵੀਕਾਰ ਕਰ ਲਿਆ। ਅੰਗਰੇਜ਼ਾਂ ਨੇ ਆਪਣੇ ਦੇਸ਼ ਦੀ ਆਰਥਕ ਹਾਲਤ ਮਜ਼ਬੂਤ ਕਰਨ ਤੇ ਭਾਰਤ ਦੀ ਲੁੱਟ ਖਸੁੱਟ ਲਈ ਇਥੇ ਰੇਲਾਂ ਦਾ ਜਾਲ ਵਿਛਾਇਆ ਤੇ ਆਵਾਜਾਈ ਦੇ ਸਾਧਨਾਂ ਨੂੰ ਉੱਨਤ ਕੀਤਾ। ਉਨ੍ਹਾਂ ਨੇ ਨਹਿਰਾਂ ਵੀ ਪੁਟਵਾਈਆਂ ਤੇ ਡਾਕ ਤਾਰ ਦਾ ਮਹਿਕਮਾਂ ਵੀ ਸਥਾਪਤ ਕੀਤਾ। ਵਿਦਿਆ ਦੇ ਪ੍ਰਬੰਧ ਨੂੰ ਵੀ ਨਵੀਆਂ ਲੀਹਾਂ ਉੱਤੇ ਢਾਲਿਆ। ਇਸ ਕੰਮ ਦੀ ਪੂਰਤੀ ਲਈ ਥਾਂ-ਥਾਂ ਛਾਪੇਖ਼ਾਨੇ ਵੀ ਸਥਾਪਤ ਕੀਤੇ ਗਏ। ਇਸੇ ਤਰ੍ਹਾਂ ਪੰਜਾਬ ਵਿਚ ਆਏ ਪਰਿਵਰਤਨ ਨੇ ਸਾਡੇ ਸਮਾਜਕ ਪ੍ਰਬੰਧ ਵਿਚ ਕੁਝ ਤਬਦੀਲੀਆਂ ਲੈ ਆਂਦੀਆਂ। ਪੰਜਾਬੀ ਜਨਤਾ ਦਾ ਕੁੱਝ ਭਾਗ ਪੱਛਮੀ ਸਭਿਅਤਾ ਅਤੇ ਸਮਾਜਕ ਜੀਵਨ ਨੂੰ ਆਪਣਾ ਆਦਰਸ਼ ਮੰਨਣ ਲੱਗ ਪਿਆ। ਉਨ੍ਹਾਂ ਨੇ ਆਪਣੇ ਆਲੇ-ਦੁਆਲੇ ਦੇ ਜੀਵਨ 'ਤੇ ਘਿਰਣਾ ਕਰਨੀ ਸ਼ੁਰੂ ਕਰ ਦਿੱਤੀ। ਕਈ ਲੋਕਾਂ ਨੇ ਆਪਣਾ ਧਰਮ ਤਿਆਗ ਕੇ ਈਸਾਈ ਧਰਮ ਸਵੀਕਾਰ ਕਰ ਲਿਆ। ਇਹ ਧਰਮ-ਤਬਦੀਲੀ ਨਵੀਆਂ ਜਾਤਾਂ ਵਿਚ ਵਧੇਰੇ ਵਾਪਰੀ ਕਿਉਂਕਿ ਈਸਾਈ ਬਣ ਕੇ ਉਨ੍ਹਾਂ ਲੋਕਾਂ ਨੂੰ ਹਾਕਮਾਂ ਨਾਲ ਧਰਮ-ਭਿਆਲੀ ਦਾ ਅਹਿਸਾਸ ਹੁੰਦਾ ਸੀ ਤੇ ਉਨ੍ਹਾਂ ਅੰਦਰੋਂ ਘਟੀਆਪਨ ਦਾ ਅਹਿਸਾਸ ਹਟਦਾ ਸੀ।

ਜਦੋਂ ਭੂਮੀਪਤੀਆਂ ਨੇ ਵੇਖਿਆ ਕਿ ਨੀਵੀਆਂ ਜਾਤਾਂ ਦੇ ਲੋਕ ਈਸਾਈ ਬਣਕੇ ਉਨ੍ਹਾਂ ਪ੍ਰਤੀ ਪਹਿਲਾਂ ਜਿੰਨੇ ਵਫ਼ਾਦਾਰ ਨਹੀਂ ਰਹਿੰਦੇ ਤਾਂ ਉਨ੍ਹਾਂ ਨੇ ਇਸ ਧਰਮ ਬਦਲੀ ਵਿਰੁੱਧ ਭਾਵਨਾ ਅਧੀਨ ਆਪਣੇ ਧਰਮ ਵਿਚ ਪਰਿਪੱਕ ਰਹਿਣ ਲਈ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ ਤੇ ਇਸ ਤਰ੍ਹਾਂ ਪੰਜਾਬ ਵਿਚ 'ਸਿੰਘ ਸਭਾ ਲਹਿਰ' ਤੇ 'ਆਰੀਆ ਸਮਾਜ ਲਹਿਰ' ਦਾ ਜਨਮ ਹੋਇਆ। ਆਪਣੇ ਧਰਮ ਤੇ ਪਰਿਪੱਕ ਰਹਿਣ ਦਾ ਵਿਚਾਰ ਕੱਟੜਪੁਣੇ ਦੀ ਹੱਦ ਤੱਕ ਜਾ ਵਧਿਆ ਤੇ ਭਿੰਨ-ਭਿੰਨ ਧਾਰਮਕ ਲਹਿਰਾਂ ਨੇ ਇਕ ਦੂਜੇ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਸ ਵਿਰੋਧ ਲਈ ਉਨ੍ਹਾਂ ਨੇ ਛਾਪੇਖਾਨੇ ਦੀ ਸਹਾਇਤਾ ਲਈ। 'ਆਰੀਆ ਸਮਾਜ ਲਹਿਰ' ਨੇ ਆਪਣਾ ਪ੍ਰਚਾਰ ਹਿੰਦੀ ਵਿਚ ਤੇ 'ਸਿੰਘ ਸਭਾ ਲਹਿਰ' ਨੇ ਪੰਜਾਬੀ ਵਿਚ ਕਰਨਾ ਸ਼ੁਰੂ ਕੀਤਾ। ਇਸ ਦਾ ਇਕ ਲਾਭ ਇਹ ਹੋਇਆ ਕਿ ਸਿੱਖ ਲਿਖਾਰੀ ਜਿਹੜੇ ਸਤਾਰ੍ਹਵੀਂ ਸਦੀ ਦੇ ਅੰਤ ਤੋਂ ਲੈ ਕੇ ਹੁਣ ਤੱਕ ਬ੍ਰਜ-ਭਾਸ਼ਾ ਵਿਚ ਲਿਖਦੇ ਆਏ ਸਨ, ਹੁਣ ਪੰਜਾਬੀ ਵਿਚ ਲਿਖਣ ਲੱਗ ਪਏ।

ਸਿੰਘ ਸਭਾ ਲਹਿਰ ਨੇ ਧਰਮ ਪ੍ਰਚਾਰ, ਵਿੱਦਿਆ ਦੇ ਪ੍ਰਸਾਰ ਤੇ ਸਮਾਜ ਸੁਧਾਰ ਦੀ ਨੀਤੀ ਅਪਣਾਈ ਜਿਸ ਲਈ ਉਨ੍ਹਾਂ ਨੇ ਟਰੈਕਟ, ਰਸਾਲੇ ਤੇ ਅਖ਼ਬਾਰ ਪ੍ਰਕਾਸ਼ਿਤ ਕਰਨੇ ਸ਼ੁਰੂ ਕੀਤੇ ਤੇ ਇਸ ਤਰ੍ਹਾਂ ਪੰਜਾਬੀ ਵਾਰਤਕ ਆਪਣਾ ਆਧੁਨਿਕ ਰੂਪ ਗ੍ਰਹਿਣ ਕਰਨ ਲੱਗੀ ਪਰ ਨਾਵਲ ਦੇ ਜਨਮ ਲਈ ਆਧੁਨਿਕ ਰੁਚੀਆਂ ਦੀ ਮਾਲਕ ਮੱਧ ਸ਼੍ਰੇਣੀ ਦੀ ਹੋਂਦ ਜ਼ਰੂਰੀ ਸੀ।

ਅੰਗਰੇਜ਼ਾਂ ਨੇ ਲੋਕਾਂ ਨੂੰ ਵਿਦਿਆ ਦੇ ਕੇ ਸਸਤੀ ਕਲਰਕ ਸ਼੍ਰੇਣੀ ਪੈਦਾ ਕੀਤੀ। ਇਸ ਸ਼੍ਰੇਣੀ ਨੂੰ ਹਰ ਮਹੀਨੇ ਬੱਧੀ ਤਨਖਾਹ ਮਿਲਣ ਲੱਗੀ ਤੇ ਇਨ੍ਹਾਂ ਨੂੰ ਕਿਸਾਨਾਂ ਵਾਂਗ ਕਿਸਮਤ ਅਤੇ ਕੁਦਰਤ ਦੀ ਗੁਲਾਮੀ ਤੋਂ ਮੁਕਤੀ ਮਿਲ ਗਈ। ਇਹ ਨਵੀਂ ਉਤਪੰਨ ਹੋਈ ਸ਼੍ਰੇਣੀ ਕਿਸਾਨ ਵਰਗ ਲਈ ਰਕਸ਼ਕ ਬਣ ਗਈ ਤੇ ਉਨ੍ਹਾਂ ਨੇ ਇੱਕਾ ਦੁੱਕਾ ਬੱਚਿਆਂ ਨੂੰ ਵਿਦਿਆ ਦੇਣ ਲਈ ਆਪਣੀ ਕਮਾਈ ਖ਼ਰਚ ਕਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਕਿਸਾਨ ਦੀ ਮਿਹਨਤ ਸਦਕਾ ਸ਼ਹਿਰੀ ਮੱਧ-ਸ਼੍ਰੇਣੀ ਹੋਂਦ ਵਿਚ ਆਉਣੀ ਸ਼ੁਰੂ ਹੋ ਗਈ।

1860 ਈ. ਵਿਚ ਸਿੱਖਿਆ ਵਿਭਾਗ, 1864 ਈ. ਵਿਚ ਓਰੀਐਂਟਲ ਕਾਲਜ, ਲਾਹੌਰ ਅਤੇ 1882 ਈ. ਵਿਚ ਪੰਜਾਬ

ਯੂਨੀਵਰਸਿਟੀ, ਲਾਹੌਰ ਦੀ ਸਥਾਪਨਾ ਹੋ ਜਾਣ ਨਾਲ ਉੱਚੀ ਵਿੱਦਿਆ ਦਾ ਪ੍ਰਬੰਧ ਹੋ ਗਿਆ ਤੇ ਇਸ ਨਾਲ ਨਵ-ਜਾਗ੍ਰਤੀ ਫੈਲਣ ਵਿਚ ਬਹੁਤ ਸਹਾਇਤਾ ਮਿਲੀ। ਪੱਛਮੀ ਜੀਵਨ ਤੇ ਸਾਹਿਤ ਦਾ ਅਸਰ ਵਧਦਾ ਗਿਆ ਤੇ ਨਵੀਂ ਉਤਪੰਨ ਹੋਈ ਸ਼ਹਿਰੀ ਮੱਧ ਸ਼੍ਰੇਣੀ ਵਧੇਰੇ ਚੇਤੰਨ ਹੁੰਦੀ ਗਈ ਤੇ ਉਸ ਦੀਆਂ ਮਾਨਸਿਕ ਲੋੜਾਂ ਵਧਦੀਆਂ ਗਈਆਂ।

ਅੰਗਰੇਜ਼ਾਂ ਦਾ ਰਾਜ ਪੱਕਾ ਹੋ ਜਾਣ ਨਾਲ ਤੇ ਰੇਲਾਂ ਅਤੇ ਸੰਚਾਰ ਸਹੂਲਤਾਂ ਦੇ ਵਾਧੇ ਨਾਲ ਸਾਰਾ ਹਿੰਦੁਸਤਾਨ ਇਕ ਰਾਜਨੀਤਿਕ ਇਕਾਈ ਵਿਚ ਬੱਝ ਗਿਆ ਤੇ ਜਾਗੀਰਦਾਰੀ ਸਮਾਜ ਹੌਲੀ-ਹੌਲੀ ਸਰਮਾਏਦਾਰੀ ਸਮਾਜ ਵਿਚ ਬਦਲਣ ਲੱਗਾ। ਉੱਚ ਵਿੱਦਿਆ ਦੀ ਪ੍ਰਾਪਤੀ ਕਰਕੇ ਸਮਾਜ ਵਿਚ ਮਾਸਟਰ, ਵਕੀਲ, ਕਲਰਕ ਤੇ ਪ੍ਰੋਫੈਸਰ ਆਦਿ ਨਵੀਆਂ ਸ਼੍ਰੇਣੀਆਂ ਪੈਦਾ ਹੋ ਗਈਆਂ ਤੇ ਇਸ ਦੇ ਫਲਸਰੂਪ ਇਕ ਬੌਧਿਕ ਸ਼੍ਰੇਣੀ ਨੇ ਜਨਮ ਲਿਆ। ਇਸ ਬੌਧਿਕ ਸ਼੍ਰੇਣੀ ਨੇ ਆਪਣੀਆਂ ਸਾਹਿਤਕ ਰੁਚੀਆਂ ਦੇ ਪ੍ਰਗਟਾਵੇ ਨਾਲ ਨਾਵਲ ਦੀ ਲੋੜ ਮਹਿਸੂਸ ਕੀਤੀ।

ਕਿਉਂਕਿ ਸਭ ਤੋਂ ਪਹਿਲਾਂ ਅੰਗਰੇਜ਼ੀ ਸ਼ਾਸਨ ਬੰਗਾਲ ਪ੍ਰਾਂਤ ਵਿਚ ਸਥਾਪਤ ਹੋਇਆ ਸੀ, ਇਸ ਲਈ ਸੁਭਾਵਕ ਹੀ ਭਾਰਤ ਵਿਚ ਸਭ ਤੋਂ ਪਹਿਲਾਂ ਨਾਵਲ ਬੰਗਾਲ ਵਿਚ ਪੈਦਾ ਹੋਇਆ। ਇਹ ਨਾਵਲ ਪਿਆਰਾ ਚੰਦ ਮਿੱਤਰਾ ਨੇ ਲਿਖਿਆ ਤੇ ਇਸ ਦਾ ਨਾਂ 'ਅਲਾਲੇਰ ਗੂਰੇਰ ਦੁਲਾਲ' ਸੀ। ਇਸ ਨਾਵਲ ਦਾ ਵਿਸ਼ਾ ਸਦਾਚਾਰਕ ਸੀ।

ਭਾਵੇਂ ਪੰਜਾਬੀ ਨਾਵਲ ਦਾ ਜਨਮ ਉਨ੍ਹੀਵੀਂ ਸਦੀ ਦੇ ਅੰਤ ਵੇਲੇ ਹੋਇਆ ਪਰ ਇਸ ਸਾਹਿਤ ਰੂਪ ਦੀਆਂ ਨੀਹਾਂ ਗੁਰੂ ਨਾਨਕ ਦੇਵ ਦੀਆਂ ਜਨਮਸਾਖੀਆਂ ਵਿਚ ਮਿਲਦੀਆਂ ਹਨ। ਭਾਵੇਂ ਉਨ੍ਹਾਂ ਕਿਰਤਾਂ ਨੂੰ ਆਧੁਨਿਕ ਅਰਥਾਂ ਵਿਚ ਨਾਵਲ ਨਹੀਂ ਆਖਿਆ ਜਾ ਸਕਦਾ। ਉਨ੍ਹਾਂ ਵਿਚ ਕਰਾਮਾਤੀ ਤੇ ਅਦਭੁਤ ਸਾਖੀਆਂ ਆਪਣੇ ਅੰਦਰ ਨਾਵਲ ਦੀਆਂ ਸੰਭਾਵਨਾਵਾਂ ਲੁਕਾਈ ਬੈਠੀਆਂ ਹਨ। ਉਨ੍ਹਾਂ ਵਿਚ ਗੁਰੂ ਨਾਨਕ ਅਤੇ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਵਿਅਕਤੀਆਂ ਦੇ ਪਾਤਰ ਚਿਤਰਨ ਵੀ ਮਿਲਦੇ ਹਨ। ਪ੍ਰਿੰਸੀਪਲ ਤੇਜਾ ਸਿੰਘ ਨੇ ਪੰਜਾਬੀ ਨਾਵਲ ਨੂੰ ਜਨਮ ਸਾਖੀਆਂ ਦਾ ਉਤਰਾਧਿਕਾਰੀ ਮੰਨਿਆ ਹੈ।

ਡਾ. ਗੁਰਚਰਨ ਸਿੰਘ ਅਤੇ ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਵਿਚਾਰ ਹੈ ਕਿ ਪੰਜਾਬੀ ਨਾਵਲ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਉਤਪੰਨ ਹੋਇਆ। ਪੰਜਾਬੀ ਦੇ ਬਹੁਤੇ ਵਿਦਵਾਨ ਤੇ ਆਲੋਚਕ ਪੰਜਾਬੀ ਨਾਵਲ ਦਾ ਆਰੰਭ ਭਾਈ ਵੀਰ ਸਿੰਘ ਦੇ ਨਾਵਲ 'ਸੁੰਦਰੀ' ਤੋਂ ਹੋਇਆ ਮੰਨਦੇ ਹਨ, ਪਰੰਤੂ ਡਾ. ਸੁਰਿੰਦਰ ਸਿੰਘ ਦੁਸਾਂਝ ਦਾ ਮੱਤ ਹੈ ਕਿ 'ਸੁੰਦਰੀ' ਤੋਂ ਪਹਿਲਾਂ ਅੰਗਰੇਜ਼ੀ ਵਿਚ ਜਾਨ ਬਨੀਆਨ ਦੇ ਨਾਵਲ 'ਪਿਲਗ੍ਰਿਮਜ਼ ਪ੍ਰਾਗੈਸ' ਦਾ ਅਨੁਵਾਦ 'ਯਿਸੂਈ ਮੁਸਾਫ਼ਰ ਦੀ ਜਾਤ੍ਰਾ' ਅਧੀਨ ਹੋ ਚੁੱਕਾ ਸੀ। ਉਹ ਲਿਖਦੇ ਹਨ, 'ਯਿਸੂਈ ਮੁਸਾਫ਼ਰ ਦੀ ਜਾਤ੍ਰਾ' ਸਿੱਧਾ ਅੰਗਰੇਜ਼ੀ ਭਾਸ਼ਾ ਵਿਚੋਂ ਉਲਥਾਇਆ ਗਿਆ ਅਤੇ ਇਹ ਪੰਜਾਬੀ ਵਿਚ ਪਹਿਲਾ ਨਾਵਲ ਹੋਣ ਕਰਕੇ ਪੰਜਾਬੀ ਨਾਵਲ ਦੇ ਜਨਮ ਨੂੰ ਅੰਗਰੇਜ਼ੀ ਨਾਵਲ ਦੀ ਸਿੱਧੀ ਦੇਣ ਹੀ ਮੰਨਣਾ ਪਵੇਗਾ'। ਪਰ ਸਾਡਾ ਮੱਤ ਹੈ ਕਿ 'ਪਿਲਗ੍ਰਿਮਜ਼ ਪ੍ਰਾਗੈਸ' ਨੂੰ ਅੰਗਰੇਜ਼ੀ ਸਾਹਿਤ ਵਿਚ ਨਾਵਲ ਨਹੀਂ, ਨਾਵਲ ਦੀ ਨੀਂਹ ਮੰਨਿਆ ਜਾਂਦਾ ਹੈ, ਐਨ ਉਸ ਪ੍ਰਕਾਰ ਜਿਵੇਂ ਜਨਮਸਾਖੀਆਂ ਨੂੰ ਪੰਜਾਬੀ ਨਾਵਲ ਦੀ ਨੀਂਹ ਆਖਿਆ ਜਾਵੇ। ਇਸ ਲਈ ਇਹ ਕਹਿਣਾ ਵਧੇਰੇ ਉਚਿੱਤ ਜਾਪਦਾ ਹੈ ਕਿ ਪੰਜਾਬੀ ਵਿਚ ਨਾਵਲ ਦਾ ਜਨਮ 'ਸੁੰਦਰੀ' ਨਾਵਲ ਤੋਂ ਹੋਇਆ ਅਤੇ ਕਿਉਂ ਜੋ ਇਹ ਨਾਵਲ 1844 ਈ. ਵਿਚ ਪ੍ਰਕਾਸ਼ਿਤ ਹੋਇਆ ਸੀ, ਇਸ ਲਈ ਇਹ ਵਰ੍ਹਾ ਪੰਜਾਬੀ ਨਾਵਲ-ਵਰ੍ਹਾ ਆਖਿਆ ਜਾ ਸਕਦਾ ਹੈ।

**ਪੰਜਾਬੀ ਵਿਚ ਇਤਿਹਾਸਕ ਨਾਵਲ**

ਭਾਈ ਵੀਰ ਸਿੰਘ ਪੰਜਾਬੀ ਨਾਵਲ ਦਾ ਜਨਮ-ਦਾਤਾ ਹੀ ਨਹੀਂ ਸਗੋਂ ਉਹ ਪੰਜਾਬੀ ਇਤਿਹਾਸਕ ਤੇ ਧਾਰਮਕ ਨਾਵਲ ਦੀ ਪਰੰਪਰਾ ਨੂੰ ਤੋਰਨ ਵਾਲਾ ਨਾਵਲਕਾਰ ਵੀ ਹੈ। ਉਸ ਨੇ ਤਿੰਨ ਇਤਿਹਾਸਕ ਨਾਵਲ 'ਸੁੰਦਰੀ', 'ਬਿਜੈ ਸਿੰਘ' ਤੇ 'ਸਤਵੰਤ ਕੌਰ' ਲਿਖੇ ਹਨ। ਜਿਹੜੇ ਕ੍ਰਮਵਾਰ 1898, 1899 ਅਤੇ 1900 ਈ. ਵਿਚ ਪ੍ਰਕਾਸ਼ਿਤ ਹੋਏ। ਇਹ ਤਿੰਨੇ ਨਾਵਲ ਸਿੱਖ ਨੈਤਿਕਤਾ ਵਿਚ ਆ ਰਹੀ ਗਿਰਾਵਟ ਨੂੰ ਰੋਕਣ ਲਈ ਸਿੱਖਾਂ ਦੀਆਂ ਮਹਾਨ ਰਵਾਇਤਾਂ ਨੂੰ ਸੁਰਜੀਤ ਕਰਨ ਦੇ ਯਤਨ ਹਨ। ਇਨ੍ਹਾਂ ਨਾਵਲਾਂ ਵਿਚ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦੀਆਂ ਘਟਨਾਵਾਂ ਨੂੰ ਚਿਤਰਿਆ ਗਿਆ ਹੈ। ਭਾਈ ਵੀਰ ਸਿੰਘ ਨੇ ਇਨ੍ਹਾਂ ਪੁਸਤਕਾਂ ਵਿਚ ਇਤਿਹਾਸਕ ਸਚਾਈ ਦਾ ਝਾਉਲਾ ਪਾਉਣ ਲਈ ਬਹੁਤ ਸਾਰੀਆਂ ਇਤਿਹਾਸਕ ਰਚਨਾਵਾਂ ਦੀ ਸਹਾਇਤਾ ਲਈ ਹੈ।

ਇਨ੍ਹਾਂ ਨਾਵਲਾਂ ਵਿਚ ਲੇਖਕ ਨੇ ਉਸ ਸਮੇਂ ਦਾ ਚਿੱਤਰ ਪੇਸ਼ ਕਰਨ ਦਾ ਯਤਨ ਕੀਤਾ ਹੈ ਜਦੋਂ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਨੇ ਵਾਰ-ਵਾਰ ਭਾਰਤ ਉੱਤੇ ਹਮਲੇ ਕੀਤੇ ਤੇ ਪੰਜਾਬ ਨੂੰ ਉਨ੍ਹਾਂ ਹਮਲਿਆਂ ਦੀ ਸਭ ਤੋਂ ਵੱਧ

ਮਾਰ ਸਹਿਣੀ ਪਈ। ਉਦੋਂ ਪੰਜਾਬ ਵਿਚ ਪੂਰਨ ਤੌਰ 'ਤੇ ਅਰਾਜਕਤਾ ਪਸਰੀ ਹੋਈ ਸੀ। ਪੰਜਾਬ ਦੇ ਮਰਦ ਤੇ ਇਸਤਰੀਆਂ ਕਾਬਲ-ਕੰਧਾਰ ਦੀਆਂ ਮੰਡੀਆਂ ਵਿਚ ਵਿਕਦੇ ਸਨ, ਉਦੋਂ ਪੰਜਾਬ ਵਿਚ ਸਿੱਖਾਂ ਤੋਂ ਬਿਨਾਂ ਹੋਰ ਕੋਈ ਵੀ ਵਿਦੇਸ਼ੀ ਧਾੜਵੀਆਂ ਅਤੇ ਸਥਾਨਕ ਹਾਕਮਾਂ ਵੱਲੋਂ ਢਾਹੇ ਜਾ ਰਹੇ ਜ਼ੁਲਮਾਂ ਅਤੇ ਅਤਿਆਚਾਰਾਂ ਦਾ ਮੁਕਾਬਲਾ ਨਹੀਂ ਸੀ ਕਰਦਾ। ਜਿਹੜੇ ਹਿੰਦੂ ਇਸ ਜ਼ੁਲਮ ਦੇ ਵਿਰੁੱਧ ਆਵਾਜ਼ ਉੱਚੀ ਕਰਨਾ ਚਾਹੁੰਦੇ ਸਨ, ਉਹ ਸਿੱਖ ਜੱਥੇਬੰਦੀ ਦਾ ਭਾਗ ਬਣ ਕੇ ਅਜਿਹਾ ਕਰਦੇ ਸਨ। ਇਸ ਤਰ੍ਹਾਂ ਸਿੱਖ ਲਹਿਰ ਦਿਨੋ ਦਿਨ ਮਜ਼ਬੂਤ ਹੋ ਰਹੀ ਸੀ। ਸਿੱਖ ਹਾਕਮ ਜਮਾਤ ਨਾਲ ਕੋਈ ਵੀ ਸਮਝੌਤਾ ਨਹੀਂ ਸਨ ਕਰਦੇ, ਜਿਸ ਕਰਕੇ ਸਰਕਾਰ ਸਿੱਖਾਂ ਦਾ ਖੁਰਾ-ਖੋਜ ਮਿਟਾਉਣ 'ਤੇ ਤੁਲੀ ਹੋਈ ਸੀ।

ਭਾਈ ਵੀਰ ਸਿੰਘ ਨੇ ਇਤਿਹਾਸਕ ਘਟਨਾਵਾਂ ਨੂੰ ਕਾਫ਼ੀ ਹੱਦ ਤੱਕ ਯਥਾਰਥਕ ਢੰਗ ਨਾਲ ਪੇਸ਼ ਕੀਤਾ ਹੈ ਪਰ ਪਾਤਰਾਂ ਨੂੰ ਚਿਤਰਨ ਸਮੇਂ ਉਸ ਦਾ ਸਿੰਘ-ਸਭਾਈ ਦ੍ਰਿਸ਼ਟੀਕੋਣ ਵਧੇਰੇ ਪ੍ਰਬਲ ਹੋ ਜਾਂਦਾ ਹੈ ਜਿਸ ਕਰਕੇ ਸਿੱਖ ਪਾਤਰ ਆਦਰਸ਼ਕ, ਹਿੰਦੂ ਪਾਤਰ ਕਾਇਰ ਤੇ ਬੁਜ਼ਦਿਲ ਅਤੇ ਮੁਸਲਮਾਨ ਪਾਤਰ ਜ਼ਾਲਮ ਤੇ ਵਿਸ਼ਈ ਹੋ ਨਿਬੜਦੇ ਹਨ। ਇਨ੍ਹਾਂ ਨਾਵਲਾਂ ਦੀ ਗੋਂਦ ਢਿੱਲੀ ਹੈ ਕਿਉਂਕਿ ਲਿਖਾਰੀ ਥਾਂ ਪਰ ਥਾਂ ਲੰਬੇ ਵਖਿਆਨ ਛੇੜ ਬਹਿੰਦਾ ਹੈ। ਵਾਰਤਾਲਾਪ ਵੀ ਪਾਤਰਾਂ ਦੇ ਸੁਭਾਅ ਅਨੁਸਾਰ ਨਹੀਂ ਸਗੋਂ ਬਣਾਉਟੀ ਤੇ ਨਕਲੀ ਹੈ। ਭਾਈ ਵੀਰ ਸਿੰਘ ਦੇ ਇਹ ਨਾਵਲ ਘਟਨਾ ਪ੍ਰਧਾਨ ਹਨ ਭਾਵੇਂ ਪ੍ਰੋ. ਪ੍ਰਿਤਪਾਲ ਸਿੰਘ ਨੇ ਇਨ੍ਹਾਂ ਨੂੰ ਪਲਾਟ ਪ੍ਰਧਾਨ ਆਖਿਆ ਹੈ। ਪਾਤਰ ਨਮੂਨਾ ਪਾਤਰ ਹਨ, ਉਨ੍ਹਾਂ ਵਿਚ ਵਿਕਾਸ ਕਰਨ ਦੀਆਂ ਸੰਭਾਵਨਾਵਾਂ ਘੱਟ ਹਨ। ਉਹ ਆਪਣੀਆਂ ਧਾਰਮਕ ਸ਼੍ਰੇਣੀਆਂ ਦੀ ਪ੍ਰਤਿਨਿਧਤਾ ਕਰਨ ਵਾਲੇ ਪਾਤਰ ਹਨ। ਇਨ੍ਹਾਂ ਨਾਵਲਾਂ ਵਿਚ ਇਸਤਰੀ ਪਾਤਰ ਵਧੇਰੇ ਮਹੱਤਤਾ ਰਖਦੇ ਹਨ। 'ਸੁੰਦਰੀ' ਤੇ 'ਸਤਵੰਤ ਕੌਰ' ਵਿਚ ਤਾਂ ਇਸਤਰੀਆਂ ਹੀ ਮੁੱਖ ਪਾਤਰ ਹਨ ਅਤੇ ਤੀਜੇ ਨਾਵਲ 'ਬਿਜੈ ਸਿੰਘ' ਵਿਚ ਸ਼ੀਲ ਕੌਰ ਦਾ ਪਾਤਰ ਬਿਜੈ ਸਿੰਘ ਤੋਂ ਕਿਸੇ ਗੱਲੋਂ ਘੱਟ ਨਹੀਂ। ਇਨ੍ਹਾਂ ਰਚਨਾਵਾਂ ਦਾ ਮੁੱਖ ਆਸ਼ਾ ਧਰਮ ਪ੍ਰਚਾਰ ਹੈ।

ਭਾਈ ਵੀਰ ਸਿੰਘ ਵਾਲੀ ਇਤਿਹਾਸਕ ਨਾਵਲ ਦੀ ਪਰੰਪਰਾ ਨੂੰ ਅੱਗੇ ਤੋਰਨ ਵਿਚ ਐਸ.ਐਸ. ਚਰਨ ਸਿੰਘ ਸ਼ਹੀਦ ਨੇ ਜਿਹੜਾ ਹਿੱਸਾ ਪਾਇਆ ਉਹ ਵੀ ਭਾਈ ਵੀਰ ਸਿੰਘ ਵਾਂਗ ਤਿੰਨ ਨਾਵਲਾਂ ਦਾ ਹੀ ਹੈ। ਉਸ ਦੇ ਤਿੰਨ ਇਤਿਹਾਸਕ ਨਾਵਲ ਹਨ : 'ਦਲੇਰ ਕੌਰ', 'ਰਣਜੀਤ ਕੌਰ' ਅਤੇ ਚੰਚਲ ਮੂਰਤੀ'। ਇਹ ਕ੍ਰਮਵਾਰ 1911, 1913 ਅਤੇ 1915 ਈ. ਵਿਚ ਪ੍ਰਕਾਸ਼ਿਤ ਹੋਏ। ਭਾਵੇਂ ਸ਼ਹੀਦ, 'ਸਿੰਘ ਸਭਾ ਲਹਿਰ' ਦੇ ਮੁਖੀਆਂ ਵਿਚੋਂ ਤਾਂ ਨਹੀਂ ਸਨ ਪਰ ਉਹ ਇਸ ਲਹਿਰ ਦੇ ਪ੍ਰਭਾਵ ਅਧੀਨ ਜ਼ਰੂਰ ਸਨ।

ਚਰਨ ਸਿੰਘ ਸ਼ਹੀਦ ਨੇ ਵੀ ਭਾਈ ਵੀਰ ਸਿੰਘ ਵਾਂਗ ਆਪਣੇ ਨਾਵਲਾਂ ਦੇ ਪਾਤਰਾਂ ਨੂੰ ਅਠਾਰ੍ਹਵੀਂ ਸਦੀ ਦੇ ਸਮਾਜਕ, ਧਾਰਮਕ ਤੇ ਰਾਜਨੀਤਕ ਪਿਛੋਕੜ ਵਿਚ ਰੱਖ ਕੇ ਪੇਸ਼ ਕੀਤਾ ਹੈ। ਉਹ ਆਪਣੇ ਨਾਵਲ ਦੀ ਕਹਾਣੀ ਦਾ ਮੁੱਢ ਕਿਸੇ ਹਿੰਦੂ ਅਥਵਾ ਸਿੱਖ ਇਸਤਰੀ ਦੇ ਕਿਸੇ ਹਾਕਮ ਹੱਥੀਂ ਚੁੱਕੇ ਜਾਣ ਤੋਂ ਕਰਦਾ ਹੈ। ਸਾਰੀ ਕਹਾਣੀ ਵਿਚ ਉਹ ਇਸਤਰੀ ਆਪਣੇ ਸੱਤ ਧਰਮ ਨੂੰ ਬਚਾਉਂਦੀ ਹੋਈ ਤੇ ਮੁਸੀਬਤਾਂ ਝਾਗਦੀ ਹੋਈ ਵਿਖਾਈ ਜਾਂਦੀ ਹੈ। ਇਥੋਂ ਤੱਕ ਤਾਂ ਚਰਨ ਸਿੰਘ ਸ਼ਹੀਦ ਤੇ ਭਾਈ ਵੀਰ ਸਿੰਘ ਦੀ ਪਹੁੰਚ ਇਕੋ ਪ੍ਰਕਾਰ ਦੀ ਹੈ ਪਰ ਚਰਨ ਸਿੰਘ ਸ਼ਹੀਦ ਦੇ ਨਾਵਲਾਂ ਵਿਚ ਕਈ ਮੁਸਲਮਾਨ ਔਰਤਾਂ ਸਿੱਖ ਪਾਤਰਾਂ ਉੱਤੇ ਮੋਹਿਤ ਹੁੰਦੀਆਂ ਵੀ ਵਿਖਾਈਆਂ ਗਈਆਂ ਹਨ ਜਿਵੇਂ 'ਰਣਜੀਤ ਕੌਰ' ਵਿਚ ਖੁਰਸ਼ੀਦੀ ਦਲਜੀਤ ਸਿੰਘ ਉੱਤੇ ਅਤੇ 'ਚੰਚਲ ਮੂਰਤੀ' ਵਿਚ ਹਸਨਾ ਚੰਚਲ ਸਿੰਘ ਉੱਤੇ। ਸ਼ਹੀਦ ਨੇ ਆਪਣੇ ਨਾਵਲਾਂ ਵਿਚ ਅਜਿਹੇ ਮੁਸਲਮਾਨ ਪਾਤਰ ਵੀ ਲਿਆਂਦੇ ਹਨ ਜਿਹੜੇ ਸਿੱਖ ਪਾਤਰਾਂ ਦੇ ਆਦਰਸ਼ ਜੀਵਨ ਤੋਂ ਪ੍ਰਭਾਵਿਤ ਹੋ ਕੇ ਸਿੱਖ ਸਜ ਜਾਂਦੇ ਹਨ। ਇਸ ਤੋਂ ਛੁੱਟ ਸ਼ਹੀਦ ਨੇ ਆਪਣੇ ਸਿੱਖ ਪਾਤਰਾਂ ਵਿਚ ਮਨੁੱਖੀ ਕਮਜ਼ੋਰੀਆਂ ਨੂੰ ਚਿਤਰ ਕੇ ਉਨ੍ਹਾਂ ਨੂੰ ਵਧੇਰੇ ਮੰਨਣ ਯੋਗ ਬਣਾਇਆ ਹੈ। ਇਸ ਤਰ੍ਹਾਂ ਉਸ ਦਾ ਪਾਤਰ-ਚਿਤਰਨ ਭਾਈ ਵੀਰ ਸਿੰਘ ਦੇ ਟਾਕਰੇ ਵਧੇਰੇ ਯਥਾਰਥ ਹੈ। ਪਰ ਉਸ ਦੇ ਨਾਵਲਾਂ ਦੀ ਗੋਂਦ ਢਿੱਲੀ ਹੁੰਦੀ ਹੈ। ਫੇਰ ਵੀ ਉਸ ਨੂੰ ਕਹਾਣੀ ਕਹਿਣ ਦਾ ਅਜਿਹਾ ਢੰਗ ਆਉਂਦਾ ਹੈ ਕਿ ਉਹ ਅਕੇਵਾਂ ਮਹਿਸੂਸ ਨਹੀਂ ਹੋਣ ਦਿੰਦਾ। ਜਿਥੋਂ ਤੱਕ ਉਸ ਦੇ ਆਸ਼ੇ ਦਾ ਸੰਬੰਧ ਹੈ, ਇਹ ਵੀ ਭਾਈ ਵੀਰ ਸਿੰਘ ਵਾਂਗ ਧਾਰਮਕ ਤੇ ਸੁਧਾਰਕ ਹੈ।

ਭਾਈ ਵੀਰ ਸਿੰਘ ਦੇ ਇਤਿਹਾਸਕ ਨਾਵਲਾਂ ਦੇ ਪ੍ਰਕਾਸ਼ਿਤ ਹੋਣ ਤੋਂ ਕੁਝ ਚਿਰ ਪਿੱਛੋਂ ਵੀਹਵੀਂ ਸਦੀ ਦੇ ਆਰੰਭ ਵਿਚ ਗਿਆਨੀ ਗਿਆਨ ਸਿੰਘ ਦਾ ਇਕ ਇਤਿਹਾਸਕ ਨਾਵਲ 'ਬਲਵੰਤ ਕੌਰ' ਦੋ ਭਾਗਾਂ ਵਿਚ ਪ੍ਰਕਾਸ਼ਿਤ ਹੋਇਆ। ਇਸ ਨਾਵਲ ਦਾ ਸਮਾਂ ਤੇ ਉਦੇਸ਼ ਭਾਈ ਵੀਰ ਸਿੰਘ ਤੇ ਚਰਨ ਸਿੰਘ ਸ਼ਹੀਦ ਵਾਲਾ ਹੀ ਹੈ। ਇਸ ਨਾਵਲ ਦੀ ਵਿਸ਼ੇਸ਼ਤਾ ਇਸ ਘਰੋਗੀ ਅੰਸ਼, ਮੁੱਖ ਪਾਤਰ ਦਾ ਆਪ ਕਹਾਣੀ ਸੁਣਾਉਣਾ ਅਤੇ ਪਾਠਕਾਂ ਨੂੰ ਸਰੋਤਿਆਂ ਦੇ ਰੂਪ ਵਿਚ ਸੰਬੋਧਨ ਕਰਨਾ ਹੈ।

ਇਤਿਹਾਸਕ ਨਾਵਲ ਦੇ ਖੇਤਰ ਵਿਚ ਹੀ ਮਾਸਟਰ ਤਾਰਾ ਸਿੰਘ ਦਾ ਨਾਵਲ 'ਪ੍ਰੇਮ ਲਗਨ' ਆਉਂਦਾ ਹੈ ਜਿਸ ਵਿਚ ਲੇਖਕ ਨੇ ਅਕਾਲੀ ਲਹਿਰ ਨੂੰ ਆਧਾਰ ਮੰਨ ਕੇ ਨਾਵਲ ਉਸਾਰੀ ਕੀਤੀ ਹੈ। ਇਹ ਨਾਵਲ 1934 ਵਿਚ ਪ੍ਰਕਾਸ਼ਿਤ ਹੋਇਆ। ਇਸ ਦੀ ਕਹਾਣੀ ਤਾਂ ਰੋਚਕ ਹੈ ਪਰ ਕਿਤੇ-ਕਿਤੇ ਵਾਧੂ ਵਿਸਥਾਰ ਵੀ ਹੈ। ਪਾਤਰ ਉਸਾਰੀ ਦੇ ਪੱਖੋਂ ਇਸ ਨੂੰ ਸਫ਼ਲ ਨਹੀਂ ਕਿਹਾ ਜਾ ਸਕਦਾ ਹੈ। ਪਰ ਪੇਂਡੂ ਜੀਵਨ ਦੀ ਯਥਾਰਥਕ ਤਸਵੀਰ ਖਿੱਚਣ ਵਿਚ ਇਹ ਬਹੁਤ ਕਾਮਯਾਬ ਹੈ।

ਇਤਿਹਾਸਕ ਨਾਵਲ ਦੇ ਖੇਤਰ ਵਿਚ ਕਰਨਲ ਨਰਿੰਦਰਪਾਲ ਸਿੰਘ ਨੇ ਵਰਨਣ ਯੋਗ ਕੰਮ ਕੀਤਾ ਹੈ। ਉਸ ਦੇ ਚਾਰ ਇਤਿਹਾਸਕ ਨਾਵਲ-'ਖੰਨਿਉਂ ਤਿੱਖੀ', 'ਵਾਲਹੁੰ ਨਿਕੀ', 'ਏਤਿ ਮਾਰਗ ਜਾਣਾ' ਤੇ 'ਇਕ ਸਰਕਾਰ ਬਾਝੋਂ' ਪ੍ਰਕਾਸ਼ਿਤ ਹੋਏ ਹਨ। 'ਖੰਨਿਉਂ ਤਿੱਖੀ' ਵਿਚ 1710 ਤੋਂ 1716 ਈ. ਦਾ ਇਤਿਹਾਸਕ ਸਮਾਂ ਲਿਆ ਗਿਆ ਹੈ, ਜਦੋਂ ਬੰਦਾ ਬਹਾਦਰ ਨੇ ਪੰਜਾਬ ਦੇ ਕਿਸਾਨਾਂ ਨੂੰ ਕੁਰਬਾਨੀਆਂ ਲਈ ਤਿਆਰ ਕੀਤਾ ਤੇ ਸਿੱਖ ਰਾਜ ਦੀ ਨੀਂਹ ਰੱਖੀ। 'ਵਾਲਹੁੰ ਨਿਕੀ' ਲਾਹੌਰ ਉੱਤੇ ਸਿੱਖਾਂ ਦੇ ਕਬਜ਼ੇ ਦੀ ਕਹਾਣੀ ਨੂੰ ਬਿਆਨ ਕਰਦਾ ਹੈ ਜਿਸ ਵਿਚ ਚੜ੍ਹਤ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਅਹਿਮਦ ਸ਼ਾਹ ਨੂੰ ਦੁੜਾਉਣ ਤੇ ਲਾਹੌਰ 'ਤੇ ਅਧਿਕਾਰ ਕਰਦੇ ਵਿਖਾਏ ਗਏ ਹਨ।

'ਏਤਿ ਮਾਰਗਿ ਜਾਣਾ' ਵਿਚ ਰਣਜੀਤ ਸਿੰਘ ਦੀ ਮੌਤ ਤੇ ਸਿੱਖ ਰਾਜ ਦੇ ਖੇਰੂੰ-ਖੇਰੂੰ ਹੋਣ ਦਾ ਹਾਲ ਦਰਜ ਹੈ। ਇਨ੍ਹਾਂ ਤਿੰਨਾਂ ਨਾਵਲਾਂ ਦੇ ਨਾਂ ਗੁਰੂ ਅਮਰਦਾਸ ਦੀ ਤੁਕ 'ਖੰਨਿਉਂ ਤਿੱਖੀ ਵਾਲਹੁੰ ਨਿਕੀ ਏਤਿ ਮਾਰਗ ਜਾਣਾ' ਦੇ ਆਧਾਰ 'ਤੇ ਰੱਖੇ ਗਏ ਹਨ। ਚੌਥਾ ਨਾਵਲ 'ਇਕ ਸਰਕਾਰ ਬਾਝੋਂ ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਵਿਚ ਪੰਜਾਬ ਦੀ ਆਜ਼ਾਦੀ ਦੀ ਸਮਾਪਤੀ ਦੀ ਦੁੱਖ-ਭਰੀ ਵਿਥਿਆ ਨੂੰ ਬਿਆਨ ਕਰਦਾ ਹੈ। ਇਨ੍ਹਾਂ ਚਾਰ ਨਾਵਲਾਂ ਵਿਚ ਅੰਮ੍ਰਿਤਸਰ ਲਾਗੇ ਸਥਿਤ ਪਿੰਡ ਦੇ ਇਕ ਕਿਸਾਨ ਘਰਾਣੇ ਦੇ ਪੰਜਾਬ ਨੂੰ ਮੁਗ਼ਲ ਸਾਮਰਾਜ ਤੋਂ ਆਜ਼ਾਦ ਕਰਾਉਣ ਲਈ ਕੀਤੇ ਸੰਘਰਸ਼ ਦੀ ਲੰਮੀ ਕਹਾਣੀ ਹੈ। ਇਸੇ ਪ੍ਰਕਾਰ ਇਸ ਲੇਖਕ ਨੇ ਆਪਣੇ ਨਾਵਲਾਂ ਵਿਚ 1700 ਤੋਂ ਲੈ ਕੇ 1845 ਈ. ਤੱਕ ਦੇ ਪੰਜਾਬ ਦੇ ਇਤਿਹਾਸ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਭਾਵੇਂ ਨਾਵਲਕਾਰ ਨੇ ਸਿੱਖ ਇਤਿਹਾਸ, ਜਿਸ ਵਰਗੀ ਦੁਰਗਤੀ ਹੋਰ ਕਿਸੇ ਇਤਿਹਾਸ ਦੀ ਨਹੀਂ ਹੋਈ, ਨਾਲ ਇਨਸਾਫ਼ ਕਰਨ ਦਾ ਦਾਅਵਾ ਕੀਤਾ ਪਰ ਉਹ ਆਪਣੇ ਦਾਅਵੇ ਉੱਤੇ ਪੂਰਾ ਨਹੀਂ ਉਤਰ ਸਕਿਆ। ਉਸ ਨੇ ਇਤਿਹਾਸਕ ਤੱਥਾਂ ਨੂੰ ਪੇਸ਼ ਕਰਨ ਵਿਚ ਤਾਂ ਸਫ਼ਲਤਾ ਪ੍ਰਾਪਤ ਕੀਤੀ ਹੈ ਪਰ ਉਹ ਆਪਣੇ ਨਾਵਲਾਂ ਦੀ ਕਹਾਣੀ ਦਾ ਸਮਕਾਲੀ ਵਾਤਾਵਰਣ ਉਘਾੜਨ ਵਿਚ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਸਕਿਆ। ਉਹ ਆਪਣੇ ਆਪ ਨੂੰ ਨਾਵਲ ਨਾਲ ਸੰਬੰਧਤ ਸਮੇਂ ਤੱਕ ਸੀਮਿਤ ਨਹੀਂ ਰੱਖ ਸਕਦਾ ਜਿਸ ਕਰਕੇ ਉਸ ਦੇ ਨਾਵਲ ਕਲਾ ਦੇ ਪੱਖ ਤੋਂ ਕਮਜ਼ੋਰ ਹੋ ਜਾਂਦੇ ਹਨ।

ਇਤਿਹਾਸਕ ਨਾਵਲ ਦੇ ਖੇਤਰ ਵਿਚ ਨਾਨਕ ਸਿੰਘ ਦਾ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵੀ ਸਨਮਾਨ ਯੋਗ ਸਥਾਨ ਦਾ ਹੱਕਦਾਰ ਹੈ। ਇਹ ਨਾਵਲ ਗਦਰੀ ਲਹਿਰ ਨਾਲ ਸੰਬੰਧਤ ਹੈ ਜਿਹੜੀ 1914-15 ਵਿਚ ਭਾਰਤ ਨੂੰ ਆਜ਼ਾਦ ਕਰਾਉਣ ਲਈ ਚਲੀ ਸੀ। ਕਰਤਾਰ ਸਿੰਘ ਸਰਾਭਾ ਇਸ ਲਹਿਰ ਦੀ ਇਕ ਉੱਘੀ ਹਸਤੀ ਸੀ ਤੇ ਇਸੇ ਹਸਤੀ ਦੁਆਲੇ ਇਹ ਨਾਵਲ ਦੀ ਕਹਾਣੀ ਨੂੰ ਉਸਾਰਿਆ ਗਿਆ ਹੈ। ਭਾਵੇਂ ਨਾਨਕ ਸਿੰਘ ਗਦਰੀ ਲਹਿਰ ਦੀ ਹਿੰਸਕ ਨੀਤੀ ਨਾਲ ਸਹਿਮਤ ਨਹੀਂ ਸੀ ਤਾਂ ਵੀ ਉਸ ਨੇ ਲਹਿਰ ਦੀ ਕਹਾਣੀ ਨੂੰ ਆਪਣੇ ਇਸ ਨਾਵਲ ਲਈ ਚੁਣ ਕੇ ਆਪਣੀ ਉਦਾਰਵਾਦੀ ਦ੍ਰਿਸ਼ਟੀ ਦਾ ਸਬੂਤ ਪੇਸ਼ ਕੀਤਾ ਹੈ। ਭਾਵੇਂ ਨਾਵਲ ਦਾ ਨਾਂ 'ਇਕ ਮਿਆਨ ਦੋ ਤਲਵਾਰਾਂ' ਹੈ ਇਹ ਦੋ ਤਲਵਾਰਾਂ (ਸੁਖਦੇਵ ਸਿੰਘ ਸੋਢੀ ਤੇ ਸੁਦਰਸ਼ਨ) ਇਕ ਮਿਆਨ ਵਿਚ ਸਮਾਉਣ ਲਈ ਤਿਆਰ ਨਹੀਂ ਹੁੰਦੀਆਂ। ਸੁਦਰਸ਼ਨ ਗਦਰ ਪਾਰਟੀ ਦੇ ਕੰਮ ਲਈ ਤਤਪਰ ਹੈ ਪਰ ਉਹ ਹਮੇਸ਼ਾਂ ਬਾਪ ਦੀ ਗ਼ੈਰ-ਹਾਜ਼ਰੀ ਦਾ ਲਾਭ ਉਠਾ ਕੇ ਕੰਮ ਕਰਦਾ ਹੈ ਤੇ ਜੇ ਕਿਤੇ ਟਾਕਰੇ ਦੀ ਸਥਿਤੀ ਪੈਦਾ ਹੁੰਦੀ ਹੈ ਤਾਂ ਸਮਝੌਤੇ 'ਤੇ ਉਤਰ ਆਉਂਦਾ ਹੈ। ਇਸੇ ਪ੍ਰਕਾਰ ਇਸ ਨਾਵਲ ਦਾ ਪਾਤਰ ਦਿਆਲਾ ਨਾ ਤਾਂ ਸਮੇਂ ਦੀ ਜਨਤਾ ਦਾ ਪ੍ਰਤੀਕ ਹੈ ਅਤੇ ਨਾ ਹੀ ਨਿੱਜੀ ਰੂਪ ਵਿਚ ਨਾਵਲ ਦੇ ਵਿਸ਼ੇ ਨਾਲ ਸੰਬੰਧ ਰਖਦਾ ਹੈ। ਨਾਵਲਕਾਰ ਨੂੰ ਨਾ ਤਾਂ ਗਦਰੀ ਲਹਿਰ ਦਾ ਰਾਜਨੀਤਕ ਪੱਖੋਂ ਕੋਈ ਹਮਦਰਦੀ ਸੀ ਤੇ ਨਾ ਹੀ ਉਸ ਨੂੰ ਇਸ ਲਹਿਰ ਦੇ ਇਤਿਹਾਸਕ ਰੋਲ ਬਾਰੇ ਪੂਰੀ-ਪੂਰੀ ਜਾਣਕਾਰੀ, ਜਿਸ ਕਰਕੇ ਉਸ ਦਾ ਇਹ ਨਾਵਲ ਇਤਿਹਾਸਕ ਅਤੇ ਕਲਾ ਦੇ ਪੱਖ ਤੋਂ ਕੋਈ ਬਹੁਤੀ ਸਫ਼ਲ ਰਚਨਾ ਨਹੀਂ।

ਉਪਰੋਕਤ ਨਾਵਲਕਾਰ ਤੋਂ ਬਿਨਾਂ ਕੁਝ ਹੋਰ ਨਾਵਲਕਾਰਾਂ ਨੇ ਵੀ ਇਸ ਪਾਸੇ ਇੱਕਾ-ਦੁੱਕਾ ਰਚਨਾਵਾਂ ਕੀਤੀਆਂ ਹਨ ਜਿਨ੍ਹਾਂ ਵਿਚੋਂ ਤ੍ਰਿਲੋਕ ਸਿੰਘ ਦਾ ਨਾਵਲ 'ਗੁਰਦਾਸ ਨੰਗਲ ਦੇ ਸ਼ਹੀਦ', ਗਿਆਨੀ ਭਜਨ ਸਿੰਘ ਦਾ 'ਯਾਰੜੇ ਦਾ ਸੱਥਰ' ਅਤੇ ਹਰਨਾਮ ਦਾਸ ਸਹਿਰਾਈ ਦੇ 'ਲੋਹਗੜ੍ਹ', 'ਸਭਰਾਵਾਂ' ਅਤੇ 'ਅਨੂਪ ਕੌਰ' ਵਰਨਣਯੋਗ ਹਨ।

**ਪੰਜਾਬੀ ਵਿਚ ਧਾਰਮਕ ਨਾਵਲ**

ਜਿਥੋਂ ਤੱਕ ਧਾਰਮਕ ਨਾਵਲਾਂ ਦੇ ਜਨਮ ਤੇ ਵਿਕਾਸ ਦਾ ਸੰਬੰਧ ਹੈ, ਇਹ ਵੀ ਇਤਿਹਾਸਕ ਨਾਵਲ ਦੇ ਨਾਲ ਪੈਦਾ ਹੋਇਆ ਤੇ ਇਸ ਦਾ ਵਿਕਾਸ ਵੀ ਇਸ ਦੇ ਸਮਾਨਾਂਤਰ ਹੀ ਹੋਇਆ। ਭਾਈ ਵੀਰ ਸਿੰਘ ਅਤੇ ਚਰਨ ਸਿੰਘ ਸ਼ਹੀਦ ਦੇ ਇਤਿਹਾਸਕ ਨਾਵਲ ਸਿੱਖ ਇਤਿਹਾਸ ਨਾਲ ਸੰਬੰਧਤ ਹੋਣ ਕਰਕੇ ਸਿੱਖ ਧਰਮ ਦੇ ਪ੍ਰਚਾਰ ਉਦੇਸ਼ ਹਿਤ ਲਿਖੇ ਹੋਣ ਕਰਕੇ ਧਾਰਮਕ ਨਾਵਲ ਦੀ ਸ਼੍ਰੇਣੀ ਵਿਚ ਵੀ ਰੱਖੇ ਜਾ ਸਕਦੇ ਹਨ ਪਰ ਨਿਰੋਲ ਧਾਰਮਕ ਨਾਵਲ ਲਿਖਣ ਵੱਲ ਪਹਿਲ ਭਾਈ ਮੋਹਨ ਸਿੰਘ ਵੈਦ ਨੇ 'ਸ੍ਰੇਸ਼ਟ ਕੁਲਾਂ ਦੀ ਚਾਲ' ਨਾਂ ਦਾ ਨਾਵਲ 1911 ਈ. ਵਿਚ ਰਚ ਕੇ ਕੀਤੀ। ਉਨ੍ਹਾਂ ਦੇ ਰਚੇ ਧਾਰਮਕ ਨਾਵਲ 'ਇਕ ਸਿੱਖ ਘਰਾਣਾ', 'ਸੁਭਾਗ ਕੌਰ', 'ਰਾਜਿੰਦਰ ਕੌਰ', 'ਸੁਖਦੇਵ ਕੌਰ' ਅਤੇ 'ਦੰਪਤੀ ਪਿਆਰ' ਹਨ। ਗੁਰਦਿਆਲ ਸਿੰਘ ਫੁੱਲ ਅਨੁਸਾਰ ਭਾਈ ਮੋਹਨ ਸਿੰਘ ਵੈਦ ਦੇ ਨਾਵਲਾਂ ਦਾ ਉਦੇਸ਼ ਹੈ : ''ਇਨ੍ਹਾਂ ਨਾਵਲਾਂ ਵਿਚ ਮਨਮਤੀਆਂ ਤੇ ਗੁਰਮੁਖ ਪ੍ਰਾਣੀਆਂ ਦਾ ਅੰਤਰਾਤਮਕ ਵਿਸ਼ਲੇਸ਼ਣ ਹੈ, ਆਸਤਕਾਂ ਤੇ ਨਾਸਤਕਾਂ ਦਾ ਘੋਲ ਹੈ, ਪੱਛਮੀ ਸਭਿਅਤਾ ਅਤੇ ਪੂਰਬੀ ਸਭਿਅਤਾ ਦਾ ਘੋਲ ਹੈ, ਨੇਕੀ ਅਤੇ ਬਦੀ ਦਾ ਮੁਕਾਬਲਾ ਹੈ।''[1]

ਭਾਈ ਮੋਹਨ ਸਿੰਘ ਵੈਦ ਦੇ ਨਾਵਲ ਧਾਰਮਕ ਤੇ ਸੁਧਾਰਕ ਹਨ ਤੇ ਇਸੇ ਲੜੀ ਦਾ ਨਾਵਲ 'ਬਾਬਾ ਨੌਧ ਸਿੰਘ' ਕ੍ਰਿਤ ਭਾਈ ਵੀਰ ਸਿੰਘ ਹੈ। ਇਸ ਨਾਵਲ ਵਿਚ ਸੁਭਾਗ ਦੀ ਨਾਂ ਦੀ ਨਾਇਕਾ ਦਾ ਨੌਧ ਸਿੰਘ ਦੁਆਰਾ ਧਾਰਮਕ ਸੁਧਾਰ ਹੁੰਦਾ ਵਿਖਾਇਆ ਗਿਆ ਹੈ। ਨਾਵਲ ਦੀ ਕਹਾਣੀ ਤਾਂ ਪਹਿਲੇ ਗਿਣਤੀ ਦੇ ਪੰਨਿਆਂ 'ਤੇ ਖਤਮ ਹੋ ਜਾਂਦੀ ਹੈ ਪਰ ਬਾਕੀ ਦਾ ਸਾਰਾ ਨਾਵਲ ਧਾਰਮਕ ਉਪਦੇਸ਼ ਨਾਲ ਭਰਿਆ ਹੋਇਆ ਹੈ। ਇਸ ਸਮੇਂ ਭਾਈ ਅਮਰ ਸਿੰਘ ਨੇ 'ਘਰ ਦਾ ਨਿਰਬਾਹ' ਨਾਂ ਦਾ ਧਾਰਮਕ ਤੇ ਸੁਧਾਰਕ ਨਾਵਲ ਲਿਖਿਆ। ਇਸ ਦੇ ਸੱਤ ਭਾਗਾਂ ਵਿਚੋਂ ਦੋ ਵਿਚ ਤਾਂ ਕਹਾਣੀ ਰਸ ਹੈ ਪਰ ਬਾਕੀ ਦੇ ਪੰਜ ਭਾਗਾਂ ਵਿਚ ਸਿਧਾਂਤਕ ਵਿਆਖਿਆ 'ਤੇ ਹੀ ਜ਼ੋਰ ਦਿੱਤਾ ਗਿਆ ਹੈ। ਭਾਈ ਅਮਰ ਸਿੰਘ ਨੇ 'ਸੁਚੱਜੀ ਇੰਦਰ ਕੌਰ', 'ਛੋਟੀ ਨੂੰਹ' ਤੇ 'ਸੁਚੱਜੀ ਮਾਂ' ਆਦਿ ਧਾਰਮਕ ਨਾਵਲ ਵੀ ਲਿਖੇ ਹਨ, ਜਿਨ੍ਹਾਂ ਦਾ ਆਸ਼ਾ ਸਿੱਖ ਸਮਾਜ ਦਾ ਸੁਧਾਰ ਹੀ ਹੈ। ਨਰਿੰਦਰਪਾਲ ਸਿੰਘ ਦੇ ਜਿਨ੍ਹਾਂ ਨਾਵਲਾਂ ਦਾ ਨਾਂ ਉਪਰ ਇਤਿਹਾਸਕ ਨਾਵਲ ਅਧੀਨ ਵਰਨਣ ਕੀਤਾ ਗਿਆ ਹੈ, ਆਸ਼ੇ ਵਜੋਂ ਉਹ ਧਾਰਮਕ ਨਾਵਲ ਹਨ।

**ਸਮਾਜ ਸੁਧਾਰਕ ਨਾਵਲ**

ਉਪਰੋਕਤ ਮੋਢੀ ਨਾਵਲਕਾਰਾਂ ਨੇ ਭਾਵੇਂ ਧਾਰਮਕ ਨਾਵਲ ਰਚੇ ਪਰ ਉਨ੍ਹਾਂ ਦਾ ਆਸ਼ਾ ਸੁਧਾਰਕ ਸੀ। ਜਿਉਂ-ਜਿਉਂ ਪੰਜਾਬੀ ਨਾਵਲ ਨੇ ਵਿਕਾਸ ਕੀਤਾ ਇਹ ਸੀਮਤ ਸੁਧਾਰ ਜਿਹੜਾ ਸਿੱਖ ਸਮਾਜ ਨੂੰ ਹੀ ਆਪਣੇ ਘੇਰੇ ਵਿਚ ਲੈਂਦਾ ਸੀ ਸਮੁੱਚੇ ਸਮਾਜ ਤੱਕ ਪਸਰ ਗਿਆ। ਪੰਜਾਬ ਵਿਚ ਚਲੀ ਅਕਾਲੀ ਲਹਿਰ ਦੀ ਅੰਗਰੇਜ਼ੀ ਹਕੂਮਤ ਨਾਲ ਸਿੱਧੀ ਟੱਕਰ ਹੋ ਪਈ ਤੇ ਇਸ ਨੂੰ ਰਾਸ਼ਟਰਵਾਦੀ ਪਾਰਟੀ ਕਾਂਗਰਸ ਦਾ ਸਮਰਥਨ ਪ੍ਰਾਪਤ ਹੋ ਗਿਆ। ਇਹ ਬੜੇ ਮਾਣ ਦੀ ਗੱਲ ਹੈ ਕਿ ਅਕਾਲੀ ਲਹਿਰ ਦੇ ਪ੍ਰਭਾਵ ਅਧੀਨ ਪੰਜਾਬ ਵਿਚ ਕੋਈ ਸੰਪਰਦਾਇਕ ਨਾਵਲ ਪੈਦਾ ਨਹੀਂ ਹੋਇਆ। ਅੰਗਰੇਜ਼ਾਂ ਵਿਰੁੱਧ ਰਾਜਨੀਤਿਕ ਸੰਘਰਸ਼ਾਂ ਦੇ ਤੇਜ਼ ਹੋਣ ਨਾਲ ਸਮਾਜ ਵਿਚ ਜਾਗ੍ਰਿਤੀ ਆਉਣੀ ਸ਼ੁਰੂ ਹੋ ਗਈ ਤੇ ਪੰਜਾਬੀ ਵਿਚ ਸਮਾਜ ਸੁਧਾਰਕ ਨਾਵਲ ਦਾ ਸੂਰਜ ਉਦੈ ਹੋਇਆ। ਨਾਨਕ ਸਿੰਘ ਦੇ ਮੁੱਢਲੇ ਨਾਵਲ 'ਮਤਰੇਈ ਮਾਂ', 'ਪ੍ਰੇਮ ਸੰਗੀਤ', 'ਮਿੱਠਾ ਮਹੁਰਾ' ਅਤੇ 'ਕਾਲ ਚੱਕਰ' ਇਸੇ ਸ਼੍ਰੇਣੀ ਨਾਲ ਸੰਬੰਧ ਰਖਦੇ ਹਨ।

ਸਮਾਜ ਸੁਧਾਰਕ ਨਾਵਲ ਦੇ ਵਿਕਾਸ ਵਿਚ ਸਿਖ਼ਰ ਦਾ ਸਮਾਂ 1932 ਤੋਂ 1947 ਈ. ਦੇ ਵਿਚਕਾਰ ਹੈ ਜਿਸ ਸਮੇਂ ਨਾਨਕ ਸਿੰਘ ਨੇ ਉਪਰੋਥਲੀ 'ਚਿੱਟਾ ਲਹੂ', 'ਫ਼ੌਲਾਦੀ ਫੁੱਲ', 'ਕਾਗ਼ਤਾਂ ਦੀ ਬੇੜੀ', 'ਪਿਆਰ ਦੀ ਦੁਨੀਆ', 'ਗ਼ਰੀਬ ਦੀ ਦੁਨੀਆਂ', 'ਟੁੱਟੀ ਵੀਣਾ', 'ਅੱਧ ਖਿੜਿਆ ਫੁੱਲ', 'ਗੰਗਾ ਜਲੀ ਵਿਚ ਸ਼ਰਾਬ', 'ਪਵਿੱਤਰ ਪਾਪੀ', 'ਜੀਵਨ ਸੰਗਰਾਮ', 'ਧੁੰਦਲੇ ਪਰਛਾਵੇਂ', 'ਲਵ ਮੈਰਿਜ', 'ਦੂਰ ਕਿਨਾਰਾ' ਆਦਿ ਨਾਵਲ ਪੰਜਾਬੀ ਸਾਹਿਤ ਨੂੰ ਭੇਟ ਕੀਤੇ। ਇਨ੍ਹਾਂ ਸਾਰੇ ਨਾਵਲਾਂ ਵਿਚ ਨਾਨਕ ਸਿੰਘ ਨੇ ਸਮਾਜ ਦੇ ਕੋਹਜਾਂ ਨੂੰ ਨੰਗਾ ਕਰਕੇ ਉਨ੍ਹਾਂ ਨੂੰ ਦੂਰ ਕਰਨ ਦੇ ਉਪਾਅ ਦੱਸਣ ਦਾ ਯਤਨ ਕੀਤਾ ਹੈ। ਨਾਨਕ ਸਿੰਘ ਨੂੰ ਕਹਾਣੀ ਕਹਿਣ ਦੀ ਪੂਰਣ ਜਾਚ ਹੈ ਤੇ ਉਹ ਪਾਠਕਾਂ ਨੂੰ ਕਦੇ ਵੀ ਅਕੇਵਾਂ ਮਹਿਸੂਸ ਨਹੀਂ ਹੋਣ ਦਿੰਦਾ। ਉਸ ਦੇ ਇਸਤਰੀ ਪਾਤਰ ਭਾਰਤੀ ਸਭਿਆਚਾਰ ਦੀਆਂ ਹੱਦਾਂ ਅੰਦਰ ਹੀ ਰਹਿੰਦੇ ਹਨ ਤੇ ਉਹ ਮਰਯਾਦਾ ਨੂੰ ਕਦੇ ਵੀ ਭੰਗ ਨਹੀਂ ਕਰਦੇ। ਉਸ ਦੇ ਨਾਵਲਾਂ ਦੀ ਗੋਂਦ ਕਾਫ਼ੀ ਪੀਡੀ ਹੁੰਦੀ ਹੈ ਪਰ ਉਹ ਮੌਕਾ ਮੇਲ ਤੋਂ ਵੀ ਕਾਫ਼ੀ ਕੰਮ

1. 'ਦੁਖਨਿਵਾਰਨ' ਭਾਈ ਮੋਹਨ ਸਿੰਘ ਵੈਦ ਨੰਬਰ

ਲੈਂਦਾ ਹੈ। ਉਸ ਦੇ ਬਹੁਤੇ ਨਾਵਲ ਘਟਨਾ ਪ੍ਰਧਾਨ ਹਨ ਜਿਸ ਕਰਕੇ ਉਨ੍ਹਾਂ ਵਿਚ ਪਾਤਰ ਉਸਾਰੀ ਵੱਲ ਪੂਰਾ ਧਿਆਨ ਨਹੀਂ ਦਿੱਤਾ ਗਿਆ।

ਨਾਨਕ ਸਿੰਘ ਦੇ ਕੁੱਝ ਸਮਕਾਲੀਆਂ ਨੇ ਵੀ ਇਸ ਸਮੇਂ ਪੰਜਾਬੀ ਵਿਚ ਸਮਾਜ ਸੁਧਾਰਕ ਨਾਵਲ ਲਿਖੇ, ਜਿਨ੍ਹਾਂ ਵਿਚੋਂ ਅਸੀਂ 'ਮੁਰਾਦ' ਕ੍ਰਿਤ ਈਸ਼ਵਰ ਚੰਦਰ ਨੰਦਾ, 'ਪ੍ਰੇਮ ਕਣੀ' ਕ੍ਰਿਤ ਪ੍ਰਿੰਸੀਪਲ ਨਿਰੰਜਨ ਸਿੰਘ, 'ਜਵਾਰ ਭਾਟਾ' ਕ੍ਰਿਤ ਮਹਿੰਦਰ ਸਿੰਘ ਕੰਵਰ, 'ਤਕਸ਼ਲਾ' ਕ੍ਰਿਤ ਪ੍ਰੀਤਮ ਸਿੰਘ ਭਾਟੀਆ ਅਤੇ 'ਪ੍ਰਭਾ' ਕ੍ਰਿਤ ਜੋਸ਼ੂਆ ਫ਼ਜ਼ਲਦੀਨ ਨੂੰ ਗਿਣ ਸਕਦੇ ਹਾਂ।

ਇਸ ਤੋਂ ਅਗਲੀ ਪੀੜ੍ਹੀ ਦੇ ਸਮਾਜ ਸੁਧਾਰਕ ਨਾਵਲਕਾਰ ਬਲਵੰਤ ਗਾਰਗੀ, ਗੁਰਚਰਨ ਸਿੰਘ ਤੇ ਸੰਤ ਸਿੰਘ ਸੇਖੋਂ ਹਨ ਜਿਨ੍ਹਾਂ ਨੇ ਕ੍ਰਮਵਾਰ 'ਕੱਕਾ ਰੇਤਾ', 'ਵੱਗਦੀ ਸੀ ਰਾਵੀ' ਅਤੇ 'ਲਹੂ ਮਿੱਟੀ' ਨਾਂ ਦੇ ਨਾਵਲ ਲਿਖੇ। ਇਨ੍ਹਾਂ ਵਿਚ ਜੀਵਨ ਦਾ ਯਥਾਰਥਵਾਦੀ ਵਰਨਣ ਹੈ ਤੇ ਇਸਤਰੀ ਮਰਦ ਦੇ ਲਿੰਗ ਰਿਸ਼ਤਿਆਂ ਬਾਰੇ ਫਰਾਇਡਵਾਦੀ ਦ੍ਰਿਸ਼ਟੀਕੋਣ ਅਪਣਾਇਆ ਗਿਆ ਹੈ ਜਿਸ ਕਰਕੇ ਇਨ੍ਹਾਂ ਨਾਵਲਾਂ ਨੂੰ ਯਥਾਰਥਵਾਦੀ ਨਾਵਲਾਂ ਦੀ ਸ਼੍ਰੇਣੀ ਵਿਚ ਰਖਣਾ ਵਧੇਰੇ ਉਚਿਤ ਹੈ।

**ਪੰਜਾਬੀ ਵਿਚ ਯਥਾਰਥਵਾਦੀ ਨਾਵਲ**

1947 ਵਿਚ ਦੇਸ਼ ਦੀ ਵੰਡ ਉਪਰੰਤ ਯਥਾਰਥਵਾਦੀ ਦ੍ਰਿਸ਼ਟੀ ਅਨੁਸਾਰ ਲਿਖਣ ਵਾਲੇ ਨਾਵਲਕਾਰਾਂ ਵਿਚੋਂ ਸੁਰਿੰਦਰ ਸਿੰਘ ਨਰੂਲਾ ਦੀ ਪ੍ਰਾਪਤੀ ਦੂਜਿਆਂ ਦੇ ਟਾਕਰੇ 'ਤੇ ਵਧੇਰੇ ਹੈ। ਉਸ ਦਾ 'ਪਿਉ ਪੁੱਤਰ' ਨਾਵਲ ਵੰਡ ਤੋਂ ਇਕ ਵਰ੍ਹਾ ਪ੍ਰਕਾਸ਼ਿਤ ਹੋ ਗਿਆ ਸੀ ਪਰ ਬਾਕੀ ਦੇ ਨਾਵਲ 'ਰੰਗ ਮਹਿਲ', 'ਜਗਰਾਤਾ', 'ਦੀਨ ਤੇ ਦੁਨੀਆਂ', 'ਸਿਲ ਅਲੂਣੀ', 'ਨੀਲੀ ਬਾਰ', 'ਆਪਣੇ ਪਰਾਏ', 'ਲੋਕ ਦੁਸ਼ਮਣ', 'ਜਗਬੀਤੀ', 'ਦਿਲ ਦਰਿਆ' ਵੰਡ ਤੋਂ ਪਿੱਛੋਂ ਛਪੇ ਹਨ। ਨਰੂਲਾ ਸਾਹਿਬ ਦੇ ਹਰ ਨਾਵਲ ਵਿਚ ਕਹਾਣੀ ਦੀ ਨਵੀਨਤਾ ਹੈ। ਉਸ ਨੇ ਕਿਸੇ ਰਵਾਇਤ ਜਾਂ ਪਰੰਪਰਾ ਨੂੰ ਕਬੂਲ ਨਹੀਂ ਕੀਤਾ ਸਗੋਂ ਪਾਤਰਾਂ ਦੀ ਮਨੋਵਿਗਿਆਨਕ ਉਸਾਰੀ ਘਟਨਾ ਦੇ ਵਿਸਥਾਰਪੂਰਵਕ ਬਿਆਨ ਅਤੇ ਸ਼ਹਿਰੀ ਮੱਧ ਸ਼੍ਰੇਣੀ ਦੇ ਯਥਾਰਥਵਾਦੀ ਚਿਤਰਨ ਨਾਲ ਪੰਜਾਬੀ ਨਾਵਲ ਨੂੰ ਪੂਰਨ ਤੌਰ 'ਤੇ ਯਥਾਰਥਵਾਦੀ ਖੇਤਰ ਵਿਚ ਲੈ ਆਂਦਾ ਹੈ। ਉਸ ਦਾ ਦ੍ਰਿਸ਼ਟੀਕੋਣ ਸਮਾਜਵਾਦੀ ਹੈ ਪਰ ਉਸ ਵਿਚ ਗਾਂਧੀਵਾਦੀ ਅਹਿੰਸਾ ਦੀ ਮਿੱਸ ਹੈ।

**ਸਮਾਜਵਾਦੀ ਨਾਵਲ**

ਪੰਜਾਬੀ ਵਿਚ ਸਮਾਜਵਾਦੀ ਨਾਵਲ ਦਾ ਪ੍ਰਵੇਸ਼ ਜਸਵੰਤ ਸਿੰਘ ਕੰਵਲ ਨਾਲ ਹੁੰਦਾ ਹੈ। ਭਾਵੇਂ ਆਪਣੇ ਪਹਿਲੇ ਨਾਵਲ 'ਸੱਚ ਨੂੰ ਫ਼ਾਂਸੀ' ਤੇ 'ਪਾਲੀ' ਲਿਖਣ ਸਮੇਂ ਜਸਵੰਤ ਸਿੰਘ ਉੱਤੇ ਵੇਦਾਂਤ ਦਾ ਪ੍ਰਭਾਵ ਪ੍ਰਤੱਖ ਹੈ ਪਰ 'ਪੂਰਨਮਾਸ਼ੀ' ਤੇ 'ਰਾਤ ਬਾਕੀ ਹੈ', ਨਾਵਲਾਂ ਵਿਚ ਉਸ ਦਾ ਸਮਾਜਵਾਦੀ ਦ੍ਰਿਸ਼ਟੀਕੋਣ ਉੱਘੜ ਕੇ ਸਾਹਮਣੇ ਆਉਂਦਾ ਹੈ। ਕੰਵਲ ਦੇ ਬਾਕੀ ਨਾਵਲ-'ਸਿਵਲ ਲਾਇਨਜ਼', 'ਰੂਪਧਾਰਾ', 'ਹਾਣੀ', 'ਭਵਾਨੀ', 'ਤਵਾਰੀਖ ਵੇਖਦੀ ਹੈ', 'ਮਿੱਤਰ ਪਿਆਰੇ ਨੂੰ' ਅਤੇ 'ਜੇਰਾ' ਵਿਚ ਉਸ ਦੇ ਰਾਜਸੀ ਵਿਚਾਰਾਂ ਦਾ ਸਾਫ਼ ਪਤਾ ਲਗਦਾ ਹੈ। ਉਸ ਦੀ ਸਾਰੀ ਸਮਾਜਕ ਚੇਤਨਾ ਤੇ ਸਮਕਾਲੀ ਰਾਜਸੀ ਵਿਚਾਰਾਂ ਤੋਂ ਪ੍ਰਭਾਵਿਤ ਹੈ।

**ਨਵੀਆਂ ਪ੍ਰਵਿਰਤੀਆਂ**

ਵਿੱਦਿਆ ਦੇ ਪ੍ਰਸਾਰ ਅਤੇ ਸ਼ਹਿਰਾਂ ਦੇ ਵਿਸਥਾਰ ਨਾਲ ਭਾਰਤ ਵਿਚ ਮੱਧ ਸ਼੍ਰੇਣੀ ਦੀ ਸੰਖਿਆ ਵਿਚ ਕਾਫ਼ੀ ਵਾਧਾ ਹੋਇਆ ਹੈ। ਇਸ ਮੱਧ ਸ਼੍ਰੇਣੀ ਦੀਆਂ ਆਪਣੀਆਂ ਭਾਵੁਕ ਲੋੜਾਂ ਹਨ, ਜਿਨ੍ਹਾਂ ਦੀ ਪੂਰਤੀ ਦੀ ਮੰਗ ਉਹ ਸਾਹਿਤ ਪਾਸੋਂ ਵੀ ਕਰਦੀ ਹੈ। ਇਸ ਪ੍ਰਕਾਰ ਦੀ ਮੰਗ ਨੂੰ ਪੂਰਾ ਕਰਨ ਵਾਲੇ ਕੁੱਝ ਨਾਵਲਕਾਰ ਵੀ ਪੰਜਾਬੀ ਵਿਚ ਪੈਦਾ ਹੋਏ ਹਨ ਜਿਨ੍ਹਾਂ ਵਿਚੋਂ ਅੰਮ੍ਰਿਤਾ ਪ੍ਰੀਤਮ, ਸੁਰਜੀਤ ਸਿੰਘ ਸੇਠੀ, ਕਰਤਾਰ ਸਿੰਘ ਦੁੱਗਲ, ਦਲੀਪ ਕੌਰ ਟਿਵਾਣਾ, ਮੋਹਨ ਕਾਹਲੋਂ, ਗੁਰਦਿਆਲ ਸਿੰਘ, ਨਿਰੰਜਨ ਤਸਮੀਨ ਦੇ ਨਾਂ ਵਰਨਣ ਯੋਗ ਹਨ। ਨਰਿੰਦਰਪਾਲ ਸਿੰਘ ਵੀ ਇਸ ਖੇਤਰ ਵਿਚ ਆਉਂਦਾ ਹੈ ਪਰ ਉਸ ਦਾ ਜ਼ਿਕਰ ਇਤਿਹਾਸਕ ਨਾਵਲ ਦੇ ਪ੍ਰਸੰਗ ਵਿਚ ਕੀਤਾ ਜਾ ਚੁੱਕਾ ਹੈ। ਉਸ ਦੇ ਕੁੱਝ ਨਾਵਲ 'ਮਲਾਹ', 'ਸੈਨਾਪਤੀ', 'ਉਣਤਾਲੀ ਵਰ੍ਹੇ', 'ਸ਼ਕਤੀ', 'ਤ੍ਰੀਆ ਜਾਲ', 'ਅਮਨ ਦੇ ਰਾਹ' ਅਤੇ 'ਇਕ ਰਾਹ ਵਿਚ ਪੜਾਅ', ਮੱਧ ਸ਼੍ਰੇਣਿਕ ਰੁਚੀਆਂ ਦੇ ਲਖਾਇਕ ਹਨ। ਇਨ੍ਹਾਂ ਵਿਚ ਰੁਮਾਂਚਕ ਰੰਗ ਵਧੇਰੇ ਪ੍ਰਧਾਨ ਹੈ। ਅੰਮ੍ਰਿਤਾ ਪ੍ਰੀਤਮ ਨੇ 'ਜੈ ਸ਼੍ਰੀ', 'ਡਾਕਟਰ ਦੇਵ', 'ਪਿੰਜਰ', 'ਆਲ੍ਹਣਾ', 'ਬੁਲਾਵਾ', 'ਇਕ ਸਵਾਲ', 'ਆਸ਼ੂ', 'ਬੰਦ ਦਰਵਾਜਾ', 'ਚੱਕ ਨੰਬਰ ਛੱਤੀ', 'ਰੰਗ

ਦਾ ਪੱਤਾ', 'ਦਿੱਲੀ ਦੀਆਂ ਗਲੀਆਂ' ਆਦਿ ਨਾਵਲ ਪੰਜਾਬੀ ਸਾਹਿਤ ਨੂੰ ਭੇਟ ਕੀਤੇ ਹਨ। ਅੰਮ੍ਰਿਤਾ ਪ੍ਰੀਤਮ ਦੇ ਨਾਵਲ ਮੱਧ ਸ਼੍ਰੇਣੀ ਦੀਆਂ ਰੁਚੀਆਂ ਨੂੰ ਪ੍ਰਗਟ ਕਰਨ ਤੇ ਉਸ ਦੀ ਕਾਵਿਕ ਸ਼ੈਲੀ ਕਰਕੇ ਮਹੱਤਵਪੂਰਨ ਹਨ। ਉਹ ਇਸਤਰੀ ਜਾਤੀ ਦੇ ਦਬੇ ਹੋਏ ਜਜ਼ਬਿਆਂ ਦਾ ਬੜੀ ਸਫ਼ਲਤਾ ਨਾਲ ਵਰਨਣ ਕਰਦੀ ਹੈ। ਉਸ ਦੀਆਂ ਰਚਨਾਵਾਂ ਵਿਚ ਵਿਸ਼ਾਦ ਅਤੇ ਅਤ੍ਰਿਪਤੀ ਦੀ ਗੂੰਜ ਬੜੀ ਤੀਖਣ ਹੈ ਅਤੇ ਕਈ ਨਾਵਲਾਂ ਵਿਚ ਲਿੰਗ ਸੰਬੰਧਾਂ ਦਾ ਬਿਆਨ ਨਗਨਤਾ ਦੀਆਂ ਹੱਦਾਂ ਛੂੰਹਦਾ ਹੈ।

ਸੁਰਜੀਤ ਸਿੰਘ ਸੇਠੀ ਨੇ 'ਜਨਤਾ ਜਾਗੀ', 'ਰੇਤ ਦੇ ਪਹਾੜ', 'ਇਕ ਸ਼ਹਿਰ ਦੀ ਗਲੀ', 'ਕੰਧੀ ਉਤੇ ਰੁਖੜਾ', 'ਇਕ ਖ਼ਾਲੀ ਪਿਆਲਾ', 'ਸਿੱਲਪੱਥਰ', 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ' ਅਤੇ 'ਆਬਰਾ ਕਦਾਬਰਾ' ਨਾਂ ਦੇ ਨਾਵਲ ਲਿਖੇ ਹਨ। ਉਸ ਦੀ ਸ਼ੈਲੀ ਮਨੋਵਿਗਿਆਨਕ ਹੈ ਤੇ ਉਸ ਦੇ ਚੇਤਨਾ-ਪ੍ਰਵਾਹ ਦਾ ਪ੍ਰਯੋਗ ਵੀ ਸਫ਼ਲਤਾ ਨਾਲ ਕੀਤਾ ਹੈ। ਕਰਤਾਰ ਸਿੰਘ ਦੁੱਗਲ ਨੇ ਨਾਵਲ 'ਆਂਦਰਾਂ', 'ਨਹੁੰ ਤੇ ਮਾਸ', 'ਇਕ ਦਿਲ ਵਿਕਾਊ ਹੈ', 'ਦਿਲ ਦਰਿਆ', 'ਮੇਰਾ ਦਿਲ ਮੋੜ ਦੇ', ਉਸਦੀ ਪ੍ਰਕਿਰਤੀਵਾਦੀ ਰੁਚੀ ਦੇ ਸੂਚਕ ਹਨ। ਦਲੀਪ ਕੌਰ ਟਿਵਾਣਾ ਦੇ ਨਾਵਲ 'ਅਗਨੀ ਪ੍ਰੀਖਿਆ', 'ਏਹੁ ਹਮਾਰਾ ਜੀਵਣਾ', ਇਸਤਰੀ ਜਾਤੀ ਦੇ ਦੁਖਾਂਤ ਹਨ ਅਤੇ ਉਸ ਦੇ ਨਿੱਜੀ ਅਨੁਭਵ ਦੀ ਉਪਜ ਜਾਪਦੇ ਹਨ। ਨਿਰੰਜਨ ਤਸਮੀਨ ਸ਼ਹਿਰੀ ਮੱਧ ਸ਼੍ਰੇਣੀ ਦੀ ਕਾਮ ਭੁੱਖ ਤੇ ਲਿੰਗ ਨਾਲ ਸੰਬੰਧਤ ਵਿਸ਼ਿਆਂ ਨੂੰ ਲੈ ਕੇ ਨਾਵਲ ਰਚਦਾ ਹੈ। ਉਸ ਨੇ 'ਪਰਛਾਵੇਂ', 'ਕਸਕ', 'ਤ੍ਰੇੜਾਂ ਦੇ ਰੂਪ' ਆਦਿ ਨਾਵਲ ਲਿਖੇ ਹਨ। ਮੋਹਨ ਕਾਹਲੋਂ ਨੇ ਪੰਜਾਬ ਦੇ ਦਰਿਆ ਰਾਵੀ ਦੇ ਲਾਗੇ ਵਸਦੇ ਗੁੱਜਰ ਤੇ ਜੱਟਾਂ ਨੂੰ ਆਪਣੇ ਨਾਵਲਾਂ 'ਮਛਲੀ ਇਕ ਦਰਿਆ ਦੀ' ਅਤੇ 'ਬੇੜੀ ਤੇ ਬਰੇਤਾ' ਦੇ ਪਾਤਰਾਂ ਦੇ ਤੌਰ 'ਤੇ ਚੁਣਿਆ ਹੈ ਉਨ੍ਹਾਂ ਦੇ ਜੀਵਨ ਨੂੰ ਯਥਾਰਥਵਾਦੀ ਢੰਗ ਨਾਲ ਬਿਆਨ ਕੀਤਾ ਹੈ।

ਆਧੁਨਿਕ ਨਾਵਲਕਾਰਾਂ ਵਿਚੋਂ ਗੁਰਦਿਆਲ ਸਿੰਘ ਦਾ ਉਲੇਖ ਕਰਨਾ ਵੀ ਜ਼ਰੂਰੀ ਹੈ। ਉਹ 'ਮੜ੍ਹੀ ਦਾ ਦੀਵਾ', 'ਅਣਹੋਏ', 'ਰੇਤੇ ਦੀ ਇਕ ਮੁੱਠੀ', 'ਕੁਵੇਲਾ' ਅਤੇ 'ਅੱਧ ਚਾਨਣੀ ਰਾਤ', 'ਅੰਨ੍ਹੇ ਘੋੜੇ ਦਾ ਦਾਨ', 'ਪਰਸਾ' ਨਾਂ ਦੇ ਨਾਵਲ ਪ੍ਰਕਾਸ਼ਿਤ ਕਰ ਚੁੱਕਾ ਹੈ। ਉਸ ਦੇ ਨਾਵਲਾਂ ਦੇ ਵਿਸ਼ੇ ਯਥਾਰਥਵਾਦੀ ਤੇ ਪਾਤਰ ਉਸਾਰੀ ਬੜੀ ਨਿੱਗਰ ਹੈ। ਉਸ ਨੇ ਆਪਣੀ ਨਿਵੇਕਲੀ ਸ਼ੈਲੀ ਅਤੇ ਕਲਾਤਮਕ ਪ੍ਰਾਪਤੀ ਸਦਕਾ ਪੰਜਾਬੀ ਨਾਵਲ ਦੇ ਖੇਤਰ ਵਿਚ ਆਪਣੀ ਵਿਸ਼ੇਸ਼ ਥਾਂ ਬਣਾ ਲਈ ਹੈ।

**ਨਾਵਲ ਦਾ ਵਿਕਾਸ**

ਪੰਜਾਬੀ ਵਿਚ ਛੋਟੇ ਨਾਵਲ (ਨਾਵਲੈੱਟ) ਲਿਖਣ ਦਾ ਤਜਰਬਾ ਵੀ ਵਿਸ਼ੇਸ਼ ਵਰਨਣ ਦੀ ਮੰਗ ਕਰਦਾ ਹੈ। ਸ਼ਾਇਦ ਨਾਵਲੈੱਟ ਲਿਖਣ ਦਾ ਪਹਿਲਾ ਤਜਰਬਾ ਡਾ. ਮੋਹਨ ਸਿੰਘ ਵੈਦ ਨੇ 'ਰਾਮਿੰਦਰ ਕੌਰ' ਲਿਖ ਕੇ ਕੀਤਾ। ਇਸ ਤੋਂ ਬਾਅਦ ਉਸ ਨੇ 'ਸੁਭਾਗ ਕੌਰ', 'ਸੁਖਦੇਵ ਕੌਰ', 'ਕੁਲਵੰਤ ਕੌਰ' ਤੇ 'ਇਕ ਸੁਖੀ ਪਰਿਵਾਰ' ਨਾਂ ਦੀਆਂ ਲੰਬੀਆਂ ਕਹਾਣੀਆਂ ਲਿਖੀਆਂ ਜਿਨ੍ਹਾਂ ਨੂੰ ਨਾਵਲੈੱਟ ਕਹਿਣਾ ਯੋਗ ਹੈ। ਡਾ. ਅਮਰ ਸਿੰਘ ਨੇ ਵੀ ਦੋ ਨਾਵਲੈੱਟ ਰਚੇ ਜਿਹੜੇ 'ਦੋ ਉਤਮ ਜੀਵਨ' ਅਤੇ 'ਫ਼ਤਹਿ ਸਿੰਘ' ਨਾਵਾਂ ਅਧੀਨ ਛਪੇ। ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਰਚਨਾ 'ਅਣ ਵਿਆਹੀ ਮਾਂ' ਵੀ ਨਾਵਲੈੱਟ ਦੀ ਸ਼੍ਰੇਣੀ ਵਿਚ ਹੀ ਆਉਂਦੀ ਹੈ। ਨਾਨਕ ਸਿੰਘ ਦੇ ਇਕ ਸਮਕਾਲੀ ਮੀਰਾਂ ਬਖ਼ਸ਼ ਮਿਨਹਾਸ ਦੀ ਰਚਨਾ 'ਨਵਾਬ ਖਾਂ' ਵੀ ਨਾਵਲੈੱਟ ਹੀ ਹੈ। ਇਹ ਇਕ ਸੌ ਤੋਂ ਕੁਝ ਵਧੇਰੇ ਪੰਨਿਆ ਦੀ ਪੁਸਤਕ ਹੈ। ਆਈ.ਸੀ. ਨੰਦਾ ਨੇ ਵੀ ਇਕ ਨਾਵਲੈੱਟ 'ਤੇਗ ਕੌਰ' ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਲਿਖੀ। ਸੋਹਣ ਸਿੰਘ ਸੀਤਲ ਦੀਆਂ ਪਹਿਲੀਆਂ ਗ਼ਲਪ ਰਚਨਾਵਾਂ ਵੀ ਲਘੂ ਨਾਵਲ (ਨਾਵਲੈੱਟ) ਦੀ ਸ਼੍ਰੇਣੀ ਵਿਚ ਹੀ ਰੱਖੀਆਂ ਜਾ ਸਕਦੀਆਂ ਹਨ। ਇਸ ਤੋਂ ਬਿਨਾਂ ਸੰਤੋਖ ਸਿੰਘ ਧੀਰ ਦਾ ਨਾਵਲੈੱਟ 'ਸ਼ਰਾਬੀ' ਅਤੇ ਨਾਨਕ ਸਿੰਘ ਦੇ 'ਅਣਸੀਤੇ ਜ਼ਖਮ' ਅਤੇ 'ਪੱਥਰ ਦੇ ਖੰਭ' ਵਰਨਣ ਯੋਗ ਹਨ।

ਨਾਨਕ ਸਿੰਘ ਨੇ 1947 ਤੋਂ ਬਾਅਦ ਵੀ ਆਪਣੀ ਨਾਵਲ ਰਚਨਾ ਜਾਰੀ ਰੱਖੀ। ਪਹਿਲਾਂ ਇਸ ਨੇ ਪੰਜਾਬ ਦੀ ਵੰਡ ਨਾਲ ਸੰਬੰਧਤ 'ਖੂਨ ਦੇ ਸੋਹਲੇ', 'ਅੱਗ ਦੀ ਖੇਡ', 'ਮੰਝਧਾਰ' ਅਤੇ 'ਚਿੱਤਰਕਾਰ' ਆਦਿ ਨਾਵਲ ਲਿਖੇ ਤੇ 1950 ਤੋਂ ਬਾਅਦ 'ਕੱਟੀ ਹੋਈ ਪਤੰਗ', 'ਸੁਮਨ ਕਾਂਤਾ', 'ਆਦਮਖੋਰ', 'ਨਾਸੂਰ', 'ਸੰਗਮ', 'ਬੰਜਰ', 'ਪੁਜਾਰੀ', 'ਆਸਤਕ ਨਾਸਤਕ', 'ਛਲਾਵਾ', 'ਇਕ ਮਿਆਨ ਦੋ ਤਲਵਾਰਾਂ', 'ਕੋਈ ਹਰਿਆ ਬੂਟ ਰਹਿਓ ਰੀ', 'ਗਗਨ ਦਮਾਮਾ ਬਾਜਿਓ' ਆਦਿ ਲਿਖੇ ਜਿਨ੍ਹਾਂ ਵਿਚ ਉਸ ਨੇ ਕਿਤੇ-ਕਿਤੇ ਸਮਾਜਵਾਦੀ ਦ੍ਰਿਸ਼ਟੀਕੋਣ ਵੀ ਅਪਣਾਇਆ। ਨਾਨਕ ਸਿੰਘ ਨੇ ਪੰਜਾਬੀ ਨੂੰ ਗਿਣਨਾਤਮਕ ਪੱਖੋਂ ਸਭ ਤੋਂ ਵਧੇਰੇ ਨਾਵਲ ਦਿੱਤੇ ਹਨ। ਉਸ ਦੇ ਸਾਰੇ ਨਾਵਲ ਸਮਾਜ ਸੁਧਾਰਕ ਹਨ।

**ਅਨੁਵਾਦਿਤ ਨਾਵਲ**

ਨਾਵਲ ਦੇ ਖੇਤਰ ਵਿਚ ਅਨੁਵਾਦਿਤ ਰਚਨਾਵਾਂ ਦਾ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ। ਪ੍ਰੋ. ਕਰਤਾਰ ਸਿੰਘ ਨੇ 'ਕੌਮੀ ਪਰਵਾਨਾ', 'ਕਰਮਾਂ ਦੀ ਖੇਡ' 'ਤੇ 'ਦੁਖੀਏ', 'ਨਰਿੰਦਰ ਸਿੰਘ ਸੋਚ ਨੇ 'ਮਜ਼ਦੂਰ', 'ਨਾਨਕ ਸਿੰਘ ਨੇ 'ਪੱਥਰ

ਕਾਂਬਾ', 'ਪਤਝੜ ਦੇ ਪੰਛੀ', 'ਪ੍ਰਾਸਚਿਤ', 'ਫਰਾਂਸ ਦਾ ਡਾਕੂ' ਤੇ 'ਰਜਨੀ' ਆਦਿ ਪ੍ਰੋ. ਮੋਹਨ ਸਿੰਘ ਨੇ 'ਧਰਤੀ ਪਾਸਾ ਪਰਤਿਆ', 'ਪਿਆਰਾ ਸਿੰਘ ਦਾਤਾ ਨੇ 'ਧਰਤੀ ਲਾਲੋ ਲਾਲ', ਜਗਜੀਤ ਸਿੰਘ ਆਨੰਦ ਨੇ 'ਸਤਰੰਗੀ ਪੀਂਘ', ਗੇਂਜੀ ਦੀ ਕਹਾਣੀ, ਕਰਤਾਰ ਸਿੰਘ ਸੂਰੀ ਨੇ 'ਟੁੱਟਿਆ ਆਲ੍ਹਣਾ', ਪਿਆਰਾ ਸਿੰਘ ਭੋਰ ਨੇ 'ਟੱਪਰੀ ਵਾਸ' ਅਨੁਵਾਦਿਤ ਰਚਨਾਵਾਂ ਪੰਜਾਬੀ ਸਾਹਿਤ ਦੀ ਭੇਟ ਕੀਤੀਆਂ ਹਨ। ਇਨ੍ਹਾਂ ਤੋਂ ਬਿਨਾਂ ਮੈਕਸਿਮ ਗੋਰਕੀ, ਤੁਰਗਨੇਵ, ਦਸਤੋਵਸਕੀ, ਫ਼ਾਈਦੇਵ ਆਦਿ ਰੂਸੀ ਨਾਵਲਕਾਰਾਂ ਅਤੇ ਅਰਨਿਸਟ ਹੈਮਿੰਗਵੇ ਜਿਹੇ ਅਮਰੀਕਨ ਨਾਵਲਕਾਰਾਂ ਦੀਆਂ ਪ੍ਰਸਿੱਧ ਰਚਨਾਵਾਂ ਦੇ ਅਨੁਵਾਦ ਵੀ ਕੀਤੇ ਗਏ ਹਨ।

ਪੰਜਾਬੀ ਨਾਵਲ ਖੇਤਰ ਵਿਚ ਕੁੱਝ ਅਜਿਹੇ ਲੇਖਕ ਹੋਰ ਵੀ ਹਨ ਜਿਨ੍ਹਾਂ ਦਾ ਜ਼ਿਕਰ ਉਪਰ ਨਹੀਂ ਕੀਤਾ ਜਾ ਸਕਿਆ ਕਿਉਂਕਿ ਉਨ੍ਹਾਂ ਨੂੰ ਭਿੰਨ-ਭਿੰਨ ਪ੍ਰਵਿਰਤੀਆਂ ਵਾਲੇ ਨਾਵਲਾਂ ਅਧੀਨ ਵਿਚਾਰਨਾ ਉਚਿਤ ਨਹੀਂ ਸੀ ਜਾਪਦਾ। ਇਹ ਨਾਵਲਕਾਰ ਹਨ ਸੁਰਿੰਦਰਜੀਤ ਬਰਾੜ (ਦਾਵਾਨਲ ਅਤੇ ਮਰੀਚਕਾ), ਮਹਿੰਦਰ ਸਿੰਘ ਸਰਨਾ (ਪੀੜਾਂ ਮੱਲੇ ਰਾਹ, ਕਾਗਾਂ ਦੇ ਕੰਢੇ, ਨੀਲਾ ਗੁਲਾਬ), ਕਿਰਪਾਲ ਸਿੰਘ ਕਸੇਲ (ਵਾਰਡ ਨੰਬਰ ਦਸ), ਸੋਹਣ ਸਿੰਘ ਸੀਤਲ (ਤੂਤਾਂ ਵਾਲਾ ਖੂਹ, ਕਾਲੇ ਪਰਛਾਵੇਂ, ਜੰਗ ਤੇ ਅਮਨ, ਵਿਜੋਗਣ, ਅੰਨ੍ਹੀ ਸੁੰਦਰਤਾ, ਪਤਵੰਤੇ ਕਾਤਿਲ, ਜੁਗ ਬਦਲ ਗਿਆ, ਬਦਲਾ), ਹਰੀ ਸਿੰਘ ਦਿਲਬਰ (ਨਦੀਆਂ ਦੇ ਵਹਿਣ, ਬਾਹਿੰ ਜਿਨਾ ਦੀ ਪਕੜੀਏ), ਸਾਧੂ ਸਿੰਘ ਹਮਦਰਦ, ਸੰਤ ਇੰਦਰ ਸਿੰਘ ਚਕਰਵਰਤੀ, ਦਰਸ਼ਨ ਸਿੰਘ ਅਵਾਰਾ, ਨੌਰੰਗ ਸਿੰਘ, ਮਨਜੀਤ ਸਿੰਘ ਰਾਣਾ, ਗੁਰਮੁਖ ਸਿੰਘ ਜੀਤ, ਜਗਜੀਤ ਬਰਾੜ, ਬੂਟਾ ਸਿੰਘ ਸ਼ਾਦ ਆਦਿ।

ਇਸ ਤਰ੍ਹਾਂ ਪੰਜਾਬੀ ਨਾਵਲ ਨੇ ਅੱਸੀ ਵਰ੍ਹਿਆਂ ਵਿਚ ਇਤਿਹਾਸਕ, ਧਾਰਮਕ, ਸਮਾਜ ਸੁਧਾਰਕ, ਯਥਾਰਥਵਾਦੀ, ਸਮਾਜਵਾਦੀ ਆਦਿ ਵੰਨਗੀਆਂ ਦੀਆਂ ਰਚਨਾਵਾਂ ਰਾਹੀਂ ਪੰਜਾਬੀ ਸਾਹਿਤ ਭੰਡਾਰ ਵਿਚ ਨਿੱਗਰ ਵਾਧਾ ਕੀਤਾ ਹੈ ਤੇ ਹੁਣ ਇਸ ਵਿਚ ਮੱਧ ਸ਼੍ਰੇਣੀ ਦੀਆਂ ਨਵੀਨ ਰੁਚੀਆਂ ਦਾ ਖੁੱਲ੍ਹਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ ਤੇ ਚੇਤਨਾ-ਪ੍ਰਵਾਹ ਦੇ ਪ੍ਰਯੋਗ ਵੀ ਕੀਤੇ ਜਾ ਰਹੇ ਹਨ। ਜਿਉਂ-ਜਿਉਂ ਜੀਵਨ ਗੁੰਝਲਦਾਰ ਬਣ ਰਿਹਾ ਹੈ, ਤਿਉਂ-ਤਿਉਂ ਨਾਵਲ ਵੀ ਨਿਰੰਤਰ ਵਿਕਸਿਤ ਹੋ ਰਿਹਾ ਹੈ।

**(2)**

1960 ਤੋਂ ਪਿਛੋਂ ਪੰਜਾਬੀ ਨਾਵਲ ਵਿਚ ਵੀ ਨਵੇਂ ਝੁਕਾਅ ਪੈਦਾ ਹੋਏ ਹਨ। ਇਹਨਾਂ ਝੁਕਾਵਾਂ ਨੂੰ ਮੋਟੇ ਤੌਰ 'ਤੇ ਰੁਮਾਂਸਵਾਦੀ, ਯਥਾਰਥਵਾਦੀ, ਪ੍ਰਯੋਗਵਾਦੀ ਤੇ ਜੁਝਾਰਵਾਦੀ ਦਾ ਨਾਂ ਦਿੱਤਾ ਜਾ ਸਕਦਾ ਹੈ। ਇਨ੍ਹਾਂ ਤੋਂ ਪਹਿਲਾਂ ਧਾਰਮਕ, ਸੁਧਾਰਵਾਦ, ਸਮਾਜਕ ਸੁਧਾਰਵਾਦ ਤੇ ਪ੍ਰਗਤੀਸ਼ੀਲ ਮਾਨਵਵਾਦ, ਪੰਜਾਬੀ ਨਾਵਲ ਵਿਚ ਪ੍ਰਮੁੱਖ ਪ੍ਰਵਿਰਤੀਆਂ ਸਨ।

**ਰੁਮਾਂਸਵਾਦੀ ਨਾਵਲ**

ਅੰਮ੍ਰਿਤਾ ਪ੍ਰੀਤਮ ਦੇ ਲਗਭਗ ਸਾਰੇ ਨਾਵਲ, ਜਸਵੰਤ ਸਿੰਘ ਕੰਵਲ ਦੇ 'ਮਿੱਤਰ ਪਿਆਰੇ ਨੂੰ' ਅਤੇ 'ਜੇਰਾ' ਦਲੀਪ ਕੌਰ ਟਿਵਾਣਾ ਦਾ 'ਅਗਨੀ ਪ੍ਰੀਖਿਆ' ਅਤੇ ਕਰਤਾਰ ਸਿੰਘ ਦੁੱਗਲ ਦੇ ਨਾਵਲ ਰੁਮਾਂਸਵਾਦੀ ਝੁਕਾਅ ਨੂੰ ਹੀ ਦਰਸਾਉਂਦੇ ਹਨ.। ਇਨ੍ਹਾਂ ਨਾਵਲਾਂ ਦਾ ਕੇਂਦਰੀ ਵਿਸ਼ਾ ਪਿਆਰ ਹੈ ਅਤੇ ਇਹਨਾਂ ਦੀ ਸ਼ੈਲੀ ਕਾਵਿਕ ਹੈ। ਅੰਮ੍ਰਿਤਾ ਦੇ 'ਇਕ ਸਵਾਲ', 'ਬੰਦ ਦਰਵਾਜ਼ਾ', 'ਚੱਕ ਨੰਬਰ ਛੱਤੀ', 'ਬੁਲਾਵਾ' ਤੇ 'ਦਿੱਲੀ ਦੀਆਂ ਗਲੀਆਂ' ਉਸ ਦੇ ਇਕ ਕਾਵਿਕ ਅਨੁਭਵ ਦੇ ਹੀ ਲਖਾਇਕ ਹਨ। ਉਸ ਨੇ ਇਸਤਰੀ ਮਰਦ ਦੇ ਸੰਬੰਧਾਂ ਨੂੰ ਇਸਤਰੀ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਹੈ ਤੇ ਇਸੇ ਲਈ ਉਹ ਇਕ ਉਪਭਾਵਕ ਤੇ ਰੁਮਾਂਟਿਕ ਵਾਤਾਵਰਨ ਉਸਾਰਨ ਵਿਚ ਹੀ ਸਫ਼ਲ ਹੋ ਸਕੀ ਹੈ। ਕੰਵਲ ਦਾ ਨਾਵਲ 'ਮਿੱਤਰ ਪਿਆਰੇ ਨੂੰ' ਰੁਮਾਂਟਿਕ ਸ਼ੈਲੀ ਅਤੇ ਆਦਰਸ਼ਕ ਸੰਘਰਸ਼ ਦਾ ਉਦਾਹਰਨ ਹੈ। ਇਹ ਨਾਵਲ ਇਕ ਪ੍ਰੇਮਿਕਾ ਵੱਲੋਂ ਪ੍ਰੇਮੀ ਨੂੰ ਲਿਖੀ ਇਕ ਉਪਭਾਵਕ ਜਿਹੀ ਲੰਬੀ ਚਿੱਠੀ ਤੋਂ ਵੱਧ ਕੁੱਝ ਨਹੀਂ। 'ਜੇਰਾ' ਵਿਚ ਵੀ ਕੰਵਲ ਨੇ ਇਕ ਯਥਾਰਥਕ ਸਮੱਸਿਆ ਨੂੰ ਹੱਥ ਪਾ ਕੇ ਉਸ ਨੂੰ ਰੁਮਾਂਟਿਕ ਜਿਹੇ ਢੰਗ ਨਾਲ ਨਿਪਟਾਇਆ ਹੈ। ਟਿਵਾਣਾ ਦੇ ਨਾਵਲ 'ਅਗਨੀ ਪ੍ਰੀਖਿਆ' ਵਿਚ ਆਦਰਸ਼ਕ ਤੇ ਅਫ਼ਲਾਤੂਨ ਜਿਹੇ ਪਿਆਰ ਦੀ ਲੋਚਾ ਕਰਨ ਵਾਲੀ ਕੁੜੀ ਦੀ ਹੀ ਇਕ ਕਹਾਣੀ ਹੈ। ਦੁੱਗਲ ਦੇ ਨਾਵਲ 'ਇਕ ਦਿਲ ਵਿਕਾਊ ਹੈ', 'ਮੇਰਾ ਦਿਲ ਮੋੜ ਦੇ' ਤੇ 'ਦਿਲ ਦਰਿਆ' ਆਦਿ ਉਸ ਦੀਆਂ ਕਹਾਣੀਆਂ ਵਾਂਗ ਹੀ ਗ਼ੈਰ-ਕੁਦਰਤੀ ਲਿੰਗ-ਸੰਬੰਧਾਂ, ਵਿਚਿੱਤਰ ਪਾਤਰਾਂ ਤੇ ਉਲਾਰ ਮਨੋਬਿਰਤੀਆਂ ਵਾਲੇ ਮਨੁੱਖਾਂ ਦੀਆਂ ਕਹਾਣੀਆਂ ਹਨ। ਇਸੇ ਲਈ ਇਨ੍ਹਾਂ ਨਾਵਲਾਂ ਦਾ ਪ੍ਰਭਾਵ ਰੁਮਾਂਟਿਕ ਹੈ।

**ਯਥਾਰਥਵਾਦੀ ਨਾਵਲ**

ਗੁਰਦਿਆਲ ਸਿੰਘ, ਮੋਹਨ ਕਾਹਲੋਂ, ਸੁਰਜੀਤ ਹਾਂਸ, ਸੁਖਬੀਰ ਤੇ ਬੂਟਾ ਸਿੰਘ ਸ਼ਾਦ ਨੇ ਕੁੱਝ ਅਜਿਹੇ ਨਾਵਲ ਲਿਖੇ ਹਨ ਜਿਨ੍ਹਾਂ ਨੂੰ ਨਿਰੋਲ ਯਥਾਰਥਵਾਦੀ ਨਾਵਲ ਕਿਹਾ ਜਾ ਸਕਦਾ ਹੈ। ਦਲੀਪ ਕੌਰ ਟਿਵਾਣਾ ਦਾ ਸਾਹਿਤ ਅਕਾਦਮੀ ਇਨਾਮ ਯਾਫ਼ਤਾ ਨਾਵਲ ਏਹੁ ਹਮਾਰਾ ਜੀਵਣਾ ਵੀ ਇਸੇ ਝੁਕਾਅ ਦੇ ਅਧੀਨ ਰੱਖਿਆ ਜਾ ਸਕਦਾ ਹੈ।

ਗੁਰਦਿਆਲ ਸਿੰਘ ਨੇ 'ਮੜ੍ਹੀ ਦਾ ਦੀਵਾ', 'ਅਣਹੋਏ' ਤੇ 'ਅੱਧ ਚਾਨਣੀ ਰਾਤ' ਵਰਗੇ ਨਾਵਲਾਂ ਵਿਚ ਪੇਂਡੂ ਜੀਵਨ ਦੀਆਂ ਨਿੱਕੀਆਂ-ਨਿੱਕੀਆਂ ਸਮੱਸਿਆਵਾਂ ਦਾ ਅਤੇ ਸਾਧਾਰਨ ਮਨੁੱਖਾਂ ਦੀਆਂ ਤੋਟਾਂ ਤੇ ਅਤ੍ਰਿਪਤੀਆਂ ਦਾ ਬੜਾ ਯਥਾਰਥਵਾਦੀ ਚਿਤਰਣ ਪੇਸ਼ ਕੀਤਾ ਹੈ। 'ਮੜ੍ਹੀ ਦਾ ਦੀਵਾ' ਵਿਚ ਜਗਸੀਰ ਦੁਆਰਾ ਨਾਵਲਕਾਰ ਨੇ ਲਘੂ-ਮਨੁੱਖ ਦੀ ਜਿਊਣ ਮਰਨ ਦੀ ਅਥਾਹ ਸ਼ਕਤੀ ਨੂੰ ਰੂਪਮਾਨ ਕਰਕੇ ਪੰਜਾਬ ਦੇ ਦਬੇ ਕੁਚਲੇ ਕਿਰਤੀਆਂ ਦੀ ਮੂਕ-ਵੇਦਨਾ ਨੂੰ ਜ਼ਬਾਨ ਦਿੱਤੀ ਹੈ। 'ਅਣਹੋਏ' ਵਿਚ ਵੀ ਬਿਸ਼ਨੇ ਮਾਘੀ ਅਤੇ ਦਇਆ ਕੌਰ ਦੇ ਰੂਪ ਵਿਚ ਜਗਸੀਰ ਦੇ ਚਰਿੱਤਰ ਨੂੰ ਹੀ ਵਧੇਰੇ ਜਾਗਰਿਤ ਕਰਕੇ ਕਰਮਸ਼ੀਲ ਰੂਪ ਵਿਚ ਪ੍ਰਗਟਾਇਆ ਹੈ। 'ਅੱਧ ਚਾਨਣੀ ਰਾਤ' ਵਿਚ ਵੀ ਪੰਜਾਬ ਦੇ ਪਿੰਡਾਂ ਵਿਚ ਵਾਪਰਦੇ ਨਿੱਕੇ -ਨਿੱਕੇ ਹਾਦਸਿਆਂ ਦਾ ਬਹੁਤ ਨੇੜਿਉਂ ਵੇਖਿਆ ਅਤੇ ਜੀਵਿਆ ਅਨੁਭਵ ਹੈ। ਇਸ ਸਮੇਂ ਗੁਰਦਿਆਲ ਸਿੰਘ ਦੇ ਹੋਰ ਨਾਵਲ 'ਕੁਵੇਲਾ' ਅਤੇ 'ਰੇਤੇ ਦੀ ਇਕ ਮੁੱਠੀ' ਵੀ ਸਾਹਮਣੇ ਆਉਂਦੇ ਹਨ।

ਗੁਰਦਿਆਲ ਸਿੰਘ ਵਾਂਗ ਮੋਹਨ ਕਾਹਲੋਂ ਨੇ ਵੀ ਸਥਾਨਕ ਬੋਲੀ ਅਤੇ ਯਥਾਰਥਕ ਸ਼ੈਲੀ ਰਾਹੀਂ 'ਮਛਲੀ ਇਕ ਦਰਿਆ ਦੀ', 'ਬੇੜੀ ਤੇ ਬਰੇਤਾ' ਤੇ 'ਪਰਦੇਸੀ ਰੁਖ' ਨਾਂ ਦੇ ਨਾਵਲਾਂ ਵਿਚ ਆਪਣਾ ਯਥਾਰਥਕ ਅਨੁਭਵ ਪੇਸ਼ ਕੀਤਾ ਹੈ। ਪਰ 'ਪਰਦੇਸੀ ਰੁਖ' ਤੋਂ ਬਿਨਾਂ ਬਾਕੀ ਨਾਵਲਾਂ ਵਿਚ ਉਹ ਜੀਵਨ ਦੀ ਵਿਸ਼ਾਲਤਾ ਅਤੇ ਜਟਿਲਤਾ ਨੂੰ ਆਪਣੇ ਬਹੁ-ਰੰਗੇ ਪਾਸਾਰ ਵਿਚ ਪੇਸ਼ ਨਹੀਂ ਕਰ ਸਕਿਆ। ਜਾਗੀਰਦਾਰੀ ਸਮਾਜ ਦੇ ਔਰਤ ਮਰਦ ਦੇ ਪਿਆਰ ਸੰਬੰਧਾਂ ਨੂੰ ਅਤੇ 1947 ਦੀ ਪੰਜਾਬ ਦੀ ਵੰਡ ਦੀਆਂ ਪੈਦਾ ਕੀਤੀਆਂ ਸਮੱਸਿਆਵਾਂ ਨੂੰ ਇਕਹਿਰੇ ਜਿਹੇ ਢੰਗ ਨਾਲ ਪੇਸ਼ ਕਰ ਸਕਿਆ ਹੈ। ਉਪਰੋਕਤ ਨਾਵਲਾਂ ਤੋਂ ਪਿੱਛੋਂ ਮੋਹਨ ਕਾਹਲੋਂ ਨੇ 'ਰਾਵੀ ਦੇ ਪਤਣ', 'ਗੋਰੀ ਨਦੀ ਦਾ ਗੀਤ' ਅਤੇ 'ਕੁੱਤਿਆਂ ਵਾਲੇ ਸਰਦਾਰ' ਨਾਵਲਾਂ ਵਿਚ ਜਾਗੀਰਦਾਰੀ ਰਿਸ਼ਤਿਆਂ ਵਿਚ ਬੱਝੇ ਪੇਂਡੂ ਸਮਾਜ ਤੋਂ ਨਵੇਂ ਪੋਚ ਨੂੰ ਬਗਾਵਤ ਕਰਦਿਆਂ ਵਿਖਾਇਆ ਹੈ। ਇਨ੍ਹਾਂ ਸਾਰੇ ਨਾਵਲਾਂ ਦੇ ਪਾਤਰ ਸਾਡੇ ਨਿੱਤ ਦੇ ਜਾਣੇ ਪਛਾਣੇ ਮਨੁੱਖ ਹਨ। ਇਨ੍ਹਾਂ ਦੀਆਂ ਕਹਾਣੀਆਂ ਸਾਡੀਆਂ ਆਪਣੀਆਂ ਕਹਾਣੀਆਂ ਹਨ ਅਤੇ ਇਨ੍ਹਾਂ ਦੀ ਭਾਸ਼ਾ ਆਪੋ-ਆਪਣੀ ਇਲਾਕੇ ਦੀ ਸਥਾਨਕ ਭਾਸ਼ਾ ਹੈ। ਇਹੋ ਲੱਛਣ ਇਨ੍ਹਾਂ ਨੂੰ ਯਥਾਰਥਵਾਦੀ ਨਾਵਲ ਸਿੱਧ ਕਰਦੇ ਹਨ।

**ਪ੍ਰਯੋਗਵਾਦੀ ਨਾਵਲ**

ਰੁਮਾਂਸਵਾਦੀ ਤੇ ਯਥਾਰਥਵਾਦੀ ਨਾਵਲ ਅਸਲੋਂ ਨਵੇਂ ਪ੍ਰਯੋਗ ਨਹੀਂ ਸਨ ਕਿਉਂਕਿ ਇਨ੍ਹਾਂ ਦੋਹਾਂ ਝੁਕਾਵਾਂ ਦੀ ਹੋਂਦ 1960 ਤੋਂ ਪਹਿਲਾਂ ਨਾਵਲਾਂ ਵਿਚ ਵੀ ਮਿਲ ਜਾਂਦੀ ਹੈ। ਪ੍ਰਯੋਗਵਾਦੀ ਅਜਿਹੇ ਨਾਵਲ ਹਨ, ਜਿਨ੍ਹਾਂ ਵਿਚ ਪੱਛਮ ਦੇ ਚੇਤਨਾ-ਪ੍ਰਵਾਹੀ ਨਾਵਲਾਂ ਦੀ ਤਕਨੀਕ ਨੂੰ ਚੇਤੰਨ ਤੌਰ 'ਤੇ ਪ੍ਰਯੋਗ ਵਿਚ ਲਿਆਉਣ ਦਾ ਜਤਨ ਕੀਤਾ ਗਿਆ ਹੈ। ਜਿੱਥੇ ਰੁਮਾਂਸਵਾਦੀ ਤੇ ਯਥਾਰਥਵਾਦੀ ਨਾਵਲ ਵਿਅਕਤੀ ਨੂੰ ਸਮਾਜਿਕ ਪਿਛੋਕੜ ਵਿਚ ਪੇਸ਼ ਕਰਦੇ ਹਨ ਉੱਥੇ ਪ੍ਰਯੋਗਵਾਦੀ ਨਾਵਲਕਾਰਾਂ ਨੇ ਵਿਅਕਤੀ ਨੂੰ ਵਿਅਕਤੀ ਦੇ ਪ੍ਰਸੰਗ ਵਿਚ ਹੀ ਚਿਤਰਿਆ ਹੈ। ਜੇਮਜ਼ ਜਾਂ ਵਰਜੀਨੀਆ ਵੂਲਫ਼ ਜਿਹੇ ਨਾਵਲਕਾਰਾਂ ਤੋਂ ਪ੍ਰਭਾਵਿਤ ਹੋ ਕੇ ਸੁਰਜੀਤ ਸਿੰਘ ਸੇਠੀ, ਨਿਰੰਜਨ ਤਸਮੀਨ, ਜਗਜੀਤ ਸਿੰਘ ਬਰਾੜ, ਮਨਜੀਤ ਰਾਣਾ ਆਦਿਕ ਨੇ ਪੰਜਾਬੀ ਵਿਚ ਇਸ ਤਕਨੀਕ ਦਾ ਪ੍ਰਯੋਗ ਕੀਤਾ ਹੈ। ਉਦਾਹਰਨ ਲਈ ਸੁਰਜੀਤ ਸਿੰਘ ਸੇਠੀ ਦਾ 'ਇਕ ਖਾਲੀ ਪਿਆਲਾ' ਨਾਵਲ ਉਸ ਦੀ ਨਾਇਕਾਂ ਰੋਮਾਂ ਦੀ ਅੱਠ ਘੰਟਿਆਂ ਦੀ ਬਾਹਰਮੁਖੀ ਜ਼ਿੰਦਗੀ ਦਾ ਬਿਰਤਾਂਤ ਹੈ ਪਰ ਇਨ੍ਹਾਂ ਅੱਠਾਂ ਘੰਟਿਆਂ ਵਿਚ ਉਹ ਆਪਣੀ ਬੀਤ ਚੁੱਕੀ ਜ਼ਿੰਦਗੀ ਨੂੰ ਆਪਣੇ ਅੰਤਰਮਨ ਵਿਚ ਹੰਢਾਉਂਦੀ ਹੈ। 'ਕਲ ਵੀ ਸੂਰਜ ਨਹੀਂ ਚੜ੍ਹੇਗਾ' ਤੇ 'ਆਬਰਾ ਕਦਾਬਰਾ' ਵਿਚ ਵੀ ਅਜਿਹੀਆਂ ਚੇਤਨਾ-ਪ੍ਰਵਾਹੀ ਅਤੇ ਊਲ-ਜਲੂਲਵਾਦੀ ਸ਼ੈਲੀਆਂ ਦਾ ਹੀ ਪ੍ਰਯੋਗ ਕੀਤਾ ਗਿਆ ਹੈ।

ਨਵੇਂ ਪ੍ਰਯੋਗਾਂ ਤੋਂ ਪ੍ਰਭਾਵਿਤ ਹੋ ਕੇ ਇਸ ਪੀੜ੍ਹੀ ਦੇ ਨਾਵਲਕਾਰਾਂ ਵਿਚੋਂ ਨਰਿੰਦਰਪਾਲ ਸਿੰਘ ਤੇ ਜਸਵੰਤ ਸਿੰਘ ਕੰਵਲ ਨੇ ਕ੍ਰਮਵਾਰ 'ਟਾਪੂ' ਅਤੇ 'ਬਰਫ਼ ਦੀ ਅੱਗ' ਨਾਵਲ ਲਿਖੇ ਹਨ। ਨਰਿੰਦਰਪਾਲ ਸਿੰਘ ਦੇ ਕਹਿਣ ਅਨੁਸਾਰ ਇਹ ਇਕ ਅਨਾਵਲ (antinovel) ਲਿਖਣ ਦਾ ਪ੍ਰਯੋਗ ਹੈ। 'ਬਰਫ਼ ਦੀ ਅੱਗ' ਦਾ ਸਮੁੱਚਾ ਪ੍ਰਭਾਵ ਰੁਮਾਂਟਿਕ ਹੈ ਪਰ ਇਸ ਵਿਚ ਨਿਰੋਲ ਵਾਰਤਾਲਾਪੀ ਸ਼ੈਲੀ ਦਾ ਪ੍ਰਯੋਗ ਪਹਿਲੀ ਵਾਰ ਕੀਤਾ ਗਿਆ ਹੈ।

**ਜੁਝਾਰਵਾਦੀ ਨਾਵਲ**

ਓਮ ਪ੍ਰਕਾਸ਼ ਗਾਸੋ ਦੇ 'ਪੰਚਨਾਦ', 'ਕੱਪੜਵਾਸ', 'ਕਸਕ' ਆਦਿ ਅਤੇ ਬਲਬੀਰ ਸਿੰਘ ਸੰਧੂ ਦਾ 'ਧੂੜ ਉਡਦੀ ਰਹੀ' ਅਤੇ ਕੁੱਝ ਹੋਰ ਲਘੂ ਨਾਵਲਾਂ ਵਿਚ ਜੁਝਾਰਵਾਦੀ ਕਵਿਤਾ ਵਾਂਗ ਹੀ ਜੂਝ ਰਹੇ ਮਨੁੱਖ ਨੂੰ ਪੇਸ਼ ਕੀਤਾ ਗਿਆ ਹੈ। ਇਹ ਪੰਜਾਬੀ ਨਾਵਲ ਵਿਚ ਅਨਾਵਲ ਤੋਂ ਮੁੜ ਕੇ ਨਾਵਲ ਵੱਲ ਆਉਣ ਦੀ ਰੁਚੀ ਦੇ ਸੂਚਕ ਹਨ। ਉਪਰੋਕਤ ਨਾਵਲਕਾਰਾਂ ਤੋਂ ਇਲਾਵਾ ਇਸ ਸਮੇਂ ਦੇ ਕੁੱਝ ਹੋਰ ਸਥਾਪਿਤ ਲੇਖਕਾਂ ਅਤੇ ਨਵੇਂ ਉਠ ਰਹੇ ਲੇਖਕਾਂ ਦੀਆਂ ਨਾਵਲੀ ਕਿਰਤਾਂ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ। ਜਿਵੇਂ ਬਲਵੰਤ ਗਾਰਗੀ ਦਾ 'ਕੱਕਾ ਰੇਤਾ' ਵਰਨਣਯੋਗ ਹੈ। ਇਸੇ ਤਰ੍ਹਾਂ ਕੰਵਲ ਕਲਸੀ ਦੇ 'ਅਨੂਪੀ', ਭੁਪਿੰਦਰ ਸਿੰਘ ਦੇ 'ਕਿਰਨਾਂ ਦਾ ਹਉਕਾ', 'ਮਿੰਦਰ ਦੇ ਜ਼ਖਮ ਦੀ ਆਤਮ ਕਥਾ', ਇੰਦਰ ਸਿੰਘ ਦੇ 'ਰਿਸ਼ਤਿਆਂ ਦੇ ਰੰਗ', ਸੁਰਜੀਤ ਹਾਂਸ ਦੇ 'ਮਿੱਟੀ ਦੀ ਢੇਰੀ', ਰਾਮ ਸਰੂਪ ਅਣਖੀ ਦੇ 'ਸੁਲਘਦੀ ਰਾਤ' ਅਤੇ ਕੱਖਾਂ ਕਾਨਿਆਂ ਦੇ ਪੁਲ, ਕਰਮਜੀਤ ਸਿੰਘ ਦੇ 'ਰਾਤ ਦੇ ਰਾਹੀ', ਬਲਬੀਰ ਸਿੰਘ ਮੋਮੀ ਦੇ 'ਜੀਜਾ ਜੀ' ਮੁਖ਼ਤਿਆਰ ਗਿਲ ਦੇ 'ਕਾਲ ਪਹਿਰ' ਅਤੇ 'ਮਿੱਟੀ ਦੀ ਚਿੜੀ' ਅਤੇ ਬਸੰਤ ਕੁਮਾਰ ਰਤਨ ਦੇ 'ਸੱਤ ਵਿਢਾ ਖੂਹ' ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

**ਨਵੇਂ ਨਕਸ਼**

ਨਾਵਲ ਦੇ ਖੇਤਰ ਵਿਚ ਇਸ ਉਪਰੰਤ ਕੁੱਝ ਨਵੇਂ ਨਕਸ਼ ਉਭਰੇ ਹਨ ਜਿਨ੍ਹਾਂ ਨੂੰ ਕਈ ਪੱਖਾਂ ਤੋਂ ਵਾਚਿਆ ਜਾ ਸਕਦਾ ਹੈ। ਇਕ ਪੱਖ ਰਾਮ ਸਰੂਪ ਅਣਖੀ ਅਤੇ ਕਰਮਜੀਤ ਕੁੱਸਾ ਤੋਂ ਬਾਅਦ ਐਸ. ਸੋਜ਼, ਮਿੱਤਰਸੈਨ ਮੀਤ, ਨਿੰਦਰ ਗਿੱਲ, ਅਵਤਾਰ ਬਲਿੰਗ, ਪ੍ਰਗਟ ਸਿੰਘ ਸਿੱਧੂ, ਪਿਆਰਾ ਸਿੰਘ ਭੋਗਲ, ਬਲਦੇਵ ਸਿੰਘ, ਜੋਗਿੰਦਰ ਕੈਰੋਂ, ਬਲਜੀਤ ਕੌਰ ਬੱਲੀ, ਬਲਵਿੰਦਰ ਕੌਰ ਬਰਾੜ, ਚੰਦਨ ਨੇਗੀ, ਜਰਨੈਲ ਸਿੰਘ ਸੇਖਾ ਆਦਿ ਨਾਵਲਕਾਰਾਂ ਦੇ ਉਸ ਪੋਚ ਨਾਲ ਸੰਬੰਧ ਰੱਖਦਾ ਹੈ ਜਿਨ੍ਹਾਂ ਨੇ ਪੰਜਾਬੀ ਜੀਵਨ ਦੇ ਬਹੁਪੱਖੀ ਯਥਾਰਥ ਨੂੰ ਯਥਾਰਥਵਾਦੀ ਵਿਧੀ ਰਾਹੀਂ ਪ੍ਰਕਾਸ਼ ਵਿਚ ਲਿਆਂਦਾ। ਇਸ ਦੇ ਨਾਲ ਹੀ ਇਕ ਨਕਸ਼ ਪ੍ਰਵਾਸੀ ਨਾਵਲਕਾਰਾਂ ਦੇ ਰੂਪ ਵਿਚ ਉਭਰਿਆ ਜਿਸ ਅਧੀਨ ਦਰਸ਼ਨ ਧੀਰ, ਹਰਜੀਤ ਅਟਵਾਲ, ਸਵਰਨ ਚੰਦਨ ਆਦਿ ਦੇ ਨਾਂ ਸਾਹਮਣੇ ਆਏ ਜਿਨ੍ਹਾਂ ਨੇ ਪ੍ਰਵਾਸੀ ਜੀਵਨ ਦੀਆਂ ਵਿਸੰਗਤੀਆਂ ਨੂੰ ਪੰਜਾਬੀ ਜੀਵਨ ਦੇ ਸਰੋਕਾਰ ਨਾਲ ਜੋੜ ਕੇ ਪੇਸ਼ ਕੀਤਾ। ਇਸੇ ਪ੍ਰਕਾਰ ਪੱਛਮੀ ਪੰਜਾਬ ਵਾਲੇ ਪਾਸਿਓਂ ਫ਼ਖ਼ਰ ਜ਼ਮਾਨ, ਮੁਹੰਮਦ ਹੁਸੈਨ ਤਾਰੜ ਆਦਿ ਨਾਵਲਕਾਰਾਂ ਨੇ ਪ੍ਰਤੀਕਾਤਮਕਤਾ ਰਾਹੀਂ ਇਕ ਵਿਲੱਖਣ ਸ਼ੈਲੀ ਦੇ ਦਰਸ਼ਨ ਕਰਵਾਏ।

ਪੰਜਾਬੀ ਨਾਵਲ ਦੇ ਨਵੇਂ ਨਕਸ਼ ਇਕ ਪਾਸੇ ਨਵੇਂ ਪੰਜਾਬੀ ਨਾਵਲਕਾਰਾਂ ਦੇ ਰੂਪ ਵਿਚ ਉਭਰ ਰਹੇ ਹਨ ਅਤੇ ਦੂਜੇ ਪਾਸੇ ਪੁਰਾਣੇ ਨਾਵਲਕਾਰਾਂ ਦੀਆਂ ਨਵੀਆਂ ਰਚਨਾਵਾਂ ਰਾਹੀਂ ਵੀ ਨਮੂਦਾਰ ਹੋ ਰਹੇ ਹਨ। ਮਸਲਨ ਦਲੀਪ ਕੌਰ ਟਿਵਾਣਾ ਦਾ ਸਰਸਵਤੀ ਐਵਾਰਡ ਜੇਤੂ ਨਾਵਲ 'ਕਥਾ ਕਹੋ ਉਰਵਸ਼ੀ' ਮਨੁੱਖੀ ਹੋਂਦ ਦੇ ਨਵੇਂ ਪਾਸਾਰ ਖੋਲ੍ਹਦਾ ਹੈ। ਗੁਰਦਿਆਲ ਸਿੰਘ ਦਾ ਨਾਵਲ 'ਪਾਰਸਾ' ਮਨੁੱਖੀ ਵਿਅਕਤਿਤਵ ਦਾ ਸਵੈ-ਮੁਖੀ ਪ੍ਰਵਚਨ ਸਿਰਜਦਾ ਹੈ। ਨਰਿੰਜਨ ਤਸਨੀਮ ਦਾ ਸਾਹਿਤ ਅਕਾਦਮੀ ਐਵਾਰਡ ਜੇਤੂ ਨਾਵਲ 'ਗੁਆਚੇ ਅਰਥ' ਪੰਜਾਬੀ ਸੰਕਟ ਦੇ ਨਵੇਂ ਵਿਸਤਾਰ ਉਲੀਕਦਾ ਹੈ ਅਤੇ ਜਸਵੰਤ ਕੰਵਲ ਦਾ ਨਾਵਲ 'ਤੌਸ਼ਾਲੀ ਦੀ ਹੰਸੋ' ਇਕ ਹੋਰ ਪਰਿਪੇਖ ਸਿਰਜਦਾ ਹੈ। ਇਸ ਸਮੇਂ ਨਾਵਲ ਗਿਣਤੀ ਅਤੇ ਗੁਣ ਦੋਹਾਂ ਪੱਖਾਂ ਤੋਂ ਪੰਜਾਬੀ ਸਾਹਿਤ ਜਗਤ ਵਿਚ ਤੇਜ਼ੀ ਨਾਲ ਆਪਣਾ ਫੈਲਾਅ ਕਰ ਰਿਹਾ ਹੈ ਜਿਸ ਦਾ ਨੋਟਿਸ ਲੈਣਾ ਬਣਦਾ ਹੈ।

ਪਾਠ ਨੰ. : 2.3 –ਡਾ. ਜਗਜੀਤ ਸਿੰਘ

## ਪੰਜਾਬੀ ਕਹਾਣੀ ਦਾ ਜਨਮ ਤੇ ਵਿਕਾਸ

**ਪਾਠ ਦਾ ਮੰਤਵ :** ਕਹਾਣੀ ਸੁਣਨ ਤੇ ਸੁਣਾਉਣ ਦੀ ਭੁੱਖ ਮਨੁੱਖ ਦੇ ਅੰਤਰ ਮੁੱਢ ਤੋਂ ਹੀ ਹੈ। ਆਦਿ ਕਾਲ ਤੋਂ ਹੀ ਮਨੁੱਖ ਕਹਾਣੀਆਂ ਸੁਣਦਾ ਤੇ ਸੁਣਾਉਂਦਾ ਆਇਆ ਹੈ ਪਰ ਜਿਸ ਨੂੰ ਅਸੀਂ ਸਾਹਿਤਕ ਨਿੱਕੀ ਕਹਾਣੀ ਕਹਿੰਦੇ ਹਾਂ ਉਹ ਪੁਰਾਣੇ ਸਮੇਂ ਦੀ ਉਪਜ ਨਹੀਂ ਸੀ ਸਗੋਂ ਆਧੁਨਿਕ ਯੁੱਗ ਦੀ ਉਪਜ ਹੈ। ਇਸ ਪਾਠ ਵਿਚ ਸਾਹਿਤ ਦੇ ਇਸ ਰੂਪ ਦੇ ਜਨਮ ਅਤੇ ਵਿਕਾਸ ਬਾਰੇ ਵਿਚਾਰ ਕਰਨ ਦਾ ਯਤਨ ਕੀਤਾ ਗਿਆ ਹੈ।

**ਪਾਠ ਦੀ ਰੂਪ ਰੇਖਾ**

ਕਹਾਣੀ ਕਿਸ ਨੂੰ ਆਖਦੇ ਹਨ—ਕਹਾਣੀ ਦਾ ਜਨਮ-ਮੁੱਢਲੇ ਕਹਾਣੀਕਾਰ-1947 ਤੋਂ ਪੂਰਵ ਤੇ 1947 ਤੋਂ ਬਾਅਦ ਪੰਜਾਬੀ ਕਹਾਣੀ ਵਿਚ ਨਵੇਂ ਝੁਕਾਅ-ਪੰਜਾਬੀ ਕਹਾਣੀ-ਨਵੇਂ ਪ੍ਰਯੋਗ।

ਨਾਵਲ, ਨਾਟਕ, ਇਕਾਂਗੀ ਤੇ ਕਵਿਤਾ ਵਾਂਗ ਕਹਾਣੀ ਸਾਹਿਤ ਦਾ ਇਕ ਨਿਵੇਕਲਾ ਰੂਪ ਹੈ। ਭਾਵੇਂ ਕਹਾਣੀ ਦਾ ਆਰੰਭ ਮਨੁੱਖੀ ਸਭਿਅਤਾ ਦੇ ਜਨਮ ਤੋਂ ਹੀ ਹੋ ਗਿਆ ਹੋਵੇਗਾ ਪਰ ਉਸ ਕਹਾਣੀ ਤੇ ਅਜੋਕੀ ਨਿੱਕੀ ਕਹਾਣੀ ਵਿਚ ਜ਼ਮੀਨ-ਅਸਮਾਨ ਦਾ ਅੰਤਰ ਹੈ। ਪਹਿਲੀਆਂ ਕਹਾਣੀਆਂ ਵਿਚ ਕਿਸੇ ਘਟਨਾ ਦੇ ਬਿਆਨ ਉੱਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਸੀ। ਫੇਰ ਜਾਗੀਰਦਾਰੀ ਤੇ ਭੂਪਵਾਦੀ ਯੁੱਗ ਵਿਚ ਕਹਾਣੀਆਂ ਰਾਜੇ ਰਾਣੀਆਂ ਤੇ ਰਾਜ ਕੁਮਾਰੀਆਂ ਦੇ ਜੀਵਨ ਨਾਲ ਸੰਬੰਧਤ ਹੋ ਗਈਆਂ। ਪਰ ਜਦੋਂ ਨਵੀਨ ਯੁੱਗ ਦਾ ਆਗਮਨ ਹੋਇਆ ਤਾਂ ਕਹਾਣੀ ਦਾ ਅਜੋਕਾ ਨਵਾਂ ਰੂਪ ਹੋਂਦ ਵਿਚ ਆਇਆ ਤੇ ਆਕਾਰ ਦੇ ਆਧਾਰ 'ਤੇ ਇਸ ਨਵੇਂ ਰੂਪ ਨੂੰ ਨਿੱਕੀ ਕਹਾਣੀ ਕਿਹਾ ਜਾਣ ਲੱਗਾ।

ਕਹਾਣੀ ਵਿਚ ਵਿਸ਼ਾ, ਗੋਂਦ, ਪਾਤਰ, ਵਾਯੂਮੰਡਲ ਤੇ ਉਦੇਸ਼ ਆਦਿ ਤੱਤ ਹੁੰਦੇ ਹਨ। ਕਹਾਣੀ ਦਾ ਆਦਿ, ਮੱਧ ਤੇ ਅੰਤ ਵੀ ਬੜੀ ਮਹੱਤਤਾ ਰਖਦੇ ਹਨ। ਅਜੋਕੀ ਕਹਾਣੀ ਵਿਚ ਸਿਖਰ ਤੇ ਅੰਤ ਨੇੜੇ ਹੁੰਦੇ ਹਨ। ਨਿੱਕੀ ਕਹਾਣੀ ਇਕਾਂਗੀ ਦੀ ਭੈਣ ਆਖੀ ਜਾ ਸਕਦੀ ਹੈ। ਇਹ ਦੋਵੇਂ ਆਕਾਰ ਦੇ ਪੱਖੋਂ ਇਕ ਬੈਠਕ ਵਿਚ ਪੜ੍ਹੀਆਂ ਤੇ ਖੇਡੀਆਂ ਜਾਣ ਵਾਲੀਆਂ ਸਾਹਿਤਕ ਕ੍ਰਿਤਾਂ ਹੁੰਦੀਆਂ ਹਨ। ਜਿਥੇ ਨਿੱਕੀ ਕਹਾਣੀ ਪੜ੍ਹੇ ਜਾਣ ਵਾਲਾ ਸਾਹਿਤ ਰੂਪ ਹੈ, ਉਥੇ ਇਕਾਂਗੀ ਸਟੇਜ ਤੇ ਖੇਡ ਕੇ ਵਿਖਾਏ ਜਾਣ ਵਾਲੀ ਰਚਨਾ ਹੁੰਦੀ ਹੈ।

ਨਿੱਕੀ ਕਹਾਣੀ ਨਾਵਲ ਦਾ ਸੰਖੇਪ ਨਹੀਂ ਹੁੰਦੀ ਸਗੋਂ ਇਹ ਸਾਹਿਤ ਦਾ ਇਕ ਸੁਤੰਤਰ ਰੂਪ ਹੈ। ਇਸ ਨੂੰ ਨਾਵਲ ਦਾ ਸਾਰ ਮੰਨਣਾ ਬਿਲਕੁਲ ਉਚਿਤ ਨਹੀਂ। ਜਿਹੜੀ ਗੱਲ ਕਿਸੇ ਨਿੱਕੀ ਕਹਾਣੀ ਦੇ ਮਾਧਿਅਮ ਰਾਹੀਂ ਪੇਸ਼ ਕੀਤੀ ਜਾ ਸਕਦੀ ਹੈ ਉਹ ਕਿਸੇ ਹੋਰ ਸਾਹਿਤ ਰੂਪ ਦੁਆਰਾ ਪ੍ਰਗਟ ਨਹੀਂ ਕੀਤੀ ਜਾ ਸਕਦੀ। ਵਿਸ਼ੇ ਦਾ ਇਕਹਿਰਾਪਨ, ਮੰਤਵ ਦੀ ਹੋਂਦ ਤੇ ਪ੍ਰਭਾਵ ਦੀ ਏਕਤਾ ਨਿੱਕੀ ਕਹਾਣੀ ਦੇ ਵਿਸ਼ੇਸ਼ ਲੱਛਣ ਹਨ।

ਯੂਰਪ ਵਿਚ ਨਿੱਕੀ ਕਹਾਣੀ ਦਾ ਆਰੰਭ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਹੋਇਆ ਮੰਨਿਆ ਜਾਂਦਾ ਹੈ। ਮੁੱਢਲੇ ਕਹਾਣੀ ਲੇਖਕਾਂ ਵਿਚ ਐਡਗਰ ਐਲਨ ਪੋ ਅਤੇ ਇਰਵਿੰਗ ਜਿਹੇ ਅਮਰੀਕਨ ਲਿਖਾਰੀਆਂ, ਗੋਗੋਲ ਅਤੇ ਪੁਸ਼ਕਿਨ ਜਿਹੇ ਰੂਸੀ ਲਿਖਾਰੀਆਂ ਦੇ ਨਾਂ ਗਿਣੇ ਜਾਂਦੇ ਹਨ। ਅੰਗਰੇਜ਼ੀ ਸਾਹਿਤ ਵਿਚ ਕੈਥਰੀਨ ਮੈਨਸਫੀਲਡ ਨੇ 1920 ਈ. ਸਦੀ ਵਿਚ 'ਬਲਿਸ' ਨਾਂ ਦਾ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਕੇ ਇਸ ਪਾਸੇ ਪਹਿਲ ਕੀਤੀ। ਪੰਜਾਬੀ ਵਿਚ ਕਹਾਣੀ ਦਾ ਜਨਮ ਅਨੁਵਾਦਿਤ ਕਹਾਣੀਆਂ ਦੇ ਰੂਪ ਵਿਚ ਹੋਇਆ। ਇਸ ਕੰਮ ਨੂੰ ਭਾਈ ਪ੍ਰੇਮ ਸਿੰਘ ਨਾਭਾ ਨੇ 1925 ਈ. ਵਿਚ 'ਭਾਵਾਰਥ' ਨਾਂ ਦੀ ਪੁਸਤਕ ਰਚ ਕੇ ਸ਼ੁਰੂ ਕੀਤਾ। ਇਸ ਤੋਂ ਕੁੱਝ ਵਰ੍ਹੇ ਬਾਅਦ ਭਾਈ ਮੋਹਨ ਸਿੰਘ ਨੇ 1927 ਈ. ਵਿਚ 'ਰੰਗ ਬਰੰਗੇ ਫੁੱਲ' ਨਾਂ ਦਾ ਅਨੁਵਾਦਿਤ ਕਹਾਣੀ ਸੰਗ੍ਰਹਿ ਛਾਪਿਆ। ਉਸ ਦੀ ਰੀਸੀ ਸੋਹਣ ਸਿੰਘ ਜੋਸ਼ ਨੇ 'ਬੰਗਾਲੀ ਕਹਾਣੀਆਂ', ਪਿਆਰਾ ਸਿੰਘ ਦਾਤਾ ਨੇ 'ਮਾਂਗਵੇ ਫੁੱਲ', ਬਲਵੰਤ ਸਿੰਘ ਨੇ 'ਆਂਢ ਗੁਆਂਢ' ਅਤੇ ਅਭੈ ਸਿੰਘ ਨੇ 'ਚੰਬੇ ਦੀਆਂ ਕਲੀਆਂ', ਅਨੁਵਾਦਿਤ ਸੰਗ੍ਰਿਹਾਂ ਦੁਆਰਾ ਪੰਜਾਬੀ ਕਹਾਣੀ ਸਾਹਿਤ ਦੇ ਭੰਡਾਰ ਨੂੰ ਭਰਪੂਰ ਕੀਤਾ। ਸਭ ਤੋਂ ਪਹਿਲੀ ਮੌਲਿਕ ਕਹਾਣੀ 'ਸਰਬ ਲੋਹ ਦੀ ਵਹੁਟੀ' ਲਾਲ ਸਿੰਘ ਕਮਲਾ ਅਕਾਲੀ ਨੇ ਲਿਖੀ।

ਪਹਿਲੇ ਪੋਚ ਦੇ ਕਹਾਣੀ ਲੇਖਕਾਂ ਵਿਚ ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ ਅਤੇ ਹੀਰਾ ਸਿੰਘ ਦਰਦ

ਦੇ ਨਾਂ ਵਰਨਣਯੋਗ ਹਨ। ਪਹਿਲੇ ਦੋ ਲਿਖਾਰੀਆਂ ਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਧਾਰਮਕ ਤੇ ਸੁਧਾਰਕ ਕਹਾਣੀਆਂ ਲਿਖੀਆਂ। ਭਾਈ ਵੀਰ ਸਿੰਘ ਨੇ ਟ੍ਰੈਕਟ ਰੂਪ ਵਿਚ ਜਿਹੜੇ ਪ੍ਰਸੰਗ ਲਿਖੇ ਅਤੇ ਜਿਹੜੇ ਬਾਅਦ ਵਿਚ 'ਗੁਰੂ ਨਾਨਕ ਚਮਤਕਾਰ' ਅਤੇ 'ਸ੍ਰੀ ਕਲਗੀਧਰ ਚਮਤਕਾਰ' ਵਿਚ ਸੰਮਿਲਤ ਕੀਤੇ ਗਏ, ਇਸ ਪ੍ਰਕਾਰ ਦੀਆਂ ਕਹਾਣੀਆਂ ਹੀ ਹਨ। ਮੋਹਨ ਸਿੰਘ ਵੈਦ ਨੇ 'ਰੰਗ ਬਰੰਗੇ ਫੁੱਲ' ਤੋਂ ਛੁੱਟ 'ਹੀਰੇ ਦੀਆਂ ਕਹਾਣੀਆਂ' ਅਤੇ 'ਕਿਸਮਤ ਦਾ ਚੱਕਰ' ਸੰਗ੍ਰਹਿ ਵੀ ਪ੍ਰਕਾਸ਼ਿਤ ਕੀਤੇ ਹਨ। ਹੀਰਾ ਸਿੰਘ ਦਰਦ ਦੀਆਂ ਕਹਾਣੀਆਂ 'ਪੰਜਾਬੀ ਸੱਧਰਾਂ' ਨਾਂ ਦੇ ਸੰਗ੍ਰਹਿ ਵਿਚ ਮਿਲਦੀਆਂ ਹਨ। ਇਹ ਕਹਾਣੀਆਂ ਨਾਵਲੀ ਕਿਸਮ ਦੀਆਂ ਹਨ ਪਰ ਉਨ੍ਹਾਂ ਵਿਚ ਵਾਸਤਵਿਕਤਾ ਨਾਲੋਂ ਆਦਰਸ਼ਵਾਦ ਵਧੇਰੇ ਹੈ। ਉਨ੍ਹਾਂ ਨੇ ਪੰਜਾਬੀ ਕਹਾਣੀ ਲਈ ਇਕ ਮਹਾਨ ਕੰਮ ਇਹ ਵੀ ਕੀਤਾ ਕਿ ਆਪਣੇ ਮਾਸਕ ਪੱਤਰ 'ਫੁਲਵਾੜੀ' ਰਾਹੀਂ ਪ੍ਰੋ. ਸੰਤ ਸਿੰਘ ਸੇਖੋਂ ਅਤੇ ਪ੍ਰੋ. ਮੋਹਨ ਸਿੰਘ ਵਰਗੇ ਕਹਾਣੀਕਾਰਾਂ ਨੂੰ ਮੁੱਢਲੇ ਤਜਰਬੇ ਕਰਨ ਲਈ ਅਵਸਰ ਪ੍ਰਦਾਨ ਕੀਤਾ।

ਕਹਾਣੀਕਾਰਾਂ ਦੇ ਦੂਜੇ ਪੋਚ ਵਿਚ ਚਰਨ ਸਿੰਘ ਸ਼ਹੀਦ, ਗੁਰਬਖਸ਼ ਸਿੰਘ ਅਤੇ ਨਾਨਕ ਸਿੰਘ ਦੇ ਨਾਮ ਆਉਂਦੇ ਹਨ। ਇਹ ਨਾ ਤਾਂ ਪਹਿਲੇ ਪੋਚ ਦੇ ਲਿਖਾਰੀਆਂ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਤਿਆਗ ਸਕੇ ਅਤੇ ਨਾ ਹੀ ਆਪਣੇ ਤੋਂ ਬਾਅਦ ਆਉਣ ਵਾਲੇ ਪੋਚ ਵਾਂਗ ਪੂਰੀ ਤਰ੍ਹਾਂ ਕਹਾਣੀ ਦੀ ਨਵੀਨ ਤਕਨੀਕ ਨੂੰ ਅਪਣਾ ਸਕੇ।

**ਚਰਨ ਸਿੰਘ ਸ਼ਹੀਦ** (1881-1935) ਦੀਆਂ ਕਹਾਣੀਆਂ 'ਹੱਸਦੇ ਹੰਝੂ', ਸੰਗ੍ਰਹਿ ਵਿਚ ਪ੍ਰਕਾਸ਼ਿਤ ਹੋਈਆਂ ਹਨ। ਇਨ੍ਹਾਂ ਵਿਚ ਵਿਅੰਗ ਅਤੇ ਚੋਟ ਹੈ। ਉਸ ਦੀਆਂ ਕਹਾਣੀਆਂ ਦਾ ਆਕਾਰ ਵੀ ਕਾਫ਼ੀ ਛੋਟਾ ਹੁੰਦਾ ਹੈ। ਜਿਸ ਕਰਕੇ ਉਸ ਦੀਆਂ ਕਹਾਣੀਆਂ ਨਵੀਨਤਮ ਕਹਾਣੀਆਂ ਵਿਚ ਵੀ ਗਿਣੀਆਂ ਜਾ ਸਕਦੀਆਂ ਹਨ।

**ਗੁਰਬਖ਼ਸ਼ ਸਿੰਘ ਪ੍ਰੀਤਲੜੀ** (1895-1977) ਨੇ ਅਮਰੀਕਨ ਜੀਵਨ ਤੋਂ ਪ੍ਰਭਾਵਿਤ ਹੋ ਕੇ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਦੇ ਵਿਸ਼ੇ ਨੂੰ ਖੂਬ ਪਰਚਾਰਿਆ ਹੈ। 1947 ਈ. ਤੱਕ ਉਸ ਨੇ ਜਿੰਨੀਆਂ ਵੀ ਕਹਾਣੀਆਂ ਲਿਖੀਆਂ, ਉਨ੍ਹਾਂ ਸਾਰੀਆਂ ਵਿਚ ਉਸ ਨੇ ਇਸ ਸਿਧਾਂਤ ਨੂੰ ਪੇਸ਼ ਕੀਤਾ ਕਿ ਸਾਡੇ ਜੀਵਨ ਦੇ ਬਹੁਤ ਦੁੱਖ ਤੇ ਤਕਲੀਫ਼ਾਂ ਪ੍ਰੀਤ-ਪ੍ਰਵਾਹ ਦੇ ਰੁਕ-ਰੁਕ ਕੇ ਚੱਲਣ ਕਰਕੇ ਹਨ। ਇਸ ਸਮੇਂ ਦੇ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ 'ਅਨੋਖੇ ਤੇ ਇਕੱਲੇ', 'ਵੀਣਾਂ ਵਿਨੋਦ', 'ਨਾਗ ਪ੍ਰੀਤ ਦਾ ਜਾਦੂ' ਤੇ 'ਪ੍ਰੀਤ ਕਹਾਣੀਆਂ' ਆਦਿ ਹਨ। ਗੁਰਬਖ਼ਸ਼ ਸਿੰਘ ਇਕ ਪ੍ਰਗਤੀਵਾਦੀ ਕਹਾਣੀਕਾਰ ਹੈ ਪਰ ਉਹ ਸੁਧਾਰਵਾਦੀ ਤੇ ਆਦਰਸ਼ਵਾਦੀ ਵੀ ਹੈ। ਉਹ ਨਿੱਜੀ ਪਿਆਰ ਤੋਂ ਤੁਰ ਕੇ ਸਮੁੱਚੀ ਮਨੁੱਖਤਾ ਨਾਲ ਪਿਆਰ ਤੱਕ ਪੁਜਿਆ ਹੈ। ਉਸ ਨੂੰ ਗਰੀਬ ਤੇ ਪਛੜੇ ਵਰਗ ਨਾਲ ਹਮਦਰਦੀ ਹੈ ਤੇ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਵਿਚ ਚਿਤਰਦਾ ਹੈ। ਉਹ ਆਪਣੀਆਂ ਕਹਾਣੀਆਂ ਦੇ ਪਾਤਰਾਂ ਨੂੰ ਬੜੀ ਬਾਰੀਕ ਸੂਝ ਨਾਲ ਚਿਤਰਦਾ ਹੈ। ਉਹ ਬੜਾ ਨਿਰਭੈ ਤੇ ਨਿੱਝਕ ਲੇਖਕ ਹੈ। ਉਹ ਇਸਤਰੀਆਂ ਦੀਆਂ ਸਮੱਸਿਆਵਾਂ ਨੂੰ ਵੀ ਆਪਣੀਆਂ ਕਹਾਣੀਆਂ ਰਾਹੀਂ ਪੇਸ਼ ਕਰਦਾ ਹੈ। ਉਹ ਜੀਵਨ ਦੇ ਬੋਝ ਨੂੰ ਦੂਰ ਕਰਨ ਲਈ ਉਤਸੁਕ ਹੈ ਤੇ ਇਸ ਲਈ ਪ੍ਰੇਰਨਾ ਸਮਾਜਵਾਦੀ ਦੇਸ਼ਾਂ ਤੋਂ ਲੈਂਦਾ ਹੈ। ਉਸ ਨੂੰ ਜੀਵਨ ਦਾ ਵਿਸ਼ਾਲ ਤਜ਼ਰਬਾ ਹੈ ਜਿਸ ਕਰਕੇ ਉਹ ਕਹਾਣੀਆਂ ਵਿਚ ਸਵੈ-ਜੀਵਨਕ ਗੱਲਾਂ ਵੀ ਲੈ ਆਉਂਦਾ ਹੈ। ਉਸ ਦੀਆਂ ਕਹਾਣੀਆਂ ਭਾਵੇਂ ਹਾਸ ਰਸ ਤੋਂ ਕੋਰੀਆਂ ਹੁੰਦੀਆਂ ਹਨ ਪਰ ਬੜੀਆਂ ਹੀ ਰੋਚਕ ਤੇ ਹੌਲੀਆਂ ਫੁੱਲ ਹੁੰਦੀਆਂ ਹਨ। ਭਾਵੇਂ ਤਕਨੀਕ ਪੱਖੋਂ ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਪੂਰੀਆਂ ਨਹੀਂ ਉਤਰਦੀਆਂ। ਉਸ ਦਾ ਵਧੇਰੇ ਜ਼ੋਰ ਗੋਂਦ 'ਤੇ ਹੁੰਦਾ ਹੈ ਜਿਸ ਕਰਕੇ ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਨਾਵਲੀ ਕਿਸਮ ਦੀਆਂ ਬਣ ਜਾਂਦੀਆਂ ਹਨ। ਅਜਿਹੀਆਂ ਨਾਵਲੀ ਕਹਾਣੀਆਂ ਵਿਚ ਕਿਤੇ-ਕਿਤੇ ਮੌਕਾ-ਮੇਲ ਵੀ ਹੁੰਦਾ ਹੈ।

**ਨਾਨਕ ਸਿੰਘ** (1897-1972) ਨੇ ਕਹਾਣੀ ਖੇਤਰ ਵਿਚ ਵੀ ਕੁੱਝ ਕਾਰਜ ਨੇਪਰੇ ਚਾੜ੍ਹਿਆ ਹੈ। 'ਸੱਧਰਾਂ ਦੇ ਹਾਰ', 'ਤਸਵੀਰ ਦੇ ਦੋ ਪਾਸੇ', 'ਮਿੱਧੇ ਹੋਏ ਫੁੱਲ', 'ਹੰਝੂਆਂ ਦੇ ਹਾਰ', 'ਠੰਡੀਆਂ ਛਾਵਾਂ' ਆਦਿ ਉਸ ਦੇ ਕਹਾਣੀ ਸੰਗ੍ਰਹਿ ਹਨ। ਉਸ ਦੀਆਂ ਕਹਾਣੀਆਂ ਵਿਚ ਵਿਸਥਾਰ ਹੈ ਤੇ ਉਹ ਵੀ ਨਾਵਲੀ ਕਿਸਮ ਦੀਆਂ ਹਨ। ਨਾਨਕ ਸਿੰਘ ਦੀਆਂ ਕਹਾਣੀਆਂ ਦਾ ਉਦੇਸ਼ ਉਸ ਦੇ ਨਾਵਲ ਵਾਂਗ ਸਮਾਜ ਸੁਧਾਰ ਹੈ। ਸੁਧਾਰ ਦੀ ਰੁਚੀ ਕਰਕੇ ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਕਲਾ ਦੇ ਪੱਖ ਤੋਂ ਬਹੁਤੀਆਂ ਸਫ਼ਲ ਨਹੀਂ ਹਨ। ਉਸ ਦੀਆਂ ਕਈ ਕਹਾਣੀਆਂ ਤਾਂ ਤਕਨੀਕ ਦੀ ਦ੍ਰਿਸ਼ਟੀ ਤੋਂ ਵੀ ਪੂਰੀਆਂ ਨਹੀਂ ਉਤਰਦੀਆਂ। ਪਰ ਉਸ ਦੀਆਂ ਕਹਾਣੀਆਂ ਦੀ ਇਕ ਵਿਸ਼ੇਸ਼ਤਾ ਬੱਚਿਆਂ ਦਾ ਮਨੋਵਿਗਿਆਨਕ ਅਧਿਐਨ ਹੈ। ਉਹ ਆਪਣੇ ਪਾਤਰ ਆਮ ਜੀਵਨ ਵਿਚੋਂ ਲੈਂਦਾ ਹੈ ਤੇ ਉਹ ਅਸਲੀ ਜਾਪਦੇ ਹਨ। ਉਂਜ ਉਸ ਨੇ ਆਦਰਸ਼ਵਾਦੀ ਪਾਤਰ ਵੀ ਚਿਤਰੇ ਹਨ। ਉਸ ਦਾ ਲਿਖਣ ਢੰਗ ਸਰਲ ਤੇ ਸਾਦਾ ਹੈ। ਇਨ੍ਹਾਂ ਨਾਵਲੀ ਕਿਸਮ ਦੀਆਂ ਕਹਾਣੀਆਂ ਤੋਂ ਬਾਅਦ ਪੰਜਾਬੀ

ਵਿਚ ਨਵੀਨ ਕਿਸਮ ਦੀ ਨਿੱਕੀ ਕਹਾਣੀ ਲਿਖਣ ਦੀ ਪਿਰਤ ਪ੍ਰਿੰ. ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਗੁਰਮੁਖ ਸਿੰਘ ਮੁਸਾਫ਼ਰ, ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਅਤੇ ਦੇਵਿੰਦਰ ਸਤਿਆਰਥੀ ਆਦਿ ਲੇਖਕਾਂ ਨੇ ਪਾਈ।

**ਸੰਤ ਸਿੰਘ ਸੇਖੋਂ** (1908-1997) ਨੇ ਪਹਿਲਾਂ ਅੰਗਰੇਜ਼ੀ ਵਿਚ ਲਿਖਣਾ ਸ਼ੁਰੂ ਕੀਤਾ ਸੀ ਪਰ ਫੇਰ ਉਸਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ। ਉਸ ਨੇ ਪੰਜਾਬੀ ਵਿਚ ਨਿੱਕੀ ਕਹਾਣੀ ਲਿਖਣ ਦਾ ਰਿਵਾਜ਼ ਪਾਇਆ। ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 1943 ਈ. ਵਿਚ ਛਪਿਆ। ਇਸ ਸੰਗ੍ਰਹਿ ਦਾ ਨਾਂ 'ਸਮਾਚਾਰ' ਸੀ। ਇਸ ਸੰਗ੍ਰਹਿ ਵਿਚ ਪਾਤਰ-ਪ੍ਰਧਾਨ ਕਹਾਣੀਆਂ ਮਿਲਦੀਆਂ ਹਨ। ਸੇਖੋਂ ਨੇ ਇਨ੍ਹਾਂ ਕਹਾਣੀਆਂ ਵਿਚ ਸਮਾਜ, ਧਰਮ ਤੇ ਲੋਕਾਂ ਉੱਤੇ ਵਿਅੰਗ ਵੀ ਕੀਤਾ। ਉਹ ਸਮਾਜਕ ਕੁਰੀਤੀਆਂ ਨੂੰ ਕੇਵਲ ਚਿਤਰਦਾ ਹੀ ਨਹੀਂ ਸਗੋਂ ਉਨ੍ਹਾਂ ਕੁਰੀਤੀਆਂ ਦਾ ਹੱਲ ਵੀ ਦੱਸਦਾ ਹੈ। ਉਸ ਦੀਆਂ ਕਹਾਣੀਆਂ ਦੀ ਵਿਲੱਖਣਤਾ ਉਨ੍ਹਾਂ ਦਾ ਬੌਧਿਕ ਤੱਤ ਹੈ। ਉਹ ਆਪਣੇ ਵਿਸ਼ੇ ਤੇ ਪਾਤਰਾਂ ਦੀ ਚੋਣ ਬੜੇ ਹੀ ਵਾਸਤਵਿਕ ਢੰਗ ਨਾਲ ਕਰਦਾ ਹੈ। ਉਹ ਪੇਂਡੂ ਜੀਵਨ ਨੂੰ ਚਿਤਰਨ ਵਿਚ ਵਧੇਰੇ ਸੁਹਿਰਦਤਾ ਤੋਂ ਕੰਮ ਲੈਂਦਾ ਹੈ।

ਸੇਖੋਂ ਨੇ 'ਸਮਾਚਾਰ' ਤੋਂ ਪਿਛੋਂ 'ਕਾਮੇ ਤੇ ਯੋਧੇ', 'ਤੀਜਾ ਪਹਿਰ', 'ਅੱਧੀ ਵਾਟ' ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤੇ ਹਨ। ਉਸ ਦੇ ਵਿਸ਼ੇ ਯਥਾਰਥਵਾਦੀ ਤੇ ਉਦੇਸ਼ ਪ੍ਰਗਤੀਵਾਦੀ ਹੁੰਦਾ ਹੈ। ਉਹ ਮਲਵਈ ਉਪਭਾਸ਼ਾ ਦੀ ਵਰਤੋਂ ਕਰਕੇ ਕਹਾਣੀ ਵਿਚ ਸਥਾਨਕ ਰੰਗ ਵੀ ਭਰ ਦਿੰਦਾ ਹੈ। ਉਸ ਉਤੇ ਇਹ ਦੋਸ਼ ਵੀ ਲਗਾਇਆ ਜਾਂਦਾ ਹੈ ਕਿ ਉਸ ਦੀਆਂ ਕਹਾਣੀਆਂ ਵਿਚ ਪ੍ਰਚਾਰ ਦਾ ਅੰਸ਼ ਹੁੰਦਾ ਹੈ ਪਰ ਇਹ ਇਸ ਕਰਕੇ ਕਿ ਉਹ ਇਕ ਅਗਾਂਹਵਧੂ ਲੇਖਕ ਹੈ। ਉਸ ਦੀਆਂ ਕਈ ਕਹਾਣੀਆਂ ਵਿਚ ਕਿਤੇ-ਕਿਤੇ ਕਾਮ ਬਾਰੇ ਵੀ ਖੁੱਲ੍ਹ ਕੇ ਚਰਚਾ ਕੀਤੀ ਹੁੰਦੀ ਹੈ।

ਸੰਤ ਸਿੰਘ ਸੇਖੋਂ ਗੋਂਦ ਨਾਲੋਂ ਪਾਤਰ ਉਸਾਰੀ ਉੱਤੇ ਵਧੇਰੇ ਜ਼ੋਰ ਲਗਾਉਂਦਾ ਹੈ। ਪਾਤਰ ਉਸਾਰੀ ਲਈ ਉਹ ਮਨੋਵਿਗਿਆਨਕ ਤਰੀਕੇ ਦੀ ਵਰਤੋਂ ਕਰਦਾ ਹੈ। ਤਕਨੀਕ ਦੇ ਪੱਖੋਂ ਉਸ ਦੀਆਂ ਕਹਾਣੀਆਂ ਵਿਚ ਘੱਟ ਦੋਸ਼ ਹਨ। ਉਸ ਦੀਆਂ ਕਹਾਣੀਆਂ ਦੀ ਵਾਰਤਾਲਾਪ ਢੁੱਕਵੀਂ, ਸੰਜਮ ਭਰਪੂਰ ਤੇ ਚੁਸਤ ਹੁੰਦੀ ਹੈ।

**ਸੁਜਾਨ ਸਿੰਘ** (1909) ਪੰਜਾਬੀ ਦਾ ਅਜਿਹਾ ਕਹਾਣੀਕਾਰ ਹੈ ਜਿਸ ਨੇ ਸਮਾਜ ਦੇ ਨਿਰਧਨ ਵਰਗ ਦੇ ਜੀਵਨ ਨੂੰ ਆਪਣੀਆਂ ਕਹਾਣੀਆਂ ਵਿਚ ਬਿਆਨ ਕੀਤਾ ਹੈ। ਉਸ ਦੀਆਂ ਕਹਾਣੀਆਂ ਕਿਸੇ ਆਰਥਕ, ਸਮਾਜਕ ਜਾਂ ਰਾਜਨੀਤਕ ਸਮੱਸਿਆ ਦੁਆਲੇ ਉਸਰੀਆਂ ਹੁੰਦੀਆਂ ਹਨ। 1947 ਈ. ਤੋਂ ਪਹਿਲਾਂ ਉਸ ਦੇ 'ਦੁਖ ਸੁਖ' ਅਤੇ 'ਦੁਖ ਸੁਖ ਤੋਂ ਪਿਛੋਂ' ਨਾਂ ਦੇ ਕਹਾਣੀ ਸੰਗ੍ਰਹਿ ਛਪੇ ਸਨ ਜਿਨ੍ਹਾਂ ਵਿਚੋਂ ਪਹਿਲੇ ਵਿਚ ਉਸ ਦੀ ਆਦਰਸ਼ਵਾਦੀ ਦ੍ਰਿਸ਼ਟੀ ਸਾਫ਼ ਵਿਖਾਈ ਦਿੰਦੀ ਹੈ ਪਰ ਉਸ ਦੇ ਨਾਲ-ਨਾਲ ਉਸ ਦੀ ਪ੍ਰਗਤੀਵਾਦੀ ਰੁਚੀ ਦਾ ਝਲਕਾਰਾ ਵੀ ਪੈਂਦਾ ਹੈ ਜਿਹੜਾ ਦੂਜੇ ਕਹਾਣੀ ਸੰਗ੍ਰਹਿ ਵਿਚ ਵਧੇਰੇ ਨਿੱਗਰ ਰੂਪ ਵਿਚ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਕੁੱਝ ਵਿਸ਼ਵਾਸ ਹੁੰਦਾ ਹੈ ਤੇ ਉਹ ਆਪਣੇ ਖਾਸੇ ਨੂੰ ਸਪੱਸ਼ਟ ਕਰ ਦਿੰਦਾ ਹੈ ਜਿਸ ਕਰਕੇ ਉਸ ਦੀਆਂ ਕਹਾਣੀਆਂ ਦਾ ਅੰਤ ਸੁਝਾਉ ਨਹੀਂ ਰਹਿੰਦਾ।

1947 ਈ. ਤੋਂ ਬਾਅਦ ਸੁਜਾਨ ਸਿੰਘ ਨੇ 'ਮਨੁੱਖ ਤੇ ਪਸ਼ੂ', 'ਨਰਕਾਂ ਦੇ ਦੇਵਤੇ', 'ਸਭ ਰੰਗ', 'ਨਵਾਂ ਰੰਗ', 'ਸਵਾਲ ਜਵਾਬ', 'ਮੋਤੀਆਂ ਦੀ ਮਾਲਾ', 'ਪੱਤਣ ਦੇ ਸਰਾਂ' ਆਦਿ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤੇ ਹਨ। ਇਨ੍ਹਾਂ ਕਹਾਣੀਆਂ ਦੇ ਵਿਸ਼ੇ, ਦੇਸ਼ ਦੀ ਵੰਡ (ਜਿਵੇਂ ਮਨੁੱਖ ਤੇ ਪਸ਼ੂ) ਤੇ ਕਿਰਤੀ ਕਿਸਾਨਾਂ ਦੀਆਂ ਸਮੱਸਿਆਵਾਂ ਆਦਿ ਹਨ। ਸੁਜਾਨ ਸਿੰਘ ਦੀਆਂ ਕਹਾਣੀਆਂ ਵਿਚ ਨੈਤਿਕਤਾ ਦਾ ਗੁਣ ਵੀ ਪਰਤੱਖ ਹੈ। ਉਹ ਚੇਤੰਨ ਹੋ ਕੇ ਰਚਨਾ ਕਰਦਾ ਹੈ ਜਿਸ ਕਰਕੇ ਉਸ ਦੀਆਂ ਕਹਾਣੀਆਂ ਵਿਚ ਬੌਧਿਕਤਾ ਦਾ ਅੰਸ਼ ਪ੍ਰਧਾਨ ਹੋ ਜਾਂਦਾ ਹੈ। ਉਹ ਕਹਾਣੀ ਦੀ ਗੋਂਦ ਤੇ ਤਕਨੀਕ ਦਾ ਖ਼ਾਸ ਖਿਆਲ ਰਖਦਾ ਹੈ ਪਰ ਇਸ ਤੋਂ ਵੀ ਜ਼ਿਆਦਾ ਫ਼ਿਕਰ ਉਸ ਨੂੰ ਕਹਾਣੀ ਦੇ ਆਸ਼ੇ ਦਾ ਹੁੰਦਾ ਹੈ। ਉਹ ਆਪਣੀ ਰਚਨਾ ਆਰਥਕ ਪੱਧਰ 'ਤੇ ਘੋਲ ਕਰ ਰਹੀ ਜਨਤਾ ਨੂੰ ਉਭਾਰਨ ਹਿੱਤ ਕਰਦਾ ਹੈ। ਉਹ ਇਸਤਰੀਆਂ ਦੀ ਸਮੱਸਿਆਵਾਂ ਦਾ ਵੀ ਨਿਰੂਪਣ ਕਰਦਾ ਹੈ ਤੇ ਉਨ੍ਹਾਂ ਦੇ ਹੱਕਾਂ ਦੀ ਵਕਾਲਤ ਕਰਨਾ ਆਪਣਾ ਕਰਤੱਵ ਸਮਝਦਾ ਹੈ। ਉਸ ਦੀ ਕਹਾਣੀ ਕਲਾ ਦੀ ਇਕ ਖੂਬੀ ਵਿਅੰਗ ਦੀ ਸੁੰਦਰ ਵਰਤੋਂ ਹੈ ਪਰ ਇਸ ਦੇ ਨਾਲ ਹੀ ਉਹ ਪ੍ਰਗਤੀਵਾਦੀ ਵਿਚਾਰਾਂ ਦਾ ਪ੍ਰਚਾਰ ਬੜਾ ਹੀ ਉਪਭਾਵਕ ਹੋ ਕੇ ਕਰਦਾ ਹੈ।

**ਦੇਵਿੰਦਰ ਸਤਿਆਰਥੀ** (1908-2003) ਭਾਵੇਂ ਇਸ ਲੇਖਕ ਦੇ 'ਕੁੰਗ ਪੋਸ਼', 'ਦੇਵਤਾ ਡਿਗ ਪਿਆ', 'ਤਿੰਨ ਬੂਹਿਆਂ ਵਾਲਾ ਘਰ', 'ਨੀਲੀ ਛਤਰੀ ਵਾਲਾ' ਆਦਿ ਪੰਜਾਬੀ ਵਿਚ ਪ੍ਰਕਾਸ਼ਿਤ ਹੋਏ ਹਨ ਪਰ ਉਸ ਨੇ ਆਪਣੀ ਕਲਾ-ਕੌਸ਼ਲਤਾ ਤੇ ਤਕਨੀਕੀ ਨਿਪੁੰਨਤਾ ਕਾਰਨ ਆਪਣੇ ਲਈ ਸਨਮਾਨ ਯੋਗ ਸਥਾਨ ਬਣਾ ਲਿਆ ਹੈ। ਉਸ ਦੀਆਂ ਕਹਾਣੀਆਂ ਲੋਕ-ਗੀਤਾਂ ਵਾਂਗ ਸਰਲ, ਸਵੱਛ ਅਤੇ ਕਾਵਿਕ ਹਨ। ਉਸ ਨੇ ਪਾਤਰਾਂ ਤੇ ਘਟਨਾਵਾਂ ਦੀ ਚੋਣ ਰਾਸ਼ਟਰੀ ਪੱਧਰ 'ਤੇ ਕੀਤੀ

ਹੈ। ਇਹ ਇਸ ਕਰਕੇ ਵੀ ਸੰਭਵ ਹੋ ਸਕਿਆ ਹੈ ਕਿਉਂਕਿ ਉਸ ਨੇ ਲਗਭਗ ਭਾਰਤ ਦੇ ਸਾਰੇ ਪ੍ਰਾਂਤਾਂ ਵਿਚ ਫਿਰ ਤੁਰ ਕੇ ਉਥੋਂ ਦੇ ਲੋਕ ਗੀਤ, ਲੋਕ ਕਥਾਵਾਂ ਇਕੱਠੇ ਕੀਤੇ ਸਨ, ਜਿਨ੍ਹਾਂ ਤੋਂ ਪ੍ਰਚਲਿਤ ਰੂੜ੍ਹੀਆਂ ਦਾ ਸਹਿਜੇ ਹੀ ਗਿਆਨ ਹੋ ਜਾਂਦਾ ਹੈ। ਵਿਸ਼ੇ ਵਸਤੂ ਦੀ ਵਿਸ਼ਾਲਤਾ, ਰਾਸ਼ਟਰਵਾਦੀ ਚੇਤੰਨਤਾ ਅਤੇ ਮਾਨਵਵਾਦੀ ਦ੍ਰਿਸ਼ਟੀ ਉਸ ਦੀਆਂ ਕਹਾਣੀਆਂ ਦੇ ਵਿਸ਼ੇਸ਼ ਗੁਣ ਹਨ ਜਿਨ੍ਹਾਂ ਸਦਕੇ ਪੰਜਾਬੀ ਸਾਹਿਤ ਸਦਾ ਉਸ ਦਾ ਰਿਣੀ ਰਹੇਗਾ।

**ਪ੍ਰੋਫੈਸਰ ਮੋਹਨ ਸਿੰਘ** (1905-1978) ਉਨ੍ਹਾਂ ਪੰਜਾਬੀ ਕਹਾਣੀਕਾਰਾਂ ਵਿਚੋਂ ਹਨ ਜਿਨ੍ਹਾਂ ਨੇ ਪੰਜਾਬੀ ਦੀ ਹੁਨਰੀ ਨਿੱਕੀ ਕਹਾਣੀ ਦੇ ਮੁੱਢ ਵਿਚ ਆਪਣੇ ਯਤਨਾਂ ਸਦਕਾ ਇਸ ਬੂਟੇ ਨੂੰ ਵਧਣ ਫੁਲਣ ਵਿਚ ਸਹਾਇਤਾ ਕੀਤੀ। ਭਾਵੇਂ ਉਨ੍ਹਾਂ ਨੇ ਕੇਵਲ ਇਕੋ ਕਹਾਣੀ ਸੰਗ੍ਰਹਿ 'ਨਿੱਕੇ-ਨਿੱਕੀ ਵਾਸ਼ਨਾ' ਹੀ ਪ੍ਰਕਾਸ਼ਿਤ ਕੀਤਾ ਪਰ ਇਸ ਵਿਚਲੀਆਂ ਕਹਾਣੀਆਂ ਨੂੰ ਪੜ੍ਹ ਕੇ ਉਸ ਦੀ ਯਥਾਰਥਵਾਦੀ ਰੁਚੀ ਤੇ ਕਲਾ-ਪ੍ਰਵੀਨਤਾ ਦਾ ਕਾਫ਼ੀ ਸਬੂਤ ਮਿਲਦਾ ਹੈ।

**ਗੁਰਮੁਖ ਸਿੰਘ ਮੁਸਾਫ਼ਰ** (1899-1976) ਨੇ 1947 ਈਸਵੀ ਤੋਂ ਪੂਰਬ ਜਿਹੜੇ ਦੋ ਕਹਾਣੀ ਸੰਗ੍ਰਹਿ 'ਸਭ ਅੱਛਾ' ਅਤੇ 'ਵੱਖਰੀ ਦੁਨੀਆਂ' ਪ੍ਰਕਾਸ਼ਿਤ ਕੀਤੇ, ਉਨ੍ਹਾਂ ਵਿਚ ਜੇਲ੍ਹ ਜੀਵਨ ਨਾਲ ਸੰਬੰਧਤ ਅਜਿਹੀਆਂ ਕਹਾਣੀਆਂ ਹਨ ਜਿਹੜੀਆਂ ਲੇਖਕ ਦੇ ਨਿੱਜੀ ਅਨੁਭਵ ਦੀ ਉਪਜ ਹੋਣ ਕਰਕੇ ਉਸ ਜੀਵਨ ਨੂੰ ਬੜੇ ਹੀ ਯਥਾਰਥਵਾਦੀ ਢੰਗ ਨਾਲ ਚਿਤਰਦੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਕਹਾਣੀਆਂ ਪਾਤਰ-ਪ੍ਰਧਾਨ ਹਨ। ਇਨ੍ਹਾਂ ਦਾ ਆਰੰਭ ਤਾਂ ਝਟਪਟਾ ਹੁੰਦਾ ਹੈ ਪਰ ਅੰਤ ਆਮ ਤੌਰ 'ਤੇ ਸੁਝਾਊ ਨਹੀਂ ਹੁੰਦਾ।

ਗੁਰਮੁਖ ਸਿੰਘ ਮੁਸਾਫ਼ਰ ਦੇਸ਼ ਭਗਤੀ ਤੇ ਰਾਸ਼ਟਰਵਾਦੀ ਵਿਚਾਰਾਂ ਨੂੰ ਚਿਤਰਣ ਵਾਲਾ ਕਹਾਣੀਕਾਰ ਹੈ ਜਿਸ ਦੀਆਂ ਕਹਾਣੀਆਂ ਦਾ ਉਦੇਸ਼ ਲੋਕਾਂ ਅੰਦਰ ਦੇਸ਼ ਪਿਆਰ ਦੇ ਭਾਵਾਂ ਨੂੰ ਉਤੇਜਿਤ ਕਰਨਾ ਹੁੰਦਾ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਰਾਜਸੀ ਸੰਗਰਾਮਾਂ ਤੇ ਸੁਤੰਤਰਤਾ ਅੰਦੋਲਨਾਂ ਵਿਚ ਭਾਗ ਲੈਣ ਵਾਲੇ ਹੁੰਦੇ ਹਨ। ਦੇਸ਼ ਦੀ ਵੰਡ ਤੋਂ ਬਾਅਦ ਉਸ ਦੇ ਜਿਹੜੇ ਕਹਾਣੀ ਸੰਗ੍ਰਹਿ ਛਪੇ ਹਨ ਉਨ੍ਹਾਂ ਵਿਚੋਂ 'ਅੱਲ੍ਹਾ ਵਾਲੇ', 'ਸਸਤਾ ਤਮਾਸ਼ਾ', 'ਵੁੱਲਾਂ ਦੇ ਪਰਛਾਵੇਂ', '27 ਜਨਵਰੀ' ਅਤੇ 'ਚੁੰਮੀ ਦੇ ਚੋਰ' ਵਰਨਣ ਯੋਗ ਹਨ।

**ਕਰਤਾਰ ਸਿੰਘ ਦੁੱਗਲ** (1919) ਨੇ 1947 ਤੋਂ ਪੂਰਵ 'ਸਵੇਰ ਸਾਰ', 'ਪਿੱਪਲ ਪੱਤੀਆਂ' ਅਤੇ 'ਕੁੜੀ ਕਹਾਣੀ ਕਰਦੀ ਗਈ' ਨਾਂ ਦੇ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਭੇਟਾ ਕੀਤੇ। ਇਸ ਪੜਾਅ ਤੇ ਉਹ ਕਲਾ ਕਲਾ ਲਈ ਦੇ ਉਦੇਸ਼ ਨੂੰ ਮੁੱਖ ਰੱਖ ਕੇ ਲਿਖਦਾ ਸੀ ਜਿਸ ਕਰਕੇ ਉਸ ਦੀਆਂ ਕਹਾਣੀਆਂ ਕਲਾ ਦੇ ਪੱਖੋਂ ਵਧੇਰੇ ਸਫ਼ਲ ਹੁੰਦੀਆਂ ਸਨ। ਉਨ੍ਹਾਂ ਵਿਚ ਪਾਠਕਾਂ ਦੀ ਸੁਹਜ ਭੁੱਖ ਨੂੰ ਤ੍ਰਿਪਤ ਕਰਨ ਵਾਲੀ ਕਾਫ਼ੀ ਸਮੱਗਰੀ ਹੁੰਦੀ ਸੀ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਆਮ ਜੀਵਨ ਵਿਚੋਂ ਤੇ ਪਾਤਰ ਹੇਠਲੀ ਮੱਧ-ਸ਼੍ਰੇਣੀ ਵਿਚੋਂ ਲਏ ਹੁੰਦੇ ਸਨ। ਉਸ ਦੀਆਂ ਪਹਿਲੀਆਂ ਕਹਾਣੀਆਂ ਵਿਚੋਂ ਤਿੰਨ ਚੌਥਾਈ ਤੋਂ ਵੱਧ ਦੇ ਵਿਸ਼ੇ ਕਾਮ ਵਾਸ਼ਨਾ ਲਿੰਗ ਭੁੱਖ ਤੇ ਆਧਾਰਿਤ ਸਨ ਤੇ ਇਨ੍ਹਾਂ ਵਿਚ ਉਸ ਦਾ ਸਿਧਾਂਤ ਫ਼ਰਾਇਡ ਵਾਦੀ ਸੀ ਉਸ ਨੇ ਜੀਵਨ ਦੇ ਘਿਰਣਿਤ ਦ੍ਰਿਸ਼ ਨੂੰ ਬੜੇ ਹੀ ਯਥਾਰਥਵਾਦੀ ਢੰਗ ਨਾਲ ਆਪਣੀਆਂ ਕਹਾਣੀਆਂ ਵਿਚ ਚਿਤਰਿਆ ਹੈ। ਉਸ ਦੇ ਪਾਤਰ ਹਰ ਮਜ਼ਹਬ ਨਾਲ ਸੰਬੰਧ ਰਖਦੇ ਹਨ ਭਾਵੇਂ ਉਹ ਹਿੰਦੂ, ਮੁਸਲਮਾਨ ਤੇ ਸਿੱਖ ਪਾਤਰਾਂ ਨੂੰ ਬੜੀ ਸੋਹਣੀ ਤਰ੍ਹਾਂ ਚਿਤਰਦਾ ਹੈ। ਉਹ ਮੱਧ-ਸ਼੍ਰੇਣੀ ਦੀਆਂ ਵਿਅਕਤੀਵਾਦੀ ਤੇ ਆਦਰਸ਼ਵਾਦੀ ਲਾਲਸਾਵਾਂ ਤੇ ਅਕਾਂਖਿਆਵਾਂ ਨੂੰ ਆਪਣੀ ਕਲਾ-ਕੌਸ਼ਲਤਾ ਦੁਆਰਾ ਬੜੀ ਹੀ ਸਫ਼ਲਤਾ ਨਾਲ ਪ੍ਰਗਟਾਅ ਸਕਣ ਦੇ ਸਮਰੱਥ ਹੈ। ਉਸ ਦੀਆਂ ਕਹਾਣੀਆਂ ਵਿਚ ਵਾਕਾਂ ਦਾ ਦੁਹਰਾਓ ਬੜਾ ਹੀ ਰੋਚਕ ਤੇ ਮਨੋਰੰਜਕ ਹੁੰਦਾ ਹੈ ਤੇ ਇਹ ਉਸ ਦੀ ਸ਼ੈਲੀ ਨੂੰ ਕਾਵਿਮਈ ਬਣਾਉਂਦਾ ਹੈ। ਇਹ ਨਿੱਕੇ-ਨਿੱਕੇ ਵਾਕਾਂ ਤੇ ਨਿੱਕੀਆਂ-ਨਿੱਕੀਆਂ ਉਕਤੀਆਂ ਨਾਲ ਆਪਣੀ ਕਹਾਣੀ ਦਾ ਵਾਯੂਮੰਡਲ ਉਸਾਰਨ ਵਿਚ ਝੱਟ ਹੀ ਸਫ਼ਲ ਹੋ ਜਾਂਦਾ ਹੈ।

1947 ਈ. ਤੋਂ ਪਿੱਛੋਂ ਉਸ ਨੇ 'ਅੱਗ ਖਾਣ ਵਾਲੇ', 'ਡੰਗਰ', 'ਨਵਾਂ ਘਰ', 'ਨਵਾਂ ਆਦਮੀ', 'ਕਰਾਮਾਤ', 'ਗੈਰਜ', 'ਫੁੱਲ ਤੋੜਨਾ ਮਨ੍ਹਾਂ ਹੈ', 'ਪਾਰੇ ਮੇਰੇ', 'ਇਕ ਛਿੱਟ ਚਾਨਣ ਦੀ', 'ਸਭੈ ਸਾਂਝੀਵਾਲ ਸਦਾਇਨ', 'ਮਾਝਾ ਨਹੀਂ ਮੋਇਆ' ਆਦਿ ਕਹਾਣੀ ਸੰਗ੍ਰਹਿਆਂ ਦੁਆਰਾ ਪੰਜਾਬੀ ਕਹਾਣੀ ਸਾਹਿਤ ਨੂੰ ਭਰਪੂਰ ਕੀਤਾ ਹੈ। ਭਾਵੇਂ ਉਸ ਨੇ ਦੇਸ਼ ਦੀ ਵੰਡ ਸੰਬੰਧੀ ਵੀ ਕੁੱਝ ਕਹਾਣੀਆਂ ਲਿਖੀਆਂ ਹਨ ਪਰ ਮੁੱਖ ਤੌਰ 'ਤੇ ਉਸ ਨੇ ਇਸਤਰੀ ਦੇ ਕੋਮਲ ਭਾਵਾਂ ਨੂੰ ਬੜੇ ਹੀ ਸੂਖ਼ਮ ਤੇ ਚੰਚਲ ਢੰਗ ਨਾਲ ਰੂਪਮਾਨ ਕੀਤਾ ਹੈ। ਉਹ ਲਿੰਗ ਸੰਬੰਧਾਂ ਬਾਰੇ ਕਾਫ਼ੀ ਖੁੱਲ੍ਹ ਕੇ ਗੱਲ ਕਰਨ ਦੀ ਦਲੇਰੀ ਕਰਦਾ ਹੈ। ਇਸ ਦੀਆਂ ਬਹੁਤੀਆਂ ਕਹਾਣੀਆਂ ਦੇ ਵਿਸ਼ੇ ਮਨੋਵਿਗਿਆਨਕ ਹੁੰਦੇ ਹਨ ਤੇ ਉਨ੍ਹਾਂ ਦਾ ਨਿਭਾਅ ਵੀ ਮਨੋਵਿਗਿਆਨਕ ਹੀ ਹੁੰਦਾ ਹੈ। ਉਸ ਨੇ ਤਕਨੀਕ ਦੇ ਪੱਖਾਂ ਤੋਂ ਨਵੀਨ ਤੋਂ ਨਵੀਨ ਪ੍ਰਯੋਗ ਕੀਤੇ ਹਨ ਜਿਸ ਕਰਕੇ ਉਸ

ਦੀਆਂ 'ਜਨਕ ਨਜ਼ੀਰ' ਵਰਗੀਆਂ ਕਹਾਣੀਆਂ ਰਿਪੋਰਤਾਜ ਦੀ ਵੰਨਗੀ ਪੇਸ਼ ਕਰਦੀਆਂ ਹਨ। ਉਸ ਨੇ ਚੇਤਨਾ-ਪ੍ਰਵਾਹ ਵਾਲੀਆਂ ਕਹਾਣੀਆਂ ਵੀ ਲਿਖੀਆਂ ਹਨ ਜਿਵੇਂ 'ਦਸਤਕ', 'ਇੰਦੂ ਸੋਚ ਰਹੀ ਸੀ', 'ਨਜ਼ਰ ਆਪਣੀ ਆਪਣੀ' ਆਦਿ।

1947 ਈ. ਤੋਂ ਪਹਿਲਾਂ ਦੇ ਕਹਾਣੀਕਾਰਾਂ ਵਿਚ ਨੌਰੰਗ ਸਿੰਘ ਦਾ ਉਲੇਖ ਕਰਨਾ ਵੀ ਜ਼ਰੂਰੀ ਹੈ। ਵੰਡ ਤੋਂ ਪੂਰਬ ਉਸ ਦੇ ਦੋ ਕਹਾਣੀ ਸੰਗ੍ਰਹਿ—ਬੋਝਲ ਪੰਡਾਂ ਅਤੇ 'ਭੁੱਖੀਆਂ ਰੂਹਾਂ', ਛਪੇ ਸਨ। ਉਸ ਦੀਆਂ ਅਧਿਕਤਰ ਕਹਾਣੀਆਂ ਪੇਂਡੂ ਜੀਵਨ ਨਾਲ ਸੰਬੰਧ ਰਖਦੀਆਂ ਹਨ ਤੇ ਉਹ ਗ਼ਰੀਬ ਸ਼੍ਰੇਣੀ ਦੇ ਸਮਾਜਕ ਤੇ ਆਰਥਕ ਮਸਲਿਆਂ ਦੁਆਲੇ ਉਸਾਰੀਆਂ ਹੁੰਦੀਆਂ ਹਨ। ਉਸ ਦੇ ਕੁਝ ਪਾਤਰ ਗੁਰਬਖ਼ਸ਼ ਸਿੰਘ ਵਾਂਗ ਆਦਰਸ਼ਵਾਦੀ ਹੁੰਦੇ ਹਨ। ਉਸ ਦੀ ਸ਼ੈਲੀ ਬੜੀ ਰੌਚਕ ਤੇ ਕਾਵਿਮਈ ਹੁੰਦੀ ਹੈ।

1947 ਈ. ਤੋਂ ਬਾਅਦ ਉਸ ਨੇ 'ਮਿਰਜ਼ੇ ਦੀ ਰੂਹ' ਅਤੇ 'ਬੂਹਾ ਖੁੱਲ੍ਹ ਗਿਆ' ਕਹਾਣੀ-ਸੰਗ੍ਰਹਿ ਲਿਖੇ ਹਨ ਜਿਨ੍ਹਾਂ ਵਿਚੋਂ ਉਸ ਦੀ ਰੁਮਾਂਚਿਕ ਸ਼ੈਲੀ ਪਰਤੱਖ ਝਲਕਦੀ ਹੈ।

ਦੇਸ਼ ਦੀ ਵੰਡ ਉਪਰੰਤ ਪੰਜਾਬੀ ਨਿੱਕੀ ਕਹਾਣੀ ਦੇ ਖੇਤਰ ਵਿਚ ਹੇਠ ਲਿਖੀਆਂ ਪ੍ਰਵਿਰਤੀਆਂ ਹੋਂਦ ਵਿਚ ਆਈਆਂ:

1. ਆਦਰਸ਼ਵਾਦੀ ਪ੍ਰਵਿਰਤੀ
2. ਯਥਾਰਥਵਾਦੀ ਪ੍ਰਵਿਰਤੀ
3. ਪ੍ਰਯੋਗਵਾਦੀ ਪ੍ਰਵਿਰਤੀ

**1. ਆਦਰਸ਼ਵਾਦੀ ਪ੍ਰਵਿਰਤੀ ਦੇ ਕਹਾਣੀਕਾਰ**

ਆਦਰਸ਼ਵਾਦੀ ਪ੍ਰਵਿਰਤੀ ਅਧੀਨ ਕਹਾਣੀ ਲਿਖਣ ਵਾਲੇ ਲੇਖਕਾਂ ਵਿਚ ਗੁਰਬਖ਼ਸ਼ ਸਿੰਘ, ਡਾ. ਮੋਹਣ ਸਿੰਘ ਦੀਵਾਨਾ, ਗੁਰਮੁਖ ਸਿੰਘ ਮੁਸਾਫ਼ਰ, ਨੌਰੰਗ ਸਿੰਘ, ਹੀਰਾ ਸਿੰਘ ਦਰਦ, ਹਰੀ ਸਿੰਘ ਦਿਲਬਰ ਤੇ ਸੋਹਣ ਸਿੰਘ ਸੀਤਲ ਆਦਿ ਹਨ। ਡਾ. ਮੋਹਣ ਸਿੰਘ ਦੀਵਾਨਾ ਨੇ ਕਹਾਣੀ ਖੇਤਰ ਵਿਚ 1947 ਈ. ਤੋਂ ਬਾਅਦ ਹੀ ਪ੍ਰਵੇਸ਼ ਕੀਤਾ ਤੇ ਉਪਰੋਥਲੀ ਤਿੰਨ ਕਹਾਣੀ ਸੰਗ੍ਰਹਿ 'ਦੇਵਿੰਦਰ ਬਤੀਸੀ', 'ਰੰਗ ਤਮਾਸ਼ੇ' ਤੇ 'ਪਰਾਂਦੀ' ਪ੍ਰਕਾਸ਼ਿਤ ਕੀਤੇ। ਡਾ. ਸਾਹਿਬ ਦੀਆਂ ਕਹਾਣੀਆਂ ਦਾ ਖਾਸ ਨੁਕਤਾ ਇਹ ਹੈ ਕਿ ਇਨ੍ਹਾਂ ਵਿਚ ਪ੍ਰਗਟ ਜਾਂ ਅਪ੍ਰਗਟ ਰੂਪ ਵਿਚ ਲੇਖਕ ਆਪ ਕੇਂਦਰੀ ਪਾਤਰ ਹੁੰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਤੀਖਣ ਬੁੱਧੀ, ਵਿਲਾਸ ਅਤੇ ਸੂਖਮ ਵਿਅੰਗ ਮਿਲਦਾ ਹੈ। ਉਹ ਜੀਵਨ ਦੇ ਵੱਖ-ਵੱਖ ਪੱਖਾਂ ਉੱਤੇ ਦਾਰਸ਼ਨਿਕ ਭਾਂਤ ਦੀ ਟਿੱਪਣੀ ਕਰਕੇ ਆਪਣੀਆਂ ਕਹਾਣੀਆਂ ਨੂੰ ਸਮਾਜ ਸੁਧਾਰਕ ਵੀ ਬਣਾ ਦਿੰਦੇ ਹਨ, ਉਨ੍ਹਾਂ ਦੀਆਂ ਕਹਾਣੀਆਂ ਦਾ ਉਦੇਸ਼ ਆਦਰਸ਼ਵਾਦੀ ਹੁੰਦਾ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਵੰਡ ਤੋਂ ਪੂਰਵ ਦੀ ਕਹਾਣੀ ਕਲਾ ਬਾਰੇ ਪਿੱਛੇ ਚਰਚਾ ਕੀਤੀ ਜਾ ਚੁੱਕੀ ਹੈ। 1947 ਈ. ਤੋਂ ਬਾਅਦ ਗੁਰਬਖ਼ਸ਼ ਸਿੰਘ ਦੇ 'ਪ੍ਰੀਤਾਂ ਦੇ ਪਹਿਰੇਦਾਰ', 'ਭਾਬੀ ਮੈਨਾ', 'ਸ਼ਬਨਮ', 'ਨਵੇਂ ਖੰਡਰ ਤੇ ਉਸਾਰੀ', 'ਆਖਰੀ ਸਬਕ', 'ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ' ਆਦਿ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਗੁਰਬਖ਼ਸ਼ ਸਿੰਘ ਨੇ ਆਦਰਸ਼ਵਾਦੀ ਵਿਸ਼ਿਆਂ ਨੂੰ ਆਪਣੀ ਰੁਮਾਂਟਿਕ ਤੇ ਕਾਵਿਕ ਸ਼ੈਲੀ ਦੁਆਰਾ ਬੜੇ ਹੀ ਰਸਿਕ ਭਾਵ ਪੂਰਨ ਢੰਗ ਨਾਲ ਮੂਰਤੀਮਾਨ ਕੀਤਾ ਹੈ ਭਾਵੇਂ ਉਸ ਦੀਆਂ ਕਹਾਣੀਆਂ ਤਕਨੀਕ ਦੇ ਪੱਖੋਂ ਤਰੁੱਟੀਪੂਰਨ ਹਨ ਤੇ ਲੋੜ ਤੋਂ ਵੱਧ ਲੰਬੀਆਂ ਹੁੰਦੀਆਂ ਹਨ ਪਰ ਪ੍ਰੀਤ ਜਿਹੇ ਭਾਵੁਕ ਵਿਸ਼ੇ ਉਦਾਲੇ ਉਸਾਰੀਆਂ ਹੋਣ ਕਰਕੇ ਅਤੇ ਆਪਣੇ ਨਿੱਜ ਦੀ ਛੂਹ ਕਾਰਨ ਉਹ ਬੜੀਆਂ ਹੀ ਮਨੋਰੰਜਕ ਤੇ ਪ੍ਰੇਰਨਾਦਾਇਕ ਬਣ ਜਾਂਦੀਆਂ ਹਨ।

**ਹਰੀ ਸਿੰਘ ਦਿਲਬਰ** ਨੇ 'ਹਲੂਣੇ', 'ਝੱਖੜ', 'ਮੱਸਿਆ ਦੇ ਦੀਵੇ', 'ਕੂੰਜਾਂ ਦੀ ਡਾਰ', 'ਝਨਾਂ ਦੇ ਪੱਤਣ' ਤੇ 'ਯਾਦਾਂ ਲਾਡਲੀਆਂ' ਆਦਿ ਕਹਾਣੀ ਸੰਗ੍ਰਹਿ ਪੰਜਾਬੀ ਦੀ ਭੇਟਾ ਕੀਤੇ ਹਨ। ਉਹ ਪੇਂਡੂ ਜੀਵਨ ਨੂੰ ਚਿਤਰਨ ਤੇ ਜਨ-ਸਾਧਾਰਨ ਦੇ ਸੁਭਾਅ ਉਲੀਕਣ ਵਿਚ ਬਹੁਤ ਮਾਹਿਰ ਹੈ। ਉਸ ਦਾ ਦ੍ਰਿਸ਼ਟੀਕੋਣ ਆਦਰਸ਼ਵਾਦੀ ਹੈ ਪਰ ਜ਼ਿੰਦਗੀ ਦੇ ਯਥਾਰਥ ਨੂੰ ਉਹ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਦੀ ਯੋਗਤਾ ਵੀ ਰਖਦਾ ਹੈ।

**ਸੋਹਣ ਸਿੰਘ ਸੀਤਲ** ਨੇ ਇਸ ਦੌਰ ਵਿਚ 'ਕਦਰਾਂ ਬਦਲ ਗਈਆਂ' ਅਤੇ 'ਅੰਤਰਯਾਮੀ' ਨਾਂ ਦੇ ਸੰਗ੍ਰਹਿ ਛਾਪੇ ਹਨ। ਉਹ ਪੇਂਡੂ ਜੀਵਨ ਨੂੰ ਯਥਾਰਥਵਾਦੀ ਢੰਗ ਨਾਲ ਚਿਤਰਨ ਵਿਚ ਕਾਫ਼ੀ ਨਿਪੁੰਨ ਹੈ। ਉਸ ਦਾ ਦ੍ਰਿਸ਼ਟੀਕੋਣ ਵੀ ਹਰੀ ਸਿੰਘ ਦਿਲਬਰ ਵਾਂਗ ਆਦਰਸ਼ਵਾਦੀ ਹੈ।

**ਗਿਆਨੀ ਹੀਰਾ ਸਿੰਘ ਦਰਦ** ਨੇ 1942 ਈ. ਤੋਂ ਬਾਅਦ 'ਆਸ ਦੀ ਤੰਦ' ਨਾਂ ਦਾ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ

ਕੀਤਾ ਸੀ। ਉਹ ਇਕ ਅਗਰਗਾਮੀ ਕਹਾਣੀਕਾਰ ਸੀ। ਜਿਸ ਦਾ ਆਪਣੇ ਵਿਸ਼ੇ-ਵਸਤੂ ਦਾ ਨਿਭਾ ਆਦਰਸ਼ਵਾਦੀ ਹੋ ਨਿਬੜਦਾ ਸੀ।

**2. ਯਥਾਰਥਵਾਦੀ ਪ੍ਰਵਿਰਤੀ ਵਾਲੇ ਕਹਾਣੀਕਾਰ**

ਯਥਾਰਥਵਾਦੀ ਰੁਚੀ ਅਧੀਨ ਕਹਾਣੀ ਲਿਖਣ ਵਾਲੇ ਕਹਾਣੀਕਾਰਾਂ ਵਿਚ ਅਸੀਂ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ, ਦੇਵਿੰਦਰ ਸਤਿਆਰਥੀ, ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ ਆਦਿ ਦੇ ਨਾਂ ਗਿਣ ਸਕਦੇ ਹਾਂ। ਇਨ੍ਹਾਂ ਵਿਚੋਂ ਪਹਿਲੇ ਚਾਰ ਦਾ ਜ਼ਿਕਰ ਅੱਗੇ ਆ ਚੁੱਕਾ ਹੈ। ਕੁਲਵੰਤ ਸਿੰਘ ਵਿਰਕ ਦੇ 'ਤੂੜੀ ਦੀ ਪੰਡ', 'ਧਰਤੀ ਤੇ ਆਕਾਸ਼', 'ਏਕਸ ਕੇ ਹਮ ਬਾਰਕ', 'ਛਾਹ ਵੇਲਾ', 'ਦੁੱਧ ਦਾ ਛੱਪੜ', 'ਦੁਆਦਸ਼ੀ', 'ਗੋਲਾਂ' ਅਤੇ 'ਨਵੇਂ ਲੋਕ' ਨਾਂ ਵਾਲੇ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਡਾ. ਸਵਿੰਦਰ ਸਿੰਘ ਉੱਪਲ ਅਨੁਸਾਰ ਕੁਲਵੰਤ ਸਿੰਘ ਵਿਰਕ ਪੰਜਾਬੀ ਕਹਾਣੀ ਬਾਗ਼ ਦਾ ਇਕ ਅਜਿਹਾ ਫੁੱਲ ਹੈ ਜਿਸ ਨੇ ਪੇਂਡੂ ਜੀਵਨ ਦੇ ਨਰੋਏਪਣ ਤੇ ਖੁੱਲ੍ਹੇਪਣ ਨੂੰ ਆਪਣੇ ਸੱਜਰੇ ਤੇ ਉਘੜਵੇਂ ਰੂਪਕਾਂ ਰਾਹੀਂ ਮਹਿਕਾਇਆ ਹੈ। ਉਹ ਕਰਤਾਰ ਸਿੰਘ ਦੁੱਗਲ ਵਾਂਗ ਸੁਹਜ ਪ੍ਰੇਮੀ ਹੈ ਤੇ ਕਿਸੇ ਵੀ ਸਮਾਜਕ ਜਾਂ ਆਰਥਕ ਮਨੋਤ ਅਧੀਨ ਕਹਾਣੀ ਦੀ ਰਚਨਾ ਨਹੀਂ ਕਰਦਾ ਸਗੋਂ ਮਾਨਵਵਾਦੀ ਪ੍ਰਭਾਵ ਨੂੰ ਪੇਸ਼ ਕਰਦਾ ਹੈ। ਉਹ ਕਾਮ ਸੰਬੰਧੀ ਵਿਸ਼ਿਆਂ ਨੂੰ ਬਿਨਾਂ ਕਿਸੇ ਝਿਜਕ ਦੇ ਹੱਥ ਪਾਉਂਦਾ ਹੈ ਤੇ ਇਨ੍ਹਾਂ ਨੂੰ ਅਜਿਹੇ ਕਲਾਮਈ ਢੰਗ ਨਾਲ ਬਿਆਨ ਕਰਦਾ ਹੈ ਕਿ ਉਸ ਦਾ ਸਾਰਾ ਦ੍ਰਿਸ਼ਟੀਕੋਣ ਯਥਾਰਥਵਾਦੀ ਰੂਪ ਵਿਚ ਉਘੜਦਾ ਹੈ। ਉਹ ਸਮਾਜਕ ਕੁਰੀਤੀਆਂ ਉੱਤੇ ਵਿਅੰਗ ਕਰਦਾ ਹੈ। ਉਸ ਦੀਆਂ ਕਹਾਣੀਆਂ ਦਾ ਇਕ ਖਾਸ ਗੁਣ ਇਹ ਹੈ ਕਿ ਉਹ ਪੱਛਮੀ ਕਦਰਾਂ-ਕੀਮਤਾਂ ਦੀ ਵਕਾਲਤ ਕਰਦਾ ਹੈ। ਉਹ ਆਪਣੇ ਪਾਤਰਾਂ ਨੂੰ ਮਨੋਵਿਗਿਆਨਕ ਤਰੀਕੇ ਨਾਲ ਚਿਤਰਦਾ ਹੈ ਪਰ ਉਸ ਦੀ ਸ਼ੈਲੀ ਨਾਟਕੀ, ਸਿੱਧੀ ਤੇ ਸੰਕੋਚਮਈ ਹੁੰਦੀ ਹੈ। ਉਹ ਸਮੇਂ ਨਾਲ ਕਦਮ ਮੇਚ ਕੇ ਤੁਰਦਾ ਹੈ ਤੇ ਨਵੀਂ ਪੈਦਾ ਹੋ ਰਹੀ ਸ਼ਹਿਰੀ ਮੱਧ ਸ਼੍ਰੇਣੀ ਦੀ ਪੇਸ਼ਕਾਰੀ ਕਰਦਾ ਹੈ।

**ਸੰਤੋਖ ਸਿੰਘ ਧੀਰ** (1929) ਵੀ ਵਿਰਕ ਵਾਂਗ ਪੇਂਡੂ ਜੀਵਨ ਨੂੰ ਚਿਤਰਨ ਵਾਲਾ ਕਹਾਣੀਕਾਰ ਹੈ ਪਰ ਜਿਥੇ ਵਿਰਕ ਕੇਂਦਰੀ ਪੰਜਾਬ ਦੇ ਪੇਂਡੂ ਜੀਵਨ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ, ਧੀਰ ਮਾਲਵੇ ਦੇ ਪਿੰਡ ਦੀ ਸੱਜਰੀ ਨੁਹਾਰ ਨੂੰ ਆਪਣੀਆਂ ਕਹਾਣੀਆਂ ਦਾ ਵਾਯੂਮੰਡਲ ਉਸਾਰਨ ਲਈ ਵਰਤਦਾ ਹੈ। ਧੀਰ ਆਪਣਾ ਧਿਆਨ ਜੀਵਨ ਦੀ ਖੂਬਸੂਰਤੀ ਅਤੇ ਗਤੀਸ਼ੀਲਤਾ ਵੱਲ ਦਿੰਦਾ ਹੈ। ਉਸ ਨੂੰ ਸਮਾਜ ਵਿਚ ਪਸਰੇ ਆਰਥਕ ਅਸੰਤੁਲਨ ਦਾ ਪੂਰਨ ਤੌਰ 'ਤੇ ਗਿਆਨ ਹੈ ਤੇ ਉਹ ਇਸ ਗ਼ੈਰ-ਕੁਦਰਤੀ ਆਰਥਕ ਨਾਬਰਾਬਰੀ ਨੂੰ ਆਪਣੀਆਂ ਕਹਾਣੀਆਂ ਰਾਹੀਂ ਉਘਾੜਦਾ ਹੈ। ਆਰਥਕ ਚੇਤਨਾ ਤੋਂ ਛੁੱਟ ਧੀਰ ਨੂੰ ਵਿਅਕਤੀ ਦੀਆਂ ਪਿਆਰ ਲੋੜਾਂ ਦਾ ਵੀ ਅਨੁਭਵ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਆਸ਼ਾਵਾਦੀ ਹੁੰਦੇ ਹਨ ਤੇ ਉਹ ਹਾਰ ਨਹੀਂ ਮੰਨਦੇ। ਸ਼ੁਰੂ-ਸ਼ੁਰੂ ਵਿਚ ਸੰਤੋਖ ਸਿੰਘ ਧੀਰ ਦਾ ਦ੍ਰਿਸ਼ਟੀਕੋਣ ਰੁਮਾਂਸਵਾਦੀ ਸੀ ਪਰ ਜੀਵਨ ਦੇ ਡੂੰਘੇ ਅਨੁਭਵ ਨੇ ਉਸ ਨੂੰ ਯਥਾਰਥਵਾਦੀ ਬਣਾ ਦਿੱਤਾ। ਉਸ ਦੀਆਂ ਕਹਾਣੀਆਂ ਵਿਚ ਸਵੈ-ਜੀਵਨੀ ਦਾ ਅੰਸ਼ ਵੀ ਮਿਲਦਾ ਹੈ। ਸਮਾਜਵਾਦੀ ਦ੍ਰਿਸ਼ਟੀ ਅਪਨਾਉਣ ਕਰਕੇ ਉਹ ਕਹਾਣੀ ਦੇ ਰੂਪ ਨਾਲੋਂ ਉਸ ਦੇ ਵਿਸ਼ੇ-ਵਸਤੂ ਉੱਤੇ ਵਧੇਰੇ ਜ਼ੋਰ ਦਿੰਦਾ ਹੈ। ਉਸ ਦੇ ਬਹੁਤੇ ਪਾਤਰ ਪੇਂਡੂ ਹੋਣ ਕਰਕੇ ਉਹ, ਇਨ੍ਹਾਂ ਦਾ ਚਿਤਰਨ ਸਰੀਰਕਤਾ ਦੇ ਰੂਪ ਵਿਚ ਕਰਦਾ ਹੈ ਕਿਉਂਕਿ ਪੇਂਡੂ ਲੋਕ ਜੀਵਨ ਦਾ ਬਹੁਤਾ ਭਾਗ ਸਰੀਰਕ ਰੂਪ ਵਿਚ ਹੀ ਬਤੀਤ ਕਰਦੇ ਹਨ। ਉਹ ਪੇਂਡੂ ਸਭਿਆਚਾਰ ਨੂੰ ਪੇਸ਼ ਕਰਨ ਵਾਲਾ ਇਕ ਸਫ਼ਲ ਕਹਾਣੀਕਾਰ ਹੈ।

ਯਥਾਰਥਵਾਦੀ ਰੁਚੀ ਅਧੀਨ ਰਚਨਾ ਕਰਨ ਵਾਲੇ ਕਹਾਣੀਕਾਰਾਂ ਵਿਚ ਜਸਵੰਤ ਸਿੰਘ ਕੰਵਲ ਤੇ ਬਲਵੰਤ ਗਾਰਗੀ ਵੀ ਹਨ। ਜਸਵੰਤ ਸਿੰਘ ਕੰਵਲ ਦੇ 'ਜ਼ਿੰਦਗੀ ਦੂਰ ਨਹੀਂ', 'ਕੰਡੇ', 'ਸੰਧੂਰ' ਅਤੇ 'ਰੂਪ ਦੇ ਰਾਖੇ' ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਉਸ ਨੂੰ ਵਧੇਰੇ ਕਰਕੇ ਨਾਵਲ ਖੇਤਰ ਵਿਚ ਪ੍ਰਸਿੱਧਤਾ ਪ੍ਰਾਪਤ ਹੋਈ ਹੈ। ਕਹਾਣੀ ਦੇ ਖੇਤਰ ਵਿਚ ਉਸ ਦੇ ਵਿਸ਼ੇ ਤਾਂ ਕਾਫ਼ੀ ਬਲਵਾਨ ਹੁੰਦੇ ਹਨ ਪਰ ਨਿਸ਼ਚਿਤ ਉਪਦੇਸ਼ ਅਧੀਨ ਲਿਖਣ ਕਰਕੇ ਉਸ ਦੀ ਕਹਾਣੀਆਂ ਕਲਾ ਦੇ ਪੱਖੋਂ ਕੁਝ ਕਮਜ਼ੋਰ ਹੁੰਦੀਆਂ ਹਨ। ਬਲਵੰਤ ਗਾਰਗੀ ਮੁੱਖ ਤੌਰ ਤੇ ਇਕ ਨਾਟਕਕਾਰ ਹੈ ਪਰ ਉਸ ਦੇ 'ਡੁੱਲ੍ਹੇ ਬੇਰ', 'ਕਾਲਾ ਅੰਬ', ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਕੇ ਕਹਾਣੀ ਖੇਤਰ ਵਿਚ ਵੀ ਆਪਣਾ ਕੁਝ ਸਥਾਨ ਬਣਾ ਲਿਆ ਹੈ। ਬਲਵੰਤ ਗਾਰਗੀ ਆਪਣੀਆਂ ਕਹਾਣੀਆਂ ਦੇ ਵਿਸ਼ਿਆਂ ਨੂੰ ਯਥਾਰਥਵਾਦੀ ਤਰੀਕੇ ਨਾਲ ਪੇਸ਼ ਕਰਨ ਵਾਲਾ ਲੇਖਕ ਹੈ।

**3. ਪ੍ਰਯੋਗਵਾਦੀ ਪ੍ਰਵਿਰਤੀ ਵਾਲੇ ਕਹਾਣੀਕਾਰ**

1947 ਤੋਂ ਬਾਅਦ ਪੰਜਾਬੀ ਕਹਾਣੀ ਆਦਰਸ਼ ਦੀ ਰੁਚੀ ਧਾਰਨ ਕਰਦੀ, ਯਥਾਰਥਵਾਦੀ ਪ੍ਰਵਿਰਤੀ ਅਧੀਨ

ਸਮਾਜਵਾਦੀ ਆਸ਼ੇ ਦਾ ਪ੍ਰਚਾਰ ਕਰਦੀ ਪ੍ਰਯੋਗ ਦੇ ਖੇਤਰ ਵਿਚ ਦਾਖਲ ਹੋ ਗਈ। ਸਾਡੇ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿਚ ਤੇਜ਼ ਰਫ਼ਤਾਰ ਮਨੁੱਖੀ ਜੀਵਨ ਵਿਚੋਂ ਨਿੱਕੇ-ਨਿੱਕੇ ਛਿਣ ਫੜਨ ਦਾ ਯਤਨ ਕੀਤਾ ਹੈ। ਪ੍ਰੋ. ਸੁਰਿੰਦਰਪਾਲ ਸਿੰਘ ਅਨੁਸਾਰ ਹੁਣ ਸਾਡਾ ਕਹਾਣੀਕਾਰ ਅਜਿਹੇ ਪਲ ਫੜਦਾ ਹੈ ਜਿਨ੍ਹਾਂ ਵਿਚ ਕੁਝ ਨਹੀਂ ਵਾਪਰਿਆ, ਕੋਈ ਘਟਨਾ ਨਹੀਂ, ਕੋਈ ਪਾਤਰ ਨਹੀਂ ਤੇ ਅੱਖ ਫਰਕਣ ਜਿੰਨਾ ਪਲ, ਜੋ ਆਇਆ ਤੇ ਗੁਜ਼ਰ ਗਿਆ ਤੇ ਕੁਝ ਵੀ ਨਹੀਂ ਹੋਇਆ। ਇਕ ਪੱਥਰ ਡਿੱਗ ਪਿਆ ਹੈ, ਇਕ ਬਿਜਲੀ ਚਮਕ ਪਈ ਹੈ। ਘੁਸਰ-ਮੁਸਰ, ਸੋਚ, ਸ਼ੋਰ, ਚੀਕ, ਹੱਸਣ ਦੀ ਆਵਾਜ਼, ਗਲਾਸਾਂ ਦੇ ਟਕਰਾਉਣ ਦੀ ਆਵਾਜ਼, ਘੜੀ ਦੀ ਟਿੱਕ-ਟਿੱਕ ਤੇ ਬਸ ਇਕ ਪਲ ਲੰਘ ਗਿਆ।[1]

ਪ੍ਰਯੋਗਵਾਦੀ ਕਹਾਣੀਕਾਰ ਕਈ ਪਲਾਂ ਨੂੰ ਇਕੱਠੇ ਕਰਦਾ ਹੈ। ਉਹ ਉਹਨਾਂ ਨੂੰ ਕੋਈ ਤਰਤੀਬ ਨਹੀਂ ਦਿੰਦਾ ਕੋਈ ਰੰਗ ਨਹੀਂ ਭਰਦਾ, ਕੋਈ ਆਦਰਸ਼ ਨਹੀਂ ਭਰਦਾ ਅਤੇ ਉਹ ਕੈਦ ਕੀਤੇ ਹੋਏ ਪਲ ਕਹਾਣੀ ਦਾ ਰੂਪ ਤਿਆਰ ਕਰ ਲੈਂਦੇ ਹਨ।[2] ਕਹਾਣੀ ਹੁਣ ਸਿੱਧੀ-ਸਾਦੀ ਤੇ ਸਮਝ ਵਿਚ ਆਉਣ ਵਾਲੀ ਨਹੀਂ। ਇਸ ਵਿਚ ਸਮੇਂ ਤੇ ਸਥਾਨ ਦੀ ਏਕਤਾ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ। ਇਹ ਕਿਸੇ ਗੋਂਦ ਅਧੀਨ ਨਹੀਂ ਲਿਖੀ ਜਾਂਦੀ। ਇਸ ਨਵੀਂ ਕਹਾਣੀ ਵਿਚ ਕੋਈ ਕਹਾਣੀ ਨਹੀਂ ਹੁੰਦੀ ਪਰ ਇਸ ਵਿਚ ਕੋਈ ਨਾ ਕੋਈ ਤਜਰਬਾ ਜਾਂ ਅਨੁਭਵ ਜ਼ਰੂਰ ਪੇਸ਼ ਕੀਤਾ ਹੁੰਦਾ ਹੈ। ਪ੍ਰਯੋਗਵਾਦੀ ਕਹਾਣੀ ਵਿਚ ਮਨੁੱਖ ਦੀ ਇਕੱਲਤਾ ਪ੍ਰਗਟਾਉਣ ਦਾ ਯਤਨ ਜ਼ਰੂਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਜ਼ਿੰਦਗੀ ਦੀ ਅਰਥਹੀਣਤਾ ਤੇ ਖੋਖਲੇਪਨ ਨੂੰ ਇਹ ਕਹਾਣੀ ਬਿਆਨ ਕਰਦੀ ਹੈ ਪਰ ਧਾਰਮਕ ਤੇ ਪਰੰਪਰਾਵਾਦੀ ਦ੍ਰਿਸ਼ਟੀ ਤੋਂ ਨਹੀਂ ਸਗੋਂ ਇਸ ਤਰ੍ਹਾਂ ਕਿ ਜਿਸ ਨੂੰ ਕਈ ਆਲੋਚਕ ਨਿਰਾਸ਼ਾਵਾਦ ਜਾਂ ਸਨਕੀਪੁਣਾ ਆਖ ਕੇ ਨਿੰਦਦੇ ਹਨ।

ਪੰਜਾਬੀ ਦੀਆਂ ਪ੍ਰਯੋਗਵਾਦੀ ਕਹਾਣੀਆਂ ਵਿਚ ਅਪੂਰਨ ਵਾਕ ਲਿਖੇ ਜਾ ਰਹੇ ਹਨ। ਬਹੁਤ ਕੁਝ ਅਣਕਿਹਾ ਹੀ ਛੱਡ ਦਿੱਤਾ ਜਾਂਦਾ ਹੈ। ਪਾਠਕ ਆਪ ਹੀ ਖੱਪੇ ਪੂਰ ਲੈਂਦਾ ਹੈ। ਭਿੰਨ-ਭਿੰਨ ਮੌਕਿਆਂ ਉੱਤੇ ਵਾਪਰੀਆਂ ਘਟਨਾਵਾਂ ਨੂੰ ਇਉਂ ਬਿਆਨ ਕੀਤਾ ਹੈ ਕਿ ਸਮੁੱਚਾ ਪ੍ਰਭਾਵ ਇਕ ਹੀ ਪੈਂਦਾ ਹੈ। ਕਹਾਣੀ ਲੇਖਕ ਕਦੇ ਪਿਛਲੇ ਸਮੇਂ ਦੇ ਕਿਸੇ ਛਿਣ ਦੀ ਗੱਲ ਕਰਨ ਲੱਗ ਪੈਂਦਾ ਹੈ, ਕਦੇ ਵਰਤਮਾਨ ਸਮੇਂ ਦੇ ਕਿਸੇ ਪਲ ਨੂੰ ਬਿਆਨ ਕਰਦਾ ਹੈ।

ਪੰਜਾਬੀ ਕਹਾਣੀ ਖੇਤਰ ਵਿਚ ਪ੍ਰਯੋਗਵਾਦੀ ਪ੍ਰਵਿਰਤੀ ਅਧੀਨ ਲਿਖਣ ਵਾਲੇ ਲੇਖਕਾਂ ਵਿਚ ਅਸੀਂ ਪਿਆਰਾ ਸਿੰਘ ਭੋਗਲ, ਅਜੀਤ ਕੌਰ, ਗੁਲਜ਼ਾਰ ਸੰਧੂ, ਪ੍ਰੇਮ ਪ੍ਰਕਾਸ਼, ਗੁਰਦਿਆਲ ਸਿੰਘ, ਬੂਟਾ ਸਿੰਘ, ਮਹਿਰਮ ਯਾਰ, ਦਲੀਪ ਕੌਰ ਟਿਵਾਣਾ, ਸੁਰਿੰਦਰ ਜੌਹਰ, ਜਸਵੰਤ ਸਿੰਘ ਵਿਰਦੀ, ਰਾਜਿੰਦਰ ਕੌਰ, ਮਹਿੰਦਰ ਸਿੰਘ ਸਰਨਾ, ਸੁਰਜੀਤ ਸਿੰਘ ਸੇਠੀ, ਮੋਹਨ ਭੰਡਾਰੀ ਅਤੇ ਐੱਨ ਕੌਰ ਆਦਿ ਨੂੰ ਗਿਣ ਸਕਦੇ ਹਾਂ।

ਅੱਜ ਦੇ ਸਮੇਂ ਦੀਆਂ ਬਦਲਦੀਆਂ ਸਮਾਜਕ ਕੀਮਤਾਂ ਕਰਕੇ ਹੁਣ ਇਸਤਰੀ ਅੱਗੇ ਨਾਲੋਂ ਵਧੇਰੇ ਸਤਿਕਾਰੀ ਜਾਣ ਲੱਗ ਪਈ ਹੈ। ਉਹ ਹੁਣ ਭਿੰਨ-ਭਿੰਨ ਖੇਤਰਾਂ ਵਿਚ ਮਰਦ ਵਾਂਗ ਕੰਮ ਕਰਦੀ ਹੈ ਜਿਸ ਕਰਕੇ ਉਸ ਦੀ ਸੋਚਣੀ, ਵਤੀਰੇ ਅਤੇ ਸਥਿਤੀ ਵਿਚ ਵਰਨਣਯੋਗ ਪਰਿਵਰਤਨ ਆ ਗਿਆ ਹੈ। ਕਹਾਣੀਕਾਰਾਂ ਨੇ ਇਸ ਬਦਲੀ ਹੋਈ ਸਥਿਤੀ ਨੂੰ ਪੂਰੀ ਤਰ੍ਹਾਂ ਅਨੁਭਵ ਕੀਤਾ ਹੈ ਤੇ ਉਹ ਆਪਣੀਆਂ ਕਹਾਣੀਆਂ ਵਿਚ ਅਜਿਹੇ ਪਾਤਰਾਂ ਤੇ ਭਾਵਾਂ ਦਾ ਬਿਆਨ ਕਰਨ ਲੱਗ ਪਏ ਹਨ ਜਿਨ੍ਹਾਂ ਦਾ ਉਲੇਖ ਸਾਡੇ ਪਹਿਲੇ ਕਹਾਣੀਕਾਰਾਂ ਵਿਚ ਨਹੀਂ ਸੀ ਹੁੰਦਾ। ਇਸ ਪ੍ਰਸੰਗ ਵਿਚ ਅਸੀਂ ਬੂਟਾ ਸਿੰਘ ਦੀ ਕਹਾਣੀ 'ਤੇਰਾ ਸਾਥ ਕਬੂਲ ਨਹੀਂ' ਤੇ ਗੁਲਜ਼ਾਰ ਸੰਧੂ ਦੀ ਕਹਾਣੀ 'ਸੀਤ ਪੋਟੇ' ਦੀ ਉਦਾਹਰਣ ਪੇਸ਼ ਕਰ ਸਕਦੇ ਹਾਂ।

ਨਵੀਂ ਪ੍ਰਯੋਗਵਾਦੀ ਕਹਾਣੀ ਵਿਚ ਲਿੰਗ ਸੰਬੰਧਾਂ ਦਾ ਖੁੱਲ੍ਹ ਕੇ ਵਰਨਣ ਕੀਤਾ ਜਾ ਰਿਹਾ ਹੈ। ਜਿਸ ਨੂੰ ਸਮਾਜਵਾਦੀ ਆਲੋਚਕ ਅਸ਼ਲੀਲ ਤੇ ਨਗਨ ਕਹਿ ਕੇ ਭੰਡਦੇ ਹਨ। ਉਂਜ ਤਾਂ ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਕਈ ਕਹਾਣੀਆਂ ਵਿਚ ਲਿੰਗ ਸੰਬੰਧਾਂ ਦੀ ਚਰਚਾ ਹੁੰਦੀ ਰਹੀ ਹੈ ਪਰ ਉਹ ਬੜੀ ਓਪਰੀ-ਓਪਰੀ ਹੁੰਦੀ ਸੀ ਤੇ ਇਉਂ ਪ੍ਰਤੀਤ ਹੁੰਦਾ ਸੀ ਕਿ ਲੇਖਕ ਜਾਂ ਪਾਠਕ ਉਸ ਚਰਚਾ ਨੂੰ ਪੜ੍ਹ ਕੇ ਲਿੰਗ ਸੁਆਦ ਮਾਣਦੇ ਹਨ। ਇਸ ਦੇ ਟਾਕਰੇ 'ਤੇ ਅੱਜ ਦੇ ਕਹਾਣੀਕਾਰ, ਕਹਾਣੀ ਵਿਚ ਲਿੰਗ ਵਾਸ਼ਨਾ ਨਾਲ ਸੰਬੰਧਤ ਘਟਨਾਵਾਂ ਨੂੰ ਇਉਂ ਬਿਆਨ ਕਰਦੇ ਹਨ ਜਿਵੇਂ ਉਹ ਮਨੁੱਖ ਦੀਆਂ ਕੁਦਰਤੀ ਕਾਮਨਾਵਾਂ ਦਾ ਸੁਭਾਵਕ ਸਿੱਟਾ ਹੋਣ। ਮਿਸਾਲ ਵਜੋਂ ਪਿਆਰਾ ਸਿੰਘ ਭੋਗਲ ਦੀ ਕਹਾਣੀ 'ਤੂੰ ਮੈਂ ਉਹ' ਵਿਚ ਲਿੰਗ ਜਾਂ ਪਿਆਰ ਦੇ ਜਜ਼ਬੇ ਨੂੰ ਕੁਦਰਤੀ ਰੂਪ ਵਿਚ ਚਿਤਰਿਆ ਗਿਆ ਹੈ।

1. ਪੰਜਾਬੀ ਕਹਾਣੀਕਾਰ, ਪੰਨਾ 257
1. ਪੰਜਾਬੀ ਕਹਾਣੀ, ਨਵੇਂ ਪ੍ਰਯੋਗ, ਪੰਨਾ 71
2. ਉਹੀ, ਪੰਨਾ 71

ਨਵੇਂ ਕਹਾਣੀਕਾਰਾਂ ਨੇ ਸਾਡੇ ਪਿੰਡਾਂ ਤੇ ਸ਼ਹਿਰਾਂ ਵਿਚ ਆਏ ਸਮਾਜਕ, ਆਰਥਕ ਅਤੇ ਰਾਜਨੀਤਕ ਪਰਿਵਰਤਨ ਨੂੰ ਵੀ ਪੂਰੀ ਤਰ੍ਹਾਂ ਧਿਆਨ ਵਿਚ ਲਿਆਂਦਾ ਹੈ। ਗੁਲਜ਼ਾਰ ਸੰਧੂ, ਗੁਰਦਿਆਲ ਸਿੰਘ ਅਤੇ ਪਿਆਰਾ ਸਿੰਘ ਭੋਗਲ ਨੇ ਪੇਂਡੂ ਜੀਵਨ ਨੂੰ ਬਹੁਤ ਨੇੜੇ ਹੋ ਕੇ ਚਿਤਰਿਆ ਹੈ। ਪਰ ਨਵੇਂ ਪ੍ਰਯੋਗ ਕਰਨ ਵਾਲੇ ਕਹਾਣੀਕਾਰਾਂ ਨੇ ਪੇਂਡੂ ਜੀਵਨ ਦੇ ਟਾਕਰੇ 'ਤੇ ਸ਼ਹਿਰੀ ਜੀਵਨ ਨੂੰ ਵਧੇਰੇ ਚੰਗੀ ਤਰ੍ਹਾਂ ਪੇਸ਼ ਕੀਤਾ ਹੈ। ਪਾਤਰਾਂ ਦੇ ਸੁਭਾਅ ਚਿਤਰਨ ਸਮੇਂ ਉਨ੍ਹਾਂ ਨੇ ਬਦਲਦੀਆਂ ਹੋਈਆਂ ਕੀਮਤਾਂ ਤੇ ਅਜੋਕੀ ਵਿਅਕਤੀਗਤ ਰੁਚੀ ਨੂੰ ਬੜੀ ਸਫ਼ਲਤਾ ਨਾਲ ਨਿਭਾਇਆ ਹੈ। ਨਵੀਨ ਕਹਾਣੀਆਂ ਵਿਚ ਯੂਨੀਵਰਸਿਟੀਆਂ, ਕਾਲਜਾਂ, ਕਾਫ਼ੀ ਹਾਊਸਾਂ, ਹੋਸਟਲਾਂ, ਟੀ ਸਟਾਲਾਂ, ਬਸ ਸਟਾਪਾਂ, ਦਫ਼ਤਰਾਂ, ਸੜਕਾਂ, ਬਾਜ਼ਾਰਾਂ ਆਦਿ ਦਾ ਕੇਵਲ ਜ਼ਿਕਰ ਹੀ ਨਹੀਂ ਹੁੰਦਾ ਸਗੋਂ ਇਨ੍ਹਾਂ ਭਿੰਨ-ਭਿੰਨ ਸਥਾਨਾਂ ਉੱਤੇ ਜਿਹੜਾ ਜੀਵਨ ਬਤੀਤ ਕੀਤਾ ਜਾ ਰਿਹਾ ਹੈ ਉਸ ਦੀ ਵਾਸਤਵਿਕ ਤਸਵੀਰ ਵੀ ਹੁੰਦੀ ਹੈ। ਪ੍ਰੇਮ ਪ੍ਰਕਾਸ਼, ਅਜੀਤ ਕੌਰ ਤੇ ਬੂਟਾ ਸਿੰਘ ਆਦਿ ਕਹਾਣੀਕਾਰ ਇਸ ਪ੍ਰਸੰਗ ਵਿਚ ਵਰਨਣਯੋਗ ਹਨ।

ਕੁਝ ਕਹਾਣੀਕਾਰਾਂ ਨੇ ਕੇਵਲ ਮੱਧ ਸ਼੍ਰੇਣੀ ਨੂੰ ਹੀ ਆਪਣੀਆਂ ਕਹਾਣੀਆਂ ਵਿਚ ਨਹੀਂ ਚਿਤਰਿਆ ਸਗੋਂ ਦਲਿਤ ਸ੍ਰੇਣੀ ਨੂੰ ਵੀ ਹਮਦਰਦੀ ਨਾਲ ਪੇਸ਼ ਕੀਤਾ ਹੈ। ਇਸ ਤਰ੍ਹਾਂ ਦੀਆਂ ਕਹਾਣੀਆਂ ਲਿਖਣ ਵਾਲੇ ਪਿਆਰਾ ਸਿੰਘ ਭੋਗਲ ਤੇ ਪ੍ਰੇਮ ਪ੍ਰਕਾਸ਼ ਹਨ।

ਸੰਸਾਰ ਵਿਚ ਪਿਛਲੇ ਕੁੱਝ ਦਹਾਕਿਆਂ ਵਿਚ ਜਿਹੜੀਆਂ ਵਿਗਿਆਨਕ ਖੋਜਾਂ ਹੋਈਆਂ ਹਨ ਤੇ ਪਦਾਰਥਕ ਉੱਨਤੀ ਹੋਈ ਹੈ। ਉਸ ਕਰਕੇ ਮਨੁੱਖ ਦੀ ਰੁਚੀ ਪਦਾਰਥਵਾਦੀ ਹੋ ਗਈ ਹੈ। ਪਰ ਪਿਛਲੇ ਦੋ ਮਹਾਨ ਯੁੱਧਾਂ ਦੀ ਤਬਾਹੀ ਦੇ ਦਾਰਸ਼ਨਿਕਾਂ ਨੂੰ ਇਹ ਸੋਚਣ ਤੇ ਮਜਬੂਰ ਕਰ ਦਿੱਤਾ ਹੈ ਕਿ ਮਨੁੱਖ ਕਰਮ ਨੂੰ ਅਪਣਾਵੇ ਜਾਂ ਵਿਗਿਆਨ ਦਾ ਸਹਾਰਾ ਲਵੇ। ਇਸ ਦਵੰਦਮਈ ਅਵਸਥਾ ਵਿਚ ਜੀਵਨ ਤੋਂ ਨਿਰਾਸ਼ ਹੋ ਕੇ ਮਨੁੱਖ ਨੇ ਆਪਣੇ ਆਪ ਨੂੰ ਮੈਂ ਤੇ ਕੇਂਦਰਤ ਕਰ ਲਿਆ ਤੇ ਆਪਣੀ ਹੋਂਦ ਤੋਂ ਬਿਨਾਂ ਉਸ ਨੂੰ ਬਾਕੀ ਦਾ ਸਾਰਾ ਸੰਸਾਰ ਝੂਠਾ ਜਾਪਣ ਲੱਗ ਪਿਆ। ਇਸ ਸਿਧਾਂਤ ਦੇ ਸੰਸਥਾਪਕ ਸੰਸਾਰ ਪ੍ਰਸਿੱਧ ਦਾਰਸ਼ਨਿਕ ਯਾਂ ਪਾਲ ਸਾਰਤਰ (Jean Paul Sartur) ਹਨ ਤੇ ਇਸ ਨੂੰ ਅਸਤਿਤਵਵਾਦ ਦਾ ਨਾਂ ਦਿੱਤਾ ਜਾਂਦਾ ਹੈ। ਭਾਵੇਂ ਇਹ ਰੁਚੀ ਪੰਜਾਬੀ ਕਹਾਣੀ ਖੇਤਰ ਵਿਚ ਪੂਰੀ ਤਰ੍ਹਾਂ ਵਿਕਸਿਤ ਰੂਪ ਵਿਚ ਵੇਖਣ ਵਿਚ ਨਹੀਂ ਆਉਂਦੀ ਪਰ ਪ੍ਰਯੋਗ ਰੂਪ ਵਿਚ ਇਸ ਦੀ ਵਰਤੋਂ ਦਲੀਪ ਕੌਰ ਟਿਵਾਣਾ ਅਤੇ ਬੂਟਾ ਸਿੰਘ ਨੇ ਕੀਤੀ। ਟਿਵਾਣਾ ਦੇ ਕਹਾਣੀ ਸੰਗ੍ਰਹਿ 'ਯਾਤਰਾ' ਵਿਚ ਅਸਤਿਤਵਵਾਦ ਦੀ ਵਰਤੋਂ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ ਜਿਵੇਂ 'ਇਹ ਕੌਣ ਏ' ਤੇ 'ਭੁਲੇਖਾ' ਨਾਂ ਦੀਆਂ ਕਹਾਣੀਆਂ ਵਿਚ।

**ਚੇਤਨਾ-ਪ੍ਰਵਾਹ ਦਾ ਪ੍ਰਯੋਗ**

ਕਰਤਾਰ ਸਿੰਘ ਦੁੱਗਲ, ਮਹਿੰਦਰ ਸਿੰਘ ਸਰਨਾ ਤੇ ਕੁਲਵੰਤ ਸਿੰਘ ਵਿਰਕ ਨੇ ਵੀ ਚੇਤਨਾ-ਪ੍ਰਵਾਹ ਵਾਲੀਆਂ ਕਹਾਣੀਆਂ ਲਿਖੀਆਂ ਸਨ ਪਰ ਇਨ੍ਹਾਂ ਲੇਖਕਾਂ ਨੇ ਸੁਚੇਤ ਤੌਰ 'ਤੇ ਇਸ ਢੰਗ ਨੂੰ ਨਹੀਂ ਸੀ ਅਪਣਾਇਆ। ਪ੍ਰੇਮ ਪ੍ਰਕਾਸ਼ 'ਟਾਕੀ' ਵਰਗੀਆਂ ਕਹਾਣੀਆਂ ਵਿਚ ਚੇਤਨ ਮਨ ਦੇ ਪ੍ਰਵਾਹ ਨੂੰ ਯਥਾਰਥਕ ਤਰੀਕੇ ਨਾਲ ਚਿਤਰਦਾ ਹੈ। ਇਸ ਕਹਾਣੀ ਵਿਚ ਮੁੱਖ ਪਾਤਰ ਨੂੰ ਕੋਸੇ ਪਾਣੀ ਨਾਲ ਨਹਾਉਣ, ਫਸਲਾਂ ਵਿਚ ਉਗੀ ਭੰਗ ਨੂੰ ਵੇਖ ਕੇ ਮੇਲੇ ਦੇ ਚਾਅ ਵਿਚ ਕਿਸੇ ਕੁੜੀ ਦੀ ਯਾਦ, ਪਾਣੀ ਦਆਂ ਖਾਲਾਂ, ਗਰਮ ਰੋਟੀਆਂ, ਸ਼ਰਾਬ, ਵੇਸਵਾ, ਭੌਂਕਦੇ ਕੁੱਤੇ, ਪਿੰਡ ਦੀਆਂ ਕੁੜੀਆਂ ਦੇ ਉਧਾਲੇ ਆਦਿ ਦੇ ਵਿਚਾਰ ਆਉਂਦੇ ਹਨ। ਬੂਟਾ ਸਿੰਘ ਦੀ ਕਹਾਣੀ 'ਅਧਵਾਟੇ' ਵੀ ਚੇਤਨਾ ਪ੍ਰਵਾਹ ਦੇ ਪ੍ਰਯੋਗ ਵਾਲੀ ਕਹਾਣੀ ਹੈ। ਅਜੀਤ ਕੌਰ ਦੀ ਕਹਾਣੀ 'ਸੂਲੀ ਤੇ ਲਟਕੇ ਪਲ' ਵੀ ਇਸ ਪ੍ਰਕਾਰ ਦਾ ਇਕ ਸਫ਼ਲ ਪ੍ਰਯੋਗ ਹੈ।

ਹੁਣ ਕਹਾਣੀ ਵਿਚ ਪਾਤਰ ਚਿਤਰਨ ਦੇ ਪੱਖੋਂ ਵੀ ਨਵੇਂ ਪ੍ਰਯੋਗ ਕੀਤੇ ਜਾ ਰਹੇ ਹਨ। ਹੁਣ ਪਾਤਰ ਦਾ ਸਰੀਰਕ ਚਿਤਰਨ ਏਨਾ ਜ਼ਰੂਰੀ ਨਹੀਂ ਸਮਝਿਆ ਜਾਂਦਾ ਜਿੰਨਾ ਉਸ ਦਾ ਮਾਨਸਕ ਚਿਤਰਨ। ਪਾਤਰ ਚਿਤਰਨ ਹੁਣ ਰੇਖਾ ਚਿਤਰ ਵਿਚ ਵੀ ਬਦਲ ਰਿਹਾ ਹੈ। ਰੇਖਾ ਚਿਤਰਣ ਵਿਚ ਸੰਪੂਰਨ ਤੇ ਵਿਸਥਾਰ ਦੀ ਥਾਂ ਕਿਸੇ ਟੁਕੜੇ ਜਾਂ ਵਿਸ਼ੇਸ਼ ਅੰਗ ਨੂੰ ਹੀ ਮੁੱਖ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ। ਭਾਵੇਂ ਰੇਖਾ-ਚਿੱਤਰ ਨੂੰ ਜੀਵਨੀ ਦੇ ਅੰਤਰਗਤ ਵੀ ਵਿਚਾਰਿਆ ਜਾਂਦਾ ਹੈ ਪਰ ਇਹ ਕਹਾਣੀ ਖੇਤਰ ਦੀ ਕਲਾ ਵਧੇਰੇ ਪ੍ਰਤੀਤ ਹੁੰਦੀ ਹੈ। ਰੇਖਾ-ਚਿੱਤਰ ਵਿਚ ਲਿਖਾਰੀ ਗੌਂਦ ਦੀ ਥਾਂ ਕਿਸੇ ਇਕ ਪਾਤਰ ਦੇ ਮਨੋਵਿਗਿਆਨਕ ਵਿਸ਼ਲੇਸ਼ਣ 'ਤੇ ਵਧੇਰੇ ਜ਼ੋਰ ਦਿੰਦਾ ਹੈ। ਭਾਵੇਂ ਚਰਨ ਸਿੰਘ ਸ਼ਹੀਦ ਨੇ ਵਰਿਆਮ ਨਾਂ ਦੇ ਅਮਰ ਪਾਤਰ ਤੇ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ ਅਤੇ ਦੇਵਿੰਦਰ ਸਤਿਆਰਥੀ ਨੇ ਵੀ ਕਿਤੇ-ਕਿਤੇ ਕਈ ਰੇਖਾ-ਚਿੱਤਰ ਲਿਖੇ ਹਨ ਪਰ ਨਵੀਨ ਪ੍ਰਯੋਗਾਂ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਵਿਚ ਬੜੀਆਂ ਤਰੁੱਟੀਆਂ ਹਨ। ਕੁਲਵੰਤ ਸਿੰਘ ਵਿਰਕ ਦਾ 'ਚਾਚਾ', ਬੂਟਾ

ਸਿੰਘ ਦਾ 'ਮਾਈ ਸਧਰਾਂ', ਦਲੀਪ ਕੌਰ ਟਿਵਾਣਾ ਦਾ 'ਬੀਬੀ ਬੰਸੋ', ਗੁਰਦਿਆਲ ਸਿੰਘ ਦਾ 'ਬਕਲਮ ਖੁਦ' ਪ੍ਰਯੋਗਵਾਦੀ ਰੇਖਾ ਚਿੱਤਰਾਂ ਦੀਆਂ ਕੁਝ ਕੁ ਉਦਾਹਰਣਾਂ ਹਨ।

ਕਈ ਲੇਖਕ ਰਿਪੋਰਤਾਜ ਜਾਂ ਸੂਚਨਿਕਾਂ ਦੇ ਢੰਗ ਦੀਆਂ ਕਹਾਣੀਆਂ ਵੀ ਲਿਖ ਰਹੇ ਹਨ ਜਿਵੇਂ ਬੂਟਾ ਸਿੰਘ, ਪ੍ਰੇਮ ਪ੍ਰਕਾਸ਼, ਅਜੀਤ ਕੌਰ ਅਤੇ ਗੁਰਦਿਆਲ ਸਿੰਘ। ਬੂਟਾ ਸਿੰਘ ਦੀ ਬਾਬਾ ਪ੍ਰੇਮ ਸਿੰਘ ਤੇ ਚਾਚਾ ਕਰੀਮ ਬਖ਼ਸ਼, ਪ੍ਰੇਮ ਪ੍ਰਕਾਸ਼ ਦੀ 'ਕੀੜੇ ਦਾ ਰਿਜ਼ਕ', ਅਜੀਤ ਕੌਰ ਦੀ 'ਇਕ ਪਿਆਲਾ ਦੋ ਹੋਂਠ' ਅਤੇ ਗੁਰਦਿਆਲ ਸਿੰਘ ਦੀ 'ਕੀਟ ਮਨੁੱਖ, ਮੈਨੂੰ ਕੀ ਸਾਰ' ਰਿਪੋਰਤਾਜ ਦੀਆਂ ਸੁੰਦਰ ਉਦਾਹਰਨਾਂ ਹਨ।

ਨਵੀਨਤਮ ਪ੍ਰਯੋਗਾਂ ਵਿਚ ਨਿਬੰਧ ਰੂਪੀ ਕਹਾਣੀ ਦਾ ਵਰਨਣ ਕਰਨਾ ਵੀ ਜ਼ਰੂਰੀ ਜਾਪਦਾ ਹੈ। ਸੰਤ ਸਿੰਘ ਸੇਖੋਂ ਦੇ ਕਹਾਣੀ ਸੰਗ੍ਰਹਿ 'ਤੀਜਾ ਪਹਿਰ' ਵਿਚ ਕਈ ਕਹਾਣੀਆਂ ਨਿਬੰਧ ਰੂਪੀ ਹਨ ਜਿਵੇਂ 'ਟੱਪਰੀ ਵਾਸ ਮੁੰਡਾ', 'ਘੋਖਿਆਂ ਦਾ ਚੌਂਕ' ਆਦਿ। ਇਸੇ ਤਰ੍ਹਾਂ ਈਸ਼ਵਰ ਚਿੱਤਰਕਾਰ, ਸੂਬਾ ਸਿੰਘ ਤੇ ਪਿਆਰਾ ਸਿੰਘ ਦਾਤਾ ਨੇ ਇਸ ਪ੍ਰਕਾਰ ਦੀਆਂ ਕਹਾਣੀਆਂ ਲਿਖੀਆਂ ਹਨ।

ਉਪਰੋਕਤ ਵਿਚਾਰ ਤੋਂ ਉਪਰੰਤ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਪੰਜਾਬੀ ਕਹਾਣੀ ਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਕਾਫ਼ੀ ਲੰਬਾ ਪੈਂਡਾ ਮਾਰ ਲਿਆ ਹੈ ਅਤੇ ਇਹ ਸੰਸਾਰ ਦੀਆਂ ਦੂਜੀਆਂ ਉੱਨਤ ਭਾਸ਼ਾਵਾਂ ਦੀਆਂ ਕਹਾਣੀਆਂ ਦੇ ਬਰਾਬਰ ਖੜ੍ਹਨ ਦੇ ਸਮਰੱਥ ਹੋ ਗਈ ਹੈ।

**(2)**

ਹੋਰ ਸਾਹਿਤਾਂ ਰੂਪਾਂ ਵਾਂਗ 1960 ਈ. ਤੋਂ ਪੰਜਾਬੀ ਨਿੱਕੀ ਕਹਾਣੀ ਵਿਚ ਵੀ ਨਵੇਂ ਪ੍ਰਯੋਗ ਹੋਏ ਹਨ। ਪਹਿਲੇ ਪੋਚ ਦੇ ਲੇਖਕ ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ ਤੇ ਅੰਮ੍ਰਿਤਾ ਪ੍ਰੀਤਮ ਆਦਿ ਵੀ ਕਹਾਣੀਆਂ ਲਿਖਦੇ ਰਹੇ ਹਨ ਤੇ ਕੁੱਝ ਨਵੇਂ ਲੇਖਕ ਮਹਿੰਦਰ ਸਿੰਘ ਸਰਨਾ, ਜਸਵੰਤ ਸਿੰਘ ਵਿਰਦੀ, ਗੁਲਵੰਤ ਫਾਰਗ, ਗੁਰਬਖ਼ਸ਼ ਬਾਹਵਲੀ, ਅਜੀਤ ਸੈਣੀ, ਬਲਬੀਰ ਮੋਮੀ, ਬਲਦੇਵ ਬਲ, ਰਾਜ ਸ਼ਰਮਾ, ਗੁਰਬਖ਼ਸ਼ ਸਿੰਘ, ਗੁਲਜ਼ਾਰ ਸਿੰਘ ਸੰਧੂ, ਗੁਰਮੁਖ ਜੀਤ, ਮੋਹਨ ਭੰਡਾਰੀ ਤੇ ਰਘਬੀਰ ਢੰਡ ਆਦਿ ਨੇ ਕਹਾਣੀ ਰਚਨਾ ਵਿਚ ਹਿੱਸਾ ਪਾਇਆ। ਇਸ ਸਮੇਂ ਕਹਾਣੀ ਦੇ ਖੇਤਰ ਵਿਚ ਹੇਠ ਲਿਖੇ ਝੁਕਾਅ ਪੈਦਾ ਹੋਏ।

**ਪ੍ਰਯੋਗਵਾਦੀ ਕਹਾਣੀ**

ਇਸ ਸਮੇਂ ਦੀ ਸਮੁੱਚੀ ਕਹਾਣੀ ਦਾ ਝੁਕਾਅ ਪਹਿਲੀ ਆਦਰਸ਼ਵਾਦੀ ਸੋਚਣੀ ਤੋਂ ਉਲਟ ਮਨੋਵਿਗਿਆਨਕ ਰਿਹਾ ਹੈ। ਪੇਂਡੂ ਤੇ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਵੇਖਣ ਦੀ ਪਿਰਤ ਪਈ ਹੈ। ਇਹਨਾਂ ਕਹਾਣੀਆਂ ਵਿਚ ਵਧੇਰੇ ਸ਼ਹਿਰੀ ਜੀਵਨ ਨੂੰ ਆਧਾਰ ਬਣਾਇਆ ਗਿਆ ਹੈ। ਇਹ ਜੀਵਨ ਮੱਧ ਵਰਗ ਦਾ ਜੀਵਨ ਹੈ, ਜਿਸ ਵਿਚ ਹਰ ਛੋਟੀ ਤੋਂ ਛੋਟੀ ਸਮੱਸਿਆ ਮੱਧ ਵਰਗੀ ਮਨੁੱਖਾਂ ਦੇ ਸੰਤੁਲਨ ਨੂੰ ਭੰਗ ਕਰ ਦਿੰਦੀ ਹੈ। ਮਹਿੰਦਰ ਸਿੰਘ ਸਰਨਾ ਦੀ 'ਸੁਪਨਿਆਂ ਦੀ ਸੀਮਾ', ਦੇਵਿੰਦਰ ਦੀ 'ਇਕ ਪਲ ਦਾ ਮਸੀਹਾ', 'ਦੋ ਕਿਨਾਰੇ', 'ਖੁਸ਼ਬੋ', ਗੁਲਵੰਤ ਫ਼ਾਰਗ ਦੀ 'ਚਾਂਦੀ ਦਾ ਪੁਲ' ਆਦਿ ਵਰਨਣ ਯੋਗ ਪੁਸਤਕਾਂ ਹਨ। ਇਸ ਤੋਂ ਬਿਨਾਂ ਇਸਤਰੀ ਲੇਖਕਾਂ ਨੇ ਵੀ ਕਹਾਣੀ ਸਿਰਜਣਾ ਵਿਚ ਕਾਫ਼ੀ ਹਿੱਸਾ ਪਾਇਆ ਹੈ। ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਅਤੇ ਐਨ ਕੌਰ ਆਦਿ ਦੇ ਨਾਂ ਵੀ ਵਰਣਨਯੋਗ ਹਨ। ਇਨ੍ਹਾਂ ਵਿਚੋਂ ਅੰਮ੍ਰਿਤਾ ਦੀਆਂ ਕਹਾਣੀਆਂ ਨਿਰੋਲ ਰੁਮਾਂਸਵਾਦੀ ਸ਼ੈਲੀ ਦੀਆਂ ਹਨ। ਦਲੀਪ ਕੌਰ ਟਿਵਾਣਾ ਦੀਆਂ ਕੁੱਝ ਕਹਾਣੀਆਂ ਅੰਮ੍ਰਿਤਾ ਪ੍ਰੀਤਮ ਦੀ ਪਰਿਪਾਟੀ ਨਾਲ ਮੇਲ ਖਾਂਦੀਆਂ ਹਨ ਤੇ ਕੁੱਝ ਨਵੇਂ ਪ੍ਰਯੋਗ ਵੀ ਹਨ ਪਰ ਟਿਵਾਣਾ ਦਾ ਵਿਸ਼ਾ ਵੀ ਅੰਮ੍ਰਿਤਾ ਵਾਂਗ ਇਸਤਰੀ ਪਾਤਰਾਂ ਦੀਆਂ ਮਜਬੂਰੀਆਂ ਪੇਸ਼ ਕਰਨਾ ਹੀ ਰਿਹਾ ਹੈ। ਅਜੀਤ ਕੌਰ ਦੀਆਂ ਕਹਾਣੀਆਂ ਜ਼ਰੂਰ ਮਨੋਵਿਗਿਆਨਕ ਯਥਾਰਥਵਾਦ ਨਾਲ ਸੰਬੰਧ ਰੱਖਦੀਆਂ ਹਨ। ਪਹਿਲੀ ਵਾਰ ਇਕ ਇਸਤਰੀ ਲੇਖਕ ਨੇ ਔਰਤ ਦੀਆਂ ਸਮੱਸਿਆਵਾਂ ਦਾ ਮੂਲ ਕੇਵਲ ਮਰਦ ਵਿਚੋਂ ਹੀ ਨਾ ਲੱਭ ਕੇ ਸਮਾਜ ਜਾਂ ਉਸ ਦੇ ਆਪਣੇ ਹੀ ਅੰਤਰ-ਮਨ ਵਿਚੋਂ ਲੱਭਣ ਦਾ ਯਤਨ ਕੀਤਾ ਹੈ। ਪ੍ਰਯੋਗਵਾਦੀਆਂ ਵਿਚੋਂ ਸਭ ਨਾਲੋਂ ਵੱਧ ਜਸਵੰਤ ਸਿੰਘ ਵਿਰਦੀ (ਪੀੜ ਪਰਾਈ), ਹਰਬੰਸ ਸਿੰਘ ਜੋਲੀ (ਚੀਕਾਂ, ਇਕ ਰਾਤ ਪਰਭਾਤ, ਪ੍ਰੀਤ ਮਿਲਣੀ ਆਦਿ) ਲੋਚਨ ਸਿੰਘ ਬਖ਼ਸ਼ੀ, (ਪਾਪ ਪੁੰਨ ਤੋਂ ਪਰੇ, ਵਰ ਤੇ ਸਰਾਪ, ਭਰੇ ਮੇਲੇ ਵਿਚ) ਆਦਿ ਸਫ਼ਲ ਕਹਾਣੀਕਾਰ ਹਨ ਜਿਨ੍ਹਾਂ ਨੇ ਉਪਰਲੀ ਮੱਧ ਸ਼੍ਰੇਣੀ ਦੇ ਦੰਭ ਤੋਂ ਪਰਦਾ ਚੁੱਕ ਕੇ ਉਸ ਦੀ ਅੰਦਰੂਨੀ ਜ਼ਿੰਦਗੀ ਦੀ ਕੌੜੀ ਹਕਕੀਤ ਨੂੰ ਨੰਗਾ ਕਰਨ ਦੀ ਦਲੇਰੀ ਕੀਤੀ ਹੈ।

**ਨਵ-ਪ੍ਰਗਤੀਵਾਦੀ ਜਾਂ ਜੁਝਾਰਵਾਦੀ ਕਹਾਣੀ**

ਇਸ ਝੁਕਾਅ ਅਧੀਨ ਅਸੀਂ ਅਮਰ ਸਿੰਘ (ਕਬਰ ਪੁੱਟ ਤੇ ਸਿੱਖ ਸਾਗਰ), ਨਵਤੇਜ ਸਿੰਘ (ਦੇਸ਼ ਵਾਪਸੀ, ਨਵੀਂ

ਰੁੱਤ, ਬਾਸਮਤੀ ਦੀ ਮਹਿਕ ਦੇ ਚਾਨਣ ਦੇ ਬੀਜ), ਰਘਬੀਰ ਢੰਡ (ਬੋਲੀ ਧਰਤੀ) ਆਦਿ ਕਹਾਣੀਕਾਰਾਂ ਨੂੰ ਰੱਖ ਸਕਦੇ ਹਾਂ। ਨਵਤੇਜ ਦੀ ਕਹਾਣੀ ਕਲਾ ਵਿਚ ਮਨੋਵਿਗਿਆਨ ਤੇ ਰੁਮਾਂਟਿਕ ਸ਼ੈਲੀ ਦੀ ਵੀ ਮਿੱਸ ਹੈ। ਚੇਤਨਾ ਭਾਵੇਂ ਸਮਾਜਵਾਦੀ ਹੈ ਪਰ ਉਸ ਦੀਆਂ ਕਹਾਣੀਆਂ ਵਿਚ ਇਕ ਤਰ੍ਹਾਂ ਦੇ ਆਦਰਸ਼ਵਾਦ ਦੀ ਵੀ ਝਲਕ ਪੈਂਦੀ ਹੈ। ਅਮਰ ਸਿੰਘ ਚੇਤੰਨਤਾ ਸਮਾਜਵਾਦੀ ਵਿਚਾਰਧਾਰਾ ਰੱਖਦੀ ਹੈ ਤੇ ਆਪਣੀਆਂ ਕੁੱਝ ਕੁ ਕਹਾਣੀਆਂ ਵਿਚ ਉਹ ਸੁਜਾਨ ਸਿੰਘ ਨਾਲ ਮੇਲ ਖਾਂਦਾ ਹੈ। ਰਘਬੀਰ ਢੰਡ ਦੀ ਰਚਨਾ 'ਬੋਲੀ ਧਰਤੀ' ਵੀ ਇਸੇ ਵਿਚਾਰਧਾਰਾ ਦਾ ਪ੍ਰਗਟਾਵਾ ਹੈ। ਇਹ ਲੇਖਕ ਆਪਣੇ ਵਿਸ਼ੇ ਅਤੇ ਰੂਪ ਦੋਹਾਂ ਪੱਖੋਂ ਕਾਫ਼ੀ ਨਿਪੁੰਨ ਕਹਾਣੀਕਾਰ ਹਨ। ਕਹਾਣੀ ਕਲਾ ਦੇ ਪੱਖ ਤੋਂ ਇਹਨਾਂ ਦੀਆਂ ਕਹਾਣੀਆਂ ਸਫ਼ਲ ਕਹੀਆਂ ਜਾ ਸਕਦੀਆਂ ਹਨ।

**ਹਾਸਰਸੀ ਪੰਜਾਬੀ ਕਹਾਣੀ**

ਇਸ ਸਮੇਂ ਦੌਰਾਨ ਕਹਾਣੀ-ਖੇਤਰ ਵਿਚ ਇਕ ਹੋਰ ਪਰੰਪਰਾ ਹਾਸਰਸੀ ਕਹਾਣੀਆਂ ਦੀ ਚਲੀ ਸੀ ਜਿਸ ਅਧੀਨ ਸੂਬਾ ਸਿੰਘ, ਗੁਰਨਾਮ ਸਿੰਘ ਤੀਰ, ਪਿਆਰ ਸਿੰਘ ਦਾਤਾ ਨੂੰ ਰੱਖਿਆ ਜਾ ਸਕਦਾ ਹੈ। ਗੁਰਨਾਮ ਸਿੰਘ ਤੀਰ ਰਚਿਤ 'ਹਸਦੀ ਦੁਨੀਆਂ', 'ਮਿੱਠੀਆਂ ਪੀੜਾਂ', 'ਗੁੜ੍ਹਤੀ' ਅਤੇ 'ਅੱਧੀ ਰਾਤ ਦੀਆਂ ਹਾਕਾਂ' ਆਦਿ ਕਹਾਣੀ ਸੰਗ੍ਰਹਿ ਬੜੇ ਨਾਟਕੀ ਤੇ ਕਲਾਤਮਕ ਅੰਦਾਜ਼ ਵਿਚ ਜ਼ਿੰਦਗੀ ਦੇ ਕਈ ਕੌੜੇ ਸੱਚਾਂ ਉੱਤੇ ਵਿਅੰਗਮਈ ਚੋਟ ਕਰਦੇ ਹਨ। ਇਹਨਾਂ ਦਾ ਬਾਹਰੀ ਪ੍ਰਭਾਵ ਭਾਵੇਂ ਹਾਸੇ ਦਾ ਹੈ ਪਰ ਅੰਦਰੂਨੀ ਤੌਰ ਤੇ ਜੀਵਨ ਦੇ ਕਿਸੇ ਡੂੰਘੇ ਪ੍ਰਭਾਵ ਨੂੰ ਸਪੱਸ਼ਟ ਕੀਤਾ ਹੋਇਆ ਹੈ ਜਿਹੜਾ ਆਪਣੇ ਆਪ ਵਿਚ ਵੇਦਨਾ ਭਰਪੂਰ ਹੈ। ਸੂਬਾ ਸਿੰਘ ਰਚਿਤ 'ਅੱਗ ਤੇ ਪਾਣੀ' ਵਿਚਲੀਆਂ ਕਹਾਣੀਆਂ ਜੀਵਨ ਦੇ ਡੂੰਘੇ ਯਥਾਰਥਕ ਅਨੁਭਵ ਵਿਚੋਂ ਨਿਕਲੀਆਂ ਹਨ। ਉਸ ਦਾ ਵਿਅੰਗਾਤਮਕ ਦ੍ਰਿਸ਼ਟੀਕੋਣ ਪਰਿਪੱਕ ਹੈ ਤੇ ਹਾਸਰਸੀ ਸ਼ੈਲੀ ਕਿਤੇ ਵੀ ਬੌਧਿਕਤਾ ਦੀ ਪੁੱਠ ਤੋਂ ਸੱਖਣੀ ਨਹੀਂ ਹੁੰਦੀ। ਪਿਆਰਾ ਸਿੰਘ ਦਾਤਾ ਦੀਆਂ ਕਹਾਣੀਆਂ ਦੀ ਤਰਜ਼ ਜ਼ਰੂਰ ਹੌਲੀ ਤੇ ਮਨੋਰੰਜਕ ਹੁੰਦੀ ਹੈ ਜਿਸ ਤੋਂ ਸਾਧਾਰਨ ਤੋਂ ਸਾਧਾਰਨ ਪਾਠਕ ਵੀ ਰਸ ਮਾਣ ਸਕਦਾ ਹੈ। ਭਾਵੇਂ ਇਹ ਹੌਲਾਪਨ ਕਿਤੇ ਵੀ ਸਾਹਿਤਕ ਪੱਧਰ ਤੇ ਘਟੀਆ ਨਹੀਂ ਲਗਦਾ। 'ਅਪ੍ਰੈਲ ਫੂਲ', 'ਮਾਂਗਵੇ ਖੰਭ', 'ਮੇਰੀ ਪਹਿਲੀ ਪ੍ਰੀਤ' ਆਦਿ ਉਸ ਦੀਆਂ ਕੁੱਝ ਕੁ ਵਰਣਨਯੋਗ ਕਿਰਤਾਂ ਹਨ।

**ਵਰਤਮਾਨ ਸਥਿਤੀ**

ਪੰਜਾਬੀ ਕਹਾਣੀ ਵਿਚ ਉਪਰੋਕਤ ਝੁਕਾਵਾਂ ਤੋਂ ਇਲਾਵਾ ਇਕ ਅਜਿਹਾ ਪੋਚ ਸਾਹਮਣੇ ਆਇਆ ਜਿਸ ਨੇ ਯਥਾਰਥਵਾਦੀ ਕਹਾਣੀ ਨੂੰ ਨਵੇਂ ਆਧਾਰ ਦਿੱਤੇ ਜਿਨ੍ਹਾਂ ਵਿਚ ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼, ਗੁਰਪਾਲ ਲਿਟ, ਬਲਜੀਤ ਕੌਰ ਬਲੀ, ਬਚਿੰਤ ਕੌਰ, ਬਲਵਿੰਦਰ ਕੌਰ ਬਰਾੜ, ਸੁਖਵੰਤ ਕੌਰ ਮਾਨ, ਜਸਬੀਰ ਭੁੱਲਰ, ਪ੍ਰੇਮ ਗੋਰਖੀ, ਅਤਰਜੀਤ, ਕਿਰਪਾਲ ਕਜ਼ਾਕ, ਦਲਬੀਰ ਚੇਤਨ ਆਦਿ ਨਾਂ ਪ੍ਰਮੁੱਖ ਹਨ। ਇਨ੍ਹਾਂ ਤੋਂ ਬਾਅਦ ਇਕ ਹੋਰ ਪੋਚ ਬਲਜਿੰਦਰ ਨਸਰਾਲੀ, ਭਗਵੰਤ ਰਸੂਲਪੁਰੀ, ਅਜਮੇਰ ਸਿੱਧੂ, ਸੁਖਜੀਤ, ਤਲਵਿੰਦਰ ਸਿੰਘ, ਜਸਵਿੰਦਰ ਸਿੰਘ, ਬਲਦੇਵ ਸਿੰਘ ਧਾਲੀਵਾਲ, ਗੁਰਮੀਤ ਕੜਿਆਲਵੀ ਆਦਿ ਦੇ ਰੂਪ ਵੀ ਸਾਹਮਣੇ ਆ ਚੁੱਕਾ ਹੈ। ਇਸੇ ਪ੍ਰਕਾਰ ਪ੍ਰਵਾਸ ਵਿਚ ਹਰਜੀਤ ਅਟਵਾਲ, ਪ੍ਰਵੇਜ਼ ਸੰਧੂ, ਵੀਨਾ ਵਰਮਾ, ਰਾਣੀ ਨਗੇਂਦਰ, ਸ਼ਿਵਚਰਨ ਜੱਗੀ ਕੁੱਸਾ ਆਦਿ ਲੇਖਕ ਉਭਰੇ ਹਨ। ਪੱਛਮੀ ਪੰਜਾਬ ਵਾਲੇ ਪਾਸਿਓਂ ਨਵਿਆਂ ਵਿਚੋਂ ਇਲੀਆਸ ਘੁੰਮਣ ਨੇ ਧਿਆਨ ਖਿੱਚਿਆ ਹੈ।

ਇਨ੍ਹਾਂ ਉਪਰੋਕਤ ਕਹਾਣੀਕਾਰਾਂ ਦੀ ਸਾਂਝੀ ਸਥਿਤੀ ਇਹ ਹੈ ਕਿ ਇਹ ਕਹਾਣੀਕਾਰ ਇਕ ਪਾਸੇ ਯਥਾਰਥ ਦੀ ਜਟਿਲਤਾ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹਨ ਅਤੇ ਦੂਜੇ ਪਾਸੇ ਬਿਰਤਾਂਤ ਦੀਆਂ ਜੁਗਤਾਂ ਵਰਤਦੇ ਹਨ। ਦੋਹਾਂ ਦੇ ਸੁਮੇਲ ਵਿਚੋਂ ਜੀਵਨ ਦੀ ਸੰਘਣਤਾ ਤੇ ਗਹਿਨਤਾ ਆਕਾਰ ਗ੍ਰਹਿਣ ਕਰਦੀ ਹੈ। ਇਹੀ ਕਾਰਨ ਹੈ ਕਿ ਇਸ ਸਮੇਂ ਪੰਜਾਬੀ ਕਹਾਣੀ ਇਕ ਰੂਪਾਕਾਰ ਵਜੋਂ ਆਧੁਨਿਕ ਪੰਜਾਬੀ ਸਾਹਿਤ ਵਿਚ ਇਕ ਵਿਸ਼ੇਸ਼ ਸਥਾਨ ਰੱਖਦੀ ਹੈ।

ਪਾਠ ਨੰ. : 2.4 -ਡਾ. ਜਗਜੀਤ ਸਿੰਘ

# ਪੰਜਾਬੀ ਨਾਟਕ ਤੇ ਇਕਾਂਗੀ-ਜਨਮ ਤੇ ਵਿਕਾਸ

**ਮੰਤਵ**

ਇਸ ਪਾਠ ਦਾ ਮੰਤਵ ਵਿਦਿਆਰਥੀਆਂ ਨੂੰ ਪੰਜਾਬੀ ਨਾਟਕ ਅਤੇ ਇਕਾਂਗੀ ਕਲਾ ਦੇ ਜਨਮ ਅਤੇ ਵਿਕਾਸ ਬਾਰੇ ਪੂਰੀ ਜਾਣਕਾਰੀ ਦੇਣਾ ਹੈ। ਪੰਜਾਬੀ ਨਾਟਕ ਦੇ ਮੁੱਢ ਬਾਰੇ ਕਾਫ਼ੀ ਭਰਮ ਤੇ ਭੁਲੇਖੇ ਹਨ। ਕੁੱਝ ਵਿਦਵਾਨਾਂ ਦਾ ਖ਼ਿਆਲ ਹੈ ਕਿ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ਾ ਕਰਨ ਤੋਂ ਪਹਿਲਾਂ ਇਥੇ ਕੋਈ ਨਾਟਕੀ ਪਰੰਪਰਾ ਨਹੀਂ ਸੀ। ਇਸ ਪਾਠ ਵਿਚ ਪਹਿਲਾਂ ਇਸ ਪ੍ਰਸ਼ਨ ਨੂੰ ਵਿਚਾਰਿਆ ਗਿਆ ਹੈ।

**ਭੂਮਿਕਾ**

ਇਸ ਪਾਠ ਦੇ ਪੰਜ ਹਿੱਸੇ ਬਣਦੇ ਹਨ (ਭਾਵੇਂ ਸਿਰਲੇਖ ਨਹੀਂ ਦਿੱਤੇ) ਪਹਿਲੇ ਭਾਗ ਵਿਚ ਇਹ ਦੇਖਿਆ ਗਿਆ ਹੈ ਕਿ ਆਧੁਨਿਕ ਪੰਜਾਬੀ ਨਾਟਕ ਕਿਹੜੀਆਂ ਹਾਲਤਾਂ ਵਿਚ ਪੈਦਾ ਹੋਇਆ ਅਰਥਾਤ ਅੰਗਰੇਜ਼ਾਂ ਦੇ ਪ੍ਰਵੇਸ਼ ਸਮੇਂ ਇਥੇ ਕੋਈ ਨਾਟਕ ਹੈ ਸੀ ਕਿ ਨਹੀਂ? ਦੂਜੇ ਹਿੱਸੇ ਵਿਚ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਆਧੁਨਿਕ ਪੰਜਾਬੀ ਨਾਟਕ ਦੇ ਜਨਮ ਆਦਿ ਬਾਰੇ ਵਿਚਾਰ ਕੀਤੀ ਗਈ ਹੈ। ਤੀਜੇ ਵਿਚ 1901 ਤੋਂ 1936 ਈ. ਤੱਕ ਅਤੇ ਚੌਥੇ ਵਿਚ 1936 ਤੋਂ 1947 ਈ. ਤੱਕ ਪੰਜਾਬੀ ਨਾਟਕ ਦਾ ਵਿਕਾਸ ਉਲੀਕਿਆ ਗਿਆ ਹੈ। ਅੰਤਰਲੇ ਭਾਗ ਵਿਚ 1947 ਤੋਂ 1960 ਈ. ਤੱਕ ਆਧੁਨਿਕ ਪੰਜਾਬੀ ਨਾਟਕ ਦਾ ਵਿਕਾਸ ਅਤੇ ਉਸ ਦੇ ਝੁਕਾਵਾਂ ਜਾਂ ਪ੍ਰਵਿਰਤੀਆਂ 'ਤੇ ਵਿਚਾਰ ਕੀਤੀ ਗਈ ਹੈ।

**ਪੰਜਾਬੀ ਨਾਟਕ ਦਾ ਜਨਮ**

ਆਮ ਵਿਦਵਾਨਾਂ ਦੀ ਇਹ ਰਾਏ ਹੈ ਕਿ ਪੰਜਾਬੀ ਨਾਟਕ ਵੀਹਵੀਂ ਸਦੀ ਦੇ ਆਰੰਭ ਵਿਚ ਬਰਤਾਨਵੀ ਰਾਜ ਦੀ ਬਰਕਤ ਤੇ ਬਖਸ਼ਿਸ਼ ਕਾਰਨ ਅਤੇ ਅੰਗਰੇਜ਼ੀ ਸਾਹਿਤ ਤੇ ਸਭਿਆਚਾਰ ਦੇ ਪ੍ਰਭਾਵ ਅਧੀਨ ਹੋਂਦ ਵਿਚ ਆਇਆ। ਇਹ ਕਥਨ 'ਭਾਰਤੀਯ ਨਾਟਯ ਸਾਹਿਤਯ' ਪੁਸਤਕ ਦੇ ਅਧਿਆਇ ''ਪੰਜਾਬੀ ਡਰਾਮਾ' ਵਿਚ ਦਰਜ ਹੈ। ਸਪੱਸ਼ਟ ਤੌਰ 'ਤੇ ਇਹ ਕਥਨ ਪੰਜਾਬੀ ਸਾਹਿਤਕ ਤੇ ਸਭਿਆਚਾਰਕ ਵਿਰਸੇ ਤੋਂ ਅਗਿਆਨਤਾ ਦਾ ਸੂਚਕ ਹੈ।

ਹਰ ਦੇਸ਼ ਦੇ ਸਾਹਿਤ ਤੇ ਕਲਾ ਦੀਆਂ ਜੜ੍ਹਾਂ ਉਸ ਦੇਸ਼ ਦੀ ਧਰਤੀ ਵਿਚ ਡੂੰਘੀ ਤਰ੍ਹਾਂ ਲੱਗੀਆਂ ਹੁੰਦੀਆਂ ਹਨ। ਇਸੇ ਕਰਕੇ ਹਰ ਦੇਸ਼ ਦੇ ਨਾਟਕ ਵਿਚ ਉਸ ਦੇਸ਼ ਦੀ ਧਰਤੀ ਦੀ ਸੁਗੰਧ, ਸਮਾਜਕ ਸਥਿਤੀ, ਪਾਤਰ, ਭਾਸ਼ਾ ਅਤੇ ਸੁਭਾਵਾਂ ਦੀ ਵਿਲੱਖਣਤਾ ਮਿਲੀ ਹੁੰਦੀ ਹੈ। ਨਾਟਕ ਕਲਾ ਵਿਚ ਰੂਪ ਜਾਂ ਉਸਾਰੀ ਲਈ ਪ੍ਰੇਰਨਾ ਲਈ ਜਾ ਸਕਦੀ ਹੈ ਪਰ ਨਾਟਕ ਦੇ ਮੂਲ ਤੱਤ ਉਸ ਧਰਤੀ ਵਿੱਚ ਪਹਿਲੇ ਹੀ ਪਰਿਵਰਤ ਹੁੰਦੇ ਹਨ। ਪ੍ਰਭਾਵ ਵੀ ਪਹਿਲੇ ਸਥਾਪਤ ਕਿਸੇ ਚੀਜ਼ ਉੱਤੇ ਪੈ ਸਕਦਾ ਹੈ। ਮਿਸਾਲ ਵਜੋਂ ਮੱਧ ਤੇ ਪੱਛਮੀ ਏਸ਼ੀਆ ਵਿਚ ਵੀ ਅੰਗਰੇਜ਼ ਸੈਂਕੜੇ ਸਾਲ ਰਾਜ ਕਰਦੇ ਰਹੇ, ਫੇਰ ਵੀ ਉਨ੍ਹਾਂ ਦੇਸ਼ਾਂ ਵਿਚ ਅੰਗਰੇਜ਼ੀ ਪ੍ਰਭਾਵ ਥੱਲੇ ਨਾਟਕ ਕਿਉਂ ਨਹੀਂ ਪੈਦਾ ਹੋਇਆ।

ਪੰਜਾਬੀ ਵਿਚ ਨਾਟਕ ਪਰੰਪਰਾ ਦਾ ਸੰਬੰਧ ਸਿੰਧ ਘਾਟੀ ਦੀ ਸਭਿਅਤਾ ਨਾਲ ਜੋੜਿਆ ਜਾ ਚੁੱਕਾ ਹੈ। ਇਸ ਦਾ ਸਬੂਤ ਹੜੱਪਾ ਤੇ ਮਹਿੰਜੋਦਾਰੋ ਦੀ ਖੁਦਾਈ ਤੋਂ ਪ੍ਰਾਪਤ ਹੋਇਆ ਹੈ ਪਰ ਅਫ਼ਸੋਸ ਸਾਡੇ ਪਾਸ ਇਸ ਤੱਥ ਨੂੰ ਸਿੱਧ ਕਰਨ ਲਈ ਲਿਖਤੀ ਸਬੂਤ ਨਹੀਂ ਮਿਲਦੇ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਪ੍ਰਾਚੀਨ ਕਾਲ ਤੋਂ ਸਭਿਆਚਾਰਕ ਤੌਰ 'ਤੇ ਘਾਟੇ ਵਿਚ ਰਿਹਾ ਹੈ। ਅਨੇਕਾਂ ਬਦੇਸ਼ੀ ਹੱਲਿਆਂ ਨੇ ਪੰਜਾਬੀ ਕਲਾਕਾਰਾਂ ਨੂੰ ਪੰਜਾਬ ਤੋਂ ਬਹੁਤ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਮਜ਼ਬੂਰ ਕੀਤਾ। ਸਿਕੰਦਰ ਦੇ ਹੱਲੇ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਗਵਈਏ ਤੇ ਚਿੱਤਰਕਾਰ ਪੰਜਾਬ ਤੋਂ ਬਾਹਰ ਧਿੰਗੋਜ਼ੋਰੀ ਲਿਜਾਏ ਗਏ। ਫਿਰਦੌਸ਼ੀ ਦੇ ਸ਼ਾਹਨਾਮੇ ਅਨੁਸਾਰ ਮਹਿਮੂਦ ਗਜ਼ਨੀ ਦੇ ਹਮਲੇ ਦੇ ਸਿੱਟੇ ਵਜੋਂ ਹਜ਼ਾਰਾਂ ਪੰਜਾਬੀ ਕਲਾਕਾਰਾਂ ਪੰਜਾਬ ਤੋਂ ਬਾਹਰ ਚਲੇ ਗਏ।

ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਪਿਛੋਂ ਸੁੱਖ ਤੇ ਸ਼ਾਂਤੀ ਦਾ ਕਾਲ ਆਰੰਭ ਹੋਇਆ, ਜੋ ਸਭਿਆਚਾਰਕ ਉੱਨਤੀ ਲਈ ਆਵੱਸ਼ਕ ਹੁੰਦਾ ਹੈ। ਪੰਜਾਬ ਵਿਚ ਸਮਾਜਕ ਤੇ ਰਾਜਸੀ ਸਥਿਤੀ ਵਧੇਰੇ ਤੇਜ਼ੀ ਨਾਲ ਬਦਲਣੀ ਸ਼ੁਰੂ ਹੋਈ। ਪੱਛਮੀ

ਸਾਹਿਤ ਤੇ ਸਭਿਆਚਾਰ ਦਾ ਪ੍ਰਭਾਵ ਪੰਜਾਬ ਉੱਤੇ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਵਧੇਰੇ ਤੇਜ਼ੀ ਨਾਲ ਪਿਆ। 1854 ਵਿਚ ਹੀ ਸਿੱਖਿਆ ਵਿਭਾਗ ਸਮਾਪਤ ਹੋ ਗਿਆ ਜਿਸ ਨੇ ਅੰਗਰੇਜ਼ੀ ਢੰਗ ਨਾਲ ਵਿੱਦਿਆ ਦੇਣ ਦਾ ਕਾਰਜ ਆਰੰਭ ਕੀਤਾ। ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਪੁਨਰ ਜਾਗ੍ਰਿਤੀ ਸ਼ੁਰੂ ਹੋਈ। ਇਸ ਸਮੇਂ ਸਮਾਜ ਦਾ ਸਨਾਤਨੀ ਭਾਗ ਪੁਰਾਣੇ ਵਿਰਸੇ ਦੀ ਸੰਭਾਲ ਤੇ ਸਥਾਪਤੀ ਵੱਲ ਝੁਕਿਆ ਰਿਹਾ ਅਤੇ ਪ੍ਰਗਤੀਸ਼ੀਲ ਵਰਗ ਆਧੁਨਿਕ ਪੱਛਮੀ ਤਰਜ਼ ਤਰੀਕੇ ਅਪਨਾਉਣ ਲੱਗਾ।

ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਪੰਜਾਬ ਵਿਚ ਸਿੰਘ ਸਭਾ, ਆਰੀਆ ਸਮਾਜ, ਬ੍ਰਹਮੋ ਸਮਾਜ, ਅਹਿਮਦੀਆ ਆਦਿ ਲਹਿਰਾਂ ਹੋਂਦ ਵਿਚ ਆਈਆਂ ਸਨ। ਉਹ ਸਮਾਜ ਸੁਧਾਰ ਤੇ ਵਿੱਦਿਆ ਦੇ ਪ੍ਰਚਾਰ ਲਈ ਤਾਂ ਬਹੁਤ ਹੀ ਸਰਗਰਮ ਸਨ ਪਰ ਨਾਚ ਤੇ ਨਾਟਕਕਾਰਾਂ ਵੱਲ ਉਨ੍ਹਾਂ ਦਾ ਰਵੱਈਆ ਵਿਰੋਧਤਾ ਭਰਿਆ ਸੀ। ਇਹ ਲਹਿਰਾਂ ਦੇ ਆਗੂਆਂ ਨੇ ਸਗੋਂ ਲੋਕ ਗੀਤਾਂ ਅਤੇ ਲੋਕ ਨਾਚਾਂ ਦੀ ਵਿਰੋਧਤਾ ਕੀਤੀ। ਅਜਿਹੀ ਵਿਰੋਧੀ ਸਥਿਤੀ ਦੇ ਹੁੰਦੇ ਹੋਏ ਪੰਜਾਬ ਅੰਦਰ ਆਧੁਨਿਕ ਰੰਗ ਮੰਚ 1880 ਈ. ਦੇ ਕਰੀਬ ਹੋਂਦ ਵਿਚ ਆਉਣਾ ਸ਼ੁਰੂ ਹੋਇਆ।

ਅਸਲੀਅਤ ਤਾਂ ਇਹ ਹੈ ਕਿ ਪੰਜਾਬ ਅੰਦਰ ਰੰਗ ਮੰਚ ਲਈ ਧਰਤੀ ਪਹਿਲਾਂ ਹੀ ਤਿਆਰ ਸੀ। ਪੰਜਾਬੀ ਸਾਹਿਤ ਵਿਚ ਈਸਾਈ ਮਿਸ਼ਨਰੀਆਂ ਦੇ ਯਤਨਾਂ ਦੁਆਰਾ ਆਧੁਨਿਕ ਵਾਰਤਕ ਪਹਿਲੇ ਹੋਂਦ ਵਿਚ ਆ ਚੁੱਕੀ ਸੀ ਜੋ ਨਾਟਕ ਦੇ ਆਰੰਭ ਤੇ ਵਿਕਾਸ ਲਈ ਜ਼ਰੂਰੀ ਹੁੰਦੀ ਹੈ। ਪੰਡਿਤ ਸ਼ਰਧਾ ਰਾਮ ਫ਼ਿਲੌਰੀ ਦੀ ਪੁਸਤਕ ''ਪੰਜਾਬੀ ਬਾਤਚੀਤ'' ਵਿਚ ਆਧੁਨਿਕ ਢੰਗ ਦੀ ਨਾਟਕੀ ਵਾਰਤਾਲਾਪ ਦੇ ਅਨੇਕਾਂ ਉਦਾਹਰਨ ਮਿਲਦੇ ਹਨ। ਇਸ ਦਾ ਈਸ਼ਵਰ ਚੰਦਰ ਨੰਦਾ ਦੇ ਨਾਟਕਾਂ ਦੀ ਬੋਲਚਾਲ ਉੱਤੇ ਜ਼ਾਹਰਾ ਅਸਰ ਪਿਆ।

ਉਨ੍ਹੀਵੀਂ ਸਦੀ ਦੇ ਪਿਛਲੇ ਅੱਧ (1850 ਤੋਂ 1900 ਈ. ਤੱਕ) ਪੰਜਾਬ ਅੰਦਰ ਆਧੁਨਿਕ ਨਾਟਕ ਅਤੇ ਰੰਗ ਮੰਚ ਨੂੰ ਹੋਂਦ ਵਿਚ ਲਿਆਉਣਾ ਅਤੇ ਉਤਸ਼ਾਹਤ ਕਰਨ ਵਿਚ ਹੇਠ ਲਿਖੇ ਤੱਥਾਂ, ਪ੍ਰਭਾਵਾਂ ਜਾਂ ਸੰਸਥਾਵਾਂ ਦਾ ਵਿਸ਼ੇਸ਼ ਯੋਗਦਾਨ ਸੀ :

(ੳ) **ਟੈਂਪਰੈਂਸ ਐਸੋਸੀਏਸ਼ਨ** : ਇਹ ਸ਼ਰਾਬ ਜਾਂ ਨਸ਼ਾਬੰਦੀ ਵਿਰੁੱਧ ਸਥਾਪਤ ਹੋਈਆਂ ਸਭਾਵਾਂ ਸਨ। ਇਹ ਸੰਸਥਾਵਾਂ ਆਪਣੇ ਮਨੋਰਥ ਦੇ ਪ੍ਰਚਾਰ ਲਈ ਨਾਟਕ ਦੇ ਰੰਗ ਤਮਾਸ਼ੇ ਦਾ ਸਾਧਨ ਅਤੇ ਮਾਧਿਅਮ ਵਰਤਦੀਆਂ ਸਨ।

(ਅ) **ਪਾਰਸੀ ਥੀਏਟਰ** : ਲੰਡਨ ਦੀ ਰੀਸੇ ਪਾਰਸੀ ਥੀਏਟਰ ਪਹਿਲਾਂ ਬੰਬਈ ਅਤੇ ਕਲਕੱਤੇ ਸਥਾਪਤ ਹੋਇਆ। ਇਹ ਕੰਪਨੀਆਂ ਪੰਜਾਬ ਵਿਚ 1880 ਦੇ ਲਾਗੇ ਆਉਣੀਆਂ ਸ਼ੁਰੂ ਹੋਈਆਂ। ਪਾਰਸੀ ਥੀਏਟਰ ਦਾ ਪ੍ਰਭਾਵ ਰਾਮ ਲੀਲਾ ਅਤੇ ਕ੍ਰਿਸ਼ਨ ਲੀਲਾ ਦੀ ਪੇਸ਼ਕਾਰੀ ਉੱਤੇ ਵੀ ਪਿਆ।

(ੲ) **ਨਵੇਂ ਢੰਗ ਨਾਲ ਯੂਨੀਵਰਸਿਟੀ ਵਿੱਦਿਆ** : ਸ਼ੁਰੂ-ਸ਼ੁਰੂ ਵਿਚ ਅੰਗਰੇਜ਼ੀ ਪੜ੍ਹਾਉਣ ਲਈ ਪੱਛਮੀ ਪ੍ਰੋਫ਼ੈਸਰ ਤੇ ਅਧਿਆਪਕ ਭਾਰੀ ਗਿਣਤੀ ਵਿਚ ਆਏ। ਉਨ੍ਹਾਂ ਨੇ ਸਕੂਲਾਂ ਅਤੇ ਕਾਲਜਾਂ ਵਿਚ ਨਾਟਕ ਖਿਡਵਾਉਣੇ ਸ਼ੁਰੂ ਕੀਤੇ।

(ਸ) **ਪੱਛਮ ਦਾ ਸਿੱਧਾ ਪ੍ਰਭਾਵ** : ਇਨ੍ਹਾਂ ਨਾਲੋਂ ਵੀ ਡੂੰਘਾ ਪ੍ਰਭਾਵ ਉਨ੍ਹਾਂ ਲੋਕਾਂ ਦਾ ਪਿਆ ਜਿਹੜੇ ਇੰਗਲੈਂਡ ਜਾਂ ਯੂਰਪ ਦੇ ਬਾਕੀ ਮੁਲਕਾਂ ਵਿਚ ਸੈਰ ਜਾਂ ਕਿਸੇ ਹੋਰ ਕੰਮ ਕਾਰ ਲਈ ਗਏ। ਉਥੇ ਉਨ੍ਹਾਂ ਨੇ ਪ੍ਰਚਲਿਤ ਨਾਟਕ ਤੇ ਰੰਗ ਮੰਚ ਦੇਖੇ। ਇਸ ਦਾ ਇਹ ਅਸਰ ਪਿਆ ਕਿ ਪੱਛਮ ਦੀ ਰੀਸੇ ਭਾਰਤੀ ਰੰਗ ਮੰਚ ਉੱਤੇ ਇਸਤਰੀਆਂ ਆਉਣੀਆਂ ਸ਼ੁਰੂ ਹੋਈਆਂ।

(ਹ) **ਈਸਾਈ ਮਿਸ਼ਨਰੀਆਂ ਦਾ ਪ੍ਰਭਾਵ** : ਪੰਜਾਬੀ ਵਿਚ ਮਿਸ਼ਨਰੀਆਂ ਦੇ ਪ੍ਰਚਾਰ ਤੇ ਪ੍ਰਤੀਕਰਮ ਵਜੋਂ ਕੁਝ ਹਫ਼ਤਾਵਾਰੀ ਰਸਾਲੇ ਪ੍ਰਕਾਸ਼ਤ ਹੋਣੇ ਸ਼ੁਰੂ ਹੋਏ। ਉਨ੍ਹਾਂ ਵਿਚ ਛੋਟੇ-ਛੋਟੇ ਲੇਖ, ਘਟਨਾ ਭਰਪੂਰ ਕਹਾਣੀਆਂ ਅਤੇ ਨਾਟਕੀ ਵਾਰਤਾਲਾਪੀ ਝਾਕੀਆਂ ਛਾਪਣੀਆਂ ਸ਼ੁਰੂ ਹੋਈਆਂ। ਪੰਜਾਬੀ ਦਾ ਸਭ ਤੋਂ ਪਹਿਲਾਂ 'ਸੁਪਨ ਨਾਟਕ' ਰਚਿਤ ਗਿਆਨੀ ਦਿੱਤ ਸਿੰਘ 1886 ਈ. ਦੇ ਕਰੀਬ 'ਖ਼ਾਲਸਾ' ਹਫ਼ਤਾਵਾਰ ਵਿਚ ਛਪਿਆ ਸੀ।

### ਪੰਜਾਬੀ ਵਿਚ ਨਾਟਕ ਦੀ ਮੁੱਢਲੀ ਅਵਸਥਾ

ਸੁਭਾਗ ਦੀ ਗੱਲ ਹੈ ਕਿ ਉਨ੍ਹੀਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਲਾਹੌਰ ਅਤੇ ਅੰਮ੍ਰਿਤਸਰ ਵਿਚ ਖੇਡੇ ਗਏ ਨਾਟਕਾਂ ਦਾ ਸਾਨੂੰ ਅੱਖੀਂ ਡਿੱਠਾ ਹਾਲ ਮਾਲੂਮ ਹੈ। ਗੌਰਮਿੰਟ ਕਾਲਜ, ਲਾਹੌਰ ਦੇ ਇਕ ਅੰਗਰੇਜ਼ ਪ੍ਰੋਫ਼ੈਸਰ, ਜੋ ਪਿੱਛੋਂ

ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਪਹਿਲੇ ਪ੍ਰਿੰਸੀਪਲ ਲੱਗੇ, ਜੇ.ਸੀ. ਉਮਾਨ ਨੇ ਤਿੰਨ ਪੁਸਤਕਾਂ ਲਿਖੀਆਂ ਸਨ। ਉਨ੍ਹਾਂ ਵਿਚ ਉਸ ਨੇ ਉਸ ਸਮੇਂ ਦੇ ਪੰਜਾਬੀ ਜੀਵਨ ਦੀਆਂ ਅੱਖੀਂ ਦੇਖੀਆਂ ਝਾਕੀਆਂ ਦਰਜ ਕੀਤੀਆਂ ਹਨ। ਉਨ੍ਹਾਂ ਵਿਚੋਂ ਇਕ ਪੁਸਤਕ **("Cults, Customs and Superstition of India")** ਵਿਚ ਉਸ ਸਮੇਂ ਦੇ ਪੰਜਾਬੀ ਦੇ ਰੰਗਮੰਚ, ਨਾਟਕ ਅਤੇ ਪੇਸ਼ਕਾਰੀ ਬਾਰੇ ਵਿਸਥਾਰ ਭਰਪੂਰ ਵਰਨਣ ਮਿਲਦਾ ਹੈ। ਇਸ ਪੁਸਤਕ ਵਿਚ ਰੰਗਮੰਚ 'ਤੇ ਪੇਸ਼ ਕੀਤੇ ਨਾਟਕਾਂ ਦੇ ਕੁਝ ਚਿੱਤਰ ਵੀ ਦਿੱਤੇ ਹਨ। ਇਹ ਸਾਰੀ ਵਾਕਫ਼ੀਅਤ ਉਸ ਨੇ 'ਨਵਾਂ ਭਾਰਤੀ ਥੀਏਟਰ' ਦੇ ਸਿਰਲੇਖ ਹੇਠ ਦਰਜ ਕੀਤੀ ਹੈ।

ਪ੍ਰੋ. ਉਮਾਨ ਨੇ ਆਪਣੀਆਂ ਦੋ ਪੁਸਤਕਾਂ ਵਿਚ ਚਾਰ ਲਾਹੌਰ ਅੰਦਰ ਤੇ ਇਕ ਅੰਮ੍ਰਿਤਸਰ ਵਿਚ ਖੇਡੇ ਗਏ ਨਾਟਕਾਂ ਦਾ ਅੱਖੀਂ ਡਿੱਠਾ ਹਾਲ ਵਰਨਣ ਕੀਤਾ। ਖੇਡੇ ਗਏ ਨਾਟਕਾਂ ਦੇ ਵਿਸ਼ੇ ਵਸਤੂ, ਗੋਂਦ, ਰੰਗਮੰਚ ਦੀ ਬਣਤਰ, ਅਦਾਕਾਰੀ ਦਾ ਢੰਗ ਤੇ ਪੱਧਰ, ਦਰਸ਼ਕਾਂ ਦੀ ਗਿਣਤੀ, ਬੈਠਣ ਦੀਆਂ ਸੀਟਾਂ, ਟਿਕਟਾਂ ਦੇ ਰੇਟ, ਗੱਲ ਕੀ ਨਿੱਕੀ ਤੋਂ ਨਿਕੀ ਗੱਲ ਬੜੀ ਘੋਖ ਨਾਲ ਦਰਜ ਕੀਤੀ ਹੈ। ਵਿਦਵਾਨ ਲੇਖਕ ਨੇ ਜਿਨ੍ਹਾਂ ਪੰਜ ਨਾਟਕਾਂ ਦਾ ਜ਼ਿਕਰ ਆਪਣੀਆਂ ਦੋ ਪੁਸਤਕਾਂ ਵਿਚ ਕੀਤਾ ਹੈ, ਉਨ੍ਹਾਂ ਦੇ ਨਾਂ ਇਹ ਹਨ :

1. **ਅਲਾਦੀਨ ਦਾ ਲੈਂਪ** : ਇਸ ਨੂੰ ਇਕ ਪਾਰਸੀ ਨਾਟਕ ਕੰਪਨੀ ਨੇ ਪੇਸ਼ ਕੀਤਾ। ਇਸ ਖੇਲ ਵਿਚ ਇਕ ਔਰਤ ਨੇ ਵੀ ਰੋਲ ਕੀਤਾ।
2. **ਇੰਦਰ ਸਭਾ** : ਇਹ ਨਾਟਕ ਇਕ ਹੋਰ ਪਾਰਸੀ ਕੰਪਨੀ ਨੇ ਲਾਹੌਰ ਵਿਚ ਪੇਸ਼ ਕੀਤਾ। ਉਸ ਵਿਚ ਪੰਜਾਬ ਦੇ ਕੁਝ ਮਰਾਸੀ ਪਾਤਰ ਅਤੇ ਨੱਚਣ ਵਾਲੀਆਂ ਇਸਤਰੀਆਂ ਵੀ ਸ਼ਾਮਲ ਸਨ।
3. **ਪ੍ਰਹਲਾਦ ਭਗਤ ਨਾਟਕ** : ਇਹ ਨਾਟਕ ਲਾਹੌਰ ਵਿਚ ਇਕ ਧਨਵਾਨ ਵਪਾਰੀ ਦੇ ਖ਼ਰਚੇ 'ਤੇ ਆਮ ਲੋਕਾਂ ਦੇ ਪਰਮਾਰਥ ਹਿਤ ਦਿਖਾਇਆ ਗਿਆ ਸੀ।
4. **ਪੂਰਨ ਭਗਤ ਨਾਟਕ** : ਇਹ ਨਾਟਕ ਲਾਹੌਰ ਦੇ ਸਥਾਨਕ ਟੋਲੇ ਨੇ ਪੰਜਾਬੀ ਬੋਲੀ ਵਿਚ ਪੇਸ਼ ਕੀਤਾ।
5. **ਸ਼ਰਾਬ ਕੌਰ** : ਇਹ ਪੰਜਾਬੀ ਨਾਟਕ ਪ੍ਰੋ. ਉਮਾਨ ਨੇ ਅੰਮ੍ਰਿਤਸਰ ਜਾ ਕੇ ਵੇਖਿਆ। ਇਸ ਨੂੰ ਉਹ ਆਧੁਨਿਕ ਭਾਂਤ ਦਾ ਟੈਂਪਰੈਂਸ ਸੁਸਾਇਟੀ, ਅੰਮ੍ਰਿਤਸਰ ਵੱਲੋਂ ਪੇਸ਼ ਕੀਤਾ ਗਿਆ ਨਾਟਕ ਕਹਿੰਦਾ ਹੈ। ਉਸ ਦੇ ਕਥਨ ਅਨੁਸਾਰ ਇਹ ਸ਼ਰਾਬਨੋਸ਼ੀ ਵਿਰੁੱਧ ਇਕ ਚੰਗਾ ਤੇ ਸਫ਼ਲ ਨਾਟਕ ਸੀ।

ਪ੍ਰੋ. ਉਮਾਨ ਨੇ ਲਾਹੌਰ ਵਿਚ ਅੱਖੀਂ ਦੇਖੇ ਚਾਰ ਨਾਟਕਾਂ ਦੀ ਕਰੜੀ ਆਲੋਚਨਾ ਕੀਤੀ ਹੈ। ਨਾਟਕਾਂ ਦੇ ਨੀਵੇਂ ਪੱਧਰ ਤੋਂ ਬਿਨਾਂ ਉਸ ਨੇ ਲੋਕਾਂ ਦੇ ਘਟੀਆ ਸੁਹਜ ਸੁਆਦ ਨੂੰ ਵੀ ਰੱਜ ਕੇ ਨਿੰਦਿਆ ਹੈ ਪਰ ਅੰਮ੍ਰਿਤਸਰ ਵਿਚ ਦੇਖੇ ਨਾਟਕ ਦੀ ਉਸ ਨੇ ਸਲਾਹੁਣਾ ਕੀਤੀ ਹੈ, ਕਿਉਂਕਿ ਉਹ ਪੰਜਾਬੀ ਬੋਲੀ ਵਿਚ ਹੋਣ ਕਰਕੇ ਮੌਲਿਕ ਤੇ ਵਾਸਤਵਿਕ ਜੀਵਨ ਦਾ ਦ੍ਰਿਸ਼ ਪੇਸ਼ ਕਰਦਾ ਸੀ।

ਪ੍ਰੋ. ਉਮਾਨ ਦੇ ਅੱਖੀਂ ਦੇਖੇ ਨਾਟਕਾਂ ਦਾ ਵਰਨਣ ਅਤੇ ਕੁੱਝ ਹੋਰ ਮਿਲਦੇ ਸਬੂਤਾਂ ਦੀ ਜਾਂਚ ਪੜਤਾਲ ਤੋਂ ਸਾਨੂੰ ਪਤਾ ਲਗਦਾ ਹੈ ਕਿ ਉਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਪੰਜਾਬ ਅੰਦਰ ਨਾਟਕ ਅਤੇ ਰੰਗ ਮੰਚ ਦੀ ਸਾਰੀ ਸਥਿਤੀ ਕੀ ਸੀ, ਜੋ ਇਸ ਪ੍ਰਕਾਰ ਹੈ :

1. ਪੰਜਾਬ ਵਿਚ ਲੋਕ-ਪ੍ਰਿਯ ਥੀਏਟਰ ਹੋਂਦ ਵਿਚ ਆ ਰਿਹਾ ਸੀ। ਭਾਵੇਂ ਰੰਗ ਮੰਚ ਅਜੇ ਮੁੱਢਲੀ ਅਵਸਥਾ ਵਿਚ ਸੀ, ਫੇਰ ਵੀ ਉਸ ਦੇ ਪੱਕੇ ਪੈਰਾਂ 'ਤੇ ਹੋਣ ਦੀ ਸੰਭਾਵਨਾ ਦਿਸਣ ਲੱਗ ਪਈ ਸੀ।
2. ਪਾਰਸੀ ਥੀਏਟਰ ਮਨ ਪਰਚਾਵੇਂ ਦਾ ਮੁੱਖ ਸਾਧਨ ਸੀ। ਭਾਵੇਂ ਭਾਰਤੀ ਥੀਏਟਰ ਪੱਛਮੀ ਨਾਟਕ ਅਤੇ ਰੰਗ ਮੰਚ ਤੋਂ ਬਹੁਤ ਪਛੜਿਆ ਹੋਇਆ ਸੀ।
3. ਧਾਰਮਕ ਤੇ ਸਮਾਜਕ ਲਹਿਰਾਂ ਦੇ ਆਗੂ ਅਤੇ ਧਾਰਮਕ ਰੁਚੀਆਂ ਵਾਲੇ ਲੋਕ ਪਾਰਸੀ ਥੀਏਟਰ ਦੀ ਆਚਰਣਕ ਪੱਖ ਤੋਂ ਸਖ਼ਤ ਵਿਰੋਧਤਾ ਕਰਦੇ ਸਨ। ਉਨ੍ਹਾਂ ਵਿਚ ਕੁਝ ਸੁਚੇਤ ਆਗੂ ਇਸ ਨਵੇਂ ਕਲਾ ਮਾਧਿਅਮ ਨੂੰ ਪ੍ਰਚਾਰ ਕਰਨ ਦਾ ਸਾਧਨ ਬਣਾਉਣ ਲਈ ਤਿਆਰ ਸਨ। ਗਿਆਨੀ ਦਿੱਤ ਸਿੰਘ ਦਾ 'ਸੁਪਨ ਨਾਟਕ' ਇਸ ਦਾ ਜ਼ਾਹਰਾ ਸਬੂਤ ਹੈ। ਸਿੰਘ ਸਭਾ ਲਹਿਰ ਦੇ ਸੰਚਾਲਕ ਭਾਈ ਵੀਰ ਸਿੰਘ ਨੇ ਉਸ ਸ਼ਕਤੀਸ਼ਾਲੀ ਕਲਾ ਮਾਧਿਅਮ ਦਾ ਸਿੱਕਾ ਮੰਨਦਿਆਂ 'ਰਾਜਾ ਲਖਦਾਤਾ ਸਿੰਘ' ਨਾਟਕ ਰਚਿਆ।
4. ਸ਼ਹਿਰਾਂ ਦੀ ਆਬਾਦੀ ਵਧਣ ਨਾਲ ਲੋਕਾਂ ਨੂੰ ਮਨ-ਪ੍ਰਚਾਵੇ ਦੇ ਸਾਧਨਾਂ ਦੀ ਲੋੜ ਮਹਿਸੂਸ ਹੋਣ ਲੱਗ

ਪਈ ਸੀ। ਪਿੰਡਾਂ ਤੋਂ ਸ਼ਹਿਰਾਂ ਵੱਲ ਧੂਹ ਪੈਣ ਕਾਰਨ ਪਿੰਡ ਦੀਆਂ ਨਕਲਾਂ ਨੂੰ ਭਾਰੀ ਧੱਕਾ ਲੱਗਾ। ਪਿੰਡ ਦੇ ਮਰਾਸੀ ਪਾਰਸੀ ਥੀਏਟਰਾਂ ਵਿਚ ਨੌਕਰੀਆਂ ਦੀ ਭਾਲ ਕਰਨ ਲੱਗ ਪਏ ਸਨ।

5. ਪਾਰਸੀ ਥੀਏਟਰ ਮੁੱਖ ਤੌਰ 'ਤੇ ਵਪਾਰਕ ਧੰਦਾ ਹੀ ਸੀ। ਕੰਪਨੀਆਂ ਦੇ ਮਾਲਕਾਂ ਦਾ ਮੂਲ ਮਨੋਰਥ ਪੈਸਾ ਕਮਾਉਣਾ ਹੀ ਸੀ ਨਾ ਕਿ ਨਾਟਕੀ ਕਲਾ ਦਾ ਵਾਧਾ ਕਰਨਾ। ਇਸ ਕਰਕੇ ਨੰਗੇ ਸੀਨ ਅਤੇ ਗੰਦੇ ਤੱਤ ਖੇਲ-ਤਮਾਸ਼ਿਆਂ ਵਿਚ ਵਧੇਰੇ ਸ਼ਾਮਲ ਹੋ ਗਏ। ਨਾਟਕਾਂ ਵਿਚ ਬਨਾਵਟ ਤੇ ਨਾਚ ਗਾਣਿਆਂ ਦੀ ਭਰਮਾਰ ਹੁੰਦੀ ਸੀ।

ਨਾਟਕ ਭੰਡਾਰ ਵਿਚ ਉਸ ਸਮੇਂ ਮੁੱਖ ਤੌਰ 'ਤੇ ਇਸ਼ਕ ਦੇ ਕਿੱਸੇ ਕਹਾਣੀਆਂ 'ਤੇ ਆਧਾਰਤ ਨਾਟਕ ਹੀ ਸਨ, ਜਿਵੇਂ ਸ਼ੀਰੀ-ਫਰਿਹਾਦ, ਲੈਲਾ-ਮਜਨੂੰ, ਯੂਸਫ-ਜ਼ੁਲੈਖਾਂ ਆਦਿ। ਇਨ੍ਹਾਂ ਤੋਂ ਬਾਅਦ ਫੇਰ ਹਰੀਸ਼ ਚੰਦਰ, ਬੀਰ ਅਭਿਮਨੂੰ, ਪ੍ਰਹਿਲਾਦ ਭਗਤ, ਪੂਰਨ ਭਗਤ ਆਦਿ ਪ੍ਰਚਲਿਤ ਹੋਏ। ਭਾਰਤੀ ਲੋੜ ਅਤੇ ਸੁਹਜ ਸੁਆਦ ਅਨੁਸਾਰ ਸ਼ੈਕਸਪੀਅਰ ਦੇ ਨਾਟਕ ਵੀ ਖੇਡੇ ਜਾਂਦੇ ਸਨ। ਇਸ ਦੇ ਨਾਲ-ਨਾਲ ਕੌਮੀ ਨਾਟਕ ਉਸਾਰਨ ਵੱਲ ਵੀ ਸੁਚੇਤ ਯਤਨ ਹੋ ਰਿਹਾ ਸੀ। 'ਇੰਦਰ ਸਭਾ' ਦਾ ਖੇਲ ਇਸ ਵੱਲ ਇਕ ਤਕੜਾ ਸੁਦੇਸ਼ੀ ਕਦਮ ਸੀ। ਟੈਂਪਰੈਂਸ ਸਭਾਵਾਂ ਦੀਆਂ ਖੇਲਾਂ ਅਤੇ ਨਾਟਕਾਂ ਦੀ ਪੱਧਰ ਕਾਫ਼ੀ ਉੱਚੀ ਸੀ। ਇਸ ਨਾਲ ਮੱਧ ਵਰਗ ਦੇ ਸ਼ਹਿਰੀ ਲੋਕ ਵੀ ਸ਼ਾਮਲ ਸਨ।

ਪੱਛਮੀ ਢੰਗ ਦੀ ਵਿੱਦਿਆ ਪ੍ਰਣਾਲੀ ਦਾ ਨਾਟਕ ਕਲਾ ਦੀ ਸਥਾਪਤੀ 'ਤੇ ਡੂੰਘਾ ਪ੍ਰਭਾਵ ਪਿਆ। 1880 ਈ. ਵਿਚ ਗੌਰਮਿੰਟ ਕਾਲਜ, ਲਾਹੌਰ ਅਤੇ 1882 ਈ. ਵਿਚ ਪੰਜਾਬ ਯੂਨੀਵਰਸਿਟੀ ਸਥਾਪਤ ਹੋਣ ਨਾਲ ਬਹੁਤ ਸਾਰੇ ਅੰਗਰੇਜ਼ ਪ੍ਰੋਫ਼ੈਸਰ ਲਾਹੌਰ ਵਿਚ ਆ ਗਏ ਸਨ। ਉਨ੍ਹਾਂ ਅਧਿਆਪਕਾਂ ਅਤੇ ਹੋਰ ਅੰਗਰੇਜ਼ ਅਫ਼ਸਰਾਂ ਤੇ ਵਿਦਵਾਨਾਂ ਨੇ ਕਾਲਜਾਂ ਅਤੇ ਕਲੱਬਾਂ ਵਿਚ ਪਹਿਲਾਂ ਅੰਗਰੇਜ਼ੀ ਨਾਟਕ ਖੇਡ ਕੇ ਉੱਚ ਪੱਧਰੀ ਨਾਟਕੀ ਪਰੰਪਰਾ ਨੂੰ ਜਨਮ ਦਿੱਤਾ ਸੀ। ਉਨ੍ਹਾਂ ਦਾ ਪੰਜਾਬੀ ਨਾਟਕ ਦੇ ਵਿਕਾਸ ਵਿਚ ਡੂੰਘਾ ਹੱਥ ਹੈ ਜੋ ਵੀਹਵੀਂ ਸਦੀ ਵਿਚ ਜਾ ਕੇ ਪ੍ਰਗਟ ਹੋਣਾ ਸ਼ੁਰੂ ਹੋਇਆ।

**ਪੰਜਾਬੀ ਨਾਟਕ (1901 ਤੋਂ 1936 ਈ. ਤੱਕ)**

ਵੀਹਵੀਂ ਸਦੀ ਦੇ ਅਰੰਭ ਤੋਂ ਪੰਜਾਬੀ ਨਾਟਕ ਦੇ ਵਿਕਾਸ ਲਈ ਬਹੁਤ ਸਾਰੇ ਅਨੁਸਾਰੀ ਹਾਲਾਤ ਪੈਦਾ ਹੋ ਗਏ ਸਨ। ਪੰਜਾਬ ਦੇ ਮੁੱਖ ਸ਼ਹਿਰਾਂ ਵਿਚ ਪੱਛਮੀ ਭਾਂਤ ਦੀ ਵਿੱਦਿਆ ਦੇਣ ਲਈ ਕਾਲਜ ਖੁੱਲ੍ਹ ਰਹੇ ਸਨ। ਖ਼ਾਲਸਾ ਕਾਲਜ, ਅੰਮ੍ਰਿਤਸਰ 1904 ਅਤੇ ਦਿਆਲ ਸਿੰਘ ਕਾਲਜ, ਲਾਹੌਰ 1910 ਵਿਚ ਸਥਾਪਤ ਹੋਏ ਸਨ। ਪਿਛਲੀ ਸਦੀ ਵਿਚ ਨਾਟਕ ਕੇਵਲ ਮਨ-ਪ੍ਰਚਾਵੇ ਦਾ ਸਾਧਨ ਹੀ ਸੀ ਪਰੰਤੂ ਵੀਹਵੀਂ ਸਦੀ ਦੇ ਅਰੰਭ ਤੋਂ ਹੀ ਇਹ ਸਮਾਜ ਸੁਧਾਰ ਦਾ ਵਧੀਆ ਮਾਧਿਅਮ ਖਿਆਲ ਕੀਤਾ ਜਾਣ ਲੱਗਾ। ਭਾਈ ਵੀਰ ਸਿੰਘ ਵਰਗੇ ਗੁਰਸਿੱਖਾਂ ਨੂੰ ਵੀ ਪ੍ਰਚਾਰ ਖਾਤਰ 'ਰਾਜਾ ਲਖਦਾਤਾ ਸਿੰਘ' ਲਿਖਣਾ ਪਿਆ। 1910-11 ਈ. ਵਿਚ ਲਾਹੌਰ ਵਿਚ ਦੋ ਪੇਸ਼ਾਵਰ ਥੀਏਟਰ ਸਥਾਪਤ ਹੋ ਗਏ ਸਨ। ਆਗਾ ਹਸ਼ਰ ਅਤੇ ਮਾਸਟਰ ਰਹਿਮਤ ਅਲੀ ਦੀ ਨਿਰਦੇਸ਼ਨਾਂ ਥੱਲੇ ਚਲ ਰਹੇ ਦੋ ਵੱਖ-ਵੱਖ ਥੀਏਟਰ ਰੋਜ਼ ਮੁਕਾਬਲੇ 'ਤੇ ਖੇਲ ਪੇਸ਼ ਕਰਦੇ ਸਨ ਭਾਵੇਂ ਉਨ੍ਹਾਂ ਨਾਟਕਾਂ ਦੀ ਭਾਸ਼ਾ ਉਰਦੂ ਸੀ ਪਰੰਤੂ ਦਰਸ਼ਕਾਂ ਦੀ ਬਹੁ-ਗਿਣਤੀ ਪੰਜਾਬੀਆਂ ਦੀ ਹੁੰਦੀ ਸੀ। ਉਹਨਾਂ ਦੀ ਤਸੱਲੀ ਲਈ ਨਾਟਕਾਂ ਵਿਚਾਲੇ ਪੰਜਾਬੀ ਝਾਕੀਆਂ ਪੇਸ਼ ਕੀਤੀਆਂ ਜਾਂਦੀਆਂ ਸਨ। ਬਾਵਾ ਬੁੱਧ ਸਿੰਘ ਦਾ ਪਹਿਲਾ ਪੰਜਾਬੀ ਨਾਟਕ 'ਚੰਦਰ ਹਰੀ' (1909 ਈ.) ਸਿੱਧਾ ਪਾਰਸੀ ਥੀਏਟਰ ਤੋਂ ਪ੍ਰਭਾਵਤ ਹੋ ਕੇ ਰਚਿਆ ਗਿਆ ਸੀ।

ਬੰਗਾਲੀਆਂ ਦਾ ਪੰਜਾਬੀ ਨਾਟਕ ਦੇ ਜਨਮ ਤੇ ਵਿਕਾਸ ਵਿਚ ਕਾਫ਼ੀ ਯੋਗਦਾਨ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਲਾਹੌਰ ਅੰਦਰ ਤਕੜੀ ਗਿਣਤੀ ਵਿਚ ਬੰਗਾਲੀ ਬਾਬੂ ਸਨ। ਉਹਨਾਂ ਬਾਰੇ ਪ੍ਰਸਿੱਧ ਹੈ ਕਿ ਇਹ ਲੋਕ ਜਿਥੇ ਕਿਤੇ ਵੀ ਜਾਂਦੇ ਹਨ ਨਾਚ ਤੇ ਨਾਟਕ ਦੀਆਂ ਪਰੰਪਰਾਵਾਂ ਨਾਲ ਲੈ ਕੇ ਜਾਂਦੇ ਹਨ। ਉਹਨਾਂ ਲੋਕਾਂ ਨੇ ਪੰਜਾਬ ਦੀ ਰਾਜਧਾਨੀ ਵਿਚ ਸੁਚੱਜਾ ਸਭਿਆਚਾਰ ਵਾਤਾਵਰਨ ਪੈਦਾ ਕਰਨ ਵਿਚ ਕਾਫ਼ੀ ਹਿੱਸਾ ਪਾਇਆ। ਉਹ ਲੋਕ ਦੁਰਗਾ ਪੂਜਾ ਦੇ ਉਤਸਵ ਦੇ ਅਵਸਰ 'ਤੇ ਨਾਟਕ ਖੇਡਦੇ ਸਨ ਜਿਨ੍ਹਾਂ ਦਾ ਪ੍ਰਭਾਵ ਪੰਜਾਬੀ ਥੀਏਟਰ ਉੱਤੇ ਸਿੱਧਾ ਪਿਆ।

ਪੰਜਾਬ ਵਿਚ ਲੋਕ ਨਾਟਕ ਦੀ ਪਰੰਪਰਾ ਹਜ਼ਾਰਾਂ ਸਾਲ ਪੁਰਾਣੀ ਹੈ। ਪਾਰਸੀ ਥੀਏਟਰ ਦੀ ਵਧਦੀ ਪ੍ਰਸਿੱਧੀ ਦਾ ਟਾਕਰਾ ਕਰਨ ਲਈ ਪੰਜਾਬ ਤੇ ਨਕਲੀਆਂ ਤੇ ਭੰਡਾਂ ਨੇ ਨਵੇਂ ਵਿਸ਼ੇ ਤੇ ਢੰਗ ਅਪਨਾਉਣੇ ਸ਼ੁਰੂ ਕੀਤੇ। ਇਸ ਸਮੇਂ ਪੰਜਾਬ ਵਿਚ ਰਾਸਧਾਰੀਆਂ ਦੀਆਂ ਕੁੱਝ ਮੰਡਲੀਆਂ ਵੀ ਸਥਾਪਤ ਹੋਈਆਂ।

ਪੰਜਾਬੀ ਨਾਟਕ ਨੂੰ ਨਵੀਆਂ ਤੇ ਨਰੋਈਆਂ ਲੀਹਾਂ 'ਤੇ ਪਾਉਣ ਵਿਚ ਮਿਸਿਜ਼ ਨੋਰ੍ਹਾ ਰਿਚਰਡਜ਼ ਦਾ ਸਭ ਤੋਂ ਵੱਧ ਯੋਗਦਾਨ ਹੈ। ਨੋਰ੍ਹਾ ਦਿਆਲ ਸਿੰਘ ਕਾਲਜ ਲਾਹੌਰ ਦੇ ਇੱਕ ਅੰਗਰੇਜ਼ੀ ਦੇ ਪ੍ਰੋਫ਼ੈਸਰ ਦੀ ਪਤਨੀ ਸੀ ਅਤੇ ਉਸ ਦੇ ਨਾਲ

ਹੀ 1911 ਈ. ਵਿਚ ਲਾਹੌਰ ਆਈ ਸੀ। ਉਸ ਨੇ ਆਉਂਦੇ ਸਾਰ ਉੱਚ ਪੱਧਰ ਦੇ ਅੰਗਰੇਜ਼ੀ ਨਾਟਕ ਪੇਸ਼ ਕਰਨੇ ਸ਼ੁਰੂ ਕੀਤੇ। ਇਸ ਤੋਂ ਬਿਨਾਂ ਪੰਜਾਬ ਅੰਦਰ ਪਹਿਲੀ ਰੰਗਮੰਚ ਸਭਾ 'ਸਰਸਵਤੀ ਸਟੇਜ ਸੁਸਾਇਟੀ' ਸਥਾਪਤ ਕੀਤੀ ਇਸ ਦਾ ਮੁੱਖ ਮਨੋਰਥ ਹੀ ਭਾਰਤੀ ਬੋਲੀਆਂ ਵਿਚ ਸਾਹਿਤਕ ਤੇ ਉਚ ਪੱਧਰ ਦੇ ਨਾਟਕ ਲਿਖਵਾ ਕੇ ਪੇਸ਼ ਕਰਨਾ ਸੀ। ਅਸਲ ਵਿਚ ਘਟੀਆ ਪੱਧਰ ਦੇ ਪਾਰਸੀ ਥੀਏਟਰ ਦੇ ਪ੍ਰਤੀਕਰਮ ਵਜੋਂ ਇਹ ਸਭਾ ਹੋਂਦ ਵਿਚ ਲਿਆਂਦੀ ਗਈ ਸੀ ਤਾਂ ਜੋ ਉਸ ਮਾਰੂ ਅਸਰ ਤੋਂ ਨੌਜਵਾਨਾਂ ਨੂੰ ਬਚਾਇਆ ਜਾ ਸਕੇ ਅਤੇ ਨਾਟਕਕਲਾ ਨੂੰ ਯਥਾਰਥਵਾਦੀ ਲੀਹਾਂ 'ਤੇ ਤੋਰਿਆ ਜਾ ਸਕੇ।

ਨੋਰ੍ਹਾ ਰਿਚਰਡਜ਼ ਉਸ ਸਮੇਂ ਇੰਗਲੈਂਡ ਤੋਂ ਪੰਜਾਬ ਵਿਚ ਆਈ ਸੀ ਜਦੋਂ ਪੱਛਮ ਵਿਚ ਆਇਰਲੈਂਡ ਦੀ ਲੋਕ-ਨਾਟ ਲਹਿਰ ਪੂਰੇ ਜ਼ੋਰਾਂ 'ਤੇ ਸੀ ਜਿਸ ਦਾ ਪ੍ਰਭਾਵ ਯੂਰਪ ਦੇ ਦੇਸ਼ਾਂ ਤੋਂ ਬਿਨਾਂ ਅਮਰੀਕਾ ਤੱਕ ਪੁੱਜਿਆ ਹੋਇਆ ਸੀ। ਆਇਰਲੈਂਡ ਦੇ ਹਾਲਾਤ ਸਾਡੇ ਮੁਲਕ ਨਾਲ ਕਾਫ਼ੀ ਮੇਲ ਖਾਂਦੇ ਹਨ। ਉਹ ਦੇਸ਼ ਵੀ ਅੰਗਰੇਜ਼ਾਂ ਦੀ ਰਾਜਸੀ ਗੁਲਾਮੀ ਅਧੀਨ ਸੀ ਅਤੇ ਭਾਰਤ ਵਾਂਗ ਸੁਤੰਤਰਤਾ ਲਈ ਜੱਦੋ ਜਹਿਦ ਕਰ ਰਿਹਾ। ਉਥੋਂ ਦੀ ਲੋਕ-ਨਾਟ ਲਹਿਰ ਨੇ ਜਨਤਾ ਵਿਚ ਰਾਜਸੀ ਜਾਗ੍ਰਤੀ ਪੈਦਾ ਕਰਨ ਵਿਚ ਭਾਰੀ ਹਿੱਸਾ ਪਾਇਆ। ਉਨ੍ਹਾਂ ਦੇ ਨਾਟਕਾਂ ਦਾ ਝੁਕਾਅ ਪੇਂਡੂ ਜੀਵਨ ਦੇ ਵਿਸ਼ੇ ਵੱਲ ਸੀ ਅਤੇ ਉਹ ਜੀਵਨ ਦੇ ਸਮਕਾਲੀ ਮਸਲਿਆਂ ਨਾਲ ਸੰਬੰਧਤ ਨਾਟਕ ਖੇਡਦੇ ਸਨ। ਨਾਟਕਾਂ ਨੂੰ ਉਹ ਸਾਦਾ ਸਾਧਾਰਨ ਢੰਗ ਨਾਲ ਖੁੱਲ੍ਹੇ ਮੰਚ (Open Air Theatre) ਉੱਤੇ ਪੇਸ਼ ਕਰਦੇ ਸਨ। ਲੇਡੀ ਗਰੈਗਰੀ ਆਇਰਲੈਂਡ ਦੀ ਸਭ ਤੋਂ ਪ੍ਰਸਿੱਧ ਸੰਚਾਲਕ ਸ਼ਕਤੀ ਸੀ। ਉਸ ਅਦਾਕਾਰ ਤੇ ਨਾਟਕਕਾਰ ਸਵਾਣੀ ਤੋਂ ਪ੍ਰਭਾਵਿਤ ਹੋ ਕੇ ਨੋਰ੍ਹਾ ਰਿਚਰਡਜ਼ ਪੰਜਾਬ ਲਈ ਲੇਡੀ ਗਰੈਗਰੀ ਸਿੱਧ ਹੋਈ।

ਲਾਹੌਰ ਦੇ ਸਾਰੇ ਕਾਲਜਾਂ ਵਿਚੋਂ ਦਿਆਲ ਸਿੰਘ ਕਾਲਜ ਦਾ ਪੰਜਾਬੀ ਸਭਿਆਚਾਰ ਨਾਲ ਵਿਸ਼ੇਸ਼ ਸੰਬੰਧ ਰਿਹਾ ਹੈ। ਇਹ ਕਾਲਜ ਸ਼ੁਰੂ (1910 ਈ.) ਤੋਂ ਹੀ ਪੰਜਾਬੀ ਸਭਿਆਚਾਰ ਦਾ ਕੇਂਦਰ ਬਣ ਗਿਆ। ਇਸ ਵਿਚ ਬਹੁਤੇ ਪਿੰਡਾਂ ਦੇ ਮੁੰਡੇ ਹੀ ਪੜ੍ਹਦੇ ਸਨ। ਨੋਰ੍ਹਾ ਨੂੰ ਕਾਲਜ ਦਾ ਵਾਤਾਵਰਣ ਬਹੁਤ ਸੁਖਾਇਆ। ਉਸ ਨੇ ਕਾਲਜ ਦੇ ਖੁੱਲ੍ਹੇ-ਡੁੱਲ੍ਹੇ ਅਹਾਤੇ ਵਿਚ ਖੁੱਲ੍ਹਾ ਮੰਡਪ ਉਸਾਰਿਆ। 1911 ਅਤੇ 1912 ਈ. ਵਿਚ ਉਸ ਨੇ ਸ਼ੈਕਸਪੀਅਰ ਦੇ ਦੋ ਨਾਟਕ 'ਏ ਮਿਡ ਸਮਰ ਨਾਈਟਸ ਡਰੀਮ' ਅਤੇ 'ਐਜ਼ ਯੂ ਲਾਈਕ ਇਟ' ਅਤੇ ਲੇਡੀ ਗਰੈਗਰੀ ਦਾ ਆਪਣਾ ਨਾਟਕ 'ਸਪਰੈਡਿੰਗ ਦਾ ਨੀਊਜ਼' ਪੇਸ਼ ਕੀਤੇ। ਇਨ੍ਹਾਂ ਨਾਟਕਾਂ ਦੀ ਪੇਸ਼ਕਾਰੀ ਦਾ ਪੰਜਾਬ ਦੇ ਥੀਏਟਰ 'ਤੇ ਸਥਾਈ ਤੇ ਡੂੰਘਾ ਪ੍ਰਭਾਵ ਪਿਆ।

ਨੋਰ੍ਹਾ ਰਿਚਰਡਜ਼ ਨੂੰ ਭਾਰਤੀ ਲੋਕਾਂ ਨਾਲ ਕੁਦਰਤੀ ਤੌਰ 'ਤੇ (ਆਇਰਲੈਂਡ ਦੀ ਹੋਣ ਕਰਕੇ) ਹਮਦਰਦੀ ਸੀ। 1912 ਈ. ਵਿਚ ਉਸ ਨੇ ਦੇਸੀ ਭਾਸ਼ਾਵਾਂ ਵਿਚੋਂ ਨਾਟਕ ਪ੍ਰਾਪਤ ਕਰਨ ਲਈ ਇਕ ਨਾਟਕ ਮੁਕਾਬਲੇ ਦਾ ਐਲਾਨ ਕੀਤਾ। ਆਈ.ਸੀ. ਨੰਦਾ ਉਨ੍ਹਾਂ ਦਿਨਾਂ ਵਿਚ ਦਿਆਲ ਸਿੰਘ ਕਾਲਜ ਦਾ ਵਿਦਿਆਰਥੀ ਸੀ ਅਤੇ ਨੋਰ੍ਹਾ ਰਿਚਰਡਜ਼ ਦੇ ਦੋ ਅੰਗਰੇਜ਼ੀ ਨਾਟਕਾਂ ਵਿਚ ਭਾਗ ਲੈ ਚੁੱਕਾ ਸੀ। ਉਸ ਅਮਲੀ ਸਿੱਖਿਆ ਦੇ ਆਧਾਰ 'ਤੇ ਨੰਦਾ ਨੇ 'ਦੁਲਹਨ' ਨਾਂ ਦਾ ਪੰਜਾਬੀ ਇਕਾਂਗੀ ਮੁਕਾਬਲੇ ਲਈ ਭੇਜਿਆ ਜੋ 1913 ਈ. ਦੇ ਮੁਕਾਬਲੇ ਵਿਚ ਪਹਿਲੇ ਨੰਬਰ 'ਤੇ ਆਇਆ।

1914 ਈ. ਵਿਚ ਰਾਜਿੰਦਰ ਲਾਲ ਸਾਹਨੀ ਦਾ ਪੰਜਾਬੀ ਨਾਟਕ 'ਦੀਨੇ ਦੀ ਬਰਾਤ' ਅੱਵਲ ਅਤੇ ਨੰਦਾ ਦਾ ਇਕਾਂਗੀ 'ਬੇਬੇ ਰਾਮ ਭਜਨੀ' ਦੂਜੇ ਸਥਾਨ 'ਤੇ ਰਿਹਾ। 'ਦੁਲਹਨ' ਨਾਟਕ 1914 ਵਿਚ ਰੰਗਮੰਚ ਉੱਤੇ ਸਫ਼ਲਤਾ ਨਾਲ ਖੇਡਿਆ ਵੀ ਗਿਆ। ਨੋਰ੍ਹਾ ਦੀ ਅਗਵਾਈ ਹੇਠ ਲਿਖੇ ਇਹ ਤਿੰਨੇ ਨਾਟਕ ਪੰਜਾਬ ਦੇ ਪਿੰਡਾਂ ਦੇ ਵਾਸਤਵਿਕ ਜੀਵਨ ਨਾਲ ਸੰਬੰਧਤ ਸਨ ਅਤੇ ਰੰਗਮੰਚ ਉੱਤੇ ਸੌਖੀ ਤਰ੍ਹਾਂ ਖੇਡੇ ਜਾ ਸਕਦੇ ਹਨ। ਨੋਰ੍ਹਾ ਰਿਚਰਡਜ਼ ਨੇ 1911 ਤੋਂ 1971 ਈ. ਤੱਕ ਆਪਣਾ ਸਾਰਾ ਜੀਵਨ ਪੰਜਾਬੀ ਥੀਏਟਰ ਦੀ ਉੱਨਤੀ ਲਈ ਅਰਪਨ ਕੀਤਾ।

ਈਸ਼ਵਰ ਚੰਦਰ ਨੰਦਾ ਨੂੰ ਆਧੁਨਿਕ ਪੰਜਾਬੀ ਨਾਟਕ ਦਾ ਜਨਮਦਾਤਾ ਕਿਹਾ ਜਾਂਦਾ ਹੈ। ਇਸ ਦਾ ਇਹ ਅਰਥ ਨਹੀਂ ਕਿ ਉਸ ਤੋਂ ਪਹਿਲਾਂ ਪੰਜਾਬੀ ਵਿਚ ਨਾਟਕ ਲਿਖੇ ਜਾਂ ਖੇਡੇ ਨਹੀਂ ਸਨ ਗਏ। 'ਦੁਲਹਨ' (1913) ਦੇ ਲਿਖੇ ਜਾਣ ਤੋਂ ਪਹਿਲਾਂ ਲਗਭਗ ਦਰਜਨ ਨਾਟਕ ਪੰਜਾਬੀ ਵਿਚ ਲਿਖੇ ਜਾਂ ਖੇਡੇ ਜਾ ਚੁੱਕੇ ਸਨ, ਜਿਵੇਂ ਸੁਪਨ ਨਾਟਕ, ਮਲਕਾ ਅਸਤਰ, ਪੂਰਨ ਭਗਤ, ਸ਼ਕੁੰਤਲਾ, ਮਹਾਰਾਣੀ ਸ਼ਰਾਬ ਕੌਰ, ਚੰਦਰ ਹਰੀ, ਰਾਜਾ ਲਖਦਾਤਾ ਸਿੰਘ, ਸੁੱਕਾ ਸਮੁੰਦਰ (ਅਰੂੜ ਸਿੰਘ ਤਾਲਿਬ), ਉਥੈਲੋ (ਅਨੁਵਾਦ ਸੇਵਾ ਸਿੰਘ) 'ਮਨਮੋਹਨ' ਨਾਟਕ ਰਚਿਤ ਗੁਰਬਖ਼ਸ਼ ਸਿੰਘ, ਬਿਰਧ ਵਿਵਾਹ ਦੀ ਦੁਰਦਸ਼ਾ ਆਦਿ। ਫੇਰ ਵੀ ਅਸੀਂ ਨੰਦਾ ਨੂੰ ਆਧੁਨਿਕ ਪੰਜਾਬੀ ਨਾਟਕ ਦਾ ਮੋਢੀ ਕਹਾਂਗੇ ਕਿਉਂਕਿ ਵਿਸ਼ੇ ਤੇ ਤਕਨੀਕ ਦੇ ਪੱਖੋਂ ਇਹ ਨਾਟਕ ਪੁਰਾਤਨਤਾ ਦੀ ਭਾਅ ਮਾਰਦੇ ਹਨ। ਉਨ੍ਹਾਂ ਦਾ ਸਮਕਾਲੀ ਜੀਵਨ ਨਾਲ ਬਹੁਤ ਘੱਟ ਸੰਬੰਧ ਹੈ। ਉਨ੍ਹਾਂ ਵਿਚੋਂ ਕਿਸੇ ਨੂੰ ਵੀ ਪੂਰੀ ਤਰ੍ਹਾਂ ਨਾਟਕ ਕਲਾ ਦਾ ਨਾ ਤਾਂ ਗਿਆਨ ਸੀ ਅਤੇ ਨਾ ਹੀ ਰੰਗ ਮੰਚ ਦਾ ਅਮਲੀ ਤਜ਼ਰਬਾ।

ਨੋਰ੍ਹਾ ਰਿਚਰਡਜ਼ ਨੇ ਹੀ ਪੰਜਾਬ ਅਤੇ ਪੰਜਾਬੀ ਵਿਚ ਇਕਾਂਗੀ ਨਾਟਕ ਲਿਖਵਾਉਣ ਅਤੇ ਖੇਡਣ ਦੀ ਪਰੰਪਰਾ ਸਥਾਪਤ ਕੀਤੀ। 1910-11 ਈ. ਦੇ ਕਰੀਬ ਆਇਰਲੈਂਡ ਦੀ ਨਾਟਕ ਲਹਿਰ ਦਾ ਪ੍ਰਭਾਵ, ਜਿਸ ਵਿਚ ਵਧੇਰੇ ਕਰਕੇ ਇਕਾਂਗੀ ਹੀ ਲਿਖੇ ਤੇ ਖੇਡੇ ਜਾਂਦੇ ਸਨ, ਯੂਰਪ ਤੇ ਅਮਰੀਕਾ ਵਿਚ ਪਿਆ ਸੀ। ਲਗਭਗ ਉਨ੍ਹਾਂ ਦਿਨਾਂ ਵਿਚ ਹੀ ਨੋਰ੍ਹਾ ਨੇ ਪੰਜਾਬੀ ਬੋਲੀ ਵਿਚ ਇਕਾਂਗੀ ਲਿਖਵਾਉਣ ਲਈ ਉਤਸਾਹ ਪੈਦਾ ਕੀਤਾ। ਇਹੋ ਕਾਰਨ ਹੈ ਕਿ ਅਜੇ ਅਸੀਂ ਇਕਾਂਗੀ ਕਲਾ ਵਿਚ ਪੱਛਮੀ ਸਾਹਿਤ ਤੋਂ ਬਹੁਤ ਪਿਛੇ ਨਹੀਂ ਹਾਂ।

1936 ਈ. ਤੱਕ ਤਿੰਨ ਦਰਜਨ ਤੋਂ ਵੱਧ ਪੰਜਾਬੀ ਵਿਚ ਨਾਟਕ ਛਪ ਚੁੱਕੇ ਸਨ ਪਰ ਉਨ੍ਹਾਂ ਵਿਚੋਂ ਬੜੇ ਥੋੜ੍ਹਿਆਂ ਨੂੰ ਰੰਗ ਮੰਚ ਉਤੇ ਪੇਸ਼ ਹੋਣ ਦਾ ਸੁਭਾਗ ਪ੍ਰਾਪਤ ਹੋਇਆ। 1935 ਈ. ਤੱਕ ਦੇ ਕੁੱਲ ਪੰਜਾਬੀ ਨਾਟਕ ਨੂੰ ਉਨ੍ਹਾਂ ਦੀ ਪ੍ਰਬਲ ਰੁਚੀ ਜਾਂ ਪ੍ਰਵਿਰਤੀ ਅਨੁਸਾਰ ਰੱਖ ਕੇ ਦੇਖਣਾ ਵਧੇਰੇ ਲਾਭਦਾਇਕ ਹੋਵੇਗਾ :

1. **ਯਥਾਰਥਵਾਦੀ ਨਾਟਕ ਪਰੰਪਰਾ** : ਪੰਜਾਬੀ ਨਾਟਕ ਦੀ ਇਹ ਪ੍ਰਮੁੱਖ ਪਰੰਪਰਾ ਹੈ ਜਿਸ ਨੂੰ ਨੋਰ੍ਹਾ ਰਿਚਰਡਜ਼ ਨੇ ਪ੍ਰਚਲਿਤ ਕੀਤਾ। ਨੋਰ੍ਹਾ ਤੋਂ ਪਿਛੋਂ ਵੀ ਪੰਜਾਬੀ ਨਾਟਕ ਦੀ ਇਹੋ ਹੀ ਪ੍ਰਧਾਨ ਧਾਰਾ ਰਹੀ ਹੈ। ਈਸ਼ਵਰ ਚੰਦਰ ਨੰਦਾ ਅਤੇ ਜੋਸ਼ੂਆ ਫ਼ਜ਼ਲ ਦੀਨ (ਪਿੰਡ ਦੇ ਵੈਰੀ) ਦੇ ਨਾਟਕ ਇਸ ਸ਼੍ਰੇਣੀ ਵਿਚ ਰੱਖੇ ਜਾ ਸਕਦੇ ਹਨ।
2. **ਰੰਗਮੰਚ ਨਾਟਕ ਪਰੰਪਰਾ** : ਪਾਰਸੀ ਥੀਏਟਰ ਦੇ ਪ੍ਰਭਾਵ ਥੱਲੇ ਪੰਜਾਬ ਵਿਚ ਵੀ ਕੁਝ ਨਾਟਕ ਲਿਖੇ ਗਏ। ਬਾਵਾ ਬੁੱਧ ਸਿੰਘ ਦੇ ਮੁੱਢਲੇ ਨਾਟਕ ਪਾਰਸੀ ਥੀਏਟਰ ਦੇ ਪ੍ਰਭਾਵ ਥੱਲੇ ਹੀ ਲਿਖੇ ਗਏ ਸਨ। ਭਾਈ ਵੀਰ ਸਿੰਘ, ਗੁਰਬਖ਼ਸ਼ ਸਿੰਘ ਬਾਰ ਐਟ ਲਾਅ ਅਤੇ ਮਿਹਰ ਸਿੰਘ ਦੇ ਨਾਟਕ ਇਸ ਪਰੰਪਰਾ ਦੇ ਧਾਰਨੀ ਹਨ।
3. **ਪ੍ਰਭਾਵਵਾਦੀ ਸਾਹਿਤਕ ਪਰੰਪਰਾ** : ਡਾ. ਮੋਹਣ ਸਿੰਘ ਦੀਵਾਨਾ ਇਸ ਸ਼੍ਰੇਣੀ ਵਿਚ ਇਕੱਲਾ ਹੀ ਦਿਸਦਾ ਹੈ। ਦੀਵਾਨਾ ਦਾ ਇਕ ਇਕਾਂਗੀ ਸੰਗ੍ਰਹਿ 'ਪੰਖੜੀਆਂ' 1928 ਈ. ਵਿਚ ਛਪਿਆ ਸੀ। ਇਸ ਵਿਚ ਛੇ ਛੋਟੇ ਨਾਟਕ ਜਾਂ ਇਕਾਂਗੀ ਹਨ। ਲੇਖਕ ਭਾਵੇਂ ਉਨ੍ਹਾਂ ਨੂੰ ਸਮੱਸਿਆ ਨਾਟਕ ਕਹਿੰਦਾ ਹੈ ਪਰ ਉਹ ਵਧੇ ਰੇ ਕਰਕੇ ਪਾਠਕਾਂ ਲਈ ਲਿਖੇ ਗਏ ਹਨ।
4. **ਰੀਤੀ-ਬੱਧ ਨਾਟਕੀ ਪਰੰਪਰਾ** : ਇਸ ਸ਼੍ਰੇਣੀ ਵਿਚ ਉਹ ਨਾਟਕ ਆਉਂਦੇ ਹਨ ਜੋ ਪੁਰਾਤਨ ਭਾਰਤੀ ਨਾਟਕ ਕਲਾ ਵੱਲ ਝੁਕਾਅ ਰਖਦੇ ਹਨ। ਬ੍ਰਿਜ ਲਾਲ ਸ਼ਾਸਤਰੀ ਦੇ ਨਾਟਕ ਇਸ ਪਰੰਪਰਾ ਦੇ ਧਾਰਨੀ ਕਹੇ ਜਾ ਸਕਦੇ ਹਨ।
5. **ਲੋਕ-ਨਾਟ ਪਰੰਪਰਾ** : ਅਜਿਹੇ ਨਾਟਕ ਬੜੇ ਥੋੜ੍ਹੇ ਹਨ ਜੋ ਖੁੱਲ੍ਹੇ ਲੋਕ-ਨਾਟ ਰੂਪ ਅਤੇ ਸੁਦੇਸ਼ੀ ਤੱਤਾਂ ਨਾਲ ਭਰਪੂਰ ਹਨ, ਕਿਉਂਕਿ ਲੋਕ-ਨਾਟ ਪਰੰਪਰਾ ਮੁੱਢ ਕਦੀਮ ਤੋਂ ਅਣਲਿਖਤੀ ਰਹੀ ਹੈ। ਕਿਰਪਾ ਸਾਗਰ ਦੇ ਨਾਟਕ ਇਸ ਲੋਕ-ਨਾਟ ਪਰੰਪਰਾ ਦੇ ਬਹੁਤ ਹੱਦ ਤੱਕ ਧਾਰਨੀ ਕਹੇ ਜਾ ਸਕਦੇ ਹਨ। ਉਸ ਦੇ ਨਾਟਕਾਂ ਦੀ ਖੁੱਲ੍ਹੀ ਤੇ ਢਿੱਲੀ ਬਣਤਰ, ਛੋਟੀਆਂ ਝਾਕੀਆਂ ਦੀ ਭਰਮਾਰ, ਗਾਣਿਆਂ ਅਤੇ ਗੀਤਾਂ ਦੀ ਆਮ ਵਰਤੋਂ ਲੋਕ ਨਾਟਕ ਪਰੰਪਰਾ ਦੇ ਐਨ ਅਨੁਕੂਲ ਹੈ।

1936 ਤੋਂ 1947 ਈ. ਤੱਕ ਦਾ ਸਮਾਂ ਪੰਜਾਬੀ ਨਾਟਕ ਅਤੇ ਇਕਾਂਗੀ ਦੇ ਪੂਰੀ ਤਰ੍ਹਾਂ ਆਧੁਨਿਕ ਰੂਪ ਧਾਰਨ ਕਰਨ ਅਤੇ ਪ੍ਰਫੁੱਲਤ ਹੋਣ ਦਾ ਸਮਾਂ ਹੈ। ਇਸ ਕਾਲ ਵਿਚ ਪੰਜਾਬੀ ਦੇ ਉਹ ਸਾਰੇ ਨਾਟਕਕਾਰ ਆ ਜਾਂਦੇ ਹਨ, ਜਿਨ੍ਹਾਂ ਨੇ ਪੰਜਾਬੀ ਨਾਟਕ ਕਲਾ ਨੂੰ ਸਿੱਖਣ ਤੇ ਪ੍ਰਚਾਰਨ ਵਿਚ ਆਪਣੀ ਕਲਮ ਇਸ ਪਾਸੇ ਵੱਲ ਗੰਭੀਰਤਾ ਨਾਲ ਚਲਾਈ। ਇਨ੍ਹਾਂ ਬਾਰਾਂ ਸਾਲਾਂ ਵਿਚ ਅਸੀਂ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਗੁਰਦਿਆਲ ਸਿੰਘ ਫੁੱਲ ਆਦਿ ਦਾ ਨਾਂ ਲੈ ਸਕਦੇ ਹਾਂ। ਪੱਛਮੀ ਨਾਟਕ ਕਲਾ ਤੇ ਸਾਹਿਤ ਤੋਂ ਜਾਣੂ ਇਨ੍ਹਾਂ ਨਾਟਕਕਾਰਾਂ ਨੇ ਸਮੁੱਚੇ ਤੌਰ 'ਤੇ ਯਥਾਰਥਵਾਦੀ ਧਾਰਾ ਨੂੰ ਅਪਣਾਇਆ। ਸੰਤ ਸਿੰਘ ਸੇਖੋਂ ਨੇ ਨਾਟਕਕਲਾ ਵਿਚ ਵਿਸ਼ੇ ਦੀ ਪ੍ਰਧਾਨਤਾ ਅਤੇ ਗੰਭੀਰਤਾ ਲਿਆਂਦੀ। ਬਾਕੀ ਨਾਟਕਕਾਰਾਂ ਨੇ ਰੰਗ ਮੰਚ ਦੇ ਅਮਲੀ ਤਜ਼ਰਬੇ ਦੇ ਆਧਾਰ 'ਤੇ ਨਾਟਕ ਰਚੇ ਅਤੇ ਪੰਜਾਬੀ ਰੰਗਮੰਚ ਨੂੰ ਸਥਾਪਤ ਕਰਨ ਵਿਚ ਹਿੱਸਾ ਪਾਇਆ। 1947 ਈ. ਤੱਕ ਗੁਰਬਖ਼ਸ਼ ਸਿੰਘ ਨੇ ਰਾਜ ਕੁਮਾਰੀ ਲਤਿਕਾ ਅਤੇ ਤਿੰਨ ਇਕਾਂਗੀ ਰਚੇ ਸਨ। ਸੇਖੋਂ ਨੇ ਪੂਰਾ ਨਾਟਕ 'ਕਲਾਕਾਰ' ਅਤੇ 'ਛੇ ਘਰ' (ਇਕਾਂਗੀ), ਹਰਚਰਨ ਸਿੰਘ ਨੇ 'ਕਮਲਾ ਕੁਮਾਰੀ', 'ਰਾਜ ਪੋਰਸ', 'ਦੂਰ ਦੁਰਾਡੇ ਸ਼ਹਿਰੋਂ', 'ਖੇਡਣ ਦੇ ਦਿਨ ਚਾਰ' ਅਤੇ 'ਅਨਜੋੜ' ਪੂਰੇ ਨਾਟਕਾਂ ਤੋਂ ਬਿਨਾਂ ਚਾਰ ਇਕਾਂਗੀ

ਸੰਗ੍ਰਹਿ—'ਜੀਵਨ ਲੀਲਾ', 'ਸਪਤ ਰਿਸ਼ੀ', 'ਪੰਜ ਗੀਟੜਾ' ਅਤੇ 'ਪੰਚ ਪ੍ਰਧਾਨ' ਪ੍ਰਕਾਸ਼ਿਤ ਕੀਤੇ। ਬਲਵੰਤ ਗਾਰਗੀ ਨੇ 'ਲੋਹਾ ਕੁੱਟ' ਅਤੇ ਦੋ ਇਕਾਂਗੀ ਸੰਗ੍ਰਹਿ 'ਕੁਆਰੀ ਟੀਸੀ' ਅਤੇ 'ਦੋ ਪਾਸੇ' ਪੰਜਾਬੀ ਨਾਟਕ ਸਾਹਿਤ ਨੂੰ ਦਿੱਤੇ। ਗੁਰਦਿਆਲ ਸਿੰਘ ਖੋਸਲਾ ਨੇ ਕੇਵਲ ਇਕ ਮੌਲਿਕ ਨਾਟਕ 'ਬੂਹੇ ਬੈਠੀ ਧੀ' ਅਤੇ ਇਕ ਅਨੁਵਾਦਕ ਨਾਟਕ 'ਚਾਂਦੀ ਦਾ ਡੱਬਾ' (Silver Box by Galsworthy) ਪ੍ਰਕਾਸ਼ਿਤ ਕੀਤੇ। ਫੁੱਲ ਦਾ ਕੇਵਲ 'ਪਿਤਾ ਪਿਆਰ' ਹੀ ਵੰਡ ਤੋਂ ਪਹਿਲਾਂ ਸਾਹਮਣੇ ਆਇਆ ਸੀ। ਕਰਤਾਰ ਸਿੰਘ ਦੁੱਗਲ ਨੇ ਦੋ ਇਕਾਂਗੀ 'ਇਕ ਸਿਫ਼ਰ ਸਿਫ਼ਰ', 'ਔਹ ਗਏ ਸਾਜਨ ਔਹ ਗਏ' ਪ੍ਰਕਾਸ਼ਿਤ ਕਰਵਾਕੇ ਪੰਜਾਬੀ ਸਾਹਿਤ ਤੇ ਮੰਚ ਉੱਤੇ ਆਪਣੀ ਸਨਮਾਨ ਯੋਗ ਥਾਂ ਬਣਾ ਲਈ ਸੀ।

1947 ਤੋਂ 1960 ਈ. ਤੱਕ ਦੇ ਸਮੇਂ ਵਿਚ ਪੰਜਾਬੀ ਨਾਟਕ ਤੇ ਇਕਾਂਗੀ ਨੇ ਹੋਰ ਵੀ ਉੱਨਤੀ ਕੀਤੀ। ਨੰਦਾ ਤੇ ਬਾਕੀ ਦੇ ਹੋਰ ਨਾਟਕਕਾਰਾਂ ਨੇ ਵੀ ਗੰਭੀਰਤਾ ਨਾਲ ਨਾਟਕਾਂ ਦੀ ਰਚਨਾ ਕੀਤੀ। ਉਸ ਤੋਂ ਬਿਨਾਂ ਹੋਰ ਵੀ ਦਰਜਨ ਦੇ ਕਰੀਬ ਨੌਜਵਾਨ ਨਾਟਕਕਾਰਾਂ ਨੇ ਨਾਟ-ਖੇਤਰ ਵਿਚ ਪ੍ਰਵੇਸ਼ ਕੀਤਾ। ਵੰਡ ਤੋਂ ਬਾਅਦ ਇਸ ਖੇਤਰ ਵਿਚ ਆਏ ਨਾਟਕਕਾਰਾਂ ਦੇ ਨਾਂ ਇਹ ਹਨ—ਅਮਰੀਕ ਸਿੰਘ, ਰੌਸ਼ਨ ਲਾਲ ਆਹੂਜਾ, ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਹਰਸਰਨ ਸਿੰਘ, ਪਿਆਰਾ ਸਿੰਘ ਭੋਗਲ, ਗੁਰਚਰਨ ਸਿੰਘ ਜਸੂਜਾ, ਬਲਬੀਰ ਸਿੰਘ, ਜਗਦੀਸ਼ ਸਿੰਘ ਵੋਹਰਾ, ਪਰੀਤੋਸ਼ ਗਾਰਗੀ, ਪਾਂਧੀ ਨਾਨਕਾਣਵੀ, ਸ਼ੀਲਾ ਭਾਟੀਆ, ਤਰਲੋਚਨ ਸਿੰਘ ਗਿੱਲ ਆਦਿ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕੁਝ ਲੇਖਕ ਹਨ ਜਿਨ੍ਹਾਂ ਨੇ ਇੱਕ ਅੱਧ ਨਾਟਕ ਹੀ ਰਚਿਆ।

ਦੇਸ਼ ਦੀ ਸੁਤੰਤਰਤਾ ਤੋਂ ਬਾਅਦ ਭਾਰਤ ਵਿਚ ਨਾਟਕਕਲਾ ਦੀ ਪ੍ਰਫੁੱਲਤਾ ਲਈ ਸੁਖਾਵਾਂ ਵਾਤਾਵਰਣ ਪੈਦਾ ਹੋ ਗਿਆ ਸੀ। ਵੰਡ ਤੋਂ ਬਾਅਦ ਨਾਟਕਕਲਾ ਨੂੰ ਉਤੇਜਨਾ ਦੇਣ ਵਿਚ ਸਭ ਤੋਂ ਵੱਧ ਹਿੱਸਾ ਭਾਰਤ ਲੋਕ-ਨਾਟ ਲਹਿਰ ਦਾ ਹੈ। ਇਸ ਲੋਕ-ਲਹਿਰ ਦੇ ਆਗੂਆਂ ਨੇ ਨਾਟਕ ਕਲਾ ਨੂੰ ਜਨਤਾ ਦੇ ਵਾਸਤਵਿਕ ਜੀਵਨ ਨਾਲ ਜੋੜਿਆ, ਮੰਚ ਨੂੰ ਸਾਦਾ ਤੇ ਸਾਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਨਾਟਕੀ ਵਾਰਤਾਲਾਪ ਨੂੰ ਜੀਵਨਮਈ ਅਤੇ ਨਿੱਤ ਵਰਤੋਂ ਦੀ ਬੋਲ ਚਾਲ ਦੇ ਨੇੜੇ ਰੱਖਣ ਦਾ ਸੁਝਾਅ ਦਿੱਤਾ। ਪੰਜਾਬੀ ਨਾਟਕਕਾਰਾਂ ਨੇ ਪੱਛਮੀ ਮੰਚ ਤੇ ਨਾਟਕ ਦਾ ਅਧਿਐਨ ਕੀਤਾ ਅਤੇ ਪੰਜਾਬੀ ਨਾਟਕਕਲਾ ਨੂੰ ਪੱਛਮ ਦੇ ਤੁਲ ਖੜ੍ਹਾ ਕਰਨ ਵਿਚ ਸਿਰਤੋੜ ਯਤਨ ਕੀਤੇ। ਬਲਵੰਤ ਗਾਰਗੀ ਦਾ 'ਕੇਸਰੋ' ਬਦੇਸ਼ੀ ਬੋਲੀਆਂ ਵਿਚ ਅਨੁਵਾਦ ਹੋਇਆ। ਪੰਜਾਬੀ ਦੇ ਹੋਰ ਬਹੁਤ ਸਾਰੇ ਨਾਟਕ ਵੀ ਹਿੰਦੀ ਤੇ ਹੋਰ ਬੋਲੀਆਂ ਵਿਚ ਅਨੁਵਾਦ ਹੋ ਕੇ ਸਨਮਾਨੇ ਗਏ।

**ਪ੍ਰਵਿਰਤੀਆਂ ਅਤੇ ਪ੍ਰਾਪਤੀਆਂ**

ਆਧੁਨਿਕ ਪੰਜਾਬੀ ਨਾਟਕ ਰੰਗਮੰਚ ਦੀ ਯਥਾਰਥਵਾਦੀ ਪ੍ਰਵਿਰਤੀ ਇਸ ਦੀ ਪ੍ਰਬਲ ਵਿਸ਼ੇਸ਼ਤਾ ਤੇ ਪ੍ਰਾਪਤੀ ਹੈ। ਇਸ ਨੂੰ ਇਨ੍ਹਾਂ ਲੀਹਾਂ 'ਤੇ ਪਾਉਣ ਵਿਚ ਨੋਰ੍ਹਾ ਦਾ ਬਹੁਤ ਹੱਥ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬੀ ਨਾਟਕ ਲੋਕਾਂ ਦੇ ਜੀਵਨ ਤੇ ਬੋਲੀ ਦੇ ਬਹੁਤ ਨੇੜੇ ਰਿਹਾ ਹੈ। ਦੂਜੇ, ਪੰਜਾਬੀ ਪ੍ਰਗਤੀਸ਼ੀਲ ਹੋਣ ਕਰਕੇ ਬੜੇ ਸੁਚੇਤ ਹਨ। ਸੰਸਾਰ ਭਰ ਦੀ ਕੋਈ ਵੀ ਲਹਿਰ ਜਾਂ ਵਿਚਾਰਧਾਰਾ ਦਾ ਪ੍ਰਭਾਵ ਉਹ ਸਭ ਤੋਂ ਪਹਿਲਾਂ ਕਬੂਲਦੇ ਹਨ ਅਤੇ ਉਸ ਦਾ ਪ੍ਰਗਟਾਅ ਕਲਾਮਈ ਢੰਗ ਨਾਲ ਆਪਣੇ ਨਾਟਕਾਂ ਵਿਚ ਕਰਦੇ ਹਨ। ਪੰਜਾਬੀ ਦਾ ਲੋਕ-ਨਾਟ ਅਤੇ ਆਧੁਨਿਕ ਨਾਟਕ ਦੋਵੇਂ ਸਮੇਂ ਦੀ ਆਤਮਾ ਅਤੇ ਸਮਾਜਕ ਚੇਤਨਾ ਦਾ ਦਰਪਨ (Mirror of time) ਰਿਹਾ ਹੈ।

ਪੰਜਾਬੀ ਨਾਟਕ ਰੁਚੀ ਵਲੋਂ, ਲੌਕਿਕ, ਦ੍ਰਿਸ਼ਟੀਕੋਣ ਵਲੋਂ ਪ੍ਰਗਤੀਸ਼ੀਲ ਅਤੇ ਅੰਤਰਰਾਸ਼ਟਰੀ ਭਾਵਨਾ ਵਾਲਾ ਹੈ। ਪੰਜਾਬੀ ਨਾਟਕਕਾਰਾਂ ਦੇ ਸਾਹਮਣੇ ਸਦਾ ਹੀ ਵਿਸ਼ਾਲ ਕੌਮੀ ਦ੍ਰਿਸ਼ਟੀਕੋਣ ਰਿਹਾ ਹੈ। ਸੰਸਾਰ ਭਰ ਦੀਆਂ ਲਹਿਰਾਂ ਅਤੇ ਪ੍ਰਸਿੱਧ ਘਟਨਾਵਾਂ ਤੋਂ ਬਿਨਾਂ ਪੰਜਾਬੀ ਨਾਟਕਕਾਰ ਭਾਰਤੀ ਇਤਿਹਾਸ, ਮਿਥਿਹਾਸ ਵਿਚੋਂ ਨਾਟਕਾਂ ਲਈ ਵਿਸ਼ੇ ਚੁਣਦੇ ਹਨ।

ਪੰਜਾਬੀ ਨਾਟਕ ਦੀ ਇਕ ਹੋਰ ਪ੍ਰਵਿਰਤੀ ਇਹ ਰਹੀ ਹੈ ਕਿ ਇਹ ਆਰੰਭ ਤੋਂ ਹੀ ਪੇਂਡੂ ਜੀਵਨ ਨਾਲ ਓਤਪੋਤ ਰਿਹਾ ਹੈ। ਇਸ ਕਰਕੇ ਪੰਜਾਬੀ ਨਾਟਕ ਵਿਚ ਜਾਨ ਤੇ ਨਰੋਆਪਣ ਹੈ। ਪੰਜਾਬੀ ਜੀਵਨ ਨੂੰ ਇਸ ਨੇ ਵਾਸਤਵਿਕ ਰੰਗ ਵਿਚ ਚਿਤਰਨ ਦਾ ਯਤਨ ਕੀਤਾ ਹੈ।

ਭਾਵੇਂ ਤਕਨੀਕੀ ਪੱਖੋਂ ਪੰਜਾਬੀ ਨਾਟਕ ਪੱਛਮੀ ਸਾਹਿਤ ਤੇ ਥੀਏਟਰ ਤੋਂ ਪ੍ਰਭਾਵਤ ਹੈ ਪਰ ਭਾਵ ਤੇ ਵਿਸ਼ੇ ਦੀ ਚੋਣ ਦੇ ਤੌਰ 'ਤੇ ਇਹ ਸਦਾ ਮੌਲਿਕ ਤੇ ਸੁਤੰਤਰ ਰਿਹਾ ਹੈ। ਪੰਜਾਬ ਦੀ ਧਰਤੀ ਦੇ ਵਿਸ਼ੇਸ਼ ਤੱਤ ਤੇ ਗੁਣ ਇਸ ਵਿਚ ਪ੍ਰਬਲ ਰਹੇ ਹਨ। ਇਸ ਦੀ ਬੋਲੀ ਵਿਚਲਾ ਨਰੋਆ ਹਾਸਰਸ, ਨਾਟ ਅਤੇ ਵਿਅੰਗ ਇਸ ਦੀ ਇਕ ਵਿਸ਼ੇਸ਼ਤਾ ਰਹੀ ਹੈ।

ਪੰਜਾਬੀ ਨਾਟਕ ਪੰਜਾਬੀ ਫ਼ਿਲਮਾਂ ਤੋਂ ਉਲਟ ਵਧੇਰੇ ਗੰਭੀਰ, ਸਾਰਥਕ ਅਤੇ ਕਲਾਮਈ ਰਿਹਾ ਹੈ।

ਪੰਜਾਬੀ ਨਾਟਕਕਲਾ ਦੀ ਵਿਸ਼ੇਸ਼ ਪ੍ਰਾਪਤੀ ਇਕਾਂਗੀ ਕਲਾ ਦੇ ਖੇਤਰ ਵਿਚ ਮੰਨੀ ਜਾ ਸਕਦੀ ਹੈ। ਆਕਾਰ ਵੱਲੋਂ ਪੰਜਾਬੀ ਇਕਾਂਗੀਆਂ ਦੀ ਗਿਣਤੀ ਘੱਟ ਹੋ ਸਕਦੀ ਹੈ ਪਰ ਗੁਣਾਂ ਦੇ ਪੱਖ ਤੋਂ ਇਹ ਭਾਰਤ ਦੀਆਂ ਹੋਰਨਾਂ ਬੋਲੀਆਂ ਦਾ ਪੂਰਾ ਟਾਕਰਾ ਕਰਨ ਦੀ ਸਮਰੱਥਾ ਰਖਦਾ ਹੈ। ਪੰਜਾਬ ਦੇ ਦਰਜਨਾਂ ਇਕਾਂਗੀ ਅਨੁਵਾਦ ਹੋ ਕੇ ਦੇਸ਼ੀ ਅਤੇ ਬਦੇਸ਼ੀ ਭਾਸ਼ਾਵਾਂ ਵਿਚ ਸਨਮਾਨ ਯੋਗ ਥਾਂ ਪ੍ਰਾਪਤ ਕਰ ਚੁੱਕੇ ਹਨ।

ਦਿੱਲੀ ਵਰਗੇ ਕੌਮਾਂਤਰੀ ਸ਼ਹਿਰ ਵਿਚ ਪੰਜਾਬੀ ਨਾਟਕ ਅਤੇ ਮੰਚ ਨੇ ਚੰਗਾ ਨਾਮਣਾ ਖੱਟਿਆ ਹੈ। ਨਿਰਪੱਖ ਨਾਮੀ ਆਲੋਚਕਾਂ ਦੇ ਵਿਚਾਰ ਅਨੁਸਾਰ ਪੰਜਾਬੀ ਨਾਟਕ (ਓਪੇਰਾ) ਕੁੱਲ ਭਾਰਤੀ ਬੋਲੀਆਂ ਦੇ ਨਾਟਕਾਂ ਤੋਂ ਅੱਗੇ ਹੈ। ਸ਼ੀਲਾ ਭਾਟੀਆ ਦੇ ਯਤਨ ਇਸ ਸੰਬੰਧ ਵਿਚ ਬਹੁਤ ਸ਼ਲਾਘਾਯੋਗ ਹਨ। ਆਰ.ਜੀ. ਆਨੰਦ, ਪ੍ਰੇਮ ਜਲੰਧਰੀ ਅਤੇ ਸ਼ੰਨੋਂ ਖੁਰਾਣਾ ਨੇ ਵੀ ਪੰਜਾਬੀ ਇਕਾਂਗੀ ਨੂੰ ਲੋਕ-ਪ੍ਰਿਯ ਬਣਾਉਣ ਅਤੇ ਉੱਚ ਪੱਧਰ 'ਤੇ ਪਹੁੰਚਾਉਣ ਵਿਚ ਆਪਣਾ ਹਿੱਸਾ ਪਾਇਆ ਹੈ।

ਸਾਡੇ ਖ਼ਿਆਲ ਵਿਚ ਪੰਜਾਬੀ ਨਾਟਕ ਦਾ ਭਵਿੱਖ ਆਸ਼ਾਜਨਕ ਹੈ। ਅਨੁਕਾਰੀ ਬਿਰਤੀ (Mimetic Instinct) ਪੰਜਾਬੀਆਂ ਨੂੰ ਵਿਰਸੇ ਵਿਚੋਂ ਮਿਲਦੀ ਹੈ। ਇਸ ਦਾ ਜੀਉਂਦਾ ਜਾਗਦਾ ਸਬੂਤ ਪੰਜਾਬੀ ਅਦਾਕਾਰਾਂ ਦੀ ਭਾਰਤੀ ਫਿਲਮ ਦਸਤਕਾਰੀ ਵਿਚ ਭਾਰੀ ਬਹੁ-ਗਿਣਤੀ ਹੈ।

**(2)**

1960 ਤੋਂ ਬਾਅਦ ਸਾਡੇ ਪਹਿਲੇ ਨਾਟਕਕਾਰ ਜਿਵੇਂ ਡਾ. ਹਰਚਰਨ ਸਿੰਘ ('ਸ਼ੋਭਾ ਸ਼ਕਤੀ' ਤੇ 'ਕੱਲ੍ਹ, ਅੱਜ ਤੇ ਭਲਕ') ਸੰਤ ਸਿੰਘ ਸੇਖੋਂ ('ਮਿੱਤਰ ਪਿਆਰਾ'), ਬਲਵੰਤ ਗਾਰਗੀ ('ਗਗਨ ਮੈਂ ਥਾਲੁ' ਤੇ 'ਧੂਣੀ ਦੀ ਅੱਗ') ਵੀ ਨਾਟਕ ਸਿਰਜਣਾ ਕਰਦੇ ਰਹੇ ਹਨ ਪਰ ਸਮੁੱਚੇ ਤੌਰ 'ਤੇ ਇਸ ਸਮੇਂ ਦੇ ਨਾਟਕ ਪਹਿਲੇ ਨਾਟਕਾਂ ਨਾਲੋਂ ਭਿੰਨ ਪ੍ਰਕਾਰ ਦੇ ਹਨ। ਹੋਰ ਸਾਹਿਤ-ਰੂਪਾਂ ਵਾਂਗ ਨਾਟਕ-ਖੇਤਰ ਵਿਚ ਵੀ ਨਵੇਂ ਪ੍ਰਯੋਗ ਹੋਏ ਹਨ। ਨਾਟਕ ਵਿਚ ਇਸ ਕਾਲ ਵਿਚ ਅਸੀਂ ਹੇਠ ਲਿਖੇ ਝੁਕਾਅ ਲੱਭ ਸਕਦੇ ਹਾਂ :

(ੳ) ਇਤਿਹਾਸਕ ਨਾਟਕ

(ਅ) ਪ੍ਰਯੋਗਵਾਦੀ ਤੇ ਐਬਸਰਡ ਨਾਟਕ

**ਇਤਿਹਾਸਕ ਨਾਟਕ**

ਇਹ ਸਮਾਂ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ 500 ਸਾਲਾਂ (1960) ਤੇ 300 ਸਾਲਾ (1966) ਜਨਮ ਸ਼ਤਾਬਦੀਆਂ ਦਾ ਸਮਾਂ ਹੈ, ਇਸ ਲਈ ਪੰਜਾਬੀ ਨਾਟਕਕਾਰਾਂ ਨੇ ਇਹਨਾਂ ਦੋਹਾਂ ਸਿੱਖ ਗੁਰੂਆਂ ਦੇ ਜੀਵਨ ਨਾਲ ਸੰਬੰਧਤ ਕਾਫ਼ੀ ਨਾਟਕ ਲਿਖੇ ਹਨ। ਹਰਚਰਨ ਸਿੰਘ, ਪਾਂਧੀ ਨਨਕਾਣਵੀ, ਗੁਰਚਰਨ ਸਿੰਘ ਜਸੂਜਾ, ਗੁਰਦਿਆਲ ਸਿੰਘ ਫੁੱਲ, ਬਲਵੰਤ ਗਾਰਗੀ, ਸੁਰਜੀਤ ਸਿੰਘ ਸੇਠੀ ਆਦਿ ਦੇ ਨਾਂ ਇਤਿਹਾਸਕ ਨਾਟਕ ਲਿਖਣ ਵਾਲਿਆਂ ਵਿਚੋਂ ਲਏ ਜਾ ਸਕਦੇ ਹਨ। ਹਰਚਰਨ ਸਿੰਘ ਨੇ 'ਚਮਕੌਰ ਦੀ ਗੜ੍ਹੀ', 'ਮਿੱਟੀ ਧੁੰਧ ਜਗਿ ਚਾਨਣ ਹੋਆ' ਅਤੇ 'ਹਿੰਦ ਦੀ ਚਾਦਰ' ਨਾਟਕ ਲਿਖੇ। ਪਾਂਧੀ ਨਨਕਾਣਵੀ ਨੇ 'ਆਨੰਦਪੁਰ ਦੀ ਆਵਾਜ਼' (1966) ਤੇ 'ਹੱਕ ਪਰਾਇਆ ਨਾਨਕਾ' (1969) ਆਦਿ ਨਾਟਕ ਦਿੱਤੇ ਹਨ। ਪਹਿਲੇ ਵਿਚ 1701 ਤੋਂ ਲੈ ਕੇ 1706 ਤੱਕ ਦੇ ਸਾਲਾਂ ਵਿਚ ਗੁਰੂ ਗੋਬਿੰਦ ਸਿੰਘ ਨਾਲ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਹੈ। ਦੂਜੇ ਅੰਦਰ ਗੁਰੂ ਨਾਨਕ ਦੇਵ ਜੀ ਨਾਲ ਵਾਪਰੀ ਐਮਨਾਬਾਦ ਵਾਲੀ ਘਟਨਾ ਦਾ ਜ਼ਿਕਰ ਹੈ। 1969 ਵਿਚ ਹੀ ਗੁਰਚਰਨ ਸਿੰਘ ਜਸੂਜਾ ਨੇ 'ਚੜ੍ਹਿਆ ਸੋਧਨ ਧਰਤੀ ਲੋਕਾਈ' ਨਾਂ ਦਾ ਨਾਟਕ ਪ੍ਰਕਾਸ਼ਿਤ ਕਰਵਾਇਆ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਛੱਡਣ ਤੋਂ ਪਹਿਲਾਂ ਉਦਾਸੀ ਦੇ ਆਰੰਭ ਵਾਲੀ ਘਟਨਾ ਨੂੰ ਲਿਆ ਗਿਆ ਹੈ। ਇਸੇ ਤਰ੍ਹਾਂ ਗੁਰਦਿਆਲ ਸਿੰਘ ਫੁੱਲ ਦਾ 'ਸਭ ਕਿਛੁ ਹੋਤੁ ਉਪਾਇ' ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸੰਬੰਧਤ ਨਾਟਕ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਨਾਟਕ 'ਜਿਨ ਸਚਿ ਪਲੈ ਹੋਇ', 'ਤਾਤੀ ਵਾਉ ਨਾ ਲਗਾਈ', 'ਅਸੀਂ ਦੂਣ ਸਵਾਏ ਹੋਏ' ਅਤੇ 'ਨਾਨਕ ਨਦਰੀ ਨਦਰ ਨਿਹਾਲ' ਬਹੁਤ ਪ੍ਰਸਿੱਧ ਹੋਏ। ਸੁਰਜੀਤ ਸਿੰਘ ਸੇਠੀ ਨੇ 'ਗੁਰੂ ਬਿਨ ਘੋਰਿ ਅੰਧਾਰ' (1969) ਵਿਚ ਸੱਜਣ ਠੱਗ ਨਾਲ ਹੋਈ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਵਾਲੀ ਘਟਨਾ ਨੂੰ ਆਧਾਰ ਬਣਾਇਆ ਹੈ। ਬਲਵੰਤ ਗਾਰਗੀ ਦਾ 'ਗਗਨ ਮੈ ਥਾਲੁ' ਵੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਨਾਟਕੀ ਰੂਪ ਵਿਚ ਚਿਤਰਨ ਦੀ ਕੋਸ਼ਿਸ਼ ਹੈ। ਕਪੂਰ ਸਿੰਘ ਘੁੰਮਣ ਦਾ ਨਾਟਕ 'ਕੂੜ ਅਮਾਵਸ' ਅਤੇ ਕਾਵਿ ਨਾਟਕ 'ਵਿਸਮਾਦ ਨਾਦ' ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਪ੍ਰਭਾਵਸ਼ਾਲੀ ਰਚਨਾਵਾਂ ਹਨ।

ਇਨ੍ਹਾਂ ਤੋਂ ਬਿਨਾਂ ਸੁਰਜੀਤ ਸਿੰਘ ਸੇਠੀ ਦਾ 'ਕਾਦਰਯਾਰ' ਤੇ ਸੰਤ ਸਿੰਘ ਸੇਖੋਂ ਦਾ 'ਮਿੱਤਰ ਪਿਆਰਾ' ਵੀ ਵਰਣਨ

ਯੋਗ ਹਨ। 'ਕਾਰਦਯਾਰ' ਵਿਚ ਪੂਰਨ ਭਗਤ ਦੇ ਲੇਖਕ ਦੀ ਜੀਵਨੀ ਨੂੰ ਆਧਾਰ ਬਣਾਇਆ ਗਿਆ ਹੈ ਤੇ 'ਮਿਤਰ ਪਿਆਰਾ' ਵਿਚ ਲੈਨਿਨ ਤੇ ਭਾਰਤ ਦੀ ਸੁਤੰਤਰਤਾ ਸੰਗਰਾਮੀਏ ਰਤਨ ਸਿੰਘ ਤੇ ਪਾਰਟੀ ਦੀ ਮੁਲਾਕਾਤ ਹੈ। ਇਨ੍ਹਾਂ ਦੋਹਾਂ ਨਾਟਕਾਂ ਵਿਚ ਸਾਹਿਤਕ ਤੇ ਰਾਜਨੀਤਕ ਆਗੂਆਂ ਜਾਂ ਨਾਇਕਾਂ ਨੂੰ ਪੇਸ਼ ਕੀਤਾ ਗਿਆ ਹੈ ਪਰ 'ਕਾਦਰਯਾਰ' ਵਿਚ ਕਲਪਨਾ ਦਾ ਏਨਾ ਮਿਲਗੋਭਾ ਹੈ ਕਿ ਉਸ ਵਿਚਲਾ ਇਤਿਹਾਸ ਧੁੰਧਲਾ ਪੈ ਗਿਆ ਹੈ। ਸੰਤ ਸਿੰਘ ਸੇਖੋਂ ਦੇ 'ਮਿੱਤਰ ਪਿਆਰਾ' ਨੂੰ ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਹੋਇਆ ਹੈ ਪਰ ਇਤਿਹਾਸਕ ਨਾਟਕ ਦੇ ਪੱਖੋਂ ਇਹ ਵੀ ਕੋਈ ਬਹੁਤਾ ਸਫ਼ਲ ਨਾਟਕ ਨਹੀਂ ਕਿਹਾ ਜਾ ਸਕਦਾ। ਸਿੱਖ ਇਤਿਹਾਸ ਨਾਲ ਸੰਬੰਧਤ ਨਾਟਕ ਵੀ ਨਾਟਕਕਾਰਾਂ ਦੀ ਆਦਰਸ਼ਕ ਸੋਚਣੀ ਦੀ ਹੀ ਦੇਣ ਹਨ, ਇਸ ਲਈ ਘਟਨਾਵਾਂ ਭਾਵੇਂ ਇਤਿਹਾਸਕ ਹਨ ਪਰ ਇਨ੍ਹਾਂ ਦੇ ਨਿਭਾਅ ਆਦਿ ਕਾਰਨ ਇਹ ਬਹੁਤੇ ਸਫ਼ਲ ਇਤਿਹਾਸਕ, ਨਾਟਕ ਨਹੀਂ ਕਹੇ ਜਾ ਸਕਦੇ।

**ਪ੍ਰਯੋਗਵਾਦੀ ਤੇ ਐਬਸਰਡ ਨਾਟਕ**

ਪੱਛਮੀ ਸਾਹਿਤ ਦੇ ਪ੍ਰਭਾਵਾਂ ਅਧੀਨ ਪੰਜਾਬੀ ਵਿਚ ਇਸ ਸਮੇਂ ਪ੍ਰਯੋਗਵਾਦੀ ਅਤੇ ਐਬਸਰਡ ਨਾਟਕ ਵੀ ਲਿਖੇ ਗਏ ਜਿਨ੍ਹਾਂ ਦਾ ਸਿਹਰਾ ਮੁੱਖ ਰੂਪ ਵਿਚ ਸੁਰਜੀਤ ਸਿੰਘ ਸੇਠੀ ਦੇ ਸਿਰ ਹੈ। ਇਸ ਤੋਂ ਬਿਨਾਂ ਕਪੂਰ ਸਿੰਘ ਘੁੰਮਣ ਦੇ ਕੁੱਝ ਨਾਟਕ ਜਿਵੇਂ 'ਪੁਤਲੀ ਘਰ' ਤੇ 'ਅਤੀਤ ਦੇ ਪਰਛਾਵੇਂ' ਬਲਵੰਤ ਗਾਰਗੀ ਦੇ 'ਧੂਣੀ ਦੀ ਅੱਗ' ਵੀ ਪ੍ਰਯੋਗਵਾਦੀ ਨਾਟਕ ਕਹੇ ਜਾ ਸਕਦੇ ਹਨ। 'ਧੂਣੀ ਦੀ ਅੱਗ' ਵਿਚ ਗਾਰਗੀ ਨੇ ਵਿਅਕਤੀਗਤ ਯਥਾਰਥ ਦੇ ਪੱਖੋਂ ਨਾਟਕ ਰਚਨਾ ਕੀਤੀ ਹੈ। ਇਹ ਦ੍ਰਿਸ਼ਟੀਕੋਣ ਪ੍ਰਯੋਗਵਾਦ ਦੀ ਵਿਸ਼ੇਸ਼ਤਾ ਹੈ। ਇਸ ਨਾਟਕ ਵਿਚ ਮੂਲ ਰੂਪ ਵਿਚ ਦੋ ਇਸਤਰੀਆਂ ਦੀ ਈਰਖਾ ਦੀ ਕਹਾਣੀ ਨੂੰ ਆਧਾਰ ਬਣਾਇਆ ਗਿਆ ਹੈ। ਇਹ ਵਿਸ਼ਾ ਉਂਜ ਤਾਂ ਬਹੁਤ ਨਵਾਂ ਨਹੀਂ ਪਰ ਗਾਰਗੀ ਦਾ ਪ੍ਰਗਟਾਅ ਢੰਗ ਪ੍ਰਯੋਗਵਾਦੀਆਂ ਵਰਗਾ ਹੈ। ਇਸੇ ਤਰ੍ਹਾਂ ਕਪੂਰ ਸਿੰਘ ਘੁੰਮਣ ਦੇ ਨਾਟਕਾਂ ਵਿਚ ਅਜੋਕੇ ਸ਼ਹਿਰੀ ਜੀਵਨ ਨੂੰ ਆਧਾਰ ਬਣਾ ਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਅਜੋਕਾ ਮਨੁੱਖ ਹਾਲਾਤ ਦੇ ਹੱਥਾਂ ਵਿਚ ਇਕ ਪੁਤਲੀ ਹੈ (ਪੁਤਲੀ ਘਰ)। ਉਸ ਦੀ ਆਜ਼ਾਦੀ ਬਿਲਕੁੱਲ ਖ਼ਤਮ ਹੋ ਚੁੱਕੀ ਹੈ। 'ਅਤੀਤ ਦੇ ਪਰਛਾਵੇਂ' ਵਿਚ ਵੀ ਇਸੇ ਤਰ੍ਹਾਂ ਦਾ ਵਿਚਾਰ ਹੈ। ਇਸ ਵਿਚ ਇਕ ਇਸਤਰੀ ਦੁਆਰਾ ਲਾਲਸਾ ਤੇ ਭਾਵਨਾ ਵਸ ਹੋ ਕੇ ਵਿਆਹ ਤੋਂ ਪਹਿਲਾਂ ਕਿਸੇ ਮਰਦ ਨਾਲ ਸਥਾਪਿਤ ਕੀਤੇ ਸਰੀਰਕ ਸੰਬੰਧਾਂ ਬਾਰੇ ਪਛਤਾਵਾ ਹੈ। ਇਹ ਪਛਤਾਵਾ ਅੰਤ ਉਸ ਦੀ ਜਾਨ ਲੈ ਲੈਂਦਾ ਹੈ। ਪ੍ਰਯੋਗਵਾਦੀ ਨਾਟਕਕਾਰਾਂ ਵਾਂਗ ਘੁੰਮਣ ਨੇ ਆਪਣੇ ਨਾਟਕਾਂ ਵਿਚ ਸਮਾਜ ਨੂੰ ਵਿਅਕਤੀਗਤ ਆਜ਼ਾਦੀ ਦਾ ਕਾਤਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਰਸਰਨ ਸਿੰਘ ਦੇ ਤਿੰਨ ਨਾਟਕ 'ਫੁੱਲ ਕੁਮਲਾ ਗਿਆ', 'ਅਪਰਾਧੀ' ਤੇ 'ਉਦਾਸ ਲੋਕ' ਵੀ ਪ੍ਰਯੋਗਵਾਦੀ ਨਾਟਕਾਂ ਦੇ ਘੇਰੇ ਵਿਚ ਰੱਖੇ ਜਾ ਸਕਦੇ ਹਨ।

ਪ੍ਰਯੋਗਵਾਦੀ ਤੇ ਐਬਸਰਡ ਨਾਟਕ ਦਾ ਪੂਰਨ ਭਾਂਤ ਮੁੱਢ ਸੁਰਜੀਤ ਸਿੰਘ ਸੇਠੀ ਨੇ ਬੰਨ੍ਹਿਆ ਹੈ। ਉਸ ਦੇ ਨਾਟਕ 'ਕਾਫ਼ੀ ਹਾਊਸ', 'ਭਰਿਆ ਭਰਿਆ ਸੱਖਣਾ ਸੱਖਣਾ', 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ', 'ਨੰਗੀ ਸੜਕ ਰਾਤ ਦਾ ਓਹਲਾ' ਤੇ 'ਕਿੰਗ ਮਿਰਜ਼ਾ ਤੇ ਸਪੇਰਾ' ਇਸ ਗੱਲੋਂ ਵਰਣਨਯੋਗ ਹਨ। ਪੱਛਮੀ ਪ੍ਰਭਾਵ ਅਧੀਨ ਸੇਠੀ ਨੇ ਇਹਨਾਂ ਨਾਟਕਾਂ ਵਿਚ ਤੀਵੀਂ-ਮਰਦ ਦੇ ਸੰਬੰਧਾਂ ਨੂੰ ਬਿਨਾਂ ਕਿਸੇ ਸਮਾਜਕ ਬੰਧਨ ਦੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਨਾਟਕਾਂ ਵਿਚ ਸਾਰੇ ਪਾਤਰ ਜਾਂ ਤਾਂ ਮਾਨਸਕ ਤੌਰ 'ਤੇ ਉਲਾਰ ਹਨ ਜਾਂ ਬੀਮਾਰ। ਬਹੁਤੇ ਪਾਤਰ ਸ਼ਹਿਰੀ ਮੱਧ ਸ਼੍ਰੇਣੀ ਤੇ ਉਪਰਲੀ ਸ਼੍ਰੇਣੀ ਵਿਚੋਂ ਹਨ। ਪੰਜਾਬੀ ਪਾਠਕਾਂ ਤੇ ਪੰਜਾਬੀ ਸਮਾਜ ਲਈ ਇਹ ਪਾਤਰ ਓਪਰੇ ਹਨ, ਇਹਨਾਂ ਦਾ ਜੀਉਣ ਦਾ ਢੰਗ ਓਪਰਾ ਹੈ। ਇਸ ਲਈ ਇਸ ਪ੍ਰਕਾਰ ਦੇ ਨਾਟਕ ਪੰਜਾਬੀ ਸਾਹਿਤ-ਜਗਤ ਵਿਚ ਅਸੁਭਾਵਕ ਕਿਸਮ ਦੇ ਨਾਟਕ ਲਗਦੇ ਹਨ। ਇਹਨਾਂ ਦਾ ਵਿਸ਼ਾ ਅਤੇ ਤਕਨੀਕ ਓਪਰੇ ਹਨ।

1975 ਦੇ ਨੇੜੇ-ਤੇੜੇ ਨਾਟਕਕਾਰਾਂ ਦੀ ਤੀਜੀ ਪੀੜ੍ਹੀ ਹੋਂਦ ਵਿਚ ਆਉਂਦੀ ਹੈ। ਇਸ ਦੌਰ ਦਾ ਆਰੰਭ ਆਤਮਜੀਤ ਅਤੇ ਅਜਮੇਰ ਔਲਖ ਦੀਆਂ ਮੁੱਢਲੀਆਂ ਯੂਥ-ਫੈਸਟੀਵਲੀ ਕ੍ਰਿਤਾਂ ਨਾਲ ਹੋਇਆ। 1975 ਵਿਚ ਆਤਮਜੀਤ ਆਪਣੇ ਪਹਿਲੇ ਨਾਟਕ 'ਕਬਰਸਤਾਨ' ਅਤੇ ਅਜਮੇਰ ਔਲਖ 'ਆਬਰਾ-ਕਦਾਬਰਾ' ਅਤੇ 'ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ' ਨਾਲ ਸਾਹਮਣੇ ਆਏ। ਇਸੇ ਸਮੇਂ ਗੁਰਸ਼ਰਨ ਸਿੰਘ ਨਾਟਕਕਾਰ ਦੇ ਤੌਰ 'ਤੇ ਉਭਰਿਆ ਅਤੇ 'ਬੰਦ ਕਮਰੇ' ਨਾਟਕ-ਸੰਗ੍ਰਹਿ ਨਾਲ ਚਰਚਿਤ ਹੋਇਆ। ਇਸੇ ਸਮੇਂ ਦਿੱਲੀ ਦੇ ਸਪਰੂ ਹਾਊਸ ਥੀਏਟਰ ਦੀ ਅਸ਼ਲੀਲ ਲਹਿਰ ਨੂੰ ਤੋੜ ਕੇ ਦਿੱਲੀ ਵਿਚ ਸਾਹਿਤਕ ਨਾਟਕ ਦੀ ਪੁਨਰ ਸਥਾਪਨਾ ਲਈ ਕਿਰਿਆਸ਼ੀਲ ਚਰਨ ਦਾਸ ਸਿੱਧੂ ਆਪਣੇ ਮੁੱਢਲੇ ਨਾਟਕ 'ਇੰਦੂ ਮਤੀ ਸਤਦੇਵ' ਅਤੇ 'ਭਜਨੋ'

ਰਾਹੀਂ ਸਾਹਮਣੇ ਆਇਆ। ਇਸ ਤੋਂ ਇਲਾਵਾ ਅਮਰਜੀਤ ਗਰੇਵਾਲ, ਰਵਿੰਦਰ ਰਵੀ, ਅਜਾਇਬ ਕਮਲ, ਦਰਸ਼ਨ ਮਿਤਵਾ ਆਦਿ ਨਾਟਕਕਾਰ ਵੀ ਸਾਹਮਣੇ ਆਏ। ਇਹ ਨਾਟਕਕਾਰ ਵਸਤੂ ਸ਼ਿਲਪ ਦੀ ਦ੍ਰਿਸ਼ਟੀ ਤੋਂ ਪੰਜਾਬੀ ਨਾਟਕ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਦੇ ਹਨ।

**ਪੰਜਾਬੀ ਨਾਟਕ ਦਾ ਨਵਾਂ ਦੌਰ**

ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਪੰਜਾਬੀ ਨਾਟਕ ਦਾ ਨਵਾਂ ਦੌਰ ਆਰੰਭ ਹੁੰਦਾ ਹੈ ਜਦੋਂ ਇਕ ਪਾਸੇ ਵਿਸ਼ਵੀਕਰਣ, ਨਿੱਜੀਕਰਣ ਅਧੀਨ ਸਮਾਜੀ ਅਤੇ ਰਾਜਸੀ ਤਬਦੀਲੀਆਂ ਵਾਪਰਦੀਆਂ ਹਨ, ਦੂਜੇ ਪਾਸੇ ਟੀ.ਵੀ. ਦੇ ਵਿਸਤਾਰਾਂ ਨਾਲ ਜਨ-ਜੀਵਨ ਵਿਚ ਦ੍ਰਿਸ਼ ਸੂਹਜ ਦਾ ਭਰਵਾਂ ਪ੍ਰਵੇਸ਼ ਹੁੰਦਾ ਹੈ ਅਤੇ ਤੀਜੇ ਪਾਸੇ ਇਕ ਅਸਲੋਂ ਨਵਾਂ ਪੋਚ ਭਾਵ ਚੌਥੀ ਪੀੜ੍ਹੀ ਪੰਜਾਬੀ ਨਾਟਕ ਵਿਚ ਪ੍ਰਵੇਸ਼ ਕਰਦੀ ਹੈ ਜਿਹੜੀ ਉਪਰੋਕਤ ਦੋਹਾਂ ਸਥਿਤੀਆਂ ਨਾਲ ਆਤਮਸਾਤ ਕਰਦੀ ਹੋਈ ਪੰਜਾਬੀ ਨਾਟਕ ਦਾ ਨਵਾਂ ਦੌਰ ਸਿਰਜਦੀ ਹੈ। ਇਸ ਦੌਰ ਵਿਚ ਸਤੀਸ਼ ਕੁਮਾਰ ਵਰਮਾ, ਸਵਰਾਜਬੀਰ, ਪਾਲੀ ਭੁਪਿੰਦਰ, ਦਵਿੰਦਰ ਕੁਮਾਰ, ਮਨਜੀਤਪਾਲ ਕੌਰ, ਵਰਿਆਮ ਮਸਤ, ਸਤਿੰਦਰ ਸਿੰਘ ਨੰਦਾ, ਪ੍ਰੀਤਮਹਿੰਦਰ ਸੇਖੋਂ, ਰਾਜਵੰਤ ਕੌਰ ਮਾਨ, ਰਾਜਿੰਦਰ ਲਹਿਰੀ, ਕੇਵਲ ਧਾਲੀਵਾਲ, ਸੰਜੀਵਨ ਸਿੰਘ, ਨਸੀਬ ਬਵੇਜਾ, ਕੁਲਦੀਪ ਸਿੰਘ ਦੀਪ, ਸੋਮਪਾਲ ਹੀਰਾ, ਸਾਹਬ ਸਿੰਘ ਆਦਿ ਨਵੇਂ ਨਾਟਕਕਾਰ ਅਸਲੋਂ ਨਵੇਂ ਅਨੁਭਵ ਅਤੇ ਸ਼ੈਲੀਆਂ ਲੈ ਕੇ ਪ੍ਰਗਟ ਹੁੰਦੇ ਹਨ। ਇਸ ਸਮੇਂ ਪੰਜਾਬੀ ਨਾਟਕ ਦੇ ਨਵੇਂ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਸ ਅਧੀਨ ਇਕ ਪਾਸੇ ਪ੍ਰਵਾਸੀ ਨਾਟਕ ਰਾਹੀਂ ਰਵਿੰਦਰ ਰਵੀ, ਅਜਾਇਬ ਕਮਲ, ਸਾਧੂ, ਸੁਖਵੰਤ ਹੁੰਦਲ, ਅਜਮੇਰ ਰੋਡੇ, ਰਮਿੰਦਰ ਸੰਧੂ ਆਦਿ ਨਾਟਕਕਾਰ ਸਾਹਮਣੇ ਆਉਂਦੇ ਹਨ ਅਤੇ ਦੂਜੇ ਪਾਸੇ ਫ਼ਖਰ ਜਮਾਨ, ਸਰਮਦ ਸਾਹਿਬਾਈ, ਨਵਾਜ਼, ਮੁਨੀਰ ਨਿਆਜ਼ੀ, ਬਾਨੋ ਕੁਦਸੀਆ ਆਦਿ ਪੱਛਮੀ ਪੰਜਾਬ ਦੇ ਨਾਟਕਕਾਰ ਧਿਆਨ ਖਿੱਚਦੇ ਹਨ। ਇਸ ਦੇ ਨਾਲ ਹੀ ਨਾਟਕ ਰੂਪਗਤ ਜਕੜਬੰਦੀ ਨੂੰ ਤੋੜਦਾ ਹੈ ਅਤੇ ਪੂਰਾ ਨਾਟਕ ਤੇ ਇਕਾਂਗੀ ਦੇ ਨਾਲ-ਨਾਲ ਲਘੂ ਨਾਟਕ, ਨੁਕੜ ਨਾਟਕ, ਬਾਲ ਨਾਟਕ, ਟੀ.ਵੀ. ਨਾਟਕ ਆਦਿ ਰੂਪ ਉਭਰਦੇ ਹਨ।

ਟੀ.ਵੀ. ਦੇ ਜ਼ੋਰਦਾਰ ਹਮਲੇ ਦੇ ਬਾਵਜੂਦ ਇਸ ਸਮੇਂ ਪੰਜਾਬੀ ਨਾਟਕ ਹੁਲਾਸ ਵਿਚ ਹੈ ਅਤੇ ਜ਼ਿੰਦਗੀ ਦੀ ਜਟਿਲਤਾ ਵਿਚਲੀ ਨਾਟਕੀਅਤਾ ਪ੍ਰਕਾਸ਼ਮਾਨ ਹੋ ਰਹੀ ਹੈ।

**ਮਹੱਤਵਪੂਰਨ ਪ੍ਰਸ਼ਨ**

1. ਪੰਜਾਬੀ ਇਕਾਂਗੀ ਦਾ ਸੰਖੇਪ ਇਤਿਹਾਸ ਬਿਆਨ ਕਰਦੇ ਹੋਏ, ਇਸ ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਤੋਂ ਜਾਣੂ ਕਰਵਾਓ। (ਮਈ 2016)

ਪਾਠ ਨੰ. : 2.5 -ਡਾ. ਜਗਜੀਤ ਸਿੰਘ

# ਪੰਜਾਬੀ ਰੰਗਮੰਚ ਦਾ ਵਿਕਾਸ

**ਪਾਠ ਦਾ ਮੰਤਵ** : ਇਸ ਪਾਠ ਦਾ ਪ੍ਰਮੁੱਖ ਮੰਤਵ ਵਿਦਿਆਰਥੀਆਂ ਨੂੰ ਪੰਜਾਬੀ ਰੰਗਮੰਚ ਦੇ ਵਿਕਾਸ ਤੋਂ ਜਾਣੂ ਕਰਵਾਉਣਾ ਹੈ। ਨਾਟਕ ਤੇ ਰੰਗਮੰਚ ਦਾ ਪਬ-ਪਹੁੰਚੇ ਦਾ ਸਾਥ ਹੁੰਦਾ ਹੈ। ਰੰਗਮੰਚ, ਲਿਖਤੀ ਨਾਟਕ ਨੂੰ ਸਜੀਵ ਰੂਪ ਦੇਣ ਵਾਲੀ ਵਿਧੀ ਹੈ। ਕਈ ਵਿਚਾਰਵਾਨ ਤਾਂ ਕਹਿੰਦੇ ਹਨ ਕਿ ਨਾਟਕ ਰੰਗ ਮੰਚ ਤੋਂ ਬਿਨਾਂ ਨਾਟਕ ਹੀ ਨਹੀਂ ਅਖਵਾ ਸਕਦਾ। ਇਸ ਵਿਚ ਦੱਸਿਆ ਗਿਆ ਹੈ ਕਿ ਪੰਜਾਬੀ ਰੰਗ ਮੰਚ ਕਿਨ੍ਹਾਂ ਪਰਿਸਥਿਤੀਆਂ ਵਿਚ ਪੈਦਾ ਹੋਇਆ ਅਤੇ ਕਿਹੜੇ ਪੜਾਵਾਂ ਵਿਚੋਂ ਲੰਘ ਕੇ ਵਰਤਮਾਨ ਅਵਸਥਾ ਤੱਕ ਪੁੱਜਾ ਹੈ।

**ਪਾਠ ਦੀ ਰੂਪ ਰੇਖਾ** : ਪੰਜਾਬੀ ਰੰਗਮੰਚ ਦੇ ਇਤਿਹਾਸ ਨੂੰ ਅਸੀਂ ਹੇਠ ਦਰਜ ਪੰਜ ਭਾਗਾਂ ਵਿਚ ਵੰਡ ਕੇ ਵਿਚਾਰਿਆ ਹੈ :

1. 1850 ਈ. ਤੋਂ ਪਹਿਲਾਂ ਪੰਜਾਬੀ ਰੰਗਮੰਚ
2. 1850 ਈ. ਤੋਂ 1900 ਈ. ਵਿਚਕਾਰ ਇਸ ਦਾ ਜਨਮ
3. 1900 ਈ. ਤੋਂ 1930 ਈ. ਤੱਕ ਪੰਜਾਬੀ ਮੰਚ ਦਾ ਵਿਕਾਸ
4. 1930 ਤੋਂ 1947 ਈ. ਤੱਕ ਪੰਜਾਬੀ ਮੰਚ
5. 1947 ਈ. ਤੋਂ ਵਰਤਮਾਨ ਕਾਲ ਤੱਕ

**ਭੂਮਿਕਾ** : ਨਾਟਕ ਤੇ ਮੰਚ ਦੇ ਭਿੰਨ ਭੇਦ ਨੂੰ ਸਮਝ ਲੈਣਾ ਬਹੁਤ ਜ਼ਰੂਰੀ ਹੈ। ਨਾਟਕ ਇਕ ਸਮੁੱਚੀ ਤੇ ਵਡੇਰੀ ਕਲਾ ਹੈ, ਰੰਗਮੰਚ ਉਸ ਦਾ ਇਕ ਪੱਖ ਹੈ ਜਾਂ ਇਉਂ ਕਹਿ ਲਵੋ ਰੰਗਮੰਚ ਨਾਟਕ ਕਲਾ ਦਾ ਤਕਨੀਕੀ ਪੱਖ ਹੁੰਦਾ ਹੈ। ਕਈ ਵਾਰ ਵਿਦਿਆਰਥੀਆਂ ਨੂੰ ਇਮਤਿਹਾਨ ਵਿਚ ਪੰਜਾਬੀ ਨਾਟਕ ਜਾਂ ਪੰਜਾਬੀ ਰੰਗਮੰਚ ਦਾ ਵਿਕਾਸ ਪੁੱਛਿਆ ਜਾਂਦਾ ਹੈ। ਉਹ ਬਿਨਾਂ ਸਮਝੇ ਇਕ ਪ੍ਰਸ਼ਨ ਦੂਜੇ ਵਿਚ ਰਲਗਡ ਕਰ ਦੇਂਦੇ ਹਨ। ਰੰਗ ਮੰਚ ਦੇ ਇਤਿਹਾਸ ਵਿਚ ਕੇਵਲ ਸਟੇਜ ਦੀ ਸਥਿਤੀ ਅਤੇ ਉਸ ਉੱਤੇ ਖੇਡੇ ਗਏ ਨਾਟਕਾਂ ਦਾ ਹੀ ਵਰਨਣ ਹੋਵੇਗਾ। ਇਸ ਤੋਂ ਬਿਨਾਂ ਇਹ ਵੀ ਦੱਸਿਆ ਜਾਵੇਗਾ ਕਿ ਮੰਚ ਛੱਤਿਆ ਹੋਇਆ ਸੀ ਕਿ ਖੁੱਲ੍ਹਾ ਡੁੱਲ੍ਹਾ। ਨਾਟਕ ਖੇਡਣ ਲਈ ਲਿਖਿਆ ਜਾਂਦਾ ਹੈ ਅਤੇ ਮੰਚ ਉਸ ਨੂੰ ਸਜੀਵ ਰੂਪ ਦੇਣ ਲਈ ਉਸਾਰਿਆ ਜਾਂਦਾ ਹੈ। ਇਹ ਆਪਣੇ ਆਪ ਵਿਚ ਸੁਤੰਤਰ ਵਸਤੂ ਨਹੀਂ।

ਸੋ ਰੰਗਮੰਚ ਨਾਟਕ ਕਲਾ ਦਾ ਤਕਨੀਕੀ ਪੱਖ ਹੈ। ਇਹ ਨਾਟਕ ਕਲਾ ਵਿਕਸਿਤ ਹੋਣ ਤੋਂ ਬਾਅਦ ਹੋਂਦ ਵਿਚ ਆਉਂਦਾ ਹੈ। ਇਸ ਦਾ ਕੰਮ ਨਾਟਕ ਨੂੰ ਦਰਸ਼ਕਾਂ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਦਾ ਹੁੰਦਾ ਹੈ। ਇਹ ਕੇਵਲ ਨਾਟਕ ਨੂੰ ਦਰਸ਼ਕਾਂ ਸਾਹਮਣੇ ਪ੍ਰਦਰਸ਼ਿਤ ਕਰਨ ਦਾ ਸਾਧਨ ਜਾਂ ਉਸਾਰੀ ਹੈ।

ਹਰ ਕਾਲ ਤੇ ਹਰ ਦੇਸ਼ ਵਿਚ ਮੰਚ ਜ਼ਰੂਰ ਹੁੰਦਾ ਹੈ। ਭਾਵੇਂ ਉਹ ਅਵਿਕਸਿਤ ਹਾਲਤ ਵਿਚ ਹੋਵੇ ਜਾਂ ਵਿਕਸਿਤ ਵਿਚ, ਕੱਚਾ ਹੋਵੇ ਜਾਂ ਪੱਕਾ, ਛੱਤਿਆ ਹੋਵੇ ਭਾਵੇਂ ਤਾਰਿਆਂ ਟਾਕੇ ਅਸਮਾਨ ਵਿਚ ਖੁੱਲ੍ਹਾ ਅਣਛੱਤਿਆ। ਅਮਰੀਕਾ ਦੇ ਪ੍ਰਸਿੱਧ ਨਾਟਕ ਆਲੋਚਕ ਨੇ ਆਪਣੀ ਪੁਸਤਕ ''ਤਿੰਨ ਹਜ਼ਾਰ ਸਾਲ ਪਹਿਲਾਂ ਦਾ ਥੀਏਟਰ'' ਵਿਚ ਠੀਕ ਕਿਹਾ ਹੈ। ''ਜਿਥੇ ਕਿਤੇ ਤੇ ਜਦੋਂ ਕਦੇ ਵੀ ਮਨੁੱਖ ਨੇ ਉੱਨਤੀ ਕੀਤੀ ਹੈ, ਕਿਸੇ ਨਾ ਕਿਸੇ ਪੱਧਰ ਦਾ ਥੀਏਟਰ ਜ਼ਰੂਰ ਪੈਦਾ ਹੋਇਆ ਹੈ।''

ਆਦਿ ਕਾਲ ਤੋਂ ਮਨੁੱਖ ਆਪਣੇ ਦੁੱਖ, ਸੁੱਖ, ਹਰਖ ਸੋਗ ਪ੍ਰਗਟ ਕਰਦਾ ਆਇਆ ਹੈ ਅਤੇ ਦੂਜਿਆਂ ਤੱਕ ਪਹੁੰਚਾਉਂਦਾ ਆਇਆ ਹੈ। ਸ਼ੁਰੂ-ਸ਼ੁਰੂ ਵਿਚ ਆਦਿ ਮਨੁੱਖ ਆਪਣੇ ਹਰਖ ਸਗੋਂ ਨਿੱਕੇ ਜਿਹੇ ਇਕੱਠ ਵਿਚ ਬੈਠ ਕੇ ਪ੍ਰਗਟਾਉਂਦੇ ਹੋਣਗੇ। ਜਿਉਂ-ਜਿਉਂ ਦਰਸ਼ਕਾਂ ਜਾਂ ਸਰੋਤਿਆਂ ਦੀ ਗਿਣਤੀ ਵਧਦੀ ਗਈ ਹੋਵੇਗੀ ਤਿਉਂ-ਤਿਉਂ ਉਚੇਰੇ ਜਾਂ ਉੱਚੀ ਥਾਂ ਦੀ ਲੋੜ ਪਈ ਹੋਵੇਗੀ, ਜਿਵੇਂ-ਜਿਵੇਂ ਮਨੁੱਖ ਦੀ ਸ਼ੈਲੀ ਅਤੇ ਸਭਿਅਤਾ ਦਾ ਵਿਕਾਸ ਹੁੰਦਾ ਗਿਆ ਤਿਉਂ-ਤਿਉਂ ਰੰਗਮੰਚ ਉੱਨਤੀ ਕਰਦਾ ਗਿਆ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ਾ (1849 ਈ.) ਕਰਨ ਤੋਂ ਪਹਿਲਾਂ ਪੰਜਾਬ ਵਿਚ

ਰੰਗ-ਮੰਚ ਸੀ ਜੇ ਸੀ ਤਾਂ ਕਿਸ ਭਾਂਤ ਤੇ ਪੱਧਰ ਦਾ ਸੀ? ਕੁੱਝ ਸਾਲ ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਸੰਸਕ੍ਰਿਤ ਨਾਟਕ ਦਾ ਮੁੱਢ ਆਰੀਆਂ ਦੇ ਭਾਰਤ ਵਿਚ ਆਉਣ ਤੋਂ ਬਾਅਦ ਬੱਝਾ ਪਰ ਨਵੀਨ ਖੋਜ ਨੇ ਇਹ ਸਾਬਤ ਕੀਤਾ ਹੈ ਕਿ ਆਰੀਆ ਜਾਤੀ ਦੇ ਪੰਜਾਬ ਅੰਦਰ ਪਸਰਨ ਤੋਂ ਪਹਿਲਾਂ ਇਥੇ ਇਕ ਬਹੁਤ ਉੱਨਤ ਕੌਮ ਵਸਦੀ ਸੀ ਜਿਸ ਨੇ ਕਾਫ਼ੀ ਉੱਚੇ ਪੱਧਰ ਦੀ ਸਭਿਅਤਾ ਪ੍ਰਾਪਤ ਕੀਤੀ ਹੋਈ ਸੀ। ਹੜੱਪਾ ਅਤੇ ਮਹਿੰਜੋਦਰੋ ਦੀਆਂ ਥੇਹਾਂ ਦੀ ਖੁਦਾਈ ਵਿਚੋਂ ਲੱਭੀਆਂ ਵਸਤੂਆਂ ਤੋਂ ਸਾਨੂੰ ਇਸ ਗੱਲ ਦੇ ਸਬੂਤ ਮਿਲੇ ਹਨ ਕਿ ਉਹ ਲੋਕ ਨਾਚ, ਰਾਗ ਅਤੇ ਨਾਟਕ ਕਲਾ ਵਿਚ ਕਾਫ਼ੀ ਪ੍ਰਬਲ ਸਨ। ਅਨੁਮਾਨ ਹੈ ਕਿ ਉਨ੍ਹਾਂ ਸਭਿਆ ਲੋਕਾਂ ਨੇ ਹੀ ਰੰਗਮੰਚ ਕਲਾ ਦਾ ਮੁੱਢ ਬੰਨ੍ਹਿਆ। ਭਾਰਤ ਵਿਚ ਵਿਸ਼ਕਰਮਾ ਨੂੰ ਪਹਿਲੀ ਸਟੇਜ ਉਸਾਰਨ ਵਾਲਾ ਮੁਨੀ ਦੇਵ ਮੰਨਿਆ ਜਾਂਦਾ ਹੈ। ਕੁੱਝ ਵਿਦਵਾਨਾਂ ਤੇ ਖੋਜੀਆਂ ਦਾ ਵਿਚਾਰ ਹੈ ਕਿ ਵਿਸ਼ਕਰਮਾ ਅਸਲ ਵਿਚ ਅਨ-ਆਰੀਆ ਕਾਰੀਗਰ ਹੀ ਸੀ।

ਭਰਤ ਮੁਨੀ ਦੇ 'ਨਾਟਯ ਸ਼ਾਸਤਰ' ਤੋਂ ਖੁੱਲ੍ਹੀ ਤੇ ਛੱਤੀ ਹੋਈ, ਦੋਹਾਂ ਭਾਂਤਾਂ ਦੀ ਮੰਚ ਦਾ ਪਤਾ ਲਗਦਾ ਹੈ। ਨਾਟ ਸ਼ਾਸਤਰ ਵਿਚ ਲਿਖਿਆ ਹੋਇਆ ਹੈ ਕਿ ਜਦੋਂ ਸਭ ਤੋਂ ਪਹਿਲਾ ਨਾਟਕ ਖੇਡਿਆ ਜਾ ਰਿਹਾ ਸੀ ਤਾਂ ਅਨ-ਆਰੀਆ ਲੋਕਾਂ ਨੇ ਉਸ ਵਿਚ ਵਿਘਨ ਪਾਇਆ। ਵਿਘਨ ਪਾਉਣ ਦੇ ਦੋ ਹੀ ਮੁੱਖ ਕਾਰਨ ਸਨ : (1) ਨਾਟਕ ਦਾ ਵਿਸ਼ਾ ਅਨ-ਆਰੀਆ ਲੋਕਾਂ ਦੀ ਹਾਰ ਤੇ ਹਾਨੀ ਸੀ। (2) ਉਨ੍ਹਾਂ ਦੇ ਆਪਣੇ ਕਲਾਕਾਰ ਉਸ ਖੇਡ ਨੂੰ ਪੇਸ਼ ਕਰ ਰਹੇ ਹੋਣਗੇ। 'ਨਾਟਯ ਸ਼ਾਸਤਰ' ਅਨੁਸਾਰ ਇਸ ਘਟਨਾ ਤੋਂ ਛੇਤੀ ਹੀ ਬਾਅਦ ਬੰਦ ਤੇ ਛੱਤੀ ਹੋਈ ਰੰਗ ਭੂਮੀ ਵਿਚ ਨਾਟਕ ਖੇਡੇ ਜਾਣ ਲੱਗੇ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਮੁੱਢਲੀ ਸਟੇਜ ਦੀ ਵਿਉਂਤ ਕਿਸ ਨੂੰ ਸੁੱਝੀ ਅਤੇ ਉਸ ਨੂੰ ਝਟਪਟ ਕਿਸ ਨੇ ਉਸਾਰਿਆ। 'ਨਾਟਯ ਸ਼ਾਸਤਰ' ਵਿਚ ਜੋ ਤਿੰਨ ਭਾਂਤ ਦੇ ਰੰਗਮੰਚ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ, ਉਹ ਇਕ ਲੰਮੇ ਵਿਕਾਸ ਦਾ ਸਿੱਟਾ ਹੋਵੇ ਗਾ। ਪਰ ਪੰਜਾਬ ਵਿਚ 1860 ਈ. ਤੋਂ ਪਹਿਲਾਂ ਦੇ ਕਿਸੇ ਵੀ ਰੰਗਮੰਚ ਦਾ ਥਹੁ ਪਤਾ ਨਹੀਂ ਲੱਗ ਸਕਿਆ।

ਪੰਜਾਬ ਵਿਚ ਲੋਕ ਨਾਟਕ ਪਰੰਪਰਾ ਬਹੁਤ ਪ੍ਰਾਚੀਨ ਹੈ। ਲੋਕ ਨਾਚਾਂ ਲਈ ਖੁੱਲ੍ਹੇ ਮੰਚ ਦੀ ਵਰਤੋਂ ਹੁੰਦੀ ਰਹੀ ਹੋਵੇਗੀ। ਦੇਖਣ ਵਾਲਿਆਂ ਦੀ ਬਹੁ-ਗਿਣਤੀ ਦੀ ਸੂਰਤ ਵਿਚ ਪਿੱਪਲ ਦਾ ਥੜ੍ਹਾ, ਸੁੱਕਾ ਟੋਭਾ ਜਾਂ ਕਿਸੇ ਉੱਚੀ ਥਾਂ ਦੀ ਵਰਤੋਂ ਕੀਤੀ ਜਾਂਦੀ ਹੋਵੇਗੀ। ਹਰ ਹਾਲਤ ਵਿਚ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਤੋਂ ਪਹਿਲਾਂ ਪੰਜਾਬ ਵਿਚ ਖੁੱਲ੍ਹਾ ਮੰਚ ਹੀ ਪ੍ਰਚੱਲਿਤ ਰਿਹਾ ਜਾਪਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਦੀਵਾਨ ਵਿਚ ਭੰਡਾਂ ਦੀਆਂ ਨਕਲਾਂ ਹੋਈਆਂ ਦੱਸੀਆਂ ਜਾਂਦੀਆਂ ਹਨ। ਰਣਜੀਤ ਸਿੰਘ ਦੇ ਰਾਜ ਵਿਚ ਮਨ ਪ੍ਰਚਾਵੇ ਲਈ ਕਿਲੇ ਦੀ ਹਵੇਲੀ ਅੰਦਰ ਰੰਗਮੰਚ ਤੇ ਨਾਚ ਅਤੇ ਖੇਲ ਤਮਾਸ਼ੇ ਹੁੰਦੇ ਸਨ।

1849 ਈ. ਵਿਚ ਅੰਗਰੇਜ਼ਾਂ ਦਾ ਪੰਜਾਬ ਉੱਤੇ ਕਬਜ਼ਾ ਹੋਇਆ। ਲੰਡਨ ਦੀ ਰੀਸੇ ਪਹਿਲਾਂ ਬੰਬਈ ਅਤੇ ਕਲਕੱਤੇ ਵਰਗੇ ਮਹਾਂ ਨਗਰਾਂ ਵਿਚ ਥੀਏਟਰੀਕਲ ਕੰਪਨੀਆਂ ਹੋਂਦ ਵਿਚ ਆਈਆਂ। 1880 ਈ. ਦੇ ਕਰੀਬ ਭਾਰਤ ਵਿਚ ਪੱਛਮੀ ਭਾਂਤ ਦੀ ਰੰਗਮੰਚ ਦਾ ਰਿਵਾਜ਼ ਪਿਆ ਸਮਝਿਆ ਜਾਂਦਾ ਹੈ। ਪੰਜਾਬ ਦੇ ਮੁੱਖ ਸ਼ਹਿਰਾਂ ਖਾਸ ਕਰਕੇ ਲਾਹੌਰ ਤੇ ਅੰਮ੍ਰਿਤਸਰ ਵਿਚ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਖੇਲ 1880 ਈ. ਦੇ ਲਾਗੇ ਕਾਫ਼ੀ ਹੋਣ ਲੱਗ ਪਏ ਸਨ। ਉਨ੍ਹਾਂ ਦਾ ਪ੍ਰਭਾਵ ਪੰਜਾਬ ਦੇ ਲੋਕ ਮੰਚ ਉਤੇ ਪਿਆ। ਪਰਦੇ, ਸੀਨਰੀ, ਸੈਟਿੰਗ ਅਤੇ ਸਟੇਜ ਸਮੱਗਰੀ ਦੀ ਉਸੇ ਭਾਂਤ ਦੀ ਵਰਤੋਂ ਹੋਣ ਲੱਗੀ। ਕ੍ਰਿਸ਼ਨ ਲੀਲਾ ਤੇ ਰਾਮ ਲੀਲਾ ਦੇ ਪ੍ਰਗਟਾਅ ਢੰਗਾਂ ਉੱਤੇ ਵੀ ਜਾਹਰਾ ਅਸਰ ਪਿਆ। ਜਿਥੇ ਕੋਈ ਮੰਡੂਆ ਜਾਂ ਛੱਤ ਵਾਲਾ ਮੰਚ ਨਹੀਂ ਸੀ ਹੁੰਦਾ, ਪਾਰਸੀ ਕੰਪਨੀਆਂ ਉਥੇ ਆਰਜ਼ੀ ਸਟੇਜ ਸਥਾਪਤ ਕਰ ਲੈਂਦੀਆਂ ਸਨ। ਇਸ ਵਾਸਤੇ ਉਨ੍ਹਾਂ ਪਾਸ ਸਰਕਾਰੀ ਕੰਪਨੀਆਂ ਵਾਂਗ ਪੂਰਾ-ਪੂਰਾ ਸਾਮਾਨ ਹੁੰਦਾ ਸੀ। ਗੌਰਮਿੰਟ ਕਾਲਜ ਦੇ ਇਕ ਅੰਗਰੇਜ਼ ਪ੍ਰੋਫੈਸਰ ਜੇ.ਸੀ. ਉਮਾਨ ਨੇ ਲਾਹੌਰ ਅਤੇ ਅੰਮ੍ਰਿਤਸਰ ਵਿਚ ਅੱਖੀਂ ਦੇਖੇ ਪੰਜ ਨਾਟਕਾਂ ਦਾ ਵਿਸਥਾਰ ਭਰਿਆ ਵਰਨਣ ਆਪਣੀ ਪੁਸਤਕ ਵਿਚ ਕੀਤਾ।

ਲਾਹੌਰ ਵਿਚ ਸਭ ਤੋਂ ਪਹਿਲਾਂ ਬਾਕਾਇਦਾ ਮੰਡੂਆ 'ਮੇਲਾ ਰਾਮ ਥੀਏਟਰ' ਭਾਟੀ ਦਰਵਾਜ਼ੇ ਤੋਂ ਬਾਹਰ ਬਣਿਆ ਸੀ। ਵੀਹਵੀਂ ਸਦੀ ਦੇ ਆਰੰਭ ਵਿਚ ਹੀ ਕਾਲਜਾਂ ਜਾਂ ਸਕੂਲਾਂ ਦੇ ਹਾਲਾਂ ਜਾਂ ਵੱਡੇ ਸਾਰੇ ਕਮਰਿਆਂ ਵਿਚ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨ ਦਾ ਰਿਵਾਜ਼ ਸ਼ੁਰੂ ਹੋਇਆ ਸੀ। ਲਾਹੌਰ ਸ਼ਹਿਰ ਵਿਚ 1909-10 ਈ. ਦੇ ਕਰੀਬ ਆਗਾਹਸ਼ਰ ਅਤੇ ਮਾਸਟਰ ਰਹਿਮਤ ਅਲੀ ਦੀਆਂ ਦੋ ਵੱਖ-ਵੱਖ ਥੀਏਟਰੀਕਲ ਕੰਪਨੀਆਂ ਸਥਾਪਤ ਸਨ ਜੋ ਹਰ ਰੋਜ਼ ਮੁਕਾਬਲੇ ਤੇ ਨਾਟਕ ਪੇਸ਼ ਕਰਦੀਆਂ ਸਨ। ਦੋਹਾਂ ਨੇ ਲਾਹੌਰ ਅੰਦਰ ਆਰਜ਼ੀ ਰੰਗਮੰਚ ਸਥਾਪਤ ਕੀਤੇ ਹੋਏ ਸਨ।

ਪੰਜਾਬ ਵਿਚ ਆਧੁਨਿਕ ਢੰਗ ਦੇ ਰੰਗਮੰਚ ਨੂੰ ਜਨਮ ਦੇਣ ਵਿਚ ਸ੍ਰੀਮਤੀ ਨੋਰ੍ਹਾ ਰਿਚਰਡਜ਼ ਦਾ ਹੱਥ ਹੈ। ਉਹ 1911 ਈ. ਵਿਚ ਆਪਣੇ ਪਤੀ ਨਾਲ ਦਿਆਲ ਸਿੰਘ ਕਾਲਜ, ਲਾਹੌਰ ਵਿਚ ਆਈ ਸੀ। ਉਸ ਨੇ 1911 ਤੇ 1912 ਈ.

ਵਿਚ ਜਿਹੜੇ ਪਹਿਲੇ ਦੋ ਨਾਟਕ ਖਿਡਵਾਏ ਉਹ ਖੁੱਲ੍ਹੇ ਮੰਡਪ ਵਿਚ ਹੀ ਪੇਸ਼ ਕੀਤੇ ਗਏ ਸਨ। 14 ਅਪ੍ਰੈਲ, 1914 ਈ. ਨੂੰ ਉਸ ਨੇ ਤਿੰਨ ਇਕਾਂਗੀ ਕਾਲਜ ਦੇ ਅਹਾਤੇ ਅੰਦਰ ਖਿਡਵਾਏ। ਈਸ਼ਵਰ ਚੰਦਰ ਨੰਦਾ ਦਾ ਇਕਾਂਗੀ 'ਦੁਲਹਨ' ਉਨ੍ਹਾਂ ਤਿੰਨਾਂ ਵਿਚੋਂ ਇਕ ਸੀ। ਦੂਜਾ ਸ੍ਰੀ ਰਾਜਿੰਦਰ ਲਾਲ ਸਾਹਨੀ ਦਾ 'ਦੀਨੇ ਦੀ ਬਾਰਾਤ'। ਨੋਰ੍ਹਾ ਨੇ ਬੜੇ ਸਾਦਾ ਤੇ ਸਾਧਾਰਨ ਢੰਗ ਨਾਲ ਨਾਟਕ ਖੇਡਣ ਦੀ ਪਰੰਪਰਾ ਚਾਲੂ ਕੀਤੀ ਸੀ। ਉਹ ਮੁੱਢ ਤੋਂ ਹੀ ਯਥਾਰਥਵਾਦੀ ਢੰਗ ਦੀ ਸਾਦਾ ਰੰਗ ਮੰਚ ਦੇ ਹੱਕ ਵਿਚ ਸੀ। ਆਧੁਨਿਕ ਢੰਗ ਦੇ ਇਹ ਤਿੰਨ ਯਥਾਰਥਵਾਦੀ ਨਾਟਕ ਪਹਿਲੀ ਵਾਰ ਪੰਜਾਬ ਅੰਦਰ ਖੇਡੇ ਗਏ ਸਨ। ਇਹ ਇਕਾਂਗੀ ਪੰਜਾਬ ਦੇ ਰੰਗਮੰਚ ਦੇ ਇਤਿਹਾਸ ਵਿਚ ਖਾਸ ਵਿਸ਼ੇਸ਼ਤਾ ਰਖਦੇ ਹਨ, ਕਿਉਂਕਿ ਇਹ ਆਧੁਨਿਕ ਰੰਗ ਮੰਚੀ ਪਰੰਪਰਾ ਦੇ ਆਰੰਭਕ ਨਾਟਕ ਸਨ।

ਨੋਰ੍ਹਾ ਰਿਚਰਡਜ਼ ਨੇ ਨਾਟਕ ਕਲਾ ਦੀ ਸਿੱਖਿਆ ਦੀਆਂ ਬਾਕਾਇਦਾ ਕਲਾਸਾਂ ਲਾਈਆਂ। ਉਸ ਦੇ ਸੁਸਿਕਸ਼ਤ ਵਿਦਿਆਰਥੀ ਨੰਦਾ ਨੇ ਉਸ ਦੀ ਯਥਾਥਵਾਦੀ ਪਰੰਪਰਾ ਨੂੰ ਹੀ ਸਵੀਕਾਰ ਕੀਤਾ ਅਤੇ ਆਪਣੀ ਸਾਰੀ ਨਾਟਕ ਰਚਨਾ ਉਸ ਦੇ ਆਧਾਰ 'ਤੇ ਹੀ ਕੀਤੀ। ਉਸ ਨੇ 'ਸੁਭੱਦਰਾ' ਨਾਟਕ ਲਿਖ ਕੇ ਪੰਜਾਬ ਦੇ ਮੁੱਖ ਸ਼ਹਿਰਾਂ ਵਿਚ ਖੁੱਲ੍ਹੀ ਜਾਂ ਛੱਤੀ ਮੰਚ 'ਤੇ ਖੇਡਿਆ। 1928 ਈ. ਵਿਚ ਪੰਜਾ ਸਾਹਿਬ ਦੇ ਮੇਲੇ ਸਮੇਂ ਇਹ ਨਾਟਕ ਖੁੱਲ੍ਹੇ ਮੰਚ ਉੱਤੇ ਦਸ ਹਜ਼ਾਰ ਦੀ ਹਾਜ਼ਰੀ ਸਾਹਮਣੇ ਪੇਸ਼ ਕੀਤਾ ਗਿਆ ਸੀ।

1920 ਤੋਂ 1930 ਈ. ਵਿਚਕਾਰ ਪੰਜਾਬੀ ਮੰਚ ਉੱਤੇ ਕੁੱਝ ਨਾਟਕ ਖੇਡੇ ਜਾਣ ਬਾਰੇ ਪਤਾ ਲਗਦਾ ਹੈ। ਉਨ੍ਹਾਂ ਦਿਨਾਂ ਵਿਚ ਨਾਟਕ ਖੇਡਣ ਦਾ ਰਿਵਾਜ਼ ਕਾਲਜਾਂ ਤੇ ਸਕੂਲਾਂ ਵਿਚ ਪ੍ਰਚੱਲਿਤ ਹੋ ਰਿਹਾ ਸੀ। ਭਾਈ ਵੀਰ ਸਿੰਘ ਰਚਿਤ 'ਰਾਜਾ ਲਖਦਾਤਾ ਸਿੰਘ' ਨਾਟਕ ਵੀ ਇਸੀ ਖ਼ਾਲਸਾ ਸੰਸਦ ਦੇ ਵਿਦਿਆਰਥੀਆਂ ਨੇ ਇਸ ਦਹਾਕੇ ਵਿਚ ਪੇਸ਼ ਕੀਤਾ ਸੀ। ਇਸ ਵਿਚ ਸਾਬਕਾ ਰੱਖਿਆ ਮੰਤਰੀ ਸ. ਬਲਦੇਵ ਸਿੰਘ ਅਤੇ ਮਾਨ ਸਿੰਘ ਰਾਜ ਨੇ ਵੀ ਭਾਗ ਲਿਆ ਸੀ। ਪ੍ਰੋਫ਼ੈਸਰ ਪੂਰਨ ਸਿੰਘ ਵੀ ਉਸ ਨਾਟਕ ਨੂੰ ਵੇਖਣ ਵਾਲਿਆਂ ਵਿਚ ਹਾਜ਼ਰ ਸੀ। ਲਾਲਾ ਕਿਰਪਾ ਸਾਗਰ ਨੇ 'ਮਹਾਰਾਜਾ ਰਣਜੀਤ ਸਿੰਘ' ਨਾਟਕ ਦੋ ਭਾਗਾਂ ਵਿਚ ਇਸੇ ਦਹਾਕੇ ਵਿਚ ਲਿਖਿਆ ਸੀ। ਉਸ ਦੀਆਂ ਕੁੱਝ ਝਾਕੀਆਂ ਖਾਸ ਕਰਕੇ 'ਝੁੰਗਾ' ਬਹੁਤ ਵਾਰ ਖੇਡੀਆਂ ਗਈਆਂ ਸਨ।

1928 ਈ. ਵਿਚ 'ਵਰ ਘਰ' ਅਤੇ 1920 ਈ. ਵਿਚ 'ਸ਼ਾਮੂ ਸ਼ਾਹ' ਨਾਟਕ ਨੰਦਾ ਨੇ ਲਿਖੇ। ਇਹ ਦੋਵੇਂ ਨਾਟਕ ਨੰਦਾ ਨੇ ਖੁਦ ਕਈ ਥਾਵਾਂ 'ਤੇ ਖਿਡਵਾਏ। 'ਵਰ ਘਰ' ਨਾਟਕ ਨੂੰ ਸਭ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਡਰਾਮੈਟਿਕ ਸੁਸਾਇਟੀ ਨੇ ਮਾਰਚ 1930 ਈ. ਵਿਚ ਲਾਹੌਰ ਦੇ ਮੰਚ ਉਤੇ ਪੇਸ਼ ਕੀਤਾ ਸੀ। ਨੰਦਾ ਨੇ ਖੁਦ ਇਸ ਵਿਚ ਰਾਇ ਸਾਹਿਬ ਦਾ ਪਾਰਟ ਅਦਾ ਕੀਤਾ। 'ਵਰ ਘਰ' ਨਾਟਕ ਦੇ ਅਦਾਕਾਰ ਲਾਅ ਕਾਲਜ, ਟਰੇਨਿੰਗ ਕਾਲਜ, ਦਿਆਲ ਸਿੰਘ ਕਾਲਜ, ਸਨਾਤਨ ਧਰਮ ਕਾਲਜ, ਗੌਰਮਿੰਟ ਕਾਲਜ ਲਾਹੌਰ ਆਦਿ ਵਿਚੋਂ ਚੁਣੇ ਗਏ ਸਨ। 'ਸੁਭੱਦਰਾ' ਵਾਂਗ ਇਸ ਨਾਟਕ ਨੂੰ ਵੀ ਨੰਦਾ ਨੇ ਬਹੁਤ ਸਾਰੇ ਕਾਲਜਾਂ ਵਿਚ ਪੇਸ਼ ਕੀਤਾ। ਇਸ ਪਿਛੋਂ 'ਸ਼ਾਮੂ ਸ਼ਾਹ' ਨਾਟਕ ਵੀ ਬਹੁਤ ਥਾਵਾਂ 'ਤੇ ਦਿਖਾਇਆ ਗਿਆ।

1937 ਤੋਂ 1947 ਈ. ਦੇ ਦਸ ਸਾਲ ਪੰਜਾਬੀ ਰੰਗਮੰਚ ਦੇ ਮੌਲਣ ਤੇ ਵਿਗਸ਼ਣ ਦੇ ਵਿਸ਼ੇਸ਼ ਵਰ੍ਹੇ ਸਨ। ਇਸ ਕਾਲ ਵਿਚ ਹੀ ਪੰਜਾਬੀ ਦੇ ਮੁੱਖ ਨਾਟਕਕਾਰ ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਗੁਰਦਿਆਲ ਸਿੰਘ ਫੁੱਲ, ਗੁਰਦਿਆਲ ਸਿੰਘ ਖੋਸਲਾ ਆਦਿ ਪੰਜਾਬੀ ਨਾਟਕ-ਖੇਤਰ ਵਿਚ ਆਏ ਸਨ। ਜਿੰਨੇ ਨਾਟਕ ਇਨ੍ਹਾਂ ਦਸ ਸਾਲਾਂ ਵਿਚ ਲਿਖੇ ਤੇ ਖੇਡੇ ਗਏ, ਉਹ ਪਿਛਲੇ ਪੰਜਾਹ ਸਾਲਾਂ ਵਿਚ ਨਹੀਂ ਸੀ ਲਿਖੇ ਗਏ। ਇਸੇ ਸਮੇਂ ਵਿਚ ਸਕੂਲਾਂ ਤੇ ਕਾਲਜਾਂ ਦੇ ਵਿਸ਼ੇਸ਼ ਸਮਾਗਮਾਂ ਉਤੇ ਇਕਾਂਗੀ ਜਾਂ ਪੂਰੇ ਨਾਟਕ ਖੇਡਣ ਦੀ ਪਰੰਪਰਾ ਬਕਾਇਦਾ ਚਾਲੂ ਹੋਈ।

ਐਸ.ਐਸ. ਅਮੋਲ ਦੇ ਯਤਨਾਂ ਨਾਲ ਹਰਚਰਨ ਸਿੰਘ ਦਾ ਪਹਿਲਾ ਸੰਪੂਰਨ ਨਾਟਕ 'ਕਮਲਾ ਕੁਮਾਰੀ' ਜਨਵਰੀ 1938 ਈ. ਵਿਚ ਟੈਂਪਰੈਂਸ ਹਾਲ, ਅੰਮ੍ਰਿਤਸਰ ਵਿਚ ਖੇਡਿਆ ਗਿਆ। ਇਸ ਸਾਲ ਅਗਸਤ ਦੇ ਮਹੀਨੇ ਨਾਟਕਕਾਰ ਨੇ ਖ਼ੁਦ ਇਸ ਨੂੰ ਆਪਣੇ ਪਿੰਡ ਉੜਾਪੜ (ਜ਼ਿਲ੍ਹਾ ਜਲੰਧਰ) ਵਿਚ ਖੁੱਲ੍ਹੀ ਮੰਚ ਉੱਤੇ ਪੇਸ਼ ਕੀਤਾ। ਉਸ ਖੇਲ ਵਿਚ ਨਾਟਕਕਾਰ ਨੇ ਨਿਰਦੇਸ਼ਕ ਤੇ ਨਾਇਕਾ ਦਾ ਪਾਰਟ ਆਪ ਅਦਾ ਕੀਤਾ।

1938-1939 ਈ. ਤੋਂ ਹੀ ਪ੍ਰੀਤ ਨਗਰ ਵਿਚ ਪੰਜਾਬੀ ਰੰਗ ਮੰਚ ਦਾ ਕੇਂਦਰ ਸਥਾਪਤ ਹੋਇਆ। ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਰਚਿਤ 'ਪ੍ਰੀਤ ਮੁਕਟ', 'ਪੂਰਬ-ਪੱਛਮ', 'ਰਾਜ ਕੁਮਾਰੀ ਲਤਿਕਾ' ਅਤੇ ਹੋਰ ਨਾਟਕਕਾਰਾਂ ਦੇ ਰਚੇ 'ਛੀਨਾ ਮੋਗਾ', 'ਲੱਕੜ ਦੀ ਲੱਤ', 'ਡਾਕਟਰ ਪਲਟਾ' ਆਦਿ ਨਾਟਕ ਪ੍ਰੀਤ ਨਗਰ ਦੇ ਖੁੱਲ੍ਹੇ ਰੰਗ ਮੰਚ 'ਤੇ ਖੇਡੇ ਗਏ। ਗਾਰਗੀ

ਨੇ ਨਾਟਕ ਲਿਖਣ ਅਤੇ ਖੇਡਣ ਦਾ ਅਭਿਆਸ ਪ੍ਰੀਤ ਨਗਰ ਤੋਂ ਹੀ ਪ੍ਰਾਪਤ ਕੀਤਾ। ਹਰਚਰਨ ਸਿੰਘ ਦਾ ਦੂਜਾ ਇਤਿਹਾਸਕ ਨਾਟਕ 'ਰਾਜਾ ਪੋਰਸ' 28 ਜੂਨ 1939 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸੌ ਸਾਲਾ ਬਰਸੀ ਵਾਲੀ ਰਾਤ ਨੂੰ ਕਮਾਲੀਆ ਜ਼ਿਲ੍ਹਾ ਲਾਇਲਪੁਰ ਵਿਚ ਖੇਡਿਆ ਗਿਆ ਸੀ।

1940-41 ਦੇ ਦੋ ਸਾਲ ਪੰਜਾਬ ਦੇ ਰੰਗਮੰਚ ਦੇ ਵਿਕਾਸ ਲਈ ਸੁਨਿਹਰੀ ਸਾਲ ਸਨ। ਗੌਰਮਿੰਟ ਕਾਲਜ ਲਾਹੌਰ ਦੇ ਪਹਿਲੇ ਪੰਜਾਬੀ ਪ੍ਰਿੰਸੀਪਲ ਜੀ.ਡੀ. ਸੌਂਧੀ ਦੇ ਉੱਦਮ ਨਾਲ ਲਾਰੰਸ ਗਾਰਡਨ ਲਾਹੌਰ ਦੀ ਇਕ ਨਿੱਕੀ ਜਿਹੀ ਪਹਾੜ ਉੱਤੇ ਭਾਰਤ ਦਾ ਪਹਿਲਾ ਖੁੱਲ੍ਹਾ ਮੰਡਪ (Open Air Theatre) ਉਸਾਰਿਆ ਗਿਆ। 1941 ਈ. ਤੋਂ ਉਥੇ ਹਰ ਸਾਲ ਨਾਟਕ ਮੁਕਾਬਲਾ ਹੋਣਾ ਸ਼ੁਰੂ ਹੋਇਆ। ਇਸ ਵਿਚ ਹਰ ਸਾਲ ਦਰਜਨ ਤੋਂ ਉੱਤੇ ਕਾਲਜਾਂ ਤੇ ਕਲੱਬਾਂ ਦੇ ਨਾਟਕ ਟੋਲੇ ਭਾਗ ਲੈਂਦੇ ਸਨ। ਦੂਜੇ ਸੰਸਾਰ ਯੁੱਧ ਨੇ ਵੀ ਪੰਜਾਬੀ ਨਾਟਕਾਂ ਦੀ ਉਪਜ ਨੂੰ ਕਾਫ਼ੀ ਉਤੇਜਨਾ ਦਿੱਤੀ। 1941 ਈ. ਵਿਚ ਹਰਚਰਨ ਸਿੰਘ ਦਾ ਨਾਟਕ 'ਅਨਜੋੜ' ਵਾਈ.ਐਮ.ਸੀ.ਏ. ਹਾਲ ਲਾਹੌਰ ਵਿਚ ਖੇਡਿਆ ਗਿਆ। ਇਸ ਨਾਟਕ ਵਿਚ ਪਹਿਲੀ ਵਾਰ ਲੜਕੀਆਂ ਦੇ ਰੋਲ ਇਸਤਰੀ ਪਾਤਰਾਂ ਨੇ ਅਦਾ ਕੀਤੇ। ਇਸ ਕੰਮ ਵਿਚ ਮਿਸਿਜ਼ ਹਰਚਰਨ ਸਿੰਘ ਨੇ ਪਹਿਲ ਕੀਤੀ। ਇਹਨਾਂ ਦਿਨਾਂ ਵਿਚ ਹੀ ਖ਼ਾਲਸਾ ਕਾਲਜ ਫ਼ਾਰ ਵੁਮੈਨ ਅਤੇ ਸਿੱਖ ਨੈਸ਼ਨਲ ਕਾਲਜ, ਲਾਹੌਰ ਸਥਾਪਤ ਹੋਏ ਸਨ। ਇਹ ਦੋਵੇਂ ਸੰਸਥਾਵਾਂ ਹੌਲੀ-ਹੌਲੀ ਪੰਜਾਬੀ ਸਭਿਆਚਾਰ ਦੇ ਕੇਂਦਰ ਬਣ ਗਈਆਂ। ਪ੍ਰਿੰਸੀਪਲ ਨਿਰੰਜਨ ਸਿੰਘ ਨੇ ਪੰਜਾਬੀ ਨਾਟਕ ਤੇ ਰੰਗਮੰਚ ਨੂੰ ਕਾਫ਼ੀ ਉਤਸ਼ਾਹਿਤ ਕੀਤਾ। ਪ੍ਰੋਫੈਸਰ ਪਰਮਿੰਦਰ ਸਿੰਘ ਦੇ ਯਤਨਾਂ ਨਾਲ ਕਾਲਜ ਵਿਚ ਕਾਫ਼ੀ ਡਰਾਮੇ ਖੇਡੇ ਗਏ ਅਤੇ ਅਪਾਰ ਉੱਦਮ ਨਾਲ ਕਾਲਜ ਵਿਚ ਖੁੱਲ੍ਹਾ ਮੰਚ ਵੀ ਬਣਾਇਆ ਗਿਆ। ਸਿੱਖ ਨੈਸ਼ਨਲ ਕਾਲਜ ਵਿਚ 1947 ਈ. ਤੱਕ ਹਰ ਸਾਲ ਵਧੀਆ ਨਾਟਕ ਖੇਡਣ ਦੀ ਪਰੰਪਰਾ ਚਾਲੂ ਰਹੀ। 'ਖੇਡਣ ਦੇ ਦਿਨ ਚਾਰ' 1942 ਈ. ਵਿਚ ਸਿੱਖ ਨੈਸ਼ਨਲ ਕਾਲਜ ਅਤੇ ਵਾਈ.ਐਮ.ਸੀ.ਏ. ਹਾਲ ਵਿਚ ਖੇਡਿਆ ਸੀ। ਇਸ ਖੇਡ ਵਿਚ ਮਿਸਿਜ਼ ਹਰਚਰਨ ਸਿੰਘ ਅਤੇ ਹਰਪ੍ਰਤੋਸ਼ ਕੌਰ ਨੇ ਪਾਰਟ ਅਦਾ ਕੀਤੇ। ਖ਼ਾਲਸਾ ਕਾਲਜ ਫ਼ਾਰ ਵੁਮੈਨ ਵਿਚ 1942 ਤੋਂ 1947 ਈ. ਤੱਕ ਹਰਚਰਨ ਸਿੰਘ ਦੇ ਨਿਰਦੇਸ਼ਨ ਥੱਲੇ ਦਰਜਨ ਦੇ ਲਗਭਗ ਪੰਜਾਬੀ ਨਾਟਕ ਖੇਡੇ ਗਏ।

1938 ਈ. ਵਿਚ 'ਕਮਲਾ ਕੁਮਾਰੀ' ਖੇਡਣ ਤੋਂ ਬਾਅਦ ਸ.ਸ. ਅਮੋਲ ਨੇ ਬਾਕਾਇਦਾ ਇਕ ਨਾਟਕ ਟੋਲਾ ਸਥਾਪਤ ਕਰਕੇ ਪੰਜਾਬੀ ਮੰਚ ਨੂੰ ਵਿਕਸਿਤ ਕਰਨ ਦਾ ਬੀੜਾ ਚੁੱਕਿਆ। 1938 ਤੋਂ 1942 ਈ. ਤੱਕ ਅੰਮ੍ਰਿਤਸਰ ਵਿਚ ਅਮੋਲ ਦੀ ਅਗਵਾਈ ਤੇ ਨਿਰਦੇਸ਼ਨ ਹੇਠ ਦਰਜਨ ਤੋਂ ਉੱਤੇ ਨਾਟਕ ਖੇਡੇ ਗਏ ਸਨ। ਅਮੋਲ ਦਾ ਆਪਣਾ ਲਿਖਿਆ ਨਾਟਕ 'ਸਮੇਂ ਦੇ ਤਿੰਨ ਰੰਗ' ਵੀ ਇਸ ਸਮੇਂ ਖੇਡਿਆ ਗਿਆ। ਲਾਹੌਰ ਅਤੇ ਅੰਮ੍ਰਿਤਸਰ ਤੋਂ ਬਿਨਾਂ ਪੰਜਾਬ ਦੇ ਸਕੂਲਾਂ ਦੇ ਕਾਲਜਾਂ ਦੇ ਮੰਚਾਂ ਉੱਤੇ ਜਿਹੜੇ ਨਾਟਕ ਖੇਡੇ ਗਏ ਉਨ੍ਹਾਂ ਦੀ ਸੂਚੀ ਬਹੁਤ ਲੰਮੀ ਹੈ। ਲਿਟਲ ਥੀਏਟਰ ਗਰੁਪ, ਲਾਹੌਰ ਨੇ ਵੀ ਵੰਡ ਤੋਂ ਪਹਿਲਾਂ ਪੰਜਾਬੀ ਦੇ ਕੁੱਝ ਨਾਟਕ ਖੇਡੇ ਸਨ। ਗੁਰਦਿਆਲ ਸਿੰਘ ਖੋਸਲਾ ਦਾ ਸੰਬੰਧ ਇਸੇ ਨਾਟਕ ਟੋਲੇ ਨਾਲ ਸੀ।

**1947 ਤੋਂ ਪਿਛੋਂ**

ਆਜ਼ਾਦੀ ਉਪਰੰਤ ਪੰਜਾਬੀ ਰੰਗਮੰਚ ਨੇ ਸਾਹਿਤ ਦੇ ਹੋਰ ਰੂਪਾਂ ਵਾਂਗ ਵਰਨਣ ਯੋਗ ਉੱਨਤੀ ਕੀਤੀ। ਉਸ ਦੇ ਪ੍ਰਤੱਖ ਕਾਰਨ ਹਨ। ਆਜ਼ਾਦੀ ਮਿਲਣ ਤੋਂ ਬਾਅਦ ਸਮੁੱਚੇ ਜੀਵਨ ਦੇ ਮੌਲਣ ਤੇ ਵਧਣ ਫੁੱਲਣ ਦੇ ਰਾਹ ਦੀਆਂ ਰੋਕਾਂ ਦੂਰ ਹੋਣੀਆਂ ਸ਼ੁਰੂ ਹੋਈਆਂ। 1947 ਈ. ਵਿਚ 'ਪੰਜਾਬ ਦੀ ਵੰਡ' ਨੇ ਪੰਜਾਬੀ ਰੰਗਮੰਚ ਨੂੰ ਖਾਸ ਤੌਰ 'ਤੇ ਧੱਕਾ ਪਹੁੰਚਾਇਆ। ਪੰਜਾਬ ਦਾ ਸਦੀਆਂ ਤੋਂ ਉਸਰ ਰਿਹਾ ਸਭਿਆਚਾਰਕ ਕੇਂਦਰ ਲਾਹੌਰ ਸਦਾ ਲਈ ਖੁੱਸ ਗਿਆ। ਪੰਜਾਬੀ ਨਾਟਕਕਾਰ ਤੇ ਦਰਸ਼ਕ ਰੋਜ਼ੀ ਦੀ ਖ਼ਾਤਰ ਭਾਰਤ ਦੇ ਵੱਖੋ-ਵੱਖ ਸ਼ਹਿਰਾਂ ਵਿਚ ਖਿੰਡ-ਪੁੰਡ ਗਏ। ਹਰ ਪੰਜਾਬੀ ਦੇ ਚੰਗੇ ਭਾਗਾਂ ਨੂੰ ਉਹਨਾਂ ਵਿਚੋਂ ਬਹੁਤ ਦਿੱਲੀ ਵਿਚ ਇਕੱਠੇ ਹੋ ਗਏ। ਸੁਭਾਵਕ ਤੌਰ 'ਤੇ 1947 ਤੋਂ ਬਾਅਦ ਦਿੱਲੀ ਪੰਜਾਬੀ ਮੰਚ ਦੀ ਪੁਨਰ ਸਥਾਪਤੀ ਦਾ ਕੇਂਦਰ ਬਣਨਾ ਸ਼ੁਰੂ ਹੋਇਆ ਵੰਡ ਤੋਂ ਬਾਅਦ ਪੰਜਾਬ ਦੀ ਰਾਜਧਾਨੀ ਆਰਜ਼ੀ ਤੌਰ 'ਤੇ ਸ਼ਿਮਲਾ ਬਣੀ। ਪੰਜਾਬ ਸਰਕਾਰ ਬਹੁਤ ਸਾਰੇ ਅਫ਼ਸਰ ਤੇ ਕਰਮਚਾਰੀ ਸ਼ਿਮਲੇ ਪੁੱਜ ਗਏ। ਪੰਜਾਬੀ ਮੰਚ ਦਾ ਉਪ-ਕੇਂਦਰ ਸ਼ਿਮਲਾ ਬਣਿਆ। ਵੰਡ ਤੋਂ ਬਾਅਦ ਸ਼ਿਮਲੇ ਵਿਚ ਕਈ ਉੱਚ ਪੱਧਰ ਦੇ ਨਾਟਕ ਖੇਡੇ ਗਏ। ਜਿਨ੍ਹਾਂ ਵਿਚ 'ਬਾਂਦਰ ਦਾ ਪੰਜਾ' ਅਤੇ 'ਰੇਤ ਦਾ ਪਹਾੜ' ਖਾਸ ਧਿਆਨ ਯੋਗ ਹਨ। ਪ੍ਰੋਫੈਸਰ ਅਮਰੀਕ ਸਿੰਘ ਨੇ ਸ਼ਿਮਲਾ ਵਿਚ ਰਹਿੰਦਿਆਂ ਹੀ ਰੰਗਮੰਚ ਦਾ ਅਮਲੀ ਤਜ਼ਰਬਾ ਹਾਸਲ ਕੀਤਾ ਅਤੇ ਪਿਛੋਂ ਪੰਜਾਬੀ ਨਾਟਕ ਰਚਨਾ ਸ਼ੁਰੂ ਕੀਤੀ। ਉਸ ਦੇ ਇਕਾਂਗੀ 'ਸੁਰਤ' ਦਾ ਪਿਛੋਕੜ ਸ਼ਿਮਲਾ ਵਿਚ ਹੀ ਹੈ।

ਦਿੱਲੀ ਵਿਚ ਪੰਜਾਬੀ ਮੰਚ ਨੂੰ ਸਥਾਪਤ ਕਰਨ ਵਿਚ ਜੀ.ਐਸ. ਖੋਸਲਾ ਦਾ ਬਹੁਤ ਹੱਥ ਹੈ। 1949 ਈ. ਵਿਚ ਉਸ ਨੇ ਇਕ ਨਾਟਕ ਉਤਸਵ ਮਨਾਉਣ ਦੀ ਪਹਿਲ ਕੀਤੀ ਸੀ। ਉਸ ਨਾਟਕ ਮੇਲੇ ਵਿਚ ਪੰਜਾਬੀ, ਬੰਗਾਲੀ, ਹਿੰਦੀ ਆਦਿ ਦੇ

ਨਾਟਕ ਖੇਡੇ ਗਏ ਸਨ। ਉਸ ਦੇ ਯਤਨਾਂ ਨਾਲ ਹੀ ਦਿੱਲੀ ਵਿਚ 'ਪੰਜਾਬੀ ਥੀਏਟਰ' ਨਾਂ ਦੀ ਨਾਟ ਸੰਸਥਾ ਸਥਾਪਤ ਹੋਈ। 'ਪੰਜਾਬੀ ਥੀਏਟਰ' ਨੇ ਆਪਣੀਆਂ ਸਾਖਾਂ ਸ਼ਿਮਲੇ, ਜਲੰਧਰ, ਕਲਕੱਤੇ ਆਦਿ ਸ਼ਹਿਰਾਂ ਵਿਚ ਸਥਾਪਤ ਕੀਤੀਆਂ। 1952 ਵਿਚ 'ਪੰਜਾਬੀ ਥੀਏਟਰ' ਨੇ ਹੀ ਨਿਰੋਲ ਬੱਚਿਆਂ ਦੇ ਨਾਟਕ ਖੇਡਣ ਦੀ ਪਰੰਪਰਾ ਚਾਲੂ ਕੀਤੀ ਸੀ। ਇਸ ਸੰਸਥਾ ਵੱਲੋਂ ਖੇਡੇ ਗਏ ਪ੍ਰਸਿੱਧ ਨਾਟਕਾਂ ਦੀ ਸੂਚੀ ਇਸ ਪ੍ਰਕਾਰ ਹੈ : ਗੁਰਦਿਆਲ ਸਿੰਘ ਖੋਸਲਾ ਨੇ ਨਾਟਕ-ਬੂਹੇ ਬੈਠੀ ਧੀ, ਜੁੱਤੀਆਂ ਦਾ ਜੋੜਾ, ਬੇਘਰੇ, ਮੁਰਦੇ ਦਾ ਰਾਸ਼ਨ, ਮਰ ਮਿਟਣ ਵਾਲੇ, ਪਰਲੋਂ ਤੋਂ ਪਹਿਲੇ ਆਦਿ ਬਲਵੰਤ ਗਾਰਗੀ ਦੇ ਨਾਟਕ ਪਿਛਲੇ ਪੈਰੀਂ, ਕੇਸਰੋ, ਡਾਕਟਰ ਪਲਟਾ, ਈਸ਼ਵਰ ਚੰਦਰ ਨੰਦਾ ਦੇ ਨਾਟਕ ਸੁਭੱਦਰਾ, ਵਰ ਘਰ, ਬੇਈਮਾਨ, ਜਿੰਨ੍ਹ, ਬੇਬੇ ਰਾਮ ਭਜਨੀ, ਹਰਚਰਨ ਸਿੰਘ ਦੇ ਨਾਟਕ ਮਨ ਦੀਆਂ ਮਨ ਵਿਚ, ਦੋਸ਼, ਮੁੜ੍ਹਕੇ ਦੀ ਖੁਸ਼ਬੋ, ਅਤੇ ਕਰਤਾਰ ਸਿੰਘ ਦੁੱਗਲ ਦਾ ਨਾਟਕ ਪੁਰਾਣੀਆਂ ਬੋਤਲਾਂ ਆਦਿ।

'ਪੰਜਾਬ ਆਰਟ ਥੀਏਟਰ' ਜੋ 1941 ਈ. ਵਿਚ ਲਾਹੌਰ ਸਥਾਪਤ ਹੋਇਆ ਸੀ, 1941 ਈ. ਵਿਚ ਦਿੱਲੀ ਅੰਦਰ ਮੁੜ ਸੁਰਜੀਤ ਕੀਤਾ ਗਿਆ। ਇਸ ਨਾਟਕ ਟੋਲੇ ਨੇ 1950 ਈ. ਵਿਚ ਹਰਚਰਨ ਸਿੰਘ ਦਾ ਨਾਟਕ 'ਦੋਸ਼' ਵਾਈ.ਐਮ.ਸੀ.ਏ. ਹਾਲ ਵਿਚ ਪੇਸ਼ ਕੀਤਾ ਸੀ। ਹਰਚਰਨ ਸਿੰਘ ਦੇ ਬਹੁਤੇ ਨਾਟਕ ਇਸੇ ਸੰਸਥਾ ਨੇ ਪੇਸ਼ ਕੀਤੇ ਸਨ, ਜਿਵੇਂ ਅਨਜੋੜ, ਤੇਰਾ ਘਰ ਸੋ ਮੇਰਾ ਘਰ, ਪੁੰਨਿਆਂ ਦਾ ਚੰਨ, ਰਤਾ ਸਾਲੂ, ਹੜਤਾਲ, ਮਾਂ ਆਦਿ। ਬਾਅਦ ਵਿਚ ਇਸੇ ਥੀਏਟਰ ਦਾ ਨਾਂ ਬਦਲ ਕੇ 'ਪੰਜਾਬ ਕਲਾ ਮੰਚ' ਰਖਿਆ ਗਿਆ।

ਵੰਡ ਤੋਂ ਬਾਅਦ ਪੰਜਾਬੀ ਰੰਗਮੰਚ ਨੂੰ ਪ੍ਰੌਢ ਅਵਸਥਾ ਤੱਕ ਪਹੁੰਚਾਉਣ ਵਿਚ ਸਭ ਤੋਂ ਵੱਧ ਹਿੱਸਾ ਇਸ ਆਰਟ ਥੀਏਟਰ ਦਾ ਹੈ। ਇਸ ਨਾਟ ਟੋਲੇ ਦੀ ਸੰਚਾਲਕ ਸ਼ਕਤੀ ਸ਼ੀਲਾ ਭਾਟੀਆ ਹੈ ਜੋ ਆਰੰਭ ਵਿਚ ਭਾਰਤੀ ਲੋਕ ਥੀਏਟਰ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਸੀ, ਪੰਜਾਬ ਨਾਟਕ ਤੇ ਰੰਗਮੰਚ ਨੂੰ ਲੋਕ ਪ੍ਰਿਯ ਬਣਾਉਣ ਵਿਚ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਜਿਸ ਦਾ ਸੰਖੇਪ ਨਾਂ ਇਪਟਾ (IPTA) ਹੈ, ਦਾ ਵਿਸ਼ੇਸ਼ ਹਿੱਸਾ ਹੈ। ਭਾਵੇਂ ਇਹੋ ਲੋਕ ਨਾਟਕ ਲਹਿਰ 1947 ਤੋਂ ਪਹਿਲਾਂ ਹੀ ਹੋਂਦ ਵਿਚ ਆ ਚੁੱਕੀ ਸੀ ਪਰ ਇਸ ਦਾ ਡੂੰਘਾ ਤੇ ਸਥਾਈ ਪ੍ਰਭਾਵ 1947 ਈ. ਤੋਂ ਬਾਅਦ ਹੀ ਪ੍ਰਗਟ ਹੋਣਾ ਸ਼ੁਰੂ ਹੋਇਆ। ਇਸ ਲੋਕ ਨਾਟ ਲਹਿਰ ਦਾ ਮੁੱਖ ਆਸ਼ਾ ਹੀ ਨਾਟਕ ਨੂੰ ਲੋਕਾਂ ਨਾਲ ਜੋੜਨ ਦਾ ਸੀ। ਮੰਚ ਨੂੰ ਸਾਦਾ ਤੇ ਸਾਧਾਰਨ ਕਰਨ ਦਾ ਉਪਰਾਲਾ ਕੀਤਾ ਗਿਆ। ਸੰਚਾਲਕਾਂ ਦਾ ਨਾਹਰਾ ਹੀ ਇਹੋ ਸੀ, ਜੇ ਨਾਟਕ ਕਲਾ ਨੂੰ ਭਾਰਤ ਵਿਚ ਪ੍ਰਫੁੱਲਤ ਕਰਨਾ ਹੈ ਤਾਂ ਰੰਗ ਮੰਚ ਨੂੰ ਬੇਰੰਗ ਕਰ ਦਿਉ, ਕੀਮਤੀ ਪਰਦੇ ਲਪੇਟ ਲਉ ਅਤੇ ਸੀਨਰੀ ਸੈਟਿੰਗ ਨੂੰ ਲੋਕਾਂ ਦੀ ਕਲਪਨਾ 'ਤੇ ਛੱਡੋ।

ਭਾਰਤੀ ਲੋਕ ਨਾਟ ਲਹਿਰ ਦੇ ਅਸਰ ਥੱਲੇ ਨਾਟਕਕਾਰਾਂ ਨੇ ਜਨਤਾ ਲਈ ਨਾਟਕ ਲਿਖੇ। ਖੁੱਲ੍ਹੇ ਮੰਚ ਉੱਤੇ ਬਿਨਾਂ ਪਰਦਿਆਂ ਜਾਂ ਨਾਟਕ ਸਮੱਗਰੀ ਦੇ ਬੜੀ ਸਾਦਗੀ ਨਾਲ ਨਾਟਕ ਪੇਸ਼ ਕਰਨ ਦਾ ਰਿਵਾਜ਼ ਪ੍ਰਚਲਿਤ ਕੀਤਾ। ਬਲਰਾਜ ਸਾਹਨੀ ਦਾ ਲਿਖਿਆ 'ਕੁਰਸੀ' ਨਾਟਕ ਇਪਟਾ ਨੇ ਹੀ ਸ਼ਿਮਲੇ, ਲੁਧਿਆਣੇ ਅਤੇ ਹੋਰ ਸ਼ਹਿਰਾਂ ਵਿਚ ਮੰਚ ਉੱਤੇ ਖੇਡਿਆ ਸੀ। ਪੰਜਾਬ ਵਿਚ ਇਸ ਲਹਿਰ ਦਾ ਇਕ ਗੜ੍ਹ ਬਠਿੰਡਾ ਅਤੇ ਦੂਜਾ ਜਲੰਧਰ ਸੀ। ਬੰਬਈ ਵਿਚ ਬਲਰਾਜ ਸਾਹਨੀ ਦੇ ਉੱਦਮ ਨਾਲ 'ਇਪਟਾ' ਨੇ ਬਹੁਤ ਸਾਰੇ ਪੰਜਾਬੀ ਨਾਟਕ ਖੇਡੇ।

ਬਲਵੰਤ ਗਾਰਗੀ ਭਾਰਤੀ ਲੋਕ ਨਾਟ ਲਹਿਰ ਦੀ ਦਿੱਲੀ ਸ਼ਾਖਾ ਨਾਲ ਸੰਬੰਧਤ ਸੀ। ਉਸ ਦੇ ਦੋ ਮੁੱਢਲੇ ਅਨੁਵਾਦਿਤ ਇਕਾਂਗੀ 'ਦੋ ਅੰਨ੍ਹੇ' ਅਤੇ 'ਰਾਈ ਦਾ ਪਹਾੜ', ਇਪਟਾ ਨੇ ਹੀ ਦਿੱਲੀ ਮੰਚ ਉੱਤੇ ਪੇਸ਼ ਕੀਤੇ ਸਨ। ਸੰਚਾਲਕਾਂ ਨੇ ਇਸ ਨਾਲੋਂ ਟੁੱਟ ਕੇ ਦਿੱਲੀ ਆਰਟ ਥੀਏਟਰ ਸਥਾਪਤ ਕੀਤਾ ਸੀ। ਸ਼ੀਲਾ ਭਾਟੀਆ ਨੇ 1948 ਈ. ਵਿਚ ਪ੍ਰੋਫੈਸਰ ਮੋਹਨ ਸਿੰਘ ਦੇ ਕੁੱਝ ਆਪਣੇ ਗੀਤ ਗੁੰਦ ਕੇ ਪੀਸ ਅਪਰੇਟਾ ਖੇਡਿਆ ਸੀ। ਉਸ ਦੀ ਸਫਲਤਾ ਤੋਂ ਪਿਛੋਂ ਦਿੱਲੀ ਆਰਟ ਥੀਏਟਰ ਨੇ ਵਾਦੀ ਦੀ ਪੁਕਾਰ, ਹੀਰ ਰਾਂਝਾ, ਰੁਖੇ ਖੇਤ, ਪ੍ਰਿਥਵੀ ਰਾਜ ਚੌਹਾਨ ਆਦਿ ਸੰਗੀਤ ਉਪੇਰੇ ਪੇਸ਼ ਕੀਤੇ।

ਸੰਗੀਤ ਨਾਟਕ ਦੇ ਖੇਤਰ ਵਿਚ ਪੰਜਾਬੀ ਨਾਟਕ ਕਲਾ ਨੇ ਵਿਸ਼ੇਸ਼ ਉੱਨਤੀ ਕੀਤੀ ਹੈ। ਨੰਦ ਲਾਲ ਨੂਰਪੁਰੀ ਦੇ ਭਾਗ ਸਿੰਘ ਦਾ ਮਿਰਜ਼ਾ ਸਾਹਿਬਾਂ, ਦਿੱਲੀ ਅਤੇ ਪੰਜਾਬ ਵਿਚ ਕਈ ਥਾਵਾਂ 'ਤੇ ਖੇਡਿਆ ਗਿਆ। ਇਸ ਤੋਂ ਇਲਾਵਾ 'ਸੋਹਣੀ ਮਹੀਂਵਾਲ', 'ਸੱਸੀ ਪੁੰਨੂੰ', ਦਿੱਲੀ ਮੰਚ ਉੱਤੇ ਪੇਸ਼ ਕੀਤੇ ਗਏ। ਜਲੰਧਰ ਵਿਚ ਤੇਰਾ ਸਿੰਘ ਚੰਨ ਨੇ 'ਅਮਰ ਪੰਜਾਬ' ਤੋਂ ਬਾਅਦ ਕਈ ਸੰਗੀਤ ਨਾਟਕ ਲਿਖੇ ਤੇ ਪੇਸ਼ ਕੀਤੇ।

ਪੰਜਾਬ ਵਿਚ 1910-11 ਈ. ਤੋਂ ਬਾਅਦ ਕਦੇ ਕੋਈ ਪੇਸ਼ਾਵਰ ਥੀਏਟਰ ਸਥਾਪਤ ਨਹੀਂ ਹੋਇਆ। ਉਸ ਦੀ ਅਣਹੋਂਦ ਕਾਰਨ ਪੰਜਾਬੀ ਮੰਚ, ਬੰਗਾਲੀ ਤੇ ਮਰਾਠੀ ਥੀਏਟਰ ਨਾਲੋਂ ਪਛੜਿਆ ਰਿਹਾ ਹੈ। ਇਸ ਕਰਕੇ ਪੰਜਾਬੀ

ਨਾਟਕਕਾਰਾਂ ਨੂੰ ਆਪਣੇ ਨਾਟਕ ਆਪ ਪੇਸ਼ ਕਰਨੇ ਪੈਂਦੇ ਹਨ। ਕਪੂਰ ਸਿੰਘ ਘੁੰਮਣ ਨੇ 1954 ਈ. ਵਿਚ 'ਕੱਲੋ' ਨਾਟਕ ਲਿਖ ਕੇ ਪੰਜਾਬੀ ਨਾਟ ਖੇਤਰ ਵਿਚ ਪ੍ਰਵੇਸ਼ ਕੀਤਾ ਸੀ। ਉਸ ਨਾਲ ਘੁੰਮਣ ਨੇ 'ਰੂਪ ਕਲਾ ਸੰਗਮ' ਨਾਂ ਦੀ ਨਾਟ ਮੰਡਲੀ ਸਥਾਪਤ ਕੀਤੀ। 1957 ਈ. ਵਿਚ ਦਿੱਲੀ ਤੋਂ ਪਟਿਆਲੇ ਪੁੱਜ ਕੇ ਵੀ ਘੁੰਮਣ ਨੇ ਆਪਣੇ ਯਤਨ ਜਾਰੀ ਰੱਖੇ ਅਤੇ ਆਪਣੀ ਸੁਪਤਨੀ ਦੇ ਸਹਿਯੋਗ ਨਾਲ ਪੰਜਾਬੀ ਮੰਚ ਨੂੰ ਪ੍ਰਫੁੱਲਤ ਕੀਤਾ। ਰੂਪਕ ਕਲਾ ਸੰਗਮ ਨੇ ਕਈ ਦਰਜਨ ਨਾਟਕ ਪੇਸ਼ ਕੀਤੇ ਜਿਵੇਂ ਭਾਬੀ, ਜਨਤਾ, ਅਣਹੋਣੀ, ਸਵੇਰ ਦਾ ਭੁੱਲ ਭੁਲੇਖਾ, ਜਿਉਂਦੀ ਲਾਸ਼, ਪੁਤਲੀ ਘਰ, ਅਤੀਤ ਦੇ ਪਰਛਾਵੇਂ, ਬੁਝਾਰਤ, ਜੋੜੀਆਂ ਜੱਗ ਥੋੜ੍ਹੀਆਂ ਆਦਿ।

ਦਿੱਲੀ ਵਿਚ ਇਕ ਹੋਣਹਾਰ ਪੰਜਾਬੀ ਨਾਟਕਕਾਰ, ਪਰੀਤੋਸ਼ ਗਾਰਗੀ ਹੈ ਜਿਸ ਨੇ ਉੱਚ ਪੱਧਰ ਦੇ ਨਾਟਕ ਪੇ ਸ਼ ਕੀਤੇ ਹਨ, ਜਿਵੇਂ ਗੱਡੀ ਦਾ ਸਫ਼ਰ, ਪ੍ਰਾਹੁਣਾ, ਖੂਹ ਦੀ ਮੌਣ ਤੇ, ਨਹਿਲੇ ਤੇ ਦਹਿਲਾ, ਪਰਛਾਵੇਂ, ਛਲੇਡਾ, ਵਗਦੇ ਪਾਣੀ ਆਦਿ।

ਦਿੱਲੀ ਤੋਂ ਬਾਹਰ ਪੰਜਾਬ ਵਿਚ ਵੀ ਪੰਜਾਬੀ ਮੰਚ ਨੂੰ ਸਥਾਪਤ ਕਰਨ ਦੇ ਕੁੱਝ ਖਿੰਡਰਵੇਂ ਯਤਨ ਹੋਏ ਹਨ। ਅੰਮ੍ਰਿਤਸਰ ਖ਼ਾਲਸਾ ਕਾਲਜ ਭਾਵੇਂ 1904 ਈ. ਵਿਚ ਸਥਾਪਤ ਹੋ ਗਿਆ ਸੀ ਪਰ ਕੁੱਝ ਵਿਸ਼ੇਸ਼ ਕਾਰਨਾਂ ਕਰਕੇ ਇਥੇ ਪੰਜਾਬੀ ਰੰਗ ਮੰਚ ਨਾ ਉੱਸਰ ਸਕਿਆ ਹਾਲਾਂਕਿ ਇਸੇ ਕਾਲਜ ਵਿਚ ਪੰਜਾਬੀ ਦੇ ਤਿੰਨ ਪ੍ਰਸਿੱਧ ਨਾਟਕਕਾਰ ਸੰਤ ਸਿੰਘ ਸੇਖੋਂ, ਗੁਰਦਿਆਲ ਸਿੰਘ ਫੁੱਲ ਅਤੇ ਰੋਸ਼ਨ ਲਾਲ ਅਹੂਜਾ ਕਈ ਸਾਲ ਪੜ੍ਹਾਉਂਦੇ ਰਹੇ। ਅਖ਼ੀਰ ਫੁੱਲ ਨੇ ਜ਼ੋਰਦਾਰ ਉੱਦਮ ਆਰੰਭ ਕੀਤਾ ਅਤੇ ਅੰਮ੍ਰਿਤਸਰ ਵਿਚ ਪੰਜਾਬੀ ਮੰਚ ਨੂੰ ਸਥਾਪਤ ਕਰਨ ਦਾ ਬੀੜਾ ਚੁੱਕਿਆ। ਸ਼ੁਰੂ-ਸ਼ੁਰੂ ਦੇ ਫੁੱਲ ਦੇ ਨਾਟਕਾਂ ਵਿਚੋਂ 'ਬੈਂਕ', 'ਜੋੜੀ', 'ਟਰੇਲਰ', 'ਕਾਲਜੀਏਟ' ਵਧੇਰੇ ਸਫ਼ਲ ਰਹੇ।

ਸੁਰਜੀਤ ਸਿੰਘ ਸੇਠੀ ਨੇ ਵੀ ਆਪਣੀ ਪਤਨੀ ਦੇ ਸਹਿਯੋਗ ਨਾਲ ਆਪਣੇ ਨਾਟਕ ਆਪ ਪੇਸ਼ ਕਰਨ ਦਾ ਉੱਦਮ ਆਰੰਭ ਕੀਤਾ। ਉਸ ਨੇ 'ਪੜਦੇ ਪਿਛੇ', 'ਕਾਦਰਯਾਰ', 'ਕੱਚਾ ਘੜਾ', 'ਭਰਿਆ-ਭਰਿਆ ਸੱਖਣ-ਸੱਖਣਾ' ਆਦਿ ਸਫ਼ਲਤਾ ਨਾਲ ਮੰਚ ਉੱਤੇ ਪੇਸ਼ ਕੀਤੇ।

ਪੰਜਾਬ ਵਿਚ ਅਮਨ ਲਹਿਰ ਨੇ ਵੀ ਪੰਜਾਬੀ ਥੀਏਟਰ ਨੂੰ ਪ੍ਰਚਲਿਤ ਕਰਨ ਵਿਚ ਤਕੜਾ ਹਿੱਸਾ ਪਾਇਆ ਹੈ। ਤੀਜੇ ਸੰਸਾਰ ਯੁੱਧ ਦੇ ਖਤਰੇ ਨੂੰ ਟਾਲਣ ਲਈ ਸੰਸਾਰ ਭਰ ਵਿਚ ਅਮਨ ਦੇ ਹਾਮੀਆਂ ਨੇ ਇਹ ਲਹਿਰ ਚਲਾਈ ਸੀ। ਬਲਵੰਤ ਗਾਰਗੀ ਦਾ ਨਾਟਕ 'ਘੁੱਗੀ', ਸੰਤ ਸਿੰਘ ਸੇਖੋਂ ਦਾ 'ਸੰਦੇਸ਼' ਤੇਰਾ ਸਿੰਘ ਚੰਨ ਦਾ 'ਅਮਰ ਪੰਜਾਬ', ਅਮਨ ਕਾਨਫ਼ਰੰਸ ਦੇ ਅਵਸਰਾਂ 'ਤੇ ਖੇਡੇ ਗਏ ਸਨ।

1955 ਤੋਂ 1960 ਈ. ਤੱਕ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਸਾਹਿਤ ਅਕਾਦਮੀ ਲੁਧਿਆਣਾ ਬੜੀਆਂ ਸਰਗਰਮ ਸਨ। ਉਨ੍ਹਾਂ ਦੀਆਂ ਸਾਲਾਨਾਂ ਕਾਨਫ਼ਰੰਸਾਂ ਉੱਤੇ ਵਧੀਆ ਸਭਿਆਚਾਰਕ ਪ੍ਰੋਗਰਾਮ ਅਤੇ ਨਾਟਕ ਪੇਸ਼ ਹੁੰਦੇ ਰਹੇ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਲੁਧਿਆਣਾ ਕਾਨਫ਼ਰੰਸ (1950) ਸਮੇਂ ਸੇਖੋਂ ਦਾ 'ਮੋਇਆਂ ਸਾਰ ਨਾ ਕਾਈ' ਅਤੇ ਦਿੱਲੀ ਕਾਨਫ਼ਰੰਸ (1958) ਸਮੇਂ ਹਰਚਰਨ ਸਿੰਘ ਦਾ 'ਰੱਤਾ ਸਾਲੂ' ਖੇਡੇ ਗਏ ਸਨ।

ਕੁਝ ਸਾਲ ਲਈ ਪੰਜਾਬੀ ਮੰਚ ਨੂੰ ਲੋਕ-ਪ੍ਰਿਯ ਬਣਾਉਣ ਲਈ ਭਾਸ਼ਾ ਵਿਭਾਗ ਪੰਜਾਬ ਨੇ ਵੀ ਚੰਗਾ ਉੱਦਮ ਆਰੰਭਿਆ ਸੀ। ਹਰ ਸਾਲ ਰਾਜ ਪੱਧਰ 'ਤੇ ਸਕੂਲ ਦੇ ਨਾਟਕ ਮੁਕਾਬਲੇ ਕਰਵਾਏ ਜਾਂਦੇ ਸਨ। ਜਿਸ ਨਾਲ ਵਿਦਿਆਰਥੀਆਂ ਵਿਚ ਨਾਟਕ ਕਲਾ ਪ੍ਰਤੀ ਰੁਚੀ ਪੈਦਾ ਹੁੰਦੀ ਸੀ ਅਤੇ ਅਮਲੀ ਤੌਰ 'ਤੇ ਮੰਚ ਕਲਾ ਦੀ ਥੋੜ੍ਹੀ ਬਹੁਤੀ ਜਾਣਕਾਰੀ ਮਿਲਦੀ ਹੈ।

ਦਸੰਬਰ 1964 ਈ. ਵਿਚ ਦਿੱਲੀ ਅੰਦਰ ਮਨਾਈ ਗਈ ਪੰਜਾਬੀ ਰੰਗ ਮੰਚ ਦੀ ਗੋਲਡਨ ਜੁਬਲੀ ਪੰਜਾਬੀ ਮੰਚ ਦੇ ਇਤਿਹਾਸ ਵਿਚ ਅਹਿਮ ਘਟਨਾ ਹੈ। ਸਪਰੂ ਹਾਊਸ ਦਿੱਲੀ ਵਿਚ ਦਸ ਦਿਨ ਲਗਾਤਾਰ ਪੰਜਾਬੀ ਨਾਟਕ ਖੇਡੇ ਗਏ। ਉਸ ਨਾਟਕ ਮੇਲੇ ਵਿਚ ਖੋਸਲਾ ਨੇ ਆਪਣਾ ਨਵਾਂ ਨਾਟਕ 'ਪਰਲੋ ਤੋਂ ਪਹਿਲੇ' ਅਤੇ ਨੰਦਾ ਦੀ ਇਕਾਂਗੀ 'ਬੇਬੇ ਰਾਮ ਭਜਨੀ' ਪੇਸ਼ ਕੀਤੇ। ਹਰਪਾਲ ਟਿਵਾਣਾ ਨੇ ਪੰਜਾਬੀ ਕਲਾ ਮੰਚ ਵੱਲੋਂ ਹਰਚਰਨ ਸਿੰਘ ਦਾ ਨਾਟਕ 'ਸ਼ੋਭਾ ਸ਼ਕਤੀ' ਬੜੀ ਸਫ਼ਲਤਾ ਨਾਲ ਪੇਸ਼ ਕੀਤਾ।

1964 ਈ. ਵਿਚ ਹਰਪਾਲ ਟਿਵਾਣਾ ਨੇ ਪੰਜਾਬ ਕਲਾ ਮੰਚ ਦੀ ਵਾਗ ਡੋਰ ਸੰਭਾਲੀ। ਹਰਪਾਲ ਤੇ ਉਸ ਦੀ ਪਤਨੀ ਨਰਿੰਦਰ ਟਿਵਾਣਾ ਨੇ ਨੈਸ਼ਨਲ ਸਕੂਲ ਆਫ਼ ਡਰਾਮਾ ਤੋਂ ਬਕਾਇਦਾ ਸਿੱਖਿਆ ਪ੍ਰਾਪਤ ਕੀਤੀ ਹੋਈ ਹੈ। ਇਸ ਕਰਕੇ ਉਨ੍ਹਾਂ ਦੇ ਨਾਟਕਾਂ ਦੀ ਪੇਸ਼ਕਾਰੀ ਦੀ ਪੱਧਰ ਬਹੁਤ ਉੱਚੀ ਹੁੰਦੀ ਹੈ। ਹਰਪਾਲ ਦੀ ਨਿਰਦੇਸ਼ਨਾਂ ਥੱਲੇ ਹੁਣ ਤੱਕ ਦਿੱਲੀ ਅਤੇ

ਪਟਿਆਲੇ ਵਿਚ ਨਾਟਕ ਪੇਸ਼ ਹੋ ਚੁੱਕੇ ਸਨ 'ਐਨਟਿਗਣੀ', 'ਰੱਤਾ ਸਾਲੂ', 'ਸ਼ੋਭਾ ਸ਼ਕਤੀ', 'ਰਾਜਾ ਇਡੀਪਸ', 'ਸਤਾਰਵਾਂ ਪਤੀ', 'ਮੁੜ੍ਹਕੇ ਦੀ ਖੁਸ਼ਬੋ', 'ਲੋਹਾ ਕੁੱਟ', 'ਚਮਕੌਰ ਦੀ ਗੜ੍ਹੀ', 'ਕਣਕ ਦੀ ਬੱਲੀ', 'ਫਾਦਰ', 'ਕੁਰਸੀ', 'ਦੀਵਾ ਬਲੇ ਸਾਰੀ ਰਾਤ', 'ਅੰਨ੍ਹਾ ਖੂਹ', 'ਇਤਿਹਾਸ ਜਵਾਬ ਮੰਗਦਾ ਹੈ' ਆਦਿ। ਪੰਜਾਬੀ ਕਲਾ ਮੰਚ ਨੇ ਪੰਜਾਬੀ ਮੰਚ ਨੂੰ ਪੇਸ਼ਾਵਰ ਪੱਧਰ ਦੇ ਨੇੜੇ-ਤੇੜੇ ਲਿਆਉਣ ਵਿਚ ਬਹੁਤ ਹਿੱਸਾ ਪਾਇਆ ਹੈ। ਹਰਪਾਲ ਨੇ 'ਚਮਕੌਰ ਦੀ ਗੜ੍ਹੀ' ਕੈਨੇਡਾ ਵਿਚ ਵੀ ਖੇਡਿਆ।

ਪੰਜਾਬੀ ਮੰਚ ਦੇ ਸੁਭਾਗ ਨੂੰ ਅੰਮ੍ਰਿਤਸਰ ਵਿਚ ਗੁਰਸ਼ਰਨ ਸਿੰਘ ਦੀ ਨਿਰਦੇਸ਼ਨਾਂ ਥੱਲੇ 'ਅੰਮ੍ਰਿਤਸਰ ਨਾਟਕ ਕੇਂਦਰ' ਕੰਮ ਕਰ ਰਿਹਾ ਹੈ। ਇਹ ਨਾਟਕੀ ਟੋਲਾ ਸਾਲ ਵਿਚ ਦਰਜਨ ਦੇ ਲਗਭਗ ਨਾਟਕ ਪੇਸ਼ ਕਰਦਾ ਹੈ। ਗੁਰਸ਼ਰਨ ਤੇ ਕੈਲਾਸ਼ ਦੀ ਨਿਗਰਾਨੀ ਥੱਲੇ ਚਲ ਰਹੀ ਇਸ ਸੰਸਥਾ ਨੇ ਪੰਜਾਬੀ ਦੇ ਲਗਭਗ ਹਰ ਨਾਟਕਕਾਰ ਦਾ ਕੋਈ ਨਾ ਕੋਈ ਨਾਟਕ ਖੇਡਿਆ ਹੈ। ਪੰਜਾਬੀ ਮੰਚ ਨੂੰ ਜਨ ਸਾਧਾਰਨ ਦੀ ਪਹੁੰਚ ਤੱਕ ਪਹੁੰਚਾਉਣ ਵਿਚ ਇਸ ਨਾਟਕ ਗਰੁੱਪ ਦਾ ਸਭ ਤੋਂ ਵੱਧ ਹੱਥ ਹੈ ਜਿਸ ਵੱਲੋਂ 'ਤਾਰ ਤੁਪਕਾ', 'ਸੁਮੇਲ', ਵਰਗੇ ਔਖੇ ਕਾਵਿ ਨਾਟਕ ਵੀ ਗੁਰਸ਼ਰਨ ਸਿੰਘ ਨੇ ਪੇਸ਼ ਕੀਤੇ ਹਨ। ਫੁੱਲ ਦਾ ਪ੍ਰਸਿੱਧ ਨਾਟਕ 'ਜਿਨ ਸਚੁ ਪੱਲੇ ਹੋਇ' ਸੈਂਕੜੇ ਦਫਾ ਖੇਡਿਆ ਜਾ ਚੁੱਕਾ ਹੈ। ਅੰਮ੍ਰਿਤਸਰ ਨਾਟਕ ਕੇਂਦਰ ਵੱਲੋਂ ਹੁਣ ਤੱਕ ਸੈਂਕੜੇ ਨਾਟਕ ਖੇਡੇ ਜਾ ਚੁੱਕੇ ਹਨ।

1960 ਦੇ ਕਰੀਬ ਪੰਜਾਬੀ ਨਾਟਕਕਾਰਾਂ ਨੇ ਮੰਚ ਉੱਤੇ ਨਵੇਂ ਪ੍ਰਯੋਗ ਕਰਨੇ ਸ਼ੁਰੂ ਕੀਤੇ ਅਤੇ ਪੱਛਮ ਦੇ ਆਧੁਨਿਕ ਨਾਟਕਕਾਰਾਂ ਸਟਰਿੰਗ ਬਰਗ, ਲੋਰਕਾ, ਤਰੈਟੋ, ਆਇਨੈਸਕੋ ਆਦਿ ਦਾ ਅਸਰ ਕਬੂਲਣਾ ਸ਼ੁਰੂ ਕੀਤਾ। ਪੱਛਮ ਦੇ ਨਾਟਕਕਾਰਾਂ ਨੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਯਥਾਰਥਵਾਦ ਦਾ ਪੱਲਾ ਛੱਡ ਦਿੱਤਾ ਸੀ। 1960 ਤੋਂ 1980 ਈਸਵੀ ਦੇ ਵਿਚਕਾਰ ਪੰਜਾਬੀ ਦੇ ਲਗਭਗ ਹਰ ਨਾਟਕਕਾਰ ਨੇ ਪ੍ਰਯੋਗਵਾਦੀ ਨਾਟਕ ਲਿਖਿਆ। ਕਪੂਰ ਸਿੰਘ ਘੁੰਮਣ ਨੇ 'ਅਤੀਤ ਦੇ ਪਰਛਾਵੇਂ' ਲਿਖ ਕੇ ਅਤੇ ਮੰਚ ਉਤੇ ਪੇਸ਼ ਕਰਕੇ ਇਕ ਭਾਂਤ ਇਕ ਪਾਸੇ ਵੱਲ ਪਹਿਲ ਕੀਤੀ। ਸੁਰਜੀਤ ਸਿੰਘ ਸੇਠੀ ਨੇ 'ਕਿੰਗ, ਮਿਰਜ਼ਾ ਤੇ ਸਪੇਰਾ' ਨਾਲ ਥੀਏਟਰ ਆਫ਼ ਐਬਸਰਡ ਨੂੰ ਪੰਜਾਬੀ ਉੱਤੇ ਪ੍ਰਵੇਸ਼ਿਤ ਕੀਤਾ। ਉਸ ਤੋਂ ਬਾਅਦ ਉਸ ਨੇ 'ਮਰਦ ਮਰਦ ਨਹੀਂ, ਤੀਵੀਂ ਤੀਵੀਂ ਨਹੀਂ', 'ਨੰਗੀ ਸੜਕ ਰਾਤ ਦਾ ਓਹਲਾ', 'ਇਹ ਜ਼ਿੰਦਗੀ ਹੈ ਦੋਸਤੋ' ਪੰਜਾਬੀ ਮੰਚ ਨੂੰ ਦਿੱਤੇ। ਬਲਵੰਤ ਗਾਰਗੀ, ਹਰਚਰਨ ਸਿੰਘ, ਹਰਸ਼ਰਨ ਸਿੰਘ, ਪਰੀਤੋਸ਼ ਗਾਰਗੀ, ਜਸੂਜਾ, ਪਾਂਧੀ ਨਨਕਾਣਵੀ, ਜਗਦੀਸ਼ ਵੋਹਰਾ ਆਦਿ ਨੇ ਵੀ ਪ੍ਰਯੋਗਵਾਦੀ ਨਾਟਕ ਲਿਖੇ।

ਸੰਨ 1966 ਈ. ਤੇ ਸੰਨ 1969 ਦੇ ਸਾਲ ਪੰਜਾਬੀ ਮੰਚ ਲਈ ਖ਼ਾਸ ਤੌਰ 'ਤੇ ਧਿਆਨਯੋਗ ਹਨ। 1969 ਈ. ਵਿਚ ਗੁਰੂ ਗੋਬਿੰਦ ਸਿੰਘ ਦਾ ਤਿੰਨ ਸੌ ਸਾਲਾ ਜਨਮ ਉਤਸਵ ਅਤੇ 1969 ਈ. ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਪੰਜ ਸੌਵਾਂ ਜਨਮ ਉਤਸਵ ਮਨਾਇਆ ਗਿਆ ਸੀ। ਇਹਨਾਂ ਦੋਵਾਂ ਅਵਸਰਾਂ ਸਦਕਾ ਨਾਟਕ ਅਤੇ ਧਰਮ ਦਾ ਪੂਰਨ ਮੇ ਲ ਪੰਜਾਬ ਅਤੇ ਪੰਜਾਬੀ ਲਈ ਸੁਭਾਗ ਦੀ ਗੱਲ ਸੀ। ਧਾਰਮਕ ਭਾਵਾਂ ਵਾਲੇ ਲੋਕਾਂ ਦੀ ਨਾਟਕ ਵੱਲ ਰੁਚੀ ਉਤਸ਼ਾਹ ਵਾਲਾ ਪਰਿਵਰਤਨ ਸੀ। ਇਸ ਪ੍ਰਵਿਰਤੀ ਅਧੀਨ ਹਰਪਾਲ ਟਿਵਾਣਾ ਵੱਲੋਂ ਤਿਆਰ ਕੀਤਾ 'ਚਮਕੌਰ ਦੀ ਗੜ੍ਹੀ' ਅਤੇ ਗੁਰਸ਼ਰਨ ਸਿੰਘ ਦਾ 'ਜਿਨ ਸਚੁ ਪੱਲੇ ਹੋਇ' ਸੈਂਕੜੇ ਦਫਾ ਖੇਡੇ ਗਏ।

ਨਾਟਕ ਤੇ ਧਰਮ ਦੇ ਇਸ ਸੁਭਾਗ ਮੇਲ ਦਾ ਪ੍ਰਤੱਖ ਪ੍ਰਭਾਵ ਇਹ ਪਿਆ ਕਿ ਸਾਧਾਰਨ ਲੋਕਾਂ ਦੀ ਨਾਟਕ ਕਲਾ ਬਾਰੇ ਗ਼ਲਤ ਫ਼ਹਿਮੀ ਦੂਰ ਹੀ ਨਹੀਂ ਹੋਈ ਸਗੋਂ ਖੇਲਾਂ ਵਿਚ ਸੁੱਚਤਾ ਅਤੇ ਇਖਲਾਕੀ ਉੱਚਤਾ ਵੀ ਪੈਦਾ ਹੋਈ। ਮੰਚ ਤੇ ਨਾਟਕ ਕਲਾ ਦੀ ਉੱਨਤੀ ਲਈ ਮਨ ਪਰਚਾਵੇ ਦੇ ਅੰਸ਼ਾਂ ਤੋਂ ਬਿਨਾਂ ਗੰਭੀਰ ਤੱਤਾਂ ਦਾ ਸੁਮੇਲ ਵੀ ਜ਼ਰੂਰੀ ਹੁੰਦਾ ਹੈ।

ਪੰਜਾਬੀ ਮੰਚ ਦੇ ਰੋਸ਼ਨ ਭਵਿੱਖ ਬਾਰੇ ਕੋਈ ਸੰਦੇਹ ਨਹੀਂ। ਜਿਹੜੀ ਕਲਾ ਅਤਿ ਭੈੜੇ ਸਖ਼ਤ ਵਿਰੋਧੀ ਹਾਲਤਾਂ ਵਿਚ ਜਿਉਂਦੀ ਰਹੀ ਹੈ। ਉਹ ਹੁਣ ਸੁਖਾਵੀਂ ਸਥਿਤੀ ਵਿਚ ਕਿਵੇਂ ਮਰ ਸਕਦੀ ਹੈ? ਨਾਟਕ ਦਾ ਕਿਸੇ ਦੇਸ਼ ਤੇ ਕੌਮ ਦੀ ਸੁਤੰਤਰਤਾ ਤੇ ਜਾਗ੍ਰਿਤੀ ਨਾਲ ਡੂੰਘਾ ਸੰਬੰਧ ਹੁੰਦਾ ਹੈ। ਜਿਉਂ-ਜਿਉਂ ਕੋਈ ਕੌਮ ਉੱਨਤੀ ਵੱਲ ਵੱਧਦੀ ਹੈ। ਉਸਦੀ ਨਾਟਕ ਕਲਾ ਵੀ ਨਾਲ ਦੀ ਨਾਲ ਪ੍ਰਫੁੱਲਤ ਹੁੰਦੀ ਹੈ। ਪੰਜਾਬ ਅਤੇ ਪੰਜਾਬੀ ਯੂਨੀਵਰਸਿਟੀ ਵਿਚ ਨਾਟਕ ਦੇ ਵਿਭਾਗ ਖੁੱਲ੍ਹਣ ਨਾਲ ਬਹੁਤ ਆਸ ਬੱਝ ਗਈ। ਬਲਵੰਤ ਗਾਰਗੀ ਇੰਡੀਅਨ ਥੀਏਟਰ ਚੰਡੀਗੜ੍ਹ ਦੇ ਮੰਚ ਉੱਤੇ ਵਧੇਰੇ ਕਰਕੇ ਹਿੰਦੀ ਜਾਂ ਅੰਗਰੇਜ਼ੀ ਦੇ ਨਾਟਕ ਪੇਸ਼ ਕਰਦਾ ਰਿਹਾ ਪਰ ਉਸ ਨੇ ਮੰਚ ਰਾਹੀਂ ਪੰਜਾਬੀ ਦੀ ਸੇਵਾ ਵੀ ਕੀਤੀ। ਉੱਚ ਪੱਧਰ ਦੀ ਪੇਸ਼ਕਾਰੀ ਦੂਜੀ ਭਾਸ਼ਾ ਦੇ ਥੀਏਟਰ ਉੱਤੇ ਪ੍ਰਭਾਵ ਪਾਉਂਦੀ ਹੈ। ਫੇਰ ਵੀ ਉਹ ਕਦੇ ਕਦਾਈਂ ਪੰਜਾਬੀ ਦੇ ਨਾਟਕ ਵੀ

ਪੇਸ਼ ਕਰਦਾ ਰਿਹਾ। 1947 ਈ. ਵਿਚ ਹੀ ਉਸ ਨੇ 'ਕਣਕ ਦੀ ਬੱਲੀ' ਅਤੇ 'ਮਿਰਜ਼ਾ ਸਾਹਿਬਾਂ' ਪੇਸ਼ ਕੀਤੇ। ਚੰਡੀਗੜ੍ਹ ਲਾਗੇ ਖੁੱਡਾ ਪਿੰਡ ਵਿਚ ਖੁੱਲ੍ਹੀ ਮੰਚ ਉੱਤੇ 'ਮਿਰਜ਼ਾ ਸਾਹਿਬਾ' ਖੇਡ ਕੇ ਉਸ ਨੇ ਪੰਜਾਬ ਵਿਚ ਇਕ ਨਵੀਂ ਪਿਰਤ ਪਾਈ।

ਪੰਜਾਬੀ ਯੂਨੀਵਰਸਿਟੀ ਤੋਂ ਨਾਟਕ ਵਿਭਾਗ ਦੇ ਵਧੇਰੇ ਆਸ਼ਾਵਾਂ ਹਨ। ਇਹ ਵਿਭਾਗ ਨਾਟਕ ਕਲਾ ਤੇ ਮੰਚ ਦੀ ਉਸਾਰੀ ਹਿੱਤ ਦੀ ਹੋਂਦ ਵਿਚ ਲਿਆਦਾ ਗਿਆ ਹੈ। ਪੰਜਾਬੀ ਯੂਨੀਵਰਸਿਟੀ ਨੇ ਨਵਾਂ ਉਤਸਾਹ ਜਨਕ ਕਦਮ ਪੁੱਟਿਆ ਅਤੇ ਬੀ.ਏ. ਦੀ ਪੱਧਰ ਤੱਕ ਨਾਟਕ ਕਲਾ ਨੂੰ ਇਕ ਮਜ਼ਮੂਨ ਦੇ ਤੌਰ 'ਤੇ ਪ੍ਰਵਾਨ ਕਰ ਲਿਆ। ਪੰਜਾਬੀ ਯੂਨੀਵਰਸਿਟੀ ਵਿਚ ਨਾਟਕ ਕਲਾ ਦੀ ਐਮ.ਏ. ਦੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ। ਪੰਜਾਬੀ ਯੂਨੀਵਰਸਿਟੀ ਨੇ ਥੀਏਟਰ ਨੂੰ ਲੋਕਪ੍ਰਿਯ ਬਣਾਉਣ ਲਈ ਨੋਰ੍ਹਾ ਰਿਚਰਡਜ਼ ਨਾਟਕ ਵਿਭਾਗ ਵੀ ਸਥਾਪਤ ਕੀਤਾ ਅਤੇ ਸਕੂਲਾਂ ਤੇ ਕਾਲਜਾਂ ਦੇ ਨਾਟਕ ਮੁਕਾਬਲੇ ਵੀ ਸ਼ੁਰੂ ਕਰਵਾਏ।

ਇਸ ਸਮੇਂ ਚੰਡੀਗੜ੍ਹ ਅਤੇ ਪੰਜਾਬ ਦੇ ਕੁੱਝ ਸ਼ਹਿਰਾਂ ਵਿਚ ਨਾਟਕ ਸੰਸਥਾਵਾਂ ਹੋਂਦ ਵਿਚ ਆਈਆਂ ਜਿਵੇਂ ਚੰਡੀਗੜ੍ਹ ਵਿਚ ਨੋਰ੍ਹਾ ਰਿਚਰਡਜ਼ ਰੰਗ-ਮੰਚ ਜਿਸ ਦੇ ਸੰਚਾਲਕ ਦਵਿੰਦਰ ਦਮਨ ਤੇ ਜਸਵੰਤ ਦਮਨ ਸਨ। ਚੰਡੀਗੜ੍ਹ ਵਿਚ ਐਚ.ਐਸ. ਦਿਲਗੀਰ ਆਪਣੇ ਪੰਜਾਬ ਕਲਾ ਦਰਪਣ ਰਾਹੀਂ ਪੰਜਾਬੀ ਮੰਚ ਲਈ ਯਤਨਸ਼ੀਲ ਰਿਹਾ। ਪਟਿਆਲੇ ਵਿਚ ਲੋਕ ਨਾਟਕ ਕੇਂਦਰ, ਇੰਟੀਮੇਟ ਥੀਏਟਰ ਗਰੁੱਪ, ਪ੍ਰਗਰੈਸਿਵ ਥੀਏਟਰ ਨੇ ਚੰਗਾ ਕੰਮ ਕੀਤਾ। ਬੰਬਈ ਵਿਚ ਬਲਰਾਜ ਸਾਹਨੀ ਤੋਂ ਬਾਅਦ ਉਸ ਦੀ ਸੁਪਤਨੀ ਸੰਤੋਸ਼ ਸਾਹਨੀ ਨੇ ਪੰਜਾਬੀ ਮੰਚ ਨੂੰ ਜੀਵਤ ਰੱਖਣ ਦਾ ਬੀੜਾ ਚੁੱਕਿਆ। 'ਅਰਸ਼ ਫਰਸ਼' ਤੋਂ ਬਾਅਦ ਉਸ ਥੀਏਟਰ ਗਰੁੱਪ ਨੇ 'ਲੂਣਾ', 'ਕਣਕ ਦੀ ਬੱਲੀ', 'ਕੱਲ੍ਹ ਅੱਜ ਤੇ ਭਲਕ' ਸਫ਼ਲਤਾ ਨਾਲ ਪੇਸ਼ ਕੀਤੇ।

ਕਿਹਾ ਜਾਂਦਾ ਹੈ ਕਿ ਪੰਜਾਬੀ ਮੰਚ ਦੀ ਆਸ ਦਿੱਲੀ ਵਿਚ ਦਿਨੋ ਦਿਨ ਪ੍ਰਚਲਿਤ ਹੋ ਰਹੇ ਪੰਜਾਬੀ ਨਾਟਕ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਰ.ਜੀ. ਆਨੰਦ, ਪ੍ਰੇਮ ਜਲੰਧਰੀ ਤੇ ਹੋਰ ਕਲਾਕਾਰਾਂ ਨੇ ਉਥੇ ਪੰਜਾਬੀ ਥੀਏਟਰ ਦੀ ਜ਼ੋਰਦਾਰ ਚਰਚਾ ਤੋਰੀ ਪਰ ਪੇਸ਼ ਕੀਤੇ ਜਾ ਰਹੇ ਨਾਟਕਾਂ ਦਾ ਪੱਧਰ ਬਹੁਤ ਨੀਵਾਂ ਸੀ ਜੋ ਨਾਟਕਾਂ ਦੇ ਨਾਵਾਂ ਤੋਂ ਹੀ ਪ੍ਰਗਟ ਹੁੰਦਾ ਹੈ ਜਿਵੇਂ 'ਕੁਆਰਾ ਮਾਮਾ', 'ਖੁਸਰੇ ਦਾ ਵਿਆਹ', 'ਸਾਲੀ ਅੱਧੀ ਘਰ ਵਾਲੀ', 'ਚੜ੍ਹੀ ਜਵਾਨੀ ਬੁੱਢੇ ਨੂੰ', 'ਛਮਕ ਛੱਲੋ', 'ਬੁੱਢੀ ਘੋੜੀ ਲਾਲ ਲਗਾਮ', 'ਹਲਵਾ ਸੂਜੀ ਦਾ ਚਸਕਾ ਦੂਜੀ ਦਾ' ਆਦਿ। ਪਰ ਇਕ ਗੱਲੋਂ ਬੜੀ ਤਸੱਲੀ ਹੋਈ ਕਿ ਦਿੱਲੀ ਵਿਚ ਹਜ਼ਾਰਾਂ ਪੰਜਾਬੀ ਦਰਸ਼ਕ ਪੈਦਾ ਹੋ ਗਏ। ਨਾਟਸ਼ਾਲਾ ਕਲੱਬ ਦਿੱਲੀ ਨੇ ਅਜਿਹੇ ਮਾਹੌਲ ਵਿਚ ਹੀ ਰਾਜਿੰਦਰ ਸਿੰਘ ਬੇਦੀ ਦੇ ਨਾਵਲ ਦਾ ਨਾਟਕੀ ਰੂਪਾਂਤਰ 'ਇਕ ਚਾਦਰ ਅੱਧੋਰਾਣੀ' ਪੇਸ਼ ਕੀਤਾ। ਚਰਨਦਾਸ ਸਿੱਧੂ ਨੇ 'ਸਪਰੂ ਹਾਊਸ ਥੀਏਟਰ' ਦੀ ਅਸ਼ਲੀਲ ਲਹਿਰ ਨੂੰ ਤੋੜਨ ਲਈ ਦਿੱਲੀ ਦੇ ਪੰਜਾਬੀ ਦਰਸ਼ਕਾਂ ਦਾ ਮੁੱਖ ਸਾਹਿਤਕ ਨਾਟਕਾਂ ਵੱਲ ਮੋੜਿਆ।

ਪਾਠ ਨੰ. : 2.6 -ਪ੍ਰੋ. ਬ੍ਰਹਮਜਗਦੀਸ਼ ਸਿੰਘ

## ਪੰਜਾਬੀ ਨਿਬੰਧ : ਆਰੰਭ ਤੇ ਵਿਕਾਸ

**ਭੂਮਿਕਾ**

ਇਸ ਪਾਠ ਵਿਚ ਪੰਜਾਬੀ ਨਿਬੰਧ ਦਾ ਇਕ ਇਤਿਹਾਸਕ ਅਤੇ ਵਿਸ਼ਲੇਸ਼ਣਾਤਮਕ ਸਰਵੇਖਣ ਕੀਤਾ ਗਿਆ ਹੈ। ਪੰਜਾਬੀ ਵਿਚ ਨਿਬੰਧ ਦੀ ਇਕ ਬੜੀ ਅਮੀਰ ਅਤੇ ਗੌਰਵਮਈ ਪਰੰਪਰਾ ਹੈ। ਨਿਬੰਧ ਵਾਰਤਕ ਵਿਚ ਲਿਖੀ ਉਸ ਸਾਹਿਤਿਕ ਰਚਨਾ ਨੂੰ ਕਹਿੰਦੇ ਹਨ ਜਿਸ ਵਿਚ ਲੇਖਕ ਕਿਸੇ ਨਿਸ਼ਚਿਤ ਵਿਸ਼ੇ ਬਾਰੇ ਆਪਣੇ ਸਹਿਜ-ਸੁਭਾਵਿਕ ਢੰਗ ਨਾਲ ਬਿਆਨ ਕਰਦਾ ਹੈ। ਨਿਬੰਧ ਦੀ ਪ੍ਰਕ੍ਰਿਤੀ ਇਕ 'ਗੀਤ' ਨਾਲ ਮਿਲਦੀ-ਜੁਲਦੀ ਹੁੰਦੀ ਹੈ। ਇਹ ਸੂਖਮ, ਸਰਲ ਅਤੇ ਦਲੀਲਮਈ ਹੁੰਦਾ ਹੈ। ਇਸ ਪਾਠ ਵਿਚ ਨਿਬੰਧ ਦੀ ਸਮੁੱਚੀ ਪਰੰਪਰਾ ਬਾਰੇ ਜਾਣਕਾਰੀ ਉਪਲਬਧ ਕਰਵਾਈ ਗਈ ਹੈ।

**ਰੂਪ-ਰੇਖਾ**

ਇਸ ਪਾਠ ਵਿਚ ਨਿਬੰਧ ਦੀ ਪਰੰਪਰਾ ਨੂੰ ਕੁਝ ਇਤਿਹਾਸਕ ਪੜਾਵਾਂ ਵਿਚ ਵੰਡ ਕੇ, ਇਸ ਬਾਰੇ ਵਿਸ਼ਲੇਸ਼ਣਾਤਮਕ ਜਾਣਕਾਰੀ ਦਿੱਤੀ ਗਈ ਹੈ। ਪੰਜਾਬੀ ਨਿਬੰਧ ਦਾ ਜਨਮ, ਆਧੁਨਿਕ ਵਾਰਤਕ ਦੇ ਆਰੰਭ ਸਮੇਂ ਹੀ ਹੋ ਗਿਆ ਸੀ। ਆਧੁਨਿਕ ਪੰਜਾਬੀ ਵਾਰਤਕ ਦੇ ਮੁਢਲੇ ਲੇਖਕਾਂ—ਲਾਲਾ ਬਿਹਾਰੀ ਲਾਲ ਪੁਰੀ, ਭਾਈ ਦਿੱਤ ਸਿੰਘ ਅਤੇ ਭਾਈ ਵੀਰ ਸਿੰਘ ਨੇ ਮੁਢਲੇ ਨਿਬੰਧ ਲਿਖੇ ਸਨ। ਇਸ ਤੋਂ ਪਿਛੋਂ ਪ੍ਰੋ. ਪੂਰਨ ਸਿੰਘ, ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਪ੍ਰਿੰਸੀਪਲ ਤੇਜਾ ਸਿੰਘ ਵਰਗੇ ਨਿਬੰਧਕਾਰਾਂ ਨੇ ਇਸ ਪਰੰਪਰਾ ਨੂੰ ਵਿਆਪਕ ਆਧਾਰ ਪ੍ਰਦਾਨ ਕੀਤਾ। ਇਸ ਤੋਂ ਉਪਰੰਤ ਤੀਜੀ ਅਤੇ ਚੌਥੀ ਪੀੜ੍ਹੀ ਦੇ ਨਿਬੰਧਕਾਰਾਂ ਬਾਰੇ ਵੀ ਇਤਿਹਾਸਕ ਜਾਣਕਾਰੀ ਉਪਲਬਧ ਕਰਵਾਈ ਗਈ ਹੈ।

**ਮੰਤਵ**

ਇਸ ਪਾਠ ਦਾ ਮੰਤਵ ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਇਕ ਮਹੱਤਵਪੂਰਣ ਰੂਪਾਕਾਰ, ਨਿਬੰਧ ਬਾਰੇ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਨਾ ਹੈ। ਨਿਬੰਧ ਦੀ ਪਰੰਪਰਾ ਪਿਛਲੇ ਡੇਢ ਸੌ ਵਰ੍ਹੇ ਦੇ ਅਰਸੇ ਵਿਚ ਫੈਲੀ ਹੋਈ ਹੈ। ਇਸ ਸਮੇਂ ਦੌਰਾਨ ਹੋਏ ਸਾਰੇ ਨਿਬੰਧਕਾਰਾਂ ਨੂੰ ਕਾਲ-ਕ੍ਰਮ ਅਨੁਸਾਰ ਤਰਤੀਬ ਦਿੱਤੀ ਗਈ ਹੈ ਅਤੇ ਵੱਖ-ਵੱਖ ਨਿਬੰਧਕਾਰਾਂ ਦੀਆਂ ਪ੍ਰਸਿੱਧ ਰਚਨਾਵਾਂ ਬਾਰੇ ਪਰਿਚਯ ਕਰਵਾਇਆ ਗਿਆ ਹੈ। ਸਾਡਾ ਮੰਤਵ ਹੈ ਕਿ ਐਮ.ਏ. (ਪੰਜਾਬੀ ਸਾਹਿਤ) ਦੇ ਵਿਦਿਆਰਥੀ ਪੰਜਾਬੀ ਨਿਬੰਧ ਦੀ ਪਰੰਪਰਾ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਕਰ ਲੈਣ ਤਾਂ ਜੋ ਇਸ ਵਿਸ਼ੇ ਬਾਰੇ ਉਨ੍ਹਾਂ ਨੂੰ ਪ੍ਰਮਾਣਿਕ ਸਹੀ ਵੇਰਵੇ ਪ੍ਰਾਪਤ ਹੋ ਜਾਣ।

**ਪੰਜਾਬੀ ਨਿਬੰਧ : ਆਰੰਭ ਤੇ ਵਿਕਾਸ**

ਨਿਬੰਧ (ਨਿ+ਬੰਧ) ਦਾ ਵਿਉੱਤਪਤੀਜਨਕ ਅਰਥ ਹੈ, ਚੰਗੀ ਤਰ੍ਹਾਂ ਬੰਨ੍ਹ-ਸੰਵਾਰ ਕੇ ਪੇਸ਼ ਕੀਤੀ ਗਈ ਰਚਨਾ ਇਸ ਤਰ੍ਹਾਂ ਨਿਬੰਧ ਰਚਨਾ ਵਿਚ ਇਕ ਨਿਬੰਧਕਾਰ, ਕਿਸੇ ਨਿਸ਼ਚਿਤ ਵਿਸ਼ੇ ਬਾਰੇ ਆਪਣੇ ਵਿਚਾਰ, ਸੁਗਠਿਤ ਵਿਧੀ ਦੁਆਰਾ ਪੇਸ਼ ਕਰਦਾ ਹੈ। 'ਨਿਬੰਧ' ਅੰਗ੍ਰੇਜ਼ੀ ਸ਼ਬਦ 'ਐੱਸੇ' (Essay) ਦਾ ਪਰਿਆਇਵਾਚੀ ਹੈ। ਪਰ ਇਸ 'ਐੱਸੇ ਦੀ ਪਰਿਭਾਸ਼ਾ ਕੁਝ ਇਸ ਤਰ੍ਹਾਂ ਦਿੱਤੀ ਗਈ ਹੈ ਕਿ ਇਸ ਵਿਚ ਵਿਚਾਰਾਂ ਦਾ ਪ੍ਰਵਾਹ ਮਨ ਦੀ ਢਿੱਲੀ ਜਿਹੀ ਸਥਿਤੀ ਦੁਆਰਾ ਕੀਤਾ ਜਾਂਦਾ ਹੈ। ਇਸ ਪ੍ਰਸੰਗ ਵਿਚ ਅੰਗ੍ਰੇਜ਼ੀ ਸ਼ਬਦ 'ਆਰਟੀਕਲ' (article) ਲੇਖਕ ਪਾਸੋਂ ਇਕ ਵਿਸ਼ੇਸ਼ ਪ੍ਰਕਾਰ ਦੇ ਅਨੁਸ਼ਾਸਨ ਦੀ ਮੰਗ ਕਰਦਾ ਹੈ ਕਿਉਂਕਿ 'ਆਰਟੀਕਲ' ਦੀ ਰਚਨਾ ਵਾਸਤੇ ਇਧਰੋਂ-ਉਧਰੋਂ ਬਹੁਤ ਸਾਰੀ ਸਾਮਗਰੀ ਇਕੱਤਰ ਕਰਨੀ ਪੈਂਦੀ ਹੈ। ਮੁਢਲੇ ਲੇਖਕਾਂ ਨੇ 'ਨਿਬੰਧ' ਸ਼ਬਦ ਦਾ ਬਜਾਇ 'ਲੇਖ' ਸ਼ਬਦ ਦੀ ਵਰਤੋਂ ਕੀਤੀ ਜਿਵੇਂ ਪ੍ਰੋ. ਪੂਰਨ ਸਿੰਘ ਦੇ 'ਖੁੱਲ੍ਹੇ ਲੇਖ', ਪ੍ਰਿੰਸੀਪਲ ਤੇਜਾ ਸਿੰਘ ਦੇ 'ਗੁਸਲਖਾਨਾ ਤੇ ਹੋਰ ਲੇਖ' ਆਦਿਕ। 'ਨਿਬੰਧ' ਸ਼ਬਦ ਦਾ ਪ੍ਰਯੋਗ ਬਹੁਤ ਪੁਰਾਣਾ ਨਹੀਂ ਹੈ ਅਤੇ ਇਸ ਨੂੰ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਨੇ ਹੀ ਪ੍ਰਚਲਿਤ ਕੀਤਾ। ਪੰਜਾਬੀ ਵਿਚ 'ਨਿਬੰਧ' ਅਤੇ 'ਲੇਖ' ਵਿਚਲੀਆਂ ਰੂਪਾਕਾਰਕ ਵਿਲੱਖਣਤਾਵਾਂ ਨੂੰ ਨਖੇੜਨ/ਪਹਿਚਾਨਣ ਦੀ ਜ਼ਰੂਰਤ ਨਹੀਂ ਸਮਝੀ ਗਈ ਜਿਸ ਕਾਰਨ ਇਹ ਦੋਵੇਂ ਸ਼ਬਦ ਸਮਾਨਾਰਥੀ ਰੂਪ ਵਿਚ ਵਰਤੇ ਜਾ ਰਹੇ ਹਨ।

ਆਧੁਨਿਕ ਪੰਜਾਬੀ ਵਾਰਤਕ ਦਾ ਆਰੰਭ ਪੰਜਾਬ ਵਿਚ ਅੰਗਰੇਜ਼ਾਂ ਦੇ ਆਗਮਨ ਤੋਂ ਬਾਅਦ ਹੀ ਹੋਇਆ। ਆਧੁਨਿਕ ਵਾਰਤਕ ਦੇ ਆਰੰਭ ਹੋਣ ਸਮੇਂ ਤਕ ਪੰਜਾਬ ਵਿਚ ਪ੍ਰਿੰਟਿੰਗ ਪ੍ਰੈਸ ਲਗ ਚੁੱਕੇ ਸਨ, ਅਖ਼ਬਾਰਾਂ ਨਿਕਲਣੀਆਂ ਸ਼ੁਰੂ ਹੋ ਗਈਆਂ ਸਨ ਅਤੇ ਪ੍ਰਕਾਸ਼ਿਤ ਪੁਸਤਕਾਂ ਆਮ ਹੋ ਗਈਆਂ ਸਨ। 1879 ਈ. ਵਿਚ ਸਿੰਘ ਸਭਾ ਲਾਹੌਰ ਅਤੇ 1880 ਈ. ਵਿਚ ਸਿੰਘ ਸਭਾ ਅੰਮ੍ਰਿਤਸਰ ਹੋਂਦ ਵਿਚ ਆਈਆਂ। 'ਗੁਰਮੁਖੀ', (1880) 'ਖਾਲਸਾ ਗਜ਼ਟ' (1885) ਖ਼ਾਲਸਾ ਅਖ਼ਬਾਰ (1886) ਅਤੇ 'ਖ਼ਾਲਸਾ ਸਮਾਚਾਰ' (1899) ਵਰਗੇ ਸਮਾਚਾਰ-ਪੱਤਰ ਪ੍ਰਕਾਸ਼ਿਤ ਹੋਣ ਲੱਗੇ ਸਨ ਅਤੇ ਇਨ੍ਹਾਂ ਸਮਾਚਾਰ-ਪੱਤਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਾਸਤੇ ਲੇਖ ਲਿਖੇ ਜਾਣੇ ਸ਼ੁਰੂ ਹੋ ਗਏ। ਇਨ੍ਹਾਂ ਹੀ ਦਿਨਾਂ ਵਿਚ ਪੰਡਿਤ ਸ਼ਰਧਾ ਰਾਮ ਫਿਲੌਰੀ (1807-81) ਦੀਆਂ ਦੋ ਵਾਰਤਕ ਪੁਸਤਕਾਂ 'ਸਿੱਖਾਂ ਦੇ ਰਾਜ ਦੀ ਵਿਥਿਆ' (1866) ਅਤੇ 'ਪੰਜਾਬੀ ਬਾਤ ਚੀਤ' (1875) ਪ੍ਰਕਾਸ਼ਿਤ ਹੋ ਚੁੱਕੀਆਂ ਸਨ। ਇਨ੍ਹਾਂ ਪੁਸਤਕਾਂ ਵਿਚ ਸੰਕਲਿਤ ਵਾਰਤਕ-ਵੰਨਗੀਆਂ ਪੰਜਾਬੀ ਨਿਬੰਧ ਦੇ ਮੁੱਢਲੇ ਰੂਪ ਹਨ। ਇਸ ਸਮੇਂ ਲਾਲਾ ਬਿਹਾਰੀ ਲਾਲ ਪੁਰੀ (1830-1885) ਨੇ ਪੰਜਾਬ ਟੈਕਸਟ ਬੁਕ ਕਮੇਟੀ ਦੀ ਯੋਜਨਾ ਅਧੀਨ ਦੇ ਵਿਦਿਆਰਥੀਆਂ ਲਈ ਕਈ ਲੇਖ ਸੰਗ੍ਰਹਿ ਪ੍ਰਕਾਸ਼ਿਤ ਕਰਵਾਏ, ਜਿਨ੍ਹਾਂ ਵਿਚੋਂ 'ਵਿਦਿਆ ਰਤਨਾਕਰ', 'ਗਿਆਨ ਮਾਲਾ', 'ਅਨੇਕ ਦਰਸ਼ਨ' ਅਤੇ 'ਵਿਚਾਰ ਕੁੰਡਲੀ' ਆਦਿਕ ਰਚਨਾਵਾਂ ਉੱਲੇਖਯੋਗ ਹਨ। ਇਸ ਤਰ੍ਹਾਂ ਲਾਲਾ ਬਿਹਾਰੀ ਲਾਲ ਪੁਰੀ ਨੂੰ ਪੰਜਾਬੀ ਦਾ ਪਹਿਲਾ ਨਿਬੰਧਕਾਰ ਘੋਸ਼ਿਤ ਕੀਤਾ ਜਾ ਸਕਦਾ ਹੈ।

**ਪੰਜਾਬੀ ਨਿਬੰਧ ਪਰੰਪਰਾ ਦਾ ਆਰੰਭ**

ਸਿੰਘ ਸਭਾ ਲਹਿਰ ਦਾ ਮੁੱਖ ਪਰਵਕਤਾ ਗਿਆਨੀ ਦਿੱਤ ਸਿੰਘ (1853-1901) ਵੀ ਨਿਬੰਧ ਦੇ ਮਾਧਿਅਮ ਦੁਆਰਾ ਆਪਣੇ ਵਿਚਾਰਾਂ ਦਾ ਇਜ਼ਹਾਰ ਕਰਦਾ ਰਿਹਾ। ਉਸਨੇ ਪੰਜਾਬੀ ਵਿਚ ਲਗਭਗ ਤੀਹ ਪੁਸਤਕਾਂ ਦੀ ਰਚਨਾ ਕੀਤੀ ਅਤੇ ਇਨ੍ਹਾਂ ਪੁਸਤਕਾਂ ਦੁਆਰਾ ਸਿੱਖ-ਸਿਧਾਂਤਾਂ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਡਾ. ਚਰਨ ਸਿੰਘ (1853-1908) ਇਸ ਕਾਲ ਦਾ ਇਕ ਹੋਰ ਵਾਰਤਾਕਾਰ ਹੈ। ਉਸ ਦੇ ਬਹੁਤੇ ਲੇਖ ਟ੍ਰੈਕਟਾਂ ਦੀ ਸ਼ਕਲ ਵਿਚ ਪ੍ਰਕਾਸ਼ਿਤ ਹੋਏ। 'ਮਹਾਰਾਣੀ ਸ਼ਰਾਬ ਕੌਰ', 'ਜੰਗ ਮੜੌਲੀ' ਅਤੇ 'ਗੁਰਮਤਿ ਸੰਗੀਤ ਨਿਰਣੈ' ਉਸ ਦੀਆਂ ਕੁੱਝ ਪ੍ਰਮੁੱਖ ਰਚਨਾਵਾਂ ਹਨ। 'ਸ੍ਰੀ ਚਰਨ ਹਰਿ ਵਿਸਥਾਰ' ਵਿਚ ਲੇਖਕ ਦੀਆਂ ਬਹੁਤ ਸਾਰੀਆਂ ਰਚਨਾਵਾਂ ਇਕੱਤਰ ਕੀਤੀਆਂ ਗਈਆਂ ਹਨ। ਭਾਈ ਵੀਰ ਸਿੰਘ ਦੇ ਕਈ ਲੇਖ 'ਟ੍ਰੈਕਟਾਂ' ਦੀ ਸੂਰਤ ਵਿਚ ਪ੍ਰਕਾਸ਼ਿਤ ਹੁੰਦੇ ਰਹੇ ਜੋ ਬਾਅਦ ਵਿਚ ਸੁਤੰਤਰ ਪੁਸਤਕਾਂ ਦੇ ਰੂਪ ਵਿਚ ਸਾਹਮਣੇ ਆਏ ਜਿਵੇਂ : **'ਗੁਰੂ ਨਾਨਕ ਚਮਤਕਾਰ'** ਅਤੇ **'ਕਲਗੀਧਰ ਚਮਤਕਾਰ'** ਇਤਿਆਦਿ। ਬਾਵਾ ਪ੍ਰੇਮ ਸਿੰਘ ਹੋਤੀ ਨੇ ਭਾਈ ਸਾਹਿਬ ਦੁਆਰਾ ਲੇਖਾਂ ਦੀ ਗਿਣਤੀ 720 ਦੱਸੀ ਹੈ ਜਿਨ੍ਹਾਂ ਦਾ ਮੁੱਖ ਉਦੇਸ਼ ਗੁਰਮਤਿ ਵਿਚਾਰਧਾਰਾ ਨੂੰ ਸੁਦ੍ਰਿੜ ਕਰਵਾਉਣਾ ਹੈ। ਭਾਈ ਵੀਰ ਸਿੰਘ ਦੀ ਗੱਦ-ਸ਼ੈਲੀ ਅਤਿਅੰਤ ਪਰਿਪੱਕ ਹੈ। ਆਪ ਪਾਠਕਾਂ ਨੂੰ ਸਤਿਕਾਰਯੁਕਤ ਢੰਗ ਨਾਲ ਸੰਬੋਧਨ ਕਰਦੇ ਹਨ। ਇਕ ਸ਼੍ਰੇਸ਼ਠ ਕਵੀ ਹੋਣ ਦੀ ਸੂਰਤ ਵਿਚ ਆਪਣੇ ਨਿਬੰਧਾਂ ਵਿਚ ਵੀ ਕਾਵਿਕਤਾ ਝਲਕਦੀ ਹੈ। ਕਲਪਨਾ ਦੀ ਉੱਚ-ਉਡਾਰੀ, ਸੰਵਾਰੀ ਤੇ ਮੰਜੀ ਹੋਈ ਭਾਸ਼ਾ, ਪ੍ਰਸ਼ਨਵਾਚਕ ਉਕਤੀਆਂ ਅਤੇ ਭਾਵਾਂ ਦਾ ਸਵਛੰਦ ਸੰਚਾਰ ਆਪਦੀ ਨਿਬੰਧ ਕਲਾ ਦੇ ਕੁਝ ਹੋਰ ਮਿਆਰੀ ਗੁਣ ਹਨ। ਆਪ ਦੀ ਗੱਦ-ਸ਼ੈਲੀ ਦਾ ਇਕ ਦ੍ਰਿਸ਼ਟਾਂਤ ਦੇਖੋ :

> ਕਿੱਕਰ ਦੇ ਬੀਜ ਨੂੰ ਕੰਡੇ ਨਹੀਂ ਹੁੰਦੇ, ਪਰ ਜਦ ਬੀਜ ਦਿਉ ਬੂਟਾ ਉੱਗ ਪਵੇ, ਤਾਂ
> ਕੰਡੇ ਸੂਲਾਂ ਆਪੇ ਨਿਕਲ ਪੈਂਦੇ ਹਨ। ਅਧਰਮ ਦਾ ਕੱਠਾ ਕੀਤਾ ਪੈਸਾ, ਉਸ ਤੋਂ ਬਣੇ
> ਪਦਾਰਥ ਕਿਵੇਂ ਭੀ ਦੁਖਦਾਈ ਨਹੀਂ ਭਾਸਦੇ, ਪਰ ਜਦ ਨਿਰਮਲ ਹਿਰਦਿਆਂ ਵਾਲੇ ਖਾਂਦੇ
> ਹਨ ਤਾਂ ਪੀੜਤ ਹੁੰਦੇ ਹਨ, ਧਿਆਨ ਉਖੜਦਾ ਹੈ, ਸਿਮਰਨ ਹਿਰਦੇ ਤੋਂ ਭੱਜਾ ਖੜੋਂਦਾ ਹੈ।
> ਰਸ ਗੁੰਮ ਹੋ ਜਾਂਦਾ ਹੈ। ਕਿਸ ਦਾ ਜੀ ਕਰਦਾ ਹੈ ਕਿ ਮਾਲ੍ਹ ਪੂੜੇ ਤੇ ਖੀਰ ਨਾ ਖਾਵੇ ਤੇ ਕੋਧਰਾ ਖਾਵੇ?
>
> (ਮਲਕ ਭਾਗੋ-ਭਾਈ ਲਾਲੋ)

ਸਿੱਖ ਧਰਮ ਦੀ ਸੰਕਲਪ ਵਿਆਖਿਆ ਅਤੇ ਗੁਰਮਤਿ ਆਸ਼ੇ ਨਾਲ ਸੰਬੰਧਿਤ ਲੇਖ ਲਿਖਣ ਵਿਚ ਪ੍ਰਿ. ਸਾਹਿਬ ਸਿੰਘ ਦੀ ਦੇਣ ਵੀ ਅਤਿਅੰਤ ਮਹੱਤਵਪੂਰਣ ਹੈ। ਪ੍ਰਿੰਸੀਪਲ ਸਾਹਿਬ ਸਿੰਘ (1892-1977) ਨੇ ਸਿੱਖ ਧਰਮ, ਗੁਰਬਾਣੀ ਅਤੇ ਗੁਰ-ਇਤਿਹਾਸ ਬਾਰੇ ਪਏ ਕੁਝ ਭੁਲੇਖਿਆਂ ਦਾ ਨਿਵਾਰਨ ਵਿਸ਼ਲੇਸ਼ਣਾਤਮਕ ਵਿਧੀ ਦੁਆਰਾ ਕੀਤਾ ਹੈ। 'ਧਾਰਮਿਕ ਲੇਖ' (1946), 'ਗੁਰਬਾਣੀ ਅਤੇ ਇਤਿਹਾਸ ਬਾਰੇ', 'ਗੁਰਮਤਿ ਪ੍ਰਕਾਸ਼' (1947) ਅਤੇ 'ਸਰਬਤ ਦਾ ਭਲਾ' (1951) ਉਸ ਦੇ ਕੁਝ ਪ੍ਰਸਿੱਧ ਲੇਖ-ਸੰਗ੍ਰਹਿ ਹਨ। ਭਾਈ ਮੋਹਨ ਸਿੰਘ ਵੈਦ (1888-1938) ਨੇ ਅੰਗ੍ਰੇਜ਼ੀ ਦੇ ਪ੍ਰਸਿੱਧ ਨਿਬੰਧਕਾਰ ਬੇਕਨ ਦੇ ਕੁਝ ਪ੍ਰਸਿੱਧ ਨਿਬੰਧਾਂ ਦਾ ਅਨੁਵਾਦ ਪੰਜਾਬੀ ਵਿਚ ਕੀਤਾ।

**ਪਹਿਲੀ ਪੀੜ੍ਹੀ ਦੇ ਨਿਬੰਧਕਾਰ**

ਪੰਜਾਬੀ ਵਿਚ ਸਾਹਿਤਿਕ ਅਤੇ ਪ੍ਰਮਾਣਿਕ ਨਿਬੰਧ ਲਿਖਣ ਦੀ ਪਰੰਪਰਾ ਪ੍ਰੋ. ਪੂਰਨ ਸਿੰਘ (1881–1931) ਨੇ ਸ਼ੁਰੂ ਕੀਤੀ। ਉਸ ਨੂੰ ਨਾ ਕੇਵਲ ਪੰਜਾਬੀ ਦਾ ਬਲਕਿ ਹਿੰਦੀ ਦਾ ਮੋਢੀ ਨਿਬੰਧਕਾਰ ਮੰਨਿਆ ਜਾਂਦਾ ਹੈ। ਉਸਨੇ ਐਮਰਸਨ ਅਤੇ ਕਾਰਲਾਈਲ ਵਰਗੇ ਪ੍ਰਸਿੱਧ ਨਿਬੰਧਕਾਰਾਂ ਦਾ ਪੰਜਾਬੀ ਵਿਚ ਉਸਦਾ ਕੇਵਲ ਇਕ ਹੀ ਮੌਲਿਕ ਨਿਬੰਧ 'ਖੁੱਲ੍ਹੇ ਲੇਖ' (1923) ਸੰਗ੍ਰਹਿ ਪ੍ਰਕਾਸ਼ਿਤ ਹੋਇਆ ਪਰੰਤੂ ਸਾਹਿਤਿਕ ਦ੍ਰਿਸ਼ਟੀ ਤੋਂ ਇਹ ਨਿਬੰਧ ਬਹੁਤ ਮਹੱਤਵਪੂਰਨ ਮੰਨੇ ਜਾਂਦੇ ਹਨ। 'ਖੁੱਲ੍ਹੇ ਲੇਖ' ਵਿਚ ਉਸਦੇ 13 ਨਿਬੰਧ ਸੰਕਲਿਤ ਹਨ ਜਿਨ੍ਹਾਂ ਵਿਚੋਂ **'ਵਤਨ ਦਾ ਪਿਆਰ'**, **'ਕਵਿਤਾ'**, **'ਕਵੀ ਦਾ ਦਿਲ'** ਅਤੇ **'ਮਜ਼੍ਹਬ'** ਆਦਿਕ ਕਾਫ਼ੀ ਪ੍ਰਸਿੱਧ ਹਨ। ਉਸ ਦਾ ਅਨੁਭਵ ਬਹੁਤ ਵਿਸ਼ਾਲ ਹੈ। ਪੰਜਾਬੀ ਵਿਚ ਉਸਨੇ ਪਹਿਲੀ ਵਾਰ ਕਲਾ ਦੀ ਰਚਨਾ-ਪ੍ਰਕ੍ਰਿਆ ਬਾਰੇ ਕਾਵਿ-ਸ਼ਾਸਤਰੀ ਨਿਬੰਧਾਂ ਦੀ ਰਚਨਾ ਵੀ ਕੀਤੀ। ਉਸ ਦੀ ਨਿਬੰਧ-ਸ਼ੈਲੀ ਵਿਚ ਕਾਵਿਕਤਾ, ਸੰਭਾਸ਼ਣਤਾ ਅਤੇ ਭਾਵਾਂ ਦੀ ਤੀਬਰਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਉਹ ਲੰਮੇ ਅਤੇ ਜਟਿਲ ਕਿਸਮ ਦੇ ਵਾਕਾਂ ਦੁਆਰਾ ਆਪਣੇ ਨਿਬੰਧਾਂ ਨੂੰ ਉਸਾਰਦਾ ਹੈ। ਸਰਲਤਾ ਅਤੇ ਸਪੱਸ਼ਟਤਾ ਵਾਲੇ ਆਮ ਗੁਣ ਉਸ ਦੇ ਨਿਬੰਧਾਂ ਵਿਚ ਦ੍ਰਿਸ਼ਟੀਗੋਚਰ ਨਹੀਂ ਹੁੰਦੇ। ਉਸਦੀ ਗੱਦ-ਸ਼ੈਲੀ ਦਾ ਇਕ ਪ੍ਰਮਾਣ ਵੇਖੋ :

> ਪਿਆਰ ਦੀ ਮਿੱਤਰਤਾ ਤੇ ਹੋਰ ਦੈਵੀ ਗੁਣਾਂ ਨੂੰ ਆਪਣੇ ਵਿਚ ਆਵੇਸ਼ ਰੂਪ ਵਿਚ ਪੜੱਛਣ ਲਈ ਤੇ ਫਿਰ ਆਪਣੇ ਅੰਦਰ ਧਾਰਨ ਕਰਨ ਲਈ ਤੇ ਮੁੜ ਉਨ੍ਹਾਂ ਨੂੰ ਅੰਦਰੋਂ ਬਾਹਰ ਇਕ ਮਾਲਤੀ ਦੇ ਫੁੱਲ ਵਾਂਗ ਸੁਗੰਧੀ ਖਲੇਰਨ ਲਈ, ਆਦਮੀ ਨੂੰ ਕਦੀ, ਨਿਕੰਮਾ ਨਹੀਂ ਰਹਿਣਾ ਚਾਹੀਦਾ। ਜਿਸ ਦੇ ਹੱਥ ਵਿਚ ਕਿਰਤ ਨਹੀਂ, ਉਹ ਨਿਕੰਮਾ ਆਦਮੀ ਹੈ, ਔਰ ਉਹ ਕਦੀ ਉੱਚ ਜੀਵਨ ਦੇ ਮਰਮਾਂ ਨੂੰ ਅਨੁਭਵ ਨਹੀਂ ਕਰ ਸਕਦਾ।

(ਕਿਰਤ)

ਪੰਜਾਬੀ ਨਿਬੰਧ ਦੇ ਮੁਢਲੇ ਲੇਖਕਾਂ ਵਿਚ ਐਸ.ਐਸ. ਚਰਨ ਸਿੰਘ ਸ਼ਹੀਦ (1881–1935) ਦਾ ਵੀ ਵਿਸ਼ੇਸ਼ ਮੁਕਾਮ ਹੈ। ਉਹ ਇਕ ਪੱਤਰਕਾਰ ਸੀ ਅਤੇ ਸਾਰੀ ਉਮਰ ਉਸਨੇ ਵੱਖ-ਵੱਖ ਅਖ਼ਬਾਰਾਂ, ਜਿਵੇਂ **'ਖ਼ਾਲਸਾ ਸਮਾਚਾਰ'**, **'ਬੀਰ'**, **'ਸ਼ਹੀਦ'**, **'ਮੌਜੀ'** ਆਦਿਕ ਦੀ ਸੰਪਾਦਕੀ ਕੀਤੀ ਪਰੰਤੂ ਉਹ ਇਕ ਸਿਰਜਣਾਤਮਕ ਲੇਖਕ ਵੀ ਸੀ। 'ਜਗਤ ਤਮਾਸ਼ਾ' (1927) ਅਤੇ 'ਸੁਆਦ ਦੇ ਟੋਕਰੇ' (1935) ਉਸ ਦੇ ਕੁਝ ਪ੍ਰਮੁਖ ਲੇਖ ਸੰਗ੍ਰਹਿ ਹਨ। ਨਾਟਕੀਅਤ ਵਿਅੰਗ ਅਤੇ ਮਸ਼ਕਰੀ ਉਸ ਦੀ ਗੱਦ ਸ਼ੈਲੀ ਦੇ ਕੁਝ ਇਕ ਪ੍ਰਮੁਖ ਲੱਛਣ ਹਨ। ਉਸਨੇ ਇਕ ਕਲਪਿਤ ਪਾਤਰ 'ਬਾਬਾ ਵਰਿਆਮ' ਨੂੰ ਆਧਾਰ ਬਣਾ ਕੇ ਸਮਾਜਿਕ ਬੁਰਾਈਆਂ ਦੇ ਵਿਰੁੱਧ ਇਕ ਜ਼ਬਰਦਸਤ ਅੰਦੋਲਨ ਛੇੜੀ ਰੱਖਿਆ ਸੀ। ਇਸੇ ਕਾਲ ਦਾ ਇਕ ਹੋਰ ਪ੍ਰਮੁਖ ਲੇਖਕ ਡਾ. ਭਾਈ ਜੋਧ ਸਿੰਘ (1882–1981) ਹੈ। ਉਸ ਨੇ ਗੁਰਬਾਣੀ ਅਤੇ ਸਿੱਖ ਧਰਮ ਦੇ ਸੰਕਲਪਾਂ ਬਾਰੇ ਧਾਰਮਿਕ ਲੇਖਾਂ ਦੀ ਰਚਨਾ ਕੀਤੀ। 'ਗੁਰਮਤਿ ਨਿਰਣੈ' ਅਤੇ 'ਪ੍ਰਾਚੀਨ ਬੀੜਾਂ ਬਾਰੇ' ਉਸ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਹਨ। ਉਹ ਇਕ ਵਿਦਵਾਨ ਲੇਖਕ ਸੀ ਅਤੇ ਆਪਣੇ ਵਿਚਾਰਾਂ ਨੂੰ ਸਪੱਸ਼ਟ ਸਰਲ ਤੇ ਸੂਤਰਬੱਧ ਢੰਗ ਨਾਲ ਪੇਸ਼ ਕਰਦਾ ਸੀ। ਦਾਰਸ਼ਨਿਕ ਵੰਨਗੀ ਦੇ ਨਿਬੰਧ ਲਿਖਣ ਵਾਲਾ ਇਕ ਹੋਰ ਲੇਖਕ ਸ. ਲਾਲ ਸਿੰਘ ਕਮਲਾ ਅਕਾਲੀ (1889–1975) ਸੀ। ਉਸ ਨੇ 'ਕਮਲਾ ਅਕਾਲੀ' ਸ਼ੀਰਸ਼ਕ ਅਧੀਨ ਇਕ ਰਚਨਾ ਲਿਖੀ ਸੀ ਪਰੰਤੂ ਬਾਅਦ ਵਿਚ ਉਸ ਦੀ ਪਹਿਚਾਣ ਦੱਸਣ ਵਾਸਤੇ ਇਹ ਉਪਨਾਮ ਸਦਾ ਲਈ ਉਸਦੇ ਨਾਲ ਜੁੜ ਗਿਆ ਅਤੇ ਉਸਦੀ ਵਡਿਆਈ ਦੇਖੋ ਕਿ ਉਸ ਨੇ ਆਪ ਵੀ ਇਸ ਉਪਨਾਮ ਨੂੰ ਅਪਣਾ ਲਿਆ। ਭਾਵੇਂ ਉਸਦੀ ਵਧੇਰੇ ਪ੍ਰਸਿੱਧੀ ਮੇਰਾ 'ਵਲਾਇਤੀ ਸਫ਼ਰਨਾਮਾ' ਦੇ ਕਾਰਨ ਹੋਈ ਹੈ ਪਰ ਉਸ ਨੇ 'ਮੌਤ ਰਾਣੀ ਦਾ ਘੁੰਡ', 'ਜੀਵਨ ਨੀਤੀ' ਅਤੇ 'ਮਨ ਦੀ ਮੌਜ' ਵਰਗੇ ਕੁਝ ਪ੍ਰਸਿੱਧ ਨਿਬੰਧ ਸੰਗ੍ਰਹਿ ਵੀ ਪੰਜਾਬੀ ਜਗਤ ਨੂੰ ਦਿੱਤੇ ਹਨ। ਉਹ ਛੋਟੇ-ਛੋਟੇ ਵਾਕਾਂ, ਵਿਅੰਗਾਤਮਕ ਟਿੱਪਣੀਆਂ ਅਤੇ ਢੁਕਵੇਂ ਮੁਹਾਵਰੇ-ਅਖੌਤਾਂ ਦੁਆਰਾ ਆਪਣੇ ਨਿਬੰਧਾਂ ਦੀ ਰਚਨਾ ਕਰਦਾ ਹੈ। ਦੇਖੋ :

> ਮਨ ਦੇ ਖੋਜੀ ਨੂੰ ਮਨ ਵਿਚ ਹੀ ਸਾਰੀਆਂ ਦੌਲਤਾਂ ਹਨ, ਮਨ ਵਿਚ ਹੀ ਬਿਸਰਾਮ ਹੈ, ਮਨ ਵਿਚ ਹੀ ਨਰਕ ਸੁਰਗ ਹਨ। ਬਾਹਰੋਂ ਉਸ ਨੂੰ ਨਾ ਕਿਸੇ ਚੀਜ਼ ਦੀ ਲੋੜ ਹੈ, ਨਾ ਕਿਸੇ ਨਾਲ ਪਿਆਰ, ਨਾ ਡਰ, ਨਾ ਭੈ। ਮਨ ਦੀ ਮੌਜ ਹੀ ਉਸ ਦੀ ਵੱਡੀ ਮੌਜ ਹੈ, ਜਿਸ ਰੰਗ ਵਿਚ ਮਨ ਬਾਹਰ ਦੀਆਂ ਚੀਜ਼ਾਂ ਨੂੰ ਰੰਗਣਾ ਚਾਹੇ, ਉਹੀ ਰੰਗ ਚੜ੍ਹ ਜਾਂਦਾ ਹੈ। ਸਰੀਰ ਦੇ ਵੱਡੇ ਤੋਂ ਵੱਡੇ ਦੁੱਖ ਨੂੰ ਮਨ ਝੱਲ ਹੀ ਨਹੀਂ ਲੈਂਦਾ, ਸਗੋਂ ਜਦੋਂ ਸਰੀਰ ਕਸ਼ਟ ਝੱਲ ਰਿਹਾ

ਹੁੰਦਾ ਹੈ, ਮਨ ਉਸ ਵਿਚੋਂ ਆਪਣੀ ਮੌਜ ਨਾਲ ਸੁਖ ਲੈ ਰਿਹਾ ਹੁੰਦਾ ਹੈ। ਆਸ਼ਕ ਕਿਉਂ ਸੂਲੀ ਉਤੇ ਚੜ੍ਹਨ ਨੂੰ ਤਿਆਰ ਰਹਿੰਦਾ ਹੈ ? ਕਿਉਂਕਿ ਸਰੀਰ ਨੂੰ ਸੂਲੀ ਦਾ ਦੁੱਖ ਕੁਛ ਚੀਜ਼ ਨਹੀਂ ਉਸ ਅਨੰਦ ਦੇ ਮੁਕਾਬਲੇ ਵਿਚ ਜੋ ਉਸ ਦੇ ਮਨ ਨੂੰ ਆਵੇਗਾ ਕਿ ਉਹ ਆਪਣੇ ਮਹਿਬੂਬ ਦੇ ਹੁਕਮ ਵਿਚ ਸੂਲੀ ਚੜ੍ਹ ਰਿਹਾ ਹੈ।

(ਮਨ ਦੀ ਮੌਜ)

ਪੰਜਾਬੀ ਵਾਰਤਕ ਦੇ ਖੇਤਰ ਵਿਚ ਮਿਆਰੀ ਅਤੇ ਟਕਸਾਲੀ ਨਿਬੰਧ ਲਿਖਣ ਵਾਲੇ ਲੇਖਕਾਂ ਵਿਚ ਪ੍ਰਿੰਸੀਪਲ ਤੇਜਾ ਸਿੰਘ (1893-1958) ਦਾ ਨਾਮ ਸਰਵ-ਸ਼ਿਰੋਮਣੀ ਹੈ। ਉਹ ਅੰਗ੍ਰੇਜ਼ੀ ਸਾਹਿਤ, ਗੁਰਬਾਣੀ, ਸਿੱਖ ਇਤਿਹਾਸ ਅਤੇ ਭਾਰਤੀ ਸਭਿਆਚਾਰ ਆਦਿਕ ਵਿਸ਼ਿਆਂ ਦਾ ਅਧਿਕਾਰੀ ਵਿਦਵਾਨ ਸੀ। ਉਸ ਦਾ ਅਨੁਭਵ, ਅਧਿਐਨ ਅਤੇ ਚਿੰਤਨ ਬਹੁਤ ਵਿਸ਼ਾਲ ਸੀ। ਉਹ ਛੋਟੇ-ਛੋਟੇ ਵਾਕਾਂ ਦੁਆਰਾ ਆਪਣੇ ਨਿਬੰਧਾਂ ਦੇ ਸੰਗਠਨ ਨੂੰ ਉਸਾਰਦਾ ਸੀ। ਭਾਵੇਂ ਉਸ ਨੇ ਸਿੱਖ ਧਰਮ ਦੇ ਵੱਖ-ਵੱਖ ਧਰਾਤਲਾਂ ਸੰਬੰਧੀ ਬਹੁਤ ਕੁਝ ਲਿਖਿਆ, ਪਰ ਉਹ ਕੋਈ ਸੰਪਰਦਾਈ ਵਿਅਕਤੀ ਨਹੀਂ ਸੀ। ਉਸ ਦੀ ਵਡਿਆਈ ਦਾ ਇਕ ਪ੍ਰਮਾਣ ਇਹ ਵੀ ਹੈ ਕਿ ਉਹ ਆਪਣੇ ਆਪ ਉਤੇ ਵੀ ਖੁਲ੍ਹ ਕੇ ਹੱਸ ਸਕਦਾ ਸੀ। ਬਫ਼ਨ (Buffon) ਦਾ ਇਹ ਕਥਨ ਉਸਦੀ ਗੱਦ-ਸ਼ੈਲੀ ਉਤੇ ਬਿਲਕੁਲ ਪੂਰਾ ਢੁਕਦਾ ਹੈ ਕਿ ਸ਼ੈਲੀ ਹੀ ਸ਼ਖਸੀਅਤ ਹੈ। (Style is the man himself) ਉਸਦਾ ਆਪਣੇ ਵਿਸ਼ੈ ਅਤੇ ਲਿਖਣ-ਸ਼ੈਲੀ ਉਪਰ ਏਨਾ ਅਧਿਕਾਰ ਸੀ ਕਿ ਉਸਦੇ ਵਾਕ ਪਰਿਭਾਸ਼ਾਵਾਂ ਦਾ ਰੂਪ ਧਾਰਨ ਕਰ ਗਏ ਹਨ। ਉਸ ਦੀਆਂ ਰਚਨਾਵਾਂ ਉਤੇ ਅੰਗ੍ਰੇਜ਼ੀ ਦੇ ਪ੍ਰਸਿੱਧ ਨਿਬੰਧਕਾਰਾਂ ਚਾਰਲਜ਼ ਲੈਂਬ ਅਤੇ ਮੈਕਾਲੇ ਆਦਿ ਦਾ ਵੀ ਕਾਫ਼ੀ ਪ੍ਰਭਾਵ ਦਿਖਾਈ ਦਿੰਦਾ ਹੈ ਪਰੰਤੂ ਤਾਂ ਵੀ ਉਸਦੀ ਮੌਲਿਕਤਾ ਉਪਰ ਕਿਸੇ ਪ੍ਰਕਾਰ ਦਾ ਸੰਦੇਹ ਨਹੀਂ ਕੀਤਾ ਜਾ ਸਕਦਾ। 'ਸਹਿਜ ਸੁਭਾ' (1942), 'ਨਵੀਆਂ ਸੋਚਾਂ' (1942) ਅਤੇ 'ਘਰ ਦਾ ਪਿਆਰ' ਉਸ ਦੇ ਕੁਝ ਪ੍ਰਸਿੱਧ ਨਿਬੰਧ-ਸੰਗ੍ਰਹਿ ਹਨ। ਕਈ ਵਾਰ ਉਹ ਅਜਿਹੇ ਵਿਸ਼ਿਆਂ ਉਪਰ ਵੀ ਕਲਮ ਉਠਾ ਲੈਂਦਾ ਸੀ ਜੋ ਵਿਵਾਦਗ੍ਰਸਤ ਸਮਝੇ ਜਾਂਦੇ ਸਨ, ਜਿਵੇਂ : 'ਕੀ ਗੁਰੂ ਨਾਨਕ ਦੇਵ ਪੜ੍ਹੇ ਹੋਏ ਸਨ ?' 'ਆਮ ਵਾਕਫ਼ੀਅਤ ਦਾ ਘਾਟਾ' ਅਤੇ 'ਸਿੱਖ ਤੇ ਸ਼ਾਂਤਮਈ' ਆਦਿਕ। ਉਸ ਦੀ ਸ਼ੈਲੀ ਬੜੀ ਸਰਲ, ਸਪਸ਼ਟ, ਨਿਆਇਯੁਕਤ ਅਤੇ ਮੁਹਾਵਰੇ ਭਰਪੂਰ ਹੈ। ਉਹ ਭਾਰਤੀ, ਸਿੱਖ ਅਤੇ ਵਿਸ਼ਵ ਸਾਹਿਤ ਵਿਚੋਂ ਢੁਕਵੇਂ ਪ੍ਰਮਾਣ ਦੇ ਕੇ ਆਪਣੀਆਂ ਰਚਨਾਵਾਂ ਨੂੰ ਉਸਾਰਦਾ ਹੈ। ਉਸਦੀ ਲਿਖਣ-ਸ਼ੈਲੀ ਦਾ ਇਕ ਪ੍ਰਮਾਣ ਵੇਖੋ :

ਅਸਲੀ ਧਾਰਮਿਕ ਜੀਵਨ ਦੀ ਨੀਂਹ ਘਰ ਦੀ ਰਹਿਣੀ-ਬਹਿਣੀ ਵਿਚ ਰੱਖੀ ਜਾ ਸਕਦੀ ਹੈ। ਪਰ ਲੋਕਾਂ ਦੀ ਰੁਚੀ ਘਰਾਂ ਵੱਲ ਘੱਟ ਹੋਣ ਕਰਕੇ ਧਾਰਮਿਕ ਰਹਿਣੀ ਭੀ ਇਕ ਲੋਕਾਚਾਰ ਬਣ ਗਈ ਹੈ। ਧਰਮ ਘਰਾਂ ਵਿਚੋਂ ਨਿਕਲ ਕੇ ਬਾਜ਼ਾਰਾਂ ਵਿਚ ਆ ਗਿਆ ਹੈ। ਲੋਕੀਂ ਧਰਮ ਦੀ ਕਮਾਈ ਬਸ ਇਸੇ ਨੂੰ ਸਮਝੀ ਬੈਠੇ ਹਨ ਕਿ ਦਿਨ-ਦਿਹਾਰ ਨੂੰ ਕਿਸੇ ਦੀਵਾਨ ਵਿਚ ਹਾਜ਼ਰ ਹੋ ਕੇ ਪਾਠ, ਲੈਕਚਰ ਜਾਂ ਅਰਦਾਸ ਨੂੰ ਸੁਣ ਛੱਡਣਾ। ਘਰ ਵਿਚ ਇਸਤਰੀ ਬੱਚਿਆਂ ਨਾਲ ਰਲ ਕੇ ਪਾਠ ਕਰਨਾ ਜਾਂ ਅਰਦਾਸ ਕਰਨੀ ਬਹੁਤ ਘੱਟ ਦੇਖੀ ਜਾਂਦੀ ਹੈ ਪਰ ਅਸਲ ਵਿਚ ਧਾਰਮਿਕ ਰੁਚੀ ਕੇਵਲ ਉਸੇ ਆਦਮੀ ਦੇ ਅੰਦਰ ਪੈਦਾ ਹੋ ਸਕਦੀ ਹੈ ਜੋ ਘਰ ਵਾਲਿਆਂ ਨਾਲ ਰਲ ਕੇ ਕੋਈ ਧਾਰਮਿਕ ਸੰਸਕਾਰ ਕਰਦਾ ਜਾਂ ਆਪਣੇ ਰੱਬ ਨੂੰ ਯਾਦ ਕਰਦਾ ਹੈ।

(ਘਰ ਦਾ ਪਿਆਰ)

ਪੰਜਾਬੀ ਨਿਬੰਧ-ਸਾਹਿਤ ਨੂੰ ਅਨੁਭਵ ਦੀ ਮੌਲਿਕਤਾ ਅਤੇ ਅਭਿਵਿਅਕਤੀ ਦੀ ਸਟੀਕਤਾ ਦੁਆਰਾ ਸਮਰਿਧ ਕਰਨ ਵਾਲਾ ਇਕ ਹੋਰ ਮਹੱਤਵਪੂਰਨ ਨਿਬੰਧਕਾਰ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ (1895-1977) ਹੈ। ਉਹ ਕਿੱਤੇ ਵਲੋਂ ਇਕ ਮਕੈਨੀਕਲ ਇੰਜੀਨੀਅਰ ਸੀ ਪਰੰਤੂ ਸਾਹਿਤ-ਸਿਰਜਣਾ ਵੱਲ ਝੁਕਾਉ ਹੋਣ ਕਰਕੇ ਉਸਨੇ ਰੇਲਵੇ ਇੰਜੀਨੀਅਰ ਦੀ ਉੱਚੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ 'ਸ਼ਬਦਾਂ ਦਾ ਇੰਜੀਨੀਅਰ' ਬਣਨ ਵਿਚ ਗੌਰਵ ਮਹਿਸੂਸ ਕੀਤਾ। ਉਸ ਨੇ ਨਿਬੰਧ-ਰਚਨਾ ਦਾ ਆਰੰਭ ਅਮਰੀਕਾ ਵਿਚ ਰਹਿੰਦਿਆਂ ਹੋਇਆਂ ਸ਼ੁਰੂ ਕਰ ਦਿੱਤਾ ਸੀ ਅਤੇ ਇੰਜੀਨੀਅਰਿੰਗ ਦੀ ਡਿਗਰੀ ਕਰਨ ਉਪਰੰਤ ਜਦੋਂ ਉਹ ਇਧਰ ਭਾਰਤ ਵਿੱਚ ਆਇਆ ਤਾਂ ਵੀ ਉਸਨੇ ਆਪਣੀ ਰਚਨਾ ਪ੍ਰਕ੍ਰਿਆ ਨੂੰ ਜਾਰੀ ਰੱਖਿਆ। ਉਸ ਨੇ

ਜੀਵਨ ਦੇ ਹਰ ਪੱਖ ਬਾਰੇ ਨਿਬੰਧ-ਰਚਨਾ ਕੀਤੀ, ਜਿਵੇਂ : ਧਰਮ, ਸਮਾਜ, ਇਖ਼ਲਾਕ, ਮਨੋਵਿਗਿਆਨ, ਕਾਮ, ਸਾਹਿਤ ਸਮਾਲੋਚਨਾ, ਸ਼ਖ਼ਸੀਅਤ ਅਤੇ ਸਭਿਆਚਾਰ ਆਦਿਕ। ਉਹ ਮਨੁੱਖ ਸ਼ਖ਼ਸੀਅਤ ਨੂੰ ਸੰਤੁਲਿਤ ਬਣਿਆ ਵੇਖਣਾ ਲੋਚਦਾ ਸੀ ਅਤੇ ਉਸ ਦਾ ਵਿਸ਼ਵਾਸ਼ ਸੀ ਕਿ ਜੇ ਮਨੁੱਖ ਆਪਣੀ ਸ਼ਖਸੀਅਤ ਦੇ ਵਿਕਾਸ ਵੱਲ ਧਿਆਨ ਦੇਵੇ ਤਾਂ ਉਸਦੀਆਂ ਬਾਕੀ ਮੁਸ਼ਕਿਲਾਂ ਅਤੇ ਸਮੱਸਿਆਵਾਂ ਦਾ ਸਮਾਧਾਨ ਵੀ ਆਪਣੇ ਆਪ ਹੋ ਜਾਵੇਗਾ।

ਆਪਣੇ ਨਵੀਨ ਅਤੇ ਵਿਗਿਆਨਕ ਵਿਚਾਰਾਂ ਦੇ ਸੰਚਾਰ ਲਈ ਉਸਨੇ ਇਕ ਮਾਸਿਕ-ਪੱਤਰ ਪ੍ਰੀਤਲੜੀ ਸ਼ੁਰੂ ਕੀਤਾ ਅਤੇ ਇਸ ਵਿਚ ਸੰਕਲਿਤ ਬਹੁਤੀਆਂ ਰਚਨਾਵਾਂ ਉਸ ਦੀਆਂ ਆਪਣੀਆਂ ਲਿਖੀਆਂ ਹੁੰਦੀਆਂ ਸਨ। ਉਸਦਾ ਵਿਸ਼ਵਾਸ ਕਿ 'ਪ੍ਰੇਮ' (ਪ੍ਰੀਤ) ਦੇ ਮਾਧਿਅਮ ਦੁਆਰਾ ਮਨੁਖ ਆਪਣੀਆਂ ਸਾਰੀਆਂ ਅਹੁਰਾਂ ਦਾ ਇਲਾਜ ਲੱਭ ਸਕਦਾ। ਉਹ ਕਿਹਾ ਕਰਦਾ ਸੀ ਕਿ 'ਪ੍ਰੀਤ' ਇਕ ਸਰਬ-ਵਿਆਪੀ ਜਜ਼ਬਾ ਅਤੇ ਇਹ ਪ੍ਰੀਤ ਕੋਈ ਮੁਲਕ ਮਜ਼੍ਹਬ ਨਹੀਂ ਦੇਖਦੀ, ਕੌਮ ਨਹੀਂ ਵੇਖਦੀ, ਲਹੂ ਨਹੀਂ ਵੇਖਦੀ, ਜਿੱਥੇ ਜੀ ਆਵੇ, ਜਿਦ੍ਹੇ ਨਾਲ ਜੀ ਆਵੇ, ਆਪਣੀਆਂ ਪੁਸ਼ਪ-ਕੜੀਆਂ ਨਾਲ ਜਕੜ ਦੇਂਦੀ ਹੈ। ਪ੍ਰੀਤ ਬਾਰੇ ਉਸਦਾ ਸੰਕਲਪ ਪਲੈਟਾਨਿਕ (Platonic) ਸੀ ਅਤੇ ਇਸ ਸੰਕਲਪ ਅਨੁਸਾਰ ਪਿਆਰ ਕਬਜ਼ਾ ਨਹੀਂ, ਸਗੋਂ ਪਹਿਚਾਣ ਹੁੰਦਾ ਹੈ। ਉਸਨੇ ਆਪਣੇ ਮੈਨੀਫੈਸਟੋ ਨੂੰ ਵਿਅਕਤ ਕਰਦਿਆਂ ਹੋਇਆਂ ਪ੍ਰੀਤਲੜੀ ਦੇ ਪ੍ਰਵੇਸ਼-ਅੰਕ ਦੇ ਮੁੱਖ-ਪੰਨੇ ਉਤੇ ਇਹ ਪੰਕਤੀਆਂ ਅੰਕਿਤ ਕੀਤੀਆਂ ਸਨ :

ਕਿਸੇ ਦਿਲ-ਸਾਂਝੇ ਦੀ ਧੜਕਣ,<br>
ਕਿਸੇ ਪ੍ਰੀਤ-ਗੀਤ ਦੀ ਲੈਅ।<br>
ਪੰਨੇ 'ਪ੍ਰੀਤਲੜੀ' ਦੇ ਦੱਸਣ,<br>
ਜਿਸ ਵਿਚ ਪਰੋਤੀ ਸਭੋ ਸ਼ੈਅ।

ਗੁਰਬਖ਼ਸ਼ ਸਿੰਘ ਦੇ ਪ੍ਰਮੁੱਖ ਨਿਬੰਧ-ਸੰਗ੍ਰਹਿ ਇਹ ਹਨ : ਸਾਵੀਂ ਪੱਧਰੀ ਜ਼ਿੰਦਗੀ, ਸਾਵੀਂ ਸੁਧਰੀ ਜ਼ਿੰਦਗੀ, ਚੰਗੇਰੀ ਦੁਨੀਆਂ, ਭਖਦੀ ਜੀਵਨ ਚੰਗਿਆੜੀ, ਨਵੀਂ ਤਕੜੀ ਦੁਨੀਆਂ, ਨਵਾਂ ਸ਼ਿਵਾਲਾ, ਸਵੈ-ਪੂਰਨਤਾ ਦੀ ਲਗਨ, ਇਕ ਦੁਨੀਆਂ ਦੇ ਤੇਰਾਂ ਸੁਪਨੇ, ਕੁਦਰਤੀ ਮਜ਼ਹਬ, ਜ਼ਿੰਦਗੀ ਦੀ ਰਾਸ ਅਤੇ ਖੁੱਲ੍ਹਾ ਦਰ। ਉਸ ਦੇ ਨਿਬੰਧਾਂ ਵਿਚ ਅੰਗਰੇਜ਼ੀ ਅਤੇ ਫ਼ਾਰਸੀ ਸ਼ਬਦਾਵਲੀ ਦਾ ਬੜਾ ਢੁਕਵਾਂ ਪ੍ਰਯੋਗ ਮਿਲਦਾ ਹੈ। ਉਹ ਪਾਠਕਾਂ ਨੂੰ ਆਪਣੇ ਵਿਸ਼ਵਾਸ ਵਿਚ ਲੈ ਕੇ ਉਨ੍ਹਾਂ ਨਾਲ ਲਿੰਗ, ਇਖਲਾਕ ਅਤੇ ਪ੍ਰੇਮ ਬਾਰੇ ਨਿਝੱਕ ਸੰਵਾਦ ਰਚਾ ਲੈਂਦਾ ਹੈ। ਉਸ ਦੀ ਗੱਦ-ਸ਼ੈਲੀ ਦਾ ਇਕ ਦ੍ਰਿਸ਼ਟਾਂਤ ਵੇਖੋ :

> ਮੈਨੂੰ ਹਰ ਕਿਸਮ ਦੇ ਆਦਮੀਆਂ ਤੇ ਇਸਤਰੀਆਂ ਦੇ ਦਿਲਾਂ ਵਿਚ ਝਾਤੀ ਮਾਰਨ ਦੇ ਮੌਕੇ ਮਿਲੇ ਹਨ, ਮੈਂ ਹਿੰਦੁਸਤਾਨੀਆਂ ਦਾ ਕਾਬੂ ਲਿੰਗ ਕਾਮਨਾ ਉਤੇ ਬਹੁਤ ਕਮਜ਼ੋਰ ਵੇਖਿਆ ਹੈ। ਉਹਦਾ ਕਾਰਨ ਲਿੰਗ-ਵਖੇਵਾਂ ਹੈ। ਇਹ ਵਖੇਵਾਂ ਇਕ ਕੋਝੀ ਜਿਹੀ ਭੁੱਖ ਪੈਦਾ ਕਰਦਾ ਹੈ। ਇਕ ਦਿਨ ਟਾਂਗੇ ਵਿਚ ਸਵਾਰ ਸਾਂ। ਅਗਲੀ ਸੀਟ ਉੱਤੇ ਇਕ ਸੱਠ ਸਾਲਾ ਬਜ਼ੁਰਗ ਬੈਠੇ ਸਨ। ਪਿਛੋਂ ਇਕ ਮੁਟਿਆਰ ਬਾਈਸਿਕਲ ਉਤੇ ਚੜ੍ਹੀ ਆ ਰਹੀ ਸੀ। ਖੇਡਣ ਵਾਲੀ ਉਸਦੀ ਪੁਸ਼ਾਕ ਸੰਖਿਪਤ ਹੀ ਸੀ। ਬਜ਼ੁਰਗ-ਅੱਖਾਂ ਨੇ ਮੂੰਹ ਪਿੱਛੇ ਵਲ ਮੋੜ ਕੇ ਅਜਿਹੀ ਨੀਝ ਲਾਈ ਜਿਵੇਂ ਉਸ ਮੁਟਿਆਰ ਨੂੰ ਢਿੱਡ ਵਿਚ ਪਾ ਲੈਣਾ ਹੁੰਦਾ ਹੈ। ਜਿੰਨਾ ਚਿਰ ਬਾਈਸਿਕਲ ਟਾਂਗੇ ਦੇ ਪਿੱਛੇ ਰਿਹਾ, ਉਹ ਬਜ਼ੁਰਗ ਕੁਝ ਨਾ ਬੋਲੇ ਪਰ ਇਕ ਥਾਂ ਟਾਂਗਾ ਰੁਕ ਜਾਣ ਤੇ ਮੁਟਿਆਰ ਅੱਗੇ ਲੰਘ ਗਈ ਤਾਂ ਬਜ਼ੁਰਗ ਨੇ ਧੌਣ ਆਪਣੇ ਪਾਸੇ ਮੋੜੀ ਤੇ ਪਿਛਲੀ ਝਾਕੀ ਦਾ ਸੁਆਦ ਦੁਹਰਾਣ ਲਈ ਉਨ੍ਹਾਂ ਟਾਂਗੇ ਵਾਲੇ ਨਾਲ ਗੱਲਾਂ ਛੇੜ ਦਿੱਤੀਆਂ, 'ਵੇਖਿਆ ਈ, ਕੇਡਾ ਭੈੜਾ ਜ਼ਮਾਨਾ ਆ ਗਿਆ ਹੈ। ਸਾਡੇ ਵੇਲੇ ਕੁੜੀਆਂ ਜੇ ਘਰੋਂ ਬਾਹਰ ਪੈਰ ਕੱਢਦੀਆਂ ਸਨ ਤਾਂ ਪੈਰ ਨਹੀਂ ਸਨ ਦਿਸਦੇ ਹੁੰਦੇ-ਏਸ ਮੁਟਿਆਰ ਦੀਆਂ ਕੱਛਾਂ ਵੀ ਦਿਸਦੀਆਂ ਹਨ.....................।

(ਲਿੰਗ-ਗਿਆਨ)

ਡਾ. ਬਲਬੀਰ ਸਿੰਘ (1897-1974) ਨੇ ਪੰਜਾਬੀ ਵਿਚ ਉਚ-ਕੋਟੀ ਦੇ ਦਾਰਸ਼ਨਿਕ ਅਤੇ ਕਾਵਿ-ਸ਼ਾਸਤਰੀ ਨਿਬੰਧ ਲਿਖੇ। ਉਸ ਦੇ ਚਾਰ ਮੌਲਿਕ ਨਿਬੰਧ-ਸੰਗ੍ਰਹਿ ਪ੍ਰਾਪਤ ਹੋਏ ਹਨ - 'ਚਰਨ ਹਰਿ ਵਿਸਥਾਰ', 'ਕਲਮ ਦੀ ਕਰਾਮਾਤ', 'ਲੰਮੀ ਨਦਰ' ਅਤੇ 'ਸ਼ੁੱਧ ਸਰੂਪ'। ਗੁਰਮੁਖ, ਰਬਾਬ, ਪੰਜਾਬੀ ਦਾ ਰਮਜ਼ ਭਰੀ ਕਵਿਤਾ, ਸਰਬਕਾਲ ਸੇਵਾ ਕਮਾਈ ਅਤੇ ਸੱਚ ਦੀ ਸੂਰਤ ਉਸਦੇ ਚਰਚਿਤ ਨਿਬੰਧ ਹਨ। ਡਾ. ਬਲਬੀਰ ਸਿੰਘ ਉਤੇ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦਾ ਕਾਫ਼ੀ ਪ੍ਰਭਾਵ ਸੀ ਪਰੰਤੂ ਉਸ ਦੀ ਨਿਬੰਧ-ਰਚਨਾ ਇਨ੍ਹਾਂ ਮਹਾਨ ਲੇਖਕਾਂ ਦੀਆਂ ਰਚਨਾਵਾਂ ਨਾਲੋਂ ਬਿਲਕੁਲ ਵਿਲੱਖਣ ਅਤੇ ਮੌਲਿਕ ਅੰਦਾਜ਼ ਵਿਚ ਵਿਕਸਿਤ ਹੋਈ। ਉਸ ਦੀਆਂ ਰਚਨਾਵਾਂ ਉਤੇ ਵਿਦਵਤਾ ਅਤੇ ਗਹਿਰ-ਗੰਭੀਰਤਾ ਦੀ ਸਪਸ਼ਟ ਛਾਪ ਲੱਗੀ ਹੋਣ ਦੇ ਬਾਵਜੂਦ ਪੰਡਤਾਊਪੁਣਾ ਕਿਧਰੇ ਵੀ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਸਭ ਕੁਝ ਬੜੇ ਸਹਿਜ ਰੂਪ ਵਿਚ ਇਕ ਝਰਨੇ ਵਾਂਗ ਤੁਰਿਆ ਜਾਂਦਾ ਹੈ ਅਤੇ ਕਈ ਵਾਰ ਤਾਂ ਨਿਬੰਧਾਂ ਵਿਚ ਪੇਸ਼ ਵੇਰਵੇ ਸਤਹੀ ਨਜ਼ਰ ਨਾਲ ਵੇਖਿਆਂ ਇਕ ਦੂਜੇ ਤੋਂ ਅ-ਸੰਬੰਧਿਤ ਜਾਪਦੇ ਹਨ ਪਰ ਜਦੋਂ ਲੇਖਕ ਮੁਕੰਮਲ ਹੋ ਜਾਂਦਾ ਹੈ ਤਾਂ ਇਨ੍ਹਾਂ ਵਿਚਲਾ ਸੰਗਠਨ ਅਤੇ ਪ੍ਰਬੰਧ ਪੂਰੀ ਤਰ੍ਹਾਂ ਉੱਭਰ ਕੇ ਸਾਹਮਣੇ ਆ ਜਾਂਦਾ ਹੈ। ਡਾ. ਬਲਬੀਰ ਸਿੰਘ ਦੀ ਨਿਬੰਧ-ਪਰੰਪਰਾ ਵਿਚ ਚੱਲਣ ਵਾਲਾ ਇਕ ਹੋਰ ਨਿਬੰਧਕਾਰ ਗੁਰਬਚਨ ਸਿੰਘ ਤਾਲਿਬ ਹੈ। 'ਅਣਪਛਾਤੇ ਰਾਹ' ਉਸ ਦੀ ਇਕ ਵਿਸ਼ੇਸ਼ ਰਚਨਾ ਹੈ। ਉਸਦੀ ਗੱਦ-ਸ਼ੈਲੀ ਵਿਚ ਬੌਧਿਕਤਾ, ਪਰਿਪੱਕਤਾ ਅਤੇ ਗੰਭੀਰਤਾ ਦੇ ਗੁਣ-ਲੱਛਣ ਸਮਾਏ ਹੋਏ ਹਨ। ਬਹੁਤਾ ਸਮਾਂ ਅੰਗਰੇਜ਼ੀ ਸਾਹਿਤ ਦੇ ਅਧਿਐਨ ਅਤੇ ਅਧਿਆਪਨ ਨਾਲ ਜੁੜੇ ਰਹਿਣ ਦੇ ਕਾਰਨ ਉਹ ਪੰਜਾਬੀ ਨਿਬੰਧ ਦੇ ਖੇਤਰ ਵਿਚ ਬਹੁਤੀਆਂ ਰਚਨਾਵਾਂ ਨਹੀਂ ਦੇ ਸਕਿਆ ਪਰੰਤੂ ਇਸ ਦੇ ਬਾਵਜੂਦ ਪੰਜਾਬੀ ਵਾਰਤਕ ਦੇ ਖੇਤਰ ਵਿਚ ਉਸਦਾ ਵਿਸ਼ਿਸ਼ਟ ਸਥਾਨ ਹੈ।

**ਦੂਜੀ ਪੀੜ੍ਹੀ ਦੇ ਨਿਬੰਧਕਾਰ**

ਪੰਜਾਬੀ ਨਿਬੰਧ ਦੇ ਕੈਨਵੱਸ ਨੂੰ ਵਿਸ਼ਾਲ ਕਰਨ ਵਿਚ ਹਰਿੰਦਰ ਸਿੰਘ ਰੂਪ (1907-1954) ਦਾ ਯੋਗਦਾਨ ਵੀ ਕਿਸੇ ਤੋਂ ਗੁੱਝਾ ਨਹੀਂ। ਉਹ ਜੀਵਨ ਦੇ ਸਾਧਾਰਨ ਵਿਸ਼ਿਆਂ ਨੂੰ ਆਪਣੇ ਨਿਬੰਧਾਂ ਦੀ ਵਸਤੂ-ਸਮੱਗਰੀ ਬਣਾਉਂਦਾ ਹੈ। 'ਰੂਪ ਰੰਗ', 'ਚੁੰਝਾਂ ਪਹੁੰਚੇ' ਅਤੇ 'ਸਿੱਖ ਤੇ ਸਿੱਖੀ' ਉਸ ਦੇ ਕੁਝ ਨਿਬੰਧ-ਸੰਗ੍ਰਹਿ ਹਨ। ਐਸ.ਐਸ. ਅਮੋਲ (1908-1992) ਨੇ 'ਅਮੋਲ ਪੰਜਾਬੀ ਲੇਖ', 'ਆਦਰਸ਼ ਪੰਜਾਬੀ ਲੇਖ' ਅਤੇ 'ਲੇਖ ਪਟਾਰੀ' ਆਦਿਕ ਰਚਨਾਵਾਂ ਦੇ ਮਾਧਿਅਮ ਦੁਆਰਾ ਪੰਜਾਬੀ ਨਿਬੰਧ-ਰਚਨਾ ਵਿਚ ਆਪਣੀ ਇਕ ਵਿਸ਼ਿਸ਼ਟ ਛਾਪ ਛੱਡੀ। ਉਹ ਇਕ ਵਿਦਵਾਨ ਅਤੇ ਖੋਜੀ ਲੇਖਕ ਸੀ। ਉਸ ਨੇ ਭਾਰਤ ਦੀ ਕਲਾ ਬਾਰੇ ਵੀ ਬੜੇ ਅਧਿਕਾਰ ਨਾਲ ਆਪਣੇ ਵਿਚਾਰ ਵਿਅਕਤ ਕੀਤੇ ਹਨ। ਉਹ ਲਿਖਦਾ ਹੈ :

> ਭਾਰਤੀ ਕਲਾ ਦੇ ਨਿਯਮਾਂ ਅਨੁਸਾਰ ਸੋਹਜ-ਸਵਾਦ ਦਾ ਅਨੁਭਵ ਇਕ ਤਰ੍ਹਾਂ ਨਾਲ ਰਸ ਹੈ ਜੋ ਰਸਿਕ ਪ੍ਰਤੀਤ ਕਰਦਾ ਹੈ। ਯੂਰਪ ਦੇ ਬਹੁਤ ਸਾਰੇ ਵਿਦਵਾਨ, ਜਿਹਾ ਕਿ ਰਸਕਿਨ, ਮਾਈਕਲ ਐਂਜੀਲੋ, ਡਾਂਟੇ ਆਦਿ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹਨ ਅਤੇ ਉਹ ਮੰਨਦੇ ਹਨ ਕਿ ਦਿਸਦੇ ਜੀਵਨ ਦੀ ਨਕਲ ਹੀ ਕਲਾ ਨਹੀਂ, ਸਗੋਂ ਇਸ ਸਿਰਜਨਹਾਰ ਸ਼ਕਤੀ ਨਾਲ ਇਕਸੁਰ ਹੋ ਕੇ, ਇਹ ਦਿਸਦੇ ਸੰਸਾਰ ਦੀ ਲੁਕਵੀਂ ਸ਼ਕਤੀ ਨੂੰ ਪ੍ਰਗਟਾਉਣਾ ਹੀ ਕਲਾ ਦਾ ਮਹਾਨ ਕਰਤੱਵ ਹੈ। ਭਾਰਤ ਦੀ ਕਲਾ ਵਿਚ ਇਹੀ ਯਤਨ ਪ੍ਰਧਾਨ ਰਿਹਾ ਹੈ।

(ਭਾਰਤ ਵਿਚ ਕਲਾ)

ਕਪੂਰ ਸਿੰਘ ਆਈ.ਸੀ. ਐਸ. ਜਨਮ (1909) ਇਸ ਪੀੜ੍ਹੀ ਦਾ ਇਕ ਹੋਰ ਮਹੱਤਵਪੂਰਨ ਨਿਬੰਧਕਾਰ ਹੈ। ਉਸਨੇ ਬਹੁਤ ਸਾਰੇ ਵਿਸ਼ਿਆਂ ਉਪਰ ਨਿਬੰਧ ਲਿਖੇ ਹਨ। 'ਪੁੰਦਰੀਕ', 'ਬਹੁ ਵਿਸਤਾਰ' ਅਤੇ 'ਸਪਤ ਸ੍ਰਿੰਗ' ਉਸ ਦੀਆਂ ਕੁਝ ਪ੍ਰਮੁਖ ਰਚਨਾਵਾਂ ਹਨ। ਉਹ ਦਰਸ਼ਨ, ਵਿਗਿਆਨ ਅਤੇ ਸਾਹਿਤ ਸ਼ਾਸਤਰ ਵਰਗੇ ਵਿਸ਼ਿਆਂ ਦਾ ਗਿਆਤਾ ਹੈ, ਇਹ ਕਾਰਨ ਹੈ ਕਿ ਉਸ ਦੀਆਂ ਰਚਨਾਵਾਂ ਵਿਚ ਮਿਲਦੇ ਹਵਾਲੇ ਇਨ੍ਹਾਂ ਵਿਸ਼ਿਆਂ ਦਾ ਭਰਪੂਰ ਉਪਯੋਗ ਕਰਦੇ ਹਨ। ਉਹ ਇਤਿਹਾਸ ਅਤੇ ਸਭਿਆਚਾਰ ਬਾਰੇ ਪ੍ਰਚਲਿਤ ਬਹੁਤ ਸਾਰੀਆਂ ਕਪੋਲ-ਕਲਪਨਾਵਾਂ ਦੇ ਖੰਡਣ ਵਿਚ ਵਿਸ਼ੇਸ਼ ਰੁਚੀ ਲੈਂਦਾ ਹੈ। ਉਸਦੀ ਸ਼ਬਦਾਵਲੀ ਉਪਰ ਸੰਸਕ੍ਰਿਤ ਅਤੇ ਅੰਗ੍ਰੇਜ਼ੀ ਭਾਸ਼ਾ ਦਾ ਵਿਸ਼ੇਸ਼ ਪ੍ਰਭਾਵ ਦੇਖਿਆ ਜਾ ਸਕਦਾ

ਹੈ। ਸਿਖ ਧਰਮ ਸੰਬੰਧੀ ਉਸ ਦੇ ਵਿਚਾਰ ਬਹੁਤ ਮੌਲਿਕ ਅਤੇ ਅਗ੍ਰਗਾਮੀ ਹਨ। ਈਸ਼ਵਰ ਚਿੱਤਰਕਾਰ (1911-68) ਇਕ ਬਹੁਵਿਧਾਈ ਲੇਖਕ ਸੀ। ਮੂਲ ਰੂਪ ਵਿਚ ਉਹ ਚਿਤਰਕਾਰ ਸੀ, ਇਸ ਕਵੀ ਦੇ ਰੂਪ ਵਿਚ ਵੀ ਉਸਨੇ ਬਹੁਤ ਪ੍ਰਸਿੱਧੀ ਅਰਜਿਤ ਕੀਤੀ। ਇਨ੍ਹਾਂ ਦੇ ਨਾਲ-ਨਾਲ ਉਸ ਨੂੰ ਵਾਰਤਕ-ਰਚਨਾ ਵਿਚ ਵੀ ਕਾਫ਼ੀ ਦਿਲਚਸਪੀ ਸੀ। 'ਕਲਮ ਦੀ ਆਵਾਜ਼' ਅਤੇ 'ਗੱਲਬਾਤ' ਉਸਦੇ ਦੋ ਨਿਬੰਧ ਸੰਗ੍ਰਹਿ ਹਨ। ਉਹ ਵਿਅੰਗ, ਕਟਾਕਸ਼ ਅਤੇ ਮਸ਼ਕਰੀ ਦਾ ਭਰਪੂਰ ਪ੍ਰਯੋਗ ਕਰਦਾ ਹੈ। ਉਸਦੀ ਸ਼ੈਲੀ ਬੜੀ ਸਰਲ, ਸਪਸ਼ਟ ਅਤੇ ਸੰਵਰੀ ਹੈ। ਉਸਨੇ ਸਾਹਿਤਿਕ ਰੇਖਾ-ਚਿਤਰ ਲਿਖਣ ਦੀ ਪਰੰਪਰਾ ਵਿਚ ਵੀ ਵਿਸ਼ੇਸ਼ ਯੋਗਦਾਨ ਪਾਇਆ ਹੈ। ਉਸ ਦੀ ਗੱਦ ਸ਼ੈਲੀ ਵਿਚੋਂ ਚਿਤਰਕਾਰੀ ਦਾ ਪ੍ਰਭਾਵ ਉਜਾਗਰ ਹੁੰਦਾ ਰਹਿੰਦਾ ਹੈ।

ਇਸੇ ਕਾਲ ਦਾ ਇਕ ਹੋਰ ਵਿਸ਼ਿਸ਼ਟ ਹਸਤਾਖਰ ਪ੍ਰੋ. ਜਗਦੀਸ਼ ਸਿੰਘ ਹੈ। ਉਹ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨਾਲ ਵੀ ਕਾਫ਼ੀ ਸਮਾਂ ਸੰਬੰਧਿਤ ਰਿਹਾ। ਪ੍ਰੀਤਨਗਰ ਦੇ ਇਕ ਵਿਲੱਖਣ ਬਾਲ-ਸਕੂਲ 'ਐਕਟਿਵਿਟੀ ਸਕੂਲ' ਦੇ ਸੰਚਾਲਨ ਵਿਚ ਵੀ ਉਸ ਦੀ ਵਿਸ਼ੇਸ ਭੂਮਿਕਾ ਰਹੀ। ਉਹ ਇਕ ਮਨੋਵਿਗਿਆਨੀ ਲੇਖਕ ਸੀ ਅਤੇ ਉਸਦੇ ਨਿਬੰਧ ਬਾਲ-ਮਨੋਵਿਗਿਆਨ ਸੰਬੰਧੀ ਭਰਪੂਰ ਜਾਣਕਾਰੀ ਪ੍ਰਦਾਨ ਕਰਦੇ ਹਨ। 'ਸਾਡੇ ਬੱਚੇ' (1941), 'ਗੁੰਝਲਦਾਰ ਬੱਚੇ' (1943) ਉਸਦੀਆਂ ਕੁਝ ਪ੍ਰਸਿੱਧ ਪੁਸਤਕਾਂ ਹਨ। ਬਾਲ-ਮਨੋਵਿਗਿਆਨ ਸੰਬੰਧੀ ਪੁਸਤਕਾਂ ਦੀ ਰਚਨਾ ਤੋਂ ਪਹਿਲਾਂ ਉਸਨੇ 'ਸਾਡੇ ਰਸਮ ਰਿਵਾਜ਼' (1937) ਨਾਮ ਦੀ ਪੁਸਤਕ ਵੀ ਲਿਖੀ ਸੀ, ਜਿਸ ਵਿਚ ਸਾਡੇ ਸਮਾਜ ਵਿਚ ਪ੍ਰਚਲਿਤ ਪਰ ਵੇਲਾ ਵਿਹਾ ਚੁਕਾ ਰਸਮ ਰਿਵਾਜਾਂ ਦੀ ਆਲੋਚਨਾ ਕੀਤੀ ਗਈ ਸੀ। ਗ੍ਰਹਿਸਤੀ ਜੀਵਨ ਦੀ ਇਕ ਕਠੋਰ ਝਾਕੀ ਦਿਖਾ ਕੇ ਉਹ ਲਿਖਦਾ ਹੈ ਕਿ ਅਸੀਂ ਝੂਠੇ ਰਸਮ-ਰਿਵਾਜਾਂ ਵਿਚ ਫਸ ਕੇ ਆਪਣੇ ਜੀਵਨ ਨੂੰ ਦੁੱਭਰ ਬਣਾ ਲਿਆ ਹੈ, ''ਇਹ ਹੈ ਸਾਡਾ ਗ੍ਰਹਿਸਤ, ਝੂਠੀਆਂ ਖ਼ੁਸ਼ੀਆਂ, ਵਿਖਾਵੇ ਦੀਆਂ ਖਾਤਰਾਂ, ਓਪਰੀਆਂ ਵਧਾਈਆਂ, ਸਾਕਾਂ ਦੇ ਵੈਰ, ਸੱਜਣਾਂ ਦੀ ਬੇ-ਇਨਸਾਫ਼ੀ, ਆਪਣਿਆਂ ਦੇ ਜ਼ੁਲਮ-ਇਹ ਹੈ ਸਾਡਾ ਭਾਈਚਾਰਾ।''

(ਸਾਡੇ ਰਸਮ ਰਿਵਾਜ਼)

ਭਾਰਤੀ ਸਿਨੇਮਾ ਦੇ ਪ੍ਰਸਿੱਧ ਅਦਾਕਾਰ ਬਲਰਾਜ ਸਾਹਨੀ (1913-1973) ਨੇ ਵੀ ਪੰਜਾਬੀ ਨਿਬੰਧ-ਰਚਨਾ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਉਸ ਦੇ ਬਹੁਤ ਨਿਬੰਧ ਫ਼ਿਲਮ-ਜਗਤ ਦੇ ਪਰਿਵੇਸ਼ ਦੀ ਪੇਸ਼ਕਾਰੀ ਕਰਦੇ ਹਨ। ਕਦੇ-ਕਦੇ ਉਹ ਪੋਠੋਹਾਰੀ ਭਾਸ਼ਾ ਦੇ ਪ੍ਰਯੋਗ ਦੁਆਰਾ ਆਪਣੇ ਬਚਪਨ ਦੀਆਂ ਅਭੁੱਲ ਯਾਦਾਂ ਨੂੰ ਆਪਣੇ ਪਾਠਕਾਂ ਨਾਲ ਸਾਂਝਾ ਕਰਦਾ ਹੈ। 'ਸਿਨੇਮਾ ਤੇ ਸਟੇਜ', 'ਕਾਮੇ', 'ਗ਼ੈਰ ਜਜ਼ਬਾਤੀ ਡਾਇਰੀ' ਅਤੇ 'ਕੀ ਇਹ ਸੱਚ ਹੈ ਬਾਪੂ ?' ਉਸ ਦੀਆਂ ਕੁਝ ਪ੍ਰਮੁੱਖ ਰਚਨਾਵਾਂ ਹਨ। ਉਹ ਆਪਣੀ ਗੱਦ ਸ਼ੈਲੀ ਵਿਚ ਉਰਦੂ ਅਤੇ ਹਿੰਦੀ ਭਾਸ਼ਾ ਦਾ ਵੀ ਕਾਫ਼ੀ ਪ੍ਰਯੋਗ ਕਰ ਲੈਂਦਾ ਹੈ। ਦੇਖੋ :

> ਹਾਲਾਂ ਪੂਰੀ ਤਰ੍ਹਾਂ ਤਿਆਰ ਵੀ ਨਹੀਂ ਸੀ ਹੋਇਆ ਕਿ ਆਗੁੰਤਕਾਂ ਦਾ ਤਾਂਤਾ ਬੱਝ ਗਿਆ, ਜਿਸ ਤੋਂ ਹਰ ਫਿਲਮ ਸਟਾਰ ਦੀ ਬੀਵੀ ਬੇਜ਼ਾਰ ਰਹਿੰਦੀ ਹੈ। ਪਹਿਲਾਂ ਇਕ ਪ੍ਰੋਡਿਊਸਰ ਆਇਆ। ਅੱਧਾ ਕੁ ਘੰਟਾ ਉਸ ਨੇ ਜ਼ਾਇਆ ਕੀਤਾ। ਜਦੋਂ ਮੈਂ ਬੰਬਈ ਦੀਆਂ ਸੜਕਾਂ ਉਪਰ ਇਕ-ਇਕ ਪੈਸੇ ਲਈ ਮੁਹਤਾਜ਼ ਫਿਰਦਾ ਸਾਂ, ਉਸ ਨੂੰ ਮੇਰੀ ਅਭਿਨੈ-ਕਲਾ ਦਾ ਜਾਂ ਇਸ ਗੱਲ ਦਾ ਕਿ ਅਸੀਂ ਕਾਲਜ ਦੇ ਜ਼ਮਾਨੇ ਦੇ ਮਿੱਤਰ ਸਾਂ, ਕੋਈ ਲਿਹਾਜ਼ ਨਹੀਂ ਸੀ ਪਰ ਹੁਣ ਉਹ ਮੈਨੂੰ ਭਰਾਵਾਂ ਤੋਂ ਵੀ ਵੱਧ ਪਿਆਰਦਾ ਤੇ ਸਤਿਕਾਰਦਾ ਹੈ ਅਤੇ ਉਮੀਦ ਕਰਦਾ ਹੈ ਕਿ ਮੈਂ ਜ਼ਰੂਰ ਪਹਿਲੇ ਸੱਤ ਦਿਨ ਉਸ ਦੀ ਪਿਕਚਰ ਵਿਚ ਮੁਫ਼ਤ ਕੰਮ ਕਰਨ ਲਈ ਰਾਜ਼ੀ ਹੋ ਜਾਵਾਂਗਾ।

(ਅੱਥਰੂ)

ਗਿਆਨੀ ਲਾਲ ਸਿੰਘ (ਜਨਮ 1916) ਦਾ ਇਕ ਨਿਬੰਧ ਸੰਗ੍ਰਹਿ **'ਵਿਚਾਰ ਪ੍ਰਵਾਹ'** ਪ੍ਰਕਾਸ਼ਿਤ ਹੋਇਆ ਹੈ। ਇਸ ਸੰਗ੍ਰਹਿ ਵਿਚ ਪੰਜਾਬੀ ਸਭਿਆਚਾਰ ਦੇ ਵਿਭਿੰਨ ਰੂਪਾਂ ਦੀ ਭਰਪੂਰ ਜਾਣਕਾਰੀ ਮਿਲਦੀ ਹੈ। ਡਾ. ਜੀਤ ਸਿੰਘ ਸੀਤਲ (ਜਨਮ 1911) ਦੇ ਦੋ ਨਿਬੰਧ ਸੰਗ੍ਰਹਿ **'ਮਿੱਤਰ ਅਸਾਡੇ ਸੇਈ'** ਅਤੇ **'ਰੌਣਿ ਦਿਵਸ'** ਦ੍ਰਿਸ਼ਟੀਗੋਚਰ ਹੁੰਦੇ ਹਨ। ਉਸ ਦੇ ਨਿਬੰਧਾਂ ਵਿਚ ਕਾਵਿਕਤਾ ਘੁਲੀ-ਮਿਲੀ ਰਹਿੰਦੀ ਹੈ। ਡਾ. ਗੁਰਚਰਨ ਸਿੰਘ (ਜਨਮ 1917),

ਪਿਆਰਾ ਸਿੰਘ ਪਦਮ (ਜਨਮ 1912), ਮੁਬਾਰਕ ਸਿੰਘ (ਜਨਮ 1919), ਡਾ. ਉਜਾਗਰ ਸਿੰਘ (1922-2000) ਇਸ ਪੀੜ੍ਹੀ ਦੇ ਕੁਝ ਹੋਰ ਪ੍ਰਮੁੱਖ ਨਿਬੰਧਕਾਰ ਹਨ। 'ਭਾਵ ਏਕਤਾ' ਅਤੇ 'ਸ਼ਰਧਾਂਜਲੀ' ਡਾ. ਉਜਾਗਰ ਸਿੰਘ ਦੇ ਦੋ ਨਿਬੰਧ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ।

**ਤੀਜੀ ਪੀੜ੍ਹੀ ਦੇ ਨਿਬੰਧਕਾਰ**

ਇਸ ਪੀੜ੍ਹੀ ਦੇ ਨਿਬੰਧਕਾਰਾਂ ਵਿਚ ਗਿਆਨੀ ਗੁਰਦਿੱਤ ਸਿੰਘ (ਜਨਮ 1923) ਦਾ ਨਾਮ ਬੜਾ ਉੱਘਾ ਅਤੇ ਵਿਸ਼ੇਸ਼ ਹੈ। ਪੰਜਾਬੀ ਜਨ-ਜੀਵਨ ਨੂੰ ਦਰਸਾਉਣ ਵਾਲੀ ਉਸਦੀ ਪੁਸਤਕ 'ਮੇਰਾ ਪਿੰਡ' ਨੇ ਪੰਜਾਬੀ ਵਾਰਤਕ ਵਿਚ ਨਵੇਂ ਪ੍ਰਤਿਮਾਨਾਂ ਦੀ ਸਿਰਜਣਾ ਕੀਤੀ। ਇਹ ਪੁਸਤਕ ਪੰਜਾਬ ਦੇ ਸਭਿਆਚਾਰ ਅਤੇ ਲੋਕਯਾਨ ਦਾ ਇਕ ਮਹਾਨ ਕੋਸ਼ ਹੈ। ਇਸ ਪੁਸਤਕ ਦੇ ਵੱਖ-ਵੱਖ ਭਾਗਾਂ ਵਿਚ ਉਸਨੇ ਪੰਜਾਬੀ ਜਨ-ਜੀਵਨ ਦੀਆਂ ਵੱਖ-ਵੱਖ ਝਾਕੀਆਂ ਬੜੇ ਰੋਚਕ ਢੰਗ ਨਾਲ ਬਿਆਨ ਕੀਤੀਆਂ ਹਨ। ਉਹ ਪੱਤਰਕਾਰੀ ਦੇ ਖੇਤਰ ਨਾਲ ਵੀ ਜੁੜਿਆ ਰਿਹਾ ਅਤੇ ਇਸ ਸਮੇਂ ਵੀ ਉਸ ਨੇ ਪੰਜਾਬੀ ਸਭਿਆਚਾਰ ਬਾਰੇ ਬੜੇ ਮਹੱਤਵਪੂਰਨ ਲੇਖ ਲਿਖੇ। ਉਸ ਦੀ ਗੱਦ ਸ਼ੈਲੀ ਸਰਲ, ਸਰਸ ਅਤੇ ਮੁਹਾਵਰੇ ਭਰਪੂਰ ਹੁੰਦੀ ਹੈ। ਦੇਖੋ :

> ਪੁਰਾਣੇ ਪੰਜਾਬ ਦੇ ਲੋਕ ਬਹੁਤੀਆਂ ਕਿਸਮਾਂ ਦਾ ਖਾਣਾ ਖਾਣ ਦੇ ਸ਼ੌਕੀਨ ਨਹੀਂ ਸਨ, ਸਗੋਂ ਬਹੁਤਾ ਖਾਣ ਦੇ ਸ਼ੌਕੀਨ ਹੁੰਦੇ। ਕਿਸੇ ਬਾਰੇ ਸੁਣਦੇ ਕਿ ਉਹ ਸਾਬਤ ਬੱਕਰਾ ਖਾ ਜਾਂਦਾ ਹੈ, ਕੋਈ ਤੌਣ ਜਾਂ ਧੜੀ ਕੜਾਹ ਸਮੇਟ ਜਾਂਦਾ ਸੀ। ਕੋਈ ਜੁਆਨ ਦੋ ਸੇਰ ਘਿਉ ਦਾ ਛੰਨਾ ਮੂੰਹ ਨੂੰ ਲਾ ਕੇ ਜਿੰਨਾ ਚਿਰ ਖਾਲੀ ਨਾ ਹੋ ਜਾਂਦਾ, ਮੂੰਹੋਂ ਨਹੀਂ ਸੀ ਲਾਹੁੰਦਾ। ਅਧਖੜ ਬੰਦੇ ਬਾਲਟੀ-ਬਾਲਟੀ ਖੱਟੀ ਲੱਸੀ ਦੀ ਪੀ ਜਾਂਦੇ ਤੇ ਤੌੜੀ-ਤੌੜੀ ਖਿਚੜੀ ਖਾ ਜਾਂਦੇ, ਮੋਟੀ-ਸੋਟੀ ਖੁਰਾਕ ਖਾਣ ਵਾਲਿਆਂ ਦੇ ਹੱਡ ਪੈਰ ਵੀ ਨਰੋਏ ਹੁੰਦੇ ਸਨ।

(ਪੁਰਾਣਾ ਪੰਜਾਬ)

ਵਿਅੰਗਾਤਮਕ ਅਤੇ ਹਾਸ-ਰਸ ਨਾਲ ਭਰਪੂਰ ਨਿਬੰਧ ਲਿਖਣ ਵਾਲਿਆਂ ਵਿਚ ਪ੍ਰੋ. ਧਿਆਨ ਸਿੰਘ (ਜਨਮ 1923) ਅਤੇ ਡਾ. ਗੁਰਨਾਮ ਸਿੰਘ ਤੀਰ (1927-1991) ਦੇ ਨਾਮ ਉਲੇਖਯੋਗ ਹਨ। ਪ੍ਰੋ. ਧਿਆਨ ਸਿੰਘ ਨੇ ਪੰਜਾਬੀ ਵਿਚ ਹਲਕੇ-ਫੁਲਕੇ ਨਿਬੰਧ ਲਿਖਣ ਦੀ ਪਰੰਪਰਾ ਪਾਈ। 'ਜ਼ੀਰੋ', 'ਮੈਂ ਕਿਹਾ ਜੀ' ਅਤੇ 'ਸਿਫ਼ਰ ਹੀ ਸਿਫ਼ਰ' ਉਸ ਦੇ ਕੁਝ ਪ੍ਰਤੀਨਿਧ ਨਿਬੰਧ ਸੰਗ੍ਰਹਿ ਹਨ। ਡਾ. ਗੁਰਨਾਮ ਸਿੰਘ ਨੇ 'ਚਾਚਾ ਚੰਡੀਗੜ੍ਹੀਆਂ' ਨਾਮ ਦਾ ਇਕ ਸਵੈਜੀਵਨੀਮੂਲਕ ਪਾਤਰ ਸਿਰਜ ਕੇ ਵਿਅੰਗਾਤਮਕ ਲੇਖਾਂ ਦੀ ਰਚਨਾ ਕੀਤੀ। 'ਨਵੇਕਲੀਆਂ ਹੱਦਾਂ' ਅਤੇ 'ਚੰਡੀਗੜ੍ਹ ਦੀ ਵਕੀਲ ਕੁੜੀ' ਉਸਦੇ ਪ੍ਰਸਿੱਧ ਨਿਬੰਧ-ਸੰਗ੍ਰਹਿ ਹਨ। ਪੰਜਾਬੀ ਸਭਿਆਚਾਰ ਨੂੰ ਹਲਕੇ-ਫੁਲਕੇ ਢੰਗ ਨਾਲ ਬਿਆਨ ਕਰਨ ਵਾਲਾ ਇਕ ਹੋਰ ਪ੍ਰਮੁੱਖ ਨਿਬੰਧਕਾਰ ਸ. ਸੂਬਾ ਸਿੰਘ (1915-1983) ਹੈ। 'ਅਲੋਪ ਹੁੰਦੇ ਚੇਟਕ' ਵਿਚ ਉਸਨੇ ਪੰਜਾਬ ਦੇ ਕੁਝ ਅਲੋਪ ਹੁੰਦੇ ਜਾ ਰਹੇ ਮਨੋਰੰਜਨਾਂ ਅਤੇ ਮਨ-ਪਰਚਾਵਿਆਂ ਨੂੰ ਬੜੇ ਹੇਰਵੇ ਨਾਲ ਪੇਸ਼ ਕੀਤਾ ਹੈ। ਉਸ ਨੇ ਅੱਜ ਦੀ ਨੌਕਰਸ਼ਾਹੀ ਦੇ ਸੁਭਾਅ ਬਾਰੇ ਵੀ ਬਹੁਤ ਕੁਝ ਬਿਆਨ ਕੀਤਾ ਹੈ। ਦੇਖੋ :

> ਜਾਂ ਰਾਹ ਪਿਆ ਜਾਣੀਏ ਜਾਂ ਵਾਹ ਪਿਆ। ਹੱਥ ਭਾਵੇਂ ਕੂਲੇ ਹੋਣ ਜਾਣਦਾ ਉਹੀ ਹੈ ਜਿਹਨੂੰ ਲੱਗਣ। ਕੰਮਚੋਰ ਕਰਮਚਾਰੀਆਂ ਨਾਲ ਵੀ ਵਾਸਤਾ ਪਏ ਤਾਂ ਇਕ ਵਾਰ ਆਦਮੀ ਦੇ ਕਪਾਟ ਖੁਲ੍ਹ ਜਾਂਦੇ ਹਨ। ਜਿਥੇ ਅੱਜ ਕਲ੍ਹ ਆਮ ਲੋਕਾਂ ਦਾ ਨਾਅਰਾ ਆਰਾਮ ਹਰਾਮ ਹੈ, ਉੱਥੇ ਇਹ ਬੜੇ ਫ਼ਖਰ ਨਾਲ ਹਿੱਕ ਕੱਢ ਕੇ ਆਖਣਗੇ ਕਿ ਸਾਨੂੰ ਆਰਾਮ ਨਹੀਂ ਕਾਮ ਹਰਾਮ ਹੈ।

(ਦਾਸ ਮਲੂਕਾ ਯੂੰ ਕਹੇ)

**ਸਮਕਾਲੀ ਨਿਬੰਧਕਾਰ**

ਸਮਕਾਲੀ ਲੇਖਕਾਂ ਵਿਚ ਨਿਬੰਧਕਾਰਾਂ ਦੀ ਗਿਣਤੀ ਕਾਫ਼ੀ ਘੱਟ ਹੈ। ਜਿਥੇ ਪੰਜਾਬੀ ਸਾਹਿਤ ਦੀਆਂ ਹੋਰ ਸਿਨਫ਼ਾਂ-ਕਵਿਤਾ, ਕਹਾਣੀ, ਨਾਟਕ ਅਤੇ ਨਾਵਲ ਵਿਚ ਕੰਮ ਕਰਨ ਵਾਲੇ ਲੇਖਕ ਬਹੁਤ ਜ਼ਿਆਦਾ ਹਨ ਉਥੇ ਸਾਹਿਤਿਕ ਨਿਬੰਧ ਲਿਖਣ ਵਾਲੇ ਲੇਖਕ ਜ਼ਿਆਦਾ ਨਹੀਂ ਹਨ। ਉਂਜ ਵੀ ਜੀਵਨ ਵਿਚ ਗਿਆਨ-ਵਿਗਿਆਨ ਦੇ ਹੋਰ ਖੇਤਰਾਂ ਦੀ ਪੁੱਛ-ਪ੍ਰਤੀਤ

ਵਧ ਰਹੀ ਹੈ ਅਤੇ ਵਿਸ਼ੇਸ਼ਗਤਾ ਨੂੰ ਵਧੇਰੇ ਮਹੱਤਵ ਦਿੱਤਾ ਜਾ ਰਿਹਾ ਹੈ। ਇਸ ਪ੍ਰਸੰਗ ਵਿਚ ਰਾਜਨੀਤਕ, ਆਰਥਿਕ ਅਤੇ ਵਿਗਿਆਨਕ ਵਿਸ਼ਿਆਂ ਤੇ ਲੇਖ ਲਿਖਣ ਵਾਲੇ ਲੇਖਕ ਕਾਫ਼ੀ ਹਨ ਪਰੰਤੂ ਜੀਵਨ ਦੇ ਆਮ-ਵਿਸ਼ਿਆਂ ਬਾਰੇ ਬਹੁਤ ਘੱਟ ਲਿਖਿਆ ਕਿਹਾ ਜਾ ਰਿਹਾ ਹੈ।

ਨਿਬੰਧ ਦੀ ਸਾਹਿਤਿਕ ਪ੍ਰਕ੍ਰਿਤੀ ਨੂੰ ਬਣਾਈ/ਬਚਾਈ ਰੱਖਣ ਲਈ ਲਲਿਤ ਨਿਬੰਧ ਦੀ ਇਕ ਨਵੀਂ ਪ੍ਰਵਿਰਤੀ ਹੋਂਦ ਵਿਚ ਆਈ ਹੈ ਅਤੇ ਇਸ ਰੂਪਾਕਾਰ ਦੇ ਖੇਤਰ ਵਿਚ ਡਾ. ਕੁਲਬੀਰ ਸਿੰਘ ਕਾਂਗ (ਜਨਮ 1936) ਨੇ ਕਾਫ਼ੀ ਕੰਮ ਕੀਤਾ ਹੈ। ਉਹ ਜੀਵਨ ਦੇ ਛੋਟੇ-ਛੋਟੇ ਵੇਰਵਿਆਂ ਦੇ ਮਹੱਤਵ ਨੂੰ ਪਹਿਚਾਣ ਕੇ ਉਨ੍ਹਾਂ ਦੇ ਬਾਰੇ ਵਿਚ ਲਿਖਦਾ ਹੈ। ਅਜੋਕੇ ਮਨੁੱਖ ਦਾ ਵੱਡਾ ਦੁਖਾਂਤ ਇਹ ਹੈ ਕਿ ਉਹ ਪਦਾਰਥਕ ਪ੍ਰਾਪਤੀਆਂ ਦੀ ਕਦੇ ਨਾ ਮੁੱਕਣ ਵਾਲੀ ਦੌੜ ਵਿਚ ਪੈ ਗਿਆ ਹੈ ਜਿਸ ਕਾਰਨ ਉਸ ਦੇ ਜੀਵਨ ਵਿਚੋਂ ਸਹਿਜ ਅਤੇ ਅਵਕਾਸ਼ ਖ਼ਤਮ ਹੋ ਚੁੱਕਾ ਹੈ। ਇਸੇ ਕਾਰਨ ਉਹ ਬੇਚੈਨ, ਅਵਸਥ ਅਤੇ ਕੁੰਠਾਗ੍ਰਸਤ ਰਹਿਣ ਲੱਗਾ ਹੈ। ਡਾ. ਕੁਲਬੀਰ ਸਿੰਘ ਕਾਂਗ ਨੇ ਅਜੋਕੇ ਮਨੁੱਖ ਦੀ ਇਸੇ ਬੇਚੈਨੀ ਅਤੇ ਕੁੰਠਾ ਨੂੰ ਆਪਣੇ ਲਲਿਤ-ਨਿਬੰਧਾਂ ਦੁਆਰਾ ਰੂਪਮਾਨ ਕੀਤਾ ਹੈ। 'ਨਾਦ ਅਨਾਹਦ', 'ਨਦੀ ਕਿਨਾਰੇ ਪਿਆਸਾ ਮਨੁੱਖ', 'ਸੋਗੀ ਸੰਗੀਤ ਦਾ ਜਾਦੂ', 'ਉਦਾਸ ਦਰਖਤਾਂ ਦੇ ਮੌਨ ਨਗਮੇ' ਅਤੇ 'ਹਰਿਮੰਦਰ ਉਦਾਸ ਹੈ' ਉਸ ਦੇ ਕੁਝ ਪ੍ਰਸਿੱਧ ਲਲਿਤ ਨਿਬੰਧ ਸੰਗ੍ਰਹਿ ਹਨ। ਸਿਮ੍ਰਤੀ, ਹੇਰਵਾ, ਕਾਵਿਕਤਾ ਅਤੇ ਉਚ-ਕਲਪਨਾ ਡਾ. ਕਾਂਗ ਦੀ ਲਲਿਤ-ਨਿਬੰਧ ਕਲਾ ਦੇ ਕੁਝ ਇਕ ਉਜਾਗਰ ਲੱਛਣ ਹਨ। ਉਸਦੀ ਨਿਬੰਧ ਕਲਾ ਦਾ ਇਕ ਪ੍ਰਮਾਣ ਦੇਖੋ :

> ਅਜ ਇਕ ਬਿਰਧ ਨੂੰ ਸੜਕ ਪਾਰ ਕਰਾਉਂਦੇ ਸਮੇਂ ਮੈਨੂੰ ਮਹਾਤਮਾ ਬੁੱਧ ਵੀ ਯਾਦ ਆ ਰਹੇ ਹਨ, ਜਿਨ੍ਹਾਂ ਨੇ ਬੁਢੇਪਾ ਵੇਖ ਕੇ ਆਪਣੇ ਰਥਵਾਨ ਨੂੰ ਪੁੱਛਿਆ ਸੀ, ''ਚੰਨਿਆ ! ਮੈਂ ਵੀ ਬੁੱਢਾ ਹੋ ਜਾਵਾਂਗਾ ?'' ਅਤੇ ਉਸ ਦਾ ਉੱਤਰ ਸੁਣ ਕੇ ਉਹ ਬੈਰਾਗੀ ਹੋ ਕੇ ਸਾਰੇ ਸੰਸਾਰ ਦੀ ਸ਼ਾਂਤੀ ਲੱਭਣ ਟੁਰ ਪਏ ਸਨ। ਪਰ ਮੇਰੇ ਸਾਹਮਣੇ ਬੁਢੇਪਾ ਅਜੇ ਵੀ ਵਿਕਰਾਲ ਰੂਪ ਧਾਰੀ ਖਲੋਤਾ ਹੈ। ਬਾਬਾ ਸੜਕ ਪਾਰ ਕਰ ਗਿਆ ਹੈ - ਮੈਂ ਇਹ ਸੜਕ ਹਾਲੇ ਪਾਰ ਕਰਨੀ ਹੈ।

(ਸੜਕ ਪਾਰ ਕਰਦਾ ਬੁਢੇਪਾ)

ਪੰਜਾਬੀ ਨਿਬੰਧ ਦੀ ਸਾਹਿਤਿਕ-ਸਭਿਆਚਾਰਕ ਪਰੰਪਰਾ ਨੂੰ ਡਾ. ਨਰਿੰਦਰ ਸਿੰਘ ਕਪੂਰ ਨੇ ਜਾਰੀ ਰੱਖਿਆ ਹੋਇਆ ਹੈ। ਉਹ ਪ੍ਰਿੰਸੀਪਲ ਤੇਜਾ ਸਿੰਘ, ਈਸ਼ਵਰ ਚਿਤਰਕਾਰ ਅਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਨਿਬੰਧ-ਪਰੰਪਰਾ ਨੂੰ ਅੱਗੇ ਤੋਰਨ ਵਾਲਾ ਇਕ ਸਮਰੱਥ ਨਿਬੰਧਕਾਰ ਹੈ। ਪ੍ਰਿੰ. ਸਰਵਣ ਸਿੰਘ ਨੇ ਭਾਰਤੀ ਖੇਡਾਂ ਅਤੇ ਖਿਡਾਰੀਆਂ ਬਾਰੇ ਆਪਣੇ ਨਿਬੰਧ ਲਿਖੇ ਹਨ। 'ਖੇਡ ਸੰਸਾਰ', 'ਪੰਜਾਬੀ ਖਿਡਾਰੀ' ਅਤੇ 'ਪਿੰਡ ਦੀ ਸੱਥ 'ਚੋਂ ਉਸ ਦੇ ਕੁਝ ਉੱਘੇ ਨਿਬੰਧ ਸੰਗ੍ਰਹਿ ਹਨ। ਕੇ.ਐਲ. ਗਰਗ (ਦੇਖ ਕਬੀਰਾ ਹੱਸਿਆ, ਖਰੀਆਂ ਖੋਟੀਆਂ), ਰਾਮ ਨਾਥ ਸ਼ੁਕਲਾ, ਪੂਰਨ ਸਿੰਘ, ਹਰਚੰਦ ਸਿੰਘ ਸਰਹੰਦੀ, ਗੁਲਜ਼ਾਰ ਸਿੰਘ ਪੰਧੇਰ ਪ੍ਰੀਤਮ ਸਿੱਧੂ, ਸਾਥੀ ਲੁਧਿਆਣਵੀ, ਪ੍ਰੋ. ਗੁਰਦਿਆਲ ਸਿੰਘ, ਡਾ. ਦਲਜੀਤ ਸਿੰਘ, ਡਾ. ਕੁਲਦੀਪ ਸਿੰਘ ਧੀਰ, ਡਾ. ਵਿਦਵਾਨ ਸਿੰਘ ਸੋਨੀ, ਡਾ. ਅਨੂਪ ਸਿੰਘ, ਡਾ. ਸੁਰਿੰਦਰ ਸਿੰਘ ਮੰਡ ਅਤੇ ਨਿੰਦਰ ਘੁਗਿਆਣਵੀ ਸਮਕਾਲੀ ਯੁਗ ਦੇ ਕੁਝ ਹੋਰ ਪ੍ਰਮੁੱਖ ਨਿਬੰਧਕਾਰ ਹਨ।

**ਪ੍ਰਸ਼ਨ**

**ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।**

1. ਪੰਜਾਬੀ ਦੀ ਨਿਬੰਧ ਸਾਹਿਤ ਪਰੰਪਰਾ ਉਤੇ ਇਕ ਵਿਸ਼ਲੇਸ਼ਣਾਤਮਕ ਨੋਟ ਲਿਖੋ।
2. ਪ੍ਰੋ. ਪੂਰਨ ਸਿੰਘ, ਪ੍ਰਿੰਸੀਪਲ ਤੇਜਾ ਸਿੰਘ ਅਤੇ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਨਿਬੰਧ ਕਲਾ ਦਾ ਤੁਲਨਾਤਮਕ ਅਧਿਐਨ ਕਰੋ।

## ਛੋਟੇ ਪ੍ਰਸ਼ਨ

1. ਨਿਬੰਧ ਦੀ ਪਰਿਭਾਸ਼ਾ ਲਿਖੋ ਅਤੇ ਇਸ ਨੂੰ ਵਾਰਤਕ ਸਾਹਿਤ ਦੇ ਹੋਰ ਰੂਪਾਂ ਤੋਂ ਨਿਖੇੜੋ।
2. ਪ੍ਰਿੰਸੀਪਲ ਤੇਜਾ ਸਿੰਘ ਦੇ ਚਾਰ ਨਿਬੰਧ-ਸੰਗ੍ਰਹਾਂ ਦੇ ਨਾਮ ਲਿਖੋ।
3. ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਸੰਗ੍ਰਹਾਂ ਦੇ ਨਾਮ ਲਿਖੋ।
4. 'ਖੁੱਲ੍ਹੇ ਲੇਖ' ਕਿਸ ਨਿਬੰਧਕਾਰ ਦੀ ਰਚਨਾ ਹਨ ?
5. 'ਨਿਬੰਧ' ਅਤੇ 'ਲੇਖ' ਵਿਚ ਕੀ ਅੰਤਰ ਹੈ ?

ਪਾਠ ਨੰ. : 2.7 -ਡਾ. ਰਾਜਿੰਦਰਪਾਲ ਸਿੰਘ

## ਪੰਜਾਬੀ ਜੀਵਨੀ ਅਤੇ ਸਵੈ-ਜੀਵਨੀ ਸਾਹਿਤ : ਆਰੰਭ ਤੇ ਵਿਕਾਸ

**ਪਾਠ ਦਾ ਉਦੇਸ਼**

ਇਸ ਪਾਠ ਦਾ ਉਦੇਸ਼ ਆਧੁਨਿਕ ਵਾਰਤਕ ਤੇ ਜੀਵਨੀ ਮੂਲਕ ਸਾਹਿਤ ਦੇ ਆਰੰਭ ਅਤੇ ਵਿਕਾਸ ਨੂੰ ਉਲੀਕਣਾ ਹੈ ਤਾਂ ਜੋ ਵਿਦਿਆਰਥੀ ਜੀਵਨੀ ਸਾਹਿਤ ਦੇ ਇਤਿਹਾਸ ਤੋਂ ਜਾਣੂ ਹੋ ਸਕਣ।

**ਭੂਮਿਕਾ**

ਆਧੁਨਿਕ ਜੀਵਨ ਦਾ ਮੱਧਕਾਲੀ ਜੀਵਨ ਨਾਲੋਂ ਨਿਖੇੜ ਇਸ ਗੱਲ ਉਪਰ ਵੀ ਹੈ ਕਿ ਆਧੁਨਿਕਤਾ ਵਿਚ ਮਾਨਵ ਕੇਂਦਰ ਵਿਚ ਆ ਜਾਂਦਾ ਹੈ। ਮਾਨਵ ਦੇ ਕੇਂਦਰ ਵਿਚ ਆਉਣ ਨਾਲ ਉਸ ਨੂੰ ਸਾਹਿਤ ਵਿਚ ਸਥਾਨ ਮਿਲਣ ਲਗਦਾ ਹੈ। ਵਿਅਕਤੀਗਤਤਾ ਨੂੰ ਪ੍ਰਮੁੱਖ ਸਥਾਨ ਮਿਲਣ ਨਾਲ ਸਾਹਿਤ ਦੇ ਨਿੱਜੀ ਰੂਪ ਅੱਗੇ ਆਉਂਦੇ ਹਨ ਜਿਨ੍ਹਾਂ ਵਿਚ ਜੀਵਨੀ, ਸਵੈ-ਜੀਵਨੀ, ਯਾਦਾਂ, ਸੰਸਮਰਣ, ਰੇਖਾ ਚਿੱਤਰ, ਡਾਇਰੀ, ਚਿੱਠੀਆਂ ਆਦਿ ਪ੍ਰਮੁੱਖ ਹਨ। ਹਥਲੇ ਪਾਠ ਵਿਚ ਅਸੀਂ ਪੰਜਾਬੀ ਦੇ ਜੀਵਨੀ ਅਤੇ ਸਵੈ-ਜੀਵਨੀ ਸਾਹਿਤ ਦੇ ਆਰੰਭ ਅਤੇ ਵਿਕਾਸ ਨੂੰ ਉਲੀਕਾਂਗੇ।

**ਮੂਲ ਪਾਠ :**

ਸੰਖੇਪ ਸ਼ਬਦਾਂ ਵਿਚ ਜੀਵਨੀ ਕਿਸੇ ਮਹੱਤਵਪੂਰਨ ਵਿਅਕਤੀ ਬਾਰੇ ਕਿਸੇ ਦੂਸਰੇ ਵਿਅਕਤੀ ਵੱਲੋਂ ਲਿਖਿਆ ਸਮੁੱਚਾ ਜੀਵਨ ਬਿਰਤਾਂਤ ਹੁੰਦਾ ਹੈ ਜਦੋਂ ਕਿ ਸਵੈ-ਜੀਵਨੀ ਵਿਅਕਤੀ ਵੱਲੋਂ ਆਪਣੇ ਆਪ ਬਾਰੇ ਲਿਖਿਆ ਜੀਵਨ ਬਿਰਤਾਂਤ ਹੁੰਦਾ ਹੈ। ਆਧੁਨਿਕ ਪੰਜਾਬੀ ਸਾਹਿਤ ਵਿਚ ਜੀਵਨੀ ਅਤੇ ਸਵੈ-ਜੀਵਨੀ ਦੋਹਾਂ ਸਾਹਿਤ ਰੂਪਾਂ ਦਾ ਹੀ ਪ੍ਰਚਲਨ ਹੈ।

**ਸਵੈ-ਜੀਵਨੀ :**

ਮੱਧਕਾਲ ਵਿਚ ਵਿਅਕਤੀ ਆਪਣੇ ਜੀਵਨ ਨੂੰ ਧਾਰਮਿਕ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਬਹੁਤ ਮਹੱਤਵਪੂਰਨ ਨਹੀਂ ਸਮਝਦਾ ਸੀ ਪਰੰਤੂ ਆਧੁਨਿਕ ਮਨੁੱਖ ਆਪਣੇ ਜੀਵਨ ਨੂੰ ਪ੍ਰਗਟਾਉਣਾ ਚਾਹੁੰਦਾ ਹੈ। ਇਸੇ ਲਈ ਸਵੈ-ਜੀਵਨੀ ਸਾਹਿਤ ਦਾ ਵਿਕਾਸ ਹੁੰਦਾ ਹੈ। ਪੰਜਾਬੀ ਵਿਚ ਉਪਲੱਬਧ ਸਵੈ-ਜੀਵਨੀਆਂ ਕੇਵਲ ਲੇਖਕਾਂ ਦੀਆਂ ਹੀ ਨਹੀਂ ਹਨ ਸਗੋਂ ਇਸ ਵਿਚ ਖਿਡਾਰੀ, ਕਲਾਕਾਰ, ਸਿਆਸੀ ਨੇਤਾ ਅਤੇ ਅਫ਼ਸਰ ਵੀ ਸ਼ਾਮਲ ਹਨ।

ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਦੀ ਸਵੈ ਜੀਵਨੀ **ਮੇਰੀ ਦੁਨੀਆਂ** (1949) ਪ੍ਰਕਾਸ਼ਤ ਹੋਣ ਨਾਲ ਪੰਜਾਬੀ ਵਿਚ ਸਵੈ ਜੀਵਨੀ ਸਾਹਿਤ ਦਾ ਮੁੱਢ ਬੱਝਦਾ ਹੈ। ਇਸ ਨੂੰ ਉਸ ਨੇ ਪੰਜਾਂ ਭਾਗਾਂ ਵਿਚ ਬਚਪਨ ਤੋਂ ਜੁਆਨੀ, ਜੀਵਨ ਰਾਹਾਂ 'ਤੇ ਮਿਲੇ ਕੁਝ ਵਿਅਕਤੀ, ਸੰਨ ਸੰਤਾਲੀ ਦੇ ਅਸਰਾਂ ਹੇਠ, ਫੁਟਕਲ ਅਤੇ ਮੇਰਾ ਘਰੋਗੀ ਜੀਵਨ ਵਿਚ ਵੰਡਿਆ ਹੈ। ਲੇਖਕ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਉਹ ਕੁਝ ਵਿਸ਼ੇਸ਼ ਹੈ। ਇਸੇ ਲਈ ਉਹ ਲਿਖਦਾ ਹੈ :

''ਜਿਹੜਾ ਆਦਮੀ ਆਪਣੇ ਮੁੱਢਲੇ ਦਿਨੀਂ 'ਜ਼ੀਰੋ' ਤੋਂ ਵੱਧ ਕੁਝ ਨਹੀਂ ਸੀ, ਉਸਨੂੰ ਜੇ ਘਟਨਾਵਾਂ ਜਾਂ ਪ੍ਰਸਥਿਤੀਆਂ ਨੇ 'ਜ਼ੀਰੋ' ਤੋਂ 'ਹਿੰਦਸਾ ਬਣਾ ਦਿੱਤਾ, ਤਾਂ ਅਵੱਸ਼ ਹੀ ਇਹਨਾਂ ਨੂੰ ਪੜ੍ਹ ਕੇ ਮੇਰੇ ਪਾਠਕਾਂ ਨੂੰ ਕੁਝ ਨਾ ਕੁਝ ਲਾਭ ਪਹੁੰਚੇਗਾ, ਐਸਾ ਹੀ ਮੇਰਾ ਖ਼ਿਆਲ ਹੈ।'' ਇਸ ਸਵੈ ਜੀਵਨੀ ਨੇ ਜੀਵਨੀ ਸਾਹਿਤ ਦਾ ਆਰੰਭ ਹੀ ਨਹੀਂ ਕੀਤਾ ਸਗੋਂ ਇਸ ਲਈ ਇਕ ਸਾਹਿਤਕ ਮਿਆਰ ਵੀ ਨਿਸ਼ਚਿਤ ਕਰ ਦਿੱਤਾ ਸੀ। ਇਸ ਸਵੈ ਜੀਵਨੀ ਦੇ ਸਾਹਮਣੇ ਆਉਣ ਨਾਲ ਪਾਠਕ ਲੇਖਕ ਦੇ ਸਾਹਿਤਕ ਪਾਤਰਾਂ ਦੇ ਪਿਛੋਕੜ ਵੀ ਸਮਝਣ ਦੇ ਯੋਗ ਹੋ ਜਾਂਦਾ ਹੈ। ਇਸ ਸਵੈ-ਜੀਵਨੀ ਵਿਚ ਇਤਿਹਾਸਕ ਤੱਥਾਂ ਦੀ ਥਾਵੇਂ ਗਾਲਪਨਿਕ ਰਸ ਵਧੇਰੇ ਹੈ।

ਪ੍ਰਿੰਸੀਪਲ ਤੇਜਾ ਸਿੰਘ ਦੀ **ਆਰਸੀ** 1952 ਵਿਚ ਪ੍ਰਕਾਸ਼ਤ ਹੋਣ ਨਾਲ ਸਵੈ ਜੀਵਨੀ ਸਾਹਿਤ ਅੱਗੇ ਤੁਰਦਾ ਹੈ। ਲੇਖਕ ਨੇ ਆਪਣੀ ਸਵੈ ਜੀਵਨੀ ਦੇ ਸਿਰਲੇਖ ਲਈ ਭਾਈ ਗੁਰਦਾਸ ਦੀ ਕਾਵਿ-ਪੰਕਤੀ ਨੂੰ ਆਧਾਰ ਬਣਾਇਆ ਹੈ। ''ਆਪਨੜੈ ਹਥਿ ਆਰਸੀ ਆਪੇ ਹੀ ਵੇਖੈ''। ਅਸਲ ਵਿਚ ਪ੍ਰਿੰਸੀਪਲ ਤੇਜਾ ਸਿੰਘ ਜੀ ਪ੍ਰਸਿੱਧ ਅਧਿਆਪਕ, ਗੁਰਬਾਣੀ ਗਿਆਤਾ ਅਤੇ ਨਿਬੰਧਕਾਰ ਹੀ ਨਹੀਂ ਸਨ ਸਗੋਂ ਉਹ ਸਾਹਿਤ ਦੇ ਪਾਰਖੂ ਵੀ ਸਨ। ਇਸ ਕਾਰਨ ਉਹ ਕੇਵਲ ਸਵੈ ਜੀਵਨੀ

ਲੇਖਕ ਹੀ ਨਹੀਂ ਰਹੇ ਸਗੋਂ ਸਵੈ ਜੀਵਨੀ ਲਿਖਣ ਦੇ ਮਿਆਰ ਵੀ ਸਥਾਪਤ ਕਰ ਰਹੇ ਸਨ। ਆਰੰਭ ਵਿਚ ਹੀ ਉਹ ਪ੍ਰਾਰਥਨਾ ਲਿਖਦਿਆਂ ਸਪੱਸ਼ਟ ਕਰਦੇ ਹਨ ਕਿ ਸਵੈ ਜੀਵਨੀ ਵਿਚ ਸੱਚ ਹੋਣਾ ਚਾਹੀਦਾ ਹੈ ਪਰ ਦੂਸਰੇ ਦਾ ਦਿਲ ਦੁਖਾਉਣ ਵਾਲੀਆਂ ਗੱਲਾਂ ਨਹੀਂ ਆਉਣੀਆਂ ਚਾਹੀਦੀਆਂ। ਇਸੇ ਕਰਕੇ ਉਹ ਲਿਖਦੇ ਹਨ :

''ਮੇਰੇ ਰੱਬ ਜੀ! ਮੇਰੀ ਯਾਦ ਦੀ ਆਰਸੀ ਸਾਫ਼ ਕਰਕੇ ਰੱਖਣੀ। ਮੈਥੋਂ ਆਪਦੇ ਬਾਰੇ ਬਹੁਤ ਗੱਲਾਂ ਨਾ ਅਖਵਾਉਣੀਆਂ, ਸਗੋਂ ਬਹੁਤ ਕੁਝ ਉਹਨਾਂ ਘਟਨਾਵਾਂ ਅਤੇ ਵਿਅਕਤੀਆਂ ਸੰਬੰਧੀ ਲਿਖਵਾਉਣਾ ਜਿਨ੍ਹਾਂ ਤੋਂ ਮੈਂ ਪ੍ਰਭਾਵਿਤ ਹੋਇਆ ਹਾਂ। ਸਮਰੱਥਾ ਬਖਸ਼ੋ ਕਿ ਜੋ ਕੁਝ ਮੈਂ ਲਿਖਾਂ ਸੱਚੋ ਸੱਚ ਹੋਵੇ, ਪਰ ਇਸ ਲਿਖਣ ਵਿਚ ਕੋਈ ਕੁੜਤਣ, ਲਾਗਤਬਾਜ਼ੀ ਜਾਂ ਦਿਲ-ਦੁਖਾਵੀ ਗੱਲ ਨਾ ਆ ਪਵੇ।''

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਆਪਣੇ ਸਵੈ ਜੀਵਨੀ ਤਿੰਨ ਭਾਗਾਂ ਵਿਚ ਲਿਖੀ ਹੈ। **ਮੇਰੀ ਜੀਵਨ ਕਹਾਣੀ- ਭਾਗ ਪਹਿਲਾ (1949), ਮੰਜ਼ਲ ਦਿਸ ਪਈ - ਭਾਗ ਦੂਜਾ (1964) ਅਤੇ ਮੇਰੀ ਜੀਵਨ ਕਹਾਣੀ - ਭਾਗ ਤੀਜਾ (1978)** ਇਸ ਦੇ ਪਹਿਲੇ ਦੋ ਭਾਗ ਲੇਖਕ ਦੇ ਜਿਉਂਦੇ ਜੀਅ ਹੀ ਛਪ ਗਏ ਸਨ ਅਤੇ ਤੀਜਾ ਮੌਤ ਉਪਰੰਤ ਛਪਿਆ ਹੈ। ਪਹਿਲੇ ਭਾਗ ਵਿਚ ਬਚਪਨ ਅਤੇ ਦੂਜੇ ਵਿਚ ਜਵਾਨੀ ਦੀਆਂ ਘਟਨਾਵਾਂ ਦਾ ਵਰਣਨ ਹੈ ਜਦੋਂ ਕਿ ਤੀਸਰੇ ਭਾਗ ਵਿਚ ਲੇਖਕ ਦੇ ਪ੍ਰੌਢ ਅਨੁਭਵ ਸ਼ਾਮਲ ਹਨ। ਅਸੀਂ ਜਾਣਦੇ ਹਾਂ ਕਿ ਆਧੁਨਿਕ ਪੰਜਾਬੀ ਵਾਰਤਕ ਦਾ ਗੁਰਬਖ਼ਸ਼ ਸਿੰਘ ਪ੍ਰਮੁੱਖ ਸ਼ੈਲੀਕਾਰ ਹੈ। ਇਸ ਲਈ ਉਸ ਦੀ ਸਵੈ ਜੀਵਨੀ ਵਿਚ ਉਸ ਦੀ ਸ਼ੈਲੀ ਦੇ ਸਾਰੇ ਰੰਗ ਮਿਲ ਜਾਂਦੇ ਹਨ ਜਿਨ੍ਹਾਂ ਨਾਲ ਸਵੈ ਜੀਵਨੀ ਉਸ ਦੀ ਵਾਰਤਕ ਸ਼ੈਲੀ ਦਾ ਪ੍ਰਤਿਨਿਧ ਨਮੂਨਾ ਵੀ ਬਣ ਜਾਂਦੀ ਹੈ।

**ਕੁਝ ਹੱਡ ਬੀਤੀ, ਕੁਝ ਜੱਗ ਬੀਤੀ** ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਪਹਿਲੇ ਮੈਨੇਜਰ ਨਰਾਇਣ ਸਿੰਘ ਦੀ ਸਵੈ ਜੀਵਨੀ ਹੈ। ਇਹ ਰਚਨਾ ਇਕ ਪੱਖ ਤੋਂ ਇਤਿਹਾਸਕ ਦਸਤਾਵੇਜ਼ ਹੈ, ਇਸੇ ਪੱਖ ਤੋਂ ਇਹ ਰਚਨਾ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ। ਦੇਸ਼ ਦੀ ਆਜ਼ਾਦੀ ਸੰਗਰਾਮ ਦੇ ਦੇਸ਼ ਭਗਤ ਤੇ ਗਦਰ ਪਾਰਟੀ ਦੇ ਮੋਢੀ ਸੋਹਣ ਸਿੰਘ ਭਕਨਾ ਦੀ ਸਵੈ ਜੀਵਨੀ **ਜੀਵਨ ਸੰਗਰਾਮ** 1967 ਵਿਚ ਪ੍ਰਕਾਸ਼ਤ ਹੋਈ। ਇਹ ਸਵੈ ਜੀਵਨੀ ਆਪਣੇ ਆਪ ਵਿਚ ਪੰਜਾਬ ਦਾ ਇਤਿਹਾਸ ਹੈ। ਇਸ ਬਾਰੇ ਡਾ. ਧਰਮ ਚੰਦ ਵਾਤਿਸ਼ ਲਿਖਦੇ ਹਨ 'ਜੀਵਨ ਸੰਗਰਾਮ ਇਕ ਦੇਸ਼ ਭਗਤ ਵੱਲੋਂ ਸਾਧਾਰਨ ਸ਼ੈਲੀ ਪਰ ਇਮਾਨਦਾਰੀ ਨਾਲ ਲਿਖੀ ਅਜਿਹੀ ਰਚਨਾ ਹੈ ਜੋ ਪਾਠਕ ਨੂੰ ਜੀਵਨ ਸੰਘਰਸ਼ ਵੱਲ ਪ੍ਰੇਰਿਤ ਕਰਦੀ ਹੈ। ਅਰਜਣ ਸਿੰਘ ਗੜਗੱਜ ਦੀ ਸਵੈ ਜੀਵਨੀ **ਮੇਰਾ ਆਪਣਾ ਆਪ** 1962 ਵਿਚ ਲਿਖੀ ਗਈ ਸੀ। 1963 ਵਿਚ ਲੇਖਕ ਦੀ ਮੌਤ ਹੋ ਗਈ ਪਰ ਇਹ 1969 ਵਿਚ ਛਪਦੀ ਹੈ। ਇਸ ਸਵੈ ਜੀਵਨੀ ਦਾ ਲੇਖਕ ਦੇਸ਼ ਭਗਤ ਅਤੇ ਸਮਾਜਵਾਦੀ ਵਿਚਾਰਧਾਰਾ ਨੂੰ ਪ੍ਰਣਾਇਆ ਹੋਇਆ ਹੈ। ਇਸ ਕਾਰਨ ਉਸ ਦੀ ਰਚਨਾ ਵਿਸ਼ੇਸ਼ ਰਾਜਨੀਤਿਕ ਅਤੇ ਇਤਿਹਾਸਕ ਮਹੱਤਵ ਦੀ ਧਾਰਨੀ ਹੈ। ਇਸੇ ਪ੍ਰਕਾਰ ਪ੍ਰਿੰਸੀਪਲ ਨਿਰੰਜਣ ਸਿੰਘ ਦੀ ਸਵੈ ਜੀਵਨੀ **ਜੀਵਨ ਵਿਕਾਸ** 1970 ਵਿਚ ਛਪਦੀ ਹੈ। ਇਥੇ ਯਾਦ ਰੱਖਣ ਯੋਗ ਹੈ ਕਿ ਪ੍ਰਿੰਸੀਪਲ ਨਿਰੰਜਣ ਸਿੰਘ ਪ੍ਰਸਿੱਧ ਸਿੱਖ ਨੇਤਾ ਮਾਸਟਰ ਤਾਰਾ ਸਿੰਘ ਦਾ ਭਰਾ ਸੀ। ਇਸ ਪ੍ਰਕਾਰ ਇਹ ਰਚਨਾ ਕੇਵਲ ਇਕ ਅਧਿਆਪਕ ਅਤੇ ਪ੍ਰਬੰਧਕ ਦੀ ਹੀ ਸਵੈ ਜੀਵਨੀ ਨਹੀਂ ਹੈ ਸਗੋਂ ਪੰਜਾਬ ਦੇ ਸਮਕਾਲੀ ਧਾਰਮਕ ਅਤੇ ਰਾਜਨੀਤਿਕ ਵਾਕਿਆਤ ਦਾ ਅੱਖੀਂ ਡਿੱਠਾ ਹਾਲ ਵੀ ਹੈ। ਪੰਜਾਬੀ ਦੇ ਪ੍ਰਸਿੱਧ ਕਵੀ ਅਤੇ ਆਜ਼ਾਦੀ ਸੰਗਰਾਮੀਏ ਅਵਤਾਰ ਸਿੰਘ ਆਜ਼ਾਦ ਦੀ ਸਵੈ ਜੀਵਨੀ **ਯੁਗ ਜੋ ਬੀਤ ਗਿਆ** ਉਸ ਦੇ ਮਰਨ ਉਪਰੰਤ ਉਸ ਦੇ ਪੁੱਤਰ ਅਵਿਨਾਸ਼ ਸਿੰਘ ਆਜ਼ਾਦ ਨੇ ਛਪਾਈ ਹੈ। ਇਸ ਦੀ ਅੰਤਿਕਾ ਅਤੇ ਭੂਮਿਕਾ ਵੀ ਉਸੇ ਨੇ ਲਿਖੀ ਹੈ। ਇਹ ਪੁਸਤਕ ਦੀ ਸ਼ੈਲੀ ਸਪੱਸ਼ਟ ਅਤੇ ਰਵਾਨਗੀ ਭਰਪੂਰ ਹੈ। ਪ੍ਰਸਿੱਧ ਆਜ਼ਾਦੀ ਗੁਲਾਟੀਏ ਅਤੇ ਕਿਰਤੀ ਕਿਸਾਨ ਪਾਰਟੀ ਦੇ ਆਗੂ ਗੁਰਚਰਨ ਸਿੰਘ ਸਹਿੰਸਰਾ ਦੀ ਸਵੈ-ਜੀਵਨੀ 'ਉਹ ਵੀ ਦਿਨ ਸਨ' ਪਹਿਲੀ ਵਾਰ 1973 ਵਿਚ ਛਪਦੀ ਹੈ। ਇਸ ਦਾ ਦੂਜਾ ਐਡੀਸ਼ਨ 1980 ਵਿਚ ਛਪਦਾ ਹੈ ਜਿਸ ਵਿਚ ਕੁਝ ਨਵੇਂ ਅਧਿਆਇ ਵੀ ਸ਼ਾਮਿਲ ਹਨ। ਅਸਲ ਵਿਚ ਇਹ ਕੇਵਲ ਸਵੈ ਜੀਵਨੀ ਹੀ ਨਹੀਂ ਸਗੋਂ ਕਿਰਤੀ ਕਿਸਾਨ ਪਾਰਟੀ ਦਾ ਇਤਿਹਾਸਕ ਦਸਤਾਵੇਜ਼ ਵੀ ਹੈ। ਇਸ ਵਿਚ ਆਜ਼ਾਦੀ ਦੀ ਲਹਿਰ ਦਾ ਬਿਰਤਾਂਤ ਹੈ।

ਸਿਆਸੀ ਪਾਰਟੀਆਂ ਦੇ ਨਾਲੋਂ ਨਾਲ ਕਲਾਕਾਰਾਂ ਅਤੇ ਖਿਡਾਰੀਆਂ ਨੇ ਵੀ ਆਪਣੀਆਂ ਸਵੈ ਜੀਵਨੀਆਂ ਲਿਖੀਆਂ ਹਨ। ਪ੍ਰਸਿੱਧ ਫ਼ਿਲਮ ਅਭਿਨੇਤਾ ਬਲਰਾਜ ਸਾਹਨੀ, ਪੰਜਾਬੀ ਦਾ ਇਕ ਚੰਗਾ ਵਾਰਤਕ ਲਿਖਾਰੀ ਵੀ ਸੀ। ਉਸ ਨੇ ਆਪਣੀ ਸਵੈ ਜੀਵਨੀ ਦਾ ਨਾਂ ਹੀ **ਮੇਰੀ ਫ਼ਿਲਮੀ ਆਤਮ ਕਥਾ** ਰੱਖਿਆ ਸੀ ਜੋ 1947 ਵਿਚ ਪ੍ਰਕਾਸ਼ਤ ਹੋਈ। ਇਸ ਸਵੈ ਜੀਵਨੀ ਨੂੰ ਲੇਖਕ ਨੇ ਅੰਗਰੇਜ਼ ਕਾਲ ਅਤੇ ਸੁਤੰਤਰਤਾ ਕਾਲ ਦੋ ਭਾਗਾਂ ਵਿਚ ਵੰਡਿਆ ਹੈ। ਅਸਲ ਵਿਚ ਇਹ ਸਵੈ ਜੀਵਨੀ ਕੇਵਲ ਲੇਖਕ ਦੇ ਜੀਵਨ ਉਪਰ ਝਾਤ ਹੀ ਨਹੀਂ ਪਵਾਉਂਦੀ ਸਗੋਂ ਫ਼ਿਲਮੀ ਦੁਨੀਆਂ ਦੇ ਅੰਦਰਲੇ ਭੇਦਾਂ ਅਤੇ ਪ੍ਰਗਤੀਵਾਦੀ

ਸਾਹਿਤਕ ਦ੍ਰਿਸ਼ 'ਤੇ ਵੀ ਟਿੱਪਣੀ ਕਰਦੀ ਹੈ। ਇਸ ਆਤਮਕਥਾ ਵਿਚ ਇਕ ਸੰਵੇਦਨਸ਼ੀਲ ਕਲਾਕਾਰ ਦਾ ਆਤਮ ਚਿੱਤਰ ਪੇਸ਼ ਹੋਇਆ ਹੈ। ਪ੍ਰਸਿੱਧ ਪਹਿਲਵਾਨ ਤੋਂ ਫ਼ਿਲਮੀ ਕਲਾਕਾਰ ਬਣੇ ਪਹਿਲਵਾਨ ਦਾਰਾ ਸਿੰਘ ਦੀ ਸਵੈ ਜੀਵਨੀ **ਮੇਰੀ ਆਤਮ ਕਥਾ** ਵੀ ਪ੍ਰਕਾਸ਼ਤ ਹੋ ਚੁੱਕੀ ਹੈ। ਇਸੇ ਪ੍ਰਕਾਰ ਫ਼ਲਾਇੰਗ ਸਿੱਖ ਮਿਲਖਾ ਸਿੰਘ ਦੀ ਸਵੈ ਜੀਵਨੀ **ਫਲਾਇੰਗ ਸਿੱਖ ਮਿਲਖਾ ਸਿੰਘ** ਵੀ ਪ੍ਰਕਾਸ਼ਤ ਹੋ ਚੁੱਕੀ ਹੈ। ਅਸਲ ਵਿਚ ਇਹ ਸਵੈ ਜੀਵਨੀ ਆਮ ਸਵੈ ਜੀਵਨੀਆਂ ਦੇ ਮੁਕਾਬਲਤਨ ਵੱਖਰੇ ਢੰਗ ਨਾਲ ਲਿਖੀ ਹੋਈ ਹੈ। ਇਸ ਸਵੈ ਜੀਵਨੀ ਦੇ 23 ਕਾਂਡ ਹਨ। ਪਹਿਲੇ ਦਸ ਅਧਿਆਇ ਜੀਵਨ ਚਿੱਤਰਦੇ ਹਨ। ਗਿਆਰਵੇਂ ਤੋਂ ਲੈ ਕੇ ਵੀਹਵੇਂ ਤਕ ਖਿਡਾਰੀਆਂ ਨੂੰ ਸੁਝਾਅ ਹਨ। ਇਕੀਵਾਂ ਕਾਂਡ ਇੰਟਰਵਿਊ ਹੈ। ਬਾਈਵਾਂ ਕਾਂਡ ਤਰਸੇਮ ਪੁਰੇਵਾਲ ਵੱਲੋਂ ਲਿਖਿਆ ਇਕ ਰੇਖਾ ਚਿੱਤਰ ਹੈ ਅਤੇ ਤੇਈਵਾਂ ਕਾਂਡ ਮਨਮੋਹਨ ਸਿੰਘ ਵਲੋਂ ਲਿਖਿਆ ਹੈ। ਸ਼ਾਇਦ ਇਸ ਪੁਸਤਕ ਦਾ ਲਿਖਾਰੀ ਭਾਵ ਕਲਮਬੱਧ ਕਰਨ ਵਾਲਾ ਕੋਈ ਹੋਰ ਸੱਜਣ ਹੋਵੇ। ਡਾ. ਧਰਮ ਚੰਦ ਵਾਤਿਸ਼ ਅਨੁਸਾਰ ਇਸ ਆਤਮ ਕਥਾ ਨੂੰ ਸ਼ੈਲੀਗਤ ਰੰਗਤ ਦੇਣ ਦਾ ਕੰਮ ਪਾਸ਼ ਅਤੇ ਤਰਸੇਮ ਪੁਰੇਵਾਲ ਨੇ ਨਿਭਾਇਆ ਹੋਵੇਗਾ ਕਿਉਂਕਿ ਲੇਖਕ ਇਸ ਪੁਸਤਕ ਨੂੰ ਸਿਰੇ ਚੜ੍ਹਾਉਣ ਵਿਚ ਇਨ੍ਹਾਂ ਦੋਵੇਂ ਵਿਅਕਤੀਆਂ ਦਾ ਧੰਨਵਾਦ ਕਰਦਾ ਹੈ।

ਔਰਤ ਲੇਖਕਾਵਾਂ ਵਿਚੋਂ **ਰਸੀਦੀ ਟਿਕਟ** ਲਿਖ ਕੇ ਅੰਮ੍ਰਿਤਾ ਪ੍ਰੀਤਮ ਨੇ ਪਹਿਲ ਕੀਤੀ। 1976 ਵਿਚ ਪਹਿਲੀ ਵਾਰ ਪ੍ਰਕਾਸ਼ਤ ਹੋਈ ਇਸ ਸਵੈ ਜੀਵਨੀ ਵਿਚ ਉਸ ਨੇ ਕੇਵਲ ਸਵੈ ਜੀਵਨੀ ਹੀ ਨਹੀਂ ਲਿਖੀ ਸਗੋਂ ਸਵੈ ਜੀਵਨੀ ਵਿਧਾ ਦੇ ਬਾਰੇ ਵੀ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਉਹ ਲਿਖਦੀ ਹੈ ਕਿ 'ਇਹ ਲੇਖਕ ਦਾ ਆਪਣੇ ਘਰ ਵਿਚ ਪਾਠਕ ਨੂੰ ਨਿੱਜੀ ਬੁਲਾਵਾ ਹੁੰਦਾ ਹੈ। ਸੰਗ ਸੰਕੋਚ ਦੀ ਦਹਿਲੀਜ਼ ਤੋਂ ਅੰਦਰਵਾਰ।' ਉਸ ਨੇ ਇਸੇ ਰੂਪਕ ਨੂੰ ਹੋਰ ਅੱਗੇ ਵਧਾਉਂਦਿਆਂ ਲਿਖਿਆ ਹੈ ''ਇਹ ਦੇ ਵਿਚ ਝੂਠ, ਮਹਿਮਾਨ ਦੀ ਨਹੀਂ ਮੇਜ਼ਮਾਨ ਦੀ ਆਪਣੀ ਹੱਤਕ ਹੁੰਦੀ ਹੈ।'' ਸੋ ਇਕ ਤਰ੍ਹਾਂ ਨਾਲ ਉਹ ਇਸ ਨੂੰ ਸਚਾਈ ਪ੍ਰਗਟ ਕਰਨ ਦੀ ਵਿਧਾ ਮੰਨਦੀ ਹੈ। ਇਸ ਸਵੈ ਜੀਵਨੀ ਵਿਚ ਮੁੱਖ ਤੌਰ 'ਤੇ ਉਸ ਨੇ ਆਪਣਾ ਜੀਵਨ ਪ੍ਰਗਟ ਕਰਨ ਦੇ ਨਾਲ-ਨਾਲ ਆਪਣੀ ਜੀਵਨ ਸ਼ੈਲੀ ਨੂੰ ਜਾਇਜ਼ਤਾ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ। ਇਸ ਜੀਵਨੀ ਵਿਚ ਉਸ ਦੀ ਕਾਵਿ-ਮਈ ਵਾਰਤਕ ਸ਼ੈਲੀ ਦੇ ਸੁੰਦਰ ਝਲਕਾਰੇ ਹਨ। ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਔਰਤ ਲੇਖਕਾਵਾਂ ਵਿਚੋਂ ਦਲੀਪ ਕੌਰ ਟਿਵਾਣਾ ਦੀ ਸਵੈ ਜੀਵਨੀ **'ਨੰਗੇ ਪੈਰਾਂ ਦਾ ਸਫ਼ਰ'** 1980 ਵਿਚ ਪ੍ਰਕਾਸ਼ਤ ਹੁੰਦੀ ਹੈ। ਇਸ ਪੁਸਤਕ ਦੇ ਸਰਵਰਕ ਉਪਰ ਦਿੱਤੀ ਜਾਣਕਾਰੀ ਅਨੁਸਾਰ ਹੀ ਇਸ ਦੇ ਅੱਗੋਂ ਤਿੰਨ ਭਾਗ ਹੋਰ ਸਿਖ਼ਰ ਦੁਪਹਿਰੇ, ਆਪਣੀ ਛਾਵੇਂ ਤੇ ਤੁਰਦਿਆਂ ਤੁਰਦਿਆਂ ਪ੍ਰਕਾਸ਼ਤ ਹੋਣੇ ਹਨ। ਇਹ ਪੁਸਤਕ **'ਨੰਗੇ ਪੈਰਾਂ ਦਾ ਸਫ਼ਰ'** ਉਸ ਦੇ ਬਚਪਨ ਤੋਂ ਲੈ ਕੇ ਪੀ-ਐੱਚ.ਡੀ. ਤਕ ਦੀ ਪੜ੍ਹਾਈ ਨੂੰ ਕਲੇਵਰ ਵਿਚ ਲੈਂਦਿਆਂ ਉਸ ਦੇ ਲੈਕਚਰਾਰ ਲੱਗ ਜਾਣ ਨਾਲ ਅਤੇ ਪਹਿਲੇ ਪਤੀ ਤੋਂ ਤਲਾਕ ਲੈਣ ਨਾਲ ਖ਼ਤਮ ਹੁੰਦੀ ਹੈ। ਇਸ ਸਵੈ ਜੀਵਨੀ ਵਿਚ ਲੇਖਕਾ ਦੇ ਆਪਣੇ ਸ਼ਬਦਾਂ ਵਿਚ ਇਤਿਹਾਸ ਦਰਜ ਹੈ। ਉਹ ਲਿਖਦੀ ਹੈ ਕਿ 'ਇਤਿਹਾਸ ਇਤਿਹਾਸ ਦੇ ਸਫ਼ਿਆਂ ਉਤੇ ਲਿਖੇ ਜਾਣ ਤੋਂ ਬਹੁਤ ਚਿਰ ਪਹਿਲਾਂ ਕੁਝ ਲੋਕਾਂ ਦੇ ਪਿੰਡਿਆਂ ਉਪਰ ਲਿਖਿਆ ਜਾਂਦਾ ਹੈ।' ਇਹ ਸਵੈ ਜੀਵਨੀ ਇਕ ਤਰ੍ਹਾਂ ਨਾਲ ਉਸ ਦੇ ਪਰਿਵਾਰਕ ਪਿਛੋਕੜ ਦੇ ਨਾਲ-ਨਾਲ ਮਲਵਈ ਸਭਿਆਚਾਰ ਖ਼ਾਸ ਕਰਕੇ ਰਿਆਸਤੀ ਇਲਾਕਿਆਂ ਦੇ ਸਰਦਾਰਾਂ ਦੇ ਸਭਿਆਚਾਰ ਦਾ ਇਤਿਹਾਸ ਵੀ ਹੈ। ਦਲੀਪ ਕੌਰ ਟਿਵਾਣਾ ਦੀ ਹੀ ਇਕ ਵੱਖਰੀ ਸਾਹਿਤਕ ਸਵੈ ਜੀਵਨੀ **'ਪੂਛਤੇ ਹੋ ਤੋ ਸੁਨੋ'** ਵੀ ਛਪੀ ਹੈ ਜਿਸ ਵਿਚ ਉਸ ਨੇ ਜ਼ਿਆਦਾਤਰ ਸਾਹਿਤਕ ਜੀਵਨ ਬਾਰੇ ਦੱਸਿਆ ਹੈ। ਇਸਤਰੀ ਲੇਖਕਾਵਾਂ ਵਿਚੋਂ ਹੀ ਅਜੀਤ ਕੌਰ ਦੀ ਸਵੈ ਜੀਵਨੀ **'ਖ਼ਾਨਾਬਦੋਸ਼'** 1982 ਵਿਚ ਛਪਦੀ ਹੈ। ਇਹ ਸਵੈ ਜੀਵਨੀ ਸਵੈ ਜੀਵਨੀ ਦੀ ਆਮ ਜਾਣੀ ਪਛਾਣੀ ਘਟਨਾਵਾਂ ਬਿਆਨਣ ਲਈ ਕਾਲਕ੍ਰਮਿਕ ਤਕਨੀਕ ਨੂੰ ਰੱਦ ਕਰਦਿਆਂ ਗਲਪੀ ਤਕਨੀਕ ਵਿਚ ਢਲੀ ਹੋਈ ਹੈ। ਜਿਸ ਵਿਚ ਲੇਖਕਾ ਪੈਗੰਬਰੀ ਅੰਦਾਜ਼ ਵਿਚ ਆਪਣੇ ਪਾਠਕਾਂ ਨੂੰ ਜੀਵਨੀ ਦਸਤਾਵੇਜ਼ ਦਾਸਤਾਨ ਵਜੋਂ ਪੇਸ਼ ਕਰਦੀ ਹੈ। ਇਸ ਸਵੈ ਜੀਵਨੀ ਵਿਚ ਵੀ ਭਾਵੇਂ ਅੰਮ੍ਰਿਤਾ ਪ੍ਰੀਤਮ ਦੀ ਸਵੈ ਜੀਵਨੀ ਵਾਂਗ ਵਧੇਰੇ ਕਰਕੇ ਸਵੈ ਨੂੰ ਜਾਇਜ਼ ਠਹਿਰਾਇਆ ਗਿਆ ਹੈ ਪਰ ਇੱਥੇ ਵਧੇਰੇ ਜ਼ੋਰ ਆਪਣੇ ਨਿੱਜੀ ਰਿਸ਼ਤਿਆਂ ਨੂੰ ਠੀਕ ਠਹਿਰਾਉਣ 'ਤੇ ਲੱਗਿਆ ਹੈ। ਲੇਖਕਾ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਉਸ ਨੇ ਆਪਣੀ ਨਿੱਜੀ ਪੀੜਾ ਨੂੰ ਔਰਤ ਦੀ ਪੀੜਾ ਵਜੋਂ ਦਰਸਾਇਆ ਹੈ। ਅਜਿਹਾ ਕਰਦਿਆਂ ਉਸ ਨੇ ਮੁਹਾਵਰੇ ਬਣ ਜਾਣ ਵਾਲੇ ਵਾਕ ਸਿਰਜੇ ਹਨ। ਜਿਵੇਂ 'ਗੁਨਾਹਿ ਅੱਵਲ—ਔਰਤ ਹੋਣਾ। ਗੁਨਾਹਿ ਦੋਮ—ਇਕੱਲੀ ਔਰਤ। ਗੁਨਾਹਿ ਸੋਮ—ਇਕੱਲੀ ਤੇ ਆਪਣੀ ਰੋਟੀ ਆਪ ਕਮਾਉਂਦੀ ਔਰਤ। ਅਜ਼ੀਮ ਤਰੀਨ, ਆਪਣੀ ਰੋਟੀ ਆਪ ਕਮਾਂਦੀ ਜ਼ਹੀਨ, ਖ਼ੁੱਦਾਰ, ਇਕੱਲੀ ਔਰਤ ਇਸ ਦੇਵਤਿਆਂ ਦੇ ਮੁਲਕ ਹਿੰਦੁਸਤਾਨ ਵਿਚ।' **ਕੂੜਾ-ਕਬਾੜਾ** ਉਸ ਦੀ ਸਵੈ ਜੀਵਨੀ ਦਾ ਦੂਸਰਾ ਭਾਗ ਹੈ। ਬਚਿੰਤ ਕੌਰ ਦੀ ਸਵੈ ਜੀਵਨੀ **ਪਗਡੰਡੀਆਂ** ਇਹ ਦਰਸਾਉਂਦੀ ਹੈ ਕਿ ਕਿਸ ਪ੍ਰਕਾਰ ਲੇਖਿਕਾ ਹੇਠਲੀ ਸ਼੍ਰੇਣੀ ਵਿਚੋਂ ਹੋਣ ਦੇ ਬਾਵਜੂਦ ਲੰਮੇ ਸੰਘਰਸ਼ ਬਾਅਦ ਜ਼ਿੰਦਗੀ ਅਤੇ ਸਾਹਿਤਕ ਖੇਤਰ ਵਿਚ ਪ੍ਰਾਪਤੀਆਂ ਕਰਦੀ ਹੈ। ਇਸ ਸਵੈ ਜੀਵਨੀ

ਵਿਚ ਇਕ ਕੰਮਕਾਜੀ ਔਰਤ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਖੁੱਲ੍ਹ ਕੇ ਬਿਆਨ ਕੀਤਾ ਹੈ। ਆਪਣੇ ਆਪ ਵਿਚ ਇਹ ਸਵੈ ਜੀਵਨੀ ਸੰਘਰਸਸ਼ੀਲ ਔਰਤ ਦੀ ਸੁੰਦਰ ਗਾਥਾ ਹੈ। ਪ੍ਰਭਜੋਤ ਕੌਰ ਦੀ ਸਵੈ ਜੀਵਨੀ **ਜੀਣਾ ਵੀ ਇਕ ਅਦਾ ਹੈ,** ਉਚ ਵਰਗ ਦੇ ਅਫ਼ਸਰੀ ਜੀਵਨ ਸ਼ੈਲੀ ਦੀ ਖੁੱਲ੍ਹੀ ਵਿਆਖਿਆ ਤੋਂ ਇਲਾਵਾ ਲੇਖਿਕਾ ਨੇ ਬੜੀ ਬੇਬਾਕੀ ਨਾਲ ਆਪਣੇ ਦੰਪਤੀ ਜੀਵਨ ਦੇ ਕੌੜੇ ਅਨੁਭਵਾਂ ਨੂੰ ਵੀ ਪੇਸ਼ ਕੀਤਾ ਹੈ। ਮਨਜੀਤ ਇੰਦਰਾ ਦੀ ਪੁਸਤਕ **ਤਾਰਿਆਂ ਦਾ ਛੱਜ** ਭਾਵੇਂ ਮੋਹਨ ਸਿੰਘ ਨਾਲ ਸੰਬੰਧਤ ਯਾਦਾਂ ਨੂੰ ਪ੍ਰਮੁੱਖ ਰੂਪ ਵਿਚ ਚਿਤਰਦੀ ਹੈ ਪਰ ਇਹ ਮੋਹਨ ਸਿੰਘ ਦੀ ਜੀਵਨੀ ਅਤੇ ਮਨਜੀਤ ਇੰਦਰਾ ਦੀ ਸਵੈ ਜੀਵਨੀ ਵੀ ਹੋ ਨਿਬੜਦੀ ਹੈ। ਕੈਲਾਸ਼ ਪੁਰੀ ਦੀ **'ਬਾਰਿ ਜਾਉ ਲਖ ਬਰੀਆ'** ਇਕ ਵੱਡ ਆਕਾਰੀ ਰਚਨਾ ਹੈ। ਇਸ ਸਵੈ ਜੀਵਨੀ ਵਿਚ ਉਸ ਨੇ ਕੇਵਲ ਆਪਣੇ ਨਿਜੀ ਅਨੁਭਵ ਹੀ ਬਿਆਨ ਨਹੀਂ ਕੀਤੇ ਸਗੋਂ ਉਸ ਨੇ ਸਮੁੱਚੇ ਸੰਸਾਰ ਦੇ ਸਾਹਿਤਕ ਦ੍ਰਿਸ਼ ਬਾਰੇ ਵੀ ਟਿੱਪਣੀਆਂ ਕੀਤੀਆਂ ਹਨ। ਇਸ ਪੁਸਤਕ ਰਾਹੀਂ ਉਸ ਦੇ ਸਮੁੱਚੇ ਪਰਿਵਾਰ ਬਾਰੇ ਜਾਣਿਆ ਜਾ ਸਕਦਾ ਹੈ। ਸਵੈ ਜੀਵਨੀ ਸਾਹਿਤ ਵਿਚ ਪਿਛਲੇ ਕੁ ਸਮੇਂ ਤੋਂ ਔਰਤ ਲੇਖਕਾਵਾਂ ਨੇ ਖਾਸਾ ਵਾਧਾ ਕੀਤਾ ਹੈ ਪਰ ਉਨ੍ਹਾਂ ਦੀਆਂ ਬਹੁਤੀਆਂ ਸਵੈ ਜੀਵਨੀਆਂ ਵਿਚ ਸਵੈ ਨੂੰ ਜਾਇਜ਼ਤਾ ਹੀ ਬਖ਼ਸ਼ੀ ਹੈ। ਅਸਲ ਵਿਚ ਉਨ੍ਹਾਂ ਨੇ ਸਾਹਿਤਕ ਖੇਤਰ ਵਿਚ ਨਵੇਂ ਰਾਹ ਤਲਾਸ਼ੇ ਹਨ। ਇਸ ਰਾਹ ਵਿਚ ਕਈ ਕੰਡੇ ਵੀ ਉਨ੍ਹਾਂ ਨੂੰ ਚੁਗਣੇ ਪਏ ਹਨ। ਇਸ ਕਰਕੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਉਨ੍ਹਾਂ ਕੰਡਿਆਂ ਦੀ ਦਾਸਤਾਨ ਵੀ ਹੈ।

ਪੰਜਾਬੀ ਵਿਚ ਜੇ ਕਿਸੇ ਸਵੈ-ਮੂਲਕ ਜੀਵਨੀ ਰਚਨਾ ਨੇ ਸਭ ਤੋਂ ਵੱਧ ਚਰਚਾ ਖੜ੍ਹੀ ਕੀਤੀ ਹੈ ਤਾਂ ਉਹ ਬਲਵੰਤ ਗਾਰਗੀ ਦੀ ਸਵੈ ਜੀਵਨੀ **ਨੰਗੀ ਧੁੱਪ** (1980) ਹੈ। ਅਸਲ ਵਿਚ ਇਹ ਸਵੈ ਜੀਵਨੀ ਇਕ ਨਾਵਲ ਹੀ ਹੈ ਜਿਸ ਵਿਚ ਉਸ ਨੇ ਆਪਣੇ ਦੋ ਔਰਤਾਂ ਨਾਲ ਪਿਆਰ ਸੰਬੰਧਾਂ ਨੂੰ ਪ੍ਰਗਟ ਕੀਤਾ ਹੈ। ਇਸ ਨੂੰ ਸਵੈ ਜੀਵਨੀ ਤਾਂ ਮੁੱਢ ਵਿਚ ਲਿਖੇ ਦੋ ਸ਼ਬਦ ਬਣਾਉਂਦੇ ਹਨ ਜਿਸ ਵਿਚ ਉਹ ਲਿਖਦਾ ਹੈ ਕਿ ਨੰਗੀ ਧੁੱਪ ਮੇਰੇ ਜੀਵਨ 'ਤੇ ਆਧਾਰਤ ਹੈ ਅਤੇ ਉਹ ਆਪਣੇ ਮਨੋਰਥ ਬਾਰੇ ਸਪੱਸ਼ਟ ਲਿਖਦਾ ਹੈ ਕਿ ਮੇਰਾ ਮਨੋਰਥ ਤੁਹਾਨੂੰ ਤੱਥ ਦੱਸਣਾ ਨਹੀਂ ਸਗੋਂ ਸੱਚ ਦੱਸਣਾ ਹੈ। ਅਸਲ ਵਿਚ ਉਹ ਆਪਣੀ ਸਵੈ ਜੀਵਨੀ ਨੂੰ ਗਲਪੀ ਰੂਪ ਵਿਚ ਸਨਸਨੀਖੇਜ਼ ਢੰਗ ਨਾਲ ਪੇਸ਼ ਕਰਦਾ ਹੈ। ਅਜਿਹਾ ਕਰਨਾ ਠੀਕ ਹੈ ਜਾਂ ਗ਼ਲਤ ਹੈ, ਇਸ ਬਾਰੇ ਨੈਤਿਕ ਦ੍ਰਿਸ਼ਟੀਕੋਣ ਤੋਂ ਵੱਖਰੇ ਵੱਖਰੇ ਵਿਚਾਰ ਹੋ ਸਕਦੇ ਹਨ ਪਰੰਤੂ ਸਾਹਿਤਕ ਦ੍ਰਿਸ਼ਟੀ ਤੋਂ ਇਹ ਰਚਨਾ ਪਾਠਕਾਂ 'ਤੇ ਅਮਿੱਟ ਪ੍ਰਭਾਵ ਛੱਡਦੀ ਹੈ। ਕਹਾਣੀਕਾਰ ਮਹਿੰਦਰ ਸਿੰਘ ਜੋਸ਼ੀ ਦੀ ਸਵੈ ਜੀਵਨੀ **ਮੇਰੇ ਪੱਤੇ, ਮੇਰੀ ਖੇਡ** (1981) ਵਿਚ ਪ੍ਰਕਾਸ਼ਤ ਹੋਈ। ਇਹ ਪੁਸਤਕ ਇਕ ਪਾਸੇ ਕਹਾਣੀਕਾਰ ਜੋਸ਼ੀ ਦੀ ਸਾਹਿਤਕ ਸਵੈ ਜੀਵਨੀ ਹੈ ਦੂਸਰੇ ਪਾਸੇ, ਇਹ ਉਸ ਦੇ ਮੈਜਿਸਟਰੇਟੀ ਅਨੁਭਵ ਨੂੰ ਵੀ ਪ੍ਰਗਟ ਕਰਦੀ ਹੈ। ਮਲਵਈ ਭਾਸ਼ਾ ਅਤੇ ਸੰਗਠਤ ਬਣਤਰ ਇਸ ਸਵੈ ਜੀਵਨੀ ਨੂੰ ਉੱਤਮ ਸਾਹਿਤਕ ਕਿਰਤ ਬਣਾਉਂਦੀ ਹੈ। ਪ੍ਰੋ. ਸਾਹਿਬ ਸਿੰਘ ਦੀ **ਮੇਰੀ ਜੀਵਨ ਕਹਾਣੀ** (1977) ਅਤੇ ਗਿਆਨੀ ਗੁਰਬਚਨ ਸਿੰਘ ਦੀ ਸਵੈ ਜੀਵਨੀ **ਮੇਰੀ ਜੀਵਨ ਕਹਾਣੀ** (1982) ਵਿਚ ਪ੍ਰਕਾਸ਼ਤ ਹੋਈ। ਅਸਲ ਵਿਚ ਪ੍ਰੋ. ਸਾਹਿਬ ਸਿੰਘ ਦੀ ਸਵੈ ਜੀਵਨੀ ਦਾ ਨਾਂ ਹੱਡਬੀਤੀਆਂ ਸੀ ਪਰ ਇਹ ਪ੍ਰਕਾਸ਼ਕ ਨੇ ਬਦਲ ਦਿੱਤਾ। ਇਸ ਸਵੈ ਜੀਵਨੀ ਵਿਚ ਲੇਖਕ ਨੇ ਸਿੱਧੇ-ਸਾਦੇ ਜੀਵਨ ਵਿਚ ਬੜੀਆਂ ਉਚ-ਪੱਧਰ ਦੀਆਂ ਗੱਲਾਂ ਕਰਕੇ ਭਾਸ਼ਾ ਦੀ ਸਮਰਥਾ ਦਰਸਾਈ ਹੈ। ਸਵੈ ਜੀਵਨੀ ਸਾਹਿਤ ਵਿਚ ਡਾ. ਸੁਰਿੰਦਰ ਸਿੰਘ ਵਣਜਾਰਾ ਬੇਦੀ ਦੀਆਂ ਚਾਰ ਸਵੈ ਜੀਵਨੀ ਮੂਲਕ ਰਚਨਾਵਾਂ **ਅੱਧੀ ਮਿੱਟੀ ਅੱਧਾ ਸੋਨਾ (1979), ਮੇਰੇ ਰਾਹਾਂ ਦੇ ਰੰਗ (1982), ਮੇਰਾ ਨਾਨਕਾ ਪਿੰਡ (1984)** ਅਤੇ **ਗਲੀਏ ਚਿੱਕੜ ਦੂਰ ਘਰਿ (1985)** ਛਪੀਆਂ ਹਨ। ਵਣਜਾਰਾ ਬੇਦੀ ਲੋਕਧਾਰਾ ਦੇ ਖੇਤਰ ਵਿਚ ਸਥਾਪਤ ਹਸਤਾਖ਼ਰ ਹੈ। ਉਸ ਨੇ ਲੋਕਧਾਰਾ ਵਿਸ਼ਵਕੋਸ਼ ਲਿਖ ਕੇ ਇਕ ਸੰਸਥਾ ਜਿੰਨਾ ਕੰਮ ਕੀਤਾ ਹੈ। ਇਹ ਸਵੈ ਜੀਵਨੀਆਂ ਅਜਿਹੇ ਸੰਸਥਾਈ ਮਨੁੱਖ ਦੀ ਜੀਵਨ ਲੀਲ੍ਹਾ ਨੂੰ ਪੇਸ਼ ਕਰਨ ਦੇ ਨਾਲ ਨਾਲ ਲੋਕਧਾਰਾ ਦਾ ਵੀ ਅਮੁੱਕ ਖਜ਼ਾਨਾ ਹਨ। **ਅੱਧੀ ਮਿੱਟੀ ਅੱਧਾ ਸੋਨਾ** ਵਿਚ ਉਸ ਨੇ ਆਪਣੀ ਨਿੱਜੀ ਜੀਵਨ ਕਹਾਣੀ ਨੂੰ ਮਿੱਟੀ ਅਤੇ ਜੀਵਨ ਨਾਲ ਜੁੜੀ ਲੋਕਧਾਰਾ ਨੂੰ ਸੋਨਾ ਆਖਿਆ ਹੈ। ਉਸ ਦੀਆਂ ਰਚਨਾਵਾਂ ਦੀ ਇਕ ਵੱਖਰੀ ਸ਼ੈਲੀ ਹੈ। ਉਸ ਦੀਆਂ ਇਹ ਰਚਨਾਵਾਂ ਉਸ ਨੂੰ ਪੰਜਾਬੀ ਦੇ ਇਕ ਹੋਰ ਸਮਰੱਥ ਵਾਰਤਾਕਾਰ ਗਿਆਨੀ ਗੁਰਦਿੱਤ ਸਿੰਘ ਨਾਲ ਅਤੇ ਦਾਗਿਸਤਾਨੀ ਲੇਖਕ ਰਸੂਲ ਹਮਜ਼ਾਤੋਵ ਨਾਲ ਜੋੜ ਦਿੰਦੀ ਹੈ। ਮਹਿੰਦਰ ਸਿੰਘ ਰੰਧਾਵਾ ਭਾਵੇਂ ਇਕ ਸੁਯੋਗ ਪ੍ਰਬੰਧਕ ਅਤੇ ਕਲਾ ਪ੍ਰੇਮੀ ਸਨ ਪਰ ਉਹ ਖ਼ੁਦ ਵੀ ਲੇਖਕ ਸਨ। ਉਨ੍ਹਾਂ ਦੀ ਸਵੈ ਜੀਵਨੀ **'ਆਪ ਬੀਤੀ'** ਪਹਿਲੀ ਵਾਰ 1983 ਵਿਚ ਪ੍ਰਕਾਸ਼ਤ ਹੋਈ। ਦੂਜੀ ਐਡੀਸ਼ਨ 1985 ਵਿਚ ਛਪੀ ਜਿਸ ਵਿਚ ਕਈ ਕਾਂਡਾਂ ਦਾ ਵਾਧਾ ਕੀਤਾ ਹੋਇਆ ਹੈ। ਲੇਖਕ ਨੇ ਆਪਣੇ ਸਾਧਾਰਨ ਬਚਪਨ ਤੋਂ ਲੈ ਕੇ ਡਿਪਟੀ ਕਮਿਸ਼ਨਰ ਬਣਨ ਤਕ ਦੇ ਸਫ਼ਰ ਨੂੰ ਖ਼ੂਬਸੂਰਤ ਢੰਗ ਨਾਲ ਦਰਸਾਇਆ ਹੈ। ਇਹ ਪੁਸਤਕ ਪੜ੍ਹਨ ਵਾਲੇ ਨੂੰ ਬਹੁਤ ਵਧੀਆ ਢੰਗ ਨਾਲ ਮਿਹਨਤ ਕਰਨ ਲਈ ਪ੍ਰੇਰਨਾ ਦਿੰਦੀ ਹੈ। ਸਰਦਾਰਾ ਸਿੰਘ ਜੌਹਲ ਪ੍ਰਸਿੱਧ ਆਰਥਿਕ ਖੇਤੀ ਮਾਹਰ, ਵਾਈਸ-ਚਾਂਸਲਰ ਹੋਣ ਤੋਂ ਇਲਾਵਾ ਕਲਾ ਪ੍ਰੇਮੀ ਵੀ ਹਨ। ਮਹਿੰਦਰ ਸਿੰਘ ਰੰਧਾਵਾ ਵਾਂਗ

ਉਹ ਵੀ ਆਮ ਘਰ ਵਿਚੋਂ ਪੈਦਾ ਹੋ ਕੇ ਵੱਡੇ ਵਿਅਕਤੀ ਬਣੇ। ਉਨ੍ਹਾਂ ਦੀ ਸਵੈ ਜੀਵਨੀ **ਰੰਗਾਂ ਦੀ ਗਾਗਰ** ਵਿਸ਼ੇ ਪੱਖ ਤੋਂ ਬੜੀ ਪ੍ਰੇਰਨਾ ਦੇਣ ਵਾਲੀ ਹੈ। ਉਨ੍ਹਾਂ ਦੀ ਵਾਰਤਕ ਸ਼ੈਲੀ ਬੜੀ ਸਰਲ ਅਤੇ ਸਪੱਸ਼ਟ ਹੈ। ਸੋਹਣ ਸਿੰਘ ਸੀਤਲ ਨੂੰ ਭਾਵੇਂ ਬਹੁਤਾ ਸਨਮਾਨ ਢਾਡੀ ਵਜੋਂ ਮਿਲਿਆ ਪਰ ਉਹ ਉਤਮ ਸਾਹਿਤਕਾਰ ਵੀ ਸੀ। ਉਸ ਦੀ ਸਵੈ ਜੀਵਨੀ **ਵੇਖੀ ਮਾਣੀ ਦੁਨੀਆਂ** (1983) ਵਿਚ ਪ੍ਰਕਾਸ਼ਤ ਹੋਈ। ਉਸ ਦੀ ਸਾਹਿਤਕ ਸਵੈ ਜੀਵਨੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਤ ਹੋਈ ਹੈ। ਇਸ ਆਤਮ ਕਥਾ ਵਿਚ ਲੇਖਕ ਨੇ ਛੋਟੀਆਂ ਛੋਟੀਆਂ ਗੱਲਾਂ ਰਾਹੀਂ ਵੱਡੇ ਅਰਥ ਪ੍ਰਦਾਨ ਕੀਤੇ ਹਨ। ਡਾ. ਹਰਿਭਜਨ ਸਿੰਘ ਦੀ ਸਵੈ ਜੀਵਨੀ **ਚੋਲਾ ਟਾਕੀਆਂ ਵਾਲਾ** ਆਪਣੇ ਆਪ ਵਿਚ ਮਹੱਤਵਪੂਰਨ ਰਚਨਾ ਹੈ ਜੋ ਇਕ ਕਵੀ ਅਤੇ ਚਿੰਤਕ ਦੇ ਸੰਘਰਸ਼ਸ਼ੀਲ ਜੀਵਨ ਨੂੰ ਹੀ ਨਹੀਂ ਦਰਸਾਉਂਦੀ ਸਗੋਂ ਉਸ ਦੀ ਸੰਵੇਦਨਸ਼ੀਲਤਾ ਨੂੰ ਵੀ ਦਰਸਾਉਂਦੀ ਹੈ। ਪ੍ਰਸਿੱਧ ਸਾਹਿਤਕਾਰ ਕਰਤਾਰ ਸਿੰਘ ਦੁੱਗਲ ਨੇ ਵੱਡ ਅਕਾਰੀ 160 ਕਾਂਡਾਂ ਵਾਲੀ **ਕਿਸੁ ਪਹਿ ਖੋਲਉ ਗੰਠੜੀ** ਸਵੈ ਜੀਵਨੀ ਲਿਖੀ, ਜਿਸ ਵਿਚ ਉਸ ਨੇ ਆਪਣੇ ਲੰਮੇ ਸਾਹਿਤਕ ਜੀਵਨ ਦਾ ਵੇਰਵਾ ਦਰਜ ਕੀਤਾ ਹੈ। ਇਹ ਸਵੈ ਜੀਵਨੀ ਅਖ਼ਬਾਰਾਂ ਲਈ ਕਾਲਮ ਵਜੋਂ ਲਿਖੀ ਗਈ ਹੈ। ਸ਼ਾਇਦ ਇਸੇ ਕਾਰਨ ਇਸ ਵਿਚ ਵਿਸਤਾਰ ਹੈ। ਦੁੱਗਲ ਦੀ ਸਵੈ ਜੀਵਨੀ ਇਕ ਤਰ੍ਹਾਂ ਨਾਲ ਮੱਧ ਸ਼੍ਰੇਣੀ ਅਤੇ ਉਚ ਸ਼੍ਰੇਣੀ ਦੇ ਬੁੱਧੀਜੀਵੀ ਦੀ ਸੁਹਜ ਸਲੀਕੇ ਭਰੀ ਜ਼ਿੰਦਗੀ ਦਾ ਸਹਿਜ ਚਿੱਤਰ ਹੈ। ਧਰਮਚੰਦ ਵਾਤਿਸ਼ ਅਨੁਸਾਰ ਉਸ ਦੀ ਸਵੈ ਜੀਵਨੀ ਵਿਚ ਕਹਾਣੀਆਂ ਵਰਗਾ ਰਸ ਅਤੇ ਉਤਸੁਕਤਾ, ਨਾਟਕਾਂ ਵਰਗੇ ਸੰਵਾਦ ਅਤੇ ਸਥਿਤੀਆਂ, ਕਵਿਤਾ ਵਰਗਾ ਵੇਗ ਅਤੇ ਸੁਹਜ ਝਰ ਝਰ ਪੈਂਦਾ ਹੈ। ਇਹ ਰਚਨਾ ਆਪਣੇ ਸਮਕਾਲੀ ਜੀਵਨ ਦਾ ਸਭਿਆਚਾਰ ਅਤੇ ਇਤਿਹਾਸਕ ਦਸਤਾਵੇਜ਼ ਹੈ। ਹਰੀ ਸਿੰਘ ਦਿਲਬਰ ਦੀ **ਮੇਰੀ ਜੀਵਨ ਕਥਾ** 1985 ਵਿਚ ਅਤੇ ਰਾਮ ਸਰੂਪ ਅਣਖੀ ਦੀ ਸਵੈ ਜੀਵਨੀ **ਮਲ੍ਹੇ ਝਾੜੀਆਂ** (1989) ਵਿਚ ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਸਵੈ ਜੀਵਨੀਆਂ ਵਿਚ ਲੇਖਕਾਂ ਨੇ ਆਪਣੀਆਂ ਸਾਹਿਤਕ ਰਚਨਾਵਾਂ ਦੇ ਪਿਛੋਕੜ ਨੂੰ ਬਿਆਨ ਕੀਤਾ ਹੈ। ਪੰਜਾਬੀ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ ਦੀ ਸਵੈ ਜੀਵਨੀ **ਉਮਰ ਦਾ ਪੰਧ : ਸਿਮਰਿਤੀਆਂ** ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਾਜੈਕਟ ਪੇਸ਼ਕਸ਼ 'ਤੇ ਲਿਖੀ ਸੀ ਜੋ 1989 ਵਿਚ ਪ੍ਰਕਾਸ਼ਤ ਹੋਈ। ਸੰਤ ਸਿੰਘ ਸੇਖੋਂ ਇਕ ਤਰ੍ਹਾਂ ਨਾਲ ਪੰਜਾਬੀ ਆਲੋਚਨਾ ਦਾ ਇਤਿਹਾਸ ਹੈ। ਉਸ ਦੀ ਸਵੈ ਜੀਵਨੀ ਵਿਚ ਪੰਜਾਬੀ ਪਾਠਕਾਂ ਦੀ ਦਿਲਚਸਪੀ ਹੋਣੀ ਸੁਭਾਵਕ ਸੀ। ਉਸ ਨੇ ਆਪਣੀ ਸਵੈ ਜੀਵਨੀ ਵਿਚ ਬਹੁਤ ਬੇਬਾਕੀ ਦਿਖਾਈ। ਅਜਿਹਾ ਕਰਦਿਆਂ ਉਸ ਨੇ ਆਪਣੇ ਨਿੱਜੀ ਜੀਵਨ ਦੀਆਂ ਘਟਨਾਵਾਂ ਵੀ ਬਿਆਨ ਕੀਤੀਆਂ ਹਨ। ਉਸ ਦੀ ਸਮੁੱਚੀ ਲੇਖਣੀ ਵਿਚ ਇਕ ਪਾਸੇ ਤਾਂ ਆਪਣੀ ਬੁੱਧੀ ਦਾ ਮਾਣ ਹੈ ਅਤੇ ਦੂਜੇ ਪਾਸੇ ਆਪਣੀ ਗ਼ਰੀਬੀ ਦੀ ਹੀਣਭਾਵਨਾ ਵੀ ਹੈ। ਉਸ ਨੇ ਆਪਣੀ ਸਵੈ ਜੀਵਨੀ ਵਿਚ ਆਪਣੀ ਵਾਰਤਕ ਸ਼ੈਲੀ ਦੇ ਸਾਰੇ ਗੁਣ ਦਰਸਾਏ ਹਨ। ਡਾ. ਦੀਵਾਨ ਸਿੰਘ ਦੀ ਸਵੈ ਜੀਵਨੀ **ਮੇਰਾ ਜੀਵਨ ਪੰਧ** 1989 ਵਿਚ ਪ੍ਰਕਾਸ਼ਤ ਹੋਹੀ। ਡਾ. ਐਸ. ਤਰਸੇਮ ਦੀ **ਕੱਚੀ ਮਿੱਟੀ ਪੱਕਾ ਰੰਗ** 1990 ਵਿਚ ਪ੍ਰਕਾਸ਼ਤ ਹੋਈ। ਸੰਤੋਖ ਸਿੰਘ ਧੀਰ ਨੇ ਆਪਣੀ ਸਵੈ ਜੀਵਨੀ ਦਾ ਨਾਂ **ਬ੍ਰਹਸਪਤੀ** ਰੱਖਿਆ ਹੈ। ਜਿਸ ਵਿਚ ਉਸ ਨੇ ਬਚਪਨ ਤੋਂ ਲੈ ਕੇ ਸਾਹਿਤਕਾਰ ਬਣਨ ਤਕ ਦੇ ਸਮਾਚਾਰਾਂ ਨੂੰ ਪੇਸ਼ ਕੀਤਾ ਹੈ। ਸੰਤੋਖ ਸਿੰਘ ਧੀਰ ਪੰਜਾਬੀ ਸਾਹਿਤ ਦੀ ਪ੍ਰਗਤੀਸ਼ੀਲ ਲਹਿਰ ਨਾਲ ਜੁੜੇ ਰਹੇ ਹਨ, ਇਸ ਕਰਕੇ ਇਹ ਸਵੈ ਜੀਵਨੀ ਇਸ ਸਮੇਂ ਦੇ ਸਮਾਚਾਰਾਂ ਨੂੰ ਵੀ ਆਪਣੇ ਕਲੇਵਰ ਵਿਚ ਲੈਂਦੀ ਹੈ। ਸਰਦਾਰ ਜੀਵਨ ਸਿੰਘ ਲਾਹੌਰ ਬੁੱਕ ਸ਼ਾਪ ਦੇ ਮਾਲਕ ਅਤੇ ਪ੍ਰਕਾਸ਼ਕ ਹੀ ਨਹੀਂ ਸਨ ਉਹ ਸਾਹਿਤ ਰਸੀਏ ਵੀ ਸਨ। ਉਨ੍ਹਾਂ ਨੇ ਆਪਣੀ ਸਵੈ ਜੀਵਨੀ **ਜੀਵਨ ਪੰਧ** ਵਿਚ ਆਪਣੇ ਬਚਪਨ ਦੀਆਂ ਲਾਹੌਰ ਨਾਲ ਜੁੜੀਆਂ ਯਾਦਾਂ ਨੂੰ ਪੇਸ਼ ਕੀਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਦੇ ਲੇਖਕਾਂ ਦੇ ਨਾਲ ਆਪਣੇ ਨਿੱਜੀ ਸੰਬੰਧਾਂ 'ਤੇ ਆਧਾਰਤ ਪ੍ਰਸੰਗਾਂ ਨੂੰ ਬਿਆਨ ਕੀਤਾ ਹੈ।

ਇਸ ਸਮੇਂ ਪੰਜਾਬੀ ਦੇ ਕਹਾਣੀਕਾਰ ਪਰਗਟ ਸਿੰਘ ਸਿੱਧੂ ਦੀ **ਬੂੰਦ ਬੂੰਦ ਡੁਲਦੀ ਜ਼ਿੰਦਗੀ** ਅਤੇ ਗੁਰਦਿਆਲ ਸਿੰਘ ਦੀ ਸਵੈ ਜੀਵਨੀ ਭਾਗ ਪਹਿਲਾ **ਨਿਆਣਮੱਤੀਆਂ,** ਭਾਗ ਦੂਜਾ **ਦੂਜੀ ਦੇਹੀ** ਵੀ ਛਪੀਆਂ ਹਨ। ਪੰਜਾਬੀ ਦੇ ਗੀਤਕਾਰ ਧਰਮ ਕੰਮੇਆਣਾ ਦੀ ਸਵੈ ਜੀਵਨੀ **ਮੇਰੀ ਗੀਤਕਾਰੀ ਦਾ ਸਫ਼ਰ** ਵੀ ਛਪ ਚੁੱਕੀ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬੀ ਦੇ ਲਗਭਗ ਸਾਰੇ ਹੀ ਸਥਾਪਤ ਲੇਖਕ ਸਵੈ ਜੀਵਨੀਆਂ ਲਿਖ ਕੇ ਛਪਵਾ ਰਹੇ ਹਨ। ਅਸਲ ਵਿਚ ਹੁਣ ਸਵੈ ਜੀਵਨੀ ਆਧੁਨਿਕ ਵਾਰਤਕ ਸਾਹਿਤ ਦੇ ਇਕ ਰੂਪ ਵਜੋਂ ਪੂਰਨ ਰੂਪ ਵਿਚ ਸਥਾਪਤ ਹੋ ਚੁੱਕੀ ਹੈ। ਇਸ ਸਮੇਂ ਬਹੁਤ ਸਾਰੇ ਨਵੇਂ ਸਾਹਿਤਕਾਰ ਵੀ ਆਪਣੀ ਜੀਵਨ ਨਾਲ ਸੰਬੰਧਤ ਯਾਦਾਂ ਲਿਖ ਰਹੇ ਹਨ ਜੋ ਵੱਖ-ਵੱਖ ਅਖ਼ਬਾਰਾਂ, ਰਿਸਾਲਿਆਂ ਵਿਚ ਛਪ ਰਹੀਆਂ ਹਨ। ਆਸ ਹੈ ਕਿ ਉਹ ਛੇਤੀ ਹੀ ਪੁਸਤਕ ਰੂਪ ਵਿਚ ਵੀ ਛਪ ਜਾਣਗੀਆਂ। ਇਸ ਸਮੇਂ ਪੰਜਾਬ ਨਾਲ ਸਬੰਧਤ ਕਈ ਮਹੱਤਵਪੂਰਨ ਵਿਅਕਤੀਆਂ ਦੁਆਰਾ ਅੰਗਰੇਜ਼ੀ ਵਿਚ ਸਵੈ ਜੀਵਨੀਆਂ ਲਿਖੀਆਂ ਅਤੇ ਛਪਵਾਈਆਂ ਹਨ ਜੋ ਤੁਰੰਤ ਹੀ ਪੰਜਾਬੀ ਵਿਚ ਵੀ ਅਨੁਵਾਦ ਹੋ ਗਈਆਂ ਹਨ ਜਾਂ ਲੇਖਕਾਂ ਨੇ ਖੁਦ ਹੀ ਪੰਜਾਬੀ ਵਿਚ ਅਨੁਵਾਦ ਕਰ ਦਿੱਤੀਆਂ ਹਨ। ਇਨ੍ਹਾਂ

ਵਿਚੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਰਤ ਦੇ ਰਾਸ਼ਟਰਪਤੀ ਰਹੇ ਗਿਆਨੀ ਜੈਲ ਸਿੰਘ ਦੀ **ਆਤਮਕਥਾ** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਤਾਮਿਲਨਾਡੂ ਦੇ ਮੌਜੂਦਾ ਗਵਰਨਰ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਸਵੈ ਜੀਵਨੀ **'ਮੈ ਘਰੋਂ ਭੱਜਿਆ'**, ਪੰਜਾਬ ਦੇ ਸੰਕਟ ਸਮੇਂ ਡੀ.ਜੀ.ਪੀ. ਰਹੇ ਕੇ.ਪੀ.ਐਸ. ਗਿੱਲ ਦੀ **ਕੂੜ ਫਿਰੇ ਪਰਧਾਨ** ਅਤੇ ਖੁਸ਼ਵੰਤ ਸਿੰਘ ਦੀ **ਮੌਜ ਮੇਲਾ** ਸਾਹਮਣੇ ਆਈਆਂ ਹਨ। ਭਾਵੇਂ ਇਹ ਰਚਨਾਵਾਂ ਮੁਢਲੇ ਰੂਪ ਵਿਚ ਅੰਗਰੇਜ਼ੀ ਵਿਚ ਛਪੀਆਂ ਪਰ ਇਨ੍ਹਾਂ ਦੇ ਲਿਖਣ-ਹਾਰੇ ਪੰਜਾਬੀ ਹਨ ਅਤੇ ਸਮਾਚਾਰ ਵੀ ਪੰਜਾਬ/ਪੰਜਾਬੀ ਨਾਲ ਸਬੰਧਤ ਹਨ ਅਤੇ ਇਨ੍ਹਾਂ ਦੇ ਅਨੁਵਾਦ ਨੂੰ ਸ਼ਾਇਦ ਉਨ੍ਹਾਂ ਨੇ ਖੁਦ ਵਾਚਿਆ ਵੀ ਹੋਵੇ। ਇਸ ਕਾਰਨ ਇਹ ਲਿਖਤਾਂ ਪੰਜਾਬੀ ਵਾਰਤਕ ਦਾ ਅਟੁੱਟ ਅੰਗ ਬਣ ਗਈਆਂ ਹਨ।

**ਜੀਵਨੀ** :

ਆਧੁਨਿਕ ਪੰਜਾਬੀ ਵਾਰਤਕ ਵਿਚ ਇਸ ਸਮੇਂ ਜੀਵਨੀ ਸਾਹਿਤ ਵੀ ਕਾਫ਼ੀ ਪ੍ਰਫੁੱਲਤ ਹੋ ਚੁੱਕਿਆ ਹੈ। ਇਸ ਦਾ ਆਰੰਭ ਪ੍ਰਮੁੱਖ ਧਾਰਮਕ ਵਿਅਕਤੀਆਂ ਦੇ ਜੀਵਨ ਦਰਸਾਉਣ ਤੋਂ ਸ਼ੁਰੂ ਹੋਇਆ ਅਤੇ ਉਸ ਤੋਂ ਬਾਅਦ ਰਾਜਸੀ ਨੇਤਾਵਾਂ ਦੀਆਂ ਜੀਵਨੀਆਂ ਲਿਖਣ ਦਾ ਕਾਰਜ ਆਰੰਭ ਹੋਇਆ ਜਿਸ ਵਿਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਤੇਜ਼ੀ ਆਈ। ਹੁਣ ਲਗਭਗ ਹਰ ਖੇਤਰ ਦੇ ਮਹੱਤਵਪੂਰਨ ਵਿਅਕਤੀਆਂ ਦੀਆਂ ਜੀਵਨੀਆਂ ਲਿਖਣ ਲਿਖਵਾਉਣ ਦਾ ਪ੍ਰਚਲਨ ਹੋ ਰਿਹਾ ਹੈ। ਪੰਜਾਬੀ ਜੀਵਨੀਆਂ ਨੂੰ ਅਸੀਂ ਅਧਿਐਨ ਦੀ ਸੌਖ ਲਈ ਛੇ ਭਾਗਾਂ ਵਿਚ ਵੀ ਵੰਡ ਸਕਦੇ ਹਾਂ :

1. ਗੁਰੂ ਸਾਹਿਬਾਂ ਦੀਆਂ ਜੀਵਨੀਆਂ
2. ਸਿੱਖ ਇਤਿਹਾਸ ਨਾਲ ਸਬੰਧਤ ਯੋਧਿਆਂ ਦੀਆਂ ਜੀਵਨੀਆਂ
3. ਸਿਆਸੀ ਨੇਤਾਵਾਂ ਦੀਆਂ ਜੀਵਨੀਆਂ
4. ਧਾਰਮਿਕ ਆਗੂਆਂ ਦੀਆਂ ਜੀਵਨੀਆਂ
5. ਲੇਖਕਾਂ ਦੀਆਂ ਜੀਵਨੀਆਂ
6. ਵੱਖ ਵੱਖ ਖੇਤਰਾਂ ਦੇ ਮਾਹਰਾਂ ਅਤੇ ਕਲਾਕਾਰਾਂ ਦੀਆਂ ਜੀਵਨੀਆਂ

ਭਾਈ ਵੀਰ ਸਿੰਘ ਨੇ ਸਿੱਖਾਂ ਦੇ ਪਹਿਲੇ ਗੁਰੂ ਗੁਰੂ ਨਾਨਕ ਦੇਵ ਜੀ, ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਅਤੇ ਬਾਕੀ ਅੱਠ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ ਅਤੇ ਅਸ਼ਟ ਗੁਰੂ ਚਮਤਕਾਰ ਲਿਖ ਕੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਬਾਰੇ ਅਮੀਰ ਪਰੰਪਰਾ ਦਾ ਆਰੰਭ ਕੀਤਾ। ਇਸੇ ਪਰੰਪਰਾ 'ਤੇ ਚਲਦਿਆਂ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਦਸ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਨੂੰ ਲਿਖਿਆ। ਸਿੱਖ ਇਤਿਹਾਸ ਵਿਚ ਪ੍ਰਸਿੱਧ ਯੋਧੇ ਹਰੀ ਸਿੰਘ ਨਲਵਾ, ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਸ਼ੇਰ ਸਿੰਘ, ਨਵਾਬ ਕਪੂਰ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਆਲਾ ਸਿੰਘ, ਕੰਵਰ ਨੌਨਿਹਾਲ ਸਿੰਘ, ਸ਼ਾਮ ਸਿੰਘ ਅਟਾਰੀ ਵਾਲਾ ਹੋਏ ਹਨ। ਇਨ੍ਹਾਂ ਬਾਰੇ ਪ੍ਰਸਿੱਧ ਇਤਿਹਾਸਕਾਰਾਂ ਨੇ ਲਿਖਿਆ ਹੈ ਜਿਨ੍ਹਾਂ ਵਿਚ ਬਾਬਾ ਪਰੇਮ ਸਿੰਘ ਹੋਤੀ, ਕਰਮ ਸਿੰਘ ਹਿਸਟੋਰੀਅਨ ਅਤੇ ਡਾ. ਗੰਡਾ ਸਿੰਘ ਵਰਗੇ ਇਤਿਹਾਸਕਾਰ ਸ਼ਾਮਲ ਹਨ। ਇਹ ਰਚਨਾਵਾਂ ਭਾਵੇਂ ਮੂਲ ਰੂਪ ਵਿਚ ਇਤਿਹਾਸ ਦੀਆਂ ਹਨ ਪਰ ਇਨ੍ਹਾਂ ਜੀਵਨੀਆਂ ਵਿਚ ਸਾਹਿਤ ਦੇ ਅੰਸ਼ ਵੀ ਵਿਦਮਾਨ ਹਨ।

ਸੰਤ ਇੰਦਰ ਸਿੰਘ ਚਕਰਵਰਤੀ ਨੇ ਅਟੱਲ ਪ੍ਰਤਾਪੀ ਸਤਿਗੁਰ ਨਾਂ ਹੇਠ ਨਾਮਧਾਰੀਆਂ ਦੇ ਸਤਿਗੁਰੂ ਪ੍ਰਤਾਪ ਸਿੰਘ ਦੀ ਜੀਵਨੀ ਲਿਖੀ। ਡਾ. ਕਰਮ ਸਿੰਘ ਕਪੂਰ ਨੇ ਯੁੱਗ ਪੁਰਸ਼ ਸਤਿਗੁਰ ਪ੍ਰਤਾਪ ਸਿੰਘ ਜੀਵਨੀ ਲਿਖੀ। ਇਨ੍ਹਾਂ ਮਹਾਂਪੁਰਸ਼ਾਂ ਬਾਰੇ ਹੀ ਸੰਤ ਨਿਧਾਨ ਸਿੰਘ ਆਲਮ ਨੇ ਯੁਗ ਪਲਟਾਊ ਸਤਿਗੁਰ ਵੀ ਲਿਖੀ। ਧਾਰਮਿਕ ਮਹਾਂਪੁਰਸ਼ਾਂ ਵਿਚੋਂ ਹੀ ਡਾ. ਤ੍ਰਿਲੋਚਨ ਸਿੰਘ ਨੇ ਭਾਈ ਰਣਧੀਰ ਸਿੰਘ ਬਾਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਿਰਲੇਖ ਹੇਠ ਜੀਵਨੀ ਲਿਖੀ। ਪੰਜਾਬੀ ਜੀਵਨੀ ਸਾਹਿਤ ਵਿਚ ਜਸਵੰਤ ਸਿੰਘ ਜਸ ਨੇ ਬਾਬਾ ਰਾਮ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਵਿਸਾਖਾ ਸਿੰਘ, ਗੁਰਦਿੱਤ ਸਿੰਘ ਕਾਮਾ ਗਾਟਾ ਮਾਰੂ ਵਰਗੇ ਦੇਸ਼ ਭਗਤਾਂ ਦੀਆਂ ਜੀਵਨੀਆਂ ਲਿਖੀਆਂ ਸਨ। ਪ੍ਰਿੰਸੀਪਲ ਨਿਰੰਜਨ ਸਿੰਘ ਨੇ ਆਪਣੇ ਭਰਾ ਪ੍ਰਸਿੱਧ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਦੀ ਜੀਵਨੀ ਲਿਖੀ। ਉਨ੍ਹਾਂ ਦੀ ਲੇਖਣੀ ਵਿਚ ਪ੍ਰੋਢਤਾ ਅਤੇ ਗੰਭੀਰਤਾ ਸੀ। ਭਾਵੇਂ ਉਹ ਆਪਣੇ ਭਰਾ ਦੀ ਜੀਵਨੀ ਲਿਖ ਰਹੇ ਸਨ ਪਰ ਉਨ੍ਹਾਂ ਨੇ ਨਿੱਜਤਾ ਅਤੇ ਵਿਚਾਰਧਾਰਾ ਦੋਹਾਂ ਨੂੰ ਆਪਣੇ ਉਪਰ ਹਾਵੀ ਨਹੀਂ ਹੋਣ ਦਿੱਤਾ। ਮਾਸਟਰ ਤਾਰਾ ਸਿੰਘ ਦੀ ਜੀਵਨੀ ਦੁਰਲਭ ਸਿੰਘ ਨੇ **ਨਿਰਭੈ ਯੋਧਾ** ਦੇ ਨਾਂ ਹੇਠ ਵੀ ਲਿਖੀ ਹੈ।

ਸਾਹਿਤਕਾਰਾਂ ਵਿਚੋਂ ਸ਼ਾਇਦ ਦੀਵਾਨ ਸਿੰਘ ਕਾਲੇਪਾਣੀ ਦੀਆਂ ਸਭ ਤੋਂ ਵੱਧ ਜੀਵਨੀਆਂ ਲਿਖੀਆਂ ਗਈਆਂ ਕਿਉਂਕਿ ਉਹ ਕੇਵਲ ਕਵੀ ਅਤੇ ਡਾਕਟਰ ਹੀ ਨਹੀਂ ਸਨ ਸਗੋਂ ਮਹਾਨ ਦੇਸ਼ ਭਗਤ ਵੀ ਸਨ ਅਤੇ ਸਾਮਰਾਜੀਆਂ ਨੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਸੀ। ਹਰਦਿਆਲ ਸਿੰਘ ਨੇ ਇਕ ਸੁਨਹਿਰੀ ਦਿਲ, ਸੂਬਾ ਸਿੰਘ ਨੇ ਵੀ ਇਕ ਜੀਵਨੀ ਅਤੇ ਡਾ. ਐਨ. ਇਕਬਾਲ ਸਿੰਘ ਦੀ ਲਿਖੀ ਜੀਵਨੀ ਲਾਸਾਨੀ ਸ਼ਹੀਦ ਡਾਕਟਰ ਦੀਵਾਨ ਸਿੰਘ ਕਾਲੇਪਾਣੀ ਪ੍ਰਾਪਤ ਹੈ। ਸੂਬਾ ਸਿੰਘ ਨੇ ਜੀਵਨੀ ਵਿਚ ਤੱਥਾਂ ਉਪਰ ਵਧੇਰੇ ਜ਼ੋਰ ਦਿੱਤਾ। ਜਦੋਂ ਕਿ ਹਰਦਿਆਲ ਦੀ ਜੀਵਨੀ ਤਸੀਹਿਆਂ ਦਾ ਵਰਣਨ ਵਧੇਰੇ ਹੋਣ ਕਰਕੇ ਮਨ ਉਪਰ ਪ੍ਰਭਾਵ ਪਾਉਂਦੀ ਹੈ। ਇਕਬਾਲ ਸਿੰਘ ਦੀ ਜੀਵਨੀ ਵਧੇਰੇ ਪ੍ਰੇਰਨਾ ਦਿੰਦੀ ਹੈ। ਪ੍ਰਸਿੱਧ ਸਾਹਿਤਕਾਰ ਪੂਰਨ ਸਿੰਘ ਦੀ ਇਕ ਜੀਵਨੀ **ਰਾਜਹੰਸ** ਕਿਰਪਾਲ ਸਿੰਘ ਕਸੇਲ ਨੇ ਲਿਖੀ ਹੈ। ਪੂਰਨ ਸਿੰਘ ਬਾਰੇ ਹੀ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਮਾਇਆ ਦੇਵੀ ਵੱਲੋਂ ਹੀ ਜੀਵਨੀ ਮੂਲਕ ਬਿਰਤਾਂਤ ਪ੍ਰਾਪਤ ਹੈ। ਸਾਹਿਤਕਾਰਾਂ ਦੀਆਂ ਜੀਵਨੀਆਂ ਵਿਚ ਹੀ ਭਾਈ ਜੋਧ ਸਿੰਘ ਦਾ ਜੀਵਨ ਬਿਰਤਾਂਤ ਗੁਰਦਿਆਲ ਸਿੰਘ ਫੁੱਲ ਨੇ ਲਿਖਿਆ, ਭਾਈ ਮੋਹਨ ਸਿੰਘ ਵੈਦ ਦਾ ਜੀਵਨ ਬਿਰਤਾਂਤ ਐਸ.ਐਸ. ਅਮੋਲ ਨੇ ਲਿਖਿਆ। ਭਾਈ ਵੀਰ ਸਿੰਘ ਦੀ ਜੀਵਨ ਕਥਾ **ਗੁਰਮੁਖ ਜੀਵਨ** ਨਾਂ ਥੱਲੇ ਮਹਾਂ ਸਿੰਘ ਨੇ ਲਿਖੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਵੀ ਪ੍ਰਸਿੱਧ ਸਾਹਿਤਕਾਰਾਂ ਬਾਰੇ ਜੀਵਨ ਤੇ ਰਚਨਾ ਲੜੀ ਅਧੀਨ ਜੀਵਨੀਆਂ ਲਿਖਵਾਈਆਂ ਜਾਂਦੀਆਂ ਹਨ। ਜੀਵਨੀਆਂ ਵਿਚੋਂ ਹੀ ਗੋਆ ਦੇ ਸ਼ਹੀਦ ਕਰਨੈਲ ਸਿੰਘ ਦਾ ਜੀਵਨ ਪ੍ਰਿੰਸੀਪਲ ਤਖ਼ਤ ਸਿੰਘ ਨੇ **ਸ਼ਹੀਦ ਕਰਨੈਲ ਸਿੰਘ** ਦੇ ਨਾਂ ਥੱਲੇ ਲਿਖਿਆ ਹੈ। ਪਰੇਮ ਸਿੰਘ ਪਰੇਮ ਨੇ ਗੁਰਮੁਖ ਸਿੰਘ ਮੁਸਾਫ਼ਰ ਦਾ ਜੀਵਨ **ਲੰਘ ਗਏ ਦਰਿਆ** ਪੁਸਤਕ ਵਿਚ ਦਰਜ ਕੀਤਾ ਹੈ। ਸੰਪੂਰਨ ਜੀਵਨੀਆਂ ਤੋਂ ਇਲਾਵਾ ਛੋਟੇ ਜੀਵਨੀ ਪਰਕ ਲੇਖ ਜਾਂ ਪੁਸਤਕਾਂ ਵੀ ਲਿਖੀਆਂ ਜਾਂਦੀਆਂ ਹਨ। ਜਿਵੇਂ ਗੁਰਬਖ਼ਸ਼ ਸਿੰਘ ਦੇ ਪਰਮ ਮਨੁੱਖ ਵਿਚ ਗੁਰੂ ਸਾਹਿਬਾਨ ਬਾਰੇ ਜੀਵਨ-ਪਰਕ ਲੇਖ ਹੀ ਸ਼ਾਮਲ ਹਨ। ਕਪੂਰ ਸਿੰਘ ਦੇ **ਸਪਤ ਸ੍ਰਿੰਗ** ਵਿਚ ਵੀ ਜੀਵਨ ਪਰਕ ਲੇਖ ਸ਼ਾਮਲ ਸ਼ਾਮਲ ਹਨ। ਭਾਈ ਮੂਲ ਚੰਦ ਬਾਰੇ ਜੀਤ ਸਿੰਘ ਜੋਸ਼ੀ ਦੀ ਲਿਖੀ ਜੀਵਨੀ ਮਿਲਦੀ ਹੈ। ਪੰਜਾਬ ਅਤੇ ਦੇਸ਼ ਦੀ ਸਿਆਸਤ ਨਾਲ ਸਬੰਧਤ ਮਾਰਕਸਵਾਦੀ ਨੇਤਾ ਹਰਕਿਸ਼ਨ ਸਿੰਘ ਸੁਰਜੀਤ ਬਾਰੇ ਸ਼ਮੀਲ ਨੇ **ਸਿਆਸਤ ਦਾ ਰੁਸਤਮੇ ਹਿੰਦ** ਨਾਂ ਦੀ ਪੁਸਤਕ ਲਿਖੀ ਹੈ। ਪਿਛਲੇ ਕੁਝ ਸਮੇਂ ਤੋਂ ਦੇਸ਼ ਦੀਆਂ ਮਹੱਤਵਪੂਰਨ ਹਸਤੀਆਂ ਬਾਰੇ ਹਿੰਦੀ ਜਾਂ ਅੰਗਰੇਜ਼ੀ ਵਿਚ ਲਿਖੀਆਂ ਜੀਵਨੀਆਂ ਦੇ ਪੰਜਾਬੀ ਅਨੁਵਾਦਾਂ ਦਾ ਪ੍ਰਚਲਨ ਵੀ ਵਧਿਆ ਹੈ। ਇਸ ਵਿਚ ਉਨ੍ਹਾਂ ਸ਼ਖ਼ਸੀਅਤਾਂ ਦੀਆਂ ਜੀਵਨੀਆਂ ਵਧੇਰੇ ਪ੍ਰਵਾਨ ਹੋਈਆਂ ਹਨ ਜਿਨ੍ਹਾਂ ਦਾ ਕਿਸੇ ਨਾ ਕਿਸੇ ਪਾਸਿਉਂ ਪੰਜਾਬ ਨਾਲ ਜਾਂ ਪੰਜਾਬ ਦੀ ਵਿਸ਼ਾਲ ਲੋਕਾਈ ਨਾਲ ਸਬੰਧ ਜੁੜਦਾ ਹੈ। ਇਸ ਵਿਚ ਭਾਰਤ ਦੀ ਪਹਿਲੀ ਆਈ.ਪੀ.ਐਸ. ਔਰਤ ਅਫ਼ਸਰ ਕਿਰਨ ਬੇਦੀ ਦੀ ਜੀਵਨੀ ਦਾ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ **'ਪੰਜਾਬ ਦੀ ਦਲੇਰ ਧੀ : ਕਿਰਨ ਬੇਦੀ'** ਵੀ ਸ਼ਾਮਲ ਹੈ ਅਤੇ ਇਸੇ ਪ੍ਰਸੰਗ ਵਿਚ ਭਾਰਤ ਦੀ ਪ੍ਰਸਿੱਧ ਗਾਇਕਾ ਲਤਾ ਮੰਗੇਸ਼ਕਰ ਦੀ ਜੀਵਨੀ ਵੀ ਸ਼ਾਮਲ ਹੈ।

ਪਿਛਲੇ ਸਮੇਂ ਪ੍ਰਸਿੱਧ ਪਹਿਲਵਾਨ ਕਰਤਾਰ ਸਿੰਘ ਦੀ ਜੀਵਨੀ **ਕੁਸ਼ਤੀ ਦਾ ਧਰੂ ਤਾਰਾ** ਛਪੀ ਹੈ ਜਿਸ ਨੂੰ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਲਿਖਿਆ ਹੈ। ਵਰਿਆਮ ਸਿੰਘ ਸੰਧੂ ਵਰਗੇ ਉਚ ਦੁਮਾਲੜੇ ਸਾਹਿਤਕਾਰ ਵੱਲੋਂ ਜੀਵਨੀ ਵਰਗੇ ਨਿਗੁਣੇ ਸਮਝੇ ਜਾਂਦੇ ਘੱਟ ਮਹੱਤਵ ਵਾਲੀ ਸਾਹਿਤ ਵਿਧਾ ਉਪਰ ਹੱਥ ਅਜ਼ਮਾਈ ਕਰਨ ਨਾਲ ਇਸ ਵਿਧਾ ਨੂੰ ਵੀ ਸਾਹਿਤਕ ਮਾਣ ਮਿਲਿਆ ਹੈ ਅਤੇ ਇਸਦਾ ਦਾਇਰਾ ਵਿਸ਼ਾਲ ਹੋਇਆ ਹੈ। ਗੁਰਮੀਤ ਸਿੰਘ ਸਿੱਧੂ ਨੇ **ਸੂਬੇਦਾਰ ਕਰਤਾਰ ਸਿੰਘ ਧਾਲੀਵਾਲ** ਦੀ ਜੀਵਨ ਕਥਾ ਲਿਖ ਕੇ ਇਕ ਆਮ ਪਰ ਕਾਬਲ ਇਨਸਾਨ ਦੀ ਜੀਵਨੀ ਲਿਖਣ ਦੀ ਪਿਰਤ ਪਾਈ ਹੈ। ਵਿਜੇ ਬੰਬੇਲੀ ਨੇ ਧਰਤੀ ਪੁੱਤਰ ਨਾਂ ਥੱਲੇ ਜਰਨੈਲ ਮੂਲਾ ਸਿੰਘ ਬਾਹੋਬਾਲ ਦੀ ਜੀਵਨੀ ਨੂੰ ਚਿਤਰਿਆ ਹੈ। ਉਸ ਦੀ ਇਹ ਜੀਵਨੀ ਹੁਸ਼ਿਆਰਪੁਰ ਜ਼ਿਲੇ ਦਾ ਇਕ ਤਰ੍ਹਾਂ ਨਾਲ ਸਿਆਸੀ ਇਤਿਹਾਸ ਹੈ। ਪੈਪਸੂ ਦੇ ਮੁਜ਼ਾਰਾ ਲਹਿਰ ਦੇ ਆਗੂ ਜੰਗੀਰ ਸਿੰਘ ਜੋਗਾ ਦੀ ਜੀਵਨੀ **ਇਨਕਲਾਬੀ ਯੋਧਾ : ਜੰਗੀਰ ਸਿੰਘ ਜੋਗਾ,** ਡਾ. ਜਗਤਾਰ ਸਿੰਘ ਜੋਗਾ ਨੇ ਲਿਖੀ ਹੈ। ਅਜਮੇਰ ਸਿੱਧੂ ਨੇ ਕਾਮਰੇਡ ਦਰਸ਼ਨ ਦੁਸਾਂਝ ਦੀ ਜੀਵਨੀ **ਤੁਰਦੇ ਪੈਰਾਂ ਦੀ ਦਾਸਤਾਨ** ਲਿਖੀ ਹੈ ਜਿਸ ਵਿਚ ਉਸ ਨੇ ਨਕਸਲਬਾੜੀ ਲਹਿਰ ਦੇ ਕਾਰਕੁਨ ਦੇ ਸੰਘਰਸ਼ਸ਼ੀਲ ਜੀਵਨ ਨੂੰ ਚਿਤਰਿਆ ਹੈ।

ਸਮੁੱਚੇ ਰੂਪ ਵਿਚ ਆਖਿਆ ਜਾ ਸਕਦਾ ਹੈ ਕਿ ਆਧੁਨਿਕਤਾ ਦੇ ਪ੍ਰਵੇਸ਼ ਨਾਲ ਜੀਵਨ ਅੰਦਰ ਅਤੇ ਸਾਹਿਤ ਅੰਦਰ ਵਿਅਕਤੀ ਵਿਸ਼ੇਸ਼ ਕੇਂਦਰ ਵਿਚ ਆਉਂਦਾ ਹੈ ਜਿਸ ਨਾਲ ਨਿੱਜ ਪਰਕ ਜੀਵਨੀ ਮੂਲਕ ਸਾਹਿਤ ਉਪਜਣਾ ਸ਼ੁਰੂ ਹੋ ਜਾਂਦਾ ਹੈ। ਅਜਿਹੇ ਸਾਹਿਤ ਵਿਚ ਜੀਵਨੀ, ਸਵੈ ਜੀਵਨੀ, ਯਾਦਾਂ, ਰੇਖਾ ਚਿੱਤਰ, ਸੰਸਮਰਣ, ਚਿੱਠੀਆਂ ਅਤੇ ਡਾਇਰੀਆਂ ਆਉਂਦੀਆਂ ਹਨ। ਸਵੈ-ਜੀਵਨੀ ਪ੍ਰਮੁੱਖ ਰੂਪ ਵਿਚ ਸਵੈ ਕੇਂਦਰਤ ਸਾਹਿਤ ਰੂਪ ਹੈ ਜਿਸ ਵਿਚ ਲੇਖਕ ਆਪਣੇ ਆਪ ਬਾਰੇ ਸਵੈ ਬਿਆਨ

ਕਰਦਾ ਹੈ। ਆਰੰਭ ਵਿਚ ਪੰਜਾਬੀ ਵਿਚ ਸਵੈ ਜੀਵਨੀ ਲਿਖਣ ਵਿਚ ਹਿਚਕਚਾਹਟ ਮਹਿਸੂਸ ਕੀਤੀ ਜਾਂਦੀ ਸੀ ਕਿਉਂਕਿ ਇਹ ਸਮਝਿਆ ਜਾਂਦਾ ਸੀ ਕਿ ਇਹ ਸਵੈ ਵਿਖਾਲਾ ਹੈ। ਲੱਗਭਗ ਸਾਰੇ ਹੀ ਮੁਢਲੇ ਸਵੈ ਜੀਵਨੀਕਾਰਾਂ ਨੇ ਜੀਵਨੀਆਂ ਵਿਚ ਹੀ ਆਪਣੀ ਇਸ ਹਿਚਕਚਾਹਟ ਨੂੰ ਦਰਜ ਕੀਤਾ ਹੈ ਪਰੰਤੂ ਹੌਲੀ ਹੌਲੀ ਇਹ ਹਿਚਕਚਾਹਟ ਦੂਰ ਹੋ ਗਈ ਅਤੇ ਸਵੈ ਜੀਵਨੀ ਲਿਖਣ ਲਈ 'ਵੱਡਾ ਬੰਦਾ' ਹੋਣ ਦੀ ਸ਼ਰਤ ਹਟਣ ਲੱਗੀ ਅਤੇ ਇਸ ਨੂੰ ਇਕ ਸਾਹਿਤ ਰੂਪ ਵਜੋਂ ਹੀ ਪ੍ਰਵਾਨਿਆ ਜਾਣ ਲੱਗਾ। ਪਹਿਲਾਂ ਸਵੈ ਜੀਵਨੀ ਜੀਵਨ ਦੇ ਆਖ਼ਰੀ ਪੜਾਅ 'ਤੇ ਲਿਖੀ ਜਾਂਦੀ ਸੀ। ਹੁਣ ਤਾਂ ਕੁਝ ਵਿਅਕਤੀਆਂ ਦੀਆਂ ਸਵੈ-ਜੀਵਨੀਆਂ ਉਮਰ ਦੇ ਪਹਿਲੇ ਪੜਾਅ 'ਤੇ ਹੀ ਸਾਹਮਣੇ ਆਉਣ ਲਗੀਆਂ ਹਨ।

## ਮਹੱਤਵਪੂਰਨ ਪ੍ਰਸ਼ਨ

1. ਪੰਜਾਬੀ ਸਵੈ-ਜੀਵਨੀ ਦੇ ਇਤਿਹਾਸ ਅਤੇ ਪ੍ਰਵਿਰਤੀਆਂ ਬਾਰੇ ਸੰਖੇਪ ਪਰਿਚਯ ਦਿੰਦੇ ਹੋਏ, ਇਸ ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਬਾਰੇ ਵੀ ਰੋਸ਼ਨੀ ਪਾਓ। (ਮਈ 2016)

**ਪਾਠ ਨੰ. : 2.8** **-ਡਾ. ਰਾਜਿੰਦਰ ਪਾਲ ਸਿੰਘ**

# ਪੰਜਾਬੀ ਸਫ਼ਰਨਾਮਾ ਸਾਹਿਤ ਦਾ ਆਰੰਭ ਤੇ ਵਿਕਾਸ

**ਪਾਠ ਦਾ ਉਦੇਸ਼**

ਇਸ ਪਾਠ ਦਾ ਉਦੇਸ਼ ਸਫ਼ਰਨਾਮਾ ਸਾਹਿਤ ਦੇ ਆਰੰਭ ਅਤੇ ਵਿਕਾਸ ਬਾਰੇ ਜਾਣਕਾਰੀ ਦੇਣੀ ਹੈ ਤਾਂ ਜੋ ਪਾਠਕ ਸਾਹਿਤ ਦੇ ਇਤਿਹਾਸ ਵਿਚ ਇਸ ਨਵੀਂ ਆਧੁਨਿਕ ਵਾਰਤਕ ਵਿਧਾ ਦਾ ਠੀਕ ਮੁਲਾਂਕਣ ਕਰ ਸਕੇ।

**ਭੂਮਿਕਾ**

ਸਫ਼ਰਨਾਮਾ ਸ਼ਬਦ ਹੀ ਸਪੱਸ਼ਟ ਕਰਦਾ ਹੈ ਕਿ ਇਹ ਸਫ਼ਰਨਾਮਾ ਹੈ ਭਾਵ ਸਫ਼ਰ ਦਾ ਬਿਆਨ ਜਾਂ ਵਰਣਨ ਹੈ। ਜੇ ਸਫ਼ਰ ਇਕ ਅਨੁਭਵ ਹੈ ਤਾਂ ਸਫ਼ਰਨਾਮਾ ਉਸ ਅਨੁਭਵ ਦਾ ਲਿਖਤੀ ਦਸਤਾਵੇਜ਼ ਹੈ। ਸਫ਼ਰਨਾਮਾ ਸਾਹਿਤ ਦਾ ਮੌਖਿਕ ਰੂਪ ਤਾਂ ਉਸੇ ਸਮੇਂ ਹੀ ਸ਼ੁਰੂ ਹੋ ਗਿਆ ਹੋਵੇਗਾ ਜਿਸ ਸਮੇਂ ਮਨੁੱਖ ਨੇ ਆਪਣੇ ਮੁਢਲੇ ਭਾਈਚਾਰੇ ਤੋਂ ਦੂਰ ਜਾ ਕੇ ਵਾਪਸ ਪਰਤਣ ਤੇ ਆਪਣੇ ਭਾਈਚਾਰੇ ਨਾਲ ਆਪਣੇ ਸਫ਼ਰ ਦੀ ਅਨੁਭਵ ਸਾਂਝੀ ਕੀਤੀ ਹੋਵੇਗੀ। ਲਿਖਤੀ ਸਾਹਿਤ ਵਿਚ ਸੰਸਾਰ ਪੱਧਰ 'ਤੇ ਜੈਨੋਫ਼ੋਨ ਦੀ ਲਿਖਤ ਐਨਾਬੇਸਜ਼ ਨੂੰ ਸੰਸਾਰ ਦਾ ਪਹਿਲਾ ਸਫ਼ਰਨਾਮਾ ਮੰਨਿਆ ਜਾਂਦਾ ਹੈ। ਭਾਰਤ ਵਿਚ ਵੀ ਵੱਖ-ਵੱਖ ਸਮੇਂ ਵਿਦੇਸ਼ੀ ਸੈਲਾਨੀ ਮੈਗਸਥਨੀਜ, ਫਾਹੀਯਾਨ, ਹਿਉਨਸਾਂਗ, ਅਲਬਰੂਨੀ, ਇਬਨਬਤੂਤਾ, ਮਾਰਕਪੋਲੋ ਵਰਗੇ ਯਾਤਰੀ ਆਏ ਅਤੇ ਉਨ੍ਹਾਂ ਨੇ ਆਪਣੇ ਅਨੁਭਵ ਲਿਪੀਬੱਧ ਵੀ ਕੀਤੇ ਪਰ ਇਹ ਸਭ ਵਿਦੇਸ਼ੀ ਜਾਂ ਹੋਰ ਭਾਸ਼ਾਵਾਂ ਦੇ ਸਫ਼ਰਨਾਮੇ ਹੀ ਸਨ। ਪੰਜਾਬੀ ਦੇ ਸਫ਼ਰਨਾਮੇ ਦਾ ਬੀਜ ਕਿਸੇ ਨਾ ਕਿਸੇ ਰੂਪ ਵਿਚ ਪੰਜਾਬੀ ਦੇ ਜਨਮਸਾਖੀ ਪਰੰਪਰਾ ਵਿਚ ਪਿਆ ਹੈ। ਗੁਰੂ ਬਾਬੇ ਦੀਆਂ ਉਦਾਸੀਆਂ ਇਕ ਤਰ੍ਹਾਂ ਨਾਲ ਸਫ਼ਰਨਾਮੇ ਹੀ ਹਨ ਪਰ ਇਹ ਸੰਪੂਰਨ ਸਫ਼ਰਨਾਮੇ ਨਹੀਂ ਇਸ ਵਿਚ ਤਾਂ ਜੀਵਨੀ, ਗੋਸ਼ਟ, ਟੀਕੇ ਦੇ ਤੱਤ ਵੀ ਮੌਜੂਦ ਹਨ ਜਿਸ ਨੂੰ ਅੱਜ ਅਸੀਂ ਸਫ਼ਰਨਾਮਾ ਆਖਦੇ ਹਾਂ ਉਹ ਪੱਛਮੀ ਸਾਹਿਤ ਦੇ ਪ੍ਰਭਾਵ ਦਾ ਪ੍ਰਤੀਫ਼ਲ ਹੈ।

**ਮੂਲ ਪਾਠ**

ਅੰਗਰੇਜ਼ਾਂ ਦੇ ਭਾਰਤ ਵਿਚ ਆਉਣ ਨਾਲ ਇਕ ਪਾਸੇ ਤਾਂ ਭਾਰਤੀ ਲੋਕਾਂ ਦਾ ਪੱਛਮੀ ਸਾਹਿਤ ਨਾਲ ਸੰਪਰਕ ਬਣਿਆ ਤੇ ਦੂਸਰੇ ਪਾਸੇ ਭਾਰਤ ਤੋਂ ਬਾਹਰ ਦੂਰ ਸੈਰ 'ਤੇ ਜਾਣ ਦਾ ਸਬੱਬ ਵੀ ਬਣਿਆ। ਅਜਿਹੀ ਸਥਿਤੀ ਵਿਚ ਜਦੋਂ ਕੋਈ ਵਿਅਕਤੀ ਆਪਣੇ ਸਫ਼ਰ ਅਨੁਭਵਾਂ ਨੂੰ ਆਪਣੀ ਭਾਸ਼ਾ ਵਿਚ ਲਿਪੀਬੱਧ ਕਰਦਾ ਹੈ ਤਾਂ ਸਫ਼ਰਨਾਮੇ ਦਾ ਜਨਮ ਹੁੰਦਾ ਹੈ। ਅੰਗਰੇਜ਼ਾਂ ਦੀ ਆਮਦ ਨਾਲ ਦੂਰ ਦੁਰਾਡੇ ਜਾਣ ਲਈ ਆਵਾਜਾਈ ਤੇ ਤੇਜ਼ ਸਾਧਨ ਰੇਲ ਗੱਡੀਆਂ, ਮੋਟਰਾਂ ਤੇ ਸਮੁੰਦਰੀ ਜਹਾਜ਼ ਆਮ ਵਿਅਕਤੀ ਦੀ ਪਹੁੰਚ ਵਿਚ ਆਏ ਤੇ ਇਸ ਦੇ ਨਾਲ ਹੀ ਛਾਪੇਖਾਨੇ ਦੀ ਸਹੂਲਤ, ਨਾਲ ਲਿਖੇ ਅਨੁਭਵਾਂ ਨੂੰ ਪੇਸ਼ ਕਰਨ ਦਾ ਰਿਵਾਜ ਪਿਆ।

**ਪੰਜਾਬੀ ਸਫ਼ਰਨਾਮੇ ਦਾ ਆਰੰਭ**

ਡਾ. ਗੁਰਚਰਨ ਸਿੰਘ ਅਰਸ਼ੀ ਦੀ 'ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਇਸਾਈ ਮਿਸ਼ਨਰੀਆਂ ਦੀ ਦੇਣ' ਸਬੰਧੀ ਖੋਜ ਪੁਸਤਕ ਅਨੁਸਾਰ ਪੰਜਾਬੀ ਵਿਚ ਪਹਿਲਾ ਸਫ਼ਰਨਾਮਾ **ਏਸ਼ੀਆ ਦੀ ਸੈਲ** (1898) ਕਿਸੇ ਅਗਿਆਤ ਇਸਾਈ ਮਿਸ਼ਨਰੀ ਦਾ ਲਿਖਿਆ ਹੋਇਆ ਹੈ। ਇਸ ਵਿਚ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਦਾ ਸੰਖੇਪ ਇਤਿਹਾਸ ਦਰਜ ਹੈ। ਭਾਵੇਂ ਲੰਮਾ ਸਮਾਂ ਲਾਲ ਸਿੰਘ ਕਮਲਾ ਅਕਾਲੀ ਦੇ **ਮੇਰੇ ਵਲਾਇਤੀ ਸਫ਼ਰਨਾਮਾ** ਨੂੰ ਪਹਿਲਾ ਸਫ਼ਰਨਾਮਾ ਮੰਨਿਆ ਜਾਂਦਾ ਰਿਹਾ ਹੈ ਪਰ 1984 ਵਿਚ ਡਾ. ਰਛਪਾਲ ਕੌਰ ਵੱਲੋਂ ਸੰਪਾਦਤ ਭਾਈ ਕਾਹਨ ਸਿੰਘ ਨਾਭਾ ਦੇ ਸਫ਼ਰਨਾਮੇ **ਪਹਾੜ ਦਾ ਸਫ਼ਰ** (ਲਿਖਣ ਕਾਲ 1906) ਅਤੇ **ਵਲਾਇਤ ਦਾ ਸਫ਼ਰ** (ਲਿਖਣ ਕਾਲ 1907), **ਵਲਾਇਤ ਦਾ ਸਫ਼ਰ** (1908) ਸਾਹਮਣੇ ਆਉਣ ਨਾਲ ਭਾਈ ਕਾਹਨ ਸਿੰਘ ਨਾਭਾ ਪਹਿਲੇ ਸਫ਼ਰਨਾਮਾਕਾਰ ਬਣ ਜਾਂਦੇ ਹਨ। ਕਾਹਨ ਸਿੰਘ ਨਾਭਾ ਦਾ ਪਹਿਲਾ ਸਫ਼ਰਨਾਮਾ ਵਲਾਇਤ ਦੀ ਯਾਤਰਾ ਨਾਲ ਸਬੰਧਤ ਹੈ। ਇਸ ਵਿਚ ਚਿੱਠੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਇਸ ਸਫ਼ਰਨਾਮੇ ਵਿਚ ਵਲਾਇਤ ਭਾਵ ਬਰਤਾਨੀਆਂ ਦੇ ਗੁਣਾਂ ਦਾ ਵਰਣਨ ਕੀਤਾ ਗਿਆ ਹੈ ਤਾਂ ਜੋ ਉਸ ਤੋਂ ਭਾਰਤੀ ਲੋਕ ਵੀ ਕੁਝ ਸਿੱਖ ਸਕਣ। ਇਸੇ ਪ੍ਰਕਾਰ ਪਹਾੜਾਂ ਦਾ ਸਫ਼ਰ ਵੀ ਚਿੱਠੀ ਸ਼ੈਲੀ ਵਿਚ ਹੀ ਹੈ, ਇਸ ਵਿਚ ਵੀ ਉਨ੍ਹਾਂ ਨੇ ਉਤਰੀ ਭਾਰਤ ਦੇ ਪਹਾੜਾਂ ਦੀ ਯਾਤਰਾ ਕਰਦਿਆਂ ਪ੍ਰਕਿਰਤੀ ਦੇ ਸੁਹਜ ਨੂੰ ਚਿਤਰਿਆ ਹੈ। ਡਾ. ਕੁਲਦੀਪ ਸਿੰਘ ਧੀਰ ਅਨੁਸਾਰ ਭਾਈ ਕਾਹਨ ਸਿੰਘ ਨਾਭਾ ਦੇ

ਸਫ਼ਰਨਾਮੇ ਛਪਣ ਨਾਲ ਉਹ 'ਸਫ਼ਰਨਾਮਾ ਸਾਹਿਤ ਦੇ ਮੋਢੀ ਬਣ ਗਏ।' ਇਸ ਪ੍ਰਕਾਰ ਨਵੀਆਂ ਖੋਜਾਂ ਅਨੁਸਾਰ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਕਿਸੇ ਇਸਾਈ ਮਿਸ਼ਨਰੀ ਦਾ ਲਿਖਿਆ ਹੋਇਆ ਹੈ ਪਰੰਤੂ ਉਹ ਸਫ਼ਰਨਾਮਾ ਸਾਹਿਤ ਦੇ ਸਾਰੇ ਤੱਤਾਂ ਨੂੰ ਆਪਣੇ ਵਿਚ ਨਹੀਂ ਸਮਾਉਂਦਾ ਅਤੇ ਉਸ ਦੇ ਲੇਖਕ ਬਾਰੇ ਵੀ ਨਹੀਂ ਪਤਾ। ਦੂਸਰੇ ਭਾਈ ਕਾਹਨ ਸਿੰਘ ਨਾਭਾ ਦਾ ਸਫ਼ਰਨਾਮਾ ਭਾਵੇਂ ਲਾਲ ਸਿੰਘ ਕਮਲਾ ਅਕਾਲੀ ਤੋਂ ਪਹਿਲਾਂ ਲਿਖਿਆ ਹੋਵੇ ਪਰ ਉਹ ਨਿੱਜੀ ਚਿੱਠੀਆਂ ਦੇ ਰੂਪ ਵਿਚ ਹੈ ਅਤੇ ਛਪਿਆ ਬਹੁਤ ਪਿੱਛੋਂ ਹੈ। ਆਪਣੇ ਸਾਹਿਤਕ ਗੁਣਾਂ ਕਾਰਨ ਲਾਲ ਸਿੰਘ ਕਮਲਾ ਅਕਾਲੀ ਦਾ ਮੇਰਾ ਵਲਾਇਤੀ ਸਫ਼ਰਨਾਮਾ ਹੀ ਪਹਿਲਾ ਸਫ਼ਰਨਾਮਾ ਕਿਹਾ ਜਾ ਸਕਦਾ ਹੈ ਜਿਸ ਨੇ ਇਸ ਵਾਰਤਕ ਵਿਧਾ ਦਾ ਪੰਜਾਬੀ ਸਾਹਿਤਕ ਜਗਤ ਵਿਚ ਆਗਾਜ਼ ਕੀਤਾ। ਲਾਲ ਸਿੰਘ ਕਮਲਾ ਅਕਾਲੀ ਨੇ ਦੋ ਹੋਰ ਸਫ਼ਰਨਾਮੇ **ਸੈਲਾਨੀ ਦੇਸ਼ ਭਗਤ ਤੇ ਮੇਰਾ ਆਖਰੀ ਸਫ਼ਰਨਾਮਾ** ਵੀ ਪ੍ਰਕਾਸ਼ਤ ਕੀਤੇ ਹਨ। ਇਹ ਸਫ਼ਰਨਾਮੇ ਭਾਵੇਂ ਮੇਰੇ ਵਲਾਇਤੀ ਸਫ਼ਰਨਾਮੇ ਜਿਹੇ ਤਾਂ ਨਹੀਂ ਪਰ ਇਨ੍ਹਾਂ ਦੀਆਂ ਆਪਣੀਆਂ ਵਿਸ਼ੇਸ਼ਤਾਈਆਂ ਹਨ। ਸੈਲਾਨੀ ਦੇਸ਼ ਭਗਤ ਵਿਚ ਦੋ ਗਦਰੀ ਦੇਸ਼ ਭਗਤਾਂ ਦੀ ਦੇਸ਼ ਵਾਪਸੀ ਦਾ ਬਿਆਨ ਹੈ। ਇਨ੍ਹਾਂ ਦੀ ਯਾਤਰਾ ਜਾਪਾਨ ਤੋਂ ਸ਼ੁਰੂ ਹੁੰਦੀ ਹੈ ਤੇ ਏਸ਼ੀਆ ਦੇ ਦੱਖਣੀ ਪੂਰਬੀ ਦੇਸ਼ਾਂ ਵਿਚ ਦੀ ਹੁੰਦੇ ਹੋਏ ਭਾਰਤ ਪਹੁੰਚਦੇ ਹਨ। ਇਸ ਵਿਚ ਦੂਸਰੇ ਦੇਸ਼ਾਂ ਦੇ ਕੁਦਰਤੀ ਨਜ਼ਾਰੇ ਵੀ ਹਨ ਅਤੇ ਸਫ਼ਰ ਦੀਆਂ ਤਕਲੀਫ਼ਾਂ ਵੀ ਹਨ। ਪੁਲਿਸ ਦਾ ਡਰ ਵੀ ਹੈ ਅਤੇ ਸੁਤੰਤਰਤਾ ਲਈ ਸੰਗਰਾਮ ਲੜਨ ਦਾ ਜੋਸ਼ ਵੀ ਹੈ। ਇਸ ਤਰ੍ਹਾਂ ਇਹ ਪੁਸਤਕ ਜਾਸੂਸੀ ਨਾਵਲ ਦੇ ਅੰਸ਼ ਵੀ ਸਮਾਈ ਬੈਠੀ ਹੈ। ਸੁਤੰਤਰਤਾ ਤੋਂ ਪਹਿਲੇ 13 ਸਫ਼ਰਨਾਮੇ ਹੀ ਹੁਣ ਤਕ ਸਾਹਮਣੇ ਆਏ ਹਨ। ਇਨ੍ਹਾਂ ਵਿਚੋਂ ਪਹਿਲਾਂ ਵਰਣਨ ਕੀਤੇ ਸਫ਼ਰਨਾਮਿਆਂ ਤੋਂ ਇਲਾਵਾ ਰਘਬੀਰ ਸਿੰਘ ਕੋਇਟੇ ਦਾ ਅਮਰੀਕਾ ਦੀ ਸੈਲ ਅਰਥਾਤ **ਅਮਰੀਕਾ ਦੇ ਜੱਟ (1914)** ਗੁਰਬਖ਼ਸ਼ ਸਿੰਘ ਨੌਰੰਗ ਦਾ **ਦੁਨੀਆਂ ਦੀ ਸੈਰ** (1929) ਕਰਮ ਸਿੰਘ ਦਾ **ਅਮਰੀਕਾ ਸਫ਼ਰ,** ਡਾ. ਸ਼ੇਰ ਸਿੰਘ ਦਾ **ਪ੍ਰਦੇਸ਼ ਯਾਤਰਾ** (1939) ਹਰਦਿੱਤ ਸਿੰਘ ਢਿੱਲੋਂ ਦਾ **ਪੂਰਬ ਤੇ ਪੱਛਮ,** ਦਵਿੰਦਰ ਸਿੰਘ ਦਾ **ਸੈਲ-ਸਪਾਟੇ** (1943), ਜੀ.ਐਲ. ਖੰਨੇ ਦਾ **ਅੱਖੀਂ ਡਿੱਠਾ ਰੂਸ** (1943) ਅਤੇ ਤਾਰਾ ਸਿੰਘ ਦਾ **ਫਰਾਂਸ ਦੀਆਂ ਰਾਤਾਂ** (1944) ਹਨ।

ਗਿਆਨੀ ਹੀਰਾ ਸਿੰਘ ਦਰਦ, **ਬ੍ਰਿਜ ਭੂਮੀ ਤੇ ਮਲਾਇਆ ਯਾਤਰਾ** ਅਤੇ ਐਸ.ਐਸ. ਅਮੋਲ ਦੀਆਂ **ਅਮੋਲ ਯਾਤਰਾ,** ਏਸ਼ੀਆ ਦੇ ਦੱਖਣੀ ਮੁਲਕਾਂ ਬਰਮਾ, ਮਲੇਸ਼ੀਆ, ਸਿਆਮ ਦੇਸ਼ਾਂ ਨਾਲ ਸੰਬੰਧਤ ਹਨ। ਪ੍ਰੋ. ਰਾਮ ਸਿੰਘ ਨੇ ਕਸ਼ਮੀਰ ਤੇ ਕੁੱਲੂ ਦੀ ਯਾਤਰਾ ਨੂੰ ਇਸੇ ਨਾਂ ਦੇ ਸਫ਼ਰਨਾਮੇ **ਕਸ਼ਮੀਰ ਤੇ ਕੁੱਲੂ** ਵਿਚ ਪ੍ਰਗਟਾਇਆ ਹੈ। ਇਸ ਪੁਸਤਕ ਵਿਚ ਅਮਰ ਨਾਥ ਦੀ ਯਾਤਰਾ ਦਾ ਦਿਲਚਸਪ ਵਰਣਨ ਹੈ। ਪਿਆਰਾ ਸਿੰਘ ਦਾਤਾ ਦੀ **ਮੇਰੀ ਪਰਬਤ ਯਾਤਰਾ** ਵੀ ਭਾਰਤ ਦੇ ਸੁੰਦਰ ਪ੍ਰਕਿਰਤਕ ਪਹਾੜੀ ਸੁਹਜ ਨੂੰ ਪੇਸ਼ ਕਰਦੀ ਹੈ।

ਸਫ਼ਰਨਾਮਿਆਂ ਦੀ ਕਾਲ ਵੰਡ ਪੂਰਵ ਸੁਤੰਤਰਤਾ ਅਤੇ ਸੁਤੰਤਰਤਾ ਕਾਲ ਵਿਚ ਕੀਤੀ ਜਾ ਸਕਦੀ ਹੈ ਅਤੇ ਅੱਗੋਂ ਸੁਤੰਤਰਤਾ ਕਾਲ ਨੂੰ 1947 ਤੋਂ ਲੈ ਕੇ ਲੱਗਭੱਗ 1980 ਤੱਕ ਅਤੇ 1980 ਤੋਂ ਲੈ ਕੇ ਹੁਣ ਤੱਕ ਦੇ ਕਾਲਾਂ ਵਿਚ ਵੰਡਿਆ ਜਾ ਸਕਦਾ ਹੈ ਜਿੱਥੇ ਪੂਰਵ ਸੁਤੰਤਰਤਾ ਕਾਲ ਵਿਚ ਇਕ ਦਰਜਨ ਦੇ ਕਰੀਬ ਸਫ਼ਰਨਾਮੇ ਲਿਖੇ ਗਏ, ਉਥੇ ਆਜ਼ਾਦੀ ਉਪਰੰਤ 30 ਸਾਲਾਂ ਵਿਚ 80 ਦੇ ਕਰੀਬ ਸਫ਼ਰਨਾਮੇ ਲਿਖੇ ਗਏ ਅਤੇ ਹੁਣ ਦੇ ਕਾਲ ਵਿਚ 120 ਦੇ ਕਰੀਬ ਸਫ਼ਰਨਾਮੇ ਲਿਖੇ ਜਾ ਚੁੱਕੇ ਹਨ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸਫ਼ਰਨਾਮਾ ਸਾਹਿਤ ਵਿਚ ਤੇਜ਼ੀ ਨਾਲ ਵਾਧਾ ਹੁੰਦਾ ਜਾ ਰਿਹਾ ਹੈ। ਇਸ ਦਾ ਕਾਰਨ ਦੂਹਰਾ ਹੈ। ਇਕ ਪਾਸੇ ਤਾਂ ਪੰਜਾਬ ਦਾ ਮੱਧ ਵਰਗ ਤੇਜ਼ੀ ਨਾਲ ਫੈਲਿਆ ਹੈ ਅਤੇ ਉਹ ਕਮਾਈ ਲਈ ਅਤੇ ਸੈਰ ਸਪਾਟੇ ਲਈ ਦੇਸ਼ ਵਿਦੇਸ਼ ਗਾਹੁਣ ਲੱਗਿਆ ਹੈ। ਦੂਜੇ ਪਾਸੇ ਆਵਾਜਾਈ ਦੇ ਸਾਧਨਾਂ ਦੀ ਤੇਜ਼ੀ ਨੇ ਵੀ ਸਫ਼ਰ ਅਤੇ ਸਫ਼ਰਨਾਮਾ ਸਾਹਿਤ ਵਿਚ ਤੇਜ਼ੀ ਲਿਆਂਦੀ ਹੈ। ਇਸ ਦਾ ਦੂਜਾ ਕਾਰਨ ਪੰਜਾਬੀ ਪੱਤਰਕਾਰੀ ਦੀਆਂ ਲੋੜਾਂ ਹਨ। ਪਿਛਲੇ ਕੁਝ ਸਮੇਂ ਤੋਂ ਅਖ਼ਬਾਰਾਂ ਦੀਆਂ ਲੋੜਾਂ ਦੀ ਪੂਰਤੀ ਲਈ ਤੇਜ਼ੀ ਨਾਲ ਲਿਖਿਆ ਜਾਣਾ ਸ਼ੁਰੂ ਹੋਇਆ ਹੈ। ਲੱਗਭਗ ਹਰ ਅਖ਼ਬਾਰ ਦੇ ਸੰਪਾਦਕ, ਉਪ-ਸੰਪਾਦਕਾਂ ਨੇ ਕਈ-ਕਈ ਸਫ਼ਰਨਾਮੇ **ਲਿਖ ਮਾਰੇ** ਹਨ। ਸਫ਼ਰਨਾਮਿਆਂ ਦੀ ਧਰਤੀ ਦੇ ਹਿਸਾਬ ਨਾਲ ਵੰਡ ਚਾਰ ਭਾਗਾਂ ਵਿਚ ਕੀਤੀ ਜਾ ਸਕਦੀ ਹੈ :

1. ਭਾਰਤ ਵਿਚ ਹੀ ਪਹਾੜਾਂ, ਸਮੁੰਦਰੀ ਬੀਚਾਂ, ਟਾਪੂਆਂ ਅਤੇ ਹੋਰ ਦੇਖਣਯੋਗ ਪ੍ਰਕਿਰਤਕ ਅਤੇ ਇਤਿਹਾਸਕ ਥਾਵਾਂ ਦੇ ਸਫ਼ਰਨਾਮੇ।
2. ਏਸ਼ੀਆ ਦੇ ਹੀ ਗੁਆਂਢੀ ਦੇਸ਼ਾਂ ਸਿੰਘਾਪੁਰ, ਮਲਾਇਆ, ਬਰਮਾ ਅਤੇ ਆਜ਼ਾਦੀ ਤੋਂ ਬਾਅਦ ਪਾਕਿਸਤਾਨ ਦੀ ਯਾਤਰਾ।

3. ਸਮਾਜਵਾਦੀ ਮੁਲਕ ਖ਼ਾਸ ਕਰਕੇ ਰੂਸ ਤੇ ਚੀਨ ਦੀ ਯਾਤਰਾ।

4. ਪੱਛਮੀ ਮੁਲਕ ਇੰਗਲੈਂਡ, ਯੂਰਪ ਤੋਂ ਇਲਾਵਾ ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ।

ਸੋ ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਪੰਜਾਬੀ ਸਫ਼ਰਨਾਮਾ ਸਾਹਿਤ ਬੜੀ ਤੇਜ਼ੀ ਨਾਲ ਵਿਕਸਿਤ ਹੋਇਆ ਹੈ। ਵੱਖ-ਵੱਖ ਲੇਖਕਾਂ ਨੇ ਵੱਖ-ਵੱਖ ਦੇਸ਼ਾਂ ਬਾਰੇ ਵੱਖ-ਵੱਖ ਸਮੇਂ ਸਫ਼ਰਨਾਮੇ ਲਿਖੇ। ਇਨ੍ਹਾਂ ਵਿਚੋਂ ਕੁਝ ਮਹੱਤਵਪੂਰਨ ਸਫ਼ਰਨਾਮਿਆਂ 'ਤੇ ਚਰਚਾ ਕੀਤੀ ਜਾ ਰਹੀ ਹੈ।

ਸੋਹਣ ਸਿੰਘ ਜੋਸ਼ ਦੀ **ਮੇਰੀ ਰੂਸ ਯਾਤਰਾ,** ਰੂਸ ਬਾਰੇ ਲੇਖਕ ਦੇ ਅਨੁਭਵਾਂ ਨੂੰ ਪ੍ਰਗਟਾਉਂਦੀ ਹੈ। ਪ੍ਰਗਤੀਵਾਦੀ ਵਿਚਾਰਾਂ ਦੇ ਲੇਖਕਾਂ ਦੇ ਮਨਾਂ ਵਿਚ ਰੂਸ, ਸਮਾਜਵਾਦ ਦਾ ਪਹਿਲਾ ਕੇਂਦਰ ਹੋਣ ਕਾਰਨ ਮੱਕੇ ਦੀ ਨਿਆਈ ਸੀ। ਇਸ ਕਾਰਨ ਇਸ ਦੇਸ਼ ਦੀ ਯਾਤਰਾ ਕਰਨ ਅਤੇ ਉਸ ਬਾਰੇ ਪ੍ਰਭਾਵ ਸਾਂਝੇ ਕਰਨੇ ਲੇਖਕ ਦੇ ਮਨ ਅੰਦਰ ਹੀ ਰੀਝ ਨਹੀਂ ਜਗਾਉਂਦੇ ਸਨ ਸਗੋਂ ਪਾਠਕ ਵੀ ਉਸ ਨੂੰ ਪੜ੍ਹਨਾ ਚਾਹੁੰਦੇ ਸਨ। ਸੋਹਨ ਸਿੰਘ ਜੋਸ਼ ਭਾਰਤ ਦੇ ਆਜ਼ਾਦੀ ਸੰਗਰਾਮ ਦਾ ਅਤੇ ਪ੍ਰਗਤੀਵਾਦੀ ਲਹਿਰ ਦਾ ਕਾਮਾ ਸੀ। ਇਸ ਸਫ਼ਰਨਾਮੇ ਵਿਚ ਜੋਸ਼ ਦੀ ਵਾਰਤਕ ਸ਼ੈਲੀ ਕਾਵਿਮਈ ਹੋ ਜਾਂਦੀ ਹੈ। ਬਲਰਾਜ ਸਾਹਨੀ ਦੇ ਦੋ ਸਫ਼ਰਨਾਮੇ **ਮੇਰਾ ਪਾਕਿਸਤਾਨੀ ਸਫ਼ਰਨਾਮਾ** ਅਤੇ **ਮੇਰਾ ਰੂਸੀ ਸਫ਼ਰਨਾਮਾ** ਛਪੇ। ਬਲਰਾਜ ਸਾਹਨੀ ਇਕ ਅਭਿਨੇਤਾ ਹੀ ਨਹੀਂ ਸਗੋਂ ਲੇਖਕ ਵੀ ਸੀ। ਪਾਕਿਸਤਾਨ ਉਸ ਦੀ ਜਨਮਭੂਮੀ ਹੋਣ ਕਾਰਨ ਉਸ ਨਾਲ ਉਸ ਦਾ ਭਾਵੁਕ ਲਗਾਉ ਸੀ। ਮੇਰਾ ਪਾਕਿਸਤਾਨੀ ਸਫ਼ਰਨਾਮਾ ਵਿਚ ਆਪਣੀ ਹੀ ਜਨਮ ਭੂਮੀ, ਜੋ ਹੁਣ ਪਰਾਈ ਹੋ ਗਈ ਸੀ ਦੀ ਯਾਤਰਾ ਦਾ ਭਾਵੁਕ ਬਿਆਨ ਹੈ, ਜਿਸ ਵਿਚ ਆਰੰਭਕ ਸਮੇਂ ਡਰ, ਤੌਖ਼ਲਾ ਅਤੇ ਸੰਸਾ ਹੈ ਜਦੋਂ ਕਿ ਆਪਣੀ ਜਨਮ ਭੂਮੀ ਨੂੰ ਵੇਖਣ ਉਪਰੰਤ ਖੁਸ਼ੀ, ਹੈਰਾਨੀ ਤੇ ਵਿਸਮਾਦੀ ਅਨੁਭਵ ਪ੍ਰਾਪਤ ਕਰਦਾ ਹੈ। ਬਲਰਾਜ ਸਾਹਨੀ ਦਾ ਇਹ ਵਿਲੱਖਣ ਸਫ਼ਰਨਾਮਾ ਹੈ ਜਿਸ ਵਿਚ ਵਿਅਕਤੀ ਆਪਣੀ ਹੀ ਜਨਮਭੂਮੀ ਨੂੰ ਸੈਲਾਨੀ ਅਤੇ ਵਿਦੇਸ਼ੀ ਵਜੋਂ ਵੇਖਦਾ ਹੈ। ਇਸ ਸਫ਼ਰਨਾਮੇ ਵਿਚ ਦੋ ਮੁਲਕਾਂ ਦੀ ਸਿਆਸਤ ਉਪਰ ਵੀ ਗੁੱਝੀਆਂ ਟਿੱਪਣੀਆਂ ਹਨ ਅਤੇ ਮਾਨਵੀ ਹਮਦਰਦੀ ਨਾਲ ਭਰਿਆ ਅਮਨ ਸੰਦੇਸ਼ ਵੀ ਹੈ। ਬਲਵੰਤ ਗਾਰਗੀ ਉੱਘਾ ਨਾਟਕਕਾਰ, ਨਾਵਲਕਾਰ, ਕਹਾਣੀਕਾਰ, ਸਵੈ-ਜੀਵਨੀਕਾਰ ਅਤੇ ਰੇਖਾ ਚਿੱਤਰਾਂ ਦਾ ਹੀ ਸ਼ਾਹ ਸਵਾਰ ਨਹੀਂ, ਉਸ ਨੇ ਅਮਰੀਕਾ ਬਾਰੇ **ਪਤਾਲ ਦੀ ਧਰਤੀ** ਨਾਂ ਥੱਲੇ ਖ਼ੂਬਸੂਰਤ ਸਫ਼ਰਨਾਮਾ ਵੀ ਲਿਖਿਆ ਹੈ। ਉਸ ਦਾ ਇਹ ਸਫ਼ਰਨਾਮਾ ਉਸ ਦੀ ਵਾਰਤਕ ਦੇ ਪ੍ਰਸਿੱਧ ਗੁਣਾਂ ਭਾਸ਼ਾ ਦੀ ਅਮੀਰੀ ਅਤੇ ਘਟਨਾਵਾਂ ਦੀ ਉਤੇਜ਼ਨਾ ਨਾਲ ਭਰਪੂਰ ਹੈ। ਜਗਜੀਤ ਸਿੰਘ ਆਨੰਦ ਦਾ ਸਫ਼ਰਨਾਮਾ **ਨਵਾਂ-ਨਿਆਰਾ ਜਰਮਨੀ** ਬਰਲਨ ਦੀ ਦੀਵਾਰ ਢਹਿਣ ਤੋਂ ਪਹਿਲਾਂ ਦੇ ਪੂਰਵੀ ਜਰਮਨੀ ਦੇ ਅਨੁਭਵਾਂ ਨਾਲ ਭਰਪੂਰ ਹੈ। ਇਸ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਦਾ ਦਖ਼ਲ ਸਪੱਸ਼ਟ ਦਿਖਾਈ ਦਿੰਦਾ ਹੈ। ਨਵੇਤਜ ਸਿੰਘ ਨੇ **ਦੋਸਤੀ ਦੇ ਪੰਧ** ਸਫ਼ਰਨਾਮੇ ਵਿਚ ਸਾਹਿਤਕ ਗੁਣਾਂ ਨੂੰ ਬਰਕਰਾਰ ਰੱਖਿਆ ਹੈ। ਗੁਰਦਿਆਲ ਸਿੰਘ ਫੁੱਲ ਨੇ ਕਸ਼ਮੀਰ ਬਾਰੇ ਇਕ ਸਫ਼ਰਨਾਮਾ **ਧਰਤੀ ਦਾ ਸਵਰਗ** (1962) ਲਿਖਿਆ ਸੀ। ਕਰਨਲ ਨਰਿੰਦਰ ਪਾਲ ਸਿੰਘ ਆਪਣੇ ਅਹੁਦੇ ਕਾਰਨ ਵੱਖ-ਵੱਖ ਦੇਸ਼ਾਂ ਵਿਚ ਘੁੰਮਿਆ। ਉਸ ਨੇ ਕੇਵਲ ਨਾਵਲ ਹੀ ਨਹੀਂ ਲਿਖੇ ਸਗੋਂ ਵਿਦੇਸ਼ੀ ਯਾਤਰਾ ਸੰਬੰਧੀ ਵੀ ਸਾਹਿਤ ਰਚਿਆ। ਰੂਸ ਦੀ ਯਾਤਰਾ ਸਬੰਧੀ ਸਫ਼ਰਨਾਮਾ ਲਿਖਣ ਤੋਂ ਇਲਾਵਾ ਉਸ ਨੇ ਕਾਬਲ ਸਬੰਧੀ ਯਾਤਰਾ ਵੀ ਲਿਖੀ ਹੈ। ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਨੇ ਕਾਬਲ ਦੀ ਯਾਤਰਾ ਦਾ ਸਫ਼ਰਨਾਮਾ ਲਿਖਿਆ ਹੈ, ਜਿਸ ਵਿਚ ਭਾਵ ਪ੍ਰਮੁੱਖਤਾ ਇਤਿਹਾਸਕ ਮਹੱਤਵ ਦੇ ਸਥਾਨਾਂ ਨੂੰ ਅਤੇ ਇਤਿਹਾਸ ਨੂੰ ਮਿਲੀ ਹੈ ਪਰ ਉਸ ਦੇ ਸਾਹਿਤਕ ਗੁਣ ਵੀ ਧਿਆਨਯੋਗ ਹਨ। ਪ੍ਰੀਤਮ ਸਿੰਘ ਨੇ ਥਾਈਲੈਂਡ ਦੀ ਯਾਤਰਾ ਸੰਬੰਧੀ ਸਫ਼ਰਨਾਮਾ ਲਿਖਿਆ ਹੈ। ਸੁਰਜੀਤ ਸਿੰਘ ਸੇਠੀ ਨੇ ਜੀਵਨ ਦੇ ਅੰਤਮ ਸਮੇਂ ਸਫ਼ਰਨਾਮਾ **ਪਟਿਆਲੇ ਤੋਂ ਪਟਿਆਲੇ ਤਕ** ਲਿਖਿਆ ਹੈ। ਸੁਰਜੀਤ ਸਿੰਘ ਸੇਠੀ ਦੇ ਸਫ਼ਰਨਾਮੇ ਵਿਚ ਉਸ ਦਾ ਵਿਦੇਸ਼ੀ ਧਰਤੀ ਅਤੇ ਹੋਰ ਰੰਗਮੰਚ ਪ੍ਰਤੀ ਅਨੁਭਵ ਸ਼ਾਮਲ ਹਨ। ਭਾਵੇਂ ਇਹ ਸਫ਼ਰਨਾਮਾ ਉਨ੍ਹਾਂ ਦੀਆਂ ਬਾਕੀ ਲਿਖਤਾਂ ਦੇ ਸਾਹਿਤਕ ਕੱਦ ਜਿੰਨਾ ਤਾਂ ਨਹੀਂ ਪਰ ਆਪਣੀ ਵੱਖਰੀ ਸ਼ੈਲੀ ਅਵੱਸ਼ ਸਿਰਜਦਾ ਹੈ। ਰਾਣੀ ਨਗਿੰਦਰ ਦਾ ਸਫ਼ਰਨਾਮਾ **ਸਫ਼ਰ ਦਰ ਸਫ਼ਰ,** ਕੇ.ਐਲ. ਗਰਗ ਦਾ **ਵਾਟਾਂ ਦੇਸੋਂ ਪਾਰ ਦੀਆਂ,** ਸੁਰਜੀਤ ਮਰਜਾਰਾ ਦੀ **ਫੇਰੀ ਸਮੁੰਦਰੋਂ ਪਾਰ ਦੀ,** ਕੁਲਵੰਤ ਕੌਰ ਦਾ **ਅੱਖੀਆਂ ਵੇਖ ਨਾ ਰੱਜੀਆਂ** ਛਪੇ ਹਨ। ਅਸਲ ਵਿਚ ਪਿਛਲੇ ਕੁਝ ਸਮੇਂ ਤੋਂ ਸਫ਼ਰਨਾਮਾ ਸਾਹਿਤ ਵਿਚ ਖ਼ਾਸਾ ਵਾਧਾ ਹੋਇਆ ਹੈ। ਇਹ ਵਾਧਾ ਵਧੇਰੇ ਕਰਕੇ ਲੇਖਕਾਂ ਦੇ ਵਿਦੇਸ਼ ਜਾਣ ਨਾਲ ਨਹੀਂ ਜੁੜਿਆ ਹੋਇਆ ਸਗੋਂ ਪੱਤਰਕਾਰਾਂ ਦੇ ਵਿਦੇਸ਼ ਦੌਰਿਆਂ ਨਾਲ ਵੀ ਜੁੜਿਆ ਹੈ। ਪੱਤਰਕਾਰਾਂ ਦੇ ਸੰਪਾਦਕਾਂ ਨੂੰ ਗਾਹੇ ਬਗਾਹੇ ਵਿਦੇਸ਼ ਜਾਣ ਦਾ ਮੌਕਾ ਮਿਲਦਾ ਰਹਿੰਦਾ ਹੈ। ਉਹ ਅਕਸਰ ਆਪਣੇ ਵਿਦੇਸ਼ੀ ਸਫ਼ਰ ਦੇ ਅਨੁਭਵਾਂ ਨੂੰ ਅਖ਼ਬਾਰ ਦੀਆਂ ਲੋੜਾਂ ਅਨੁਸਾਰ ਲਿਖਦੇ ਰਹਿੰਦੇ ਹਨ। ਇਹ ਲਿਖਣਾ ਉਨ੍ਹਾਂ ਦੀ **ਪੇਸ਼ਵਾਰਾਨਾ** ਲੋੜ ਵੀ ਹੁੰਦੀ ਹੈ ਅਤੇ ਉਨ੍ਹਾਂ ਦੀ ਸਾਹਿਤਕ

ਭੁੱਖ ਵੀ ਪਰੰਤੂ ਇਸ ਤਰ੍ਹਾਂ ਲਿਖੇ ਗਏ ਬਹੁਤੇ ਸਫ਼ਰਨਾਮੇ ਕਾਹਲ ਵਿਚ ਲਿਖੇ ਗਏ ਅਤੇ ਗੰਭੀਰਤਾ ਤੋਂ ਸੱਖਣੇ ਹੋਣ ਕਰਕੇ ਸਾਹਿਤਕ ਪੱਖ ਤੋਂ ਬਹੁਤਾ ਉੱਚਾ ਮਿਆਰ ਨਹੀਂ ਸਿਰਜਦੇ ਪਰੰਤੂ ਫਿਰ ਵੀ ਇਸ ਵੰਨਗੀ ਦੇ ਸਫ਼ਰਨਾਮੇ ਗਿਣਤੀ ਪੱਖੋਂ ਬਹੁਤ ਹਨ।

ਪਿਛਲੇ ਸਮੇਂ ਵਿਚ ਵਿਸ਼ਵ ਕਾਨਫਰੰਸਾਂ ਅਤੇ ਸਾਹਿਤਕ ਸੈਮੀਨਾਰਾਂ ਨੇ ਵੀ ਲੇਖਕਾਂ ਦੀਆਂ ਵਿਦੇਸ਼ ਫੇਰੀਆਂ ਵਧਾਈਆਂ ਹਨ। ਸਿੱਟੇ ਵਜੋਂ ਲਗਭਗ ਹਰੇਕ ਸਥਾਪਤ ਲੇਖਕ ਨੇ ਇਕ ਅੱਧਾ ਸਫ਼ਰਨਾਮਾ ਲਿਖ ਦਿੱਤਾ ਹੈ ਪਰ ਉਨ੍ਹਾਂ ਵਿਚੋਂ ਕੁਝ ਮਹੱਤਵਪੂਰਨ ਵੀ ਹਨ। ਇਸ ਪੱਖ ਤੋਂ ਵਰਿਆਮ ਸੰਧੂ ਦਾ **ਪਰਦੇਸੀ ਪੰਜਾਬ** ਵਿਸ਼ੇਸ਼ ਅਹਿਮੀਅਤ ਰਖਦਾ ਹੈ। ਉਸ ਨੇ ਆਪਣੇ ਇਸ ਸਫ਼ਰਨਾਮੇ ਨੂੰ ਸਫ਼ਰਨਾਮਾ ਕਹਿਣ ਤੋਂ ਸੰਕੋਚ ਕੀਤਾ ਹੈ। ਉਹ ਇਸ ਨੂੰ ਯਾਤਰਾ ਪ੍ਰਸੰਗ ਲਿਖਦਾ ਹੈ। ਇਸ ਸਫ਼ਰਨਾਮੇ ਵਿਚ ਉਸ ਨੇ ਵਿਦੇਸ਼ੀ ਧਰਤੀ ਦੇ ਚਿਤਰਨ ਉਪਰ ਬਹੁਤਾ ਜ਼ੋਰ ਨਹੀਂ ਦਿੱਤਾ ਜੋ ਆਮ ਸਫ਼ਰਨਾਮੇ ਦਾ ਲੱਛਣ ਹੁੰਦਾ ਹੈ, ਸਗੋਂ ਉਸ ਨੇ ਇਸ ਵਿਚ ਵਿਦੇਸ਼ ਵਿਚ ਵਸੇ ਪੰਜਾਬੀਆਂ ਦੇ ਜੀਵਨ ਨੂੰ ਚਿਤਰਨ ਵਿਚ ਵਧੇਰੇ ਦਿਲਚਸਪੀ ਦਿਖਾਈ ਹੈ। ਸ਼ਾਇਦ ਇਸੇ ਕਾਰਨ ਇਸ ਸਫ਼ਰਨਾਮੇ ਦਾ ਨਾਂ ਵੀ ਉਸ ਨੇ **ਪਰਦੇਸੀ ਪੰਜਾਬ** ਰੱਖਿਆ ਹੈ। ਵਰਿਆਮ ਸਿੰਘ ਸੰਧੂ ਦਾ ਦੂਸਰਾ ਸਫ਼ਰਨਾਮਾ ਵਗਦੀ ਏ ਰਾਵੀ ਪਾਕਿਸਤਾਨੀ ਪੰਜਾਬ ਬਾਰੇ ਹੈ, ਜਿਸ ਵਿਚ ਉਸ ਨੇ ਪਾਕਿਸਤਾਨੀ ਪੰਜਾਬ ਦੀ ਯਾਤਰਾ ਨਾਲ ਸਬੰਧਤ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਇਸ ਵਿਚ ਭਾਵੁਕ ਪਿਆਰ ਦੀ ਪ੍ਰਧਾਨਤਾ ਹੈ। ਸਾਰੇ ਸਫ਼ਰਨਾਮੇ ਵਿਚ ਲੇਖਕ ਇਕ ਤਰ੍ਹਾਂ ਨਾਲ ਏਧਰਲੇ ਪੰਜਾਬ ਦਾ ਪ੍ਰਤੀਨਿਧ ਬਣ ਕੇ ਵਿਚਰਦਾ ਹੈ।

ਇਸ ਸਮੇਂ ਹੀ ਪੰਜਾਬੀ ਦੇ ਕਹਾਣੀਕਾਰ ਤੇ ਆਲੋਚਕ ਬਲਦੇਵ ਸਿੰਘ ਧਾਲੀਵਾਲ ਦਾ ਪਹਿਲਾ ਸਫ਼ਰਨਾਮਾ **ਮੋਤੀਆਂ ਦੀ ਚੋਗ** ਵੀ ਸਾਹਮਣੇ ਆਉਂਦਾ ਹੈ। ਬਲਦੇਵ ਸਿੰਘ ਧਾਲੀਵਾਲ ਦੇ ਸਫ਼ਰਨਾਮੇ ਵਿਚ ਵਧੇਰੇ ਜ਼ੋਰ ਇਥੋਂ ਅਤੇ ਉਥੋਂ ਦੀ ਜ਼ਿੰਦਗੀ ਦੀ ਤੁਲਨਾ ਕਰਨ ਵਿਚ ਲਗਦਾ ਹੈ। ਉਹ ਉਥੋਂ ਦੀਆਂ ਮਹੱਤਵਪੂਰਨ ਵੇਖਣ ਯੋਗ ਥਾਵਾਂ ਜਿਵੇਂ ਡਿਜ਼ਨੀਲੈਂਡ ਵਗੈਰਾ ਦਾ ਉਤਸੁਕਤਾ ਭਰਿਆ ਬਿਆਨ ਕਰਦਾ ਹੈ। ਉਸ ਨੇ ਪੱਛਮੀ ਸਮਾਜ ਦੀ ਕਾਮੁਕ ਖੁੱਲ੍ਹ ਵਾਲੀ ਜ਼ਿੰਦਗੀ ਦੀਆਂ ਝਾਕੀਆਂ ਵੀ ਪੇਸ਼ ਕੀਤੀਆਂ ਹਨ। ਧਾਲੀਵਾਲ ਨੇ ਆਪਣੀ ਬਿਰਤਾਂਤ ਵਿਧੀ ਆਪਣੇ ਪੇਂਡੂ ਭਰਾਵਾਂ ਨੂੰ ਗੱਲ ਸੁਣਾਉਣ ਵਾਲੀ ਰੱਖੀ ਹੈ। ਇਸ ਕਾਰਨ ਉਹ ਖ਼ੂਬਸੂਰਤ ਰੂਪਕ ਸਿਰਜਣ ਵਿਚ ਸਫ਼ਲ ਰਿਹਾ ਹੈ। ਉਹ ਆਪਣੇ ਪੇਂਡੂ ਪਾਠਕਾਂ ਨੂੰ ਜਹਾਜ਼ ਵਿਚੋਂ ਦਿਸਦੇ ਬੱਦਲਾਂ ਦਾ ਚਿੱਤਰ ਇੰਜ ਖਿੱਚ ਵਿਖਾਉਂਦਾ ਹੈ 'ਉਤਲੇ ਪਾਸਿਉਂ ਬੱਦਲ ਇਉਂ ਲਗਦੇ ਹਨ ਜਿਵੇਂ ਬਠਿੰਡੇ ਦੀ ਮੰਡੀ ਵਿਚ ਨਰਮੇ ਦੀਆਂ ਢੇਰੀਆਂ ਲਾਈਆਂ ਪਈਆਂ ਹੋਣ।' ਬਲਦੇਵ ਸਿੰਘ ਧਾਲੀਵਾਲ ਨੇ ਹੀ ਆਪਣੀ ਦੂਸਰੀ ਵਿਦੇਸ਼ੀ ਫੇਰੀ ਦਾ ਸਫ਼ਰਨਾਮਾ **'ਥੇਮਜ਼ ਨਾਲ ਵਗਦਿਆਂ'** ਲਿਖਿਆ ਹੈ। ਸੁਖਪਾਲ ਸਿੰਘ ਥਿੰਦ ਨੇ **ਲੰਡਨ ਨੂੰ ਮਿਲਦਿਆਂ** ਸਫ਼ਰਨਾਮੇ ਵਿਚ ਲੰਡਨ ਸ਼ਹਿਰ ਅਤੇ ਇੰਗਲੈਂਡ ਬਾਰੇ ਆਪਣੇ ਪ੍ਰਭਾਵ ਅੰਕਤ ਕੀਤੇ ਹਨ। ਸੁਪਨਦੀਪ ਸੰਧੂ ਨੇ **ਜਾਣੇ ਅਣਜਾਣੇ ਸਫ਼ਰ** ਲਿਖ ਕੇ ਆਪਣਾ ਸਾਹਿਤਕ ਸਫ਼ਰ ਹੀ ਸਫ਼ਰਨਾਮੇ ਤੋਂ ਸ਼ੁਰੂ ਕੀਤਾ ਹੈ। ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਸੁਪਨਦੀਪ ਸੰਧੂ, ਵਰਿਆਮ ਸੰਧੂ ਦਾ ਬੇਟਾ ਹੈ ਅਤੇ ਆਪਣੀ ਇਸ ਲਿਖਤ ਰਾਹੀਂ ਹੀ ਉਸ ਨੇ ਸਾਹਿਤ ਵਿਚ ਪ੍ਰਵੇਸ਼ ਕੀਤਾ ਹੈ।

ਹਰਭਜਨ ਹਲਵਾਰਵੀ ਨੂੰ ਘੁੰਮਣ ਫਿਰਨ ਦਾ ਬਹੁਤ ਸ਼ੌਕ ਸੀ। ਉਸ ਨੇ ਵਿਦੇਸ਼ ਯਾਤਰਾਵਾਂ ਸੰਬੰਧੀ ਸਫ਼ਰਨਾਮੇ ਲਿਖੇ ਹਨ ਪਰੰਤੂ ਚੀਨ ਸੰਬੰਧੀ ਉਸ ਦੇ ਸਫ਼ਰਨਾਮੇ **ਚੀਨ ਵਿਚ ਕੁਝ ਦਿਨ** ਅਤੇ **ਯਾਦਾਂ ਮਿੱਤਰ ਦੇਸ਼ ਦੀਆਂ** ਵਿਸ਼ੇਸ਼ ਮਹੱਤਤਾ ਦੇ ਧਾਰਨੀ ਹਨ ਕਿਉਂਕਿ ਇਕ ਤਾਂ ਚੀਨ ਬਾਰੇ ਬਹੁਤ ਘੱਟ ਸਫ਼ਰਨਾਮੇ ਲਿਖੇ ਗਏ ਹਨ ਅਤੇ ਦੂਸਰਾ ਲੇਖਕ ਦਾ ਸਮਾਜਵਾਦੀ ਚੀਨ ਦੀ ਵਿਚਾਰਧਾਰਾ ਨਾਲ ਕਿਸੇ ਸਮੇਂ ਰਿਹਾ ਸਿਧਾਂਤਕ ਅਤੇ ਭਾਵੁਕ ਲਗਾਓ ਹੈ। ਇਸ ਸਫ਼ਰਨਾਮੇ ਵਿਚ ਲੇਖਕ ਨੇ ਚੀਨ ਬਾਰੇ ਕੇਵਲ ਬਾਹਰੀ ਰਸਮੀ ਪ੍ਰਭਾਵ ਹੀ ਸਾਂਝੇ ਨਹੀਂ ਕੀਤੇ ਸਗੋਂ ਉਸ ਦੀ ਅੰਦਰਲੀ ਬਣਤਰ ਨੂੰ ਘੋਖਣ ਦਾ ਯਤਨ ਕੀਤਾ ਹੈ। ਅਜੀਤ ਦੇ ਬਾਨੀ ਸੰਪਾਦਕ ਸਾਧੂ ਸਿੰਘ ਹਮਦਰਦ ਨੇ ਰੂਸ ਬਾਰੇ ਸਫ਼ਰਨਾਮਾ ਲਿਖਿਆ ਸੀ ਜਿਸ ਵਿਚ ਉਸ ਨੇ ਪੱਤਰਕਾਰੀ ਦੇ ਨਾਲੋ-ਨਾਲ ਸਾਹਿਤਕ ਗੁਣਾਂ ਦਾ ਵੀ ਖਿਆਲ ਰੱਖਿਆ ਸੀ। ਸਾਧੂ ਸਿੰਘ ਹਮਦਰਦ ਦੇ ਪੁੱਤਰ ਸ੍ਰ. ਬਰਜਿੰਦਰ ਸਿੰਘ ਹਮਦਰਦ ਨੇ ਵੀ **ਧਰਤੀਆਂ ਦੇ ਗੀਤ** ਸਫ਼ਰਨਾਮਾ ਲਿਖਿਆ, ਜਿਸ ਵਿਚ ਉਸ ਨੇ ਦੱਖਣੀ ਏਸ਼ੀਆਈ ਦੇਸ਼ਾਂ ਦੇ ਨਾਲੋ-ਨਾਲ ਭਾਰਤ ਦੇ ਟਾਪੂਆਂ ਬਾਰੇ ਵੀ ਜਾਣਕਾਰੀ ਦਿੱਤੀ ਹੈ। ਉਸ ਨੇ ਅੰਡੇਮਾਨ ਦੀਪ ਸਮੂਹ ਬਾਰੇ ਭੂਗੋਲਿਕ ਪੱਖੋਂ ਜਾਣਕਾਰੀ ਦੇਣ ਦੇ ਨਾਲ ਨਾਲ ਉਥੋਂ ਦੇ ਲੋਕਾਂ ਦੇ ਮਾਨਸਿਕਤਾ ਦਾ ਸੁਚੱਜੇ ਢੰਗ ਨਾਲ ਜ਼ਿਕਰ ਕੀਤਾ ਹੈ। ਗੁਰਮੁਖ ਸਿੰਘ ਸਹਿਗਲ ਨੇ **ਸਫ਼ਰਨਾਮਾ ਪਾਕਿਸਤਾਨ** ਲਿਖਿਆ ਹੈ। ਅਜੀਤ ਕੁਮਾਰ ਦਾ **ਮੇਰੀ ਅਧੂਰੀ**

**ਪਾਕਿਸਤਾਨ ਯਾਤਰਾ** ਵੀ ਛਪਿਆ ਹੈ। ਪਾਕਿਸਤਾਨ ਬਾਰੇ ਹੀ ਗੁਰਚਰਨ ਸੱਗੂ ਦਾ ਸਫ਼ਰਨਾਮਾ **ਜੜ੍ਹਾਂ ਦੀ ਪ੍ਰਕਰਮਾ** ਵੀ ਛਪਦਾ ਹੈ। ਅਸਲ ਵਿਚ ਤਾਂ ਬਹੁਤ ਸਾਰੇ ਭਾਰਤੀ ਲੇਖਕਾਂ ਦੇ ਜਾਂ ਉਨ੍ਹਾਂ ਦੇ ਮਾਂ ਬਾਪ ਦਾ ਜਨਮ ਅਣਵੰਡੇ ਪੰਜਾਬ ਦੇ ਹੁਣ ਵਾਲੇ ਪਾਕਿਸਤਾਨ ਪੰਜਾਬ ਵਿਚ ਹੋਇਆ ਹੈ। ਇਸ ਲਈ ਪਾਕਿਸਤਾਨ ਉਨ੍ਹਾਂ ਦੀ ਜਨਮ ਭੂਮੀ ਹੈ ਤੇ ਇਸ ਜਨਮ ਭੂਮੀ ਲਈ ਸਿੱਕ ਉਨ੍ਹਾਂ ਦੇ ਮਨਾਂ ਅੰਦਰ ਰਹਿੰਦੀ ਹੈ। ਇਹ ਸਿੱਕ ਬਲਰਾਜ ਸਾਹਨੀ ਤੋਂ ਲੈ ਕੇ ਗੁਰਚਰਨ ਸੱਗੂ ਤੱਕ ਹਰ ਲੇਖਕ ਦੇ ਸਫ਼ਰਨਾਮੇ ਵਿਚ ਮੌਜੂਦ ਹੈ। ਇਹੀ ਭਾਵੁਕ ਸਾਂਝ ਪਾਕਿਸਤਾਨ ਨਾਲ ਸਬੰਧਤ ਸਫ਼ਰਨਾਮਿਆਂ ਨੂੰ ਦੂਸਰੇ ਦੇਸ਼ਾਂ ਦੇ ਸਫ਼ਰਨਾਮਿਆਂ ਤੋਂ ਵੱਖਰਤਾ ਪ੍ਰਦਾਨ ਕਰਦੀ ਹੈ।

ਆਪਣੇ ਹੀ ਦੇਸ਼ ਦੇ ਪਹਾੜੀ ਇਲਾਕਿਆਂ ਨੂੰ ਘੁੰਮਣਾ ਅਤੇ ਉਨ੍ਹਾਂ ਬਾਰੇ ਸਫ਼ਰਨਾਮੇ ਲਿਖਣ ਦਾ ਆਰੰਭ ਵੀ ਭਾਵੇਂ ਭਾਈ ਕਾਹਨ ਸਿੰਘ ਨਾਭਾ ਨਾਲ ਹੀ ਹੋ ਜਾਂਦਾ ਹੈ ਪਰੰਤੂ ਇਹ ਰੀਤ ਵੀ ਨਿਰੰਤਰ ਤੁਰ ਰਹੀ ਹੈ ਤੇ ਹਰ ਲੇਖਕ ਆਪਣੇ ਨਿੱਜੀ ਅਨੁਭਵਾਂ ਦੇ ਆਧਾਰ 'ਤੇ ਇਸ ਪਰੰਪਰਾ ਵਿਚ ਵਾਧਾ ਕਰ ਰਿਹਾ ਹੈ। ਇਸ ਪੱਖ ਤੋਂ ਮਨਮੋਹਨ ਬਾਵਾ ਦੇ ਸਫ਼ਰਨਾਮੇ **ਆਓ ਚੱਲੀਏ ਬਰਫ਼ਾਂ ਦੇ ਪਾਰ (84), ਅਣਡਿੱਠੇ ਰਸਤੇ, ਉੱਚੇ ਪਰਬਤ (90) ਜੰਗਲ ਜੰਗਲ ਪਰਬਤ ਪਰਬਤ (2002)** ਵਿਸ਼ੇਸ਼ ਮਹੱਤਤਾ ਦੇ ਧਾਰਨੀ ਹਨ ਕਿਉਂਕਿ ਮਨਮੋਹਨ ਬਾਵਾ ਕੋਈ ਸਾਧਾਰਨ ਯਾਤਰੀ ਜਾਂ ਲੇਖਕ ਮਾਤਰ ਨਹੀਂ ਹੈ। ਉਹ ਇਕ ਪਾਸੇ ਤਾਂ ਪੇਸ਼ਾਵਰ ਪਹਾੜੀ ਯਾਤਰੀ ਹੈ ਅਤੇ ਉਸ ਨੇ ਇਸ ਵਿਸ਼ੇ ਉਪਰ ਪੇਸ਼ਾਵਰ ਪੁਸਤਕਾਂ ਵੀ ਲਿਖੀਆਂ ਹਨ। ਉਹ ਕੋਈ ਮੇਜ਼ 'ਤੇ ਬੈਠ ਕੇ ਲਿਖਣ ਵਾਲਾ ਲੇਖਕ ਨਹੀਂ ਸਗੋਂ ਉਹ ਪਹਾੜਾਂ ਦੀਆਂ ਪਗਡੰਡੀਆਂ ਨੂੰ ਆਪਣੇ ਪੈਰਾਂ ਨਾਲ ਗਾਹੁਣ ਵਾਲਾ ਯਾਤਰੀ ਹੈ। ਉਸ ਨੇ ਤਾਂ ਦੂਸਰੇ ਯਾਤਰੀਆਂ ਦੀਆਂ ਸੁਵਿਧਾਵਾਂ ਲਈ ਨਕਸ਼ੇ ਵੀ ਬਣਾਏ ਅਤੇ ਛਾਪੇ ਹਨ। ਇਕ ਤਰ੍ਹਾਂ ਨਾਲ ਪਰਬਤੀ ਯਾਤਰਾ ਉਸ ਦਾ ਜਨੂੰਨ ਹੈ। ਯਾਤਰੀ ਹੋਣ ਦੇ ਨਾਲ ਨਾਲ ਉਹ ਗ਼ਲਪ ਲੇਖਕ ਵੀ ਹੈ ਜਿਸ ਨੇ ਆਜਾਤ ਸੁੰਦਰੀ ਵਰਗੀਆਂ ਕਹਾਣੀਆਂ ਅਤੇ **ਯੁੱਧ ਨਾਦ** ਵਰਗੇ ਨਾਵਲ ਲਿਖੇ ਹਨ। ਉਸ ਦੇ ਸਫ਼ਰਨਾਮਿਆਂ ਵਿਚ ਪੇਸ਼ਾਵਾਰਾਨਾ ਡੂੰਘਿਆਈ ਹੈ ਅਤੇ ਲੇਖਕ ਵਾਲੀ ਸੰਵੇਦਨਸ਼ੀਲਤਾ ਹੈ। ਇਕ ਤਰ੍ਹਾਂ ਨਾਲ ਉਸ ਦੇ ਸਫ਼ਰਨਾਮੇ ਪੜ੍ਹਦਿਆਂ ਪਾਠਕ ਨਾ ਕੇਵਲ ਉਸ ਨਾਲ ਹੀ ਸਫ਼ਰ ਕਰਦਾ ਹੈ ਸਗੋਂ ਆਪ ਸਫ਼ਰ ਕਰਨ ਲਈ ਲਲਚਾ ਵੀ ਜਾਂਦਾ ਹੈ। ਰਜਨੀਸ਼ ਬਹਾਦਰ ਨੇ ਵੀ ਆਪਣੀ ਪਰਬਤ ਯਾਤਰਾ ਬਾਰੇ ਸਫ਼ਰਨਾਮਾ **ਪਰਬਤਾਂ ਸੰਗ ਸੰਵਾਦ** ਲਿਖਿਆ ਹੈ। ਉਸ ਦੀ ਪਰਬਤ ਯਾਤਰਾ ਸਾਹਿਤਕ ਮਿੱਤਰਾਂ ਦੇ ਸਾਥ ਕਾਰਨ ਇਕ ਤਰ੍ਹਾਂ ਨਾਲ ਸਾਹਿਤਕ ਯਾਤਰਾ ਹੀ ਹੈ।

ਪੰਜਾਬੀ ਦੀ ਪ੍ਰਸਿੱਧ ਲੇਖਕਾ ਅੰਮ੍ਰਿਤਾ ਪ੍ਰੀਤਮ ਨੇ **ਬਾਰੀਆਂ ਝਰੋਖੇ (1961) ਅੱਗ ਦੀਆਂ ਲੀਕਾਂ (1969) ਇੱਕੀ ਪੱਤੀਆਂ ਦਾ ਗੁਲਾਬ (1971)** ਵੱਖ-ਵੱਖ ਦੇਸ਼ਾਂ ਦੀਆਂ ਯਾਤਰਾਵਾਂ ਨਾਲ ਸਬੰਧਤ ਯਾਤਰਾ ਪ੍ਰਸੰਗ ਲਿਖੇ ਹਨ। ਅੰਮ੍ਰਿਤਾ ਪ੍ਰੀਤਮ ਦੀ ਲੇਖਣੀ ਵਿਚ ਵਧੇਰੇ ਜ਼ੋਰ ਸਾਹਿਤਕ ਸ਼ਖ਼ਸੀਅਤਾਂ ਅਤੇ ਰਚਨਾਵਾਂ ਉਪਰ ਰਹਿੰਦਾ ਹੈ। ਇਨ੍ਹਾਂ ਯਾਤਰਾ ਪ੍ਰਸੰਗਾਂ ਵਿਚ ਵੀ ਉਹ ਸਾਹਿਤ ਨੂੰ ਅਤੇ ਵਿਦੇਸ਼ੀ ਸਾਹਿਤਕਾਰਾਂ ਦੇ ਨਿੱਜੀ ਮੇਲਜੋਲ ਨੂੰ ਕੇਂਦਰ ਵਿਚ ਰਖਦੀ ਹੈ। ਪੰਜਾਬੀ ਦੀ ਹੀ ਇਕ ਹੋਰ ਸੁਪ੍ਰਸਿੱਧ ਲੇਖਿਕਾ ਅਜੀਤ ਕੌਰ ਨੇ **ਕੱਚੇ ਰੰਗਾਂ ਦਾ ਸ਼ਹਿਰ : ਲੰਡਨ** ਲਿਖਿਆ ਹੈ। ਇਸ ਵਿਚ ਉਸ ਨੇ ਲੰਡਨ ਸ਼ਹਿਰ ਬਾਰੇ ਆਪਣੀ ਬੇਬਾਕ ਸ਼ੈਲੀ ਵਿਚ ਟਿੱਪਣੀਆਂ ਕੀਤੀਆਂ ਹਨ। ਗੁਲਜ਼ਾਰ ਸੰਧੂ ਕਹਾਣੀਕਾਰ ਅਤੇ ਪੱਤਰਕਾਰ ਹੀ ਨਹੀਂ ਸਗੋਂ ਉਹ ਘੁਮੱਕੜ ਯਾਤਰੂ ਵੀ ਹੈ। ਉਸ ਨੇ ਆਪਣੇ ਸਫ਼ਰਨਾਮੇ **25 ਮੁਲਕ 75 ਗੱਲਾਂ** ਵਿਚ 25 ਮੁਲਕਾਂ ਬਾਰੇ ਆਪਣੇ ਪ੍ਰਭਾਵਾਂ ਨੂੰ ਅੰਕਿਤ ਕੀਤਾ ਹੈ। ਇਸ ਪੁਸਤਕ ਦੇ ਆਰੰਭ ਵਿਚ ਲਿਖਦਾ ਹੈ ਕਿ ਇਹ ਸਫ਼ਰਾਂ ਦੀ ਦੇਣ ਹੈ ਪਰ ਸਫ਼ਰਨਾਮਾ ਨਹੀਂ ਕਿਉਂਕਿ ਇਹ ਪੁਸਤਕ ਵਿਚ ਉਸ ਨੇ ਅਮਰੀਕਾ, ਕੈਨੇਡਾ, ਜਰਮਨੀ, ਬਰਤਾਨੀਆਂ, ਪਾਕਿਸਤਾਨ, ਨੇਪਾਲ, ਮਾਲਦੀਪ, ਥਾਈਲੈਂਡ, ਸ੍ਰੀ ਲੰਕਾ, ਇਟਲੀ, ਵੈਟੀਕਨ ਸਿਟੀ, ਆਸਟਰੀਆ, ਸਵਿਟਜ਼ਰਲੈਂਡ, ਫਰਾਂਸ, ਮੋਨਾਕੋ, ਨੀਦਰਲੈਂਡ, ਕੁਵੈਤ, ਬੰਗਲਾ ਦੇਸ਼, ਆਸਟਰੇਲੀਆ, ਫਿਜ਼ੀ, ਟੋਂਗਾ, ਸੋਕੋਮਾਨ, ਮਾਈਕਰੋਨੇਸ਼ੀਆ, ਮਾਰਸ਼ਲ ਆਦਿ ਮੁਲਕਾਂ ਬਾਰੇ ਯਾਤਰਾ ਅਨੁਭਵ ਬਿਆਨ ਕੀਤੇ ਹਨ। ਇਨ੍ਹਾਂ ਵਿਚੋਂ ਬਹੁਤ ਥਾਂ ਉਸ ਨੇ ਆਪਣੀ ਪਤਨੀ ਸੁਰਜੀਤ ਨਾਲ ਰਲ ਕੇ ਘੁੰਮੇ ਹਨ। ਇਨ੍ਹਾਂ ਯਾਤਰਾ ਪ੍ਰਭਾਵਾਂ ਵਿਚ ਉਸ ਨੇ ਵੱਖ-ਵੱਖ ਦੇਸ਼ਾਂ ਦੇ ਸਭਿਆਚਾਰਾਂ ਇਤਿਹਾਸਾਂ, ਭਾਸ਼ਾਵਾਂ, ਅਜਾਇਬ ਘਰਾਂ, ਝੀਲਾਂ ਆਦਿ ਨੂੰ ਪੇਸ਼ ਕੀਤਾ ਹੈ। ਚੰਗੀ ਵਾਰਤਕ ਸ਼ੈਲੀ ਦਾ ਅਹਿਮ ਗੁਣ ਸਰਲਤਾ, ਸਪਸ਼ਟਤਾ ਅਤੇ ਸੰਜਮਤਾ ਮੰਨਿਆ ਜਾਂਦਾ ਹੈ, ਇਸ ਪੁਸਤਕ ਵਿਚ ਇਹ ਸਾਰੇ ਗੁਣ ਮੌਜੂਦ ਜਾਪਦੇ ਹਨ।

ਵਿਲੱਖਣ ਸਫ਼ਰਨਾਮਿਆਂ ਵਿਚੋਂ ਇਕ ਸਫ਼ਰਨਾਮਾ ਸੁਰਜੀਤ ਸਿੰਘ ਢਿੱਲੋਂ ਦਾ **ਅਨੋਖੇ ਰਾਹਾਂ ਦੇ ਸਫ਼ਰ : ਐਂਟਾਰਟਿਕਾ** ਨੂੰ ਮੰਨਿਆ ਜਾ ਸਕਦਾ ਹੈ। ਸੁਰਜੀਤ ਸਿੰਘ ਢਿੱਲੋਂ ਜੀਵ ਵਿਗਿਆਨ ਦੇ ਵਿਗਿਆਨੀ ਅਤੇ ਅਧਿਆਪਕ ਸਨ। ਉਨ੍ਹਾਂ ਨੂੰ ਭਾਰਤ ਦੀ ਵਿਗਿਆਨੀਆਂ ਦੀ ਟੋਲੀ ਦੇ ਇਕ ਮੈਂਬਰ ਵਜੋਂ ਧਰਤੀ ਦੇ ਧਰੁਵ ਉਪਰ ਜਾਣ ਦਾ ਮੌਕਾ

ਮਿਲਿਆ। ਲੇਖਕ ਨੇ ਇਸ ਵਿਲੱਖਣ ਦੀਪ ਦੀ ਯਾਤਰਾ ਨੂੰ ਪੇਸ਼ ਕੀਤਾ ਹੈ। ਉਸ ਦੀ ਪੇਸ਼ਕਾਰੀ ਵਿਚ ਵਿਗਿਆਨੀਆਂ ਵਾਲੀ ਤੱਥਗਤਤਾ ਵੀ ਹੈ ਅਤੇ ਲੇਖਕ ਵਾਲੀ ਸੂਝ ਵੀ ਹੈ। ਇਸ ਕਾਰਨ ਇਹ ਸਫ਼ਰਨਾਮਾ ਆਪਣੇ ਆਪ ਵਿਚ ਵਿਲੱਖਣ ਹੋ ਨਿਬੜਦਾ ਹੈ। ਹਰਦੇਵ ਸਿੰਘ ਵਿਰਕ ਵੀ ਇਕ ਹੋਰ ਪ੍ਰਸਿੱਧ ਭੌਤਿਕ ਵਿਗਿਆਨੀ ਹੈ ਜੋ ਆਪਣੀਆਂ ਵਿਦੇਸ਼ ਯਾਤਰਾਵਾਂ ਸਬੰਧੀ ਯਾਤਰਾ ਪ੍ਰਸੰਗ ਅਖ਼ਬਾਰਾਂ ਵਿਚ ਲਿਖਦੇ ਰਹਿੰਦੇ ਹਨ। ਉਨ੍ਹਾਂ ਦੇ ਸਫ਼ਰਨਾਮਿਆਂ ਵਿਚ ਅਕਸਰ ਵਿਦੇਸ਼ਾਂ ਦੇ ਖੋਜ ਸੰਸਥਾਵਾਂ ਉਥੋਂ ਦੇ ਲੋਕਾਂ ਦੇ ਜੀਵਨ ਅਨੁਭਵਾਂ ਨੂੰ ਨਿੱਜੀ ਛੂਹ ਨਾਲ ਪੇਸ਼ ਕੀਤਾ ਹੁੰਦਾ ਹੈ।

ਸ਼ਿਵਚਰਨ ਗਿੱਲ ਦਾ **ਘਾਟ ਘਾਟ ਦਾ ਪਾਣੀ** ਅਤੇ ਰਣਜੀਤ ਧੀਰ ਦਾ **ਵਤਨੋਂ ਦੂਰ** ਅਤੇ **ਪਰਦੇਸ ਨਾਮਾ** ਵੱਖਰੇ ਮਹੱਤਵ ਦੇ ਧਾਰਨੀ ਹਨ ਕਿਉਂਕਿ ਇਹ ਦੋਵੇਂ ਵਿਅਕਤੀ ਖੁਦ ਪਰਵਾਸੀ ਹਨ ਅਤੇ ਉਨ੍ਹਾਂ ਦੀਆਂ ਪੁਸਤਕਾਂ ਸਿੱਧੇ ਤੌਰ 'ਤੇ ਸਫ਼ਰਨਾਮੇ ਦੇ ਕੋਟੀ ਵਿਚ ਨਹੀਂ ਆਉਂਦੀਆਂ ਪਰੰਤੂ ਇਹ ਵੱਖਰੇ ਦੇਸ਼ਾਂ ਬਾਰੇ ਯਾਤਰਾ ਅਨੁਭਵ ਅਵੱਸ਼ ਹਨ। ਇਨ੍ਹਾਂ ਨੂੰ ਵੱਖਰੀ ਵਿਧਾ ਵਜੋਂ ਵੀ ਵਿਚਾਰਿਆ ਜਾ ਸਕਦਾ ਹੈ।

ਸਾਹਿਤਕਾਰਾਂ ਵਿਚੋਂ ਸੰਤੋਖ ਸਿੰਘ ਧੀਰ ਦੀ **ਮੇਰੀ ਇੰਗਲੈਂਡ ਯਾਤਰਾ,** ਉਸ ਦੇ ਇੰਗਲੈਂਡ ਸਬੰਧੀ ਅਨੁਭਵਾਂ ਨਾਲ ਸਬੰਧਤ ਹੈ। ਹਰਭਜਨ ਸਿੰਘ ਹੁੰਦਲ ਨੇ ਚਾਰ ਸਫ਼ਰਨਾਮੇ ਲਿਖੇ। ਉਨ੍ਹਾਂ ਵਿਚ **ਯਾਤਰੀ ਦੀ ਅੱਖ, ਕੰਧ ਓਹਲੇ ਪਰਦੇਸ, ਇੰਗਲੈਂਡ ਅਮਰੀਕਾ ਤੇ ਕੈਨੇਡਾ ਦੀ ਯਾਤਰਾ, ਘੁੰਮਦਿਆਂ ਫਿਰਦਿਆਂ** ਅਤੇ ਉਨ੍ਹਾਂ ਦਾ ਇਕ ਸਫ਼ਰਨਾਮਾ ਰੋਜ਼ਾਨਾ ਅਖ਼ਬਾਰ ਵਿਚ **ਮੁਹੱਬਤ ਦਾ ਸਫ਼ਰਨਾਮਾ** ਵੀ ਛਪਦਾ ਰਿਹਾ ਹੈ। ਅਸਲ ਵਿਚ ਲੇਖਕ ਆਪਣੇ ਅਨੁਭਵਾਂ ਨੂੰ ਅੱਖਰਾਂ ਵਿਚ ਸਮੇਟਣਾ ਚਾਹੁੰਦਾ ਹੁੰਦਾ ਹੈ। ਸਫ਼ਰ ਦਾ ਅਨੁਭਵ ਬੜਾ ਉਤੇਜ਼ਕ ਹੁੰਦਾ ਹੈ ਜਿਸ ਨੂੰ ਉਹ ਤੁਰੰਤ ਹੀ ਨਿੱਜ ਦੀ ਰੰਗਤ ਨਾਲ ਸਫ਼ਰਨਾਮੇ ਵਿਚ ਪੇਸ਼ ਕਰ ਦਿੰਦਾ ਹੈ। ਹੁੰਦਲ ਦੇ ਸਫ਼ਰਨਾਮਿਆਂ ਵਿਚ ਕੇਵਲ ਨਾਵਾਂ ਥਾਵਾਂ ਦਾ ਜ਼ਿਕਰ ਹੀ ਨਹੀਂ ਹੁੰਦਾ ਸਗੋਂ ਚਲੰਤ ਸਿਆਸਤ ਅਤੇ ਸਾਹਿਤ ਉਪਰ ਵੀ ਟਿੱਪਣੀਆਂ ਹੁੰਦੀਆਂ ਹਨ। ਜਿਵੇਂ ਦਸੰਬਰ 2004 ਨੂੰ **ਪੰਜਾਬੀ ਟ੍ਰਿਬਿਊਨ** ਵਿਚ ਮੁਹੱਬਤ ਦੇ ਸਫ਼ਰਨਾਮੇ ਦੀ ਤੀਜੀ ਕਿਸ਼ਤ **'ਪਿਛਲੇ ਪਿੰਡ ਦੇ ਦਰਸ਼ਨ ਦੀਦਾਰ'** ਭਾਗ ਵਿਚ ਉਹ ਆਪਣੇ ਪਾਕਿਸਤਾਨ ਵਿਚ ਰਹਿ ਗਏ ਪਿੰਡ ਦੀ ਫੇਰੀ ਬਾਰੇ ਹੀ ਜ਼ਿਕਰ ਨਹੀਂ ਕਰਦਾ ਸਗੋਂ ਟਿੱਪਣੀ ਵੀ ਕਰਦਾ ਹੈ। 'ਇਹ ਇਤਿਹਾਸ ਦਾ ਦੁਖਾਂਤ ਸੀ ਜੋ ਪੰਜਾਬ ਦੇ ਲੋਕਾਂ ਨੂੰ ਝੱਲਣਾ ਪਿਆ ਸੀ। ਇਕ ਬੋਲੀ, ਇਕੋ ਇਤਿਹਾਸ, ਇਕ ਸਭਿਆਚਾਰ ਤੇ ਇਕ ਭੂਗੋਲਿਕ ਖਿੱਤਾ ਪਰ ਮਜ਼ਹਬ ਦੇ ਫ਼ਰਕ ਕਾਰਨ ਸਭ ਕੁਝ ਵੰਡਿਆ ਤੇ ਵੱਢਿਆ ਟੁੱਕਿਆ ਗਿਆ ਸੀ। ਅਸੀਂ ਆਪਣੀ ਹੀ ਜੰਮਣ ਭੋਇੰ ਲਈ ਸੱਤ ਬਿਗਾਨੇ ਹੋ ਗਏ ਸੀ।'

ਅਤਰਜੀਤ ਸੂਰੀ ਦਾ ਸਫ਼ਰਨਾਮਾ **ਮੇਰਾ ਅਰਥ ਦੇਸ਼ਾਂ ਦਾ ਸਫ਼ਰਨਾਮਾ,** 1993 ਵਿਚ ਪ੍ਰਕਾਸ਼ਤ ਹੋਇਆ ਅਤੇ **ਮੇਰੀ ਅਮਰੀਕਾ ਫੇਰੀ** 1998 ਵਿਚ ਪ੍ਰਕਾਸ਼ਤ ਹੋਈ। ਅਰਥ ਦੇਸ਼ਾਂ ਬਾਰੇ ਬਹੁਤ ਘੱਟ ਸਫ਼ਰਨਾਮੇ ਲਿਖੇ ਗਏ ਹਨ। ਇਸ ਪੱਖ ਤੋਂ ਅਤਰਜੀਤ ਸੂਰੀ ਦਾ ਸਫ਼ਰਨਾਮਾ ਵਿਸ਼ੇਸ਼ ਮਹੱਤਤਾ ਦਾ ਲਖਾਇਕ ਹੈ। ਹਰਭਜਨ ਸਿੰਘ ਰਤਨ ਦਾ **ਜਗਤ ਤਮਾਸ਼ਾ** 1980 ਵਿਚ ਅਤੇ **ਪੂਰਬ ਦੇ ਰੰਗ** 1989 ਵਿਚ ਪ੍ਰਕਾਸ਼ਤ ਹੋਇਆ। ਐਮ.ਸੀ. ਭਾਰਦਵਾਜ ਦਾ **ਸਵਰਗ ਦੀ ਸੈਰ** ਵੀ ਸੋਵੀਅਤ ਯੂਨੀਅਨ ਬਾਰੇ ਸੀ। ਇਸ ਸਫ਼ਰਨਾਮੇ ਵਿਚ ਸੋਵੀਅਤ ਯੂਨੀਅਨ ਦੀ ਬਹੁਤ ਅੱਛੀ ਤਸਵੀਰ ਪੇਸ਼ ਕੀਤੀ ਗਈ ਸੀ ਕਿਉਂਕਿ ਉਸ ਸਮੇਂ ਤਕ ਅਜੇ ਸੋਵੀਅਤ ਯੂਨੀਅਨ ਟੁੱਟਿਆ ਨਹੀਂ ਸੀ। ਲੇਖਕ ਵਾਰ-ਵਾਰ ਉਥੋਂ ਦੀ ਸਸਤੀ ਮੈਟਰੋ ਅਤੇ ਹੋਰ ਆਮ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦਾ ਵਰਣਨ ਕਰਦਾ ਹੈ। ਨਰਿੰਦਰ ਸਿੰਘ ਕਪੂਰ ਸਮਕਾਲੀ ਵਾਰਤਾਕਾਰਾਂ ਵਿਚੋਂ ਉੱਭਰਵਾਂ ਨਾਂ ਹੈ। ਉਨ੍ਹਾਂ ਦਾ ਅਮਰੀਕਾ ਬਾਰੇ ਸਫ਼ਰਨਾਮਾ **ਸੱਚੋ ਸੱਚ** ਪ੍ਰਕਾਸ਼ਤ ਹੋ ਚੁੱਕਿਆ ਹੈ। ਇਸ ਸਫ਼ਰਨਾਮੇ ਰਾਹੀਂ ਉਨ੍ਹਾਂ ਨੇ ਅਮਰੀਕਾ ਦਾ ਉਤਸ਼ਾਹੀ ਚਿੱਤਰ ਖਿੱਚਿਆ ਹੈ। ਨਰਿੰਦਰ ਸਿੰਘ ਕਪੂਰ ਇਕ ਸਫ਼ਲ ਵਾਰਤਾਕਾਰ ਹੈ। ਉਹ ਚਲਦੇ ਸਫ਼ਰਨਾਮੇ ਵਿਚ ਜ਼ਿੰਦਗੀ ਸਬੰਧੀ ਛੋਟੀਆਂ ਟਿੱਪਣੀਆਂ ਵੀ ਕਰਦਾ ਰਹਿੰਦਾ ਹੈ ਜੋ ਸਫ਼ਰਨਾਮੇ ਨੂੰ ਰੋਚਕ ਬਣਾਈ ਰਖਦੀਆਂ ਹਨ। ਤਰਕਸ਼ੀਲ ਲਹਿਰ ਦੇ ਆਗੂ ਮੇਘ ਰਾਜ ਮਿੱਤਰ ਦੀ ਚੀਨ ਯਾਤਰਾ ਬਾਰੇ **ਮਾਓ ਦੇ ਦੇਸ਼** ਵਿਚ ਸਫ਼ਰਨਾਮਾ 2002 ਵਿਚ ਛਪਦੀ ਹੈ। ਇਸ ਵਿਚ ਉਸ ਨੇ ਆਪਣੀ ਤਰਕਸ਼ੀਲ ਕਾਮੇ ਵਜੋਂ ਚੀਨ ਯਾਤਰਾ ਨੂੰ ਪੇਸ਼ ਕੀਤਾ ਹੈ ਅਤੇ ਚੀਨੀ ਸਮਾਜ ਦੇ ਵਿਚ ਤਰਕਸ਼ੀਲਤਾ ਬਾਰੇ ਵਿਚਾਰਾਂ ਉਪਰ ਟਿੱਪਣੀਆਂ ਕੀਤੀਆਂ ਹਨ। ਇਸ ਦੀ ਵਾਰਤਕ ਸ਼ੈਲੀ ਸਰਲ ਅਤੇ ਵਿਚਾਰ ਤੱਥਗਤੀ ਹਨ। ਸਤੀਸ਼ ਗੁਲਾਟੀ ਦਾ ਸਫ਼ਰਨਾਮਾ **ਚੁੱਪ ਦੇ ਅੰਦਰ ਬਾਹਰ** ਇਸ ਸਮੇਂ ਵਿਚ ਹੀ ਛਪਦਾ ਹੈ। ਪੰਜਾਬੀ ਟ੍ਰਿਬਿਊਨ ਵਿਚ ਦਲਬੀਰ ਸਿੰਘ ਦਾ ਸਫ਼ਰਨਾਮਾ **ਕਥਾ ਯਾਤਰਾ** ਵੀ ਛਪਿਆ ਹੈ। ਦਲਬੀਰ ਸਿੰਘ ਵਿਸ਼ੇ ਪੱਖ ਤੋਂ ਸਾਮਰਾਜੀ ਦੇਸ਼ ਅਮਰੀਕਾ ਦੇ ਅੰਦਰ ਦੀਆਂ ਵਿਰੋਧਤਾਈਆਂ ਨੂੰ ਉਘਾੜ ਕੇ ਪੇਸ਼ ਕਰਦਾ ਹੈ। ਉਦਾਹਰਨ ਵਜੋਂ ਉਹ 'ਸਾਮਰਾਜੀ ਜੰਗਾਂ ਦੀਆਂ ਯਾਦਗਾਰਾਂ ਬਾਰੇ ਕਾਂਡ ਵਿਚ ਮਖੌਲ ਉਡਾਉਂਦਾ ਹੈ ਕਿ ਕਿਵੇਂ ਵੀਅਤਨਾਮ ਜੰਗ ਵਿਚ

ਸ਼ਹੀਦ ਅਮਰੀਕੀ ਫੌਜ਼ੀਆਂ ਦੀਆਂ ਯਾਦਾਂ ਬਣਾਈਆਂ ਗਈਆਂ ਹਨ।

ਸਮੁੱਚੇ ਰੂਪ ਵਿਚ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਵਿਚ ਸਫ਼ਰਨਾਮਾ ਸਾਹਿਤ ਦੇ ਆਰੰਭ ਹੋਏ ਨੂੰ ਭਾਵੇ ਂ ਇਕ ਸਦੀ ਵੀ ਨਹੀਂ ਹੋਈ ਪਰੰਤੂ ਇਸ ਦੇ ਬਾਵਜੂਦ ਪੰਜਾਬੀ ਸਫ਼ਰਨਾਮੇ ਨੇ ਸਹੀ ਅਰਥਾਂ ਵਿਚ ਦਿਨ ਦੁੱਗਣੀ ਰਾਤ ਚੌਗਣੀ ਉੱਨਤੀ ਕੀਤੀ ਹੈ। ਜੇ ਆਜ਼ਾਦੀ ਤੋਂ ਪਹਿਲਾਂ ਦੇ ਪੰਜਾਹ ਸਾਲਾਂ ਵਿਚ ਦਰਜਨ ਸਫ਼ਰਨਾਮੇ ਹੀ ਲਿਖੇ ਗਏ ਸਨ ਤਾਂ ਆਜ਼ਾਦੀ ਤੋਂ ਬਾਅਦ ਦੇ ਪੰਜਾਹ ਸਾਲਾਂ ਵਿਚ ਦੋ ਸੌ ਤੋਂ ਉਪਰ ਸਫ਼ਰਨਾਮੇ ਲਿਖੇ ਜਾ ਚੁੱਕੇ ਹਨ। ਇਨ੍ਹਾਂ ਸਫ਼ਰਨਾਮਿਆਂ ਵਿਚ ਭਾਰਤ ਦੇ ਵੱਖ-ਵੱਖ ਪਰਬਤੀ, ਸਮੁੰਦਰੀ ਅਤੇ ਟਾਪੂਆਂ ਬਾਰੇ ਹੀ ਨਹੀਂ ਸਗੋਂ ਭਾਰਤ ਦੇ ਇਤਿਹਾਸਕ ਅਤੇ ਸੈਲਾਨੀਆਂ ਦੀ ਦਿਲਚਸਪੀ ਦੇ ਮਹੱਤਵ ਵਾਲੇ ਸਫ਼ਰਨਾਮੇ ਵੀ ਹਨ। ਵਿਦੇਸ਼ਾਂ ਵਿਚ ਸਭ ਤੋਂ ਵੱਧ ਸਫ਼ਰਨਾਮੇ ਇੰਗਲੈਂਡ ਬਾਰੇ, ਗੁਆਂਢੀ ਸਫ਼ਰਨਾਮਿਆਂ ਵਿਚ ਸਭ ਤੋਂ ਵੱਧ ਸਫ਼ਰਨਾਮੇ ਪਾਕਿਸਤਾਨ ਬਾਰੇ ਅਤੇ ਭਾਰਤ ਵਿਚ ਸਭ ਤੋਂ ਵੱਧ ਸਫ਼ਰਨਾਮੇ ਪਹਾੜੀ ਇਲਾਕਿਆਂ ਬਾਰੇ ਲਿਖੇ ਗਏ ਹਨ। ਕੁਝ ਸਫ਼ਰਨਾਮੇ ਸਾਹਿਤਕਾਰਾਂ ਨੇ ਲਿਖੇ ਹਨ, ਕੁਝ ਘੱਟ ਪ੍ਰਸਿੱਧ ਸਾਹਿਤਕਾਰਾਂ ਨੇ ਲਿਖੇ ਹਨ ਪਰੰਤੂ ਬਹੁਤੇ ਸਫ਼ਰਨਾਮੇ ਹੋਰਨਾਂ ਲੋਕਾਂ ਨੇ ਲਿਖੇ ਹਨ। ਪੱਤਰਕਾਰਤਾ ਨੇ ਸਫ਼ਰਨਾਮਾ ਸਾਹਿਤ ਨੂੰ ਫੈਲਾਉਣ ਵਿਚ ਸਹਾਇਤਾ ਕੀਤੀ ਹੈ ਪਰੰਤੂ ਇਸ ਨਾਲ ਸਫ਼ਰਨਾਮੇ ਵਿਚ **ਪੇਤਲਾਪਣ** ਵੀ ਆਇਆ ਹੈ। ਸਵਾ ਦੋ ਸੌ ਦੇ ਕਰੀਬ ਸਫ਼ਰਨਾਮਿਆਂ ਵਿਚੋਂ ਸਾਹਿਤਕ ਪੱਖ ਤੋਂ ਉੱਤਮ ਸਫ਼ਰਨਾਮੇ ਪੰਜਾਹ ਦੇ ਕਰੀਬ ਹੀ ਹਨ। ਜਿਨ੍ਹਾਂ ਵਿਚ ਪਾਠਕ ਨੂੰ ਨਵੀਂ ਥਾਂ ਬਾਰੇ ਜਾਣਕਾਰੀ ਵੀ ਮਿਲਦੀ ਹੈ ਅਤੇ ਲੇਖਕ ਦੀ ਰਸਿਕ ਵਾਰਤਕ ਸ਼ੈਲੀ ਦਾ ਵੀ ਆਨੰਦ ਮਾਣਨ ਨੂੰ ਮਿਲਦਾ ਹੈ। ਸਫ਼ਰਨਾਮੇ ਲਿਖਣ ਦੇ ਮੌਜੂਦਾ ਦ੍ਰਿਸ਼ ਨੂੰ ਦੇਖ ਕੇ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਭਵਿੱਖ ਵਿਚ ਹੋਰ ਵਧੇਰੇ ਸਫ਼ਰਨਾਮੇ ਲਿਖੇ ਜਾਣਗੇ।

ਪਾਠ ਨੰ. : 2.9 -ਪ੍ਰੋ. ਬ੍ਰਹਮਜਗਦੀਸ਼ ਸਿੰਘ

## ਪੰਜਾਬੀ ਆਲੋਚਨਾ : ਜਨਮ ਤੇ ਵਿਕਾਸ

**ਭੂਮਿਕਾ**

ਸਾਹਿਤ ਦਾ ਵਿਸ਼ਲੇਸ਼ਣ ਅਤੇ ਮੁਲੰਕਣ ਕਰਨ ਵਾਲੀਆਂ ਰਚਨਾਵਾਂ ਨੂੰ ਆਲੋਚਨਾ ਦਾ ਨਾਮ ਦਿੱਤਾ ਗਿਆ ਹੈ। ਆਲੋਚਨਾ ਦੇ ਮਾਧਿਅਮ ਰਾਹੀਂ ਆਲੋਚਕ ਅਤੇ ਵਿਦਵਾਨ ਸਾਹਿਤ ਦੀਆਂ ਵੱਖਰੀਆਂ-ਵੱਖਰੀਆਂ ਕਿਰਤਾਂ ਨੂੰ ਆਪਣੇ ਵਿਸ਼ੇਸ਼ ਦ੍ਰਿਸ਼ਟੀਕੋਣ ਦੁਆਰਾ ਨਿਖਰਦੇ-ਪਰਖਦੇ ਹਨ। ਪੰਜਾਬੀ ਆਲੋਚਨਾ ਦਾ ਜਨਮ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਹੀ ਹੋਇਆ। ਭਾਵੇਂ ਕਿ ਸੰਸਕ੍ਰਿਤ ਆਲੋਚਨਾ ਦਾ ਜਨਮ ਲਗਭਗ ਡੇਢ-ਦੋ ਹਜ਼ਾਰ ਵਰ੍ਹੇ ਪਹਿਲਾਂ ਹੋ ਚੁੱਕਾ ਸੀ। ਪਰੰਤੂ ਪੰਜਾਬੀ ਦੇ ਆਲੋਚਨਾਂ ਨੇ ਪੱਛਮੀ ਸੰਕਲਪਾਂ ਅਤੇ ਵਿਧੀਆਂ ਨੂੰ ਆਧਾਰ ਬਣਾ ਕੇ ਹੀ ਆਲੋਚਨਾਤਮਕ ਕਾਰਜ ਸ਼ੁਰੂ ਕੀਤਾ। ਅਜੇ ਤਕ ਵੀ ਸਾਡੀ ਆਲੋਚਨਾਂ ਅਤੇ ਆਲੋਚਕ ਪੱਛਮ ਵਿਚ ਪਾਏ ਹੋਏ ਪੂਰਨਿਆਂ ਉਪਰ ਚੱਲ ਰਹੇ ਹਨ।

**ਰੂਪ-ਰੇਖਾ**

ਇਸ ਪਾਠ ਵਿਚ ਪਿਛਲੇ ਸੌ ਕੁ ਵਰ੍ਹਿਆਂ ਵਿਚ ਪੈਦਾ ਹੋਈ ਪੰਜਾਬੀ ਆਲੋਚਨਾ ਦੇ ਵਿਕਾਸ ਨੂੰ ਵਿਦਿਆਰਥੀਆਂ ਦੇ ਸਾਹਮਣੇ, ਵੱਖ-ਵੱਖ ਪ੍ਰਵਿਰਤੀਆਂ ਅਤੇ ਸੰਕਲਪਾਂ ਦੀ ਸੂਰਤ ਵਿੱਚ, ਪੇਸ਼ ਕਰਨਾ ਹੈ। ਤਾਂ ਜੋ ਉਨ੍ਹਾਂ ਨੂੰ ਪੰਜਾਬੀ ਆਲੋਚਨਾ ਦੀਆਂ ਪ੍ਰਵਿਰਤੀਆਂ ਅਤੇ ਵਿਧੀਆਂ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ। ਇਸ ਪਾਠ ਵਿਚ ਪੰਜਾਬੀ ਦੀਆਂ ਸਾਰੀਆਂ ਪ੍ਰਮੁੱਖ ਵੰਨਗੀਆਂ ਦਾ ਇਤਿਹਾਸਕ ਸਰਵੇਖਣ ਅਤੇ ਮੁਲਅੰਕਣ ਕੀਤਾ ਗਿਆ ਹੈ। ਕੋਸ਼ਿਸ਼ ਕੀਤੀ ਗਈ ਕਿ ਪੰਜਾਬੀ ਆਲੋਚਨਾ ਦੀ ਹਰ ਵੰਨਗੀ ਅਤੇ ਸੰਕਲਪ ਵਿਦਿਆਰਥੀਆਂ ਦੀ ਪਕੜ ਵਿਚ ਆ ਸਕੇ ਤਾਂ ਜੋ ਉਨ੍ਹਾਂ ਨੂੰ ਇਸ ਖੇਤਰ ਦੀ ਬੁਨਿਆਦੀ ਸਮਝ ਆ ਜਾਵੇ।

**ਮੰਤਵ**

ਇਸ ਪਾਠ ਦਾ ਮੰਤਵ ਵਿਦਿਆਰਥੀਆਂ ਨੂੰ ਪੰਜਾਬੀ ਆਲੋਚਨਾ ਦੀ ਪਰੰਪਰਾ ਤੋਂ ਸੁਪਰਿਚਿਤ ਕਰਾਉਣਾ ਹੈ। ਪੰਜਾਬੀ ਆਲੋਚਨਾ ਵਿਚ ਵਿਸ਼ਵ ਦੀ ਹਰ ਵਿਕਸਿਤ ਭਾਸ਼ਾ ਵਿਚ ਕੀਤੀ ਜਾ ਰਹੀ ਆਲੋਚਨਾ ਦੇ ਨੈਣ-ਨਕਸ਼ ਲੱਭੇ ਜਾ ਸਕਦੇ ਹਨ। ਇਸ ਕਾਰਨ ਕਈ ਵਾਰ ਯੁਵਾ-ਵਿਦਿਆਰਥੀ ਆਲੋਚਨਾਤਮਕ ਸੰਕਲਪਾਂ ਦੀ ਭਰਮਾਰ ਤੋਂ ਘਬਰਾ ਵੀ ਜਾਂਦਾ ਹੈ। ਪਰ ਅਸੀਂ ਕੋਸ਼ਿਸ਼ ਕੀਤੀ ਹੈ ਕਿ ਹਰ ਆਲੋਚਨਾਤਮਕ ਸੰਕਲਪ ਅਤੇ ਵਿਧੀ ਨੂੰ ਵਿਸ਼ਲੇਸ਼ਣਾਤਮਕ ਢੰਗ ਨਾਲ ਵਿਦਿਆਰਥੀਆਂ ਦੇ ਸਨਮੁਖ ਪੇਸ਼ ਕੀਤਾ ਜਾਵੇ ਤਾਂ ਜੋ ਉਹ ਇਸ ਕਠਿਨ ਵਿਸ਼ੈ ਨੂੰ ਆਸਾਨੀ ਨਾਲ ਸਮਝ ਲੈਣ।

**ਪੰਜਾਬੀ ਆਲੋਚਨਾ : ਜਨਮ ਤੇ ਵਿਕਾਸ**

'ਆਲੋਚਨਾ' ਦਾ ਸ਼ਾਬਦਿਕ ਅਰਥ ਹੈ ਕਿਸੇ ਚੀਜ਼ ਨੂੰ ਧਿਆਨ ਨਾਲ ਦੇਖਣਾ ਜਾਂ ਉਸ ਬਾਰੇ ਵਿਚਾਰ ਕਰਨਾ। ਵਿਹਾਰਕ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵਸਤੂ ਜਾਂ ਵਿਧਾ ਬਾਰੇ ਕੁਝ ਵਿਸ਼ੇਸ਼ ਆਧਾਰਾਂ ਤੋਂ ਵਿਚਾਰ ਕਰਨਾ ਹੀ 'ਆਲੋਚਨਾ' ਹੈ। ਜਦੋਂ ਅਸੀਂ ਪੰਜਾਬੀ ਆਲੋਚਨਾ ਦੇ ਆਰੰਭ ਬਾਰੇ ਗੱਲ ਕਰਨੀ ਹੁੰਦੀ ਹੈ ਤਾਂ ਹਰ ਸੱਚੇ ਪੰਜਾਬੀ ਹਿਤੈਸ਼ੀ ਵਾਂਗ ਅਸੀਂ ਇਸ ਦੇ ਪ੍ਰਥਮ ਦੌਰ ਨੂੰ ਵੱਧ ਤੋਂ ਵੱਧ ਪਿਛਾਂਹ ਲੈ ਜਾਣ ਦੀ ਕੋਸ਼ਿਸ਼ ਕਰਦੇ ਹਾਂ ਕਿਉਂਕਿ ਇਸ ਤਰ੍ਹਾਂ ਕੀਤਿਆਂ ਸਾਡੇ ਅਹੰ-ਭਾਵ ਦੀ ਸੰਤੁਸ਼ਟੀ ਹੁੰਦੀ ਹੈ। ਪਰੰਤੂ ਤਾਂ ਵੀ ਪੰਜਾਬੀ ਆਲੋਚਨਾ ਪਰੰਪਰਾ ਦੀ ਇਕ ਸੀਮਾ ਸਪਸ਼ਟ ਰੂਪ ਵਿਚ ਦਿਖਾਈ ਦੇ ਜਾਂਦੀ ਹੈ ਅਤੇ ਉਹ ਇਹ ਹੈ ਕਿ ਪੰਜਾਬੀ ਆਲੋਚਨਾ ਪਰੰਪਰਾ ਦਾ ਸਾਡੀ ਸੰਸਕ੍ਰਿਤ ਆਲੋਚਨਾ ਪਰੰਪਰਾ ਨਾਲ ਕੋਈ ਸੰਬੰਧ-ਸੂਤਰ ਨਹੀਂ ਜੁੜਦਾ। ਸਾਡੇ ਕਿਸੇ ਵੀ ਪੰਜਾਬੀ ਆਲੋਚਕ ਨੇ ਸੰਸਕ੍ਰਿਤ ਆਲੋਚਨਾ ਪੱਧਤੀ ਜਾਂ ਭਾਰਤੀ ਕਾਵਿ-ਸ਼ਾਸਤਰ ਨੂੰ ਆਧਾਰ ਬਣਾ ਕੇ ਸਾਹਿਤ ਆਲੋਚਨਾ ਨੇ ਕਰਨ ਦਾ ਪ੍ਰਯਤਨ ਨਹੀਂ ਕੀਤਾ। ਪੰਜਾਬੀ ਵਿਚ ਜਦ ਤੋਂ ਆਲੋਚਨਾ ਦੀ ਵਿਧੀਵਤ ਪਰੰਪਰਾ ਸ਼ੁਰੂ ਹੋਈ ਹੈ। ਅਸੀਂ ਪੱਛਮ ਵਿਚ ਪ੍ਰਚਲਿਤ ਆਲੋਚਨਾਤਮਕ ਸੰਕਲਪਾਂ

ਅਤੇ ਵਿਧੀਆਂ ਨੂੰ ਆਧਾਰ ਬਣਾ ਕੇ ਆਲੋਚਨਾ ਕਰਦੇ ਆ ਰਹੇ ਹਾਂ। ਇਸ ਪ੍ਰਸੰਗ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਸ਼ਾਇਦ ਇਸੇ ਲਈ ਅਸੀਂ ਅਜੇ ਤਕ ਪੰਜਾਬੀ ਸਾਹਿਤ ਦਾ ਆਪਣਾ ਕੋਈ ਕਾਵਿ-ਸ਼ਾਸਤਰ ਜਾਂ ਸੁਹਜ-ਸ਼ਾਸਤਰ ਨਹੀਂ ਸਿਰਜ ਸਕੇ ਹਾਂ।

**ਪੰਜਾਬੀ ਵਿਚ ਆਲੋਚਨਾਤਮਕ ਪ੍ਰਵਿਰਤੀ ਦਾ ਆਰੰਭ**

ਪੰਜਾਬੀ ਵਿਚ ਆਲੋਚਨਾਤਮਕ ਪ੍ਰਵਿਰਤੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਕਵਿਤਵ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਗੁਰੂ ਜੀ ਕਾਵਿ ਕਰਮ ਦੀ ਮਰਯਾਦਾ ਅਤੇ ਪ੍ਰਭਾਵ ਬਾਰੇ ਪੂਰਨ ਤੌਰ ਤੇ ਚੇਤੰਨ ਸਨ। ਆਪ, ਆਪਣੇ ਆਪ ਨੂੰ 'ਨਾਨਕ ਸ਼ਾਇਰ' ਕਹਿਣ ਵਿਚ ਗੌਰਵ ਮਹਿਸੂਸ ਕਰਦੇ ਸਨ। ਜਿਸ ਤਰ੍ਹਾਂ ਆਪ ਵਿਅਕਤੀ ਦੇ ਸਾਰੇ ਕਰਮਾਂ ਨੂੰ ਪਰਮਾਤਮਾ ਦੇ ਹੁਕਮ ਦਾ ਪ੍ਰਤਾਪ ਮੰਨਦੇ ਸਨ, ਇਸੇ ਤਰ੍ਹਾਂ ਆਪ ਕਾਵਿ-ਕਰਮ ਨੂੰ ਵੀ ਉਸੇ ਪਰਮਾਤਮਾ ਦੀ ਦਾਤ ਹੀ ਸਮਝਦੇ ਸਨ। 'ਬਾਬਰਵਾਣੀ' ਵਾਲੇ ਇਕ ਸ਼ਬਦ ਵਿਚ ਆਪ ਫੁਰਮਾਉਂਦੇ ਹਨ :

ਜੈਸੀ ਮੈਂ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਇਕ ਅਜਿਹੇ ਅਧਿਆਤਮਕ ਕਾਵਿ-ਸ਼ਾਸਤਰ ਦਾ ਨਿਰਮਾਣ ਕਰ ਰਹੇ ਸਨ, ਜਿਸ ਦੀਆਂ ਜੜ੍ਹਾਂ ਪੰਜਾਬੀ ਅਤੇ ਭਾਰਤੀ ਸਭਿਆਚਾਰ ਵਿਚ ਬਹੁਤ ਡੂੰਘੀਆਂ ਗੱਡੀਆਂ ਹੋਈਆਂ ਸਨ। ਬਾਅਦ ਵਿਚ ਹੋਰ ਸਿੱਖ ਗੁਰੂਆਂ ਅਤੇ ਗੁਰਮਤਿ ਧਾਰਾ ਨਾਲ ਸੰਬੰਧਿਤ ਕਵੀਆਂ ਨੇ ਇਸ ਕਾਵਿ-ਸ਼ਾਸਤਰ ਤੋਂ ਹੋਰ ਵਿਸਤਾਰ ਪ੍ਰਦਾਨ ਕੀਤਾ। ਗੁਰੂ ਅਰਜਨ ਦੇਵ ਜੀ 'ਆਦਿ ਗ੍ਰੰਥ' ਦੀ ਸੰਪਾਦਨਾ ਕਰਨ ਸਮੇਂ ਬਹੁਤ ਡੂੰਘੀ ਆਲੋਚਨਾਤਮਕ ਦ੍ਰਿਸ਼ਟੀ ਦਾ ਸਬੂਤ ਦਿੱਤਾ। ਆਪ ਨੇ ਗੁਰਮਤਿ ਦੇ ਵਿਚਾਰਧਾਰਕ ਪਰਿਪੇਖ ਨੂੰ ਆਧਾਰ ਬਣਾ ਕੇ ਸੰਤਾਂ-ਭਗਤਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦੀਆਂ ਕੇਵਲ ਉਹ ਬਾਣੀਆਂ ਇਸ ਮਹਾਨ ਗ੍ਰੰਥ ਵਿਚ ਸ਼ਾਮਲ ਕੀਤੀਆਂ ਜੋ ਗੁਰਮਤਿ ਵਿਚਾਰਧਾਰਾ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰਦੀਆਂ ਸਨ। ਆਪਣੇ ਕਈ ਸਮਕਾਲੀ ਕਵੀਆਂ ਦੀ ਬਾਣੀ ਉਨ੍ਹਾਂ ਨੇ ਇਸ ਵਿਚ ਸ਼ਾਮਲ ਨਾ ਕੀਤੀ। ਇਸ ਤਰ੍ਹਾਂ ਆਪਣੀ ਅਤੇ ਹੋਰ ਗੁਰੂ ਸਾਹਿਬਾਨ ਦੀ ਬਾਣੀ ਤੋਂ ਬਿਨਾਂ ਹੋਰ ਸੋਮਿਆਂ ਅਤੇ ਸੰਤਾਂ-ਭਗਤਾਂ ਦੁਆਰਾ ਪ੍ਰਾਪਤ ਹੋਈ ਬਾਣੀ ਨੂੰ ਵੀ ਆਪ ਨੇ ਗੁਰਬਾਣੀ ਵਾਲੀ ਤਰਤੀਬ ਅਤੇ ਸ਼ਨਾਖ਼ਤ ਪ੍ਰਦਾਨ ਕੀਤੀ। ਭਗਤ-ਬਾਣੀ ਦੀ ਵਿਚਾਰਧਾਰਾ ਨੂੰ ਸੁਨਿਸ਼ਚਿਤ ਕਰਨ ਲਈ ਕਈ ਥਾਵਾਂ ਤੇ ਸਿੱਖ ਗੁਰੂ ਸਾਹਿਬਾਨ ਦੁਆਰਾ ਰਚੇ ਗਏ (ਮੈਟਾ) ਸਲੋਕ ਅੰਕਿਤ ਕੀਤੇ ਜਿਵੇਂ ਸ਼ੇਖ਼ ਫ਼ਰੀਦ ਦੇ 112 ਸਲੋਕਾਂ ਦੇ ਨਾਲ 18 ਸਲੋਕ ਸਿੱਖ ਗੁਰੂ ਸਾਹਿਬਾਨ ਦੇ ਹਨ। ਇਸੇ ਤਰ੍ਹਾਂ ਗੁਰੂ ਸਾਹਿਬਾਨ ਦੀਆਂ ਅਧਿਆਤਮਕ ਵਾਰਾਂ ਨੂੰ ਉਸ ਸਮੇਂ ਦੀਆਂ ਪ੍ਰਸਿੱਧ ਲੋਕ-ਵਾਰਾਂ ਦੀਆਂ ਧੁਨੀਆਂ ਨਾਲ ਜੋੜ ਕੇ ਗਾਉਣ ਦੇ ਆਦੇਸ਼ ਦਿੱਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਕਈ ਆਦੇਸ਼ਮੂਲਕ ਟਿੱਪਣੀਆਂ ਅੰਕਿਤ ਹਨ ਜਿਨ੍ਹਾਂ ਤੋਂ ਸਿੱਖ ਗੁਰੂ ਸਾਹਿਬਾਨ ਦੀ ਸੁਦ੍ਰਿੜ੍ਹ ਆਲੋਚਨਾਤਮਕ ਬਿਰਤੀ ਬਾਰੇ ਕਾਫ਼ੀ ਕੁਝ ਪਤਾ ਚੱਲ ਜਾਂਦਾ ਹੈ।

**ਕਿੱਸਾ ਕਾਵਿ ਵਿਚ ਆਲੋਚਨਾਤਮਕ ਟਿੱਪਣੀਆਂ**

ਪੰਜਾਬੀ ਦੇ ਕੁੱਝ ਕਿੱਸਾ ਕਵੀਆਂ ਨੇ ਆਪਣੇ ਪੂਰਵਕਾਲੀ ਕਿੱਸਾ ਕਵੀਆਂ ਦੀ ਰਚਨਾਤਮਕ ਪ੍ਰਤਿਭਾ ਬਾਰੇ ਆਪਣੇ-ਆਪਣੇ ਕਿੱਸਿਆਂ ਵਿਚ ਕੁਝ ਆਲੋਚਨਾਤਮਕ ਟਿੱਪਣੀਆਂ ਵੀ ਅੰਕਿਤ ਕੀਤੀਆਂ ਹਨ। ਇਹ ਟਿੱਪਣੀਆਂ ਪ੍ਰਭਾਵਵਾਦੀ ਆਲੋਚਨਾ ਦੇ ਆਰੰਭ ਦੀਆਂ ਸੂਚਕ ਹਨ। ਦੇਖੋ :

ਯਾਰੋ ਪੀਲੂ ਨਾਲ ਬਰਾਬਰੀ ਸ਼ਾਇਰ ਭੱਲ ਕਰੇਨ।
ਜਿਨ੍ਹੂੰ ਪੰਜਾਂ ਪੀਰਾਂ ਦੀ ਥਾਪਨਾ ਤੇ ਕੰਧੀ ਦਸਤ ਧਰੇਨ।

(ਹਾਫ਼ਿਜ਼ ਬਰਖ਼ੁਰਦਾਰ)

ਪੀਲੂ ਨਾਲ ਨਾ ਰੀਸ ਕਿਸੇ ਦੀ ਉਸ ਵਿਚ ਸੇਜ਼ ਅਲੈਹਦੀ।
ਮਸਤ ਨਿਗਾਹ ਕੀਤੀ ਉਸ ਪਾਸੇ ਕਿਸ ਫ਼ਕੀਰ ਵਲੀ ਦੀ।

(ਅਹਿਮਦ ਯਾਰ)

ਵਾਰਿਸ ਸ਼ਾਹ ਸੁਖਨ ਦਾ ਵਾਰਿਸ ਕਿਤੇ ਨ ਅਟਕਿਆ ਵਲਿਆ।
ਪਰ ਉਸ ਬਿਨਰਾਹ ਚੱਕੀ ਵਾਂਗੂੰ ਨਿੱਕਾ ਮੋਟਾ ਦਲਿਆ। (ਅਹਿਮਦ ਯਾਰ)

ਹੁਕਮ ਮੰਨ ਕੇ ਸੱਜਣਾਂ ਪਿਆਰਿਆਂ ਦਾ,
ਕਿੱਸਾ ਅਜਬ ਬਹਾਰ ਦਾ ਜੋੜਿਆ ਮੈਂ।
ਫਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ,
ਨਵਾਂ ਫੁੱਲ ਗੁਲਾਬ ਦਾ ਤੋੜਿਆ ਮੈਂ।

(ਵਾਰਿਸ ਸ਼ਾਹ : ਸ੍ਵੈ-ਟਿੱਪਣੀ)

ਨਾ ਜਾਣਾ ਮੈਂ ਸ਼ਾਇਰੀ, ਸ਼ੇਅਰ ਅੰਦਰ ਅਸਲੂਬ।
ਵਿਚ ਪੰਜਾਬੀ ਆਪਣੀ ਕਿੱਸਾ ਹੈ ਮਤਲੂਬ।
ਹੈ ਗੀ ਅਰਬੀ ਫ਼ਾਰਸੀ, ਅਸਾਂ ਨਾ ਮਤਲੂਬ।
ਆਮ ਲੋਕਾਂ ਵਾਸਤੇ ਹੈ ਪੰਜਾਬੀ ਖ਼ੂਬ।

(ਹਾਮਦ : ਸ੍ਵੈ-ਟਿੱਪਣੀ)

ਇਸੇ ਤਰ੍ਹਾਂ ਦੀਆਂ ਟਿੱਪਣੀਆਂ ਕੁਝ ਹੋਰ ਕਿੱਸਾ ਕਵੀਆਂ ਜਿਵੇਂ ਮੀਆਂ ਮੁਹੰਮਦ ਬਖ਼ਸ਼ ਆਦਿਕ ਵਿਚ ਵੀ ਮਿਲਦੀਆਂ ਹਨ। ਇਨ੍ਹਾਂ ਕਵੀਆਂ ਨੇ ਕਾਵਿ ਦੀ ਉੱਤਮਤਾ ਬਾਰੇ ਆਪਣੇ ਕੁਝ ਵਿਸ਼ੇਸ਼ ਮਾਪਦੰਡ ਬਣਾਏ ਹੋਏ ਹਨ। ਜਿਵੇਂ : ਅਹਿਮਦ ਯਾਰ ਕਿੱਸਾ ਕਾਵਿ ਵਿਚ 'ਸੋਚ ਦੀ ਅਭਿਵਿਅਕਤੀ' ਨੂੰ ਇਕ ਪ੍ਰਮੁੱਖ ਵਡਿਆਈ ਮੰਨਦਾ ਹੈ। ਉਹ ਕਾਵਿ ਵਿਚ ਵਿਸਤਾਰ ਨੂੰ ਇਕ ਔਗੁਣ ਸਮਝਦਾ ਹੈ। ਵਾਰਿਸ ਸ਼ਾਹ ਛੰਦ-ਪ੍ਰਬੰਧ ਦੀ ਪ੍ਰਵੀਨਤਾ ਅਤੇ ਸ਼ਿਲਪ ਦੀ ਨਵੀਨਤਾ ਨੂੰ ਆਪਣੀ ਰਚਨਾ ਦਾ ਮੀਰੀ ਗੁਣ ਮੰਨਦਾ ਹੈ ਅਤੇ ਹਾਮਦ ਪੰਜਾਬੀ ਜ਼ੁਬਾਨ ਦੀਆਂ ਵਿਲੱਖਣ ਰੂੜ੍ਹੀਆਂ ਦੇ ਪ੍ਰਯੋਗ ਦੁਆਰਾ ਆਪਣੇ ਕਿੱਸੇ ਨੂੰ ਸਰੰਜਾਮ ਤਕ ਪਹੁੰਚਾਉਣਾ ਲੋਚਦਾ ਹੈ। ਇਸ ਤਰ੍ਹਾਂ ਇਹ ਸਾਰੇ ਕਵੀ, ਪੰਜਾਬੀ ਕਿੱਸਾ ਕਾਵਿ ਦੇ ਇਕ ਵਿਸ਼ੇਸ਼ ਸ਼ਾਸਤਰ ਦੀ ਸਿਰਜਣਾ ਲਈ ਪ੍ਰਯਤਨਸ਼ੀਲ ਦਿਖਾਈ ਦਿੰਦੇ ਹਨ। ਉਸ ਨੂੰ (Sublime imaginative) ਵਰਗੇ ਲੰਮੇ ਖ਼ਿਤਾਬ ਦੇਣਗੇ ਪਰ ਪੜ੍ਹਦਾ ਉਹਨੂੰ ਕੋਈ ਟਾਂਵਾ-ਟਾਂਵਾ ਹੀ ਹੈ। ਇਹੋ ਹਾਲ 'ਰਾਣਾ ਸੂਰਤ ਸਿੰਘ' ਦਾ ਅਤੇ ਹੋਰ ਪੰਜਾਬੀ ਦੀਆਂ ਕਈ ਉੱਚ ਆਦਰਸ਼ੀ ਪੁਸਤਕਾਂ ਦਾ ਜਾਪਦਾ ਹੈ।................ ਇਨ੍ਹਾਂ ਨੂੰ ਪੜ੍ਹਨ ਵਾਲੇ ਭਲੇ ਲੋਕ ਥੋੜ੍ਹੇ ਹੀ ਹੁੰਦੇ ਹਨ।

(ਸਾਹਿਤ ਦਰਸ਼ਨ, ਪੰਨਾ 13)

ਪ੍ਰਿੰਸੀਪਲ ਤੇਜਾ ਸਿੰਘ ਨੇ ਆਧੁਨਿਕ ਪੰਜਾਬੀ ਸਾਹਿਤ ਵਿਚ ਪੈਦਾ ਹੋਏ ਕੁਝ ਨਵੇਂ ਰੂਪਾਕਾਰਾਂ ਜਿਵੇਂ ਨਾਵਲ, ਨਾਟਕ ਅਤੇ ਨਵੀਨ ਕਵਿਤਾ ਦਾ ਸਰੂਪ ਨਿਸ਼ਚਿਤ ਕਰਨ ਵਿਚ ਵੀ ਕਾਫ਼ੀ ਵਡਮੁੱਲਾ ਕੰਮ ਕੀਤਾ। ਉਹ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਉਸ ਦੀ ਸੰਪਰਦਾਈ ਦ੍ਰਿਸ਼ਟੀ ਕਾਰਨ ਮਹਾਨ ਰਚਨਾਵਾਂ ਦਾ ਦਰਜਾ ਦੇਣ ਤੋਂ ਇਨਕਾਰੀ ਹੈ। ਉਸਦਾ ਵਿਚਾਰ ਹੈ ਕਿ ਨਾਵਲਕਾਰ ਦਾ ਕੰਮ ਨਿਰਾ ਕਹਾਣੀ ਘੜਨਾ ਹੀ ਨਹੀਂ ਸਗੋਂ ਹਾਲਾਤ ਦੇ ਮੁਤਾਬਿਕ ਹਰ ਇਕ ਪਾਤਰ ਦੇ ਚਰਿੱਤਰ ਨੂੰ ਉਸਾਰਨਾ ਵੀ ਹੈ। ਉਹ ਨਾਨਕ ਸਿੰਘ ਨੂੰ ਇਕ ਰੋਮਾਂਟਿਕ ਲੇਖਕ ਮੰਨਦਾ ਹੈ। ਸੰਤ ਸਿੰਘ ਸੇਖੋਂ ਦੇ ਨਾਵਲ 'ਲਹੂ ਮਿੱਟੀ' ਦੀ ਇਸ ਗੱਲੋਂ ਆਲੋਚਨਾ ਕਰਦਾ ਹੈ ਕਿ ਉਹ ਆਪਣੇ ਅਗਾਂਹਵਧੂ ਖਿਆਲਾਂ ਦੇ ਚਾਅ ਵਿਚ ਸੱਤ-ਅੱਠ ਵਰ੍ਹੇ ਦੇ ਬੱਚੇ ਕੋਲੋਂ ਸਮਾਜਵਾਦੀ ਗੱਲਾਂ ਅਖਵਾਉਣ ਲੱਗ ਪੈਂਦਾ ਹੈ। ਨਵੀਨ ਪੰਜਾਬੀ ਕਵਿਤਾ ਦੇ ਸੰਦਰਭ ਵਿਚ ਉਸਨੇ ਭਾਈ ਵੀਰ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ, ਲਾਲਾ ਕਿਰਪਾ ਸਾਗਰ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ ਅਤੇ ਅੰਮ੍ਰਿਤਾ ਪ੍ਰੀਤਮ ਦੇ ਕਾਵਿ ਲੋਕ ਬਾਰੇ ਚਰਚਾ ਛੇੜੀ ਹੈ। ਇਨ੍ਹਾਂ ਕਵੀਆਂ ਦੀ ਕਾਵਿ ਕਲਾ ਦੇ ਮੁੱਖ ਲੱਛਣ ਸਪਸ਼ਟ ਕਰਨ ਦੇ ਨਾਲ-ਨਾਲ ਪ੍ਰਿੰਸੀਪਲ ਤੇਜਾ ਸਿੰਘ ਨੇ ਕਵਿਤਾ ਦੇ ਰੂਪ-ਗਠਨ ਅਤੇ ਪ੍ਰੇਰਕ ਸ਼ਕਤੀਆਂ ਬਾਰੇ ਵੀ ਚਰਚਾ ਕੀਤੀ ਹੈ। ਉਹ ਕਾਵਿ ਕਲਾ ਦੇ ਸੰਦਰਭ ਵਿਚ ਕਲਪਨਾ ਦੇ ਮਹੱਤਵ ਉਤੇ ਬਹੁਤ ਜ਼ੋਰ ਦਿੰਦਾ ਹੈ ਅਤੇ ਇਸ ਪ੍ਰਸੰਗ ਵਿਚ ਉਸਦੀ ਪਹੁੰਚ ਰੋਮਾਂਟਿਕ ਕਵੀਆਂ ਵਾਲੀ ਰਹੀ ਹੈ। ਉਹ ਸੰਦੇਸ਼ਮਈ (didactic) ਕਵਿਤਾ ਨੂੰ ਉੱਤਮ ਨਹੀਂ ਮੰਨਦਾ। ਉਹ ਸ਼ਾਬਦਿਕ ਕਲਾਬਾਜ਼ੀਆਂ ਨੂੰ ਵੀ ਕਵਿਤਾ ਦਾ ਰੁਤਬਾ ਦੇਣ ਦੇ ਹੱਕ ਵਿਚ ਨਹੀਂ। ਉਹ ਪੰਜਾਬੀ ਕਵਿਤਾ ਨੂੰ ਪੰਜਾਬੀ ਸਭਿਆਚਾਰ ਵਿਚੋਂ ਉਗਮਦੀ ਵੇਖਣ ਦਾ ਇੱਛਕ ਰਿਹਾ ਹੈ।

**ਪੰਜਾਬੀ ਸਾਹਿਤ ਦੇ ਇਤਿਹਾਸਕਾਰ**

ਪੰਜਾਬੀ ਆਲੋਚਨਾ ਦੇ ਸੰਸਥਾਪਕਾਂ ਵਿਚ ਡਾ. ਮੋਹਨ ਸਿੰਘ ਦੀਵਾਨਾ ਦਾ ਨਾਮ ਬੜਾ ਮਹੱਤਵਪੂਰਨ ਹੈ। ਬੇਸ਼ੱਕ ਉਸ ਨੇ ਆਪਣੀ ਆਲੋਚਨਾਤਮਕ ਪ੍ਰਤਿਭਾ ਦਾ ਵਡੇਰਾ ਭਾਗ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਨਿਰਮਿਤ ਕਰਨ ਵਿਚ ਖਰਚ ਦਿੱਤਾ ਪਰੰਤੂ ਤਾਂ ਵੀ ਉਸ ਨੇ ਆਲੋਚਨਾ ਦੇ ਪ੍ਰਸੰਗ ਵਿਚ ਕਈ ਉਲੇਖਯੋਗ ਸੂਤਰ ਦਿੱਤੇ ਹਨ। ਉਸਦਾ ਵਿਚਾਰ ਹੈ ਕਿ ਕਿਸੇ ਰਚਨਾ ਦਾ ਅਧਿਐਨ ਕਰਨ ਲਈ ਜਿਥੇ ਸਾਨੂੰ ਕਿਸੇ ਲੇਖਕ ਦੇ ਜਨਮ, ਪਾਲਣ, ਦੇਸ਼ਾਟਨ, ਵਿੱਦਿਆ-ਗ੍ਰਹਿਣ, ਸੰਗਤ, ਮੇਲ-ਟਾਕਰੇ, ਅਨੁਭਵ ਅਤੇ ਲੈਣ-ਦੇਣ ਦਾ ਅਧਿਐਨ ਜ਼ਰੂਰੀ ਹੈ ਉਥੇ ਉਸਦੇ ਸਮਾਜੀ, ਰਾਜਨੀਤੀਕ ਤੇ ਧਾਰਮਿਕ ਪਿੜ-ਪਿਛਵਾੜੇ ਦਾ ਮੁਤਾਲਿਆ ਵੀ, ਖੋਜ-ਨਿਖੇੜ ਵੀ ਸਾਡੇ ਲਈ ਅਤੀ ਲੋੜਵੰਦ ਹੈ। ਡਾ. ਦੀਵਾਨਾ ਦੇ ਅਧਿਐਨ-ਖੇਤਰ ਵਿਚ ਸੂਫ਼ੀ ਕਾਵਿ ਅਤੇ ਕਿੱਸਾ ਕਾਵਿ ਵਿਸ਼ੇਸ਼ ਰੂਪ ਵਿਚ ਸ਼ਾਮਲ ਰਹੇ ਹਨ। ਪੰਜਾਬੀ ਕਿੱਸਾ ਕਾਵਿ ਦੀਆਂ ਪ੍ਰਚਲਿਤ ਅਤੇ ਪ੍ਰਵਾਨਿਤ ਕਾਵਿ-ਰੂੜ੍ਹੀਆਂ ਬਾਰੇ ਚਰਚਾ ਕਰਦਾ ਹੋਇਆ ਉਹ ਲਿਖਦਾ ਹੈ :

ਹਰੇਕ ਜਾਤੀ, ਨਸਲ, ਧਰਮ ਅਤੇ ਸੰਸਕ੍ਰਿਤੀ ਨੂੰ ਵਿਸ਼ੇਸ਼ ਪ੍ਰੇਰਕ ਅਤੇ ਵਿਸ਼ੇਸ਼ ਛੰਦ ਪਸੰਦ ਹੁੰਦੇ ਹਨ। ਕੋਈ ਮਨੁੱਖ ਘਟਨਾ ਨੂੰ ਵਿਜੋਗ-ਅੰਤਕ ਜਾਂ ਦੁਖ-ਪ੍ਰਧਾਨ ਚਾਹੁੰਦਾ ਹੈ, ਕੋਈ ਸੰਜੋਗ-ਅੰਤਕ ਅਤੇ ਸੁਖ ਪ੍ਰਧਾਨ। ਕੋਈ ਕਥਾ ਨੂੰ ਸੱਚੇ ਪ੍ਰੇਮ ਦੀ ਬਿਜੈ ਲਈ ਵਰਤਦਾ ਹੈ, ਕੋਈ ਕਾਮ-ਵਾਸਨਾ, ਪ੍ਰਚਾਰਨ ਲਈ, ਕੋਈ ਏਸ ਨੂੰ ਮੰਦ ਦੱਸਣ ਲਈ। ਪ੍ਰੇਰਨਾ (motif) ਤੇ ਸਿੱਖਿਆ (moral) ਦਾ ਗੂੜ੍ਹਾ ਸਾਕ ਸੰਬੰਧ ਹੈ। ਕਈ ਰਚਾਇਤੇ ਸਿਖਿਆ ਦੀ ਖਾਤਰ।

**ਪੰਜਾਬੀ ਦੇ ਮੁੱਢਲੇ ਵਿਧੀਵਤ ਆਲੋਚਕ**

ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਪੰਜਾਬੀ ਦੀ ਵਿਧੀਵਤ ਆਲੋਚਨਾ ਸ਼ੁਰੂ ਹੋ ਗਈ ਸੀ। ਇਸ ਪਰੰਪਰਾ ਦੇ ਨਿਰਮਾਣ ਵਿਚ ਬਾਵਾ ਬੁੱਧ ਸਿੰਘ (1878-1931), ਪ੍ਰਿੰਸੀਪਲ ਤੇਜਾ ਸਿੰਘ (1883-1958), ਡਾ. ਮੋਹਨ ਸਿੰਘ ਦੀਵਾਨਾ, ਡਾ. ਰੌਸ਼ਨ ਲਾਲ ਆਹੂਜਾ, ਗਿਆਨੀ ਸ਼ੇਰ ਸਿੰਘ, ਪ੍ਰੋ. ਹਰਦਿਆਲ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਪ੍ਰੋ. ਸੁਰਿੰਦਰ ਸਿੰਘ ਨਰੂਲਾ ਨੇ ਮਹੱਤਵਪੂਰਨ ਯੋਗਦਾਨ ਦਿੱਤਾ। ਇਨ੍ਹਾਂ ਆਲੋਚਕਾਂ ਨੇ ਪੰਜਾਬੀ ਸਾਹਿਤ ਨੂੰ ਵੱਖ-ਵੱਖ ਕਾਲਾਂ ਵਿਚ ਵੰਡ ਕੇ, ਇਸ ਦਾ ਇਤਿਹਾਸਕ ਸਰਵੇਖਣ ਕੀਤਾ ਅਤੇ ਸਾਹਿਤ-ਆਲੋਚਨਾ ਨਾਲ ਸੰਬੰਧਿਤ ਕੁਝ ਮੁਢਲੇ ਸਵਾਲ ਉਠਾਏ। ਜਿਵੇਂ : ਸਾਹਿਤ ਕੀ ਹੈ ? ਸਾਹਿਤ-ਰੂਪਾਂ ਦੀਆਂ ਕੀ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜਿਨ੍ਹਾਂ ਦੇ ਆਧਾਰ ਤੇ ਇਕ ਸਾਹਿਤ-ਰੂਪ ਨੂੰ ਦੂਜੇ ਨਾਲੋਂ ਨਖੇੜਿਆ ਜਾ ਸਕਦਾ ਹੈ ? ਸਾਹਿਤ ਦਾ ਦੂਜੇ ਕਲਾ-ਰੂਪਾਂ ਨਾਲੋਂ ਕੀ ਅੰਤਰ ਹੈ ? ਕੋਈ ਕਲਾ-ਰੂਪ ਆਪਣੇ ਮਾਧਿਅਮ ਰਾਹੀਂ ਕਿਵੇਂ ਅਭਿਵਿਅਕਤ ਹੁੰਦਾ ਹੈ, ਸਾਹਿਤ ਅਤੇ ਸੱਚ ਦਾ ਕੀ ਸੰਬੰਧ ਹੈ ਅਤੇ ਸਾਹਿਤ ਵਿਚ ਸ਼ਿਲਪ ਦਾ ਕੀ ਮਹੱਤਵ ਹੁੰਦਾ ਹੈ.........ਇਤਿਆਦਿ। ਇਹ ਆਲੋਚਨਾ-ਪੱਧਤੀ ਕਿਸੇ ਸੰਕਲਪਾਤਮਕ ਪ੍ਰਣਾਲੀ ਉਤੇ ਆਧਾਰਿਤ ਨਹੀਂ ਸੀ, ਇਸ ਲਈ ਇਹ ਪ੍ਰਭਾਵਵਾਦੀ ਵੰਨਗੀ ਦੀ ਆਲੋਚਨਾ ਹੀ ਬਣ ਸਕੀ। ਤਾਂ ਵੀ ਇਸ ਆਲੋਚਨਾ ਪਰੰਪਰਾ ਨੇ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਦੀ ਵਿਆਖਿਆ ਹੀ ਬਣ ਸਕੀ। ਤਾਂ ਵੀ ਇਸ ਆਲੋਚਨਾ ਪਰੰਪਰਾ ਨੇ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਦਾ ਮੁਢਲਾ ਕੰਮ ਕਾਫ਼ੀ ਚੰਗੀ ਤਰ੍ਹਾਂ ਨਿਭਾਇਆ।

ਪੰਜਾਬੀ ਦੇ ਮੁਢਲੇ ਆਲੋਚਕ ਬਾਵਾ ਬੁੱਧ ਸਿੰਘ ਨੇ ਤਿੰਨ ਆਲੋਚਨਾਤਮਕ ਪੁਸਤਕਾਂ - 'ਹੰਸ ਚੋਗ', 'ਬੰਬੀਹਾ ਬੋਲ' ਅਤੇ 'ਕੋਇਲ ਕੂ' ਲਿਖੀਆਂ, ਜਿਨ੍ਹਾਂ ਵਿਚ ਉਸਨੇ ਪੰਜਾਬੀ ਕਵਿਤਾ ਦਾ ਮੁਲਾਂਕਣ ਕਰਨ ਦੇ ਨਾਲ-ਨਾਲ ਭੁੱਲੇ-ਵਿੱਸਰੇ ਕਵੀਆਂ ਦੀਆਂ ਕਵਿਤਾਵਾਂ ਲੱਭ ਕੇ ਸਾਹਮਣੇ ਲਿਆਂਦੀਆਂ ਅਤੇ ਉਨ੍ਹਾਂ ਬਾਰੇ ਆਲੋਚਨਾਤਮਕ ਟਿੱਪਣੀਆਂ ਵੀ ਲਿਖੀਆਂ। 'ਕੋਇਲ ਕੂ' ਦੇ ਇਕ ਲੇਖ ਵਿਚ ਉਸ ਨੇ ਕਵਿਤਾ ਦਾ ਹੋਰਨਾਂ ਕੋਮਲ ਹੁਨਰਾਂ ਨਾਲ ਸੰਬੰਧ ਵੀ ਨਿਸ਼ਚਿਤ ਕੀਤਾ। ਉਹ ਪੱਛਮੀ ਸਾਹਿਤ ਦਾ ਗੰਭੀਰ ਪਾਠਕ ਸੀ ਅਤੇ ਉਸਦੇ ਆਲੋਚਨਾਤਮਕ ਲੇਖਾਂ ਵਿਚ ਪਲੈਟੋ, ਅਰਸਤੂ, ਸ਼ੈਕਸਪੀਅਰ ਅਤੇ ਮਿਲਟਨ ਵਰਗੇ ਲੇਖਕਾਂ ਦੇ ਹਵਾਲੇ ਅਕਸਰ ਮਿਲਦੇ ਹਨ। ਵਸਤੂਗਤ ਵਿਧੀ ਦੁਆਰਾ ਕਵਿਤਾ ਦੀ ਪਰਿਭਾਸ਼ਾ ਕਰਦਾ ਹੋਇਆ ਉਹ ਲਿਖਦਾ ਹੈ ਕਿ ਕਵਿਤਾ ਇਕ ਹੁਨਰ ਹੈ ਜਿਸ ਵਿਚ ਕਾਰੀਗਰੀ ਦੀ ਲੋੜ ਹੈ। (ਪ੍ਰੇਮ ਕਹਾਣੀ, ਪੰਨਾ 3) ਉਹ ਕਵਿਤਾ ਦੇ ਤਿੰਨ ਤੱਤਾਂ ਨੂੰ ਪ੍ਰਮੁੱਖ ਮੰਨਦਾ ਹੈ - ਖਿਆਲ, ਸ਼ਾਇਰਾਨਾ ਉਡਾਰੀ (Poetic imagination) ਅਤੇ ਕਾਰੀਗਰੀ। ਬਾਵਾ ਬੁੱਧ ਸਿੰਘ ਦਾ ਵਿਚਾਰ ਹੈ ਕਿ ਕਵਿਤਾ ਵਿਚ ਝੂਠੇ ਇਸਤਿਆਰਿਆਂ ਅਤੇ ਤਸ਼ਬੀਹਾਂ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ। ਉਹ ਸਮਾਜ ਅਤੇ ਦੇਸ਼ ਦੇ ਕਵਿਤਾ ਨਾਲ ਪਰਸਪਰ ਸੰਬੰਧਾਂ ਦਾ ਵੀ ਜ਼ਿਕਰ ਕਰਦਾ ਹੈ। ਉਸ ਦਾ

ਵਿਸ਼ਵਾਸ ਹੈ ਕਿ ਜਿੱਥੇ ਕਵਿਤਾ ਸਮਾਜ ਅਤੇ ਦੇਸ਼ ਦੀ ਰਾਜਨੀਤਕ ਪਰਿਸਥਿਤੀ ਉਤੇ ਆਪਣਾ ਪ੍ਰਭਾਵ ਪਾਉਂਦੀ ਹੈ, ਉੱਥੇ ਸਮਾਜ ਦੇ ਮੁੱਲ ਅਤੇ ਦੇਸ਼ ਦੀਆਂ ਰਾਜਨੀਤਕ ਪਰਿਸਥਿਤੀਆਂ ਕਿਸੇ ਕਵੀ ਦੀ ਰਚਨਾਤਮਕ ਸਮਰੱਥਾ ਨੂੰ ਸੀਮਿਤ ਵੀ ਕਰ ਦਿੰਦੀਆਂ ਹਨ। ਇਸ ਲਈ ਉਹ ਕਹਿੰਦਾ ਹੈ ਕਿ ਵੱਡੇ ਕਵੀ ਲਈ ਕਿਸੇ ਲਾਲਚ ਵੱਸ ਆਪਣੀ ਕਵਿਤਾ ਨਹੀਂ ਰਚਦੇ। ਉਹ ਤਾਂ ਰੱਬੀ ਮੌਜ ਵਿਚ ਮਸਤ, ਇਲਾਹੀ ਬਚਨ ਆਖਦੇ ਹਨ। ਜੋ ਲੋਕ ਉਨ੍ਹਾਂ ਤੋਂ ਲਾਭ ਉਠਾ ਸਕਣ ਤਾਂ ਉਨ੍ਹਾਂ ਦੇ ਚੰਗੇ ਭਾਗ !

(ਪ੍ਰੇਮ ਕਹਾਣੀ, ਪੰਨਾ 41)

ਬਾਵਾ ਬੁੱਧ ਸਿੰਘ ਤੋਂ ਪਿਛੋਂ ਪ੍ਰਿੰਸੀਪਲ ਤੇਜਾ ਸਿੰਘ ਨੇ ਆਧੁਨਿਕ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਦੀ ਪ੍ਰਕ੍ਰਿਤੀ ਨੂੰ ਸਪਸ਼ਟ ਕਰਨ ਵਾਲੇ ਆਲੋਚਨਾਤਮਕ ਲੇਖ ਲਿਖੇ। ਉਸ ਨੇ ਪੰਜਾਬੀ ਸਾਹਿਤਕਾਰਾਂ ਨੂੰ ਸਮਕਾਲੀਨ ਯਥਾਰਥ ਵੱਲ ਮੁੜਨ ਦੀ ਸਲਾਹ ਦਿੱਤੀ। ਉਹ ਲਿਖਦਾ ਹੈ :

> ਧਾਰਮਿਕ ਕਵਿਤਾ ਦੇ ਦਿਹਾੜੇ ਬੀਤਦੇ ਜਾਂਦੇ ਹਨ। ਲੋਕੀਂ ਕਹਿ ਤਾਂ ਦੇਣਗੇ ਬੜੀ ਚੰਗੀ ਕਵਿਤਾ ਲਿਖੀ ਹੈ ਪਰ ਪੜ੍ਹੇਗਾ ਕੋਈ ਵਿਰਲਾ ਹੀ। ਆਪ ਨੂੰ ਪਤਾ ਹੋਣਾ ਹੈ ਕਿ ਮਿਲਟਨ ਅੰਗ੍ਰੇਜ਼ੀ ਕਵੀਆਂ ਵਿਚੋਂ ਸਭ ਤੋਂ ਵੱਡਾ ਮੰਨੀਦਾ ਹੈ। ਲੋਕ ਪ੍ਰੇਰਨਾ ਨੂੰ ਬਦਲ ਲੈਂਦੇ ਹਨ। ਕਈ ਪ੍ਰੇਰਨਾ ਦੀ ਖਾਤਰ ਸਿੱਖਿਆ ਉਲਟ ਲੈਂਦੇ ਹਨ।

('ਪੰਜਾਬੀ ਵਿਚ ਕਿੱਸੇ', ਪੰ.ਯੂ. ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 60)

ਪੰਜਾਬੀ ਕਿੱਸਾ ਕਾਵਿ ਦੀ ਵਿਆਖਿਆ-ਵਿਸ਼ਲੇਸ਼ਣ ਨਾਲ ਸੰਬੰਧਿਤ ਇਕ ਹੋਰ ਵਿਦਵਾਨ ਡਾ. ਬਨਾਰਸੀ ਦਾਸ ਜੈਨ ਹੈ। ਇਸ ਵਿਦਵਾਨ ਨੇ ਵੱਖ-ਵੱਖ ਪੰਜਾਬੀ ਕਿੱਸਿਆਂ ਦੇ ਪ੍ਰਮਾਣਿਕ ਮਤਨ ਤਿਆਰ ਕਰਨ ਅਤੇ ਵੱਖ-ਵੱਖ ਕਵੀਆਂ ਦਾ ਤੁਲਨਾਤਮਕ ਅਧਿਐਨ ਕਰਨ ਵਿਚ ਕਾਫ਼ੀ ਕੰਮ ਕੀਤਾ। ਦਮੋਦਰ ਰਚਿਤ 'ਹੀਰ' ਦਾ ਮੁਲਾਂਕਣ ਕਰਦਾ ਹੋਇਆ ਉਹ ਲਿਖਦਾ ਹੈ :

> ਕਲਾ ਦੀ ਦ੍ਰਿਸ਼ਟੀ ਨਾਲ ਦਮੋਦਰ ਦੀ ਹੀਰ, ਵਾਰਿਸ ਦੀ ਹੀਰ ਨਾਲੋਂ ਕਿਸੇ ਗੱਲੋਂ ਘੱਟ ਨਹੀਂ। ਦਮੋਦਰ ਵਿਚ ਵੀ ਵਾਰਿਸ ਵਰਗੀ ਸੋਖੀ ਪਾਈ ਜਾਂਦੀ ਹੈ, ਅਲੰਕਾਰ ਤੇ ਰਸ ਵੀ ਬਥੇਰੇ ਹਨ ਪਰ ਦਮੋਦਰ ਨੇ ਵਾਰਿਸ ਵਾਂਗ ਇੱਕੋ ਗੱਲ ਨੂੰ ਬਾਰ-ਬਾਰ ਦੁਹਰਾਇਆ ਜਾ ਲੰਮਕਾਇਆ ਨਹੀਂ। ਇਸ ਦਾ ਕਲਾਮ ਆਪਣੀ ਰਫ਼ਤਾਰ ਸਿਰ ਚਲਦਾ ਰਹਿੰਦਾ ਹੈ, ਕਿਤੇ ਮੱਧਮ ਨਹੀਂ ਪੈਂਦਾ। ਜੇ ਗਹੁ ਨਾਲ ਪੜ੍ਹੀ ਜਾਵੇ ਤਾਂ ਦਮੋਦਰ ਦੀ ਹੀਰ ਬੜੇ ਉਚੇ ਦਰਜੇ ਦਾ ਕਾਵਿ ਹੈ।

('ਦਮੋਦਰ', ਉਹੀ ਰਚਨਾ, ਪੰਨਾ 108)

ਗੁਰਬਾਣੀ ਅਤੇ ਹੋਰ ਗੁਰਮਤਿ ਕਵਿਤਾ ਦੇ ਵਿਸ਼ਲੇਸ਼ਣ ਲਈ ਡਾ. ਸੁਰਿੰਦਰ ਸਿੰਘ ਕੋਹਲੀ ਨੇ ਵੀ ਕਈ ਮੁੱਲਵਾਨ ਅੰਤਰ-ਦ੍ਰਿਸ਼ਟੀਆਂ ਪੇਸ਼ ਕੀਤੀਆਂ ਹਨ। 'ਪੰਜਾਬੀ ਸਾਹਿਤ ਦਾ ਇਤਿਹਾਸ' (1950) ਵਿਚ ਉਸਨੇ ਪੰਜਾਬੀ ਸਾਹਿਤ ਦੀਆਂ ਭਿੰਨ-ਭਿੰਨ ਪ੍ਰਵਿਰਤੀਆਂ ਬਾਰੇ ਬੜੀਆਂ ਸੰਤੁਲਿਤ ਰਾਵਾਂ ਪੇਸ਼ ਕੀਤੀਆਂ ਹਨ। ਡਾ. ਗੋਪਾਲ ਸਿੰਘ ਦਰਦੀ ਨੇ 'ਪੰਜਾਬੀ ਸਾਹਿਤ ਦਾ ਇਤਿਹਾਸ', 'ਰੋਮਾਂਚਿਕ ਪੰਜਾਬੀ ਕਵੀ' ਅਤੇ 'ਸਾਹਿਤ ਦੀ ਪਰਖ' ਆਦਿਕ ਪੁਸਤਕਾਂ ਵਿਚ ਪੰਜਾਬੀ ਸਾਹਿਤ ਦੀਆਂ ਪ੍ਰਮੁਖ ਪ੍ਰਵਿਰਤੀਆਂ ਅਤੇ ਰੂਪਾਂ ਬਾਰੇ ਬੜੀ ਵਿਸਤ੍ਰਿਤ ਚਰਚਾ ਕੀਤੀ ਹੈ। ਉਹ ਸਾਹਿਤ ਵਿਚ ਭਵਯਤਾ (Sublimity) ਅਤੇ ਰੋਮਾਂਸ ਨੂੰ ਮਹਾਨ ਸਾਹਿਤ ਦੇ ਉਤਪ੍ਰੇਰਕ ਸੋਮੇ ਮੰਨਦਾ ਹੈ। ਇਸ ਤਰ੍ਹਾਂ ਡਾ. ਦਰਦੀ ਦੀ ਆਲੋਚਨਾਤਮਕ ਦ੍ਰਿਸ਼ਟੀ ਵਿਚ 'ਕਲਾਸੀਸਿਜ਼ਮ' ਅਤੇ 'ਰੋਮਾਂਸਵਾਦ' ਦੀ ਮਿੱਸ ਹੈ।

**ਅਕਾਦਮਿਕ ਆਲੋਚਨਾ**

ਮੁਢਲੀ ਪੰਜਾਬੀ ਆਲੋਚਨਾ ਦੀ ਰੂਪ-ਰੇਖਾ ਤਿਆਰ ਕਰਨ ਵਿਚ ਅੰਗ੍ਰੇਜ਼ੀ ਸਾਹਿਤ ਅਤੇ ਪੱਛਮੀ ਗਿਆਨ-ਵਿਗਿਆਨ ਨਾਲ ਜੁੜੇ ਕੁਝ ਇਕ ਅਕਾਦਮਿਕ ਆਲੋਚਕਾਂ ਨੇ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਡਾ. ਸ਼ੇਰ ਸਿੰਘ ਗਿਆਨੀ ਨੇ 'ਸਾਹਿਤ ਸਮਾਲੋਚਨਾ' (1952) ਨਾਮ ਦੀ ਪੁਸਤਕ ਵਿਚ ਪੱਛਮ ਦੇ ਕੁਝ ਪ੍ਰਸਿੱਧ ਦਾਰਸ਼ਨਿਕਾਂ, ਮਨੋਵਿਗਿਆਨੀਆਂ ਅਤੇ ਸਾਹਿਤ-ਸ਼ਾਸਤਰੀਆਂ ਦੇ ਵਿਚਾਰਾਂ ਨੂੰ ਪ੍ਰਿਸ਼ਟ-ਭੂਮੀ ਵਜੋਂ ਵਰਤ ਕੇ ਪੰਜਾਬੀ ਆਲੋਚਨਾ ਨੂੰ ਕੁਝ ਨਵੇਂ

ਵਿਚਾਰਧਾਰਾਈ ਆਧਾਰ ਪ੍ਰਦਾਨ ਕੀਤੇ। ਉਸ ਨੇ ਸੁਕਰਾਤ, ਪਲੈਟੋ, ਅਰਸਤੂ, ਲੰਜਾਈਨਸ, ਦਾਂਤੇ। ਫਿਲਿਪ ਸਿਡਨੀ, ਬੇਕਨ, ਬੈਨ ਜਾਨਸਨ, ਪੋਪ ਅਤੇ ਵਰਡਜ਼ਵਰਥ ਵਰਗੇ ਕਲਾ-ਸ਼ਾਸਤਰੀਆਂ ਦੀ ਆਲੋਚਨਾਤਮਕ ਪਰੰਪਰਾ ਦਾ ਵਿਧੀਪੂਰਕ ਅਧਿਐਨ ਪੇਸ਼ ਕਰਕੇ ਪੰਜਾਬੀ ਆਲੋਚਨਾ ਨੂੰ ਵਿਚਾਰਾਂ ਅਤੇ ਵਿਧੀਆਂ ਦੀ ਦ੍ਰਿਸ਼ਟੀ ਤੋਂ ਕਾਫ਼ੀ ਅਮੀਰ ਬਣਾਇਆ। ਪ੍ਰੋ. ਹਰਦਿਆਲ ਸਿੰਘ ਦੀ ਆਲੋਚਨਾਤਮਕ ਪੁਸਤਕ 'ਸਾਹਿਤਿਕ ਸਿੱਖਿਆ' (1955) ਵਿਚ ਸਾਹਿਤ ਦੀ ਪ੍ਰਕ੍ਰਿਤੀ ਅਤੇ ਪ੍ਰਯੋਜਨ ਬਾਰੇ ਆਪਣੇ ਵਕਤ ਤੇ ਹਿਸਾਬ ਨਾਲ ਕੁਝ ਨਵੇਂ ਨੁਕਤੇ ਉਠਾਏ ਗਏ ਹਨ। 'ਪੜ੍ਹਨ' ਅਤੇ ਲਿਖਣ ਨੂੰ ਇਕੋ ਰਚਨਾਤਮਕ ਕ੍ਰਿਆ ਦੇ ਦੋ ਪਾਸਾਰ ਸਿੱਧ ਕਰਦਾ ਹੋਇਆ ਉਹ ਲਿਖਦਾ ਹੈ :

> ਪੜ੍ਹਨਾ ਚੁੱਪ ਕਰਕੇ ਇਕ ਕਿਤਾਬ ਦੇ ਪੰਨਿਆਂ ਉੱਤੇ ਅੱਖਾਂ ਗੱਡ ਰੱਖਣ ਦਾ ਨਾਉਂ ਨਹੀਂ ਹੈ ਤੇ ਨਾ ਹੀ ਇਹ ਆਪਣੀ ਸੁਸਤੀ ਨੂੰ ਲੁਕਾਉਣ ਦਾ ਸਾਡਾ ਬਹਾਨਾ ਤੇ ਵਿਹਲਾ ਡੰਗ ਟਪਾਉਣ ਦਾ ਸਾਡਾ ਪਰਚਾਵਾ ਹੈ। ਪੜ੍ਹਨਾ ਔਖੀ, ਖਰ੍ਹਵੀ, ਮਨ ਨੂੰ ਥਕਾ ਦੇਣ ਵਾਲੀ ਇਕ ਚੀਜ਼ ਤੇ ਕਰੜੀ ਮਿਹਨਤ ਹੈ। ਮਿਹਨਤ ਦਾ ਹੀ ਦੂਜਾ ਨਾਉਂ ਹੈ ਰਚਨਾ ਤੇ ਰਚਨਾ ਵਿਚ ਤਸੱਲੀ ਵੀ ਹੈ ਤੇ ਖੁਸ਼ੀ ਵੀ।

(ਸਾਹਿਤਿਕ ਸਿੱਖਿਆ, ਪੰਨਾ 24)

ਪ੍ਰੋ. ਸੁਰਿੰਦਰ ਸਿੰਘ ਨਰੂਲਾ ਰਚਿਤ ਆਲੋਚਨਾਤਮਕ ਪੁਸਤਕ 'ਸਾਹਿਤ ਸਮਾਚਾਰ' (1951) ਵੀ ਮੁਢਲੇ ਯੁਗ ਦੀ ਪੰਜਾਬੀ ਆਲੋਚਨਾ ਦਾ ਇਕ ਉੱਤਮ ਪ੍ਰਮਾਣ ਹੈ। ਇਸ ਪੁਸਤਕ ਵਿਚ ਦਮੋਦਰ, ਪ੍ਰੋ. ਪੂਰਨ ਸਿੰਘ, ਸ. ਨਾਨਕ ਸਿੰਘ, ਪ੍ਰੋ. ਮੋਹਨ ਸਿੰਘ ਅਤੇ ਪ੍ਰੋ. ਸੰਤ ਸਿੰਘ ਸੇਖੋਂ ਦੀਆਂ ਰਚਨਾਵਾਂ ਬਾਰੇ ਵਿਚਾਰ ਕਰਨ ਦੇ ਨਾਲ-ਨਾਲ ਪੰਜਾਬੀ ਸਾਹਿਤ ਦੀਆਂ ਕੁਝ ਸਾਮਿਅਕ ਸਮੱਸਿਆਵਾਂ ਬਾਰੇ ਵੀ ਵਿਚਾਰ ਕੀਤੀ ਗਈ ਹੈ। ਇਸ ਪੁਸਤਕ ਵਿਚ ਉਸਨੇ ਪਹਿਲੀ ਵਾਰ ਮਾਰਕਸਵਾਦੀ, ਅਗਾਂਹਵਧੂ ਸਾਹਿਤ ਅਤੇ ਸਮਾਜਿਕ ਬੌਧਿਕਵਾਦ ਬਾਰੇ ਨੁਕਤੇ ਉਠਾਏ। ਆਪਣੇ ਇਕ ਲੇਖ ਵਿਚ ਉਹ ਸਾਹਿਤ ਅਤੇ ਸਦੀਵਤਾ ਦੇ ਸੰਬੰਧਾਂ ਬਾਰੇ ਵਿਚਾਰ ਕਰਦਾ ਹੋਇਆ ਲਿਖਦਾ ਹੈ ਕਿ ਅਜ ਕਲ੍ਹ ਦੇ ਸਮੇਂ ਵਿਚ ਲਿਖੀ ਹੋਈ ਕੋਈ ਰਚਨਾ ਉਤਨਾ ਚਿਰ ਪ੍ਰਮਾਣਿਕ ਨਹੀਂ ਹੋ ਸਕਦੀ ਜਿੰਨਾਂ ਚਿਰ ਲੇਖਕ ਦਾ ਦ੍ਰਿਸ਼ਟੀਕੋਣ ਮਾਰਕਸਵਾਦੀ ਨਹੀਂ।

('ਅਗਾਂਹਵਧੂ ਸਾਹਿਤ', ਪੰਨਾ 118)

ਪੰਜਾਬੀ ਦੇ ਕੁਝ ਪ੍ਰਸਿੱਧ ਕਵੀਆਂ ਜਿਵੇਂ ਪ੍ਰੋ. ਪੂਰਨ ਸਿੰਘ ਅਤੇ ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਆਪਣੇ ਲੇਖਾਂ ਵਿਚ ਸਾਹਿਤ ਦੀ ਪਰਿਭਾਸ਼ਾ ਅਤੇ ਸਰੂਪ ਨੂੰ ਪ੍ਰਗਟ ਕਰਨ ਵਾਲੀਆਂ ਬੜੀਆਂ ਮੌਲਿਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਤੋਂ ਬਿਨਾਂ ਡਾ. ਰੌਸ਼ਨ ਲਾਲ ਆਹੂਜਾ, ਪ੍ਰੋ. ਗੁਰਬਚਨ ਸਿੰਘ ਤਾਲਿਬ ਅਤੇ ਡਾ. ਬਲਬੀਰ ਸਿੰਘ ਵਰਗੇ ਵਿਦਵਾਨਾਂ ਨੇ ਵੀ ਅਕਾਦਮਿਕ ਆਲੋਚਨਾ ਨੂੰ ਵਿਸਤ੍ਰਿਤ ਅਤੇ ਗਹਿਰ-ਗੰਭੀਰ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਪੰਜਾਬੀ ਆਲੋਚਨਾ ਪਰੰਪਰਾ ਦੇ ਮੁਢਲੇ ਪ੍ਰਤਿਮਾਨ ਨਿਸ਼ਚਿਤ ਕਰਨ ਵਿਚ ਬਾਵਾ ਬੁੱਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਡਾ. ਗੋਪਾਲ ਸਿੰਘ ਦਰਦੀ, ਪ੍ਰੋ. ਹਰਦਿਆਲ ਸਿੰਘ, ਡਾ. ਸ਼ੇਰ ਸਿੰਘ ਗਿਆਨੀ ਅਤੇ ਪ੍ਰੋ. ਸੁਰਿੰਦਰ ਸਿੰਘ ਨਰੂਲਾ ਆਦਿਕ ਵਿਦਵਾਨਾਂ ਦਾ ਕਾਫ਼ੀ ਮਹੱਤਵਪੂਰਨ ਯੋਗਦਾਨ ਰਿਹਾ ਹੈ।

**ਪ੍ਰਗਤੀਵਾਦੀ ਪੰਜਾਬੀ ਆਲੋਚਨਾ**

ਪੰਜਾਬੀ ਵਿਚ ਪ੍ਰਗਤੀਵਾਦੀ ਆਲੋਚਨਾ ਦੀ ਪਰੰਪਰਾ ਸਭ ਤੋਂ ਲੰਬੀ, ਅਮੀਰ ਅਤੇ ਗੌਰਵਮਈ ਹੈ। ਪ੍ਰਗਤੀਵਾਦ ਨਾਲ ਜੁੜੇ ਹੋਰ ਸਾਹਿਤ-ਰੂਪਾਂ ਵਾਂਗ ਪ੍ਰਗਤੀਵਾਦੀ ਪੰਜਾਬੀ ਆਲੋਚਨਾ ਵੀ ਉਨ੍ਹਾਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸਰੋਕਾਰਾਂ ਵਿਚੋਂ ਉਤਪੰਨ ਹੋਈ ਜਿਹੜੇ ਪੂੰਜੀਵਾਦੀ ਅਰਥ-ਵਿਵਸਥਾ ਦੇ ਮਾਨਵ ਵਿਰੋਧੀ ਕਿਰਦਾਰ ਵਿਰੁੱਧ ਇਕ ਜਹਾਦ ਛੇੜਨ ਦੀ ਜ਼ਰੂਰਤ ਨੂੰ ਅਨੁਭਵ ਕਰਵਾ ਰਹੇ ਸਨ। ਇਸ ਪ੍ਰਸੰਗ ਵਿਚ ਸੱਜਾਦ ਜ਼ਹੀਰ ਆਪਣੀ ਪੁਸਤਕ 'ਰੋਸ਼ਨਾਈ' ਵਿਚ ਲਿਖਦਾ ਹੈ ਕਿ ਪ੍ਰਗਤੀਸ਼ੀਲ ਲੇਖਕਾਂ ਦੀ ਪਹਿਲੀ ਮੰਡਲੀ 1935 ਵਿਚ ਕੁਝ ਭਾਰਤੀ ਵਿਦਿਆਰਥੀਆਂ ਨੇ ਲੰਡਨ ਵਿਚ ਕਾਇਮ ਕੀਤੀ ਸੀ। ਪ੍ਰਗਤੀਸ਼ੀਲ ਲੇਖਕ ਸੰਘ ਦੇ ਮੈਨੀਫੈਸਟੋ ਦਾ ਖਰੜਾ ਵੀ ਉਥੇ ਹੀ ਤਿਆਰ ਹੋਇਆ। ਉਸ ਇੱਕ ਪੰਨੇ ਦੇ ਦਸਤਾਵੇਜ਼ ਨੂੰ ਤਿਆਰ ਕਰਨ ਵਿਚ ਸੱਜਾਦ ਜਹੀਰ ਤੋਂ ਬਿਨਾਂ ਡਾ. ਮੁਲਕ ਰਾਜ ਆਨੰਦ, ਡਾ. ਜਯੋਤੀ ਘੋਸ਼, ਪ੍ਰਮੋਦ ਸੇਨ ਗੁਪਤਾ ਅਤੇ ਡਾ. ਮੁਹੰਮਦ ਦੀਨੇ ਤਾਸੀਰ ਵਰਗੇ ਅਦੀਬ ਸ਼ਾਮਲ ਸਨ। 1935 ਈ. ਦੇ ਪੈਰਿਸ ਵਿਖੇ ਹੋਏ ਅੰਤਰ-ਰਾਸ਼ਟਰੀ ਪ੍ਰਗਤੀਵਾਦੀ

ਅਧਿਵੇਸ਼ਨ ਦੀ ਸਫ਼ਲਤਾ ਤੋਂ ਉਤਸ਼ਾਹਿਤ ਹੋ ਕੇ ਭਾਰਤ ਵਿਚ ਵੀ ਇਕ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਕਰ ਲਈ ਗਈ, ਜਿਸ ਵਿਚ ਉਕਤ ਲੇਖਕਾਂ ਦੇ ਨਾਲ-ਨਾਲ ਮੁਨਸ਼ੀ ਪ੍ਰੇਮ ਚੰਦ, ਰਘੁਪਤੀ ਸਹਾਇ ਫ਼ਿਰਾਕ, ਸ਼ਿਵਦਾਨ ਸਿੰਘ ਚੌਹਾਨ, ਰਸ਼ੀਦਾ ਜਹਾਨ, ਡਾ. ਮੁਹੀਉਦੀਨ, ਰਾਜਿੰਦਰ ਸਿੰਘ ਬੇਦੀ ਅਤੇ ਕ੍ਰਿਸ਼ਨ ਚੰਦਰ ਵਰਗੇ ਸਾਹਿਤਕਾਰ ਸ਼ਾਮਲ ਹੋਏ। ਇਸ ਸੰਘ ਨੇ ਆਪਣਾ ਪਹਿਲਾਂ ਸੰਮੇਲਨ 1936 ਈ. ਵਿਚ ਲਖਨਊ ਵਿਖੇ ਆਯੋਜਿਤ ਕੀਤਾ। ਅੰਮ੍ਰਿਤਸਰ ਦੇ ਮੁਸਲਿਮ ਐਂਗਲੋ ਓਰੀਐਂਟਲ ਕਾਲਜ ਦੇ ਪ੍ਰਿੰਸੀਪਲ ਡਾ. ਮੁਹੰਮਦ ਦੀਨ ਤਾਸੀਰ ਦੇ ਯਤਨਾਂ ਨਾਲ 1936 ਈ. ਵਿਚ ਅੰਮ੍ਰਿਤਸਰ ਵਿਚ ਵੀ ਪ੍ਰਗਤੀਵਾਦੀ ਅਦੀਬਾਂ ਦਾ ਇਕ ਸੰਗਠਨ ਬਣ ਗਿਆ ਜਿਸ ਵਿਚ ਮੁਹੰਮਦ ਕਯੂਬ ਜ਼ਫ਼ਰ, ਉਸਦੀ ਪਤਨੀ ਰਸ਼ੀਦ ਜਹਾਂ ਅਤੇ ਫ਼ੈਜ਼ ਅਹਿਮਦ ਫ਼ੈਜ਼ ਵਰਗੇ ਪ੍ਰੋਫੈਸਰ ਲੋਕ ਸ਼ਾਮਿਲ ਹੋ ਗਏ। 1940-41 ਵਿਚ ਜਦੋਂ ਪ੍ਰੋ. ਸੰਤ ਸਿੰਘ ਸੇਖੋਂ ਨੇ ਆਪਣਾ ਇਕਾਗੀ ਸੰਗ੍ਰਹਿ 'ਛੇ ਘਰ' ਪ੍ਰਕਾਸ਼ਿਤ ਕਰਵਾਇਆ ਤਾਂ ਇਸਦੀ ਭੂਮਿਕਾ ਡਾ. ਤਾਸੀਰ ਨੇ ਹੀ ਲਿਖੀ ਸੀ। ਡਾ. ਤਾਸੀਰ ਤੋਂ ਹੀ ਪ੍ਰੋ. ਸੇਖੋਂ ਨੂੰ ਪ੍ਰਗਤੀਵਾਦੀ ਸੰਕਲਪਾਂ ਅਤੇ ਸਰੋਕਾਰਾਂ ਬਾਰੇ ਮੁਢਲੀ ਜਾਣਕਾਰੀ ਪ੍ਰਾਪਤ ਹੋਈ।

ਪੰਜਾਬੀ ਵਿਚ ਪ੍ਰਗਤੀਵਾਦੀ ਆਲੋਚਨਾ ਪਰੰਪਰਾ ਦਾ ਸੂਤਰਪਾਤ ਪ੍ਰੋ. ਸੰਤ ਸਿੰਘ ਸੇਖੋਂ ਦੀ ਪੁਸਤਕ 'ਸਾਹਿਤਿਆਰਥ' (1957) ਦੇ ਪ੍ਰਕਾਸ਼ਨ ਨਾਲ ਹੋਇਆ। ਇਸ ਪੁਸਤਕ ਵਿਚ ਕਾਵਿ ਦੀ ਪ੍ਰਕ੍ਰਿਤੀ ਅਤੇ ਸਰੂਪ ਸੰਬੰਧੀ ਮਾਰਕਸਵਾਦੀ ਦ੍ਰਿਸ਼ਟੀ ਤੋਂ ਲਿਖੇ ਹੋਏ ਕੁਝ ਲੇਖ ਸੰਕਲਿਤ ਹਨ। ਇਹ ਲੇਖ ਉਸਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਐਮ.ਏ. (ਪੰਜਾਬੀ) ਦੇ ਵਿਦਿਆਰਥੀਆਂ ਦੀ ਸਹੂਲਤ ਵਾਸਤੇ ਲਿਖਣੇ ਸ਼ੁਰੂ ਕੀਤੇ ਸਨ। ਇਸ ਤੋਂ ਪਿਛੋਂ ਪ੍ਰੋ. ਸੇਖੋਂ ਨੇ 'ਪੰਜਾਬੀ ਕਾਵਿ ਸ਼ਿਰੋਮਣੀ', 'ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁਗ', 'ਭਾਈ ਗੁਰਦਾਸ', 'ਪ੍ਰਸਿੱਧ ਪੰਜਾਬੀ ਕਵੀ' ਅਤੇ 'ਹੀਰ ਵਾਰਿਸ ਸ਼ਾਹ' ਆਦਿਕ ਪੁਸਤਕਾਂ ਦੀ ਰਚਨਾ ਵੀ ਕੀਤੀ। ਇਹ ਪੁਸਤਕਾਂ ਉਸਦੇ ਪ੍ਰਗਤੀਵਾਦੀ ਚਿੰਤਨ ਅਤੇ ਲੇਖਣ ਦੀ ਭਰਪੂਰ ਗਵਾਹੀ ਜੁਟਾਉਂਦੀਆਂ ਹਨ।

ਸੰਤ ਸਿੰਘ ਸੇਖੋਂ ਸਾਹਿਤ ਦੀ ਪਰਿਭਾਸ਼ਾ, ਪ੍ਰਯੋਜਨ ਅਤੇ ਪ੍ਰਕ੍ਰਿਤੀ ਨੂੰ ਮਾਰਕਸਵਾਦੀ ਸੰਦਰਭ ਵਿਚ ਰੱਖ ਕੇ ਵੇਖਣ ਦੀ ਪਹਿਲੀ ਸੁਹਿਰਦ ਕੋਸ਼ਿਸ਼ ਕਰਦਾ ਹੈ। ਉਸ ਨੇ 'ਕਮਿਊਨਿਸਟ ਮੈਨੀਫੈਸਟੋ' ਵਿਚ ਅੰਕਿਤ 'ਲੇਖਕ ਦੇ ਕਰਤੱਵ' ਬਾਰੇ ਮਾਰਕਸ ਦੇ ਵਿਚਾਰਾਂ ਉਤੇ ਡਟ ਕੇ ਪਹਿਰਾ ਦਿੱਤਾ। ਉਹ ਕਿਸੇ ਰਚਨਾ ਨੂੰ ਲੇਖਕ ਦੇ ਜਾਤੀ/ਜਮਾਤੀ ਹਿੱਤਾਂ ਦੀ ਇੰਨ-ਬਿੰਨ ਕਾਪੀ ਸਮਝਦਾ ਰਿਹਾ ਹੈ। ਇਸੇ ਕਾਰਨ ਉਸਦਾ ਵਿਸ਼ਵਾਸ ਬਣਿਆ ਕਿ ਜਿਤਨੀ ਦੇਰ ਤਕ ਕੋਈ ਲੇਖਕ ਕਿਸਾਨ-ਸਭਾਵਾਂ ਜਾਂ ਮਜ਼ਦੂਰ-ਸੰਘਾਂ ਦੇ ਮਾਧਿਅਮ ਦੁਆਰਾ ਇਨਕਲਾਬੀ ਕੰਮਾਂ ਵਿਚ ਹਿੱਸਾ ਨਹੀਂ ਲੈਂਦਾ, ਉਤਨੀ ਦੇਰ ਤਕ ਉਸਦੀ ਲਿਖਤ ਪ੍ਰਮਾਣਿਕ ਨਹੀਂ ਬਣ ਸਕਦੀ। ਉਹ ਸਾਹਿਤ ਅਤੇ ਕਲਾ ਵਰਗੇ 'ਉਪਰ-ਉਸਾਰਾਂ' ਵਿਚ ਰੂਪਾਂਤਰਣ ਦੀ ਪ੍ਰਕ੍ਰਿਆ ਵੱਲ ਬਹੁਤਾ ਧਿਆਨ ਨਹੀਂ ਦਿੰਦਾ। ਇਹੀ ਕਾਰਨ ਹੈ ਕਿ ਉਸਦੀ ਦ੍ਰਿਸ਼ਟੀ ਵਿਚ ਕਿੱਸਾ ਕਾਵਿ ਅਤੇ ਸੂਫ਼ੀ ਕਾਵਿ ਨਾਲ ਜੁੜੇ ਹੋਏ ਮਹਾਨ ਕਵੀ ਵੀ ਅਪਸਾਰਵਾਦੀ ਅਤੇ ਪਿਛਾਂਹ-ਖਿੱਚੂ ਸਿੱਧ ਹੁੰਦੇ ਹਨ। ਉਸੇ ਵਾਰਿਸ ਸ਼ਾਹ ਅਤੇ ਬੁਲ੍ਹੇ ਸ਼ਾਹ ਵਰਗੇ ਮਹਾਨ ਕਵੀਆਂ ਦਾ ਮੁਲਅੰਕਣ ਵੀ ਆਪਣੀ ਇਸੇ ਮਕੈਨੀਕਲ ਪਹੁੰਚ ਦੁਆਰਾ ਕੀਤਾ ਹੈ। ਉਸਦਾ ਵਿਸ਼ਵਾਸ ਹੈ ਕਿ ਇਹ ਕਵੀ ਅਠਾਰ੍ਹਵੀਂ ਸਦੀ ਵਿਚ ਸਿੱਖਾਂ ਦੀ ਵਧਦੀ ਹੋਈ ਸ਼ਕਤੀ ਨੂੰ ਵੇਖ ਕੇ ਖੁਸ਼ ਨਹੀਂ ਸਨ। ਉਹ ਲਿਖਦਾ ਹੈ :

> ਪੰਜਾਬੀ ਵਿਚ ਬਹੁਤਾ ਪੁਰਾਤਨ ਸਾਹਿਤ, ਖਾਸ ਕਰਕੇ ਸੂਫ਼ੀ ਤੇ ਕਿੱਸਾ ਸਾਹਿਤ, ਆਪਣੇ ਸਮੇਂ ਦੀ ਰਾਜਸੀ ਸਥਿਤੀ ਤੋਂ ਗਾਫ਼ਿਲ ਹੈ............ਇਹ ਆਪਣੇ ਸਮੇ ਦੀ ਕੇਂਦਰੀ ਸਥਿਤੀ ਦੀ ਸੂਝ ਨਹੀਂ ਰੱਖਦਾ.......... ਸੂਫ਼ੀ ਸਾਹਿੱਤ ਕਿਧਰੇ ਵੀ ਕੋਈ ਪ੍ਰਭਾਵਸ਼ਾਲੀ ਇਤਿਹਾਸਕ ਪਰਿਣਾਮ ਉਤਪੰਨ ਨਹੀਂ ਕਰ ਸਕਿਆ।
>
> (ਪੰਜਾਬੀ ਕਾਵਿ ਸ਼ਿਰੋਮਣੀ, ਪੰਨੇ 18-19)

ਸੰਤ ਸਿੰਘ ਸੇਖੋਂ, ਸਾਹਿਤ ਅਤੇ ਹੋਰ ਕਲਾਵਾਂ ਪ੍ਰਤੀ ਕਲਾਸਿਕੀਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਹੈ। ਉਹ ਮਾਰਕਸਵਾਦ ਦੇ ਨਾਲ-ਨਾਲ ਕਲਾਸਿਕੀ ਕਾਵਿ-ਸ਼ਾਸਤਰ ਦੇ ਨਿਯਮਾਂ ਦੀ ਪਾਲਣਾ ਵੀ ਬੜੀ ਸਖ਼ਤੀ ਨਾਲ ਕਰਦਾ-ਕਰਵਾਉਂਦਾ ਰਿਹਾ ਹੈ। ਇਸ ਪ੍ਰਸੰਗ ਵਿਚ ਉਹ ਕਾਵਿ ਵਿਚ ਛੰਦ-ਵਿਧਾਨ ਦੀ ਪਾਲਣਾ ਨੂੰ ਕਾਵਿ-ਹੋਂਦ ਦਾ ਇਕ ਲਾਜ਼ਮੀ ਤੱਤ ਮੰਨਦਾ ਹੈ। ਉਸ ਅਨੁਸਾਰ ਛੰਦ, ਕਾਵਿ ਦਾ ਲਿੰਗ-ਰੂਪ ਹੈ। ਜਿਵੇਂ ਇਸਤਰੀਲਿੰਗ ਤੋਂ ਬਿਨਾਂ ਕੋਈ ਵਿਅਕਤੀ, ਇਸਤ੍ਰੀ ਨਹੀਂ ਅਖਵਾ ਸਕਦਾ, ਬਿਲਕੁਲ ਇਸੇ ਤਰ੍ਹਾਂ ਛੰਦ ਤੋਂ ਬਿਨਾਂ ਕਿਸੇ ਵੀ ਰਚਨਾ ਨੂੰ ਕਾਵਿ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ। ਪੰਜਾਬੀ ਵਿਚ ਖੁਲ੍ਹੀ (ਛੰਦਮੁਕਤ) ਕਵਿਤਾ ਲਿਖਣ ਵਾਲੇ ਕਵੀਆਂ ਨੂੰ ਉਹ ਬਹੁਤੇ ਮਹਾਨ ਕਵੀ ਨਹੀਂ ਮੰਨਦਾ।

ਬਲਕਿ ਉਸਦਾ ਵਿਸ਼ਵਾਸ ਹੈ ਕਿ ਜੇ ਪ੍ਰੋ. ਪੂਰਨ ਸਿੰਘ ਅਤੇ ਡਾ. ਦੀਵਾਨ ਸਿੰਘ ਕਾਲੇਪਾਣੀ ਵਰਗੇ ਕਵੀ ਛੰਦਯੁਕਤ ਕਵਿਤਾ ਦੀ ਰਚਨਾ ਕਰਦੇ ਤਾਂ ਉਨ੍ਹਾਂ ਦਾ ਗੌਰਵ, ਮਹੱਤਵ ਅਤੇ ਮੁੱਲ ਹੋਰ ਵਧ ਜਾਣਾ ਸੀ।

ਸੇਖੋਂ-ਆਲੋਚਨਾ ਦਾ ਇਕ ਹੋਰ ਵਿਵਾਦਗ੍ਰਸਤ ਨੁਕਤਾ ਗੁਰਬਾਣੀ ਅਤੇ ਲੋਕ-ਗੀਤਾਂ ਨੂੰ ਸਾਹਿਤ ਦੇ ਘੇਰੇ ਵਿਚੋਂ ਬਾਹਰ ਕੱਢਦਾ ਹੈ। ਉਸਦਾ ਵਿਚਾਰ ਹੈ ਕਿ ਸਾਡੇ ਸਾਹਿਤ ਦੇ ਇਹ ਦੋਵੇਂ ਰੂਪ, ਸਾਹਿਤ ਦੇ ਸਥਾਪਿਤ ਪ੍ਰਤਿਮਾਨਾਂ ਉਤੇ ਪੂਰੇ ਨਹੀਂ ਉਤਰਦੇ। ਇਸੇ ਲਈ ਉਹ ਗੁਰਬਾਣੀ ਨੂੰ 'ਪਰਾ-ਸਾਹਿਤ' ਅਤੇ ਲੋਕ-ਗੀਤਾਂ ਨੂੰ 'ਅਣ-ਸਾਹਿਤ' ਜਾਂ 'ਨਿਮਨ-ਸਾਹਿਤ' ਕਹਿ ਕੇ ਇਨ੍ਹਾਂ ਰੂਪਾਂ ਅਤੇ ਆਲੋਚਨਾ ਕਰਨ ਤੋਂ ਸੰਕੋਚ ਕਰਦਾ ਹੈ। ਇੱਥੇ ਸੇਖੋਂ ਆਲੋਚਨਾ ਗੁਰਬਾਣੀ ਅਤੇ ਲੋਕ ਸਾਹਿਤ ਲਈ ਉਪਯੁਕਤ ਮਾਪਦੰਡਾਂ ਦੀ ਤਲਾਸ਼ ਕਰਨ ਦੀ ਬਜਾਇ ਨਿਸ਼ੇਧ ਦਾ ਰਸਤਾ ਪਕੜ ਲੈਂਦੀ ਹੈ। ਅਤੇ ਇਹ ਰੁਚੀ ਸੇਖੋਂ ਦੀ ਮਕੈਨੀਕਲ ਪਹੁੰਚ-ਵਿਧੀ ਦੀਆਂ ਸੀਮਾਵਾਂ ਨੂੰ ਭਲੀ ਭਾਂਤ ਉਜਾਗਰ ਕਰ ਦਿੰਦੀ ਹੈ, ਤਾਂ ਵੀ ਸੰਤ ਸਿੰਘ ਸੇਖੋਂ ਪੰਜਾਬੀ ਦਾ ਅਜਿਹਾ ਪਹਿਲਾ ਆਲੋਚਕ ਹੈ, ਜਿਸ ਨੇ ਆਪਣੇ ਨਿੱਜੀ ਪ੍ਰਭਾਵਾਂ ਨੂੰ ਆਲੋਚਨਾ ਦੇ ਰੂਪ ਵਿਚ ਠੇਲ੍ਹਣ ਦੀ ਬਜਾਇ ਮਾਰਕਸਵਾਦੀ ਚਿੰਤਨ ਉਤੇ ਆਧਾਰਿਤ ਵਿਗਿਆਨਕ ਆਲੋਚਨਾ ਕਰਨ ਦਾ ਮੁੱਢ ਬੰਨ੍ਹਿਆ। ਇਹ ਵੱਖਰੀ ਗੱਲ ਹੈ ਕਿ ਉਸਦੀ ਆਲੋਚਨਾ ਲੈਨਿਨਵਾਦੀ ਵਿਚਾਰਧਾਰਾ ਤੋਂ ਅੱਗੇ ਨਹੀਂ ਲੰਘ ਸਕੀ। ਇਸੇ ਲਈ ਸੇਖੋਂ-ਆਲੋਚਨਾ ਦਾਅਵੇ ਵਿਚ ਮਹਾਨ ਹੋਣ ਦੇ ਬਾਵਜੂਦ ਵਿਧੀ-ਵਿਹਾਰ ਵਿਚ ਕਾਫ਼ੀ ਸਾਧਾਰਨ ਬਣ ਜਾਂਦੀ ਹੈ।

ਪੰਜਾਬੀ ਪ੍ਰਗਤੀਵਾਦੀ ਆਲੋਚਨਾ ਦੇ ਖੇਤਰ ਵਿਚ ਦੂਜਾ ਪ੍ਰਮੁੱਖ ਹਸਤਾਖਰ ਪ੍ਰੋ. ਕਿਸ਼ਨ ਸਿੰਘ ਹੈ। ਉਸ ਦੀਆਂ ਪੰਜ-ਛੇ ਆਲੋਚਨਾਤਮਕ ਪੁਸਤਕਾਂ 'ਸਾਹਿਤ ਦੇ ਸੋਮੇ', 'ਯਥਾਰਥਵਾਦ', 'ਸਾਹਿਤ ਦੀ ਸਮਝ', 'ਸਿਖ ਇਨਕਲਾਬ ਦਾ ਮੋਢੀ : ਗੁਰੂ ਨਾਨਕ', 'ਗੁਰਬਾਣੀ ਦਾ ਸੱਚ' ਅਤੇ ਗੁਰਦਿਆਲ ਸਿੰਘ ਦੀ ਨਾਵਲ ਚੇਤਨਾ' ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਪ੍ਰੋ. ਕਿਸ਼ਨ ਸਿੰਘ ਦਾ ਮਤਿ ਹੈ ਕਿ ਸਮੇਂ ਦੇ ਸਮਾਜ ਅਤੇ ਵਿਅਕਤੀ ਦੀ ਜ਼ਿੰਦਗੀ ਦੀ ਤੋਰ ਨੂੰ ਸਮਝਣਾ ਸਾਹਿਤਕਾਰ ਵਾਸਤੇ ਆਪਣੇ ਮਨੋਰਥ ਵੱਲ ਨੂੰ ਤੁਰਨ ਦਾ ਪਹਿਲਾ ਕਦਮ ਹੈ। ਜੇ ਸਮਾਜ ਦੀ ਡਾਇਲੈਕਟਿਕਸ ਨੂੰ ਸਮਝਣ ਵਿਚ ਸਾਹਿਤਕਾਰ ਟਪਲਾ ਖਾ ਜਾਵੇ ਤਾਂ ਉਸਦਾ ਰਚਿਆ ਸਾਹਿਤ ਲੋਕਾਂ ਦੀ ਸਹੀ ਅਗਵਾਈ ਕਰਨ ਦੀ ਥਾਂ ਉਨ੍ਹਾਂ ਨੂੰ ਗੁਮਰਾਹ ਕਰੇਗਾ।

(ਯਥਾਰਥਵਾਦ, ਪੰਨਾ 2)

ਪ੍ਰੋ. ਕਿਸ਼ਨ ਸਿੰਘ ਦਾ ਵਿਚਾਰ ਹੈ ਕਿ ਕਿਸੇ ਸਾਹਿਤਕਾਰ ਲਈ ਸਮਾਜਿਕ ਡਾਇਲੈਕਟਿਕਸ ਦਾ ਪੈਂਤੜਾ ਵਿਖਾਉਣਾ ਹੀ ਕਾਫ਼ੀ ਨਹੀਂ, ਜ਼ਿਆਦਾ ਜ਼ਰੂਰੀ ਇਸਦੀ ਤੋਰ ਨੂੰ ਵਿਖਾਉਣਾ ਅਤੇ ਜੋ ਸਿੱਟੇ ਇਸ ਤੋਂ ਨਿਕਲਦੇ ਹਨ, ਉਨ੍ਹਾਂ ਨੂੰ ਪ੍ਰਤੱਖ ਕਰਨਾ ਹੈ। ਆਪਣੇ ਇਸ ਦ੍ਰਿਸ਼ਟੀਕੋਣ ਦੀ ਰੌਸ਼ਨੀ ਵਿਚ ਉਹ ਗਾਰਗੀ ਦੇ ਨਾਟਕ 'ਲੋਹਾ ਕੁੱਟ' ਨੂੰ ਇਕ ਅਪ੍ਰਮਾਣਿਕ ਰਚਨਾ ਮੰਨਦਾ ਹੈ ਕਿਉਂਕਿ ਉਸਦੀ ਨਜ਼ਰ ਵਿਚ ਇਸ ਨਾਟਕ ਵਿਚੋਂ ਨਿਕਲਦੇ ਸਿੱਟੇ ਮਿਥਿਆ ਹਨ। ਇਸ ਦੇ ਵਿਪਰੀਤ ਉਹ 'ਹੀਰ ਵਾਰਿਸ' ਨੂੰ ਯਥਾਰਥ ਦਾ ਇਕ ਪ੍ਰਤੀਨਿਧ ਮਾਡਲ ਮੰਨਦਾ ਹੈ। ਉਸ ਅਨੁਸਾਰ ਵਾਰਿਸ ਸ਼ਾਹ ਨੇ ਸਮਾਜ ਵਿਚ ਚੱਲ ਰਹੀ ਜਮਾਤੀ ਟੱਕਰ ਨੂੰ ਸਹੀ ਰੂਪ ਵਿਚ ਨਿਭਾਇਆ ਹੈ।

ਪ੍ਰੋ. ਕਿਸ਼ਨ ਸਿੰਘ ਸਾਹਿਤਕਾਰ ਨੂੰ ਇਕ ਚੇਤੰਨ ਅਤੇ ਪ੍ਰਗਤੀਸ਼ੀਲ ਵਿਅਕਤੀ ਦੇ ਰੂਪ ਵਿਚ ਵੇਖਦਾ ਹੈ। ਉਸ ਦਾ ਵਿਚਾਰ ਹੈ ਕਿ ਸਾਹਿਤਕਾਰ ਦਾ ਕਰਤੱਵ ਸਮਾਜਿਕ ਸੰਭਾਵਨਾ ਦੇ ਮਸਲਿਆਂ ਨੂੰ ਜਾਤੀ ਮਨੋਰਥਾਂ ਅਤੇ ਜਜ਼ਬਿਆਂ ਦੇ ਰੂਪ ਵਿਚ ਵੇਖਣਾ ਹੈ। ਉਸ ਅਨੁਸਾਰ :

> ਸਾਹਿਤਕਾਰ ਦਾ ਕਰਤੱਵ ਹੈ ਕਿ ਉਹ ਸੰਸਾਰਕ ਯੁੱਧ ਜਾਂ ਇਨਕਲਾਬ ਵਰਗੇ ਮਹਾਨ ਮਸਲਿਆਂ ਨੂੰ ਲੋਕਾਂ ਦੇ ਰੋਜ਼-ਬਰੋਜ਼ੀ ਕੰਮਾਂ, ਮਨੋਰਥਾਂ, ਮਰਜ਼ੀਆਂ ਦੇ ਰੂਪ ਵਿਚ ਵੇਖੇ ਅਤੇ ਆਪਣੇ ਨਿਸ਼ਾਨੇ, ਇਨਸਾਨੀਅਤ ਦੇ ਨੁਕਤੇ ਤੋਂ ਉਨ੍ਹਾਂ ਨੂੰ ਪਰਖੇ ਤੇ ਆਪਣੀ ਕਿਰਤ ਵਿਚ ਮਨੁੱਖੀ ਚਿਤਰ 'ਤੇ ਜਿਉਂਦੇ ਪਾਤਰਾਂ ਰਾਹੀਂ ਪੇਸ਼ ਕਰੇ। ਮਹਾਨ ਪ੍ਰਤਿਭਾ ਵਾਲਾ ਸਾਹਿਤਕਾਰ, ਸੁਤੇ-ਸਿੱਧ ਹੀ ਇਨਸਾਨੀਅਤ ਦੇ ਪੈਂਤੜੇ ਤੋਂ ਸਾਰਾ ਸਮਾਜਿਕ ਵੇਗ, ਸਾਰਾ ਮਨੁੱਖੀ ਕਰਮ, ਮਨੋਰਥ, ਮਰਜ਼ੀਆਂ, ਸੰਸਾਰ ਦੇ ਮਹਾਨ ਮਸਲੇ, ਆਪਣੇ ਦੁਆਲੇ ਦੀਆਂ ਕੁਝ ਸ਼ਖਸੀਅਤਾਂ ਨਿਰੇ ਆਪਣੇ ਆਪ ਵਿਚ ਵੇਖ ਸਕਦਾ ਹੈ।

(ਸਾਹਿਤ ਦੇ ਸੋਮੇ, ਪੰਨਾ 62)

ਪ੍ਰੋ. ਕਿਸ਼ਨ ਸਿੰਘ ਕਿਸੇ ਸਾਹਿਤਕਾਰ ਦੀ ਸ਼ੈਲੀ ਨੂੰ ਉਸਦੀ ਸਿਰਜਣਾਤਮਕ ਪ੍ਰਤਿਭਾ ਦੇ ਇਕ ਲਾਜ਼ਮੀ ਅੰਗ ਵਜੋਂ ਪਛਾਣਦਾ ਹੈ। ਉਸ ਅਨੁਸਾਰ ਕਿਸੇ ਦੌਰ ਦੀ ਸ਼ੈਲੀ, ਉਸ ਦੀ ਕਲਚਰ ਦੀ ਪੈਦਾਵਾਰ ਹੁੰਦੀ ਹੈ ਅਤੇ ਕਲਾ ਦੇ ਮਾਧਿਅਮ ਵਿਚ ਉਸ ਦੌਰ ਦੀ ਸ਼ਕਤੀ ਦੇ ਰੂਪ ਦੀ ਤਰਜਮਾਨੀ ਕਰਦੀ ਹੈ। ਹਰ ਦੌਰ ਦਾ ਸਾਹਿਤ ਉਹ ਖਾਸ ਰੂਪ ਧਾਰਦਾ ਹੈ ਜੋ ਵੇਲੇ ਦਾ ਸਮਾਜਿਕ ਮੁਹਾਂਦਰਾ ਜ਼ਾਹਿਰ ਕਰੇ। ਸ਼ੈਲੀ ਆਪਣੇ ਆਪ ਵਿਚ ਸਮਾਜਿਕ ਤਬਦੀਲੀ ਅਕਸਦੀ ਹੈ ਅਤੇ ਇਸ ਅਕਸਣ ਵਿਚ ਹੀ ਇਸਦਾ ਸਮਾਜਿਕ ਮਤਲਬ ਹੁੰਦਾ ਹੈ। ਪਦਾਰਥਕ ਹਾਲਾਤ ਦਾ ਇਜ਼ਹਾਰ ਵਿਚਾਰਧਾਰਾ ਵਿਚ ਹੁੰਦਾ ਹੈ ਅਤੇ ਉਸਦਾ ਅੱਗੇ ਸ਼ੈਲੀ ਵਿਚ। ਸੋ ਸਮਾਜਿਕ ਤਬਦੀਲੀ ਸ਼ੈਲੀ ਦੀ ਤਬਦੀਲੀ ਵਿਚ ਹਮੇਸ਼ਾ ਅਕਸੀ ਤੁਰੀ ਆਉਂਦੀ ਹੈ। ਉਸਦੀ ਆਲੋਚਨਾ 'ਫ਼ਾਰਮ' ਅਤੇ 'ਕੰਟੈਂਟ' ਦੇ ਮਸਲੇ ਨੂੰ ਨਜਿੱਠਣ ਦੀ ਕੋਸ਼ਿਸ਼ ਵੀ ਕਰਦੀ ਹੈ। ਉਸ ਅਨੁਸਾਰ ਜਿਸ ਤਰ੍ਹਾਂ ਬੋਲੀ ਸਮਾਜਿਕ ਅਨੁਭਵ ਦੇ ਮਗਰ ਤੁਰਦੀ ਹੈ, ਇਸੇ ਤਰ੍ਹਾਂ ਫ਼ਾਰਮ, ਕੰਟੈਂਟ ਦੇ ਮਗਰ ਜਾਂਦੀ ਹੈ (ਭਾਵੇਂ ਇਸ 'ਤੇ ਮੋੜਵਾਂ ਅਸਰ ਵੀ ਪਾਉਂਦੀ ਹੈ। ਜਦੋਂ ਸਮਾਜ ਨਵਾਂ ਅਨੁਭਵ ਪੈਦਾ ਕਰਦਾ ਹੈ, ਬੋਲੀ ਵਿਚ ਇਜ਼ਾਫ਼ਾ ਹੁੰਦਾ ਹੈ ਅਤੇ ਜਦੋਂ ਸਾਹਿਤਕਾਰ ਇਸ ਅਨੁਭਵ ਨੂੰ ਸਾਹਿਤਿਕ ਰੂਪ ਦਿੰਦਾ ਹੈ ਤਾਂ ਸਾਹਿਤਿਕ ਟੈਕਨੀਕ ਅਤੇ ਫ਼ਾਰਮ ਵਿਚ ਵਾਧਾ ਹੁੰਦਾ ਹੈ। ਜਿੰਨਾ ਕਿਸੇ ਇਨਸਾਨੀ ਕਿੱਤੇ ਦਾ ਨਵਾਂ ਅਨੁਭਵ ਹੋਵੇਗਾ, ਓਨਾ ਹੀ ਸਾਹਿੱਤ ਵਿਚ ਬੋਲੀ ਦੀ ਨਵੀਂ ਗੋਂਦ, ਨਵੀਂ ਤਰਤੀਬ, ਸੱਜਰਾ ਮੁਹਾਵਰਾ ਅਤੇ ਤਾਜ਼ਾ ਪੈਟਰਨ ਹੋਵੇਗਾ। ਜਿੰਨੇ ਨਵੇਂ ਸਮਾਜਿਕ ਰਿਸ਼ਤੇ, ਓਨਾ ਹੀ ਫ਼ਾਰਮ ਵਿਚ ਨਵਾਂ ਡੀਜ਼ਾਈਨ; ਅਤੇ ਭਰਵੀਂ ਪੇਚੀਦਗੀ ਵਿਚ ਜਿੰਨੀ ਵਿਸ਼ਾਲ ਸਮਾਜਿਕ ਅਸਲੀਅਤ, ਓਨੀ ਹੀ ਵਿੱਤ ਤੇ ਪਾਏ ਦੀ ਸਾਹਿਤਿਕ ਸਟਰਕਚਰ ਵਜੂਦ ਵਿਚ ਆਉਂਦੀ ਹੈ।

(ਵਧੇਰੇ ਵਿਸਤਾਰ ਲਈ ਵੇਖੋ, ਸਾਹਿਤ ਦੇ ਸੋਮੇ, ਪੰਨੇ 147-48)

ਪ੍ਰੋ. ਕਿਸ਼ਨ ਸਿੰਘ ਦੀ ਆਲੋਚਨਾ ਸਾਹਿਤ ਅਤੇ ਸਮਾਜ ਵਿਚਲੇ ਅਨਿਵਰੀ ਸੰਬੰਧਾਂ ਨੂੰ ਪਛਾਨਣ 'ਤੇ ਜ਼ੋਰ ਦਿੰਦੀ ਹੈ। ਇਹ ਆਲੋਚਨਾ ਸਾਹਿਤਕਾਰ ਤੋਂ ਅਪੇਖਿਆ ਰੱਖਦੀ ਹੈ ਕਿ ਉਹ ਸਮਾਜਿਕ ਤਬਦੀਲੀ ਦੀ ਰੌਅ ਨੂੰ ਪਹਿਚਾਣੇ ਅਤੇ ਇਸ ਤਬਦੀਲੀ ਦੀ ਪ੍ਰਕ੍ਰਿਆ ਵਿਚ ਪ੍ਰਗਤੀਵਾਦੀ ਸ਼ਕਤੀਆਂ ਦੀ ਧਿਰ ਬਣੇ। ਉਹ ਟੈਕਸਟ ਨੂੰ ਵਸਤੂ ਤਕ ਘਟਾ (reduce) ਕੇ ਉਸਦੇ ਸਮਾਜਿਕ ਮਹੱਤਵ ਦਾ ਵਿਸ਼ਲੇਸ਼ਣ ਕਰਦਾ ਹੈ। ਇਸ ਯਤਨ ਵਿਚ ਸਾਹਿਤਿਕ ਕਿਰਤ ਦੀ ਸਮੁੱਚਤਾ (totality) ਨਜ਼ਰਅੰਦਾਜ਼ ਹੋ ਜਾਂਦੀ ਹੈ ਅਤੇ ਕੇਵਲ ਵਸਤੂ ਹੀ ਪ੍ਰਮੁੱਖ ਬਣ ਜਾਂਦੀ ਹੈ।

ਪੰਜਾਬੀ ਦੀ ਪ੍ਰਗਤੀਵਾਦੀ ਆਲੋਚਨਾ ਵਿਚ ਪੱਛਮੀ ਪੰਜਾਬ ਦੇ ਵਿਦਵਾਨ ਚਿੰਤਕ ਡਾ. ਨਜਮ ਹੁਸੈਨ ਸੱਯਦ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਸ ਨੇ ਪੰਜਾਬੀ ਸਾਹਿਤ ਦੀਆਂ ਕਈ ਪ੍ਰਸਿੱਧ ਟੈਕਸਟਾਂ ਦੇ ਪ੍ਰਗਤੀਵਾਦੀ ਅਤੇ ਸਮਸਾਮਿਅਕ ਪਾਠ ਤਿਆਰ ਕੀਤੇ ਹਨ। ਉਹ ਕਿਸੇ ਰਚਨਾ ਦੀਆਂ ਪ੍ਰਮੁੱਖ ਥੀਮਕੀ ਇਕਾਈਆਂ ਨੂੰ ਇਕ ਨਵੇਂ ਵਿਚਾਰਧਾਰਕ ਪ੍ਰਬੰਧ ਵਿਚ ਸੈੱਟ ਕਰਕੇ ਉਸ ਰਚਨਾ ਦੇ ਵਿਆਖਿਆ-ਪਾਠ ਤਿਆਰ ਕਰਦਾ ਹੈ। ਉਹ ਹਰ ਲਿਖਤ ਨੂੰ ਪਰੰਪਰਾ ਵਿਚ ਸਥਿਤ ਕਰਕੇ ਉਸਦਾ ਵਿਸ਼ਲੇਸ਼ਣ ਕਰਦਾ ਹੈ। ਉਸਦੀ ਆਲੋਚਨਾ ਦਾ ਇਕ ਹੋਰ ਅਹਿਮ ਸੂਤਰ 'ਵਸਤੂ' ਅਤੇ 'ਰੂਪ' ਵਿਚਲੀ ਦਵੈਤ ਨੂੰ ਖ਼ਤਮ ਕਰਕੇ ਰਚਨਾ ਨੂੰ ਇੱਕੋ ਸਮੇਂ, ਇਨ੍ਹਾਂ ਦੋਹਾਂ ਸੰਦਰਭਾਂ ਦੇ ਸੁਮੇਲ ਦੁਆਰਾ ਅਧਿਐਨ ਦਾ ਵਿਸ਼ਾ ਬਣਾਉਣਾ ਹੈ। ਉਹ ਸਰਮਾਏਦਾਰੀ ਯੁਗ ਦੀ ਉਪਭੋਗਤਾਵਾਦੀ ਕਲਾ ਨੂੰ ਮਹੱਤਵਯੋਗ ਨਹੀਂ ਸਮਝਦਾ ਕਿਉਂਕਿ ਇਸ ਯੁਗ ਵਿਚ ਰਹਿਣ ਵਾਲਾ ਕਲਾਕਾਰ ਮੰਡੀ-ਮਾਲਕਾਂ ਦੀ ਇੱਛਾ/ਹੁਕਮ ਅਨੁਸਾਰ ਕਲਾ ਦੀ ਸਿਰਜਣਾ ਕਰਦਾ ਹੈ। ਆਪਣੇ ਸਿਰਜਣਾਤਮਕ ਅਮਲ ਵਿਚ ਸੁਤੰਤਰ ਨਾ ਹੋਣ ਕਾਰਨ ਉਸਦੀ ਕਲਾ ਵੀ ਗੁਲਾਮੀ ਦੇ ਬਿੰਬ ਹੀ ਸਿਰਜ ਸਕਦੀ ਹੈ। ਇਸ ਵਿਚ ਮਨੁੱਖ ਦੀ ਸੁਤੰਤਰਤਾ ਦਾ ਅਹਿਸਾਸ ਰੂਪਮਾਨ ਨਹੀਂ ਹੋ ਸਕਦਾ।

ਡਾ. ਨਜਮ ਹੁਸੈਨ ਸੱਯਦ ਦੀ ਆਲੋਚਨਾ-ਪੱਧਤੀ ਬਾਰੇ ਡਾ. ਅਤਰ ਸਿੰਘ ਦਾ ਕਥਨ ਹੈ ਕਿ ਆਪਣੀ ਆਲੋਚਨਾ ਵਿਚ ਪਰੰਪਰਾ ਸੰਬੰਧੀ ਉਸ ਨੇ ਜੋ ਦ੍ਰਿਸ਼ਟੀਕੋਣ ਅਪਣਾਇਆ ਹੈ, ਉਹ ਬੜਾ ਨਰੋਆ, ਗਤੀਸ਼ੀਲ, ਇੱਕੋ ਪਰੰਪਰਾ ਦੇ ਅੰਤਰਗਤ ਵੱਖ-ਵੱਖ ਸਮਿਆਂ ਤੇ ਲਹਿਰਾਂ ਦੀਆਂ ਪ੍ਰਾਪਤੀਆਂ ਨੂੰ ਮੱਥੇ ਉੱਤੇ ਰੱਖਣ ਵਾਲਾ ਤੇ ਹਰ ਕਵੀ ਦੀ ਆਪਣੀ ਮੌਲਿਕ ਪ੍ਰਤਿਭਾ ਲਈ ਲੋੜੀਂਦੀ ਖੁੱਲ੍ਹ ਦੇਣ ਵਾਲਾ ਹੈ। (ਸੇਧਾਂ ਤੇ ਸਾਰਾ, ਭੂਮਿਕਾ) ਡਾ. ਤੇਜਵੰਤ ਸਿੰਘ ਗਿੱਲ ਅਨੁਸਾਰ ਨਜ਼ਮ ਹੁਸੈਨ ਦੀ ਆਲੋਚਨਾ ਵਿਚ ਵਿਆਖਿਆ, ਆਲੋਚਨਾਤਮਕ ਅਮਲ ਦਾ ਮੁਢਲਾ ਪੜਾਅ ਹੈ, ਜੋ ਵਿਸ਼ਲੇਸ਼ਣ ਵਿਚੋਂ ਦੀ ਗੁਜ਼ਰ ਕੇ ਆਪਣੇ ਅੰਤਮ ਪੜਾਅ, ਮੁਲੰਕਣ 'ਤੇ ਪਹੁੰਚਣਾ ਲੋੜਦੀ ਹੈ। ਇਸ ਰਾਹੀਂ ਆਲੋਚਕ ਦਾ ਰਚਨਾ ਦੇ ਰਚਨਾਤਮਕ

ਜਗਤ ਵਿਚ ਪ੍ਰਵੇਸ਼ ਹੋ ਜਾਂਦਾ ਹੈ ਜਿਸਨੂੰ ਉਹ ਇਕ ਪਾਂਧੀ ਵਾਂਗ ਨਿਹਾਰਦਾ ਹੈ। ਇਸ ਮੰਤਵ ਅਧੀਨ ਉਚ ਰਚਨਾਤਮਕ ਸ੍ਰਿਸ਼ਟੀ ਨੂੰ ਇਸਦੇ ਸੂਖ਼ਮ ਮੋਟਿਫ਼ਾਂ, ਸਥੂਲ ਬਿੰਬਾਂ ਅਤੇ ਸੂਖਮ/ਸਥੂਲ ਭਾਸ਼ਿਕ ਜੁਗਤਾਂ ਵਿਚ ਤੋੜ ਲੈਂਦਾ ਹੈ। (ਭੂਮਿਕਾ, ਸੇਧਾਂ, ਪੰਨੇ 3-4)

ਡਾ. ਅਤਰ ਸਿੰਘ ਪੰਜਾਬੀ ਆਲੋਚਨਾ ਦਾ ਇਕ ਹੋਰ ਉਘੜਵਾਂ ਹਸਤਾਖ਼ਰ ਹੈ। ਬੇਸ਼ੱਕ ਉਹ ਆਪਣੇ ਆਪ ਨੂੰ ਸਪਸ਼ਟ ਤੌਰ ਤੇ ਪ੍ਰਗਤੀਵਾਦੀ ਆਲੋਚਨਾ ਦੀ ਪਰੰਪਰਾ ਵਿਚ ਸ਼ਾਮਲ ਨਹੀਂ ਕਰਦਾ ਪਰੰਤੂ ਸਾਹਿਤ ਦੀ ਨਿਰਖ-ਪਰਖ ਸੰਬੰਧੀ ਉਸਦੇ ਸਿਧਾਂਤ ਅਤੇ ਵਿਚਾਰ ਇਸੇ ਪਰੰਪਰਾ ਨਾਲ ਜੁੜੇ ਨਜ਼ਰ ਆਉਂਦੇ ਹਨ। ਉਸਦੀ ਆਲੋਚਨਾ 'ਕਾਵਿ ਅਧਿਐਨ' (1959), 'ਦ੍ਰਿਸ਼ਟੀਕੋਣ' (1961) ਅਤੇ 'ਸਮਦਰਸ਼ਨ' (1975) ਆਦਿਕ ਆਲੋਚਨਾਤਮਕ ਪੁਸਤਕਾਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਤੋਂ ਬਿਨਾਂ ਪੀ.ਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ ਕੀਤੇ ਗਏ ਉਸਦੇ ਸ਼ੋਧ-ਪ੍ਰਬੰਧ 'The secular principle in modern Punjabi Poetry' ਤੋਂ ਵੀ ਉਸਦੀ ਆਲੋਚਨਾਤਮਕ ਪ੍ਰਤਿਭਾ ਬਾਰੇ ਕਾਫ਼ੀ ਅਨੁਮਾਨ ਲਗਾਇਆ ਜਾ ਸਕਦਾ ਹੈ। ਡਾ. ਅਤਰ ਸਿੰਘ ਸਾਹਿਤਿਕ ਕਿਰਤ ਦੇ ਸਮਾਜਿਕ ਉਦੇਸ਼ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕਰਨ ਦੇ ਨਾਲ-ਨਾਲ ਕਿਰਤ ਦੀ ਸਾਹਿਤਿਕਤਾ ਦੀ ਪਛਾਣ ਕਰਨ ਵੱਲ ਵੀ ਰੁਚਿਤ ਹੁੰਦਾ ਹੈ। ਇਸ ਮੰਤਵ ਲਈ ਉਹ ਸੁਹਜ-ਸ਼ਾਸਤਰੀ ਪ੍ਰਤਿਮਾਨਾਂ ਦੀ ਤਲਾਸ਼ ਕਰਦਾ ਹੈ। ਉਸ ਨੂੰ ਇਹ ਗਿਲਾ ਰਿਹਾ ਕਿ ਰੂਪ ਤੇ ਵਸਤੂ ਦਾ ਸੁੰਦਰ ਸੁਮੇਲ ਪੰਜਾਬੀ ਕਾਵਿ ਪਰੰਪਰਾ ਵਿਚ ਕਾਫ਼ੀ ਦੁਰਲੱਭ ਰਿਹਾ ਹੈ। ਅਤਰ ਸਿੰਘ-ਆਲੋਚਨਾ ਦਾ ਇਕ ਹੋਰ ਅਹਿਮ ਲੱਛਣ ਮਨੋਵਿਗਿਆਨ ਅਤੇ ਸਮਾਜ ਵਿਗਿਆਨ ਵਿਚੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਨੂੰ ਇਕ ਸਹਿਜ-ਸੰਤੁਲਨ ਵਿਚ ਬੰਨ੍ਹਣ ਦਾ ਯਤਨ ਕਰਨਾ ਹੈ ਅਤੇ ਇਸੇ ਯਤਨ ਕਾਰਨ ਉਸਦੀ ਆਲੋਚਨਾਤਮਕ ਪਰੰਪਰਾ, ਪ੍ਰਗਤੀਵਾਦੀ ਆਲੋਚਨਾ ਦੀਆਂ ਸੀਮਾਵਾਂ ਤੋਂ ਪਾਰ ਲੰਘਦੀ ਹੋਈ ਨਜ਼ਰ ਆਉਂਦੀ ਹੈ।

ਪ੍ਰਗਤੀਵਾਦੀ ਪੰਜਾਬੀ ਆਲੋਚਨਾ ਦੇ ਪ੍ਰਸੰਗ ਵਿਚ ਡਾ. ਕੁਲਬੀਰ ਸਿੰਘ ਕਾਂਗ ਦਾ ਨਾਮ ਵੀ ਉੱਲੇਖਯੋਗ ਹੈ। ਉੱਤਰ-ਸੁਤੰਤਰਤਾ ਯੁਗ ਦੀ ਪੰਜਾਬੀ ਆਲੋਚਨਾ ਵਿਚ ਪ੍ਰੋ. ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਦੀਆਂ ਮਾਰਕਸਵਾਦੀ ਮਾਨਤਾਵਾਂ ਦੇ ਟਕਰਾਉ ਦੁਆਰਾ ਜਿਹੜੇ ਪੰਜਾਬੀ ਆਲੋਚਕ ਪੈਦਾ ਹੋਏ, ਡਾ. ਕਾਂਗ ਅਜਿਹੇ ਆਲੋਚਕਾਂ ਵਿਚ ਸ਼ਿਰੋਮਣੀ ਹੈ। ਉਹ ਪ੍ਰਗਤੀਵਾਦੀ ਲੇਖਕ ਸੰਘ ਦੇ ਮੈਨੀਫੈਸਟੋ ਵਿਚ ਅੰਕਿਤ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਹੈ ਕਿ ਜਿਹੜਾ ਸਾਹਿਤ ਆਵਾਮ ਦੀ ਆਵਾਜ਼ ਨਹੀਂ ਬਣਦਾ, ਉਸ ਨੂੰ ਕਦੇ ਵੀ ਮਹਾਨ ਨਹੀਂ ਮੰਨਿਆ ਜਾ ਸਕਦਾ। ਪੰਜਾਬੀ ਦੀ ਪ੍ਰਗਤੀਵਾਦੀ ਆਲੋਚਨਾ ਨੂੰ ਡਾ. ਜੋਗਿੰਦਰ ਸਿੰਘ ਰਾਹੀਂ ਅਤੇ ਡਾ. ਟੀ.ਆਰ. ਵਿਨੋਦ ਨੇ ਵੀ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਦੋਵੇਂ ਆਧੁਨਿਕ ਪੰਜਾਬੀ ਸਾਹਿਤ ਦੇ ਪ੍ਰਮੁੱਖ ਰੂਪ 'ਨਾਵਲ' ਦੇ ਆਲੋਚਕ ਅਤੇ ਵਿਆਖਿਆਕਾਰ ਹਨ। ਡਾ. ਰਾਹੀਂ ਨੇ 'ਪੰਜਾਬੀ ਨਾਵਲ' ਅਤੇ 'ਮਸਲੇ ਗਲਪ ਦੇ' ਆਦਿਕ ਪੁਸਤਕਾਂ ਰਾਹੀਂ ਨਾਵਲ ਦੀ ਸਮਾਜਿਕ ਸਾਰਥਿਕਤਾ ਬਾਰੇ ਆਪਣੀ ਵਿਚਾਰਧਾਰਾ ਨੂੰ ਪੇਸ਼ ਕੀਤਾ ਹੈ। ਡਾ. ਟੀ.ਆਰ. ਵਿਨੋਦ ਨੇ 'ਕਹਾਣੀਕਾਰ ਸੁਜਾਨ ਸਿੰਘ', 'ਕਹਾਣੀਕਾਰ ਕਰਤਾਰ ਸਿੰਘ ਦੁੱਗਲ', 'ਪੰਜਾਬੀ ਨਾਵਲ : ਇਕ ਮੁਲਾਂਕਣ', 'ਸਾਹਿਤ ਚਿੰਤਨ', 'ਪੰਜਾਬੀ ਨਾਵਲ : ਸਾਂਸਕ੍ਰਿਤਿਕ ਅਧਿਐਨ' ਆਦਿ ਪੁਸਤਕਾਂ ਦੁਆਰਾ ਆਪਣੀ ਆਲੋਚਨਾਤਮਕ ਪ੍ਰਤਿਭਾ ਨੂੰ ਉਜਾਗਰ ਕੀਤਾ ਹੈ। ਮੁਢਲੇ ਦਿਨਾਂ ਵਿਚ ਉਸਦੀ ਆਲੋਚਨਾਤਮਕ ਪਹੁੰਚ ਮਕੈਨੀਕਲ ਸੀ ਪਰੰਤੂ ਪਿਛਲੇ ਕੁਝ ਸਮੇਂ ਤੋਂ ਉਹ ਸਾਹਿਤ ਵਿਚਲੇ ਰੂਪਾਂਤਰਣ ਦੇ ਅਮਲ ਤੋਂ ਵੀ ਭਲੀ ਭਾਂਤ ਪਰਿਚਿਤ ਹੋ ਗਿਆ ਹੈ। ਇਸ ਪ੍ਰਸੰਗ ਵਿਚ ਉਸਦਾ ਪ੍ਰਕਾਸ਼ਿਤ ਸ਼ੋਧ-ਪ੍ਰਬੰਧ 'ਪੰਜਾਬ ਨਾਵਲ : ਸਾਂਸਕ੍ਰਿਤਿਕ ਅਧਿਐਨ' ਇਕ ਮਹੱਤਵਪੂਰਨ ਕਿਰਤ ਹੈ।

ਡਾ. ਗੁਰਬਖ਼ਸ਼ ਸਿੰਘ ਫਰੈਂਕ, ਡਾ. ਕੇਸਰ ਸਿੰਘ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਕਰਨਜੀਤ ਸਿੰਘ, ਡਾ. ਬਿਕਰਮ ਸਿੰਘ ਘੁੰਮਣ ਅਤੇ ਡਾ. ਜੁਗਿੰਦਰ ਸਿੰਘ ਨਹਿਰੂ ਆਦਿ ਆਲੋਚਕਾਂ ਨੇ ਵੀ ਪੰਜਾਬੀ ਪ੍ਰਗਤੀਵਾਦੀ ਆਲੋਚਨਾ ਨੂੰ ਸਿਧਾਂਤਕ ਅਤੇ ਸਾਹਿਤਕ ਸੇਧ ਦੇਣ ਵਿਚ ਵਿਸ਼ੇਸ਼ ਭੂਮਿਕਾ ਦਾ ਨਿਰਵਾਹ ਕੀਤਾ ਹੈ। ਪ੍ਰਗਤੀਵਾਦੀ ਪੰਜਾਬੀ ਆਲੋਚਨਾ ਨੂੰ ਵਿਸ਼ਵਾਰਥੀ ਸੰਕਲਪਗਤ ਸੇਧ ਦੇਣ ਵਿਚ ਡਾ. ਸੁਰਿੰਦਰ ਸਿੰਘ ਨੂਰ, ਡਾ. ਗੁਰਭਗਤ ਸਿੰਘ, ਡਾ. ਤੇਜਵੰਤ ਸਿੰਘ ਗਿੱਲ, ਪ੍ਰੋ. ਬ੍ਰਹਮ ਜਗਦੀਸ਼ ਸਿੰਘ, ਡਾ. ਤੇਜਵੰਤ ਮਾਨ, ਡਾ. ਸੁਰਜੀਤ ਸਿੰਘ ਭੱਟੀ, ਡਾ. ਸਵਰਨ ਚੰਦਨ ਅਤੇ ਡਾ. ਸੁਖਦੇਵ ਸਿੰਘ ਦੇ ਨਾਮ ਵੀ ਉੱਭਰ ਕੇ ਸਾਹਮਣੇ ਆਏ ਹਨ।

**ਨਵੀਂ ਪੰਜਾਬੀ ਆਲੋਚਨਾ**

1980 ਈ. ਤੋਂ ਪਿਛੋਂ ਦੀ ਪੰਜਾਬੀ ਆਲੋਚਨਾ ਵਿਚ ਕਾਫ਼ੀ ਕੁਝ ਨਵਾਂ ਹੈ। ਬੇਸ਼ੱਕ ਇਸ ਨਵੇਂਪਣ ਦੇ ਸਮਾਨਾਂਤਰ ਰਵਾਇਤੀ ਪੰਜਾਬੀ ਆਲੋਚਨਾ ਵੀ ਕਰਮਸ਼ੀਲ ਰਹੀ ਹੈ ਅਤੇ ਆਮ ਪਾਠਕਾਂ ਵਿਚ ਰਵਾਇਤੀ ਪੰਜਾਬੀ ਆਲੋਚਨਾ ਪ੍ਰਤੀ ਆਦਰ-ਭਾਵ ਉਸੇ ਤਰ੍ਹਾਂ ਬਰਕਰਾਰ ਹੈ ਪਰ ਇਹ ਰਵਾਇਤੀ ਆਲੋਚਨਾ ਵੀ ਨਵਾਲੋਚਨਾ ਤੋਂ ਕਾਫ਼ੀ ਪ੍ਰਭਾਵਿਤ ਹੋਈ ਹੈ। ਨਵਾਲੋਚਨਾ ਦੀ ਸੰਕਲਪਗਤ ਸ਼ਬਦਾਵਲੀ, ਰਵਾਇਤੀ ਆਲੋਚਨਾ ਵਿਚ ਪ੍ਰਵੇਸ਼ ਕਰ ਗਈ ਹੈ ਅਤੇ ਰਵਾਇਤੀ ਆਲੋਚਕ ਵੀ ਟੈਕਸਟ ਨੂੰ ਮਾਧਿਅਮ ਬਣਾ ਕੇ ਗੱਲ ਕਹਿਣੀ ਜਾਣ ਗਏ ਹਨ।

ਨਵੀਂ ਪੰਜਾਬੀ ਆਲੋਚਨਾ ਨੇ ਆਪਣੇ ਬਹੁਤ ਸਿਧਾਂਤ ਅਤੇ ਵਿਧੀਆਂ ਪੱਛਮ ਦੀ ਨਵਾਲੋਚਨਾ (New Criticism) ਤੋਂ ਪ੍ਰਾਪਤ ਕੀਤੇ ਹਨ। ਪੱਛਮ ਵਿਚ ਲੇਬਲ ਬਹੁਤ ਸਾਰੀਆਂ ਆਲੋਚਨਾਤਮਕ ਵਿਧੀਆਂ ਤੇ ਸਿਧਾਂਤਾਂ ਨੂੰ ਇੱਕੋ ਸਮੇਂ ਆਪਣੇ ਘੇਰੇ ਵਿਚ ਲੈ ਲੈਂਦਾ ਹੈ ਜਿਵੇਂ : ਥੀਮ-ਵਿਗਿਆਨ, ਨਵਮਾਰਕਸਵਾਦੀ, ਮਨੋਵਿਗਿਆਨਕ, ਸੰਰਚਨਾਤਮਕ ਅਤੇ ਚਿਹਨ-ਵਿਗਿਆਨਕ ਵਰਗੀਆਂ ਬਹੁਤ ਸਾਰੀਆਂ ਵਿਧੀਆਂ ਤੇ ਸ਼੍ਰੇਣੀਆਂ ਨਵਾਲੋਚਨਾ ਨਾਲ ਸੰਬੰਧਿਤ ਕੀਤੀਆਂ ਜਾ ਰਹੀਆਂ ਹਨ। ਭਾਵੇਂ ਇਹ ਗੱਲ ਤਾਂ ਨਹੀਂ ਕਹੀ ਜਾ ਸਕਦੀ ਕਿ ਪਰੰਪਰਾਗਤ ਆਲੋਚਨਾ ਉਕਤ ਵਿਧੀਆਂ ਜਾਂ ਸ਼੍ਰੇਣੀਆਂ ਨਾਲ ਸੰਬੰਧਿਤ ਸੰਕਲਪਾਂ ਜਾਂ ਸਿਧਾਂਤਾਂ ਤੋਂ ਉੱਕਾ ਹੀ ਅਪਰਿਚਿਤ ਸੀ; ਬਲਕਿ ਕੁਝ ਹੋਰ ਨਾਵਾਂ ਹੇਠ ਪਰੰਪਰਾਗਤ ਆਲੋਚਨਾ ਵੀ ਨਵਾਲੋਚਨਾ ਦੇ ਕੁਝ ਸਿਧਾਂਤਾਂ ਜਾਂ ਵਿਧੀਆਂ ਨੂੰ ਕਿਸੇ ਹੱਦ ਤੱਕ ਲਾਗੂ ਕਰ ਰਹੀ ਸੀ। (Most of these lebels either had already been used by previous generations or else had some precursory seeds, under other names in traditional criticism Tzvetan Todorov, Literature and its Theorists, p. 139) ਹਾਂ, ਏਨਾ ਜ਼ਰੂਰ ਹੈ ਕਿ ਨਵਾਲੋਚਨਾ ਨੇ ਸਮਾਜ-ਵਿਗਿਆਨਾਂ ਵਾਂਗ ਇਤਿਹਾਸਕ ਅੰਕਣ (historical inscription) ਦੀ ਬਜਾਇ ਇਸ ਦੇ ਆਂਤਰਿਕ ਪ੍ਰਬੰਧ ਵੱਲ ਆਪਣੀ ਰੁਚੀ ਨੂੰ ਮੋੜਿਆ ਹੈ। ਕਿਸੇ ਟੈਕਸਟ ਉਤੇ ਦਿੱਤੇ ਜਾਣ ਵਾਲੇ ਬਲ ਦੇ ਧਰਾਤਲਾਂ ਵਿਚ ਤਬਦੀਲੀ ਆਈ ਹੈ ਅਤੇ ਇਹ ਤੱਥ ਵੀ ਉੱਲੇਖਯੋਗ ਹੈ ਕਿ ਲਗਭਗ ਸਾਰੇ ਯੂਰਪੀ ਦੇਸ਼ਾਂ ਵਿਚ ਨਵਾਲੋਚਨਾ ਦੇ ਵਿਕਾਸ ਦੀਆਂ ਦਿਸ਼ਾਵਾਂ ਇਕ ਦੂਜੀ ਨਾਲ ਮੇਲ ਖਾਂਦੀਆਂ ਹਨ।

ਇਸ ਨਵੀਂ ਆਲੋਚਨਾ ਵਿਚ 'ਵਿਧੀ' (method) ਬਾਰ-ਬਾਰ ਵਰਤਿਆ ਜਾਣ ਵਾਲਾ ਸ਼ਬਦ ਹੈ। ਵਿਧੀ, ਸੱਚਾਈ ਤਕ ਪਹੁੰਚਣ ਲਈ ਇਕ ਅਜਿਹਾ ਮਾਰਗ ਹੈ, ਜਿਥੇ ਸਿੱਟਿਆਂ ਦੀ ਪੂਰਵ-ਕਲਪਣਾ ਨਹੀਂ ਕੀਤੀ ਜਾਂਦੀ। 1979 ਈ. ਵਿਚ ਵੀਂ ਆਲੋਚਨਾ ਦੇ ਪ੍ਰਯੋਜਨ ਨੂੰ ਸਪਸ਼ਟ ਕਰਦਿਆਂ ਹੋਇਆ ਪਾਲ ਡੀ.ਮੈਨ ਨੇ ਬੜੇ ਉਤਸ਼ਾਹ ਨਾਲ ਕਿਹਾ ਸੀ ਕਿ ਆਉਣ ਵਾਲੇ ਵਰ੍ਹਿਆਂ ਵਿਚ ਆਲੋਚਨਾ, ਟੈਕਸਟ ਦੇ ਸੰਭਾਸ਼ਣੀ-ਪਾਠ (rhetorical reading) ਤਿਆਰ ਕਰਨ ਲਈ 'ਡੀਕਨਸਟਰਕਸ਼ਨ' ਵਿਧੀ ਦੀ ਪ੍ਰਯੋਗ ਕਰੇਗੀ ਅਤੇ ਕੋਈ ਕਾਰਨ ਨਹੀਂ ਕਿ ਪਰੂਸਤ ਵਰਗੇ ਲੇਖਕਾਂ ਲਈ ਵਰਤੀ ਗਈ ਇਹ ਵਿਧੀ ਥੋੜ੍ਹੇ ਬਹੁਤ ਫ਼ਰਕ ਨਾਲ ਮਿਲਟਨ, ਦਾਂਤੇ ਜਾਂ ਹੋਲਡਰਲਿਨ ਆਦਿ ਦੇ ਵਿਸ਼ਲੇਸ਼ਣ ਲਈ ਸਹਾਈ ਸਿੱਧ ਨਾ ਹੋ ਸਕੇ। (Allegories of Reading, pp. 16-17) ਪਰੰਤੂ, 1979 ਤੋਂ ਪਿਛੋਂ ਇਹ ਵਿਧੀ ਉਸੇ ਪੁਰਾਣੇ ਉਤਸ਼ਾਹ ਨਾਲ ਨਾ ਵਰਤੀ ਜਾ ਸਕੀ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਵਿਧੀ ਨੇ ਨਵੀਂ ਆਲੋਚਨਾ ਉਪਰ ਕਾਫ਼ੀ ਪ੍ਰਭਾਵ ਪਾਇਆ ਅਤੇ ਇਸਦੇ ਸਰੂਪ ਅਤੇ ਪ੍ਰਕ੍ਰਿਤੀ ਬਾਰੇ ਬਹੁਤ ਸਾਰੀਆਂ ਪੁਸਤਕਾਂ ਵੀ ਲਿਖੀਆਂ ਗਈਆਂ ਪਰੰਤੂ ਇਕ ਥਿਊਰੀ ਜਾਂ ਵਿਧੀ ਦੇ ਰੂਪ ਵਿਚ ਇਸ ਬਾਰੇ ਜਿਤਨੀ ਵੱਧ ਚਰਚਾ ਹੋਈ, ਅਮਲੀ ਜਾਂ ਵਿਹਾਰਕ ਰੂਪ ਵਿਚ ਇਸ ਵਿਧੀ ਦਾ ਉਤਨਾ ਹੀ ਘੱਟ ਪ੍ਰਯੋਗ ਹੋਇਆ ਹੈ। ਇਹ ਸਿੱਧ ਨਹੀਂ ਕੀਤਾ ਜਾ ਸਕਦਾ ਕਿ ਮਿਲਟਨ, ਦਾਂਤੇ, ਹੋਲਡਰਲਿਨ ਜਾਂ ਵਰਜੀਨੀਆਂ ਵੂਲਫ਼ ਵਰਗੇ ਲੇਖਕਾਂ ਦਾ ਵਿਸ਼ਲੇਸ਼ਣ ਕਰਨ ਵਾਸਤੇ ਇਸ ਵਿਧੀ ਦਾ ਕੁਸ਼ਲ ਪ੍ਰਯੋਗ ਕੀਤਾ ਜਾ ਸਕਦਾ ਹੈ।

1980 ਤੋਂ ਪਿਛੋਂ ਵਿਕਸਿਤ ਹੋਈ ਪੰਜਾਬੀ ਆਲੋਚਨਾ ਵਿਚ ਇਨ੍ਹਾਂ ਨਵੀਆਂ ਵਿਧੀਆਂ ਪ੍ਰਤੀ ਅਤਿਉਤਸ਼ਾਹ ਸਾਫ਼ ਤੌਰ 'ਤੇ ਵੇਖਿਆ ਜਾ ਸਕਦਾ ਹੈ। ਰਵਾਇਤੀ ਪੰਜਾਬੀ ਆਲੋਚਨਾ ਦੀਆਂ ਸੀਮਾਵਾਂ ਨੂੰ ਪਹਿਚਾਣਦਾ ਹੋਇਆ ਅਤੇ ਨਵੀਂ ਪੰਜਾਬੀ ਆਲੋਚਨਾ ਦੀ ਪੂਰਵ-ਪੀਠਕਾ ਤਿਆਰ ਕਰਦਾ ਹੋਇਆ ਡਾ. ਸਤਿੰਦਰ ਸਿੰਘ ਨੂਰ ਲਿਖਦਾ ਹੈ :

> ਜਦੋਂ ਮੈਂ 'ਨਵੀਂ ਆਲੋਚਨਾ' ਸ਼ਬਦ ਵਰਤਿਆ ਹੈ ਤਾਂ ਨਾ ਹੀ ਮੇਰਾ ਭਾਵ ਉਸ ਨਵੀਂ ਆਲੋਚਨਾ ਤੋਂ ਹੈ ਜਿਸਦਾ ਉਦੈ ਅਮਰੀਕਾ ਵਿਚ 'ਨਿਊ ਕ੍ਰਿਟਿਸਿਜ਼ਮ' ਜਾਂ ਸ਼ਿਕਾਗੋ ਸਕੂਲ ਦੇ ਨਾਮ ਤੇ ਹੋਇਆ ਅਤੇ ਨਾ ਹੀ ਫਰਾਂਸ ਦੀ

ਨਵੀਂ ਆਲੋਚਨਾ ਤੋਂ ਹੈ। ਮੇਰਾ ਭਾਵ ਪੰਜਾਬੀ ਦੇ ਉਨ੍ਹਾਂ ਆਲੋਚਕਾਂ ਦੀ ਆਲੋਚਨਾ ਤੋਂ ਹੈ ਜਿਸਦਾ ਸੰਬੰਧ ਸੰਰਚਨਾਵਾਦ, ਨਵਮਾਰਕਸਵਾਦੀ ਤੇ ਆਲੋਚਨਾ ਦੀਆਂ ਕੁਝ ਹੋਰ ਨਵੀਆਂ ਵਿਧੀਆਂ ਨਾਲ ਹੈ। ਇਸ ਆਲੋਚਨਾ ਨੇ ਨਿਸ਼ਚੈਵਾਦੀ, ਮੁੱਲਵਾਦੀ ਆਲੋਚਨਾ ਨੂੰ ਰੱਦ ਕਰਕੇ ਸਾਹਿਤਿਕ-ਸੰਗਠਨ ਦੀ ਪਛਾਣ ਕਰਦਿਆਂ ਸਾਡਾ ਧਿਆਨ ਰਚਨਾ ਤੇ ਕੇਂਦਰਿਤ ਕੀਤਾ ਹੈ। ਇਸ ਨਵੀਂ ਆਲੋਚਨਾ ਦੇ ਸਾਹਮਣੇ ਆਉਣ ਨਾਲ ਅਸੀਂ ਨਵੀਂ ਆਲੋਚਨਾਤਮਕ ਭਾਸ਼ਾ ਨੂੰ ਗ੍ਰਹਿਣ ਕਰਨ ਦੇ ਮਾਰਗ ਤੇ ਹਾਂ।

(ਨਵੀਂ ਪੰਜਾਬੀ ਆਲੋਚਨਾ, ਪੰਨੇ 9-10)

ਡਾ. ਸਤਿੰਦਰ ਸਿੰਘ ਨੂਰ ਨੇ ਨਵੀਂ ਆਲੋਚਨਾ ਦਾ ਮੁੱਢ ਡਾ. ਹਰਿਭਜਨ ਸਿੰਘ ਦੀ ਪੁਸਤਕ 'ਅਧਿਐਨ ਤੇ ਅਧਿਆਪਨ' ਨਾਲ ਕੀਤਾ ਹੈ। ਡਾ. ਹਰਿਭਜਨ ਸਿੰਘ ਨੇ ਇਕ ਦਹਾਕਾ ਨਿੱਠ ਕੇ ਕੰਮ ਕੀਤਾ ਅਤੇ ਇਸ ਕਾਲ ਵਿਚ 'ਮੁੱਲ ਤੇ ਮੁਲੰਕਣ', 'ਸਾਹਿੱਤ ਸ਼ਾਸਤਰ', 'ਪਾਰਗਾਮੀ', 'ਰੂਪਕੀ', 'ਰਚਨਾ-ਸੰਰਚਨਾ', 'ਸਾਹਿਤ ਵਿਗਿਆਨ' ਅਤੇ 'ਸਾਹਿਤ ਅਧਿਐਨ' ਵਰਗੀਆਂ ਆਲੋਚਨਾਤਮਕ ਕਿਰਤਾਂ ਸਾਹਮਣੇ ਆਈਆਂ। ਉਸਦੇ ਸਾਹਿਤ ਚਿੰਤਨ ਨੇ ਅੰਤਰਮੁਖੀ, ਰੋਮਾਂਟਿਕ, ਪ੍ਰਭਾਵਵਾਦੀ ਅਤੇ ਅਖੌਤੀ ਮਾਰਕਸਵਾਦੀ ਅਲੋਚਨਾ ਦੇ ਪ੍ਰਤੀਕਰਮ ਵਜੋਂ ਆਪਣਾ ਵਜੂਦ ਗ੍ਰਹਿਣ ਕੀਤਾ। ਡਾ. ਹਰਿਭਜਨ ਸਿੰਘ ਤੋਂ ਬਾਅਦ ਡਾ. ਤਰਲੋਕ ਸਿੰਘ ਕੰਵਰ ਨੇ 'ਮਾਨ ਪ੍ਰਤਿਮਾਨ', 'ਬਦਲਦੇ ਪਰਿਪੇਖ' ਅਤੇ 'ਪਾਠ ਤੇ ਪ੍ਰਸੰਗ' ਵਰਗੀਆਂ ਆਲੋਚਨਾ ਕਿਰਤਾਂ ਦੇ ਮਾਧਿਅਮ ਦੁਆਰਾ ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਸੰਜਮ ਤੇ ਅਨੁਸ਼ਾਸਨ ਵਾਲੀ ਦੇ ਗੁਣ ਵਾਲੀ ਆਲੋਚਨਾ ਕੀਤੀ ਹੈ। ਉਸ ਦੀ ਆਲੋਚਨਾ ਵਿਚ ਪ੍ਰਤੀਕਵਾਦੀ ਦਰਸ਼ਨ-ਸ਼ਾਸਤਰ, ਚਿਹਨ-ਵਿਗਿਆਨ ਅਤੇ ਉੱਤਰ-ਸੰਰਚਨਾਵਾਦੀ ਵਿਧੀਆਂ ਤੋਂ ਅੰਤਰ-ਦ੍ਰਿਸ਼ਟੀ ਪ੍ਰਾਪਤ ਕਰਕੇ ਪੰਜਾਬੀ ਸਾਹਿਤ ਦੀਆਂ ਕੁਝ ਇੱਕ ਅਹਿਮ ਸਮੱਸਿਆਵਾਂ ਬਾਰੇ ਵਿਚਾਰ ਕੀਤੀ ਗਈ ਹੈ। ਪ੍ਰਤੀਕਵਾਦੀ ਦਰਸ਼ਨ ਨਾਲ ਡਾ. ਕੰਵਰ ਦਾ ਪ੍ਰਥਮ ਪ੍ਰੇਮ ਰਿਹਾ ਹੈ ਅਤੇ ਇਸ ਉਪਰ ਪੂਰਨ ਅਧਿਕਾਰ ਪ੍ਰਾਪਤ ਕਰਕੇ ਉਹ ਸਾਹਿਤ ਦਾ 'ਅਲਜਬਰਾ' ਅਤੇ ਸਭਿਆਚਾਰਕ-ਵਿਗਿਆਨ ਦੇ ਨਿਰਮਾਣ ਲਈ ਪ੍ਰਯਤਨਸ਼ੀਲ ਹੈ।

ਡਾ. ਆਤਮਜੀਤ ਸਿੰਘ ਨੇ 'ਸਾਹਿਤਿਕੀ' (1980) ਨਾਮ ਦੀ ਆਪਣੀ ਆਲੋਚਨਾਤਮਕ ਪੁਸਤਕ ਵਿਚ ਆਧੁਨਿਕ ਭਾਸ਼ਾ ਵਿਗਿਆਨ ਦੁਆਰਾ ਪ੍ਰਾਪਤ ਹੋਈਆਂ ਵਿਧੀਆਂ ਅਤੇ ਜੁਗਤਾਂ ਦੀ ਸਹਾਇਤਾ ਨਾਲ ਸਾਹਿਤ ਨੂੰ ਇਕ ਸਿਸਟਮ ਦੇ ਰੂਪ ਵਿਚ ਵੇਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਪੰਜਾਬੀ ਆਲੋਚਨਾ ਨੂੰ ਹੋਰ ਅਧਿਐਨ-ਅਨੁਸ਼ਾਸਨਾਂ ਵਾਂਗ ਇਕ ਨਿੱਖੜਵਾਂ ਚਰਿੱਤਰ ਪ੍ਰਦਾਨ ਕਰਨ ਦੇ ਹੱਕ ਵਿਚ ਹੈ। ਉਸ ਦੀ ਆਲੋਚਨਾ ਇਕ ਅਜਿਹੀ ਪਰਿਭਾਸ਼ਿਕ ਸ਼ਬਦਾਵਲੀ ਦਾ ਪ੍ਰਯੋਗ ਕਰਦੀ ਹੈ ਜਿਸ ਉਤੇ ਨਵੇਂ ਗਿਆਨ-ਵਿਗਿਆਨ ਦਾ ਵਿਆਪਕ ਪ੍ਰਭਾਵ ਹੈ। ਡਾ. ਜਗਬੀਰ ਸਿੰਘ, ਡਾ. ਗੁਰਬਚਨ, ਡਾ. ਹਰਚਰਨ ਸਿੰਘ ਸੋਬਤੀ, ਡਾ. ਦੇਵਿੰਦਰ ਕੌਰ ਅਤੇ ਡਾ. ਹਰਿਭਜਨ ਸਿੰਘ ਭਾਟੀਆ ਨੇ ਵੀ ਪੱਛਮ ਦੀ ਨਵਾਲੋਚਨਾ ਤੋਂ ਮਾਡਲ ਲੈ ਕੇ ਪੰਜਾਬੀ ਦੀ ਆਲੋਚਨਾ-ਪੱਧਤੀ ਨੂੰ ਕੁਝ ਵਿਸਤਾਰ ਅਤੇ ਗਹਿਰਾਈ ਪ੍ਰਦਾਨ ਕੀਤੀ ਹੈ।

ਪੱਛਮ ਦੀ ਨਵਾਲੋਚਨਾ ਦੇ ਮਾਰਕਸਵਾਦੀ ਪੈਂਤੜੇ ਉੱਤੇ ਖੜੋ ਕੇ ਵਿਆਖਿਆ ਅਤੇ ਵਿਸ਼ਲੇਸ਼ਣ ਕਰਨ ਦੇ ਕੁਝ ਮੁਢਲੇ ਪਰੰਤੂ ਫ਼ੈਸਲਾਕੁਨ ਪ੍ਰਯਤਨ ਸਾਨੂੰ ਡਾ. ਰਵਿੰਦਰ ਰਵੀ ਦੀ ਆਲੋਚਨਾ ਵਿਚੋਂ ਪ੍ਰਾਪਤ ਹੁੰਦੇ ਹਨ। ਉਸਨੇ ਆਪਣੇ ਕੁਝ ਲੇਖਾਂ ਵਿਚ ਮਾਰਕਸਵਾਦੀ ਡਾਇਲੈਕਟਿਕਸ ਦੇ ਪ੍ਰਸੰਗ ਵਿਚ ਭਾਸ਼ਾ ਵਿਗਿਆਨ, ਚਿੰਨ੍ਹ ਵਿਗਿਆਨ ਅਤੇ ਸੰਰਚਨਾਵਾਦੀ ਵਿਸ਼ਲੇਸ਼ਣ ਵਿਧੀ ਨੂੰ ਵਿਗਿਆਨਕ ਤਰੀਕੇ ਨਾਲ ਸਾਡੇ ਸਾਹਿਤਿਕ ਵਿਰਸੇ ਤੇ ਲਾਗੂ ਕਰਨ ਦਾ ਅਚੇਤ ਪਰੰਤੂ ਪ੍ਰਭਾਵਸ਼ਾਲੀ ਪ੍ਰਯਤਨ ਕੀਤਾ ਹੈ। ਡਾ. ਤੇਜਵੰਤ ਸਿੰਘ ਗਿੱਲ ਦਾ ਨਵ ਮਾਰਕਸਵਾਦੀ ਚਿੰਤਨ ਨਾਲ ਨਿਰੰਤਰ ਸੰਵਾਦ ਵੀ ਪੰਜਾਬੀ ਆਲੋਚਨਾ ਦੇ ਨਵੇਂ ਪ੍ਰਤੀਮਾਨ ਸਿਰਜਣ ਦੇ ਆਹਰ ਵਿਚ ਹੈ। ਅਨਤੋਨੀ ਗ੍ਰਾਮਸ਼ੀ, ਲੂਸੀਏਂ ਗੋਲਡਮਾਨ ਅਤੇ ਅਲਥਿਊਜ਼ਰ ਵਰਗੇ ਨਵ-ਮਾਰਕਸਵਾਦੀਆਂ ਦੇ ਚਿੰਤਨ ਦੀ ਰੌਸ਼ਨੀ ਵਿਚ ਉਸਨੇ ਪੰਜਾਬੀ ਦੀਆਂ ਕਈ ਟੈਕਸਟਾਂ ਦੀ ਸਟੀਕ ਵਿਆਖਿਆ ਪੇਸ਼ ਕੀਤੀ ਹੈ। ਡਾ. ਗੁਰਬਚਨ ਨੇ ਸਾਰਤਰ, ਪਰਲੋ ਪੋਤੀ ਅਤੇ ਲੈਵੀ-ਸਤਾਸ ਦੇ ਚਿੰਤਨ ਦੀਆਂ ਬੁਨਿਆਦੀ ਧਾਰਨਾਵਾਂ ਨੂੰ ਆਧਾਰ ਬਣਾ ਕੇ ਪੰਜਾਬੀ ਆਲੋਚਨਾ ਵਿਚ ਕੁਝ ਸਿਧਾਂਤਿਕ ਲੇਖ ਲਿਖੇ ਹਨ।

ਪੰਜਾਬੀ ਦੀ ਨਵੀਂ ਆਲੋਚਨਾ ਦਾ ਇਕ ਪਾਸਾਰ ਰੂਪਾਕਾਰਕ ਆਲੋਚਨਾ (genre-criticism) ਨਾਲ ਜੁੜਿਆ ਹੋਇਆ ਹੈ। ਇਸ ਖੇਤਰ ਵਿਚ ਹੋਇਆ ਬਹੁਤ ਕੰਮ ਭਾਵੇਂ ਉਪਾਧੀ ਸਾਪੇਖ ਖੋਜ ਨਾਲ ਸੰਬੰਧਿਤ ਹੈ ਪਰੰਤੂ ਇਸ ਖੋਜ-

ਕਾਰਜ ਵਿਚੋਂ ਕੁਝ ਮਹੱਤਵਪੂਰਨ ਆਲੋਚਨਾਤਮਕ ਸਿਧਾਂਤ ਵੀ ਸਾਹਮਣੇ ਆਏ ਹਨ। ਡਾ. ਜੋਗਿੰਦਰ ਸਿੰਘ ਰਾਹੀਂ ਨੇ ਪੰਜਾਬੀ ਨਾਵਲ ਨਾਲ ਸੰਬੰਧਿਤ ਖੋਜ-ਕਾਰਜ ਦੁਆਰਾ ਪਹਿਲੀ ਵਾਰ ਰੂਪਾਕਾਰਕ ਜ਼ਰੂਰਤਾਂ ਦੇ ਪ੍ਰਸੰਗ ਵਿਚ ਕਿਸੇ ਟੈਕਸਟ ਦੇ ਵਿਸ਼ਲੇਸ਼ਣ ਦਾ ਮਾਰਗ ਸੁਝਾਇਆ। ਉਸਨੇ ਮਾਰਕਸਵਾਦ ਨੂੰ ਰੂਪਾਕਾਰਕ ਜ਼ਰੂਰਤਾਂ ਉਤੇ ਹਾਵੀ ਨਹੀਂ ਹੋਣ ਦਿੱਤਾ। ਡਾ. ਕੁਲਬੀਰ ਸਿੰਘ ਕਾਂਗ, ਡਾ. ਟੀ.ਆਰ. ਵਿਨੋਦ, ਡਾ. ਸਤਿੰਦਰ ਸਿੰਘ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਅਮਰਜੀਤ ਸਿੰਘ ਕਾਂਗ, ਡਾ. ਆਤਮਜੀਤ, ਡਾ. ਸੁਖਦੇਵ ਸਿੰਘ ਖਾਹਰਾ, ਡਾ. ਸਤੀਸ਼ ਕੁਮਾਰ ਵਰਮਾ ਅਤੇ ਡਾ. ਜੋਗਿੰਦਰ ਸਿੰਘ ਨਿਰਾਲਾ ਵਰਗੇ ਵਿਦਵਾਨ ਖੋਜੀਆਂ ਨੇ ਪੰਜਾਬੀ ਕਿੱਸਾ ਕਾਵਿ, ਨਾਵਲ, ਨਾਟਕ, ਕਵਿਤਾ ਅਤੇ ਕਹਾਣੀ ਆਦਿਕ ਸਾਹਿਤ-ਰੂਪਾਂ ਦੇ ਆਂਤਰਿਕ ਸੰਗਠਨ ਨੂੰ ਸਮਝਣ ਵਾਸਤੇ ਰੂਪਾਕਾਰਕ ਆਲੋਚਨਾ ਦਾ ਬੜਾ ਸੁਚੱਜਾ ਪ੍ਰਯੋਗ ਕੀਤਾ ਹੈ। ਪੰਜਾਬੀ ਆਲੋਚਨਾ ਦੀ ਇਤਿਹਾਸਕਾਰੀ ਅਤੇ ਮੈਟਾ-ਆਲੋਚਨਾ ਦੇ ਖੇਤਰ ਵਿਚ ਡਾ. ਹਰਿਭਜਨ ਸਿੰਘ ਭਾਟੀਆ ਅਤੇ ਡਾ. ਸੁਰਜੀਤ ਸਿੰਘ ਭੱਟੀ ਦਾ ਕਾਰਜ ਉੱਲੇਖਯੋਗ ਹੈ।

ਪੰਜਾਬੀ ਆਲੋਚਨਾ ਨਾਲ ਜੁੜੇ ਕੁਝ ਹੋਰ ਵਿਦਵਾਨਾਂ ਨੇ ਸਭਿਆਚਾਰਕ ਮਿਥ-ਵਿਗਿਆਨ ਅਤੇ ਸੇਮੀਆਟਿਕਸ ਨੂੰ ਆਧਾਰ ਬਣਾ ਕੇ ਪੰਜਾਬੀ ਆਲੋਚਨਾ ਨੂੰ ਇਕ ਮੋਕਲਾ ਆਧਾਰ ਪ੍ਰਦਾਨ ਕੀਤਾ ਹੈ। ਇਸ ਪ੍ਰਸੰਗ ਵਿਚ ਡਾ. ਜੋਗਿੰਦਰ ਸਿੰਘ ਕੈਰੋਂ, ਡਾ. ਜਸਵਿੰਦਰ ਸਿੰਘ, ਡਾ. ਰਣਜੀਤ ਸਿੰਘ ਬਾਜਵਾ, ਪ੍ਰੋ. ਬ੍ਰਹਮਜਗਦੀਸ਼ ਸਿੰਘ ਅਤੇ ਅਮਰਜੀਤ ਗਰੇਵਾਲ ਦਾ ਜ਼ਿਕਰ ਉਚੇਚੇ ਰੂਪ ਵਿਚ ਕਰਨਾ ਬਣਦਾ ਹੈ। ਮਿਥ-ਵਿਗਿਆਨ ਦੇ ਪ੍ਰਸੰਗ ਵਿਚ ਡਾ. ਕੈਰੋਂ ਅਤੇ ਸੰਚਾਰ-ਮਾਧਿਅਮਾਂ ਦੇ ਬੁਨਿਆਦੀ ਤਕਾਜ਼ਿਆਂ ਨੂੰ ਆਧਾਰ ਬਣਾ ਕੇ ਵੱਖ-ਵੱਖ ਪ੍ਰਵਚਨ ਦੀ ਵਿਆਖਿਆ ਦੇ ਸੰਦਰਭ ਵਿਚ ਅਮਰਜੀਤ ਗਰੇਵਾਲ ਦੇ ਆਲੋਚਨਾਤਮਕ ਲੇਖ ਬੜੀ ਵਿਚਾਰ-ਉਤੇਜਕ ਸਾਮਗਰੀ ਪ੍ਰਦਾਨ ਕਰਦੇ ਹਨ।

ਪੱਛਮ ਦੀਆਂ ਨਵੀਆਂ ਵਿਧੀਆਂ ਅਤੇ ਸਿਧਾਂਤਾਂ ਨੂੰ ਪੰਜਾਬੀ ਸਾਹਿਤ ਦੀਆਂ ਕਾਵਿ ਸ਼ਾਸਤਰੀ ਜ਼ਰੂਰਤਾਂ ਦੇ ਪ੍ਰਸੰਗ ਵਿਚ ਲਾਗੂ ਕਰਨ ਦੀਆਂ ਬੁਨਿਆਦੀ ਲੋੜਾਂ ਵੱਲ ਸਭ ਤੋਂ ਪਹਿਲਾਂ ਡਾ. ਗੁਰਭਗਤ ਸਿੰਘ ਨੇ ਸਾਡਾ ਧਿਆਨ ਖਿੱਚਿਆ। ਉਸ ਅਨੁਸਾਰ ਪੱਛਮੀ ਭਾਸ਼ਾ ਸੰਕਲਪਗਤ ਹੈ, ਵਧੇਰੇ ਸਿਗਨੀਫੀਕੇਸ਼ਨ ਦੇ ਫ਼ਿਕਰ ਵਿਚ ਹੈ। ਨਤੀਜੇ ਵਜੋਂ ਉਹ ਰਹੱਸ, ਉਹ ਅਨਿਸ਼ਚਿਤਤਾ ਅਤੇ ਉਹ ਵਿਸ਼ਾਲਤਾ ਜੋ ਪੂਰਬੀ 'ਸ਼ਬਦ' ਦੀ ਅਮੀਰੀ ਵਿਚ ਹੈ, ਪੱਛਮੀ ਭਾਸ਼ਾ ਕੋਲ ਨਹੀਂ। ਭਾਸ਼ਾ ਬਾਰੇ ਪੱਛਮੀ ਸ਼ੂਨਯ-ਸਿਧਾਂਤ, ਭਾਸ਼ਾ ਦੇ ਪਤਨ ਤੋਂ ਉਪਜਿਆ ਹੈ, ਜੋ ਬੁਨਿਆਦੀ ਤੌਰ ਤੇ ਇਕ ਨਿਰਾਸ਼ਾਵਾਦ ਵੀ ਲੁਕਾਈ ਬੈਠਾ ਹੈ। ਪਰ ਪੂਰਬੀ ਮਤਿ ਭਾਸ਼ਾ ਦੇ ਗੌਰਵ ਤੇ ਆਧਾਰਿਤ ਹੈ ਭਾਸ਼ਾ ਦੀ ਸੀਮਾ ਨੂੰ ਮੰਨਣ ਦੇ ਬਾਵਜੂਦ ਇਸ ਨੂੰ ਬ੍ਰਹਮ ਵਾਂਗ ਸਵੀਕਾਰ ਕਰਦਾ ਹੈ। (ਨਵੀਂ ਪੰਜਾਬੀ ਆਲੋਚਨਾ, ਸੰਪਾ, ਡਾ. ਨੂਰ, ਪੰਨਾ 45) ਡਾ. ਗੁਰਭਗਤ ਸਿੰਘ ਵਾਂਗ ਡਾ. ਨੂਰ ਵੀ ਪੰਜਾਬੀ ਸਾਹਿਤ ਦੇ ਅਧਿਐਨ-ਵਿਸ਼ਲੇਸ਼ਣ ਵਾਸਤੇ ਪੱਛਮੀ ਵਿਧੀਆਂ ਅਤੇ ਸਿਧਾਂਤਾਂ ਦੀ ਸੀਮਾ ਨੂੰ ਸਵੀਕਾਰ ਕਰਦਾ ਹੈ। ਉਸਦੀ ਆਲੋਚਨਾ ਦਾ ਸਭ ਤੋਂ ਅਹਿਮ ਪੱਖ ਇਸਦਾ ਪ੍ਰਯੋਗਿਕ ਅਤੇ ਅਮਲੀ ਹੋਣਾ ਹੈ। ਉਹ ਵਿਧੀਆਂ ਜਾਂ ਸਿਧਾਂਤਾਂ ਦੀ ਸਾਰਥਿਕਤਾ/ਨਿਰਾਰਥਿਕਤਾ ਵਿਚ ਆਪਣੀ ਸ਼ਕਤੀ ਅਤੇ ਪ੍ਰਤਿਭਾ ਨਸ਼ਟ ਕਰਨ ਦੀ ਬਜਾਇ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀਆਂ ਵੱਖ-ਵੱਖ ਟੈਕਸਟਾਂ ਵੀ ਵਿਹਾਰਕ ਵਿਆਖਿਆ ਵੱਲ ਰੁਚਿਤ ਹੈ। ਉਹ ਪੱਛਮ ਦੇ ਵੱਖ-ਵੱਖ ਦੇਸ਼ਾਂ ਵਿਚ ਪੈਦਾ ਹੋਈ ਨਵਾਲੋਚਨਾ ਦੇ ਸਿਧਾਂਤਾਂ ਜਾਂ ਵਿਧੀਆਂ ਨੂੰ ਜਿਉਂ-ਦਾ-ਤਿਉਂ ਗ੍ਰਹਿਣ ਕਰਨ ਦੀ ਉਪਭਾਵੁਕ ਭੁੱਲ ਨਹੀਂ ਕਰਦਾ। ਮੇਰਾ ਵਿਚਾਰ ਹੈ ਕਿ ਪੱਛਮੀ ਗਿਆਨ-ਵਿਗਿਆਨ ਅਤੇ ਆਲੋਚਨਾਤਮਕ ਵਿਧੀਆਂ ਪ੍ਰਤੀ ਇਹੋ ਜਿਹਾ ਵਸਤੂਗਤ ਵਤੀਰਾ ਧਾਰਨ ਕਰਨ ਤੋਂ ਬਿਨਾਂ ਪੰਜਾਬੀ ਆਲੋਚਨਾ ਆਪਣੇ ਪੈਰਾਂ ਤੇ ਨਹੀਂ ਖੜੋ ਸਕੇਗੀ।

ਅਜੋਕੀ ਪੰਜਾਬੀ ਆਲੋਚਨਾ ਨਵੀਆਂ ਉਡਾਨਾਂ ਭਰਨ ਲਈ ਬਿਲਕੁਲ ਤਿਆਰ ਹੈ। ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਵਿਕਸਿਤ ਆਲੋਚਨਾ ਤੋਂ ਜੇ ਇਹ ਵੱਧ ਨਹੀਂ ਤਾਂ ਘੱਟ ਵੀ ਨਹੀਂ। ਇਹ ਗੱਲ ਪੰਜਾਬੀ ਦੇ ਨਵੇਂ ਆਲੋਚਕਾਂ ਦੇ ਹੱਕ ਵਿਚ ਜਾਂਦੀ ਹੈ ਕਿ ਉਨ੍ਹਾਂ ਨੇ ਆਪਣੇ ਨਿੱਜੀ ਪਰਿਸ਼ਰਮ ਅਤੇ ਕਠਿਨ ਸਾਧਨਾਂ ਦੁਆਰਾ ਪੰਜਾਬੀ ਆਲੋਚਨਾ ਵਿਚ ਪੱਛਮ ਦੀਆਂ ਨਵੀਆਂ ਵਿਧੀਆਂ ਅਤੇ ਸਿਧਾਂਤਾਂ ਦਾ ਸਮਾਵੇਸ਼ ਕਰ ਦਿੱਤਾ ਹੈ। ਅਜ ਪੰਜਾਬੀ ਦਾ ਹਰ ਜਾਗਰੂਕ ਆਲੋਚਕ ਸੰਰਚਨਾਵਾਦ, ਨਾਰੀਵਾਦ, ਲਾਕਾਂਵਾਦ, ਫੂਕੋਵਾਦ, ਡੀਨਕਸਟਰਸ਼ਨ ਅਤੇ ਹਰਮਿਊਨਿਟਿਕਸ ਵਰਗੀਆਂ ਵਿਧੀਆਂ ਜਾਂ ਸੰਕਲਪਾਂ ਤੋਂ ਪਰਿਚਿਤ ਜ਼ਰੂਰ ਹੈ। ਇਹ ਕੋਈ ਮਾਮੂਲੀ ਗੱਲ ਨਹੀਂ ਕਿਉਂਕਿ ਪੱਛਮ ਵਿਚ ਵੀ ਕੁਝ ਗਿਣੇ-ਚੁਣੇ ਵਿਦਵਾਨ ਹੀ ਇਨ੍ਹਾਂ ਵਿਧੀਆਂ ਜਾਂ ਸਿਧਾਂਤਾਂ ਦਾ ਪ੍ਰਯੋਗ ਕਰ ਰਹੇ ਹਨ।

ਪਰੰਤੂ ਨਵੀਨਤਾ ਪ੍ਰਤੀ ਆਪਣੇ ਅਸੀਮ ਉਤਸ਼ਾਹ ਦੇ ਸਦਕਾ ਪੰਜਾਬੀ ਆਲੋਚਕ ਕੁਝ ਲਾਪਰਵਾਹੀ ਵੀ ਵਰਤ ਰਹੇ ਹਨ। ਆਪਣੇ ਅਹੰ ਦੀ ਸੰਤੁਸ਼ਟੀ ਲਈ ਉਹ ਪੱਛਮ ਦੀਆਂ ਆਲੋਚਨਾਤਮਕ ਵਿਧੀਆਂ ਦੀ ਪ੍ਰਮਾਣਿਕਤਾ ਨੂੰ ਜਾਣੇ-ਸਮਝੇ ਬਗ਼ੈਰ ਇਨ੍ਹਾਂ ਦਾ ਅੰਧਾਨੁਕਰਣ ਵੀ ਕਰ ਜਾਂਦੇ ਹਨ। ਇਸ ਤਰ੍ਹਾਂ ਦੀ ਨਕਲ ਠੀਕ ਨਹੀਂ। ਕਿਉਂਕਿ ਪੱਛਮੀ ਆਲੋਚਨਾ ਦੀਆਂ ਨਵੀਆਂ ਵਿਧੀਆਂ ਦਾ ਪ੍ਰਯੋਗ ਮਾਡਲ ਸਿਰਜਣ ਦੀ ਕਾਰੀਗਰੀ (know-how) ਸਿੱਖਣ ਤਾਂ ਕੀਤਾ ਜਾ ਸਕਦਾ ਹੈ ਪਰੰਤੂ ਇਨ੍ਹਾਂ ਮਾਡਲਾਂ ਨੂੰ ਜਿਉਂ-ਦਾ-ਤਿਉਂ ਆਪਣੇ ਸਾਹਿਤ ਅਤੇ ਸਭਿਆਚਾਰ ਉੱਤੇ ਲਾਗੂ ਨਹੀਂ ਕੀਤਾ ਜਾ ਸਕਦਾ।

ਪੰਜਾਬੀ ਆਲੋਚਨਾ ਦੀ ਇਕ ਬਲਵਾਨ ਪਰੰਪਰਾ ਨੂੰ ਜਨਮ ਦੇਣ ਵਾਸਤੇ ਸਾਨੂੰ ਆਪਣਾ ਕਾਵਿ-ਸ਼ਾਸਤਰ ਵੀ ਤਿਆਰ ਕਰਨਾ ਪਵੇਗਾ। ਇਸ ਕਾਵਿ-ਸ਼ਾਸਤਰ ਦੀ ਆਧਾਰ-ਭੂਮੀ ਵੀ ਸਾਡਾ ਆਪਣਾ ਹੀ ਸਭਿਆਚਾਰ ਬਣੇਗਾ। ਬਾਖ਼ਤਿਨ ਦਾ ਵਿਚਾਰ ਹੈ ਕਿ ਸਾਹਿਤ, ਸਭਿਆਚਾਰ ਦਾ ਇਕ ਅਨਿੱਖੜ ਅੰਗ ਹੈ ਅਤੇ ਇਸ ਨੂੰ ਕਿਸੇ ਯੁਗ ਵਿਸ਼ੇਸ਼ ਦੇ ਸਮੁੱਚੇ ਸਭਿਆਚਾਰਕ ਸੰਦਰਭਾਂ ਤੋਂ ਵਿਛੁੰਨ ਕੇ ਨਹੀਂ ਸਮਝਿਆ ਜਾ ਸਕਦਾ। ਅਜ ਪੰਜਾਬੀ ਆਲੋਚਨਾ, ਵਰਤਮਾਨ ਦੌਰ ਵਿਚ ਲਿਖੀਆਂ ਜਾ ਰਹੀਆਂ ਟੈਕਸਟਾਂ ਦੀ ਸਭਿਆਚਾਰਕ ਵਿਆਖਿਆ ਤੋਂ ਪਛੜ ਰਹੀ ਹੈ। ਪਿਛਲੇ ਦਹਾਕੇ ਵਿਚ ਰਚੇ ਗਏ ਸਾਹਿਤ ਦੇ 'ਰੈਕਰੈਂਟ ਥੀਮਜ਼' ਨੂੰ ਸਮਝਣ ਵਾਸਤੇ ਸਾਡੀ ਆਲੋਚਨਾ ਕੋਈ ਨਵਾਂ ਅਤੇ ਮੁੱਲਵਾਨ ਅੰਤਰ-ਦ੍ਰਿਸ਼ਟੀ ਨਹੀਂ ਜੁਟਾ ਰਹੀ। ਇਹ ਇਕ ਨਵੀਂ ਵੰਗਾਰ ਹੈ ਅਤੇ ਪੰਜਾਬੀ ਆਲੋਚਕਾਂ ਨੂੰ ਇਸ ਵੰਗਾਰ ਦਾ ਜਵਾਬ ਦੇਣਾ ਪਵੇਗਾ। ਇਸ ਜਵਾਬ ਉਪਰ ਹੀ ਪੰਜਾਬੀ ਆਲੋਚਨਾ ਦਾ ਭਵਿੱਖ ਨਿਰਭਰ ਕਰੇਗਾ।

## ਪ੍ਰਸ਼ਨ

**ਪਾਠ ਨੂੰ ਪੜ੍ਹ ਕੇ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

1. ਪ੍ਰਗਤੀਵਾਦੀ ਪੰਜਾਬੀ ਆਲੋਚਨਾ ਉਤੇ ਇਕ ਨੋਟ ਲਿਖੋ।
2. ਪੂਰਵ-ਪ੍ਰਗਤੀਵਾਦੀ ਆਲੋਚਨਾ ਦਾ ਇਤਿਹਾਸਕ ਸਰਵੇਖਣ ਕਰੋ।
3. ਉੱਤਰ-ਪ੍ਰਗਤੀਵਾਦੀ ਆਲੋਚਨਾ ਉਤੇ ਇਕ ਵਿਸ਼ਲੇਸ਼ਣਾਤਮਕ ਲੇਖ ਲਿਖੋ।

## ਸੰਖੇਪ ਪ੍ਰਸ਼ਨ

1. ਬਾਵਾ ਬੁੱਧ ਸਿੰਘ ਦੀਆਂ ਆਲੋਚਨਾਤਮਕ ਪੁਸਤਕਾਂ ਦੇ ਨਾਮ ਲਿਖੋ।
2. ਪ੍ਰੋ. ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਦੀ ਆਲੋਚਨਾ ਵਿਚ ਕੀ ਅੰਤਰ ਹੈ ?
3. ਨਵੀਂ ਆਲੋਚਨਾ ਅਤੇ ਰਵਾਇਤੀ ਆਲੋਚਨਾ ਵਿਚ ਕੀ ਅੰਤਰ ਹਨ ?
4. ਪ੍ਰੋ. ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਦੀਆਂ ਦੋ-ਦੋ ਆਲੋਚਨਾਤਮਕ ਪੁਸਤਕਾਂ ਦੇ ਨਾਮ ਦੱਸੋ ?

## ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਸਾਹਿਤ

### 1.1 ਭੂਮਿਕਾ

ਮੱਧਕਾਲ ਵਿਚ ਪੰਜਾਬ ਕਾਫ਼ੀ ਵਿਸ਼ਾਲ ਖੇਤਰ ਵਿਚ ਫੈਲਿਆ ਹੋਇਆ ਹੋਇਆ ਸੀ। ਇਸ ਦੀਆਂ ਸੀਮਾਵਾਂ ਦਿੱਲੀ ਤੋਂ ਲੈ ਕੇ ਬਹਾਵਲਪੁਰ (ਪੱਛਮੀ ਪੰਜਾਬ, ਹੁਣ ਪਾਕਿਸਤਾਨ) ਤੱਕ ਫੈਲੀਆਂ ਹੋਈਆਂ ਸਨ। 1947 ਈ. ਵਿਚ ਦੇਸ਼ ਨੂੰ ਆਜ਼ਾਦ ਕਰਨ ਸਮੇਂ ਬਰਤਾਨਵੀਂ ਸਾਮਰਾਜੀਆਂ ਨੇ ਇਸ ਦਾ ਵੱਡਾ ਅਤੇ ਖੁਸ਼ਹਾਲ ਭਾਗ ਪਾਕਿਸਤਾਨ ਦੇ ਹਵਾਲੇ ਕਰ ਦਿੱਤਾ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਵੱਖ-ਵੱਖ ਪ੍ਰਦੇਸ਼ਾਂ ਵਿਚੋਂ ਭਾਸ਼ਾ ਦੇ ਆਧਾਰ ਉਤੇ ਨਵੇ ਪ੍ਰਦੇਸ਼ ਸਥਾਪਿਤ ਕਰਨ ਦੀ ਮੰਗ ਉੱਠੀ ਤਾਂ ਹਿਮਾਚਲ ਅਤੇ ਹਰਿਆਣਾ ਪ੍ਰਦੇਸ਼ ਨੂੰ ਵੀ ਪੰਜਾਬ ਨਾਲੋਂ ਵੱਖ ਕਰ ਦਿੱਤਾ ਗਿਆ। ਮੌਜੂਦਾ ਸਥਿਤੀ ਵਿਚ ਪੰਜਾਬ ਖੇਤਰਫਲ ਅਤੇ ਜਨਸੰਖਿਆ ਦੇ ਹਿਸਾਬ ਨਾਲ ਭਾਰਤ ਦਾ ਬਹੁਤ ਛੋਟਾ ਜਿਹਾ ਭਾਗ ਰਹਿ ਗਿਆ ਹੈ। ਇਹ ਪੂਰਬ ਵਿਚ ਰੋਪੜ ਤੋਂ ਲੈ ਕੇ ਪੱਛਮ ਵਿਚ ਫਿਰੋਜ਼ਪੁਰ ਤੱਕ ਸਿਮਟ ਕੇ ਰਹਿ ਗਿਆ ਹੈ। ਇਸ ਕਾਰਨ ਪੰਜਾਬੀ ਸਾਹਿੱਤ ਦੀ ਰਚਨਾ ਕਰਨ ਵਾਲੇ ਸਾਹਿੱਤਕਾਰ ਲੋਕ ਵੀ ਕਈ ਦੇਸ਼ਾਂ ਵਿਚ ਵੰਡੇ ਗਏ ਹਨ। ਧਰਮ ਦੇ ਆਧਾਰ ਉਪਰ ਭਾਰਤ ਦਾ ਵਿਭਾਜਨ ਹੋਣ ਦੀ ਸੂਰਤ ਵਿਚ ਪੰਜਾਬ ਵਿਚ ਰਹਿਣ ਵਾਲੇ ਮੁਸਲਮਾਨ ਪੱਛਮੀ ਪੰਜਾਬ ਵਿਚ ਹਿਜਰਤ ਕਰ ਗਏ ਜਦੋਂ ਕਿ ਉੱਧਰ ਰਹਿਣ ਵਾਲੇ ਹਿੰਦੂ-ਸਿੱਖ ਇੱਧਰ ਭਾਰਤੀ (ਪੂਰਬੀ) ਪੰਜਾਬ ਵਿਚ ਆ ਗਏ। ਇਸ ਸੂਰਤ ਵਿਚ ਪੰਜਾਬ ਦਾ ਭੂਦ੍ਰਿਸ਼ (ਲੋਕੇਲ) ਉਨ੍ਹਾਂ ਵੰਨਸੁਵੰਨਾ, ਖੁਸ਼ਹਾਲ ਅਤੇ ਖੂਬਸੂਰਤ ਨਹੀ ਰਿਹਾ ਜਿੰਨਾ ਇਹ 1947 ਈ. ਵਿਚ ਹੋਏ ਦੇਸ਼ ਵਿਭਾਜਨ ਤੋਂ ਪਹਿਲਾਂ ਹੁੰਦਾ ਸੀ। ਪੰਜਾਬੀ ਬੋਲੀ ਨਾਲ ਸੰਬੰਧਿਤ ਕਈ ਉਪਬੋਲੀਆਂ ਪੋਠੋਹਾਰੀ, ਮੁਲਤਾਨੀ ਅਤੇ ਬਹਾਵਲਪੁਰੀ (ਝਾਂਗੀ) ਵੀ ਹੌਲੀ-ਹੌਲੀ ਸਾਡੀ ਬੋਲੀ ਵਿਚੋਂ ਨਿਕਲਦੀਆਂ ਜਾ ਰਹੀਆਂ ਹਨ; ਜਿਸ ਕਾਰਨ ਪੰਜਾਬੀ ਸਾਹਿਤ ਦੀ ਅਮੀਰ ਵਿਰਾਸਤ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ।

1.2. ਅੰਗਰੇਜ਼ ਲੋਕ ਪੰਜਾਬ ਉੱਪਰ 1849 ਈ. ਵਿਚ ਕਾਬਜ਼ ਹੋਏ। ਪੰਜਾਬ ਦੀ ਜ਼ਮੀਨ ਬਹੁਤ ਉਪਜਾਊ ਸੀ ਅਤੇ ਇਥੋਂ ਦੇ ਕਿਸਾਨ ਬਹੁਤ ਮਿਹਨਤੀ ਸਨ। ਪਰ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਇਥੋਂ ਦੀ ਆਰਥਿਕਤਾ ਦਾ ਸਰੂਪ ਜਾਗੀਰਦਾਰੀ ਸੀ। ਇਸ ਸਿਸਟਮ ਵਿਚ ਪੂਰੀ ਜ਼ਮੀਨ ਦਾ ਮਾਲਕ ਰਾਜਾ ਅਤੇ ਉਸ ਦੇ ਕੁਝ ਜਾਗੀਰਦਾਰ ਹੁੰਦੇ ਸਨ ਜੋ ਵਿਹਲੇ ਸਮੇਂ ਵਿਚ ਆਏ ਕਿਸਾਨਾਂ ਤੋਂ ਜ਼ਮੀਨ ਦੀ ਕਾਸ਼ਤ ਕਰਵਾ ਕੇ ਬਣਦਾ ਮਾਲੀਆ ਰਾਜੇ ਨੂੰ ਪਹੁੰਚਾਉਂਦੇ ਸਨ। ਯੁੱਧ ਦੇ ਸਮੇਂ ਵਿੱਚ ਇਹ ਜਾਗੀਰਦਾਰ ਰਾਜੇ ਵਲੋਂ ਉਸਦੇ ਦੁਸ਼ਮਣਾਂ ਨਾਲ ਲੜਾਈ ਕਰਦੇ ਸਨ ਅਤੇ ਇਸਦੇ ਬਦਲੇ ਵਿਚ ਉਨ੍ਹਾਂ ਨੇ ਆਪਣੀ ਜਾਗੀਰ ਦੀ ਸਮਰੱਥਾ ਅਤੇ ਰਾਜੇ ਦੀ ਆਗਿਆ ਅਨੁਸਾਰ ਨਿਸ਼ਚਿਤ ਗਿਣਤੀ ਦੇ ਸਿਪਾਹੀਆਂ ਦੀ ਇਕ ਫੌਜ ਰੱਖੀ ਹੁੰਦੀ ਸੀ। ਜਾਗੀਰਦਾਰ ਲੋਕ ਖੇਤੀਬਾੜੀ ਦੇ ਵਿਕਾਸ ਵੱਲ ਕੋਈ ਧਿਆਨ ਨਹੀਂ ਸਨ ਦਿੰਦੇ। ਜਿੰਨੀ ਫ਼ਸਲ ਹੁੰਦੀ ਸੀ। ਉਸ ਦਾ ਕੁਝ ਹਿੱਸਾ ਕਿਸਾਨਾਂ ਅਤੇ ਰਾਜੇ ਨੂ ਦੇ ਕੇ ਉਨ੍ਹਾਂ ਪਾਸ ਕਾਫ਼ੀ ਫਸਲ ਬਚੀ ਰਹਿੰਦੀ ਸੀ, ਜੋ ਉਨ੍ਹਾਂ ਦੀ ਐਸ਼-ਆਰਾਮ ਵਾਸਤੇ ਕਾਫ਼ੀ ਹੁੰਦੀ ਸੀ। ਪਰ ਅੰਗਰੇਜ਼ ਲੋਕਾਂ ਨੂੰ ਖੇਤੀਬਾੜੀ ਦਾ ਇਹ ਮਾਡਲ ਪਸੰਦ ਨਹੀਂ ਸੀ। ਉਨ੍ਹਾਂ ਨੇ ਪੰਜਾਬ ਵਿਚ ਬਹੁਤ ਸਾਰੀ ਕਣਕ, ਕਪਾਹ ਅਤੇ ਨਰਮਾ ਇੰਗਲੈਂਡ ਦੀਆਂ ਫੈਕਟਰੀਆਂ ਵਿਚ ਪਹੁੰਚਾਉਣਾ ਹੁੰਦਾ ਸੀ। ਸਿੱਟੇ ਵਜੋਂ ਉਨ੍ਹਾਂ ਨੇ ਪੰਜਾਬ ਵਿਚ ਬਹੁਤ ਸਾਰੀਆਂ ਨਹਿਰਾਂ ਅਤੇ ਰੇਲਾਂ ਦਾ ਜਾਲ ਵਿਛਾ ਦਿੱਤਾ ਪਰੰਤੂ ਮਾਲੀਏ ਦੀ ਦਰਾਂ ਬਹੁਤ ਵਧਾ ਦਿੱਤੀਆਂ। ਪੰਜਾਬੀ ਕਿਸਾਨਾਂ ਕੋਲ ਜ਼ਮੀਨਾਂ ਦੇ ਬਹੁਤ ਛੋਟੇ ਛੋਟੇ ਟੁਕੜੇ ਸਨ। ਇੰਨ੍ਹਾਂ ਮਾਲੀਆਂ ਦੇਣ ਉਪਰੰਤ ਕਿਸਾਨਾਂ ਨੂੰ ਖਾਣ-ਹੰਢਾਣ ਵਾਸਤੇ ਬੁੱਝ ਵੀ ਨਹੀਂ ਸੀ ਬਚਦਾ। ਸਿੱਟੇ ਵਜੋਂ ਪੰਜਾਬੀਆਂ ਨੇ ਵੀਹਵੀਂ ਸਦੀ ਦੇ ਆਰੰਭ ਵਿਚ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਰਗੇ ਖੁਸ਼ਹਾਲ ਮੁਲਕਾਂ ਵਿਚ ਪਰਵਾਸ ਕਰਨਾ ਸ਼ੁਰੂ ਕਰ ਦਿੱਤਾ। ਭਾਵੇਂ 1947 ਈ. ਵਿਚ ਸਾਡਾ ਦੇਸ਼ ਆਜ਼ਾਦ ਹੋ ਗਿਆ ਸੀ ਪਰ ਆਜ਼ਾਦੀ ਤੋਂ ਬਾਅਦ ਵੀ ਪੰਜਾਬ ਦੇ ਰਾਜਨੀਤਿਕ ਆਗੂਆਂ ਅਤੇ ਅਮੀਰਾਂ ਵਜ਼ੀਰਾਂ ਨੇ ਅੰਗਰੇਜ਼ਾਂ ਵਾਲੀ ਲੁੱਟ-ਖਸੁੱਟ ਦੀ ਨੀਤੀ ਨਾ ਤਿਆਗੀ। ਸਿੱਟੇ ਵਜੋਂ ਅੱਜ ਇਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਵੀ ਪੰਜਾਬੀਆ ਵੱਲੋਂ ਵਿਕਸਿਤ ਦੇਸ਼ਾਂ ਵੱਲ ਪਰਵਾਸ ਦੀ ਪ੍ਰਕਿਰਿਆ ਜਾਰੀ ਹੈ।

## 2.1 ਉਦੇਸ਼

ਇਸ ਪਾਠ ਦਾ ਉਦੇਸ਼ ਵਿਦਿਆਰਥੀਆ ਨੂੰ ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਪ੍ਰਵਿਰਤੀਆ, ਰੂਪਾਂ ਅਤੇ ਇਤਿਹਾਸ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਸਾਡੇ ਸੂਝਵਾਨ ਵਿਦਿਆਰਥੀ ਇੰਨਾਂ ਤਾਂ ਜਾਣਦੇ ਹੀ ਹਨ ਕਿ ਸਾਹਿੱਤ ਅਤੇ ਕਲਾ ਦਾ ਆਧਾਰ ਉਹ ਆਰਥਿਕ-ਸਮਾਜਿਕ ਰਿਸ਼ਤੇ ਬਣਦੇ ਹਨ, ਜਿਨ੍ਹਾਂ ਉੱਪਰ ਕੋਈ ਦੇਸ਼ ਜਾਂ ਸਮਾਜ ਖੜ੍ਹਾ ਹੁੰਦਾ ਹੈ। ਪਾਕਿਸਤਾਨ ਦਾ ਆਰਥਿਕ-ਰਾਜਨੀਤਿਕ ਮਾਡਲ ਭਾਰਤੀ ਪੰਜਾਬ ਨਾਲੋਂ ਵੱਖਰਾ ਹੈ। ਇਸ ਕਾਰਨ ਪਾਕਿਸਤਾਨੀ ਪੰਜਾਬ ਵਿਚ ਪੈਦਾ ਹੋਣ ਵਾਲੇ ਪੰਜਾਬੀ ਸਾਹਿੱਤ ਦੀ ਵਸਤੂ-ਸਮੱਗਰੀ, ਬਿਰਤਾਂਤ-ਵਿਧੀਆਂ ਅਤੇ ਮਿਜ਼ਾਜ ਵੀ ਇੱਧਰਲੇ ਪੰਜਾਬ ਵਿਚ ਪੈਦਾ ਹੋਣ ਵਾਲੇ ਪੰਜਾਬੀ ਸਾਹਿੱਤ ਨਾਲੋਂ ਵੱਖਰਾ ਹੋਣਾ ਸੁਭਾਵਿਕ ਹੈ। ਇਸ ਪ੍ਰਕਾਰ ਬਰਤਾਨੀਆਂ, ਕੈਨੇਡਾ, ਅਮਰੀਕਾਂ ਅਤੇ ਆਸਟ੍ਰੇਲੀਆਂ ਆਦਿ ਦੇਸ਼ਾਂ ਦੇ ਰਾਜਨੀਤਿਕ-ਆਰਥਿਕ ਮਾਡਲ ਅਤੇ ਇਨ੍ਹਾਂ ਵਿਚੋਂ ਉਪਜੀਆਂ ਵਸਤੂ ਸਥਿਤੀਆਂ ਵੀ ਬਹੁਤ ਵੱਖਰੀਆਂ ਹਨ। ਇਹੀ ਕਾਰਨ ਹੈ ਕਿ ਪਰਵਾਸੀ ਲੇਖਕਾਂ ਵੱਲੋਂ ਰਚਿਆ ਗਿਆ ਪੰਜਾਬੀ ਸਾਹਿੱਤ ਵੀ ਆਪਣੀ ਇਕ ਨਵੇਕਲੀ ਅਤੇ ਵੱਖਰੀ ਪਹਿਚਾਣ ਦਾ ਧਾਰਨੀ ਹੈ। ਹਥਲੇ ਪਾਠ ਵਿਚ ਅਸੀਂ ਇਨ੍ਹਾਂ ਖਿੱਤਿਆਂ ਵਿਚ ਰਚੇ ਗਏ ਪੰਜਾਬੀ ਸਾਹਿੱਤ ਦੇ ਸਰੂਪ ਅਤੇ ਇਤਿਹਾਸ ਬਾਰੇ ਜਾਣਕਾਰੀ ਦੇ ਰਹੇ ਹਾਂ।

## 3.1 ਸੰਖੇਪ ਰੂਪ-ਰੇਖਾ

ਪੰਜਾਬੀ ਸਾਹਿੱਤ ਦਾ ਇਤਿਹਾਸ ਕੇਵਲ ਉਨ੍ਹਾਂ ਲੇਖਕਾਂ ਦੀ ਹੀ ਮਲਕੀਅਤ ਨਹੀਂ ਹੈ ਜਿਹੜੇ ਸੰਜੋਗਵਸ ਮੌਜੂਦਾ ਪੰਜਾਬ ਦੇ ਖੇਤਰ ਵਿਚ ਨਿਵਾਸ ਕਰ ਰਹੇ ਹਨ ਬਲਕਿ ਇਹ ਉਨ੍ਹਾਂ ਸਾਰੇ ਲੇਖਕਾਂ ਦੀ ਗੌਰਵਮਈ ਵਿਰਾਸਤ ਹੈ। ਜਿਹੜੇ ਪੰਜਾਬੀ ਭਾਸ਼ਾ ਦੇ ਮਾਧਿਅਮ ਦੁਆਰਾ ਆਪਣੇ ਭਾਵਾਂ ਦਾ ਇਜ਼ਹਾਰ ਕਰਨ ਲਈ ਯਤਨਸ਼ੀਲ ਹਨ। ਇਸ ਪ੍ਰਕਾਰ ਪੰਜਾਬ ਤੋਂ ਦੂਰ-ਦੁਰਾਡੇ ਬੈਠੇ ਹੋਏ ਲੇਖਕ ਵੀ ਪੰਜਾਬੀ ਭਾਸ਼ਾ ਦੀ ਮਾਅਰਫ਼ਤ, ਪੰਜਾਬੀ ਸਾਹਿਤ ਦੀ ਸਿਰਜਦਾ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਅਜਿਹੇ ਲੇਖਕ ਰਾਜਨੀਤਿਕ ਜਾਂ ਆਰਥਿਕ ਦਬਾਵਾਂ ਦੇ ਕਾਰਨ ਭਾਰਤੀ ਪੰਜਾਬ ਤੋਂ ਵਿੱਛੜ-ਨਿੱਖੜ ਗਹੇ ਹਨ ਪਰੰਤੂ ਭਾਵੁਕ ਜ਼ਰੂਰਤਾਂ ਦੇ ਕਾਰਨ ਉਹ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੀ ਸਭਿਆਚਾਰਕ ਵਿਰਾਸਤ ਨਾਲ ਜੁੜੇ ਹੋਏ ਹਨ। ਇਸ ਲਈ ਪੰਜਾਬੀ ਸਾਹਿੱਤ ਦੇ ਪ੍ਰਮਾਣਿਕ ਇਤਿਹਾਸ ਦੇ ਸੰਕਲਨ ਲਈ ਇਨ੍ਹਾਂ ਲੇਖਕਾਂ ਦੇ ਅਨੁਭਵ, ਉਨ੍ਹਾਂ ਦੀਆਂ ਮਹੱਤਵਪੂਰਨ ਕ੍ਰਿਤੀਆਂ ਅਤੇ ਅਭਿਵਿਅੰਜਨਾਂ ਪ੍ਰਣਾਲੀਆਂ ਦਾ ਜ਼ਿਕਰ ਕਰਨਾ ਪਰਮ ਆਵੱਸ਼ਕ ਹੈ। ਕਿਉਂਕਿ ਇਨ੍ਹਾਂ ਦੀ ਸ਼ਮੂਲੀਅਤ ਤੋਂ ਬਿਨਾਂ ਸਾਡੇ ਸਾਹਿੱਤ ਦਾ ਇਤਿਹਾਸ ਅਧੂਰਾ ਰਹੇਗਾ।

## 4.1 ਪਾਕਿਸਤਾਨੀ ਪੰਜਾਬੀ ਸਾਹਿਤ

1947 ਈ. ਵਿਚ ਅੰਗਰੇਜ਼ ਹੁਕਮਰਾਨਾਂ ਨੇ ਧਾਰਮਿਕ ਜਨਸੰਖਿਆ ਨੂੰ ਆਧਾਰ ਬਣਾ ਕੇ ਪੰਜਾਬੀ ਬੋਲਦੇ ਵਿਸ਼ਾਲ ਪੰਜਾਬ ਨੂੰ ਦੋ ਭਾਗਾਂ ਵਿਚ ਤਕਸੀਮ ਕਰ ਦਿੱਤਾ। ਅੰਗਰੇਜ਼ਾਂ ਦਾ ਆਪਣਾ ਸਾਮਰਾਜ ਕਾਇਮ ਰੱਖਣ ਦੀ ਮੁੱਖ ਵਿਧੀ ਇਹ ਸੀ ਕਿ ਭਾਰਤੀ ਲੋਕਾਂ ਨੂੰ ਇਕ ਕੌਮ ਨਾ ਬਣਨ ਦਿੱਤਾ ਜਾਵੇ ਬਲਕਿ ਧਰਮਾਂ, ਫ਼ਿਰਕਿਆਂ ਅਤੇ ਭਾਸ਼ਾਵਾ ਦੇ ਆਧਾਰ ਉਤੇ ਇਨ੍ਹਾਂ ਵਿਚ ਫੁੱਟ ਪਾਈ ਜਾਵੇ। ਇਸ ਸੂਰਤ ਵਿਚ ਇਕ ਦੂਜੇ ਨੂੰ ਨਫ਼ਰਤ ਕਰਨ ਵਾਲੇ ਅਤੇ ਇਕ-ਦੂਜੇ ਤੋਂ ਭੈਭੀਤ ਲੋਕ ਆਪੋ ਵਿਚ ਮਿਲ ਬੈਠਣ ਦੀ ਬਜਾਇ ਅੰਗਰੇਜ਼ ਹੁਕਮਰਾਨਾਂ ਦੇ ਵਿਸ੍ਵਾਸਪਾਤਰ ਬਣਨ ਨੂੰ ਤਰਜੀਹ ਦੇਣਗੇ। ਇਹੀ ਕਾਰਨ ਕਿ ਦੂਜੇ ਵਿਸ਼ਵ-ਯੁੱਧ ਵਿਚ ਕਾਫ਼ੀ ਨੁਕਸਾਨ ਉਠਾਉਣ ਤੋਂ ਬਾਅਦ ਜਦੋਂ ਅੰਗਰੇਜ਼ਾਂ ਨੂੰ ਭਾਰਤ ਉੱਪਰ ਆਪਣਾ ਸਮਰਾਜ ਬਣਾਈ ਰੱਖਣਾ ਬਹੁਤਾ ਲਾਭਦਾਇਕ ਪ੍ਰਤੀਤ ਨਾ ਹੋਇਆ ਤਾਂ ਉਨ੍ਹਾਂ ਨੇ 1946 ਈ. ਵਿਚ ਭਾਰਤ ਨੂੰ ਛੱਡ ਦੇਣ ਅਥਵਾ ਆਜ਼ਾਦ ਕਰਨ ਦਾ ਸੰਕਲਪ ਕਰ ਲਿਆ। ਉਨ੍ਹਾਂ ਦੀ ਇਹ ਤਜਵੀਜ਼ ਸੁਣਦਿਆਂ ਹੀ ਮੁਸਲਮਾਨ ਅਤੇ ਹਿੰਦੂ-ਸਿੱਖ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਬਣ ਗਏ। 1947 ਈ. ਚੜ੍ਹਦਿਆਂ ਹੀ ਪੱਛਮੀ ਪੰਜਾਬ ਵਿਚ, ਜਿੱਥੇ ਮੁਸਲਮਾਨਾਂ ਦੀ ਜਨਸੰਖਿਆ ਹਿੰਦੂ-ਸਿੱਖਾਂ ਨਾਲੋਂ ਵੱਧ ਸੀ। ਮਜ਼ਹਬੀ ਫ਼ਸਾਦ ਸ਼ੁਰੂ ਹੋ ਗਏ। ਪ੍ਰਤੀਕਰਮ ਵਿਚ ਪੂਰਬੀ ਪੰਜਾਬ ਵਿਚ ਵੀ ਮੁਸਲਮਾਨਾਂ ਦੀਆਂ ਹੱਤਿਆਵਾਂ ਸ਼ੁਰੂ ਹੋ ਗਈਆਂ। ਇਉਂ ਦੋ ਦੇਸ਼ ਬਣ ਤਾਂ ਜ਼ਰੂਰ ਗਏ ਪਰੰਤੂ ਪਰਸਪਰ ਨਫ਼ਰਤ ਦਾ ਇਕ ਅਜਿਹਾ ਅਧਿਆਇ ਸ਼ੁਰੂ ਹੋ ਗਿਆ, ਜਿਹੜਾ ਅੱਜ ਤੱਥ ਬਾਦਸਤੂਰ ਜਾਰੀ ਹੈ।

4.2 ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਤੋਂ ਬਾਅਦ ਇੱਥੇ ਇਕ ਪੁਨਰ-ਜਾਗ੍ਰਿਤੀ ਦੌਰ ਸ਼ੁਰੂ ਹੋ ਗਿਆ।

ਪੰਜਾਬ ਵਿਚ ਰਹਿਣ ਵਾਲੇ ਹਿੰਦੂ, ਸਿੱਖ ਅਤੇ ਮੁਸਲਮਾਨ ਆਪਣੇ-ਆਪਣੇ ਧਰਮਾਂ ਵਿਚ ਆ ਚੁੱਕੇ ਉਲਾਰਾਂ-ਵਿਗਾੜਾਂ ਨੂੰ ਦੂਰ ਕਰਨ ਲਈ ਸੁਧਾਰਵਾਦੀ ਲਹਿਰਾਂ ਵਿਚ ਸ਼ਾਮਲ ਹੋ ਰਹੇ ਸਨ। ਆਰੀਆ ਸਮਾਜ, ਸਿੰਘ ਸਭਾ ਅਤੇ ਮੁਸਲਿਮ ਲੀਗ ਆਦਿਕ ਲਹਿਰਾਂ ਨੇ ਜਿੱਥੇ ਆਪਣੇ ਆਪਣੇ ਧਰਮਾਂ ਵਿਚ ਕੁੱਝ ਸੁਧਾਰ ਲਿਆਉਣ ਦੀ ਚੇਸ਼ਟਾ ਕੀਤੀ, ਉੱਥੇ ਪਰਸਪਰ ਵਿਰੋਧ ਭਾਵ ਦੀ ਪੈਦਾ ਕਰ ਦਿੱਤੇ। ਸਿੱਟੇ ਵਜੋਂ ਹਿੰਦੂ ਲੋਕ, ਹਿੰਦੀ ਭਾਸ਼ਾ ਅਤੇ ਦੇਵਨਾਗਰੀ ਲਿੱਪੀ ਨਾਲ ਅਤੇ ਮੁਸਲਮਾਨ ਉਰਦੂ ਅਤੇ ਸ਼ਾਹਮੁਖੀ (ਫ਼ਾਰਸੀ) ਲਿੱਪੀ ਨਾਲ ਜੁੜਨ ਲੱਗੇ। ਪੰਜਾਬੀ ਅਤੇ ਗੁਰਮੁਖੀ ਕੇਵਲ ਸਿੱਖਾਂ ਦੀ ਹੀ ਜ਼ਿੰਮੇਵਾਰੀ ਬਣ ਕੇ ਰਹਿ ਗਈਆਂ ਸਨ। ਇਹੀ ਕਾਰਨ ਹੈ ਕਿ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਕੇਵਲ ਕੁੱਝ ਗਿਣੇ-ਚੁਣੇ ਅਤੇ ਸਾਧਾਰਨ ਕਿਸਮ ਦੇ ਲੇਖਕ ਹੀ ਪੰਜਾਬੀ ਸਾਹਿਤ ਦੀ ਰਚਨਾ ਕਰ ਰਹੇ ਹਨ। ਇਨ੍ਹਾਂ ਲੇਖਕਾਂ ਨੇ ਦੇਸ਼-ਵੰਡ ਤੋਂ ਬਾਅਦ ਵੀ ਪੰਜਾਬੀ ਭਾਸ਼ਾ ਵਿਚ ਲਿਖਣਾ ਜਾਰੀ ਰੱਖਿਆ, ਹਾਲਾਂਕਿ ਉਹ ਗੁਰਮੁਖੀ ਲਿੱਪੀ ਤੋਂ ਬੇਮੁੱਖ ਹੀ ਬਣੇ ਰਹੇ।

### 4.3 ਪਾਕਿਸਤਾਨ ਦੇ ਪ੍ਰਮੁੱਖ ਪੰਜਾਬੀ ਕਵੀ

ਪਾਕਿਸਤਾਨੀ ਪੰਜਾਬੀ ਕਾਵਿ ਦਾ ਆਰੰਭ ਕੁਝ ਉਨ੍ਹਾਂ ਸੁਹਿਰਦ ਅਤੇ ਵਰਿਸ਼ਠ ਕਵੀਆਂ ਨੇ ਕੀਤਾ ਜਿਹੜੇ ਉਨੀਵੀਂ ਸਦੀ ਦੇ ਪ੍ਰਸਿੱਧ ਪੰਜਾਬੀ ਕਵੀ ਸ਼ਾਹ ਮੁਹੰਮਦ ਵਾਂਗ ਪੰਜਾਬ ਦੇ ਸਰਬ-ਸਾਂਝੇ ਸਭਿਆਚਾਰ ਦੇ ਮੁਦਈ ਸਨ। ਅੰਮ੍ਰਿਤਾ ਪ੍ਰੀਤਮ ਅਤੇ ਪ੍ਰੋ. ਮੋਹਨ ਸਿੰਘ ਵਾਂਗ ਉਨ੍ਹਾਂ ਨੂੰ ਇਹ ਪੀੜ ਸੀ ਕਿ ਸਾਡਾ ਸਦੀਆਂ ਪੁਰਾਣਾ ਸਭਿਆਚਾਰ ਲੀਰਾ-ਲੀਰਾਂ ਕਿਉਂ ਹੋ ਗਿਆ ਹੈ। ਇਨ੍ਹਾਂ ਕਵੀਆਂ ਵਿਚ ਅਹਿਮਦ ਰਾਹੀ, ਸ਼ਰੀਫ਼ ਕੁੰਜਾਹੀ ਅਤੇ ਬਾਕੀ ਸਦੀਕੀ ਕਵੀਆਂ ਦਾ ਉਲੇਖ ਕੀਤਾ ਜਾ ਸਕਦਾ ਹੈ। ਇਸ ਪ੍ਰਸੰਗ ਵਿਚ **ਸ਼ਰੀਫ਼ ਕੁੰਜਾਹੀ** ਦੀ ਕਾਵਿ-ਸੰਵੇਦਨਾ ਦੇ ਕੁਝ ਅੰਸ਼ ਦੇਖੋ:

ਸੋਚਨਾ ਵਾ ਦੁਨੀਆਂ ਨੂੰ ਕੇਹੀ ਵਗ ਗਈ ਏ।
ਇਕੋ ਜੇਹੀ ਹਰ ਪਾਸੇ ਅੱਗ ਲੱਗ ਗਈ ਏ।
ਲੋਟੀਆਂ ਨੇ ਵਾਢੀਆਂ ਨੇ, ਦੰਗੇ ਨੇ ਫ਼ਸਾਦ ਨੇ।
ਭੈੜ ਦੀਆਂ ਪੱਟੀਆਂ ਦੇ ਸਬਦ ਹੋਏ ਯਾਦ ਨੇ।

(ਜਗਰਾਤੇ)

**ਅਹਿਮਦ ਰਾਹੀ** ਨੇ ਆਪਣੀਆਂ ਕਵਿਤਾਵਾਂ ਵਿਚ ਦੇਸ਼-ਵੰਡ ਦੇ ਸੰਤਾਪ ਨੂੰ ਇਤਿਹਾਸਕ ਪਿਛੋਕੜ ਵਿਚ ਰੱਖ ਕੇ ਵੇਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਆਧੁਨਿਕ ਪਾਕਿਸਤਾਨੀ ਕਾਵਿ ਵਿਚ ਪ੍ਰਗਤੀਵਾਦੀ ਅਨੁਭਵ ਦੀ ਪੇਸ਼ਕਾਰੀ ਕਰਨ ਵਾਲਾ ਕਵੀ ਹੈ। ਇਸੇ ਭਾਵਬੋਧ ਦਾ ਇਕ ਹੋਰ ਕਵੀ **ਅਹਿਮਦ ਸਲੀਮ** ਹੈ। ਉਸਨੇ ਪੰਜਾਬੀ ਸਭਿਆਚਾਰ ਦੀ ਅਖੰਡਤਾ ਅਤੇ ਅਵੰਡਤਾ ਦਾ ਇਕ ਨਵੇਕਲਾ ਪਾਸਾਰ ਪੇਸ਼ ਕੀਤਾ ਹੈ। ਆਪਣੀ ਇਕ ਕਵਿਤਾ ਵਿਚ ਸਾਂਝੇ ਸਭਿਆਚਾਰ ਪ੍ਰਤੀ ਆਪਣਾ ਹੇਰਵਾ ਪ੍ਰਗਟ ਕਰਦਾ ਹੋਇਆ ਉਹ ਲਿਖਦਾ ਹੈ:

ਮੁੜ ਧਰਤੀ ਰੋ-ਰੋ ਆਖਦੀ, ਤੁਸੀਂ ਸਭੇ ਮੇਰੇ ਲਾਲ।
ਕਿਉਂ ਲਹੂ ਦੀਆਂ ਸਾਂਝਾ ਤੋੜ ਕੇ, ਲਾਈਆਂ ਗ਼ੈਰਾਂ ਨਾਲ।
ਜਦ ਭਾਈਆਂ ਬਾਝ ਨਾ ਮਜਲਸਾਂ, ਜਦ ਯਾਰਾਂ ਬਾਝ ਨ ਪਿਆਰ।
ਕੇਹਾ ਸੋਚ ਕੇ ਤੋੜੇ ਸਾਕ ਨੇ, ਕਿਉਂ ਖਿੱਚੀ ਹੈ ਤਲਵਾਰ। (ਭੰਨ-ਭੰਬੂਰ)

**ਬਾਕੀ ਸਦੀਕੀ** ਨੂੰ ਨਿੱਕੀਆਂ ਕਵਿਤਾਵਾਂ ਵਿਚ ਵੱਡੀ ਗੱਲ ਕਹਿਣ ਦੇ ਉਸਤਾਦ ਕਵੀ ਹੋਣ ਦਾ ਦਰਜਾ ਪ੍ਰਾਪਤ ਹੈ। ਕਿਸੇ ਕਵੀ ਇਹ ਗੁਣ ਹੋਣਾ ਉਸਦੇ ਆਧੁਨਿਕ ਹੋਣ ਦੀ ਨਿਸ਼ਾਨੀ ਹੈ। ਆਧੁਨਿਕ ਵਿਅਕਤੀ ਦੇ ਦੰਭ ਅਤੇ ਦੋਗਲੇਪਣ ਨੂੰ ਬਾਕੀ ਸਦੀਕੀ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵਿਅਕਤ ਕੀਤਾ ਹੈ। ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਮੈਂ ਇਨਸਾਨ ਮੈਂਡੇ ਕਈ ਪਰਛਾਵੇਂ
ਹਿਕ ਪਰਛਾਵਾਂ ਦੁਨੀਆਂ ਤੱਕੇ
ਹੋਰ ਪਰਛਾਵੇਂ ਮੈਂਡੇ ਅੰਦਰ ਸੂਕਣ,

ਮੈਂਡੀ ਮਿੱਟੀ ਚੱਟਣ, ਮੈਂਡੀਆਂ ਨੀਹਾਂ ਪੱਟਣ।
ਮੈਂ ਗੁੱਠਾਂ ਵਿਚ ਬੈਠਾ, ਦੁਨੀਆਂ ਕੋਲੋਂ ਡਰਨਾ,
ਉਹਨਾਂ ਉਤੇ ਰੰਗ ਬਰੰਗੇ ਪਰਦੇ ਪਾਵਾਂ
ਲਾ ਲਾ ਕੇ ਖ਼ੁਸ਼ਬੂਆਂ ਆਪਣਾ ਗੰਦ ਛੁਪਾਵਾਂ (ਮੈਂ ਤੇ ਮੈਂ)

ਪਾਕਿਸਤਾਨੀ ਪੰਜਾਬੀ ਕਾਵਿ ਦਾ ਵਿਸ਼ਲੇਸ਼ਣ ਕਰਦਾ ਹੋਇਆ ਤਾਂ ਅਤਰ ਸਿੰਘ ਪਾਕਿਸਤਾਨ ਦੀ ਰਾਜਨੀਤਿਕ ਵਿਵਸਥਾ ਉਪਰ ਉਂਗਲ ਧਰਦਾ ਹੈ। ਉਸ ਅਨੁਸਾਰ ਪਾਕਿਸਤਾਨ ਦੀ ਫ਼ੌਜ਼ੀ ਹਕੂਮਤ ਤੇ ਉਥੋਂ ਦੇ ਕਵੀਆਂ ਵਿਚ ਸਿੱਧੀ ਅਤੇ ਸਪਸ਼ਟ ਗੱਲ ਕਹਿਣ ਦੀ ਜ਼ੁਰੱਅਤ ਨਹੀਂ ਰਹਿਣ ਦਿੱਤੀ। ਸਿੱਟੇ ਵਜੋਂ ਪਕਿਸਿਤਾਨੀ ਕਵਿਤਾ ਅਸਪਸ਼ਟ ਪ੍ਰਤੀਕਾਂ ਦੇ ਚੱਕਰਵਿਊ ਵਿਚ ਫਸ ਕੇ ਰਹਿ ਗਈ ਹੈ। ਅਸਪਸ਼ਟ ਕਵਿਤਾਵਾਂ ਦੇ ਸੰਦਰਭ ਵਿਚ ਸਭ ਤੋਂ ਵੱਧ ਧੁੰਦਲਾਪਣ, **ਲਈਕ ਬਾਬਰੀ** ਦੀਆਂ ਕਵਿਤਾਵਾਂ ਵਿਚ ਨਜ਼ਰ ਆਉਂਦਾ ਹੈ।ਉਸ ਦੇ ਇਕ ਕਾਵਿ ਸੰਗ੍ਰਹਿ 'ਘੁੱਗੂ ਘੋੜੇ' ਵਿਚ ਸੰਸਕ੍ਰਿਤ ਕਵਿਤਾਵਾਂ ਅਰਥਹੀਣਤਾ ਦੀ ਹੱਦ ਤੱਕ ਅਸਪਸ਼ਟ ਹਨ। (**ਦੁੱਖ ਦਰਿਆਉਂ ਪਾਰ ਦੇ**, ਪੰਨੇ 3–4) 'ਪੰਜ ਦਰਿਆ' 'ਲਾਹੌਰ ਦੇ 'ਨਜ਼ਮ ਨੰਬਰ' ਵਿਚ ਉਸਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਸਮਝੋਂ ਪਾਰ ਘੁੱਗੀਆਂ ਦਾ ਰੌਲ਼ਾ,
ਸੰਗਲਾਂ ਦੀ ਲਲਕਾਰ।
ਡੁੱਬਿਆਂ ਜੀਵਨ ਬੇੜੀ ਤੇਜ਼ ਚਲਾਉ
ਤਨਹਾਈ ਦੇ ਕੰਨ ਪਲਾਂ ਅੱਗ ਲਾਈ
ਠਰਿਆ ਪਿੰਡਾ
ਪੱਥਰਾਂ ਵਿਚ ਗਵਾਚੇ ਮਿੱਤਰਾਂ ਦੇ ਪਵਿੱਤਰ ਬੋਲ।

(**ਪੰਜ ਦਰਿਆ**, ਲਾਹੌਰ, ਪੰਨਾ 136)

ਪਾਕਿਸਤਾਨ ਵਿਚ **ਨਜਮ ਹੁਸੈਨ ਸੱਯਦ** ਅਤੇ **ਮੁਨੀਰ ਨਿਆਜ਼ੀ** ਸਿਰੋਮਣੀ ਕਵੀ ਹੋਣ ਦਾ ਦਰਜਾ ਰੱਖਦੇ ਹਨ। ਇਨ੍ਹਾਂ ਨਾਲ ਆਧੁਨਿਕ ਪੰਜਾਬੀ ਕਵੀਆਂ ਦੀ ਇਕ ਪੂਰੀ ਨਸਲ ਜੁੜੀ ਰਹੀ ਹੈ।

ਇਨ੍ਹਾਂ ਕਵੀਆਂ ਨੇ ਅਨੁਭਵ ਅਤੇ ਅਭਿਵਿਅਕਤੀ ਦੇ ਨਵੇਂ ਦਿਸਹੱਦੇ ਖੋਲ੍ਹੇ ਹਨ। ਦੇਖੋ:

ਰਾਤ ਪਈ ਤੇ ਚੁੱਲ੍ਹਾ ਬੁਝ ਗਿਆ।
ਖਿੜ ਖਿੜ ਹੱਸਿਆ ਤਵਾਂ
ਹੱਸਦਿਆਂ ਹੱਸਦਿਆਂ ਕਿਰ ਗਈਆਂ ਦੰਦੀਆਂ
ਮੂੰਹ ਤੇ ਲੋਈ ਲਈ।
ਤਵੇ ਤੇ ਪਾਈ ਗਿੱਲੀ ਟਿੱਕੀ
ਸਾਰੀ ਰਾਤ ਰਹੀ ਪਈ।

(ਨਜਮ ਹੁਸੈਨ ਸੱਯਦ, **ਚੰਦਨ ਰੁੱਖ ਤੇ ਵਿਹੜਾ**)

ਪਰੇ ਸੀ ਮੰਦਰ ਭੈਰੋਂ ਦਾ, ਪਰੇ ਹਵਾ ਸੀ ਰਾਹਵਾਂ ਵਿਚ
ਧੁੱਪ ਸੀ ਸ਼ੀਸ਼ਾ ਚਾਂਦੀ ਦਾ, ਚਮਕ ਗਿਆ ਸੀ ਸਾਹਵਾਂ ਵਿੱਚ।

(ਮੁਨੀਰ ਨਿਆਜ਼ੀ, **ਧੁੱਪ ਵਿਚ ਦੋ ਸਫ਼ੈਦ ਔਰਤਾਂ**)

ਨਜਮ ਹੁਸੈਨ ਸੱਯਦ ਦੀ ਕਾਵਿ ਪਰੰਪਰਾ ਨਾਲ ਜੁੜੇ ਹੋਏ ਕੁਝ ਹੋਰ ਕਵੀ ਇਹ ਹਨ: ਮਨਜ਼ੂਰ ਇਜ਼ਾਜ ਅਜ਼ਰਾਂ ਵਕਾਰ, ਇੱਜ਼ਤ ਮਜੀਦ, ਮੁਸਤਾਕ ਸੂਫ਼ੀ ਅਕਰਮ ਵੜੈਚ ਅਤੇ ਅਕਮਲ ਹੁਸੈਨ ਮੁਨੀਰ ਨਿਆਜੀ ਦੀ ਪਰੰਪਰਾ ਨਾਲ ਸੰਬੰਧਿਤ ਕਵੀਆਂ ਵਿਚ ਸ਼ਾਹੀਨ ਨਜ਼ਲੀ, ਮਾਜਿਦ ਸਦੀਕੀ, ਏ ਸ਼ਾਦ ਅਤੇ ਸਲਮਾਨ ਸਈਦ ਦਾ ਨਾਮ ਲਿਆ ਜਾ ਸਕਦਾ ਹੈ। ਪਾਕਿਸਤਾਨੀ ਪੰਜਾਬੀ ਕਵਿਤਾ ਦਾ ਵਿਸ਼ਲੇਸ਼ਣ ਕਰਦਾ ਹੋਇਆ ਡਾ. ਜਗਤਾਰ ਸਿੰਘ ਲਿਖਦਾ ਹੈ ''ਅਕੀਲ ਸ਼ਫ਼ੀ, ਏ ਸ਼ਾਦ, ਨਾਜ਼ਲੀ ਅਤੇ ਸਲਮਾਨ ਸਈਦ ਦੀਆਂ ਕਵਿਤਾਵਾਂ ਵਿਚ ਮੁਨੀਰ ਨਿਆਜ਼ੀ

ਨਾਲੋਂ ਕੋਈ ਭਿੰਨਤਾ ਨਹੀਂ ਹੈ। ਜੇ ਉਪਰੋਕਤ ਕਵੀਆਂ ਨਾਲ ਸੰਬੰਧਿਤ ਸਾਰੀਆਂ ਕਵਿਤਾਵਾਂ ਕਿਸੇ ਵੀ ਇਕ ਕਵੀ ਦੇ ਨਾਮ ਹੇਠ ਛਪ ਜਾਣ ਤਾਂ ਪਤਾ ਹੀ ਨਹੀਂ ਚੱਲੇਗਾ ਕਿ ਇਹ ਕਿਸ ਦੀਆਂ ਕਵਿਤਾਵਾਂ ਹਨ। ਇਨ੍ਹਾਂ ਕਵੀਆਂ ਦੀ ਤੁਲਨਾ ਵਿਚ ਆਧੁਨਿਕ ਭਾਵਬੋਧ ਦਾ ਸਟੀਕ ਪ੍ਰਗਟਾਵਾ ਨਜ਼ੀਰ ਕੈਸਰ, ਇਕਬਾਲ ਸਲਾਹੁਦੀਨ, ਨਸਰੀਨ ਅੰਜੁਮ ਭੱਟੀ, ਸਾਰਾ ਸ਼ਗੁਫ਼ਤਾ, ਮਨੂੰ ਭਾਈ, ਸ਼ਾਇਸਤਾ ਹਬੀਬ, ਅਬਾਸ ਅਤਹਰ, ਸਲੀਮੁਰ ਰਹਿਮਾਨ ਅਤੇ ਮਲਕ ਜ਼ਮੁਰਦ ਵਿਚ ਵਧੇਰੇ ਉਜਾਗਰ ਹੈ। (ਖੋਜ ਪਤ੍ਰਿਕਾ ਪੰਨਾ 291)

**4.4 ਪਾਕਿਸਤਾਨੀ ਪੰਜਾਬੀ ਨਾਵਲ**

ਪਾਕਿਸਤਾਨ ਵਿਚ ਲਿਖਣ ਵਾਲੇ ਪੰਜਾਬੀ ਨਾਵਲਕਾਰਾਂ ਵਿਚ ਪੀਰ ਬਖ਼ਸ਼ ਨਾਵਲਕਾਰਾਂ ਵਿਚ ਪੀਰ ਬਖ਼ਸ਼ ਮਿਨਹਾਸ, ਅਬਦੁਲ ਮਜੀਦ ਭੱਟੀ, ਅਫ਼ਜ਼ਲ ਅਹਿਸਨ ਰੰਧਾਵਾ, ਸਲੀਮ ਖਾਂ ਗਿੰਮੀ ਅਤੇ ਫ਼ਖ਼ਰ ਜ਼ਮਾ ਆਦਿਕ ਲੇਖਕ ਪ੍ਰਮੁੱਖ ਹਨ। ਪਾਕਿਸਤਾਨ ਵਿਚ ਕਵਿਤਾ ਵਧੇਰੇ ਰਚੀ ਜਾ ਰਹੀ ਹੈ ਅਤੇ ਸਾਹਿਤ ਦੇ ਬਾਕੀ ਰੂਪਾਂ ਵੱਲ ਘੱਟ ਤਵੱਜਹੁ ਦਿੱਤੀ ਗਈ ਹੈ। 'ਠੇਡਾ' ਨਾਵਲ ਵਿਚ **ਅਬਦੁਲ ਮਜੀਦ ਭੱਟੀ** ਨੇ ਪਾਕਿਸਤਾਨ ਦੀ ਉਸ ਸਮਾਜਿਕ ਸਥਿਤੀ ਉੱਪਰ ਵਿਅੰਗ ਕੀਤਾ ਹੈ, ਜਿਸ ਵਿਚ ਔਰਤ ਆਪਣੀ ਸੁਤੰਤਰਤਾ ਅਤੇ ਸ਼ਨਾਖਤ ਨੂੰ ਕਾਇਮ ਨਹੀਂ ਰੱਖ ਸਕਦੀ। **ਅਫ਼ਜ਼ਲ ਅਹਿਸਨ ਰੰਧਾਵਾ** ਦੇ ਤਿੰਨ ਨਾਵਲ ਪੂਰੇ ਪੰਜਾਬੀ ਜਗਤ ਵਿਚ ਕਾਫ਼ੀ ਪ੍ਰਸਿੱਧ ਹੋਏ ਹਨ: ਦੀਵਾ ਤੇ ਦਰਿਆ, ਸੂਰਜ ਗ੍ਰਹਿਣ ਅਤੇ ਦੁਆਬਾ। 'ਦੀਵਾ ਤੇ ਦਰਿਆ' ਵਿਚ ਪੇਂਡੂ ਜੀਵਨ ਦਾ ਚਿਤਰਣ ਕੀਤਾ ਗਿਆ ਹੈ। 'ਸੂਰਜ ਗ੍ਰਹਿਣ' ਪੱਤਰ-ਵਿਹਾਰ ਦੀ ਸ਼ੈਲੀ ਵਿਚ ਲਿਖਿਆ ਇਕ ਦਿਲਚਸਪ ਨਾਵਲ ਹੈ। 'ਦੁਆਬਾ' ਵਿਚ ਸਾਂਝੇ ਪੰਜਾਬ ਦੇ ਸਭਿਆਚਾਰ ਦੀ ਪੇਸ਼ਕਾਰੀ ਹੋਈ ਹੈ। ਪਾਕਿਸਤਾਨ ਦੇ ਪ੍ਰਸਿੱਧ ਪੰਜਾਬੀ ਆਲੋਚਕ ਸੱਤਰ ਤਾਹਿਰ ਦਾ ਕਥਨ ਹੈ ਕਿ ਉਰਦੂ ਵਿਚ ਜੋ ਸਥਾਨ ਅਬਦੁੱਲਾ ਹੁਸੈਨ ਦੇ ਨਾਵਲ 'ਉਦਾਸ ਨਸਲੇ' ਦਾ ਹੈ, ਉਹ ਸਥਾਨ ਪੰਜਾਬੀ ਵਿਚ ਅਫ਼ਜ਼ਲ ਅਹਿਸਨ ਰੰਧਾਵਾ ਦੇ ਨਾਵਲ 'ਦੁਆਬਾ' ਦਾ ਬਣਦਾ ਹੈ। ਇਸ ਨਾਵਲ ਵਿਚ ਪੰਜਾਬੀ ਸਭਿਆਚਾਰ ਦੀਆਂ ਪ੍ਰਮੁੱਖ ਰਸਮਾਂ ਅਤੇ ਰੀਤੀ-ਰਿਵਾਜਾਂ ਨੂੰ ਨਾਵਲੀ ਬਿਰਤਾਂਤ ਦੀਆਂ ਪ੍ਰਮੁੱਖ ਕੜੀਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਫ਼ਖ਼ਰ ਜ਼ਮਾਂ ਦੇ ਨਾਵਲਾਂ ਉਪਰ ਪੱਛਮ ਵਿਚ ਵਿਕਸਿਤ ਹੋਏ ਆਧੁਨਿਕ ਨਾਵਲ ਦੀਆਂ ਬਿਰਤਾਂਤ ਵਿਧੀਆਂ ਦਾ ਕਾਫ਼ੀ ਪ੍ਰਭਾਵ ਹੈ। ਇਸ ਪ੍ਰਸੰਗ ਵਿਚ ਉਸ ਦੁਆਰਾ ਲਿਖੇ ਤਿੰਨ **ਸਤ ਗਵਾਚੇ ਲੋਕ, ਇਕ ਮਰੇ ਬੰਦੇ ਦੀ ਕਹਾਣੀ** ਅਤੇ **ਬੰਦੀਵਾਨ** ਪੂਰੇ ਪੰਜਾਬੀ ਜਗਤ ਵਿਚ ਕਾਫ਼ੀ ਚਰਚਿਤ ਰਹੇ ਹਨ। **ਸਤ ਗਵਾਚੇ ਲੋਕ** ਵਿਚ ਉਨ੍ਹਾਂ ਸੱਤ ਪਾਤਰਾਂ ਦੀ ਕਹਾਣੀ ਦਰਜ ਹੈ, ਜਿਨ੍ਹਾ ਨੂੰ ਪਤਾ ਨਹੀਂ ਕਿਉਂ ਸਰਕਾਰ ਸਜ਼ਾ ਦੇ ਰਹੀ ਹੈ। ਇਨ੍ਹਾਂ ਸੱਤ ਪਾਤਰਾਂ ਵਿਚ ਦੋ ਔਰਤਾਂ ਵੀ ਹਨ। **ਇਕ ਮਰੇ ਬੰਦੇ ਦੀ ਕਹਾਣੀ** ਵਿਚ ਇਕ ਅਜਿਹੇ ਪਾਤਰ ਦੀ ਵਾਰਤਾ ਬਿਆਨ ਕੀਤੀ ਗਈ ਹੈ, ਜਿਸ ਨੂੰ ਉਸਦੇ ਮਾਤਾ-ਪਿਤਾ, ਦੋਸਤ-ਮਿੱਤਰ, ਪਤਨੀ ਅਤੇ ਹੋਰ ਸਹਿਯੋਗੀ ਆਪਣੇ ਮਤਲਬ ਦੀ ਪੂਰਤੀ ਲਈ ਵਰਤਦੇ ਹਨ। ਇਹ ਪਾਤਰ ਆਪਣੇ ਆਪ ਨੂੰ ਦਿਮਾਗੀ ਤੌਰ ਤੇ ਮਰਿਆ ਹੋਇਆ ਸਮਝਦਾ ਹੈ; ਸ਼ਾਇਦ ਇਸੇ ਕਾਰਨ ਉਸ ਨੂੰ ਵਰਤਿਆ ਜਾ ਰਿਹਾ ਹੈ। **ਬੰਦੀਵਾਨ** ਵਿਚ ਵਕਤ ਦੀ ਤਾਨਾਸ਼ਾਹ ਸਰਕਾਰ ਵੱਲੋ ਇਕ ਸੱਚੇ ਅਤੇ ਸੁਹਿਰਦ ਵਿਅਕਤੀ ਨੂੰ ਕੈਦੀ ਬਣਾਇਆ ਗਿਆ ਹੈ ਕਿਉਂਕਿ ਸਰਕਾਰਾਂ ਨੂੰ ਇਹੋ ਜਿਹੇ ਵਿਅਕਤੀਆਂ ਪਾਸੋ ਸਦਾ ਖ਼ਤਰਾ ਰਹਿੰਦਾ ਹੈ। ਡਾ. ਸ਼ਾਹਬਾਜ਼ ਮਲਿਕ ਲਿਖਦਾ ਹੈ ਕਿ ਫ਼ਖ਼ਰ ਜ਼ਮਾ ਦੇ ਇਨ੍ਹਾਂ ਨਾਵਲਾ ਵਿਚ ਗੁਆਚੇ ਪੰਜਾਬ ਨੂੰ ਭਾਲਣ ਦੀ ਵਾਰਤਾ ਅੰਕਿਤ ਹੋਈ ਹੈ।

**ਅਹਿਮਦ ਸਲੀਮ** ਦਾ ਨਾਵਲ **ਨਾਲ ਮੇਰੇ ਕੋਈ ਚੱਲੇ** ਬਾਲ-ਸਮੱਸਿਆਵਾਂ ਨਾਲ ਸੰਬੰਧਿਤ ਹੈ। ਨਾਵਲਕਾਰ ਦਰਸਾਉਂਦਾ ਹੈ ਕਿ ਬਾਲ-ਮਨ ਉਪਰ ਪਈਆਂ ਹੋਈਆਂ ਝਰੀਟਾਂ ਕਦੇ ਨਹੀਂ ਮਿਟਦੀਆਂ ਬਲਕਿ ਸਾਰੀ ਉਮਰ ਮੌਜੂਦ ਰਹਿੰਦੀਆਂ ਹਨ। ਇਸ ਨਾਵਲ ਦੀ ਪਿੱਠਭੂਮੀ ਵਿਚ ਦੇਸ਼-ਵੰਡ ਦਾ ਬਿਰਤਾਂਤ ਅੰਕਿਤ ਹੋਇਆ ਹੈ। **ਮੁਸਤਨਸਰ ਹੁਸੈਨ ਤਾਰੜ** ਦਾ ਨਾਵਲ **ਪੰਖੇਰੂ** ਇਕ ਪ੍ਰਤੀਕਾਤਮਕ ਰਚਨਾ ਹੈ। ਇਸ ਨਾਵਲ ਵਿਚ ਇਕ ਅਜਿਹੇ ਪਾਤਰ ਦੀ ਕਹਾਣੀ ਪੇਸ਼ ਹੋਈ ਹੈ ਜੋ ਸਾਧਾਰਨ ਕਿਰਸਾਣੀ ਸਮਾਜ ਵਿਚੋਂ ਹੈ ਅਤੇ ਸਰਮਾਏਦਾਰੀ ਨਿਜ਼ਾਮ ਨਾਲ ਟੱਕਰ ਲੈਂਦਾ ਹੈ। **ਆਸਫ਼ ਸ਼ਾਹਕਾਰ** ਨੇ ਸ਼ੋਅ ਬਿਜਨੈਸ ਰਾਹੀ ਪਰਵਾਸੀ ਜੀਵਨ ਦੇ ਵੇਰਵੇ ਪੇਸ਼ ਕੀਤੇ ਹਨ। ਇਸ ਨਾਵਲ ਦਾ ਨਾਇਕ ਇਕ ਪੇਂਡੂ ਪਾਤਰ ਹੈ ਜੋ ਸਵੀਡਨ ਦੀ ਰਾਜਧਾਨੀ ਸਟਾਕਹਾਮ ਵਿਚ ਜਾ ਪਹੁੰਚਦਾ ਹੈ। **ਸਫ਼ੀਆ ਅਕੀਲ** ਨੇ ਫਲ ਰਾਹੀ ਰਾਤ ਵਿਚ ਜੀਵਨ ਦੇ ਰੋਮਾਂਸ ਨੂੰ ਕਾਵਿਕ ਅੰਦਾਜ਼ ਵਿਚ ਬਿਆਨ ਕੀਤਾ ਹੈ।

ਅਹਿਸਨ ਬਟਾਲਵੀ (**ਇਕ ਇੱਜੜ ਦੀ ਕਹਾਣੀ**), ਇਜਾਜ਼ ਹੱਕ (**ਸੁੱਕੇ ਪਾਣੀ**), ਮੁਨੀਰ ਅਹਿਮਦ ਅਲਵੀ (**ਆਪਨੜੀ ਰੇਤ ਜੋ ਪਾਨੜੀ ਥਈ**), ਅਸਗਰ ਸ਼ਾਮੀ (ਪ੍ਰੇਤ), ਹਨੀਫ਼ ਚੌਧਰੀ (ਮਹਿੰਦੀ ਵਾਲੇ ਹੱਥ) ਅਤੇ ਅਕਰਮ ਬੱਟ (ਸਜ਼ਾਵਲ) ਆਦਿਕ ਨਾਵਲਕਾਰਾਂ ਨੇ ਵੀ ਪਾਕਿਸਤਾਨੀ ਪੰਜਾਬੀ ਨਾਵਲ ਦੀ ਇਕ ਵਿਸ਼ੇਸ਼ ਪਹਿਚਾਣ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

## 4.5 ਪਾਕਿਸਤਾਨੀ ਪੰਜਾਬੀ ਕਹਾਣੀ

ਜੋਸੂਆ ਫ਼ਜ਼ਲਦੀਨ ਆਗਾ ਅਸ਼ਰਫ਼ ਅਤੇ ਹਨੀਫ਼ ਚੌਧਰੀ ਪਾਕਿਸਤਾਨ ਦੇ ਪਹਿਲੇ ਪੋਚ ਦੇ ਕਹਾਣੀਕਾਰ ਹਨ। **ਜੋਸ਼ੁਆ ਫ਼ਜ਼ਲਦੀਨ** ਨੇ **ਅਦਬੀ ਅਫ਼ਸਾਨੇ** ਅਤੇ **ਅਖ਼ਲਾਕੀ ਕਹਾਣੀਆਂ** ਦੇ ਰੂਪ ਵਿਚ ਦੋ ਸੰਗ੍ਰਹਿ ਪ੍ਰਕਾਸ਼ਿਤ ਕੀਤੇ। **ਅਬਦੁਲ ਮਜੀਦ ਭੱਟੀ** ਨੇ **ਦਿਲ ਦੀਆਂ ਬਾਰੀਆਂ** (1962) ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤਾ।**ਆਗਾ ਅਸ਼ਰਫ਼** ਦਾ ਕਹਾਣੀ ਸੰਗ੍ਰਹਿ **ਵਾਵਰੋਲੇ** 1976 ਈ. ਵਿਚ ਪ੍ਰਕਾਸ਼ਿਤ ਹੋਇਆ। **ਹਨੀਫ਼ ਚੌਧਰੀ** ਦੇ ਦੋ ਕਹਾਣੀ ਸੰਗ੍ਰਹਿ 'ਕੱਚ ਦੀ ਗੁੱਡੀ' ਅਤੇ 'ਜੀਜਾ' ਪ੍ਰਕਾਸ਼ਿਤ ਹੋ ਚੁੱਕੇ ਹਨ। **ਅਫ਼ਜ਼ਲ ਅਹਿਸਨ ਰੰਧਾਵਾ** ਨੇ ਨਾਵਲਾਂ ਦੇ ਨਾਲ ਕਹਾਣੀਆਂ ਵੀ ਲਿਖੀਆਂ ਹਨ। ਉਸ ਦਾ ਇਕ ਕਹਾਣੀ ਸੰਗ੍ਰਹਿ 'ਰੰਨ, ਤਲਵਾਰ ਤੇ ਘੋੜਾ' 1973 ਈ. ਵਿਚ ਪ੍ਰਕਾਸ਼ਿਤ ਹੋਇਆ। ਪਾਕਿਸਤਾਨ ਦੇ ਇਕ ਹੋਰ ਨਾਵਲਕਾਰ **ਸਲੀਮ ਖਾਂ ਗਿੰਮੀ ਦੀ ਰਚਨਾ 'ਲਹੂ ਦੀ ਖੁਸ਼ਬੋ'** 1973 ਈ. ਵਿਚ ਪ੍ਰਕਾਸ਼ਿਤ ਹੋਈ। ਮੁਸਤਾਕ ਬਾਸਤ **ਪਾਕਿਸਤਾਨ** ਦਾ ਇਕ ਹੋਰ ਪ੍ਰਮੁੱਖ ਕਹਾਣੀਕਾਰ ਹੈ। ਉਸ ਦੀਆਂ ਦੋ ਪੁਸਤਕਾ 'ਕੱਚੀਆਂ ਕੰਧਾਂ' (1947) 'ਅਕਬਰ ਕਹਾਣੀਆਂ' (1976) ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਗ਼ੁਲਾਮ ਮੁਸਤਫ਼ਾ (ਹਸਦੀਆਂ ਸੂਲਾਂ, 1976) ਮੁਸੱਰਤ ਕਲਾਚਵੀ (ਝਿੱਕਾ ਆਸਮਾਨ, 1977), ਬਾਬੂ ਜਾਵੇਦੀ (ਬੋਕਾਟਾ, 1981), ਅਮਰ ਫ਼ਹੀਮ (ਜਾਗਦੀ ਅੱਖ ਦਾ ਖ਼ਾਬ, 1978) ਮਜ਼ਹਰ-ਉਲ-ਇਸਲਾਮ (ਹਰਾ ਸਮੁੰਦਰ, 1985) ਇਕਬਾਲ ਸਲਾਹੁਦੀਨ (ਕੂੰਜ ਕਹਾਣੀ, 1979), ਕੰਵਲ ਮੁਸਤਾਕ, ਮੁਹੰਮਦ ਮਨਸ਼ਾ ਯਾਦ, ਇਜ਼ਰਾ ਅਸਗਰ ਪਾਕਿਸਤਾਨ ਦੇ ਕੁਝ ਹੋਰ ਪ੍ਰਮੁੱਖ ਕਹਾਣੀਕਾਰ ਹਨ। ਪਾਕਿਸਤਾਨ ਦੇ ਅਜੋਕੇ ਕਹਾਣੀਕਾਰਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਇੱਧਰ ਭਾਰਤੀ ਪੰਜਾਬ ਦੇ ਮਾਸਿਕ, ਤੈਮਾਸਿਕ ਪੱਤਰਾਂ ਵਿਚ ਵੀ ਸਮੇਂ ਸਮੇਂ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ।

## 4.6. ਪਾਕਿਸਤਾਨੀ ਪੰਜਾਬੀ ਨਾਟਕ

ਪਾਕਿਸਤਾਨ ਵਿਚ ਪੰਜਾਬੀ ਨਾਟਥ ਦੀ ਬੜੀ ਬਲਵਾਨ ਪਰੰਪਰਾ ਰਹੀ ਹੈ। ਉੱਥੇ ਵਧੇਰੇ ਕਰ ਕੇ ਮਨੋਵਿਗਿਆਨਕ ਵਿਸ਼ਿਆਂ ਉਪਰ ਨਾਟਕ ਲਿਖੇ ਗਏ ਹਨ। ਉਥੋਂ ਦੇ ਨਾਟਕਕਾਰ ਪ੍ਰਤੀਕਾਤਮਕ ਵਿਧੀਆਂ ਦਾ ਬੜਾ ਸਫ਼ਲ ਪ੍ਰਯੋਗ ਕਰਦੇ ਹਨ। ਇੱਧਰ ਮਿਲਦੇ ਪਾਕਿਸਤਾਨੀ ਨਾਟਕਾਂ ਦੇ ਸੰਗ੍ਰਹਿ **'ਧੁੱਪਾਂ ਛਾਵਾਂ'** (ਸੰਪਾ. ਰਣਧੀਰ ਸਿੰਘ ਚੰਦ) ਅਤੇ 'ਸ਼ੀਹਾਂ ਅਤੇ ਪੱਤਣ ਮੱਲੇ' (ਸੰਪਾ. ਡਾ. ਅਤਰ ਸਿੰਘ) ਪੰਜਾਬੀ ਪਾਠਕਾਂ ਵਿਚ ਬੜੇ ਮਕਬੂਲ ਹੋਏ ਹਨ। ਮੇਜਰ ਇਸਹਾਕ ਮੁਹੰਮਦ ਇਕ ਪ੍ਰਗਤੀਸ਼ੀਲ ਨਾਟਕਕਾਰ ਹੈ। 'ਮੁਸਲੀ' (1979) ਅਤੇ 'ਕੁਕਨਸ' (1980) ਉਸ ਦੇ ਪ੍ਰਮੁੱਖ ਨਾਟਕ ਹਨ। 'ਕੁਕਨਸ' ਵਿਚ 'ਦੁੱਲਾ ਭੱਟੀ' ਦੇ ਬ੍ਰਿਤਾਂਤ ਦਾ ਨਾਟਕੀਕਰਣ ਹੋਇਆ ਹੈ। ਨਜਮ ਹੁਸੈਨ ਸਯਦ ਦਾ ਨਾਟਕ 'ਤਖਤ ਲਾਹੌਰ' ਵੀ 'ਦੁੱਲਾ ਭੱਟੀ' ਦੇ ਕਿਰਦਾਰ ਦੇ ਆਲੇ-ਦੁਆਲੇ ਘੁੰਮਦਾ ਹੈ। ਪਾਕਿਸਤਾਨ ਦੇ ਕੁੱਝ ਹੋਰ ਪ੍ਰਸਿੱਧ ਨਾਟਕਕਾਰ ਇਹ ਹਨ: ਅਸਫ਼ਾਕ ਅਹਿਮਦ (ਟਾਹਲੀ ਥੱਲੇ), ਅਖ਼ਤਰ ਹਾਸ਼ਾਨੀ (ਪਾਣੀ ਦੀ ਵਾਰ), ਆਗ਼ਾ ਅਸ਼ਰਫ਼ (ਨਿੰਮ੍ਹਾ-ਨਿੰਮ੍ਹਾ ਦੀਵਾ ਬਲੇ), ਸਜਾਕ ਹੈਦਰ (ਹਵਾ ਦੇ ਹਉਕੇ, ਬੋਲ ਮਿੱਟੀ ਦਿਆ ਬਾਵਿਆ), ਸਰਮਦ ਸਹਿਬਾਈ, ਸ਼ੱਕ ਸੂਬੇ ਦਾ ਵੇਲਾ ਸਾਹਿਦ ਨਦੀਮ (ਖਸਮਾ ਖਾਵੀਆ, ਬੁੱਲ੍ਹਾ ਨਜ਼ਰ ਫਾਤਿਹ (ਸਤਰੰਗ) ਬਾਨੋ ਕੁਦਸੀਆਂ (ਆਸ ਪਾਸ), ਬਾਬਾ ਜਾਵੇਦ (ਸੱਤ ਡਰਾਮੇ) ਮੁਨੂੰ ਭਾਈ (ਜਜ਼ੀਰਾ) ਅਤੇ ਮੁਨੀਰ ਨਿਆਜ਼ੀ (ਕਿੱਸਾ ਦੋ ਭਰਾਵਾਂ ਦਾ) ਆਦਿਕ।

## 5.1 ਪਰਵਾਸੀ ਪੰਜਾਬੀ ਸਾਹਿਤ

ਭਾਰਤ ਵਿਚ ਅੰਗਰੇਜ਼ਾਂ ਦੇ ਆਗਮਨ ਤੋਂ ਬਾਅਦ ਪੰਜਾਬੀਆਂ ਦੇ ਮਨਾਂ ਅੰਦਰ ਵੀ ਸਾਗਰੋਂ ਪਾਰ ਵੱਸੇ ਦੇਸ਼ਾਂ ਵਿਚ ਜਾ ਕੇ ਰੁਜ਼ਗਾਰ ਦੇ ਨਵੇਂ ਅਵਸਰ ਢੂੰਡਣ ਦੀ ਉਮੰਗ ਪੈਦਾ ਹੋ ਗਈ ਸੀ। ਸਿੱਟੇ ਵਜੋਂ ਉਨੀਵੀ ਸਦੀ ਦੇ ਅੰਤ ਵਿਚ ਪੰਜਾਬੀ ਲੋਕ ਸਿੰਘਾਪੁਰ, ਮਲਾਏਸ਼ੀਆਂ, ਵਰਗੇ ਟਾਪੂਆਂ ਵਿਚ ਜਾਣੇ ਸ਼ੁਰੂ ਹੋ ਗਏ ਸਨ ਵੀਹਵੀ ਸਦੀ ਦੇ ਪਹਿਲੇ ਦਹਾਕੇ ਵਿਚ ਕੁਝ ਲੋਕ ਇਨ੍ਹਾਂ ਟਾਪੂਆਂ ਤੋਂ ਉੱਠ ਕੇ ਕੈਨੇਡਾ ਅਤੇ ਅਮਰੀਕਾਂ ਅੰਦਰ ਜਾਣੇ ਸ਼ੁਰੂ

ਹੋ ਗਏ ਸਨ। ਉਨ੍ਹਾਂ ਦਿਨਾਂ ਵਿਚ ਕੈਨੇਡਾ ਅਤੇ ਅਮਰੀਕਾਂ ਵਿਕਾਸਸ਼ੀਲ ਦੇਸ਼ ਸਨ ਅਤੇ ਇਨ੍ਹਾਂ ਦੇਸ਼ਾਂ ਨੂੰ ਕਾਮਿਆਂ ਦੀ ਭਾਰੀ ਲੋੜ ਸੀ। ਪੰਜਾਬੀ ਲੋਕਾਂ ਨੇ ਇੱਥੇ ਕਾਮਿਆਂ ਅਤੇ ਕਿਸਾਨਾਂ ਦੇ ਰੂਪ ਵਿਚ ਡਟ ਕੇ ਮਿਹਨਤ ਕੀਤੀ ਅਤੇ ਵਿਦੇਸ਼ੀ ਠੇਕੇਦਾਰਾਂ ਦਾ ਦਿਲ ਜਿੱਤ ਲਿਆ। ਕੈਨੇਡਾ ਅਤੇ ਅਮਰੀਕਾਂ ਦੇ ਗੋਰੇ ਲੋਕ ਭਾਰੀ ਕੰਮ ਕਰਨ ਵਿਚ ਪੰਜਾਬੀ ਕਾਮਿਆਂ ਦਾ ਮੁਕਾਬਲਾ ਨਹੀਂ ਸਨ ਕਰ ਸਕਦੇ ਪਰ ਉਹ ਇਹ ਵੀ ਨਹੀਂ ਸੀ ਚਾਹੁੰਦੇ ਕਿ ਪੰਜਾਬੀ ਲੋਕ ਉਨ੍ਹਾਂ ਦੇ ਸਾਰੇ ਕੰਮ ਹਥਿਆ ਲੈਣ; ਇਸ ਕਾਰਨ ਉਨ੍ਹਾਂ ਨੇ ਨਸਲੀ ਵਿਤਕਰੇ ਨੂੰ ਆਧਾਰ ਬਣਾ ਕੇ ਪੰਜਾਬੀਆਂ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬੀਆਂ ਨੂੰ 'ਗੁਲਾਮ ਭੇਡਾਂ' ਕਹਿ ਕੇ ਚਿੜਾਇਆ ਜਾਂਦਾ ਸੀ। ਇਸ ਕਾਰਨ ਪੰਜਾਬੀਆਂ ਦੇ ਮਨਾਂ ਅੰਦਰ ਦੇਸ਼ ਨੂੰ ਅਜ਼ਾਦ ਕਰਵਾਉਣ ਦਾ ਇਕ ਜ਼ਬਰਦਸਤ ਜਜ਼ਬਾ ਪੈਦਾ ਹੋ ਗਿਆ। ਇਨ੍ਹਾਂ ਪੰਜਾਬੀਆਂ ਨੇ ਭਾਰਤ ਦੇ ਕੁਝ ਹੋਰ ਲੋਕਾਂ ਨਾਲ ਮਿਲ ਕੇ ਇਕ ਗ਼ਦਰ ਪਾਰਟੀ ਦੀ ਸਥਾਪਨਾ ਕਰ ਲਈ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ 1914 ਈ. ਵਿਚ ਇਕ ਗ਼ਦਰ ਛੇੜਨ ਦਾ ਫੈਸਲਾ ਕਰ ਲਿਆ। ਇਸ ਮੰਤਵ ਲਈ ਲੋਕਾਂ ਅੰਦਰ ਜੋਸ਼ ਭਰਨ ਲਈ 'ਗਦਰ' ਨਾਮ ਦਾ ਇਕ ਅਖ਼ਬਾਰ ਕੱਢਿਆ ਗਿਆ, ਜਿਸ ਵਿਚ ਕ੍ਰਾਂਤੀਕਾਰੀ ਕਵਿਤਾਵਾਂ ਦਾ ਪ੍ਰਕਾਸ਼ਨ ਕੀਤਾ ਜਾਂਦਾ ਸੀ।

### 5.2 ਪਰਵਾਸੀ ਪੰਜਾਬੀ ਕਵਿਤਾ

ਪਰਵਾਸੀ ਪੰਜਾਬੀ ਕਾਵਿ ਦਾ ਆਰੰਭ 'ਗਦਰ' ਅਖ਼ਬਾਰ ਵਿਚ ਛਪਣ ਵਾਲੀਆਂ ਕਵਿਤਾਵਾਂ ਦੁਆਰਾ ਹੋਇਆ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਭਗਵਾਨ ਸਿੰਘ ਵਰਗੇ ਗਦਰੀ ਯੋਧਿਆਂ ਨੇ ਦੇਸ਼ ਅਤੇ ਵਿਦੇਸ਼ ਵਿਚ ਬੈਠੇ ਪੰਜਾਬੀਆਂ ਨੂੰ ਗਦਰ ਛੇੜਨ ਲਈ ਜਾਗਰੂਕ ਕਰਨ ਵਾਲੀਆਂ ਕਵਿਤਾਵਾਂ ਦੀ ਰਚਨਾ ਕੀਤੀ ਕੁਝ ਕਾਵਿ ਟੁਕੜੀਆਂ ਦੇਖੋ:

ਪੈਸੇ ਲੁੱਟ ਕੇ ਲੈ ਗਏ ਫਰੰਗੀ ਸਾਰੇ,
ਵੇਂਹਦੇ ਵੇਂਹਦੇ ਤੁਸੀਂ ਕੰਗਾਲ ਹੋ ਗਏ।
ਤੁਸੀਂ ਵੀਰਨੋ ਤਰਸਦੇ ਕੌਡੀਆਂ ਨੂੰ,
ਸੋਨਾ ਲੁੱਟ ਜ਼ਾਲਮ ਮਾਲਾ ਮਾਲ ਹੋ ਗਏ।

ਇਨ੍ਹਾਂ ਗ਼ਦਰੀ ਕਵੀਆਂ ਨੇ ਆਪਣੇ ਨਾਲ ਹੋਣ ਵਾਲੇ ਨਸਲੀ ਵਿਤਕਰੇ ਦਾ ਬੜਾ ਮਾਰਮਿਕ ਚਿੱਤਰ ਖਿੱਚਿਆ। ਦੇਖੋ:

ਪੈਸਾ ਜੁੜੇ ਨਾ ਨਾਲ ਮਜ਼ਦੂਰੀਆਂ ਦੇ,
ਝਿੜਕਾਂ ਸਹਿੰਦਿਆਂ ਨੂੰ ਕਈ ਸਾਲ ਹੋ ਗਏ।
ਪਏ ਚੀਨ ਅਮਰੀਕਾਂ ਦੇ ਵਿਚ ਭੌਂਦੇ,
ਵੱਜਣ ਠੋਕਰਾਂ ਤੇ ਭੈੜੇ ਹਾਲ ਹੋ ਗਏ।

ਗ਼ਦਰੀ ਕਵੀਆਂ ਨੇ ਸਮੁੱਚੇ ਹਿੰਦੁਸਤਾਨੀਆਂ ਨੂੰ ਇਕੱਠੇ ਹੋ ਕੇ ਆਪਣੇ ਦੇਸ਼ ਦੇ ਗਲੋਂ ਗੁਲਾਮੀ ਦਾ ਜੂਲ ਲਾਹੁਣ ਦੀਆਂ ਬੜੀਆਂ ਭਾਵ ਭੂਰਤ ਅਪੀਲਾਂ ਕੀਤੀਆਂ। ਜਿਵੇਂ:

ਆਓ ਦੇਸ਼ ਭਾਈਓ ਹਿੰਦੁਸਤਾਨ ਵਾਲੇ, ਢੰਗ ਸੋਚੀਏ ਦੁਖ ਮਿਟਾਵਣੇ ਦਾ।
ਪਿਆ ਭੌਕ ਗੁਲਾਮੀ ਦਾ ਗਲ ਸਾਡੇ, ਕਰੀਏ ਜਤਨ ਹੁਣ ਇਸਨੂੰ ਲਾਹਵਣੇ ਦਾ।

5.3 ਪਰਵਾਸੀ ਕਵੀਆਂ ਨੇ ਇੰਗਲੈਂਡ, ਕੈਨੇਡਾ, ਅਮਰੀਕਾਂ ਅਤੇ ਯੂਰਪ ਦੇ ਕੁਝ ਹੋਰ ਦੇਸ਼ਾਂ ਵਿਚ ਜਾ ਕੇ ਆਪਣੀ ਵੱਖਰੀ ਸ਼ਨਾਖਤ ਨੂੰ ਕਾਵਿ ਦੇ ਮਾਧਿਅਮ ਦੁਆਰਾ ਉਜਾਗਰ ਕੀਤਾ। ਬਹੁਤੇ ਕਵੀ 1970 ਈ. ਦੇ ਆਸ ਪਾਸ ਭਾਰਤ ਨੂੰ ਛੱਡ ਕੇ ਆਰਥਿਕਤਾ ਦੇ ਨਵੇਂ ਸੋਮਿਆਂ ਦੀ ਤਲਾਸ਼ ਵਿਚ ਵਿਦੇਸ਼ਾਂ ਵੱਲ ਗਏ। ਅਸਲ ਵਿਚ 1970 ਈ. ਤੱਕ ਪਹੁੰਚ ਕੇ ਭਾਰਤ ਦੀ ਵਿਕਾਸ ਦਰ ਬਹੁਤ ਧੀਮੀ ਹੋ ਗਈ ਸੀ। ਸਾਡੇ ਰਾਜਸੀ ਨੇਤਾਵਾਂ ਪਾਸ ਪ੍ਰਗਤੀ ਦਾ ਕੋਈ ਕਾਰਗਰ ਮਾਡਲ ਮੌਜੂਦ ਨਹੀਂ ਸੀ। ਦੇਸ਼ ਦੇ ਆਰਥਿਕ ਸੋਮਿਆਂ ਉਪਰ ਰਾਜਨੇਤਾਵਾਂ, ਸਰਮਾਏਦਾਰਾਂ ਅਤੇ ਭ੍ਰਿਸ਼ਟ ਅਫਸਰਸ਼ਾਹੀ ਕਾਬਜ ਹੋ ਚੁੱਕੀ ਸੀ। ਇਸ ਕਾਰਨ ਸਾਡੇ ਪੰਜਾਬੀ ਲੋਕ ਵਿਦੇਸ਼ੀ ਧਰਤੀਆਂ ਵੱਲ ਪਲਾਇਨ ਕਰ ਰਹੇ ਸਨ। ਇਨ੍ਹਾਂ ਮਿਹਨਤੀ ਲੋਕਾਂ ਵਿਚ ਰਵਿੰਦਰ ਰਵੀ, ਅਜਾਇਬ ਕਮਲ, ਗੁਰਚਰਨ ਰਾਮਪੁਰੀ ਅਤੇ ਨਿਰੰਜਨ ਸਿੰਘ ਨੂਰ ਵਰਗੇ ਅਜਿਹੇ ਕਵੀ ਵੀ ਸ਼ਾਮਿਲ ਸਨ ਜੋ ਵਿਦੇਸ਼ ਜਾਣ ਤੋ ਪਹਿਲਾਂ ਇਧਰ ਪੰਜਾਬ

ਵਿਚ ਕਾਫ਼ੀ ਪ੍ਰਸਿੱਧ ਹੋ ਚੁੱਕੇ ਸਨ। ਰਵੀ ਨੇ ਆਪਣੀ ਕਾਵਿ ਯਾਤਰਾ 1955 ਈ. ਵਿਚ ਸ਼ੁਰੂ ਕੀਤੀ ਸੀ ਅਤੇ ਵਿਦੇਸ਼ਾਂ ਵਿਚ ਜਾਣ ਤੋਂ ਪਹਿਲਾ ਇਕ ਪ੍ਰਯੋਗਵਾਦੀ ਕਵੀ ਦੇ ਰੂਪ ਵਿਚ ਉਸ ਦੀ ਨਿੱਗਰ ਪਹਿਚਾਣ ਬਣ ਚੁੱਕੀ ਸੀ। **ਅਜਾਇਬ ਕਮਲ** ਵੀ ਰਵਿੰਦਰ ਰਵੀ ਦਾ ਪ੍ਰਯੋਗਵਾਦੀ ਸਾਥੀ ਸੀ। ਗੁਰਚਰਨ ਰਾਮਪੁਰੀ ਅਤੇ ਨਿਰੰਜਨ ਸਿੰਘ ਨੂਰ ਪ੍ਰਗਤੀਵਾਦੀ ਕਵੀ ਸਨ। ਇਨ੍ਹਾਂ ਕਵੀਆਂ ਨੇ ਵਿਦੇਸ਼ਾਂ ਵਿਚ ਜਾ ਕੇ ਵੀ ਆਪਣੇ ਕਾਵਿ ਕਰਮ ਨੂੰ ਜਾਰੀ ਰੱਖਿਆ ਅਤੇ ਪਰਵਾਸੀ ਜੀਵਨ ਵਿਚੋਂ ਹਾਸਲ ਹੋਏ ਨਵੇਂ ਅਨੁਭਵ ਨੂੰ ਆਪਣੇ ਭਾਵਬੋਧ ਦਾ ਅੰਗ ਬਣਾ ਕੇ ਆਧੁਨਿਕ ਪੰਜਾਬੀ ਕਾਵਿ ਦੀਆਂ ਸਿਰਜਣਾਤਮਕ ਸੰਭਾਵਨਾਵਾਂ ਵਿਚ ਨਵਾਂ ਵਾਧਾ ਕੀਤਾ। ਪਰਵਾਸੀ ਪੰਜਾਬੀ ਕਾਵਿ ਦੇ ਕੁਝ ਨਮੂਨੇ ਦੇਖੋ:

ਉਮਰ ਦੇ ਪਥ ਤੇ, ਇਸ ਤਰਫ਼ ਵੀ ਖ਼ਲਾਅ ਹੈ।
ਉਸ ਤਰਫ਼ ਵੀ ਖ਼ਲਾਅ ਹੈ।
ਕਈ ਵਾਰ ਇੰਜ ਜਾਪਦਾ ਹੈ, ਜਿਵੇਂ
ਇਹ ਦੁਨੀਆਂ ਇਕ ਬਹੁਤ ਵੱਡਾ ਰੇਲਵੇ ਸਟੇਸ਼ਨ ਹੋਵੇ–
ਤੇ ਹਰ ਵਿਅਕਤੀ ਆਪਣਾ–ਆਪਣਾ ਖ਼ਲਾਅ ਸਮੇਟੀ,
ਲਾਈਨਾਂ ਦੇ ਅਨੰਤ ਮੱਕੜ–ਜਾਲ ਦੇ ਹਵਾਲੇ, ਸਵੈਕਾਰ ਵਾਹਣ ਵਾਂਗ
ਵਸੋਂ ਬਾਹਰ ਹੋਏ ਕੰਟਰੋਲ ਹੇਠ ਲਗਾਤਾਰ ਸ਼ੰਟ ਹੋ ਰਿਹਾ ਹੋਵੇ।
ਇਸ ਤਰਫ਼, ਉਸ ਤਰਫ਼, ਹਰ ਤਰਫ਼ ਖ਼ਲਾਅ ਵਿਚ।

(ਰਵਿੰਦਰ ਰਵੀ, **ਪਿਆਸਾ ਬੱਦਲ**)

ਹੁਣ ਧਰਤੀ ਦੇ ਦੂਜੇ ਪਾਸੇ ਪਹੁੰਚ ਗਿਆ ਹਾਂ
ਧੁੰਦ ਓਹਲੇ ਸੂਰਜ ਮੁਸਕਰਾਉਂਦਾ
ਜਿਸ ਦੀ ਤਪਸ਼ ਚ ਰੋਟੀ ਸੇਕਣ ਆਇਆ ਹਾਂ ਮੈਂ।

(ਗੁਰਚਰਨ ਰਾਮਪੁਰੀ)

ਕਾਲਾ ਕਾਮਾ ਚਿੱਟਾ ਕਾਮਾ, ਕਾਮਾ ਹੈ,
ਕਾਲਾ ਡਾਕੂ ਚਿੱਟਾ ਡਾਕੂ, ਡਾਕੂ ਹੈ।
ਖ਼ੂਨ ਤੇ ਹੰਝੂਆਂ ਦਾ ਕੋਈ ਰੰਗ ਨਹੀ,
ਅੱਜ ਕਾਲੇ ਤੇ ਚਿੱਟੇ ਦੀ ਕੋਈ ਜੰਗ ਨਹੀਂ।
ਅੱਜ ਲੜਾਈ ਲੋਕਾਂ ਦੀ ਤੇ ਜੋਕਾਂ ਦੀ।

(ਨਿਰੰਜਨ ਸਿੰਘ ਨੂਰ)

ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਿਚ ਪਰਵਾਸੀ ਪੰਜਾਬੀ ਕਵੀਆਂ ਨੇ ਆਪਣੀਆਂ ਵੱਖਰੀਆਂ ਵੱਖਰੀਆਂ ਪਰੰਪਰਾਵਾਂ ਸਥਾਪਿਤ ਕਰ ਰੱਖੀਆਂ ਹਨ। ਭੂਹੇਰਵਾ, ਬੇਗਾਨਗੀ, ਇਕਲਾਪਾ, ਅਚੰਭਾ, ਵਿਸੰਗਤੀ ਅਤੇ ਜੜ੍ਹਾਂ ਨਾਲੋਂ ਟੁੱਟੇ ਹੋਣ ਦਾ ਸੰਤਾਪ ਇਨ੍ਹਾਂ ਕਾਵਿ ਪਰੰਪਰਾਵਾਂ ਦੇ ਮੁੱਖ ਸਰੋਕਾਰ ਹਨ। ਬਰਤਾਨਵੀ ਕਾਵਿ ਖੇਤਰ ਵਿਚ ਜਗਤਾਰ ਢਾਅ, ਬਲਦੇਵ ਬਾਵਾ, ਅਵਤਾਰ ਜੰਡਿਆਲੀ, ਸੰਤੋਖ, ਸ਼ਿਵਚਰਨ ਗਿੱਲ ਅਤੇ ਮੁਸਤਾਕ ਸਿੰਘ ਵਰਣਨਯੋਗ ਹਨ। ਕੈਨੇਡਾ ਦੇ ਪ੍ਰਮੁੱਖ ਕਵੀਆਂ ਵਿਚ ਰਵਿੰਦਰ ਰਵੀ, ਗੁਰਮੇਲ, ਚਰਨ ਸਿੰਘ, ਸੁਖਿੰਦਰ, ਅਮਰਜੀਤ ਸਾਥੀ, ਨਦੀਮ ਪਰਮਾਰ, ਗਿੱਲ ਮੋਰਾਂਵਾਲੀ, ਗੁਰਚਰਨ ਰਾਮਪੁਰੀ, ਮਨਜੀਤ ਮੀਤ ਅਤੇ ਮਿੱਤਰ ਰਾਸ਼ਾ ਦਾ ਨਾਮ ਲਿਆ ਜਾ ਸਕਦਾ ਹੈ। ਅਮਰੀਕਾਂ ਵਿਚ ਸੁਖਵਿੰਦਰ ਕੰਬੋਜ, ਸਤਪਾਲ ਬਰਾੜ, ਸੰਤੋਖ ਮਿਨਹਾਸ ਆਦਿਕ ਕਵੀ ਵਰਣਨਯੋਗ ਹਨ। ਪਰਵਾਸੀ ਪੰਜਾਬੀ ਕਾਵਿ ਦੇ ਖੇਤਰ ਵਿਚ ਕੁਝ ਹੋਰ ਪ੍ਰਮੁੱਖ ਨਾਮ ਇਹ ਹਨ: ਅਮਰਜੀਤ ਚੰਦਨ (ਬਰਤਾਨੀਆਂ), ਗੁਰਦੇਵ ਸਿੰਘ ਰਾਇ (ਆਸਟ੍ਰੇਲੀਆਂ), ਪਰਮਿੰਦਰ ਸੋਢੀ (ਜਾਪਾਨ) ਅਤੇ ਮਹਿੰਦਰ ਗਿੱਲ, ਦੇਵਿੰਦਰ ਕੌਰ (ਕੈਨੇਡਾ) ਆਦਿ। ਪਰਵਾਸੀ ਲੇਖਕਾਂ ਨੇ ਕਾਵਿ ਦੇ ਖੇਤਰ ਵਿਚ ਬਹੁਤਾ ਯੋਗਦਾਨ ਪਾਇਆ ਹੈ ਕਿਉਂਕਿ ਵੈਰਾਗ, ਭਾਵੁਕਤਾ ਅਤੇ ਹੇਰਵੇ ਨੂੰ ਪ੍ਰਗਟ ਕਰਨ ਲਈ ਕਾਵਿ ਇਕ ਸਸ਼ਕਤ ਮਾਧਿਅਮ ਹੈ।

## 5.3 ਪਰਵਾਸੀ ਪੰਜਾਬੀ ਨਾਵਲ

ਪੰਜਾਬੀ ਨਾਵਲ ਵਿਚ ਪਰਵਾਸੀ ਸਰੋਕਾਰਾਂ ਨੂੰ ਪੇਸ਼ ਕਰਨ ਵਿਚ ਦਰਸ਼ਨ ਸਿੰਘ ਧੀਰ, ਹਰਜੀਤ ਅਟਵਾਲ, ਸਵਰਨ ਚੰਦਨ ਅਤੇ ਮਨਜੀਤ ਰਾਣਾ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਇਨ੍ਹਾਂ ਲੇਖਕਾਂ ਨੇ ਅਨੁਭਵ ਅਤੇ ਅਭਿਵਿਅਕਤੀ ਦੇ ਨਵੇਂ ਦਿਸੱਹਦਿਆਂ ਨੂੰ ਖੋਲ੍ਹਿਆ। **ਦਰਸ਼ਨ ਧੀਰ** ਦੇ ਪੰਜਾਬੀ ਵਿਚ ਪੰਜ ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ: **ਆਪਣੇ ਆਪਣੇ ਰਾਹ, ਸੰਘਰਸ਼, ਧੁੰਦਲਾ ਸੂਰਜ, ਲਕੀਰਾਂ ਤੇ ਮਨੁੱਖ** ਅਤੇ **ਘਰ ਤੇ ਕਮਰੇ।** ਉਹ ਦੁਆਬੇ ਦਾ ਜੰਮਪਲ ਹੈ ਪਰ ਉਸ ਨੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਇੰਗਲੈਂਡ ਦੀ ਧਰਤੀ ਤੋਂ ਹੀ ਸ਼ੁਰੂ ਕੀਤੀ, ਜਿੱਥੇ ਉਹ ਸੱਠਵਿਆਂ ਵਿਚ ਪਰਵਾਸ਼ ਕਰ ਗਿਆ ਸੀ। ਉਸ ਨੇ ਇੰਗਲੈਂਡ ਦੀ ਧਰਤੀ ਉਪਰ ਰਹਿਣ ਵਾਲੇ ਪੰਜਾਬੀ ਕਾਮਿਆ, ਵਿਦਿਆਰਥੀਆਂ ਅਤੇ ਮਜ਼ਦੂਰ ਸੰਗਠਨਾਂ ਲਈ ਕੰਮ ਕਰਨ ਵਾਲੇ ਪ੍ਰਗਤੀਸ਼ਲੀ ਲੋਕਾਂ ਦੇ ਜੀਵਨ ਨੂੰ ਬੜੇ ਪ੍ਰਮਾਣਿਕ ਢੰਗ ਨਾਲ ਚਿਤਰਿਆ ਹੈ। **ਹਰਜੀਤ ਅਟਵਾਲ** ਨੇ ਆਪਣੇ ਨਾਵਲ 'ਵਨ ਵੇਅ' ਵਿਚ ਦਰਸਾਇਆ ਹੈ ਕਿ ਜੀਵਨ ਪ੍ਰਵਾਹ ਪਿਛਾਂਹ ਵੱਲ ਨਹੀਂ ਮੁੜਦਾ ਬਲਕਿ ਅੱਗੇ ਤੋਂ ਅਗੇਰੇ ਵੱਲ ਅਗ੍ਰਸਰ ਹੁੰਦਾ ਰਹਿੰਦਾ ਹੈ। **ਸਵਰਨ ਚੰਦਨ** ਦੇ 'ਨਵੇਂ ਰਿਸ਼ਤੇ' (1980), 'ਕੱਚੇ ਘਰ' (1981), **ਕੱਖ ਕਾਨ ਤੇ ਦਰਿਆ (1982), 'ਕਦਰਾਂ ਕੀਮਤਾਂ (1983)** ਅਤੇ 'ਕੰਜਕਾ' (1992) ਆਦਿ ਨਾਵਲਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿਚੋਂ 'ਕੰਜਕਾਂ' ਵਿਸ਼ੇਸ਼ ਰੂਪ ਵਿਚ ਉਲੇਖਯੋਗ ਹੈ। ਇਸ ਨਾਵਲ ਵਿਚ ਲੇਖਕ ਨੇ ਬਰਤਾਨੀਆਂ ਦੀ ਪਰਵਾਸੀ ਪੰਜਾਬੀ ਔਰਤ ਦਾ ਗਲਪੀਕ੍ਰਿਤ ਇਤਿਹਾਸ ਲਿਖਿਆ ਹੈ। ਇਸ ਨਾਵਲ ਤੋਂ ਬਿਨਾਂ ਸਵਰਨ ਚੰਦਨ ਦਾ ਇਕ ਤ੍ਰੈਲੜੀ ਨਾਵਲ **'ਪੰਜਾਬ ਸੰਤਾਲੀ'** (ਉਜਾੜ, ਤਸਦੀਕ ਅਤੇ ਰੋਹ ਵਿਦਰੋਹ) ਵੀ ਉਲੇਖਯੋਗ ਹੈ। ਇਕ ਹੋਰ ਪਰਵਾਸੀ ਨਾਵਲਕਾਰ ਸਾਧੂ ਸਿੰਘ ਧਾਮੀ ਦਾ ਨਾਵਲ 'ਮਲੂਕਾ' ਇਕ ਇਤਿਹਾਸਕ ਦਸਤਾਵੇਜ਼ ਵਜੋਂ ਪ੍ਰਸਿੱਧ ਹੈ। ਰਘਬੀਰ ਰਿਸ਼ਤਿਆਂ ਦੀ ਯਾਤਰਾ), ਮਨਜੀਤ ਰਾਣਾ (ਅੰਗ੍ਰੇਜ਼ ਕੁੜੀਆਂ, ਧਰਤੀ ਦੇ ਵਾਰਸ, ਦਿਲ ਤੇ ਦੁਨੀਆਂ) ਭੁਪਿੰਦਰ ਸਿੰਘ (ਕਿਰਨਾਂ ਦਾ ਹਉਕਾ), ਨਿੰਦਰ ਗਿੱਲ, ਜਗਜੀਤ ਬਰਾੜ ਅਤੇ ਸੁਰਿੰਦਰ ਸਿੰਘ ਸੀਰਤ ਨੇ ਵੀ ਪਰਵਾਸੀ ਪੰਜਾਬ ਨਾਵਲ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

## 5.4 ਪਰਵਾਸੀ ਪੰਜਾਬੀ ਕਹਾਣੀ

ਪੰਜਾਬੀ ਕਹਾਣੀ ਦੇ ਵਿਕਾਸ ਵਿਚ ਪਰਵਾਸੀ ਲੇਖਕਾਂ ਨੇ ਬੜੀ ਅਹਿਮ ਭੂਮਿਕਾ ਨਿਭਾਈ ਹੈ। ਨਸਲਵਾਦ, ਭੂਹੇਰਵਾ ਅਤੇ ਅਜਨਬੀਅਤ ਦਾ ਅਹਿਸਾਸ ਪਰਵਾਸੀ ਪੰਜਾਬੀ ਕਹਾਣੀ ਦੇ ਕੁਝ ਪ੍ਰਮੁੱਖ ਸਰੋਕਾਰ ਹਨ। ਇਨ੍ਹਾਂ ਕਹਾਣੀਆਂ ਵਿਚ ਪੈਸੇ ਦੀ ਖ਼ਾਤਰ ਕਮਲੇ ਹੋਏ ਫਿਰਦੇ, ਇਕ-ਦੂਜੇ ਨਾਲ ਧੋਖਾਧੜੀ ਕਰ ਰਹੇ, ਆਪਦੇ ਖੋਲ ਵਿਚ ਸੁੰਗੜਦੇ ਜਾ ਰਹੇ, ਸਾਧਾਂ ਸੰਤਾਂ ਤੇ ਭਾਰਤ ਤੋਂ ਗਏ ਸਿਆਸੀ ਨੇਤਾਵਾਂ ਪਿਛੇ ਪਾਗਲ ਹੋਏ ਫਿਰਦੇ ਪਾਤਰਾਂ ਦੇ ਬਿਰਤਾਂਤ ਅੰਕਿਤ ਹੋਏ ਹਨ। ਪ੍ਰਤਿਮ ਸਿੱਧੂ ਦੀਆਂ ਬਹੁਤ ਸਾਰੀਆਂ ਕਹਾਣੀਆਂ ਇਸ ਤਰ੍ਹਾਂ ਦੇ ਭਟਕੇ ਹੋਏ ਪਾਤਰਾਂ ਨੂੰ ਪੇਸ਼ ਕਰਦੀਆਂ ਹਨ, ਜਿਵੇ: 'ਦੁੱਖ ਪ੍ਰਦੇਸ਼ਾਂ ਦੇ' ਅਤੇ 'ਸਾਧ' ਆਦਿਕ। ਸ਼ਿਵਚਰਨ ਗਿੱਲ (**ਗਊ ਹੱਤਿਆ, ਰੂਹ ਦਾ ਸਰਾਪ, ਭੈਅ ਦੇ ਪਰਛਾਵੇ, ਸਾਹਾਂ ਦਾ ਭਾਰ, ਮਰਦਾਵੀ ਔਰਤ**) ਨੇ ਵੀ ਪਰਵਾਸੀ ਜੀਵਨ ਦੇ ਬੜੇ ਪ੍ਰਮਾਣਿਕ ਚਿੱਤਰ ਪੇਸ਼ ਕੀਤੇ ਹਨ। ਸਾਥੀ ਲੁਧਿਆਣਵੀ ਮਾਨਸਿਕ ਤਣਾਉ ਦੀਆਂ ਕਹਾਣੀਆਂ ਲਿਖਦਾ ਹੈ। ਗੁਰਨਾਮ ਗਿੱਲ ਨੇ ਆਪਣੀ ਕਹਾਣੀ 'ਆਪਣਾ ਆਪਣਾ ਪਿੰਡ' ਵਿਚ ਪੈਸੇ ਦੇ ਰਿਸ਼ਤਿਆਂ ਨੂੰ ਜ਼ਬਾਨ ਦਿੱਤੀ ਹੈ। **ਜਰਨੈਲ ਸਿੰਘ (ਦੋ ਟਾਪੂ), ਹਰਜੀਤ ਅਟਵਾਲ** (ਇੱਕ ਸੱਚ ਮੇਰਾ ਵੀ) ਅਤੇ **ਜਰਨੈਲ ਸਿੰਘ ਗਰਚਾ (ਸੱਚ ਦਾ ਮੁੱਲ)** ਦੀਆਂ ਕਹਾਣੀਆਂ ਪਰਵਾਸ ਹੰਢਾ ਰਹੇ ਹਿੰਦੁਸਤਾਨੀਆਂ ਦੀਆਂ ਮੁਸ਼ਕਿਲਾਂ, ਦੁਸ਼ਵਾਰੀਆਂ ਅਤੇ ਵਿਸੰਗਤੀਆਂ ਨੂੰ ਪੇਸ਼ ਕਰਦੀਆਂ ਹਨ। **ਰਘਬੀਰ ਦੰਡ** ਦੀ ਕਹਾਣੀ 'ਨਾਗ' 'ਨਸਲਵਾਦ ਦੇ ਨਾਲ-ਨਾਲ ਅਜਨਬੀਅਤ ਦੇ ਅਹਿਸਾਸ ਨੂੰ ਵੀ ਰੂਪਮਾਨ ਕਰਦੀ ਹੈ। ਰਵਿੰਦਰ ਰਵੀ ਦੀਆਂ ਕਹਾਣੀਆਂ ਕੈਨੇਡਾ ਅਤੇ ਕੀਨੀਆਂ ਵਰਗੇ ਦੇਸ਼ਾਂ ਦੀਆਂ ਸਮਾਜਿਕ ਅਤੇ ਸਭਿਆਚਾਰਕ ਕੀਮਤਾਂ ਨੂੰ ਪੇਸ਼ ਕਰਦੀਆਂ ਹਨ। ਵੀਨਾ ਵਰਮਾ, ਸਾਧੂ ਬਿਨਿੰਗ, ਅਮਨਪਾਲ ਸਾਰਾ, ਸ਼ਸ਼ੀ ਸਮੁੰਦਰਾ, ਪ੍ਰਵੇਜ ਸੰਧੂ ਅਤੇ ਰਾਵੀ ਨਰਿੰਦਰ ਪਰਵਾਸੀ ਕਹਾਣੀਕਾਰਾਂ ਵਿਚੋਂ ਕੁਝ ਹੋਰ ਪ੍ਰਮੁੱਖ ਹਸਤਾਖ਼ਰ ਹਨ।

## 5.5. ਪਰਵਾਸੀ ਪੰਜਾਬੀ ਨਾਟਕ

ਵਿਦੇਸ਼ਾਂ ਵਿਚ ਪੰਜਾਬੀ ਨਾਟਕ ਬਹੁਤਾ ਵਿਕਸਿਤ ਨਹੀਂ ਹੋ ਸਕਿਆ।ਇਸ ਦਾ ਵੱਡਾ ਕਾਰਨ ਇਹ ਹੈ

ਕਿ ਨਾਟਕ, ਸਾਹਿੱਤ ਦਾ ਇਕ ਅਜਿਹਾ ਰੂਪ ਹੈ, ਜਿਹੜਾ ਕੇਵਲ ਲਿਖ ਲਿਆ ਜਾਣ ਨਾਲ ਹੀ ਮੁਕੰਮਲ ਨਹੀਂ ਹੋ ਜਾਂਦਾ, ਇਸ ਨੂੰ ਰੰਗਮੰਚ ਦੇ ਉਪਰ ਅਭਿਨੀਤ ਵੀ ਕਰਨਾ ਪੈਂਦਾ ਹੈ। ਰੰਗਮੰਚ ਉਪਰ ਪੇਸ਼ਕਾਰੀ ਲਈ ਬਹੁਤ ਸਾਰੇ ਅਦਾਕਾਰਾਂ ਨੂੰ ਕਈ-ਕਈ ਦਿਨ ਲਗਾਤਾਰ ਰਹਿਰਸਲ ਕਰਨੀ ਪੈਂਦੀ ਹੈ। ਵਿਦੇਸ਼ਾਂ ਵਿਚ ਨਾ ਕਿਸੇ ਪਾਸ ਏਨਾ ਵਕਤ ਹੁੰਦਾ ਹੈ ਅਤੇ ਨਾ ਉਤਸ਼ਾਹ। ਇਸ ਕਾਰਨ ਉਹ ਇੱਧਰੋਂ ਭਾਰਤ ਵਿਚੋ ਅਜਮੇਰ ਔਲਖ, ਆਤਮਜੀਤ ਅਤੇ ਪਾਲੀ ਭੁਪਿੰਦਰ ਸਿੰਘ ਵਰਗੇ ਕੁਸ਼ਲ ਨਾਟਕਕਾਰਾਂ-ਨਿਰਦੇਸ਼ਕਾਂ ਨੂੰ ਬੁਲਾ ਕੇ ਉਨ੍ਹਾਂ ਵੱਲੋਂ ਤਿਆਰ ਕਰਵਾਏ ਨਾਟਕ ਵੇਖ ਕੇ ਹੀ ਆਪਣੀ ਸਭਿਆਚਾਰਕ ਭੁੱਖ ਨੂੰ ਮਿਟਾ ਲੈਂਦੇ ਹਨ। ਕੈਨੇਡਾ ਵਿਚ ਰਵਿੰਦਰ ਰਵੀ ਇਕ ਅਜਿਹਾ ਨਾਟਕਕਾਰ ਹੈ। ਜਿਸਨੇ ਪਰਵਾਸੀ ਪੰਜਾਬੀ ਨਾਟਕ ਦੀ ਸਿਰਜਣਾ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। 'ਬੀਮਾਰ ਸਦੀ', 'ਅਧੀ ਰਾਤ ਦੁਪਹਿਰ', 'ਸੂਰਜ ਨਾਟਕ', 'ਚੌਕ ਨਾਟਕ', 'ਸਿਫਰ ਨਾਟਕ' ਅਤੇ 'ਮੱਕੜੀ' ਉਸ ਦੇ ਕੁੱਝ ਪ੍ਰਸਿੱਧ ਨਾਟਕ ਹਨ। ਰਵੀ ਨੇ ਨਾ ਕੇਵਲ ਪਰਵਾਸੀ ਨਾਟਕ ਬਲਕਿ ਸਮੁੱਚੇ ਪੰਜਾਬੀ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। **ਅਜਾਇਬ ਕਮਲ** (ਲੰਙੜਾ ਆਸਾਮਾਨ), ਜਗਤਾਰ ਢਾਅ, (ਇਕ ਸੁਪਨਾ ਮਛਲੀ ਦਾਂ), ਹਰਭਜਨ ਸਿੰਘ ਬਿਰਕ (ਜ਼ਮੀਨ) ਅਜਮੇਰ ਰੋਡੇ (ਦੂਜਾ ਪਾਸਾ, ਕਾਮਾ ਗਾਟਾ ਮਾਰੂ), ਤਰਸੇਮ ਨੀਲਗਿਰੀ (ਲੰਮੀ ਸੜਕ ਲਾਹੌਰ ਦੀ ਚੱਕਰਵਿਊਹ, ਛੜਿਆ ਦਾ ਗੀਤ) ਅਤੇ ਦਰਸ਼ਨ ਸਿੰਘ ਗਿਆਨੀ (ਨਿਮਾਣੀਆਂ ਗਊਆਂ) ਕੁੱਝ ਹੋਰ ਪ੍ਰਮੁੱਖ ਪ੍ਰਵਾਸੀ ਨਾਟਕਕਾਰ ਹਨ।

### 6.1 ਸਾਰ/ਨਿਸ਼ਕਰਸ਼

ਉਕਤ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪਿਛਲੇ ਸੌ ਕੁ ਵਰ੍ਹਿਆਂ ਦੇ ਅਰਸੇ ਵਿਚ ਪਰਵਾਸੀ ਪੰਜਾਬੀ ਲੇਖਕਾਂ ਨੇ ਪੰਜਾਬੀ ਸਾਹਿਤ ਵਿਚ ਅਨੁਭਵ ਅਤੇ ਅਭਿਵਿਅਕਤੀ ਦੇ ਪੱਖੋਂ ਕਾਫ਼ੀ ਮੁੱਲਵਾਨ ਦੇਣ ਦਿੱਤੀ ਹੈ। ਇਹ ਠੀਕ ਹੈ ਕਿ ਪਹਿਲੇ ਦੌਰ ਵਿਚ ਉਨ੍ਹਾਂ ਪਰਵਾਸੀ ਲੇਖਕਾਂ ਨੇ ਹੀ ਪੰਜਾਬੀ ਸਾਹਿਤ ਦੇ ਵਿਭਿੰਨ ਰੂਪਾਂ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਜੋ ਇੱਧਰ ਪੰਜਾਬ ਵਿਚ ਸਥਾਪਿਤ ਲੇਖਕਾਂ ਵਜੋਂ ਉੱਥੇ ਗਏ ਸਨ। ਅਜਿਹੇ ਲੇਖਕਾਂ ਵਿਚ ਗੁਰਚਰਨ ਰਾਮਪੁਰੀ, ਰਵਿੰਦਰ ਰਵੀ, ਅਜਾਇਬ ਕਮਲ, ਨਿਰੰਜਨ ਸਿੰਘ ਨੂਰ, ਕੇਸਰ ਸਿੰਘ ਨੀਰ, ਅਮਰਜੀਤ ਚੰਦਨ, ਸਤੀ ਕੁਮਾਰ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਪਰ ਦੂਜੇ ਅਤੇ ਤੀਜੇ ਦੌਰ ਵਿਚ ਕੁਝ ਅਜਿਹੇ ਲੇਖਕ ਵੀ ਉਲੇਖਯੋਗ ਹਨ, ਜਿਨ੍ਹਾਂ ਨੇ ਇੱਧਰ ਭਾਰਤ ਵਿਚ ਰਹਿੰਦਿਆਂ ਹੋਇਆ ਕਦੇ ਸਾਹਿੱਤ ਰਚਨਾ ਨਹੀਂ ਸੀ ਕੀਤੀ। ਉਨ੍ਹਾਂ ਨੇ ਉੱਧਰ ਦੇ ਦਬਾਵਾਂ ਨੂੰ ਅਭਿਵਿਅਕਤ ਕਰਨ ਦੀ ਜ਼ਰੂਰਤ ਵਜੋਂ ਹੀ ਸਾਹਿਤ ਰਚਨਾ ਦਾ ਮਾਧਿਅਮ ਚੁਣਿਆ। ਦਰਸ਼ਨ ਧੀਰ, ਹਰਜੀਤ ਅਟਵਾਲ, ਵੀਨਾ ਵਰਮਾ, ਸੁਖਵਿੰਦਰ ਕੰਬੋਜ, ਸੱਤਪਾਲ ਬਰਾੜ, ਮਨਜੀਤ ਸਿੰਘ, ਸਿੱਧੂ ਇਸ ਪ੍ਰਕਾਰ ਦੇ ਲੇਖਕਾਂ ਦੀ ਪ੍ਰਤੀਨਿਧਤਾਂ ਕਰਦੇ ਹਨ। ਪਰਵਾਸੀ ਸਾਹਿਤ ਦੇ ਪ੍ਰਸੰਗ ਵਿਚ ਸਵਾਲਾਂ ਦਾ ਸਵਾਲ ਉਨ੍ਹਾਂ ਨੌਜਵਾਨਾਂ/ਨਵਯੁਵਤੀਆਂ ਦੇ ਬਾਰੇ ਵਿਚ ਹੈ, ਜਿਹੜੇ ਉੱਧਰ ਹੀ ਪੈਦਾ ਹੋਏ ਅਤੇ ਹੁਣ ਭਰ ਜਵਾਨ ਅਥਵਾ ਪਰਿਪੱਕ ਹੋ ਗਏ ਹਨ। ਕੀ ਉਹ ਲੋਕ ਵੀ ਆਪਦੇ ਭਾਵਾਂ ਦੀ ਅਭਿਵਿਅਕਤੀ ਲਈ ਪੰਜਾਬੀ ਸਾਹਿਤ ਦੀ ਸਿਰਜਣਾ ਵੱਲ ਰੁਚਿਤ ਹੋਣਗੇ ਜਾਂ ਨਹੀ, ਇਹ ਵੇਖਣ ਤੇ ਵਿਚਾਰਨ ਵਾਲੀ ਗੱਲ ਹੈ। ਸੰਖੇਪ ਵਿਚ ਪਰਵਾਸੀ ਲੇਖਕਾਂ ਵਲੋਂ ਪਾਇਆ ਗਿਆ ਯੋਗਦਾਨ ਪ੍ਰਸੰਸ਼ਾਯੋਗ ਹੈ।

**ਵਿਸ਼ੈ ਨਾਲ ਸੰਬੰਧਤ ਕੁਝ ਹੋਰ ਪੜ੍ਹਨਯੋਗ ਪੁਸਤਕਾਂ** :


1. ਸੁਰਿੰਦਰਪਾਲ ਸਿੰਘ (ਸੰਪਾ.) **ਪਰਵਾਸੀ ਪੰਜਾਬੀ ਸਾਹਿਤ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990.
2. ਪ੍ਰੀਤਮ ਸਿੰਘ ਕੈਂਥ, (ਡਾ.), **ਬਰਤਾਨਵੀ ਪੰਜਾਬੀ ਕਵਿਤਾ: ਇਕ ਦ੍ਰਿਸ਼ਟੀ,** ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1999.
3. ਸੁਖਿੰਦਰ (ਸੰਪਾ.), **ਕੈਨੇਡੀਅਨ ਪੰਜਾਬੀ ਸਾਹਿਤ,** ਵਿਸ਼ਵਭਾਰਤੀ ਪ੍ਰਕਾਸ਼ਨ, ਬਰਨਾਲਾ, 2010.
4. ਬ੍ਰਹਮਜਗਦੀਸ਼ ਸਿੰਘ, ਰਾਜਬੀਰ ਕੌਰ, **ਪੰਜਾਬੀ ਸਾਹਿਤ ਦਾ ਇਤਿਹਾਸ,** ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2011.
5. **ਖੋਜ ਪਤ੍ਰਿਕਾ: ਪਾਕਿਸਤਾਨੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ** ਮਾਰਚ 1993, ਪੰਜਾਬੀ ਯੂਨੀਵਰਸਿਟੀ, ਪਟਿਆਲਾ।
6. **ਖੋਜ ਪਤ੍ਰਿਕਾ: ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ,1994.

ਪਾਠ ਨੰ: 2.11 | - ਪ੍ਰੋ. ਬ੍ਰਹਮਜਗਦੀਸ਼ ਸਿੰਘ

## ਸੰਯੁਕਤ ਪੰਜਾਬੀ ਸਾਹਿੱਤ ਦੀ ਇਤਿਹਾਸਕਾਰੀ
## (ਸੰਕਲਪ, ਸਰੂਪ ਅਤੇ ਵਿਕਾਸ)

### 1. ਰੂਪ ਰੇਖਾ

ਇਸ ਪਾਠ ਵਿਚ ਐੱਮ.ਏ. ਪੰਜਾਬੀ ਦੇ ਵਿਦਿਆਰਥੀਆਂ ਨੂੰ ਪੰਜਾਬੀ ਸਾਹਿੱਤ ਦੀ ਸੰਯੁਕਤ-ਇਤਿਹਾਸਕਾਰੀ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਮਾਡਲ ਸੰਯੁਕਤ-ਇਤਿਹਾਸਕਾਰੀ ਹੋਣਾ ਚਾਹੀਦਾ ਹੈ ਕਿਉਂਕਿ ਵੱਖ-ਵੱਖ ਦੇਸ਼ਾਂ/ਪ੍ਰਦੇਸ਼ਾਂ ਵਿਚ ਰਚੇ ਜਾ ਰਹੇ ਪੰਜਾਬੀ ਸਾਹਿੱਤ ਦੇ ਵਿਕਾਸ ਅਤੇ ਸੰਭਾਵਨਾਵਾਂ ਨੂੰ ਸਮਝਣ ਲਈ ਇਹੀ ਮਾਡਲ ਢੁੱਕਵਾਂ ਸਿੱਧ ਹੋਵੇਗਾ। ਵਿਦਿਆਰਥੀਆਂ ਦੀ ਸੁਵਿਧਾ ਲਈ ਇਸ ਪਾਠ ਵਿਚ ਦਿੱਤੀ ਜਾ ਰਹੀ ਸਮੱਗਰੀ ਨੂੰ ਹੇਠ ਲਿਖੇ ਉਪਭਾਗਾਂ ਵਿਚ ਵੰਡਿਆ ਗਿਆ ਹੈ :

1. ਸੰਯੁਕਤ ਇਤਿਹਾਸਕਾਰੀ ਦਾ ਸੰਕਲਪ
2. ਸੰਯੁਕਤ ਇਤਿਹਾਸਕਾਰੀ ਦਾ ਸਰੂਪ
3. ਸੰਯੁਕਤ ਇਤਿਹਾਸਕਾਰੀ ਦਾ ਵਿਕਾਸ।

### 2. ਉਦੇਸ਼

ਇਸ ਪਾਠ ਦਾ ਉਦੇਸ਼ ਸੰਯੁਕਤ-ਇਤਿਹਾਸਕਾਰੀ ਦੇ ਮਹੱਤਵ ਅਤੇ ਸੰਭਾਵਨਾਵਾਂ ਬਾਰੇ ਵਿਚਾਰ ਕਰਨਾ ਹੈ। ਦੇਸ਼-ਵੰਡ ਤੋਂ ਪਹਿਲਾਂ ਪੰਜਾਬੀ ਬੋਲਣ ਵਾਲੇ ਸਾਰੇ ਲੋਕ ਇਕ ਹੀ ਵਿਸ਼ਾਲ ਪ੍ਰਦੇਸ਼ ਵਿਚ ਰਹਿੰਦੇ ਸਨ। ਇਹ ਦੇਸ਼ ਪੰਜਾਂ ਦਰਿਆਵਾਂ ਦੀ ਧਰਤੀ ਦੇ ਨਾਮ ਨਾਲ ਪੂਰੀ ਦੁਨੀਆਂ ਵਿਚ ਜਾਣਿਆ ਜਾਂਦਾ ਸੀ। ਸਤਲੁਜ, ਬਿਆਸ, ਰਾਵੀ, ਝਨਾਂ ਅਤੇ ਜਿਹਲਮ ਆਦਿ ਦਰਿਆਵਾਂ ਦੇ ਪਾਣੀਆਂ ਨਾਲ ਸਿੰਜੀ ਜਾਣ ਵਾਲੀ ਇਹ ਧਰਤੀ, ਦੁਨੀਆਂ ਦਾ ਇਕ ਅਤਿਅੰਤ ਖੁਸ਼ ਅਤੇ ਖੁਸ਼ਹਾਲ ਖੇਤਰ ਸੀ। ਆਰੀਆ ਲੋਕ ਸਭ ਤੋਂ ਪਹਿਲਾਂ ਇਸੇ ਖੇਤਰ ਵਿਚ ਆਏ ਸਨ। ਉਨ੍ਹਾਂ ਦੇ ਆਗਮਨ ਤੋਂ ਪਹਿਲਾਂ ਵੀ ਇਸ ਖੇਤਰ ਦਾ ਸਭਿਆਚਾਰ ਅਤਿਅੰਤ ਵਿਕਸਿਤ ਸੀ ਅਤੇ ਸਿੰਧ ਘਾਟੀ ਦੀ ਸਭਿਅਤਾ ਵਜੋਂ ਜਾਣਿਆ ਜਾਂਦਾ ਸੀ। ਪਰੰਤੂ ਦੇਸ਼-ਵੰਡ ਨਾਲ ਇਹ ਖੇਤਰ ਦੋ ਟੋਟਿਆਂ ਵਿਚ ਵਿਭਾਜਿਤ ਕਰ ਦਿੱਤਾ ਗਿਆ। ਅੱਧੇ ਨਾਲੋਂ ਬਹੁਤਾ ਭਾਗ ਪਾਕਿਸਤਾਨ ਵਿਚ ਚਲਾ ਗਿਆ ਅਤੇ ਛੋਟਾ ਭਾਗ ਭਾਰਤ ਦੇ ਹਿੱਸੇ ਆਇਆ। ਦੇਸ਼-ਵੰਡ ਦੇ ਬਾਵਜੂਦ ਦੋਹਾਂ ਭਾਗਾਂ ਵਿਚ ਪੰਜਾਬੀ ਬੋਲੀ ਜਾਂਦੀ ਹੈ ਅਤੇ ਪੰਜਾਬੀ ਸਾਹਿੱਤ ਰਚਿਆ ਜਾਂਦਾ ਹੈ। ਪਰੰਤੂ ਅਜੇ ਤਕ ਪੰਜਾਬੀ ਸਾਹਿੱਤ ਦਾ ਕੋਈ ਸਾਂਝਾ ਜਾਂ ਸੰਯੁਕਤ ਇਤਿਹਾਸ ਨਹੀਂ ਰਚਿਆ ਜਾ ਸਕਿਆ। ਇਸ ਪਾਠ ਦੇ ਮਾਧਿਅਮ ਦੁਆਰਾ ਅਸੀਂ ਆਪਣੇ ਵਿਦਿਆਰਥੀਆਂ ਨੂੰ ਇਸ ਵਿਸ਼ੈ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ ਤਾਂ ਜੋ ਇਸ ਸਾਂਝ ਦੇ ਪ੍ਰਤੀ ਉਹ ਵਧੇਰੇ ਜਾਗਰੂਕ ਹੋਣ।

### 3. ਭੂਮਿਕਾ

ਦੇਸ਼-ਵੰਡ ਤੋਂ ਪਹਿਲਾਂ ਪੰਜਾਬ ਇਕ ਸੰਯੁਕਤ ਪ੍ਰਦੇਸ਼ ਹੁੰਦਾ ਸੀ, ਜਿਸ ਦੀਆਂ ਹੱਦਾਂ ਇਧਰੋਂ ਯੂ.ਪੀ. ਤਕ ਅਤੇ ਉਧਰ ਪਿਸ਼ਾਵਰ ਤਕ ਫੈਲੀਆਂ ਹੋਈਆਂ ਸਨ। ਉਨੀਵੀਂ ਸਦੀ ਦੇ ਅੰਤ ਤਕ ਦਰਿਆ ਜਮਨਾ ਤੋਂ ਦਰਿਆ ਸਿੰਧ ਤਕ ਸਾਰੇ ਖੇਤਰ ਨੂੰ ਪੰਜਾਬ ਕਿਹਾ ਜਾਂਦਾ ਸੀ ਅਤੇ ਉਸ ਵਕਤ ਇਸ ਖੇਤਰ ਨੂੰ 'ਸਪਤ ਸਿੰਧੂ' ਵੀ ਕਿਹਾ ਜਾਂਦਾ ਸੀ, ਅਰਥਾਤ ਸੱਤਾਂ ਦਰਿਆਵਾਂ ਦੀ ਧਰਤੀ। ਪਰੰਤੂ ਪਹਿਲਾਂ ਅੰਗਰੇਜ਼ਾਂ ਨੇ ਦਿੱਲੀ ਅਤੇ ਇਸ ਦੇ ਆਸ-ਪਾਸ ਦੇ ਖੇਤਰ ਨੂੰ ਪੰਜਾਬ ਨਾਲੋਂ ਵੱਖ ਕੀਤਾ। ਦੇਸ਼-ਵੰਡ ਸਮੇਂ 60% ਤੋਂ ਵਧੇਰੇ ਪੰਜਾਬ ਪਾਕਿਸਤਾਨ ਨੂੰ ਦੇ ਦਿਤਾ ਗਿਆ ਅਤੇ 1966 ਈ. ਵਿਚ ਬੋਲੀ ਦੇ ਨਾਮ ਉਤੇ ਇਕ ਨਵਾਂ ਪੰਜਾਬ ਸਿਰਜਣ ਦੇ ਬਹਾਨੇ ਹਰਿਆਣਾ ਪ੍ਰਦੇਸ਼ ਅਤੇ ਹਿਮਾਚਲ ਨੂੰ ਵੀ ਇਸ ਤੋਂ ਵੱਖ ਕਰ ਦਿੱਤਾ ਗਿਆ। ਅਜੋਕੀ ਸੂਰਤ ਵਿਚ ਪੰਜਾਬ ਮਹਿਜ਼ ਢਾਈ ਨਦੀਆਂ ਤਕ ਸੁੰਗੜ ਕੇ ਰਹਿ ਗਿਆ

ਹੈ। ਦਰਿਆ ਸਤਲੁਜ, ਬਿਆਸ ਅਤੇ ਅੱਧਾ ਕੁ ਰਾਵੀ ਸਾਡੇ ਪਾਸ ਰਹਿ ਗਿਆ ਹੈ। ਪਰ ਸੀਮਾਵਾਂ ਸੁੰਗੜ ਜਾਣ ਦੇ ਬਾਵਜੂਦ ਪੰਜਾਬੀ ਪੂਰੇ ਖੇਤਰ ਵਿਚ ਬੋਲੀ ਜਾਂਦੀ ਹੈ। ਨਾ ਕੇਵਲ ਪਾਕਿਸਤਾਨੀ ਪੰਜਾਬ ਅਤੇ ਹਰਿਆਣੇ ਵਿਚ ਪੰਜਾਬੀ ਸਾਹਿੱਤ ਪੂਰੇ ਜਾਹੋ-ਜਲਾਲ ਨਾਲ ਰਚਿਆ ਜਾ ਰਿਹਾ ਹੈ ਬਲਕਿ ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਪੰਜਾਬੀ ਲੋਕ ਪੂਰੀ ਦੁਨੀਆਂ ਦੇ ਵਿਕਸਿਤ ਦੇਸ਼ਾਂ ਵਿਚ ਫੈਲ ਗਏ ਹਨ। ਹੁਣ ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਜਰਮਨੀ ਅਤੇ ਜਾਪਾਨ ਵਰਗੇ ਦੇਸ਼ਾਂ ਵਿਚ ਵੀ ਪੰਜਾਬੀ ਸਾਹਿੱਤ ਦੀ ਰਚਨਾ ਕੀਤੀ ਜਾ ਰਹੀ ਹੈ। ਇਸ ਸੂਰਤ ਵਿਚ ਇਹ ਜ਼ਰੂਰੀ ਹੋ ਗਿਆ ਹੈ ਕਿ ਸਾਹਿਤ-ਰੂਪਾਂ ਅਤੇ ਪ੍ਰਵਿਰਤੀਆਂ ਦੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿੱਤ ਦੀ ਸੰਯੁਕਤ-ਇਤਿਹਾਸਕਾਰੀ ਕੀਤੀ ਜਾਵੇ। ਇਸ ਉੱਦਮ ਨਾਲ ਨਾ ਕੇਵਲ ਪੰਜਾਬੀ ਸਾਹਿੱਤ ਵਿਚ ਵਿਕਾਸ ਦੇ ਨਵੇਂ ਰਾਹ ਖੁੱਲ੍ਹਣਗੇ ਬਲਕਿ ਤੁਲਨਾਤਮਕ ਦ੍ਰਿਸ਼ਟੀ ਦੁਆਰਾ ਪੰਜਾਬੀ ਸਾਹਿੱਤਕਾਰਾਂ ਦੀ ਦੇਣ ਦਾ ਮੁਲਾਂਕਣ ਵੀ ਵਧੇਰੇ ਨਿਰਪੱਖ ਅਤੇ ਵਸਤੂਮੁਖ ਢੰਗ ਨਾਲ ਹੋ ਸਕੇਗਾ। ਇਹ ਕਾਰਜ ਕਾਫ਼ੀ ਚੁਣੌਤੀਭਰਪੂਰ ਤਾਂ ਹੈ ਪਰ ਅਸੰਭਵ ਨਹੀਂ ਹੈ। ਜੇ ਪੰਜਾਬੀ ਵਿਦਵਾਨ ਅਤੇ ਸਾਹਿੱਤ ਦੇ ਇਤਿਹਾਸਕਾਰ ਸੰਕਲਪ ਕਰ ਲੈਣ ਤਾਂ ਇਸ ਤਰ੍ਹਾਂ ਦੇ ਇਤਿਹਾਸ ਦੀ ਰਚਨਾ ਕੀਤੀ ਜਾ ਸਕਦੀ ਹੈ।

### 4.1 ਸੰਯੁਕਤ ਇਤਿਹਾਸਕਾਰੀ ਦਾ ਸੰਕਲਪ

ਸੰਯੁਕਤ ਇਤਿਹਾਸਕਾਰੀ ਦਾ ਸੰਕਲਪ ਮੂਲ ਰੂਪ ਵਿਚ ਇਸ ਭਾਵਨਾ ਅਥਵਾ ਉਦੇਸ਼ ਉਪਰ ਆਧਾਰਿਤ ਹੈ ਕਿ ਪੰਜਾਬੀ ਸਾਹਿੱਤ ਨੂੰ ਵੱਖ-ਵੱਖ ਧਰਮਾਂ ਜਾਂ ਦੇਸ਼ਾਂ ਦੀਆਂ ਸੀਮਾਵਾਂ ਵਿਚ ਨਾ ਵੰਡਿਆ ਜਾਵੇ। ਸਾਹਿਤ ਅਤੇ ਭਾਸ਼ਾ ਦਾ ਧਰਮਾਂ ਜਾਂ ਦੇਸ਼ਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਹ ਸਰਬ-ਸਾਂਝੇ ਹੁੰਦੇ ਹਨ। 1947 ਈ. ਤਕ ਪੰਜਾਬੀ ਸਾਹਿੱਤ ਦੀ ਇਤਿਹਾਸਕਾਰੀ ਕਰਨ ਵਾਲੇ ਵਿਦਵਾਨਾਂ ਨੂੰ ਇਸ ਪ੍ਰਕਾਰ ਦੀ ਕੋਈ ਸਮੱਸਿਆ ਨਹੀਂ ਸੀ ਕਿਉਂਕਿ ਪੰਜਾਬੀ ਬੋਲਣ ਅਤੇ ਇਸ ਵਿਚ ਸਾਹਿੱਤ ਰਚਨਾ ਕਰਨ ਵਾਲੇ ਸਾਰੇ ਲੋਕ ਇਕ ਹੀ ਪ੍ਰਦੇਸ਼ ਵਿਚ ਰਹਿੰਦੇ ਸਨ ਅਤੇ ਉਨ੍ਹਾਂ ਦਾ ਸਾਂਝਾ ਸਭਿਆਚਾਰ ਸੀ। ਪਰੰਤੂ ਦੇਸ਼-ਵੰਡ ਦੇ ਕਾਰਨ ਅਚਾਨਕ ਇਸ ਖੇਤਰ ਨੂੰ ਦੋ ਭਾਗਾਂ ਵਿਚ ਵਿਭਾਜਿਤ ਕਰ ਦਿੱਤਾ ਗਿਆ। ਉਪਰੋਂ ਸਿਤਮ ਇਹ ਹੋਇਆ ਕਿ ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਸੁਖਾਵੇਂ ਨਾ ਰਹੇ। 1947 ਈ. ਤੋਂ ਬਾਅਦ ਲਗਪਗ ਦਸ-ਬਾਹਾਂ ਵਰ੍ਹੇ ਹਾਲਾਤ ਕਾਫ਼ੀ ਸੁਖਾਵੇਂ ਸਨ। ਪਟਿਆਲੇ ਦੇ ਮਹਿਕਮਾ ਪੰਜਾਬੀ (ਹੁਣ ਭਾਸ਼ਾ ਵਿਭਾਗ) ਵਲੋਂ ਕਰਵਾਏ ਜਾਂਦੇ ਸਾਹਿਤਿਕ ਸਮਾਗਮਾਂ ਵਿਚ ਪਾਕਿਸਤਾਨੀ ਅਦੀਬ ਵੀ ਅਕਸਰ ਸ਼ਿਰਕਤ ਕਰਦੇ ਰਹਿੰਦੇ ਸਨ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਪਰਸਪਰ ਆਉਣ-ਜਾਣ ਦਾ ਸਿਲਸਿਲਾ ਹੋਰ ਵੀ ਸੁਖਾਵਾਂ ਹੋ ਜਾਵੇਗਾ। ਇਸ ਕਾਲ ਵਿਚ ਲਾਹੌਰ ਵਿਖੇ ਹੋਣ ਵਾਲੇ ਕ੍ਰਿਕਟ ਮੈਚ ਦੇਖਣ ਲਈ ਸੁਜਾਨ ਸਿੰਘ ਵਰਗੇ ਭਾਰਤੀ ਲੇਖਕ ਵੀ ਅੰਮ੍ਰਿਤਸਰ ਤੋਂ ਵੀਜ਼ਾ ਲਗਵਾ ਕੇ ਉਧਰ ਚਲੇ ਜਾਂਦੇ ਸਨ। ਪਰ ਹੌਲੀ-ਹੌਲੀ ਪਾਕਿਸਤਾਨ ਦੀ ਹਕੂਮਤ ਵਧੇਰੇ ਮੁਤਅੱਸਬ ਹੁੰਦੀ ਗਈ। ਮੁਹੰਮਦ ਅਲੀ ਜਿਨਾਹ ਬਹੁਤੀ ਦੇਰ ਤਕ ਜ਼ਿੰਦਾ ਨਾ ਰਿਹਾ। ਉਸ ਤੋਂ ਪਿਛੋਂ ਕਈ ਵਾਰ ਪਾਕਿਸਤਾਨ ਦਾ ਰਾਜ ਫੌਜੀ ਜਰਨੈਲ ਸੰਭਾਲਦੇ ਰਹੇ। ਉਨ੍ਹਾਂ ਨੂੰ ਸਾਹਿੱਤ ਅਤੇ ਸਭਿਆਚਾਰਕ ਵਰਗੀਆਂ ਸੂਖਮ ਕਲਾਵਾਂ ਨਾਲ ਕੋਈ ਵਾਸਤਾ ਨਹੀਂ ਸੀ। ਸਿੱਟੇ ਵਜੋਂ ਪਰਸਪਰ ਬੇਗਾਨਗੀ ਅਤੇ ਨਫ਼ਰਤ ਵਧਦੀ ਗਈ।

ਪਾਕਿਸਤਾਨ ਅਤੇ ਭਾਰਤ ਵਿਚਲੀ ਬੇਗਾਨਗੀ ਦਾ ਇਕ ਵੱਡਾ ਕਾਰਨ ਰੂਸ ਅਤੇ ਅਮਰੀਕਾ ਵੀ ਬਣੇ। ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਬੇਸ਼ੱਕ ਪੂੰਜੀਵਾਦੀ ਦੇਸ਼ਾਂ ਵਿਚ ਪੜ੍ਹਿਆ ਸੀ, ਉਹ ਇਕ ਅਤਿਅੰਤ ਧਨਾਢ ਖ਼ਾਨਦਾਨ ਨਾਲ ਸੰਬੰਧ ਰਖਦਾ ਸੀ ਪਰ ਉਹ ਇਕ ਸਮਾਜਵਾਦੀ ਚਿੰਤਕ ਸੀ। ਉਸ ਨੇ ਇਹ ਅਨੁਭਵ ਕਰ ਲਿਆ ਸੀ ਕਿ ਭਾਰਤ ਵਰਗੇ ਗ਼ਰੀਬ ਦੇਸ਼ ਦੇ ਵਿਕਾਸ ਲਈ ਸਮਾਜਵਾਦੀ ਮਾਡਲ ਹੀ ਢੁੱਕਵਾਂ ਰਹੇਗਾ। ਇਸ ਕਾਰਨ ਉਸ ਨੇ ਸੋਵੀਅਤ ਰੂਸ ਨਾਲ ਭਾਈਵਾਲੀ ਵਧਾ ਲਈ। ਪਰ ਰੂਸ ਅਤੇ ਅਮਰੀਕਾ ਵਿਚ ਸਰਬਸ੍ਰੇਸ਼ਠ ਬਣਨ ਲਈ ਇਕ ਠੰਡੀ ਜੰਗ (cold war) ਛਿੜੀ ਹੋਈ ਸੀ। ਨਹਿਰੂ ਦੇ ਇਸ ਫੈਸਲੇ ਤੋਂ ਅਮਰੀਕਾ ਬੇਹੱਦ ਚਿੜ ਗਿਆ। ਉਸ ਨੇ ਪਾਕਿਸਤਾਨ ਨੂੰ ਬੇਅੰਤ ਆਰਥਿਕ ਸਹਾਇਤਾ ਦੇਣੀ ਸ਼ੁਰੂ ਕਰ ਦਿੱਤੀ ਅਤੇ ਫੌਜੀ ਹਥਿਆਰਾਂ, ਲੜਾਕੂ ਹਵਾਈ ਜਹਾਜ਼ਾਂ ਅਤੇ ਟੈਂਕਾਂ ਨਾਲ ਉਸ ਨੂੰ ਮਾਲਾਮਾਲ ਕਰ ਦਿੱਤਾ। ਨਹਿਰੂ ਇਕ ਸ਼ਾਂਤੀਵਾਦੀ ਨੇਤਾ ਸੀ। ਉਸ ਦੀ ਜੰਗਾਂ-ਯੁੱਧਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਇਕ ਸਮਾਜਵਾਦੀ ਚਿੰਤਕ ਹੋਣ ਕਰ ਕੇ ਉਹ ਜਾਣਦਾ ਸੀ ਕਿ ਯੁੱਧ, ਕੌਮਾਂ ਨੂੰ ਬਰਬਾਦ ਕਰ ਦਿੰਦੇ ਹਨ ਪਰ ਪਾਕਿਸਤਾਨ ਬਰਬਾਦੀ ਦੇ ਮਾਰਗ ਉਪਰ ਚੱਲ ਨਿਕਲਿਆ ਸੀ। ਉਸ ਦੀ ਹੱਠਧਰਮੀ ਦੇ ਨਤੀਜੇ ਅਜ ਸਭ ਦੇ ਸਾਹਮਣੇ ਹਨ। ਪਾਕਿਸਤਾਨ ਕਸ਼ਮੀਰ ਮਸਲੇ ਉਪਰ ਕੋਈ-ਨਾ-ਕੋਈ ਸ਼ਰਾਰਤ ਕਰਦਾ ਰਹਿੰਦਾ ਸੀ। ਇਸ

ਲਈ ਦੋਹਾਂ ਦੇਸ਼ਾਂ ਵਿਚ ਸੰਬੰਧ ਵਿਗੜਦੇ ਚਲੇ ਗਏ। ਪਰਸਪਰ ਬੇਵਿਸ਼ਵਾਸੀ ਅਤੇ ਨਫ਼ਰਤ ਦੀ ਵਜ੍ਹਾ ਨਾਲ 1965 ਅਤੇ 1971 ਵਿਚ ਦੋ ਲੜਾਈਆਂ ਵੀ ਹੋਈਆਂ। ਪਾਕਿਸਤਾਨ ਦੀ ਬਹੁਤੀ ਸੀਮਾ ਇਧਰਲੇ ਪੰਜਾਬ ਨਾਲ ਲੱਗਦੀ ਹੈ, ਇਸ ਲਈ ਦੋਹਾਂ ਪੰਜਾਬਾਂ ਦੇ ਲੋਕਾਂ ਨੂੰ ਨਾ ਚਾਹੁੰਦਿਆਂ ਹੋਇਆ ਵੀ ਆਪਣੀ ਅਣਖ ਅਤੇ ਵਕਾਰ ਲਈ ਇਨ੍ਹਾਂ ਲੜਾਈਆਂ ਵਿਚ ਕੁੱਦਣਾ ਪਿਆ। ਇਨ੍ਹਾਂ ਲੜਾਈਆਂ ਕਾਰਨ ਪਰਸਪਰ ਈਰਖਾ ਅਤੇ ਦਵੈਸ਼ ਹੋਰ ਵੀ ਵਧ ਗਈ।

ਵਿਦੇਸ਼ ਨੀਤੀ ਦਾ ਨਿਰਮਾਣ ਕਰਨ ਸਮੇਂ ਸਰਕਾਰਾਂ ਆਮ ਲੋਕਾਂ ਦੀ ਕੋਈ ਰਾਇ ਨਹੀਂ ਲੈਂਦੀਆਂ। ਨਾ ਹੀ ਲੋਕ ਕਦੇ ਇਹ ਮੰਗ ਕਰਦੇ ਹਨ। ਸੱਤਾ ਨੂੰ ਸੰਭਾਲਣ ਵਾਲੇ ਸਵਾਰਥੀ ਅਤੇ ਲੋਭੀ ਨੇਤਾ ਆਪਣੇ ਆਪ ਨੂੰ ਸਭ ਤੋਂ ਸਿਆਣੇ ਸਮਝ ਲੈਂਦੇ ਹਨ। ਬਿਉਰੋਕ੍ਰੇਸੀ ਆਪਣੇ ਨਿੱਜੀ ਫ਼ਾਇਦੇ ਦੀ ਖ਼ਾਤਰ ਉਨ੍ਹਾਂ ਦੀ ਹਾਂ-ਵਿਚ-ਹਾਂ ਮਿਲਾਉਣ ਲਗਦੀ ਹੈ। ਪੁਲਸ ਅਤੇ ਫ਼ੌਜ, ਨੇਤਾਵਾਂ ਅਤੇ ਨੌਕਰਸ਼ਾਹਾਂ ਦੀ ਪਰਸਪਰ ਕੀਤੀ ਗੰਢ-ਤੁਪ ਨੂੰ ਸਿਰੇ ਚੜ੍ਹਾਉਣ ਲਈ ਦਮਨ ਅਤੇ ਧੱਕੇਸ਼ਾਹੀ ਤੋਂ ਕੰਮ ਲੈਂਦੀ ਹੈ। ਅੱਵਲ ਤਾਂ ਕੋਈ ਅਸਹਿਮਤੀ ਪ੍ਰਗਟ ਹੀ ਨਹੀਂ ਕਰਦਾ, ਜੇ ਕਰਦਾ ਦਿੱਸੇ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਡੱਕ ਦਿੱਤਾ ਜਾਂਦਾ ਹੈ। ਪਾਕਿਸਤਾਨ ਵਿਚ ਪ੍ਰਗਤੀਸ਼ੀਲ ਵਿਅਕਤੀਆਂ ਅਤੇ ਸੰਵੇਦਨਸ਼ੀਲ ਸਾਹਿੱਤਕਾਰਾਂ ਨਾਲ ਇਹੀ ਕੁਝ ਕੀਤਾ ਗਿਆ। ਸਿੱਟੇ ਵਜੋਂ ਭਾਰਤ ਨਾਲ ਸਾਂਝ ਅਤੇ ਸਦਭਾਵਨਾ ਦੀ ਆਵਾਜ਼ ਬੁਲੰਦ ਕਰਨ ਵਾਲੇ ਲੇਖਕ ਖਾਮੋਸ਼ ਹੋ ਕੇ ਰਹਿ ਗਏ। ਇਸ ਪ੍ਰਸੰਗ ਵਿਚ ਪਾਕਿਸਤਾਨ ਦੇ ਪ੍ਰਸਿੱਧ ਅਦੀਬ ਸਿਬਤੁਲ ਹਸਨ ਜ਼ੈਗਮ ਸਾਹਿਬ ਦੇ ਵਿਚਾਰ ਉਲੇਖਯੋਗ ਹਨ। ਆਪਣੇ ਇਕ ਲੇਖ ਵਿਚ ਪੰਜਾਬੀ ਬੋਲੀ ਪ੍ਰਤੀ ਪੰਜਾਬੀਆਂ ਦੀ ਬੇਮੁਖਤਾ ਦੇ ਕਾਰਨ ਸਪਸ਼ਟ ਕਰਦਾ ਹੋਇਆ ਉਹ ਲਿਖਦਾ ਹੈ, "ਅਮਰੀਕੀ ਸਾਮਰਾਜੀਆਂ ਨਾਲ ਪਾਕਿਸਤਾਨ ਦੇ ਸਿਆਸੀ ਤਾਅੱਲੁਕਾਤ ਕਾਫ਼ੀ ਪੀਡੇ ਹੋ ਚੁਕੇ ਸਨ। ਪਾਕਿਸਤਾਨ ਦੇ ਹਾਕਮ ਬਹੁਤਾ ਕਰ ਕੇ ਜਾਗੀਰਦਾਰ ਸਨ। ਏਸ ਕਰ ਕੇ ਉਹ ਰੂਸ ਵਰਗੇ ਸੋਸ਼ਲਿਸਟ ਮੁਲਕਾਂ ਨਾਲ ਤਅੱਲੁਕ ਪੈਦਾ ਕਰਨਾ ਨਹੀਂ ਸਨ ਚਾਹੁੰਦੇ। ਇਸੇ ਕਾਰਨ ਪਾਕਿਸਤਾਨ ਦੀਆਂ ਕੌਮਪ੍ਰਸਤ ਕੁਵੱਤਾਂ (ਸ਼ਕਤੀਆਂ) ਦੇ ਮੁਕਾਬਲੇ ਪਿੱਛੇ ਖਿੱਚੂ ਤਾਕਤਾਂ ਅਮਰੀਕਾ ਦੀ ਛਤਰ-ਛਾਂ ਹੇਠ ਬੈਠਣ ਲਈ ਤਿਆਰ ਹੋ ਗਈਆਂ ਤਾਂ ਜੋ ਉਨ੍ਹਾਂ ਦਾ ਰਾਜ-ਭਾਗ ਲੋਕਾਈ ਦੀ ਅਵਾਮਦੋਸਤ ਸਿਆਸਤ ਤੋਂ ਬਚਿਆ ਰਹੇ ਤੇ ਅਸਲ੍ਹਾ ਵੀ ਮਿਲਦਾ ਰਹੇ। ਇਸ ਲਈ ਪਾਕਿਸਤਾਨ ਵਿਚ ਵੱਡੀ ਗੁਣਾਤਮਕ ਤਬਦੀਲੀ ਇਹ ਆਈ ਕਿ ਪਾਕਿਸਤਾਨ ਉਪਰ ਉਰਦੂ ਬੋਲਣ ਵਾਲਿਆਂ ਦਾ ਪੂਰੀ ਤਰ੍ਹਾਂ ਨਾਲ ਕਬਜ਼ਾ ਹੋ ਗਿਆ। ਲਿਆਕਤ ਅਲੀ ਖਾਨ ਨੇ ਮੁਲਕ ਦੀ ਰਾਜਧਾਨੀ ਕਰਾਚੀ ਬਣਾ ਕੇ 'ਉਰਦੂਕ੍ਰੇਸੀ' ਵਾਲਿਆਂ ਦੀ ਪਿੱਠ ਠੋਕ ਦਿੱਤੀ। ...ਓਸ ਵੇਲੇ ਭਈਆ ਬਿਉਰੋਕ੍ਰੇਸੀ ਫੇਰ ਤਕੜੀ ਹੋ ਚੁੱਕੀ ਸੀ। ਉਨ੍ਹਾਂ ਦੇ ਆਗੂ ਕੁਦਰਤੁੱਲਾਹ ਨੇ ਬੜੀ ਹੋਸ਼ਿਆਰੀ ਨਾਲ ਦੋ ਕੰਮ ਕੀਤੇ। ਇਕ ਤਾਂ ਅਦੀਬਾਂ-ਸ਼ਾਇਰਾਂ ਨੂੰ ਮਾਲੀ ਫ਼ਾਇਦੇ ਦੇ ਕੇ ਆਪਣੀ ਇੱਕ ਲਾਬੀ ਬਣਾ ਲਈ ਅਤੇ ਦੂਜਾ ਤਰੱਕੀਪਸੰਦਾਂ ਦੀ ਸਹਾਇਤਾ ਨਾਲ ਇਕ ਅਜਿਹਾ ਧੜਾ ਖੜਾ ਕਰ ਲਿਆ ਜਿਹੜਾ ਜ਼ਾਹਰਾ ਤੌਰ ਤੇ ਕੁਦਰਤੁੱਲਾਹ ਦਾ ਵਿਰੋਧ ਕਰਦਾ ਸੀ ਪਰ ਅੰਦਰਖਾਤੇ ਕੰਮ ਉਸੇ ਦੀ ਮਰਜ਼ੀ ਅਨੁਸਾਰ ਕਰਦਾ ਸੀ। ਉਸ ਨੇ ਇਨ੍ਹਾਂ ਲੋਕਾਂ ਕੋਲੋਂ ਪੰਜਾਬੀ ਦੇ ਹੱਕ ਵਿਚ ਨਾਅਰੇ ਮਰਵਾ ਕੇ ਇਹ ਸਿੱਧ ਕਰ ਦਿੱਤਾ ਕਿ ਖੱਬੇ ਪੱਖੀ ਲੋਕ ਹੀ ਰੂਸ ਅਤੇ ਭਾਰਤ ਵਾਸਤੇ ਨਰਮੀ/ਸਦਭਾਵਨਾ ਰੱਖਦੇ ਹਨ, (ਇਸ ਕਾਰਨ ਇਹ ਮਲਕ ਦੇ ਗ਼ੱਦਾਰ ਹਨ)। ਇਸ ਪ੍ਰਕਾਰ ਪਾਕਿਸਤਾਨ ਦੀ ਸਿਆਸਤ ਵਿਚ ਪੰਜਾਬੀ ਨਾਲ ਪ੍ਰੇਮ ਕਰਨਾ ਅਤੇ ਇਸ ਦੇ ਵਿਕਾਸ ਲਈ ਆਵਾਜ਼ ਬੁਲੰਦ ਕਰਨਾ ਇਕ ਜੁਰਮ ਬਣ ਗਿਆ। ("ਪਾਕਿਸਤਾਨ ਦੀ ਤਹਿਜ਼ੀਬੀ ਸ਼ਨਾਖ਼ਤ ਦਾ ਮਸਲਾ", *ਖੋਜ ਪਤ੍ਰਿਕਾ-37,* ਪੰਨੇ 3-4)

ਸਿਬਤੁਲ ਹਸਨ ਜ਼ੈਗਮ ਆਪਣੇ ਇਸੇ ਲੇਖ ਵਿਚ ਪੰਜਾਬੀ ਵਿਰੋਧੀ ਧੜੇ ਦੀ ਸਾਜ਼ਿਸ਼ ਨੂੰ ਬੇਨਕਾਬ ਕਰਦਾ ਹੋਇਆ ਲਿਖਦਾ ਹੈ ਕਿ ਕੁਦਰਤੁੱਲਾਹ ਨੇ ਇਹ ਸਿੱਧ ਕਰ ਦਿੱਤਾ ਕਿ ਪੰਜਾਬੀ ਦਾ ਮਸਲਾ ਸਾਰੇ ਪਾਕਿਸਤਾਨੀਆਂ ਦਾ ਮਸਲਾ ਨਹੀਂ ਹੈ ਬਲਕਿ ਖੱਬੇਪੱਖੀ ਸੋਚ ਵਾਲੇ ਚੰਦ ਸਿਰਫ਼ਿਰੇ ਅਦੀਬਾਂ ਦਾ ਹੀ ਮਸਲਾ ਹੈ ਅਤੇ ਪੰਜਾਬੀ ਬੋਲੀ ਵੀ ਸਿਰਫ਼ ਉਨ੍ਹਾਂ ਦੀ ਹੀ ਮਾਦਰੀ ਜ਼ਬਾਨ ਹੈ। ਇਸ ਤਰ੍ਹਾਂ ਉਸ ਨੇ ਪੰਜਾਬੀ ਦੇ ਵਿਕਾਸ ਵਾਸਤੇ ਬਣੇ ਉਸ ਮੁਹਾਜ਼ ਨੂੰ ਖ਼ਤਮ ਕਰ ਦਿੱਤਾ, ਜਿਹੜਾ ਡਾ. ਫ਼ਕੀਰ ਮੁਹੰਮਦ ਫ਼ਕੀਰ, ਮੌਲਾਣਾ ਅਬਦੁਲ ਮਜੀਦ ਸਾਲਿਕ ਆਦਿ ਨੇ ਬਣਾਇਆ ਸੀ। (*ਉਹੀ,* ਪੰਨਾ 5) ਪਾਕਿਸਤਾਨ ਵਿਚ ਪੰਜਾਬੀ ਸਾਹਿੱਤ ਬਾਰੇ ਗੱਲ ਕਰਨ ਵਾਲੇ ਕਥਿਤ ਆਲੋਚਕਾਂ ਅਤੇ ਇਤਿਹਾਸਕਾਰਾਂ ਨੇ ਆਪਣੇ ਸਿਆਸੀ ਰਹਿਨੁਮਾਵਾਂ ਨੂੰ ਖ਼ੁਸ਼ ਕਰਨ ਲਈ ਹਿੰਦੁਸਤਾਨੀ ਪੰਜਾਬ ਦਾ ਨਾਮ ਲੈਣਾ ਹੀ ਬੰਦ ਕਰ ਦਿੱਤਾ ਅਤੇ ਆਪਣੇ ਵਲੋਂ ਪੰਜਾਬੀ ਸਾਹਿੱਤ ਦੇ ਜਿਹੜੇ ਇਤਿਹਾਸ ਲਿਖੇ, ਉਸ ਵਿਚ ਕੇਵਲ ਮੁਸਲਮਾਨ ਲੇਖਕਾਂ ਦੇ ਹੀ ਨਾਮ ਲਏ।

ਇਸ ਸੂਰਤ ਵਿਚ ਪਾਕਿਸਤਾਨ ਵਿਚ ਲਿਖੇ ਗਏ ਪੰਜਾਬੀ ਸਾਹਿੱਤ ਦੇ ਇਤਿਹਾਸ ਅਸਲੋਂ ਅਪ੍ਰਮਾਣਿਕ ਅਤੇ ਅਰਥਹੀਣ ਸਿੱਧ ਹੋ ਗਏ। ਓਧਰਲੇ ਇਤਿਹਾਸਕਾਰਾਂ ਦੀ ਤੁਲਣਾ ਵਿਚ ਏਧਰਲੇ ਸਾਹਿਤਕਾਰਾਂ ਅਤੇ ਆਲੋਚਕਾਂ ਨੇ ਪਾਕਿਸਤਾਨੀ ਪੰਜਾਬੀ ਸਾਹਿੱਤ ਨੂੰ ਪ੍ਰੋਮੋਟ ਕਰਨ ਉਪਰ ਵੱਧ ਤੋਂ ਵੱਧ ਜ਼ੋਰ ਦਿੱਤਾ। ਅੰਮ੍ਰਿਤਾ ਪ੍ਰੀਤਮ ਦੁਆਰਾ ਸੰਪਾਦਿਤ 'ਨਾਗਮਣੀ' ਦੇ ਹਰ ਅੰਕ ਵਿਚ ਕੋਈ ਨਾ ਪਾਕਿਸਤਾਨੀ ਅਦੀਬ ਨਿਯਮਿਤ ਤੌਰ ਤੇ ਪ੍ਰਕਾਸ਼ਿਤ ਹੁੰਦਾ ਰਹਿੰਦਾ ਸੀ। ਇਸੇ ਤਰ੍ਹਾਂ ਆਰਸੀ, ਪ੍ਰੀਤਲੜੀ ਅਤੇ ਹੋਰ ਸਾਹਿਤਿਕ ਮੈਗਜ਼ੀਨਾਂ ਨੇ ਆਪਣੇ ਬੂਹੇ ਪਾਕਿਸਤਾਨੀ ਸਾਹਿੱਤ ਲਈ ਖੁਲ੍ਹੇ ਰੱਖੇ। ਮੁਨੀਰ ਨਿਆਜ਼ੀ, ਹਨੀਫ਼ ਚੌਧਰੀ, ਮੇਜਰ ਇਸਹਾਕ ਮੁਹੰਮਦ, ਅਫ਼ਜ਼ੁਲ ਅਹਿਸਨ ਰੰਧਾਵਾ, ਚਰਾਗ਼ਦੀਨ ਦਾਮਨ, ਬਾਬਾ ਨਜਮੀ, ਸਾਰਾ ਸ਼ਗੁਫ਼ਤਾ, ਫ਼ਖਰ ਜ਼ਮਾਂ ਅਤੇ ਅਬਾਸ ਅਤਹਰ ਵਰਗੇ ਪਾਕਿਸਤਾਨੀ ਸਾਹਿਤਕਾਰ ਜਿੰਨੀ ਸ਼ਿੱਦਤ ਅਤੇ ਮੁਹੱਬਤ ਨਾਲ ਏਧਰਲੇ ਪੰਜਾਬ ਵਿਚ ਪੜ੍ਹੇ ਗਏ, ਓਨੇ ਸ਼ਾਇਦ ਪਾਕਿਸਤਾਨ ਵਿਚ ਵੀ ਨਾ ਪੜ੍ਹੇ ਗਏ ਹੋਣ। ਇਸੇ ਤਰ੍ਹਾਂ ਨਜਮ ਹੁਸੈਨ ਸਯਦ ਦੀ ਆਲੋਚਨਾ ਨੂੰ ਐੱਮ.ਏ. ਅਤੇ ਐੱਮ.ਫ਼ਿਲ. ਦੇ ਪਾਠ-ਕ੍ਰਮਾਂ ਵਿਚ ਸ਼ਾਮਲ ਕੀਤਾ ਗਿਆ, ਐੱਮ.ਫ਼ਿਲ ਕਰਨ ਵਾਲੇ ਵਿਦਿਆਰਥੀਆਂ ਤੋਂ ਅਫ਼ਜ਼ਲ ਅਹਿਸਨ ਰੰਧਾਵਾ, ਫ਼ਖਰ ਜ਼ਮਾਂ ਅਤੇ ਹੋਰ ਪਾਕਿਸਤਾਨੀ ਲੇਖਕਾਂ ਬਾਰੇ ਸ਼ੋਧ-ਕਾਰਜ ਕਰਵਾਇਆ ਗਿਆ। ਐੱਮ.ਏ. ਦੇ ਪਾਠਕ੍ਰਮਾਂ ਵਿਚ ਪਾਕਿਸਤਾਨ ਦਾ ਕੋਈ ਨਾ ਕੋਈ ਅਦੀਬ ਵੀ ਜ਼ਰੂਰ ਪੜ੍ਹਾਇਆ ਜਾਂਦਾ ਰਿਹਾ ਹੈ।

ਡਾ. ਅਤਰ ਸਿੰਘ, ਡਾ. ਕਰਨੈਲ ਸਿੰਘ ਥਿੰਦ, ਡਾ. ਜਗਤਾਰ, ਡਾ. ਰਣਧੀਰ ਸਿੰਘ ਚੰਦ ਅਤੇ ਜਤਿੰਦਰਪਾਲ ਸਿੰਘ ਜੌਲੀ ਵਰਗੇ ਵਿਦਵਾਨ ਨਾ ਕੇਵਲ ਪਾਕਿਸਤਾਨੀ ਸਾਹਿਬ ਬਾਰੇ ਨਿਰੰਤਰ ਲੇਖ ਲਿਖਦੇ ਰਹੇ ਬਲਕਿ ਪਾਕਿਸਤਾਨ ਵਿਚ ਰਚੇ ਗਏ ਬਹੁਤ ਸਾਰੇ ਸਾਹਿੱਤ ਨੂੰ ਲਿਪੀਅੰਤਰਿਤ ਵੀ ਕਰਦੇ ਰਹੇ। ਪਿਛਲੇ ਦਿਨੀਂ ਰਘਬੀਰ ਸਿੰਘ ਭਰਤ ਨੇ ਮੌਲਾ ਬਖ਼ਸ਼ ਕੁਸ਼ਤਾ ਰਚਿਤ 'ਪੰਜਾਬੀ ਸਾਹਿਤ ਦਾ ਤਜ਼ਕਰਾ' ਗੁਰਮੁਖੀ ਵਿਚ ਲਿਪੀਅੰਤਰਿਤ ਕੀਤਾ। ਉਸ ਨੇ ਪਾਕਿਸਤਾਨੀ ਪੰਜਾਬੀ ਨਾਟਕ ਬਾਰੇ ਵੀ ਕਾਫ਼ੀ ਕੰਮ ਕੀਤਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਰਤੀ ਪੰਜਾਬ ਦੇ ਲੇਖਕਾਂ ਨੇ ਪਾਕਿਸਤਾਨ ਦੇ ਕੁਝ ਹਠਧਰਮੀ ਲੇਖਕਾਂ ਦੇ ਅਨੁਚਿਤ ਵਿਹਾਰ ਦੇ ਬਾਵਜੂਦ ਪਾਕਿਸਤਾਨੀ ਪੰਜਾਬੀ ਸਾਹਿਤ ਪ੍ਰਤੀ ਆਪਣੀ ਸਦਭਾਵਨਾ ਅਤੇ ਅਪਣੱਤ ਨੂੰ ਕਾਇਮ ਰੱਖਿਆ ਹੈ। ਸਾਡੇ ਏਧਰਲਾ ਹਰ ਪੰਜਾਬੀ ਲੇਖਕ ਅਤੇ ਪਾਠਕ ਸਮਕਾਲੀ ਦੌਰ ਵਿਚ ਲਿਖ ਰਹੇ ਪਾਕਿਸਤਾਨੀ ਅਦੀਬਾਂ ਬਾਰੇ ਡੂੰਘੀ ਜਾਣਕਾਰੀ ਅਤੇ ਮੁਬਾਰਕ ਸੋਚ ਰਖਦਾ ਹੈ ਜਿਥੋਂ ਪਤਾ ਚਲਦਾ ਹੈ ਕਿ ਭਾਰਤ ਵਿਚ ਧਾਰਮਿਕ ਸਦਭਾਵਨਾ ਦੀਆਂ ਜੜ੍ਹਾਂ ਕਾਫ਼ੀ ਮਜ਼ਬੂਤ ਹਨ ਅਤੇ ਸਾਡੇ ਲੋਕ ਸਾਹਿੱਤ ਅਤੇ ਬੋਲੀ ਨੂੰ ਕਿਸੇ ਧਰਮ ਜਾਂ ਖੇਤਰ ਵਿਸ਼ੇਸ਼ ਨਾਲ ਜੋੜ ਕੇ ਵੇਖਣ ਦੀ ਕਮਅਕਲੀ ਨਹੀਂ ਕਰਦੇ।

## 4.2 ਸੰਯੁਕਤ ਇਤਿਹਾਸਕਾਰੀ ਦਾ ਸਰੂਪ

ਹਰ ਲੇਖਕ ਇਕ ਵਿਸ਼ੇਸ਼ ਦੇਸ਼ ਅਤੇ ਕਾਲ ਵਿਚ ਪੈਦਾ ਹੁੰਦਾ ਹੈ। ਉਸ ਦੀਆਂ ਰਚਨਾਵਾਂ ਉਪਰ ਉਸ ਦੇਸ਼ ਅਤੇ ਕਾਲ ਦੀ ਛਾਪ ਲੱਗੀ ਰਹਿੰਦੀ ਹੈ। ਕਵੀ ਆਪਣੇ ਦੇਸ਼-ਕਾਲ ਦੇ ਦਬਾਵਾਂ ਤੋਂ ਬੇਨਿਆਜ਼ ਰਹਿਣ ਦੀ ਚਾਹੇ ਕਿੰਨੀ ਵੀ ਕੋਸ਼ਿਸ਼ ਨਾ ਕਰੇ, ਉਹ ਇਨ੍ਹਾਂ ਤੋਂ ਮੁਕਤ ਨਹੀਂ ਹੋ ਸਕਦਾ। ਬਲਕਿ ਜਿਹੜੇ ਲੋਕ ਇਹ ਦਾਅਵਾ ਕਰਨ ਕਿ ਉਨ੍ਹਾਂ ਉਪਰ ਆਪਣੇ ਯੁਗ ਦੇ ਦੇਸ਼-ਕਾਲ ਦਾ ਕੋਈ ਪ੍ਰਭਾਵ ਨਹੀਂ ਹੈ, ਉਹ ਸਿਰਜਣਾ ਕਰ ਹੀ ਨਹੀਂ ਸਕਦੇ। ਸਿੱਖ ਗੁਰੂ ਸਾਹਿਬਾਨ ਅਤੇ ਸੂਫ਼ੀ ਦਰਵੇਸ਼ਾਂ ਨੇ ਅਧਿਆਤਮਕ ਰੰਗਣ ਦੀ ਜਿੰਨੀ ਵੀ ਬਾਣੀ ਰਚੀ, ਉਸ ਉਪਰ ਉਨ੍ਹਾਂ ਦੇ ਦੇਸ਼-ਕਾਲ ਦੀ ਛਾਪ ਸਪਸ਼ਟ ਤੌਰ ਤੇ ਲੱਗੀ ਵੇਖੀ ਜਾ ਸਕਦੀ ਹੈ। ਸਿੱਖ ਗੁਰੂ ਸਾਹਿਬਾਨ ਤਾਂ ਸੱਤਾ ਦੀਆਂ ਸਿਖਰਾਂ ਉਪਰ ਬੈਠੇ ਰਾਜਿਆਂ ਅਤੇ ਉਨ੍ਹਾਂ ਦੇ ਮੁਕੱਦਮਾਂ ਨੂੰ ਕਠੋਰ ਤਾੜਨਾ ਵੀ ਨਿਰੰਤਰ ਕਰਦੇ ਰਹੇ ਹਨ। ਸੂਫ਼ੀ ਕਵੀਆਂ ਦੇ ਕਲਾਮ ਵਿਚ ਉਨ੍ਹਾਂ ਵਰਗੀ ਸਪਸ਼ਟ ਤਾੜਨਾ ਭਾਵੇਂ ਨਜ਼ਰ ਨਹੀਂ ਆਉਂਦੀ ਪਰ ਫਿਰ ਵੀ ਉਹ ਆਪਣੇ ਯੁਗ ਦੇ ਦਬਾਵਾਂ ਦੁਆਰਾ ਅੰਦੋਲਿਤ ਹੁੰਦੇ ਰਹੇ ਅਤੇ ਉਨ੍ਹਾਂ ਨੇ ਭਾਰਤ ਵਿਚ ਰਹਿਣ ਵਾਲੇ ਮਾਸੂਮ ਲੋਕਾਂ ਦੇ ਦੁਖ-ਦਰਦ ਨੂੰ ਮਹਿਸੂਸ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਗਲ ਨਾਲ ਲਾ ਕੇ ਧੀਰਜ ਪ੍ਰਦਾਨ ਕੀਤਾ। ਇਸ ਸੂਰਤ ਵਿਚ ਸਾਹਿੱਤ ਦਾ ਇਤਿਹਾਸ ਲਿਖਣ ਵਾਲੇ ਆਲੋਚਕਾਂ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਲੇਖਕ ਦੇ ਸਮਾਜਿਕ ਆਰਥਿਕ ਪਰਿਵੇਸ਼ ਨੂੰ ਸਮਝਣ ਅਤੇ ਪਾਠਕਾਂ ਨੂੰ ਵੀ ਸਮਝਾਉਣ ਕਿ ਹਰ ਰਚਨਾ ਦੇ ਪਿਛੋਕੜ ਵਿਚ ਲੇਖਕ ਦੀ ਸਮਾਜਿਕ-ਆਰਥਿਕ ਪ੍ਰਿਸ਼ਟਭੂਮੀ ਕਰਮਸ਼ੀਲ ਰਹਿੰਦੀ ਹੈ। ਅਸੀਂ ਭਗਤ ਨਾਮਦੇਵ, ਭਗਤ ਕਬੀਰ ਅਤੇ ਭਗਤ ਰਵਿਦਾਸ ਦੀ ਪਵਿੱਤਰ ਬਾਣੀ ਦੇ ਪ੍ਰਮੁਖ ਵਿਚਾਰਧਾਰਾਈ ਧਰਾਤਲਾਂ ਨੂੰ ਉਤਨੀ ਦੇਰ ਤਕ ਪੂਰੀ ਤਰ੍ਹਾਂ ਨਾਲ ਨਹੀਂ ਸਮਝ ਸਕਾਂਗੇ, ਜਿੰਨੀ ਦੇਰ ਤਕ ਅਸੀਂ ਉਨ੍ਹਾਂ ਦੀ

ਸਭਿਆਚਾਰਕ ਪ੍ਰਿਸ਼ਟਭੂਮੀ ਨੂੰ ਨਹੀਂ ਜਾਣ-ਸਮਝ ਲੈਂਦੇ। ਆਧੁਨਿਕ ਕਾਲ ਦੇ ਸਾਹਿੱਤਕਾਰਾਂ ਨੂੰ ਸਮਝਣ ਲਈ ਅਜਿਹੀ ਪ੍ਰਿਸ਼ਟੀਭੂਮੀ ਦਾ ਵਿਸ਼ਲੇਸ਼ਣ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਦੇ ਸਰੋਕਾਰ ਦੁਨਿਆਵੀ ਜਾਂ ਪਦਾਰਥਕ ਹੁੰਦੇ ਹਨ। ਸਾਹਿਤ ਦੇ ਇਤਿਹਾਸਕਾਰਾਂ ਲਈ ਭਾਰਤ ਅਤੇ ਪਾਕਿਸਤਾਨ ਦੇ ਸਮਾਜਿਕ-ਰਾਜਨੀਤਕ ਅਤੇ ਆਰਥਿਕ ਪਰਿਵੇਸ਼ ਦਾ ਜ਼ਿਕਰ ਕਰਨ ਤੋਂ ਬਗੈਰ ਉਥੇ ਰਚੇ ਗਏ ਸਾਹਿੱਤ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨਾ ਸੰਭਵ ਨਹੀਂ ਹੈ।

ਕਿਸੇ ਵੀ ਸਾਹਿੱਤ ਦੇ ਇਤਿਹਾਸ ਦਾ ਅਰਥ ਸਾਹਿੱਤ ਦੇ ਰੂਪਾਂ ਦਾ ਇਤਿਹਾਸ ਹੀ ਹੁੰਦਾ ਹੈ। ਸਾਹਿੱਤ ਦੇ ਰੂਪ ਕਿਸੇ ਦੇਸ਼ ਜਾਂ ਸਮਾਜ ਦੀਆਂ ਪਦਾਰਥਕ ਸਥਿਤੀਆਂ ਵਿਚੋਂ ਜਨਮ ਲੈਂਦੇ ਹਨ। ਪਦਾਰਥਕ ਸਥਿਤੀਆਂ ਅਤੇ ਉਨ੍ਹਾਂ ਦੇ ਦਬਾਉ ਲੇਖਕਾਂ ਦੇ ਮਨਾ ਵਿਚ ਕੁਝ ਭਾਵਾਂ ਨੂੰ ਅੰਦੋਲਿਤ ਕਰਦੇ ਹਨ ਅਤੇ ਭਾਵ ਸ਼ਬਦਾਂ ਦਾ ਰੂਪ ਧਾਰਨ ਕਰ ਕੇ ਕਿਸੇ ਰੂਪਾਕਾਰ ਨੂੰ ਜਨਮ ਦਿੰਦੇ ਹਨ। ਸੋ ਇਹ ਕਹਿਣਾ ਕਿ ਰੂਪਾਕਾਰ ਕਿਸੇ ਦੇਸ਼ ਦੀਆਂ ਆਰਥਿਕ-ਪਦਾਰਥਕ ਸਥਿਤੀਆਂ ਤੋਂ ਨਿਰਲੇਪ ਜਾਂ ਸੁਤੰਤਰ ਹੁੰਦੇ ਹਨ, ਠੀਕ ਨਹੀਂ ਹੈ। ਹਰ ਦੇਸ਼ ਜਾਂ ਸਮਾਜ ਵਿਚ ਪਹਿਲਾਂ ਆਰਥਿਕ-ਪਦਾਰਥਕ ਸਥਿਤੀਆਂ ਉਤਪੰਨ ਹੁੰਦੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਰੂਪਮਾਨ ਕਰਨ ਲਈ ਰੂਪਾਕਾਰ ਪੈਦਾ ਹੋ ਜਾਂਦੇ ਹਨ। ਕਈ ਵਾਰ ਇਹ ਵੇਖਿਆ ਜਾਂਦਾ ਹੈ ਕਿ ਕੋਈ ਸਾਹਿਤ-ਰੂਪ ਕਿਸੇ ਬਿਗਾਨੇ ਦੇਸ਼ ਜਾਂ ਸਭਿਆਚਾਰ ਵਿਚੋਂ ਆਪਣੇ ਦੇਸ਼ ਵਿਚ ਆ ਜਾਂਦਾ ਹੈ ਜਿਵੇਂ ਪੰਜਾਬੀ ਸਾਹਿਤ ਵਿਚ ਨਾਵਲ ਆ ਗਿਆ ਜਾਂ ਕਵਿਤਾ ਵਿਚ ਗ਼ਜ਼ਲ ਆ ਗਈ... ਇਤਿਆਦਿ। ਪਰ ਗਹੁ ਨਾਲ ਦੇਖਣ ਤੇ ਪਤਾ ਚਲਦਾ ਹੈ ਕਿ ਬਿਗਾਨੇ ਦੇਸ਼ਾਂ ਜਾਂ ਸਭਿਆਚਾਰਾਂ ਵਿਚੋਂ ਕੋਈ ਰੂਪ ਉਸੇ ਸਮੇਂ ਆਉਂਦਾ ਹੈ ਜਦੋਂ ਸਾਡੇ ਆਪਣੇ ਦੇਸ਼ ਵਿਚ ਉਹੋ ਜਿਹੀਆਂ ਵਸਤੂ-ਸਥਿਤੀਆਂ ਪੈਦਾ ਹੋ ਜਾਂਦੀਆਂ ਹਨ। ਇਕ ਹੋਰ ਉਲੇਖਯੋਗ ਤੱਥ ਇਹ ਵੀ ਕਿ ਜਦੋਂ ਵੀ ਕੋਈ ਸਾਹਿਤ-ਰੂਪ ਬਾਹਰੋਂ ਆਉਂਦਾ ਹੈ ਤਾਂ ਉਹ ਇੰਨ-ਬਿੰਨ ਉਸੇ ਤਰ੍ਹਾਂ ਨਾਲ ਨਹੀਂ ਆ ਜਾਂਦਾ ਬਲਕਿ ਆਪਣੇ ਦੇਸ਼ ਦੀਆਂ ਵਸਤੂ-ਸਥਿਤੀਆਂ ਅਨੁਸਾਰ ਰੂਪਾਂਤਰਿਤ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਪੰਜਾਬੀ ਨਾਵਲ, ਪੱਛਮੀ ਨਾਵਲ ਦੀ 'ਕਾਪੀ' ਨਹੀਂ ਹੈ। ਇਸ ਵਿਚ ਬਹੁਤ ਕੁਝ ਅਜਿਹਾ ਆ ਗਿਆ ਹੈ, ਜੋ ਨਿਰੋਲ ਪੰਜਾਬੀ ਹੈ। ਇਹੀ ਗੱਲ ਪੰਜਾਬੀ ਗ਼ਜ਼ਲ ਉਪਰ ਲਾਗੂ ਹੁੰਦੀ ਹੈ।

ਜਦੋਂ ਅਸੀਂ ਸਾਹਿੱਤ ਦੇ ਕਿਸੇ ਰੂਪ ਦਾ ਇਤਿਹਾਸ ਲਿਖਦੇ ਹਾਂ ਤਾਂ ਮਾਲੂਮ ਹੁੰਦਾ ਹੈ ਕਿ ਸਾਹਿਤ ਦੇ ਉਸ ਰੂਪ ਵਿਚ ਹੌਲੀ-ਹੌਲੀ ਪਰਿਵਰਤਨ ਆਉਂਦੇ ਜਾਂਦੇ ਹਨ। ਇਹ ਪਰਿਵਰਤਨ ਕੇਵਲ ਵਸਤੂ-ਸਮੱਗਰੀ ਨਾਲ ਹੀ ਸੰਬੰਧ ਨਹੀਂ ਰਖਦੇ ਬਲਕਿ ਰੂਪ ਦੀ ਪ੍ਰਕਿਰਤੀ (ਸੁਭਾਅ) ਜਾਂ ਗੁਣਾਂ-ਲਛਣਾਂ ਨਾਲ ਵੀ ਰਖਦੇ ਹਨ। ਕਦੇ ਸਾਹਿਤ ਦੇ ਕਿਸੇ ਰੂਪ ਵਿਚ ਭਾਵਨਾ ਤੱਤ ਵਧ ਜਾਂਦਾ ਹੈ, ਕਦੇ ਘਟ ਜਾਂਦਾ ਹੈ। ਕਦੇ ਕਲਪਨਾ ਖੁੱਲ੍ਹੀਆਂ ਉਡਾਰੀਆਂ ਮਾਰਨ ਲਗਦੀ ਹੈ, ਕਦੇ ਬੁੱਧੀ ਦੇ ਅਧੀਨ ਰਹਿ ਕੇ ਵਿਚਾਰਦੀ ਹੈ। ਕਦੇ ਪਾਤਰ ਪਰਾਕ੍ਰਮੀ ਅਤੇ ਮਹਾਮਾਨਵ ਬਣ ਜਾਂਦੇ ਹਨ, ਕਦੇ ਸਾਧਾਰਣ ਅਤੇ ਬੇਬਸ ਜਿਹੇ ਦਿਖਾਈ ਦਿੰਦੇ ਹਨ। ਇਸੇ ਪ੍ਰਕਾਰ ਕਦੇ ਕਥਾ-ਤੱਤ ਸ਼ਿਰੋਮਣੀ ਹੋ ਨਿਬੜਦਾ ਹੈ ਅਤੇ ਕਦੇ ਕਥਾ-ਤੱਤ ਵੱਲ ਬੇਧਿਆਨੀ ਹੋਣ ਲੱਗਦੀ ਹੈ। ਸਾਹਿੱਤ ਦੇ ਇਤਿਹਾਸਕਾਰਾਂ ਨੂੰ ਸਾਹਿੱਤ-ਰੂਪਾਂ ਵਿਚ ਆਉਣ ਵਾਲੇ ਇਨ੍ਹਾਂ ਪਰਿਵਰਤਨਾਂ ਨੂੰ, ਤਤਕਾਲੀ ਯੁੱਗ ਦੇ ਸਮਾਜਿਕ-ਸਭਿਆਚਾਰਕ ਦਬਾਵਾਂ ਦੀ ਰੌਸ਼ਨੀ ਵਿਚ ਪੜ੍ਹਨ (decode) ਦੇ ਸਮਰੱਥ ਹੋਣਾ ਚਾਹੀਦਾ ਹੈ।

ਸਾਹਿਤ ਦੇ ਵਿਭਿੰਨ ਰੂਪਾਂ ਦਾ ਵਿਕਾਸ ਅੰਕਿਤ ਕਰਨ ਦੌਰਾਨ ਵਿਚਾਰਧਾਰਾਈ ਪ੍ਰਵਿਰਤੀਆਂ ਦਾ ਅਧਿਐਨ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਇਹ ਪ੍ਰਵਿਰਤੀਆਂ ਕਿਸੇ ਰੂਪਾਕਾਰ ਵਿਸ਼ੇਸ਼ ਨੂੰ ਪ੍ਰਭਾਵਿਤ ਅਤੇ ਨਿਯੰਤ੍ਰਿਤ ਕਰਦੀਆਂ ਰਹਿੰਦੀਆਂ ਹਨ। ਜਿਸ ਪ੍ਰਕਾਰ ਹਰ ਦੇਸ਼ ਦੀਆਂ ਆਰਥਿਕ-ਪਦਾਰਥਕ ਸਥਿਤੀਆਂ ਵਿਲੱਖਣ ਹੁੰਦੀਆਂ ਹਨ, ਉਸੇ ਪ੍ਰਕਾਰ ਉਥੇ ਉਤਪੰਨ ਹੋਣ ਵਾਲੀਆਂ ਪ੍ਰਵਿਰਤੀਆਂ ਵੀ ਕਿਸੇ ਹੋਰ ਦੇਸ਼ ਤੋਂ ਵੱਖਰੀਆਂ ਹੁੰਦੀਆਂ ਹਨ। ਇਸ ਸੂਰਤ ਵਿਚ ਹਰ ਦੇਸ਼/ਪ੍ਰਦੇਸ਼ ਵਿਚ ਪੈਦਾ ਹੋਣ ਵਾਲੇ ਸਾਹਿੱਤ ਰੂਪਾਂ ਨੂੰ ਵੱਖ-ਵੱਖ ਸ਼ੀਰਸ਼ਕਾਂ ਅਧੀਨ ਰੱਖ ਕੇ ਵਿਚਾਰਨਾ ਪਵੇਗਾ। ਭਾਰਤੀ ਪੰਜਾਬ ਵਿਚ ਪੈਦਾ ਹੋਣ ਵਾਲੀ ਕਵਿਤਾ, ਨਾਵਲ, ਨਾਟਕ ਅਤੇ ਨਿੱਕੀ ਕਹਾਣੀ ਪੱਛਮੀ ਪੰਜਾਬ ਵਿਚ ਪੈਦਾ ਹੋਣ ਵਾਲੇ ਇਨ੍ਹਾਂ ਰੂਪਾਂ ਤੋਂ ਵਖਰੀ ਸ਼ਨਾਖਤ ਰੱਖਣ ਵਾਲੇ ਸਾਹਿਤ-ਰੂਪ ਸਿੱਧ ਹੋਣਗੇ। ਇਸੇ ਪ੍ਰਕਾਰ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਆਦਿ ਦੇਸ਼ਾਂ ਵਿਚ ਰਚੇ ਜਾਣ ਵਾਲੇ ਸਾਹਿਤ-ਰੂਪ ਵੀ ਵਿਲੱਖਣ ਸ਼ਨਾਖਤ ਦੇ ਧਾਰਨੀ ਹੋਣਗੇ। ਸੋ ਵੱਖ-ਵੱਖ ਦੇਸ਼ਾਂ ਵਿਚ ਪੈਦਾ ਹੋਇਆ ਅਤੇ ਪੰਜਾਬੀਆਂ ਵਲੋਂ ਰਚਿਆ ਗਿਆ ਇਕ ਹੀ ਸਾਹਿੱਤ ਰੂਪ ਆਪਣੇ-ਆਪਣੇ ਸਮਾਜਿਕ-ਸਭਿਆਚਾਰ ਪਰਿਵੇਸ਼ ਦੇ ਕਾਰਨ ਸੁਤੰਤਰ ਗੁਣਾਂ-ਲੱਛਣਾਂ ਦਾ ਧਾਰਨੀ ਹੋ ਨਿੱਬੜੇਗਾ। ਇਸ ਤੱਥ ਨੂੰ ਧਿਆਨ ਵਿਚ ਰੱਖ

ਕੇ ਹੀ ਸੰਯੁਕਤ ਇਤਿਹਾਸਕਾਰੀ ਦੇ ਪ੍ਰਾਜੈਕਟ ਨੂੰ ਹੱਥਾਂ ਵਿਚ ਲੈਣ ਦੀ ਜ਼ਰੂਰਤ ਹੈ।

### 4.3 ਸੰਯੁਕਤ ਇਤਿਹਾਸਕਾਰੀ ਦਾ ਵਿਕਾਸ

ਇਸ ਤਰ੍ਹਾਂ ਦਾ ਉੱਦਮ ਕਰਨ ਬਾਰੇ ਵੀ ਸੋਚਿਆ ਜਾ ਸਕਦਾ ਹੈ ਕਿ ਪੰਜਾਬੀ ਸਾਹਿੱਤ ਦਾ ਮੁਕੰਮਲ ਸੰਯੁਕਤ ਇਤਿਹਾਸ ਇਕ ਹੀ ਜਿਲਦ ਵਿਚ ਮੁਕੰਮਲ ਕਰਨ ਦੀ ਬਜਾਇ, ਸਾਹਿੱਤ ਦੇ ਵੱਖ-ਵੱਖ ਰੂਪਾਂ ਦਾ ਇਤਿਹਾਸ ਅਲੱਗ-ਅਲੱਗ ਜਿਲਦਾ ਵਿਚ ਲਿਖਵਾ ਲਿਆ ਜਾਵੇ, ਜਿਵੇਂ ਪੰਜਾਬੀ ਨਾਵਲ, ਨਾਟਕ, ਕਹਾਣੀ ਅਤੇ ਕਾਵਿ ਦੀ ਇਤਿਹਾਸਕਾਰੀ ਆਦਿ। ਪੰਜਾਬੀ ਅਕਾਦਮੀ ਦਿੱਲੀ ਨੇ ਇਸ ਪ੍ਰਕਾਰ ਦਾ ਇਕ ਪ੍ਰਾਜੈਕਟ ਮੁਕੰਮਲ ਕੀਤਾ ਵੀ ਹੈ। ਉਸੇ ਨੂੰ ਹੋਰ ਵਿਸਤਾਰ ਦਿੱਤਾ ਜਾ ਸਕਦਾ ਹੈ। ਉਨ੍ਹਾਂ ਇਤਿਹਾਸਾਂ ਵਿਚ ਪਾਕਿਸਤਾਨੀ ਅਤੇ ਵਿਦੇਸ਼ਾਂ ਵਿਚ ਰਚੇ ਗਏ ਪੰਜਾਬੀ ਸਾਹਿੱਤ ਬਾਰੇ ਹੋਰ ਸਮੱਗਰੀ ਪਾਈ ਜਾ ਸਕਦੀ ਹੈ। ਸਾਡੇ ਇਧਰ ਵਰਣਨਾਤਮਕ ਪੁਸਤਕ-ਸੂਚੀਆਂ (descriptive-biblographies) ਲਿਖਣ ਦੀ ਪਰੰਪਰਾ ਨਹੀਂ ਹੈ। ਇਤਿਹਾਸ ਅਤੇ ਹੋਰ ਸਮਾਜ-ਵਿਗਿਆਨਾਂ ਵਿਚ ਤਾਂ ਸ਼ਾਇਦ ਇਹੋ ਜਿਹੀਆਂ ਪੁਸਤਕ-ਸੂਚੀਆਂ ਮੌਜੂਦ ਹਨ, ਸਾਹਿੱਤ ਵਿਚ ਮੌਜੂਦ ਨਹੀਂ ਹਨ ਪਰ ਇਹ ਕੰਮ ਕਿਸੇ ਇਕੱਲੇ-ਦੁਕੱਲੇ ਵਿਅਕਤੀ ਦਾ ਨਹੀਂ ਹੈ। ਇਸ ਵਿਚ ਇਕ ਪੂਰੀ ਟੀਮ ਹੋਣੀ ਚਾਹੀਦੀ ਹੈ ਅਤੇ ਇਸ ਟੀਮ ਦਾ ਇਕ ਮੁਖ ਸੰਪਾਦਕ ਹੋਣਾ ਚਾਹੀਦਾ ਹੈ, ਜੋ ਵਸਤੂ-ਸਮੱਗਰੀ ਅਤੇ ਲਿਖਣ-ਸ਼ੈਲੀ ਦੀ ਸੋਧ-ਸੁਧਾਈ ਦਾ ਕੰਮ ਕਰੇ। ਇਨ੍ਹਾਂ ਸੂਚੀਆਂ ਵਿਚ ਕਿਸੇ ਲੇਖਕ ਦੀ ਹਰ ਪੁਸਤਕ ਦੀ ਤਿੰਨ-ਚਾਰ ਪੰਨਿਆਂ ਵਿਚ ਭਰਪੂਰ ਜਾਣ-ਪਛਾਣ ਕਰਵਾਈ ਜਾਵੇ। ਪੁਸਤਕ ਦੇ ਵਿਸ਼ੈ, ਕਹਾਣੀ ਦਾ ਸਾਰ, ਸ਼ੈਲੀ ਦੀ ਵਿਲੱਖਣਤਾ ਅਤੇ ਅਭਿਵਿਅੰਜਨਾ-ਵਿਧੀਆਂ ਬਾਰੇ ਸਾਰੀ ਜ਼ਰੂਰੀ ਜਾਣਕਾਰੀ ਦਿੱਤੀ ਜਾਵੇ। ਫਿਰ ਇਹੀ ਵਰਣਨਾਤਮਕ-ਸੂਚੀਆਂ ਵੱਖ-ਵੱਖ ਸਾਹਿਤ ਰੂਪਾਂ ਦੀ ਇਤਿਹਾਸਕਾਰੀ ਦੇ ਆਧਾਰ-ਗ੍ਰੰਥਾਂ ਦੀ ਭੂਮਿਕਾ ਨਿਭਾਉਣ। ਇਹ ਕੰਮ ਨਿਰੰਤਰ ਜਾਰੀ ਰਹਿਣਾ ਚਾਹੀਦਾ ਹੈ ਕਿਉਂਕਿ ਸਾਹਿਤਿਕ ਪੁਸਤਕਾਂ ਨਿਰੰਤਰ ਲਿਖੀਆਂ ਜਾਂਦੀਆਂ ਅਤੇ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਜਿਉਂਦੇ ਸਾਹਿੱਤਕਾਰ ਨਵੀਆਂ ਤੋਂ ਨਵੀਆਂ ਪੁਸਤਕਾਂ ਰਚਦੇ ਰਹਿੰਦੇ ਹਨ। ਕਿਸੇ ਸਾਹਿਤ-ਰੂਪ ਦੀ ਤਿਆਰੀ ਵਿਚ ਲੱਗੀ ਟੀਮ ਆਪਣੇ ਹੋ ਚੁਕੇ ਕਾਰਜ ਨੂੰ ਨਿਰੰਤਰ ਸੋਧਦੀ ਅਤੇ ਵਿਸਤਾਰਦੀ ਰਹੇ। ਸਾਡੇ ਦੇਸ਼ ਵਿਚ ਇਸ ਪ੍ਰਕਾਰ ਦੀ ਪ੍ਰਣਾਲੀ ਨਹੀਂ ਹੈ। ਸਾਡੇ ਬਸ ਇਹੀ ਚਲਦਾ ਹੈ ਕਿ ਕੋਈ ਖੋਜ-ਪ੍ਰਾਜੈਕਟ ਕਿਸੇ ਇਕ ਜਾਂ ਬਹੁਤੇ ਵਿਅਕਤੀਆਂ ਨੂੰ ਦੇ ਦਿੱਤਾ। ਜਦੋਂ ਉਹ ਖ਼ਤਮ ਹੋ ਗਿਆ ਤਾਂ ਟੀਮ ਦਾ ਵਿਗਠਨ ਕਰ ਦਿੱਤਾ ਅਤੇ ਕੰਮ ਖ਼ਤਮ ! ਪਰੰਤੂ ਮਹਾਨ-ਕੋਸ਼ਕਾਰੀ, ਸੰਦਰਭ-ਗ੍ਰੰਥਾਵਲੀਆਂ ਜਾਂ ਵਰਣਨਾਤਮਕ-ਸੂਚੀਆਂ ਦਾ ਕੰਮ ਇਉਂ ਖ਼ਤਮ ਨਹੀਂ ਹੁੰਦਾ। ਇਹ ਤਾਂ ਨਿਰੰਤਰ ਹੀ ਚਲਦੇ ਰਹਿਣਾ ਚਾਹੀਦਾ ਹੈ। ਯੂਨੀਵਰਸਿਟੀਆਂ ਨੂੰ ਇਹੋ ਜਿਹੇ ਵੱਡੇ ਪ੍ਰਾਜੈਕਟ ਹੀ ਹੱਥ ਵਿਚ ਲੈਣੇ ਚਾਹੀਦੇ ਹਨ। ਇਹ ਨਹੀਂ ਕਿ ਕਿਸੇ ਲੇਖਕ ਨੇ ਕੋਈ ਪੁਸਤਕ ਲਿਖੀ, ਉਹ ਛਪਵਾ ਦਿੱਤੀ ਜਾਂ ਕਿਸੇ ਵਿਦਵਾਨ ਤੋਂ ਉਸ ਬਾਰੇ ਪੁਸਤਕ ਲਿਖਵਾ ਕੇ ਛਪਵਾ ਦਿੱਤੀ। ਇਹ ਛੋਟੇ ਕੰਮ ਹਨ ਅਤੇ ਯੂਨੀਵਰਸਿਟੀਆਂ ਤੋਂ ਬਾਹਰ ਬੈਠੇ ਲੋਕ ਵੀ ਅਜਿਹੇ ਕੰਮ ਨੂੰ ਬਾਖ਼ੂਬੀ ਕਰ ਸਕਦੇ ਹਨ। ਯੂਨੀਵਰਸਿਟੀਆਂ ਅਤੇ ਅਕਾਦਮੀਆਂ ਨੂੰ ਵੱਡੇ ਅਤੇ ਆਧਾਰਭੂਤ ਕਾਰਜ ਆਪਣੇ ਹੱਥਾਂ ਵਿਚ ਲੈਣੇ ਚਾਹੀਦੇ ਹਨ ਤਾਂ ਹੀ ਪ੍ਰਮਾਣਿਕ ਕਿਸਮ ਦੇ ਸਰੋਤ-ਗ੍ਰੰਥ ਪਾਠਕਾਂ ਨੂੰ ਉਪਲਬਧ ਕਰਵਾਏ ਜਾ ਸਕਦੇ ਹਨ।

ਪਾਕਿਸਤਾਨ ਵਿਚ ਪੰਜਾਬੀ ਨਾਲ ਹੋਣ ਵਾਲੀ ਧੱਕੇਸ਼ਾਹੀ ਦਾ ਜ਼ਿਕਰ ਕਰਦਾ ਹੋਇਆ ਕਰਨੈਲ ਸਿੰਘ ਥਿੰਦ ਆਪਣੇ ਇਕ ਲੇਖ ਵਿਚ ਲਿਖਦਾ ਹੈ ਕਿ ਉਥੇ ਕੱਚੀ ਪਹਿਲੀ ਤੋਂ ਦਸਵੀਂ ਤਕ ਪੰਜਾਬੀ ਦਾ ਨਿਸ਼ਾਨ ਨਹੀਂ ਲੱਭਦਾ। ਕੁਝ ਇਕ ਗਿਣਤੀ ਦੇ ਕਾਲਜਾਂ ਵਿਚ ਪੰਜਾਬੀ ਬਤੌਰ ਆਪਸ਼ਨਲ ਵਿਸ਼ੇ ਵਜੋਂ ਪੜ੍ਹਾਈ ਜਾਂਦੀ ਹੈ ਪਰ ਕਈ ਥਾਵਾਂ ਉਪਰ ਲੈਕਚਰਾਰਾਂ ਦਾ ਯੋਗ ਪ੍ਰਬੰਧ ਨਹੀਂ ਹੈ। ਹੇਠਲੀ ਪੱਧਰ ਤੇ ਪੰਜਾਬੀ ਦੀ ਪੜ੍ਹਾਈ ਦਾ ਕੋਈ ਪ੍ਰਬੰਧ ਨਾ ਹੋਣ ਕਰ ਕੇ ਉਪਰਲੇ ਪੱਧਰ ਦੀ ਪੜ੍ਹਾਈ ਨੂੰ ਸਾਵਾਂ ਰੱਖਣ ਬਾਰੇ ਕਿਵੇਂ ਸੋਚਿਆ ਜਾ ਸਕਦਾ ਹੈ। ('ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਤੇ ਸਾਹਿੱਤ ਦੀਆਂ ਸਮੱਸਿਆਵਾਂ', *ਖੋਜ-ਪਤ੍ਰਿਕਾ* 37, ਪੰਨਾ 8) ਲੇਖਕ ਅਨੁਸਾਰ ਪਾਕਿਸਤਾਨੀ ਪੰਜਾਬ ਵਿਚ, ਪੰਜਾਬੀ ਭਾਸ਼ਾ ਨੂੰ ਯੋਗ ਥਾਂ ਨਾ ਮਿਲਣ ਦੀ ਸਭ ਤੋਂ ਵੱਡੀ ਵਜ੍ਹਾ ਇਹ ਹੈ ਕਿ ਬਹੁਤ ਸਾਰੇ ਲੋਕ ਹੁਣ ਤਕ ਵੀ ਪੰਜਾਬੀ ਨੂੰ ਸਿੱਖਾਂ ਦੀ ਜ਼ਬਾਨ ਸਮਝਦੇ ਹਨ। ਇਸ ਦੇ ਪ੍ਰਤੀਕਰਮ ਵਜੋਂ ਇਹ ਸੋਚ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪਾਕਿਸਤਾਨੀ ਪੰਜਾਬੀ ਨੂੰ ਭਾਰਤੀ ਪੰਜਾਬੀ ਤੋਂ ਵੱਖ ਸਮਝਦਿਆਂ ਹੋਇਆਂ ਇਸ ਨੂੰ ਇਸਲਾਮ, ਪਾਕਿਸਤਾਨ ਤੇ ਉਰਦੂ ਦੇ ਹਵਾਲੇ ਨਾਲ ਵੇਖਿਆ ਜਾਵੇ। ਇਸ ਸੰਬੰਧ ਵਿਚ ਪਾਕਿਸਤਾਨ ਦੇ ਇਕ ਸਿਵਿਲ ਅਫ਼ਸਰ ਮੁਸ਼ਤਹਕ ਬਾਸਿਤ

ਨੇ ਆਪਣੀ ਇਕ ਪੁਸਤਕ ਵਿਚ ਲਿਖਿਆ ਵੀ ਹੈ, "ਮੇਰੇ ਸਾਹਮਣੇ ਪਾਕਿ ਪੰਜਾਬੀ ਦੀ ਉਹ ਸੂਰਤ ਹੈ, ਜਿਸ ਉਤੇ ਪਾਕਿਸਤਾਨੀ ਅਤੇ ਮੁਸਲਮਾਨ ਹੋਣ ਕਾਰਨ ਮੈਨੂੰ ਫ਼ਖ਼ਰ ਹੈ। ਉਹ ਪਾਕਿ ਪੰਜਾਬੀ, ਜਿਸ ਦੀ ਬਣਤਰ ਵਿਚ ਪਾਕਿਸਤਾਨੀ ਸਭਿਆਚਾਰ ਨਾਲ, ਪਾਕਿ ਪੰਜਾਬੀ ਦੇ ਮਜ਼ਬੂਤ ਤੇ ਨਾ ਟੁੱਟਣ ਵਾਲਿਆਂ ਰਿਸ਼ਤਿਆਂ ਦੀ ਵਜ਼ਾਹਤ (ਵਿਆਖਿਆ) ਵੀ ਏ।" (*ਪਾਕਿ ਪੰਜਾਬੀ*, ਡਾ. ਥਿੰਦ ਵਲੋਂ ਉਧਰਿਤ, *ਉਹੀ ਸਥਾਨ*) ਆਪਣੀ ਇਸੇ ਪੁਸਤਕ ਵਿਚ ਉਹ ਦੋਹਾਂ ਦੇਸ਼ਾਂ ਦੀ ਸਾਂਝੀ ਬੋਲੀ ਪੰਜਾਬੀ ਵਿਚ ਸ਼ੱਕ ਅਤੇ ਨਫ਼ਰਤ ਦੇ ਬੀਜ ਬੋਂਦਾ ਹੋਇਆ ਉਹ ਲਿਖਦਾ ਹੈ :

(i) ਪਾਕਿਸਤਾਨ ਬਣਨ ਤੋਂ ਪਹਿਲਾਂ ਵੀ ਮੁਸਲਮਾਨਾਂ ਅਤੇ ਹਿੰਦੂ-ਸਿੱਖਾਂ ਵਲੋਂ ਬੋਲੀ ਜਾਂਦੀ ਪੰਜਾਬੀ ਵਿਚ ਢੇਰ ਅੰਤਰ ਸੀ। ਮੁਸਲਮਾਨਾਂ ਦੇ ਪੰਜਾਬੀ ਲਹਿਜੇ ਵਿਚ ਨਾ ਸਿੱਖਾਂ ਵਾਲਾ ਅੱਖੜਪੁਣਾ ਸੀ, ਨਾ ਬਾਣੀਏ ਵਾਲੀ ਮੱਕਾਰੀ। (ਪੰਨਾ 18)

(ii) ਪਾਕਿਸਤਾਨੀ ਪੰਜਾਬ ਦਾ ਸਭਿਆਚਾਰਕ ਸੋਮਾ ਅਰਬ ਤੇ ਫ਼ਾਰਸ ਹੈ। ਸਾਡੀ ਪੰਜਾਬੀ ਵਿਚ ਭਜਨ ਜਾਂ ਸਲੋਕ ਨਾ ਪੜ੍ਹੇ ਜਾਂਦੇ ਹਨ, ਨਾ ਸੁਣੇ ਜਾਂਦੇ ਹਨ। (ਪੰਨਾ 25)

(iii) ਫ਼ਖਰ ਜ਼ਮਾਂ, ਅਹਿਮਦ ਸਲੀਮ ਅਤੇ ਅਬਦੁਲ ਗਫ਼ੂਰ ਜਿਹੇ ਕੁਝ ਕਲਮਕਾਰ ਆਪਣੀ ਸੋਚ ਨੂੰ ਕੁਰਾਹੇ ਲਿਆ ਕੇ ਕੁਝ ਅੰਗਰੇਜ਼ੀ ਅਦਬ (ਸਾਹਿਤ) ਅਤੇ ਬਾਹਰਲੇ ਖ਼ਿਆਲਾਤ ਨੂੰ ਆਪਣੇ ਸਾਹਿਤਿਕ ਵਿਰਸੇ ਦੀ ਰਵਾਇਤ ਲਈ ਇਸਤੇਮਾਲ ਕਰਦੇ ਹਨ। ਇਨ੍ਹਾਂ ਦੀ ਸੋਚ ਨੂੰ ਮਾਓ ਅਤੇ ਲੈਨਿਨ ਨੇ ਗੁਮਰਾਹ ਕੀਤਾ ਹੈ। (ਪੰਨਾ 70)

(iv) ਸਿੱਖ ਤਹਿਜ਼ੀਬ ਤੋਂ ਪ੍ਰਭਾਵਿਤ ਕੁਝ ਹੋਰ ਲੋਕ (ਸਲੀਮ ਖਾਂ ਗਿੰਮੀ, ਅਫ਼ਜ਼ਲ ਅਹਿਸਨ ਰੰਧਾਵਾ ਆਦਿ) ਵੀ ਨਜ਼ਰ ਆਉਂਦੇ ਹਨ, ਜਿਹੜੇ ਸਿੱਖਾਂ ਦੁਆਰਾ ਲਿਖੇ ਸਾਹਿੱਤ ਨੂੰ ਪਾਕਿ ਪੰਜਾਬੀ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰਦੇ ਨੇ। ਪਰ ਇਹ ਦੋ ਵੱਖ-ਵੱਖ ਜ਼ਬਾਨਾਂ ਅਤੇ ਤਹਿਜ਼ੀਬਾਂ (ਸਭਿਅਤਾਵਾਂ) ਨੇ। ਇਨ੍ਹਾਂ ਦਾ ਮੇਲ ਕਿਸੇ ਵੀ ਮੁਕਾਮ ਉਪਰ ਨਹੀਂ ਹੋ ਸਕਦਾ। (ਪੰਨਾ 71)

ਮੁਸ਼ਤਹਕ ਬਾਸਿਤ ਦੇ ਵਿਚਾਰ ਪੜ੍ਹ ਕੇ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਕੁਝ ਲੋਕ ਆਪਣੇ ਸਿਆਸੀ ਮਹਾਂ-ਪ੍ਰਭੂਆਂ ਅਤੇ ਕੱਟੜ ਮੌਲਾਣਿਆਂ ਦੀ ਖ਼ੁਸ਼ੀ ਹਾਸਲ ਕਰਨ ਲਈ ਸਾਂਝੇ ਇਤਿਹਾਸ ਅਤੇ ਸਭਿਆਚਾਰ ਨਾਲ ਕਿਸ ਹੱਦ ਤਕ ਛੇੜ-ਛਾੜ ਕਰ ਸਕਦੇ ਹਨ। ਪਾਕਿਸਤਾਨ ਵਿਚ ਪੰਜਾਬੀ ਬੋਲੀ ਨੂੰ ਜੇ ਬਣਦਾ ਸਥਾਨ ਨਹੀਂ ਮਿਲ ਸਕਿਆ ਤਾਂ ਇਸ ਲਈ ਮੁਸ਼ਤਹਕ ਬਾਸਿਤ ਵਰਗੇ ਲੋਕ ਹੀ ਜ਼ਿੰਮੇਵਾਰ ਹਨ। ਡਾ. ਥਿੰਦ ਪਾਕਿਸਤਾਨ ਵਿਚ ਪੰਜਾਬੀ ਦੀ ਹੋ ਰਹੀ ਦੁਰਗਤੀ ਉਪਰ ਟਿੱਪਣੀ ਕਰਦਾ ਹੋਇਆ ਇਥੋਂ ਤਕ ਲਿਖ ਜਾਂਦਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚ ਪਿਛਲੇ ਕਈ ਦਹਾਕਿਆਂ ਤੋਂ ਲਿਖਤੀ ਅਤੇ ਬੋਲ-ਚਾਲ ਦੀ ਪੰਜਾਬੀ ਵਿਚ ਇਸ ਕਦਰ ਫ਼ਰਕ ਆ ਚੁਕਾ ਹੈ ਕਿ ਹੁਣ 'ਭਾਰਤੀ ਪੰਜਾਬੀ' ਅਤੇ 'ਪਾਕਿਸਤਾਨੀ ਪੰਜਾਬੀ' ਕਹਿਣਾ ਓਪਰਾ ਨਹੀਂ ਲਗਦਾ। ਜਿਸ ਢੰਗ ਤੇ ਤੇਜ਼ੀ ਨਾਲ ਇਹ ਪਾੜਾ ਵਧ ਰਿਹਾ ਹੈ, ਸੰਭਵ ਹੈ ਕਿ ਆਉਣ ਵਾਲੇ ਕੁਝ ਹੋਰ ਦਹਾਕਿਆਂ ਵਿਚ, ਦੋਹਾਂ ਮੁਲਕਾਂ ਦੀ ਇੱਕੋ ਜ਼ਬਾਨ ਪੰਜਾਬੀ ਦਾ ਫ਼ਰਕ 'ਉਰਦੂ' ਤੇ 'ਹਿੰਦੀ' ਨਾਲੋਂ ਵੀ ਵਧੇਰੇ ਹੋ ਜਾਵੇ ਅਤੇ 'ਪਾਕਿ ਪੰਜਾਬੀ' ਤੇ 'ਭਾਰਤੀ ਪੰਜਾਬੀ' ਦੋ ਸੁਤੰਤਰ ਭਾਸ਼ਾਵਾਂ ਹੋਂਦ ਵਿਚ ਆ ਜਾਣ। (*ਵਿਸ਼ਵ ਪੰਜਾਬੀ ਸਾਹਿੱਤ*, ਪੰਨਾ 247) ਹਕੀਕਤ ਇਹ ਹੈ ਕਿ ਬਾਸਿਤ ਵਰਗੇ ਲੋਕ ਬੋਲੀ ਅਤੇ ਸਭਿਆਚਾਰ ਦੇ ਨਿਰਮਲ ਪਾਣੀਆਂ ਨੂੰ ਆਪਣੀ ਗੰਧਲੀ ਸੋਚ ਦੁਆਰਾ ਅਪਵਿੱਤਰ ਬਣਾ ਰਹੇ ਹਨ। ਦੋਹਾਂ ਦੇਸ਼ਾਂ ਦੇ ਅਦੀਬਾਂ ਨੂੰ ਅਜਿਹੇ ਕੂੜ-ਪ੍ਰਚਾਰ ਤੋਂ ਸਾਵਧਾਨ ਰਹਿਣਾ ਪਵੇਗਾ।

ਅਸਲ ਵਿਚ ਕਿਸੇ ਵੀ ਜ਼ਬਾਨ ਅਤੇ ਸਭਿਆਚਾਰ ਦਾ ਸੰਬੰਧ ਧਰਮ ਨਾਲ ਨਹੀਂ ਹੁੰਦਾ ਬਲਕਿ ਭੂਗੋਲ ਨਾਲ ਹੁੰਦਾ ਹੈ। ਅਜ ਵੀ ਮਲੇਰਕੋਟਲਾ ਅਤੇ ਕਾਦੀਆਂ ਦੇ ਮੁਸਲਮਾਨਾਂ ਅਤੇ ਹਿੰਦੂ-ਸਿੱਖ ਇਕ ਹੀ ਵੰਨਗੀ ਦੀ ਪੰਜਾਬੀ ਬੋਲੀ ਬੋਲਦੇ ਹਨ। ਮੁਸਲਮਾਨ ਜਾਂ ਹਿੰਦੂ-ਸਿੱਖ ਹੋਣ ਕਾਰਨ ਉਨ੍ਹਾਂ ਦੀ ਜ਼ਬਾਨ ਜਾਂ ਲਹਿਜੇ ਵਿਚ ਕੋਈ ਪਾੜਾ ਨਹੀਂ ਹੈ। ਬੰਗਾਲ ਵੀ 1947 ਈ. ਵਿਚ ਵੰਡਿਆ ਗਿਆ ਸੀ ਪਰ ਉਥੋਂ ਦੇ ਵਾਸੀਆਂ ਨੇ ਕਦੇ ਦੋ ਕੌਮਾਂ ਵਾਲਾ ਸਿਧਾਂਤ ਪੇਸ਼ ਨਹੀਂ ਕੀਤਾ। ਇਸ ਵੇਲੇ ਦੁਨੀਆਂ ਵਿਚ ਪਾਕਿਸਤਾਨ ਪੰਜਾਬੀ ਬੋਲਣ ਵਾਲਿਆਂ ਦਾ ਸਭ ਤੋਂ ਵੱਡਾ ਦੇਸ਼ ਹੈ। ਦੂਜੇ ਨੰਬਰ ਤੇ ਭਾਰਤ ਹੈ ਅਤੇ ਤੀਜੇ ਨੰਬਰ ਤੇ ਇਨ੍ਹਾਂ ਦੋਹਾਂ ਦੇਸ਼ਾਂ ਵਿਚੋਂ ਵਿਦੇਸ਼ਾਂ ਵਿਚ ਵਸੇ ਪੰਜਾਬੀ ਹਨ। ਸੰਸਾਰ ਵਿਚ ਪੰਜਾਬੀ ਬੋਲਣ ਵਾਲੇ ਲੋਕਾਂ ਦਾ ਬਾਰ੍ਹਵਾਂ ਨੰਬਰ ਹੈ। ਇਸ ਲਈ ਜ਼ਰੂਰੀ ਹੈ ਕਿ ਪੰਜਾਬੀ ਸਾਹਿੱਤ ਅਤੇ ਬੋਲੀ ਦੇ ਵਿਕਾਸ ਬਾਰੇ ਠੋਸ ਕਦਮ ਚੁਕੇ ਜਾਣ। ਪੰਜਾਬੀ ਸਾਹਿਤ ਦੀ ਸੰਯੁਕਤ-ਇਤਿਹਾਸਕਾਰੀ ਇਸ ਦਿਸ਼ਾ ਵਿਚ ਪੁੱਟਿਆ ਇਕ ਇਨਕਲਾਬੀ

ਕਦਮ ਸਿੱਧ ਹੋਵੇਗਾ।

ਡਾ. ਸ਼ਾਹਬਾਜ਼ ਮਲਿਕ, ਐਨਹੁਲਕ ਫ਼ਰੀਦਕੋਟੀ ਅਤੇ ਕੈਪਟਨ ਫ਼ੁਯਾਜ਼ ਮਹਿਮੂਦ ਆਦਿ ਪਾਕਿਸਤਾਨੀ ਖੋਜਕਾਰਾਂ ਨੇ ਪੰਜਾਬੀ ਸਾਹਿੱਤ ਦਾ ਇਤਿਹਾਸ ਲਿਖਣ ਦੇ ਮੁਢਲੇ ਯਤਨ ਕੀਤੇ ਹਨ। ਸ਼ਾਹਬਾਜ਼ ਮਲਿਕ ਪੰਜਾਬੀ ਸਾਹਿਤ ਨੂੰ ਪੰਜ ਦੌਰਾਂ ਵਿਚ ਵੰਡਦਾ ਹੈ। ਉਸਦਾ ਵਿਚਾਰ ਹੈ ਕਿ ਪਹਿਲੇ ਦੌਰ (ਅੱਠਵੀਂ ਤੋਂ ਤੇਰ੍ਹਵੀਂ ਸਦੀ) ਵਿਚ ਨਾਥ ਜੋਗੀਆਂ ਦਾ ਕਲਾਮ ਅਤੇ ਫ਼ਰੀਦ ਸ਼ਕਰਗੰਜ ਦੀ ਬਾਣੀ ਰਚੀ ਗਈ। ਦੂਜਾ ਦੌਰ (1469-1707 ਈ.) ਸਿਖ ਗੁਰੂ ਸਾਹਿਬ, ਸੂਫ਼ੀ ਦਰਵੇਸ਼ਾਂ ਅਤੇ ਕਿੱਸਾ ਕਵੀਆਂ ਦਾ ਸਾਂਝਾ ਦੌਰ ਹੈ। ਇਸ ਦੌਰ ਦੀ ਇਕ ਹੋਰ ਰਵਾਇਤ 'ਵਾਰ ਕਾਵਿ' ਵੀ ਹੈ। ਜਿਸ ਦਾ ਢੰਗ ਰਜ਼ਮੀਆ ਵਾਲਾ ਹੁੰਦਾ ਹੈ। ਤੀਜਾ ਦੌਰ (1707-1800 ਈ.) ਢਹਿੰਦੇ ਮੁਗ਼ਲ ਕਾਲ ਨਾਲ ਸੰਬੰਧਿਤ ਹੈ। ਇਸ ਦੌਰ ਵਿਚ ਸੂਫ਼ੀ ਰਵਾਇਤ ਨੂੰ ਅਲੀ ਹੈਦਰ, ਬੁੱਲ੍ਹੇ ਸ਼ਾਹ ਅਤੇ ਖ਼ੁਆਜਾ ਫ਼ਰਦ ਫ਼ਕੀਰ ਨੇ ਅੱਗੇ ਵਧਾਇਆ। ਕਿੱਸਾ ਕਾਵਿ ਦੀ ਰਵਾਇਤ ਨੂੰ ਹਾਫ਼ਜ਼ ਬਰਖ਼ੁਰਦਾਰ, ਮੁਕਬਲ, ਸਦੀਕ ਲਾਲੀ, ਵਾਰਿਸ ਸ਼ਾਹ ਅਤੇ ਅਹਿਮਦ ਯਾਰ ਆਦਿ ਨੇ ਪੱਕਾ ਕੀਤਾ। ਵਾਰਾਂ ਦੇ ਖੇਤਰ ਵਿਚ 'ਨਜ਼ਾਬਤ ਦੀ ਵਾਰ' ਅਤੇ 'ਚੱਠਿਆਂ ਦੀ ਵਾਰ' (ਪੀਰ ਮੁਹੰਮਦ) ਆਦਿ ਰਚੀਆਂ ਗਈਆਂ। ਚੌਥੇ ਦੌਰ (1801-1849 ਈ.) ਵਿਚ ਸਿੱਖਾਂ ਦੀ ਹਕੂਮਤ ਰਹੀ। ਅਦਬੀ ਰਵਾਇਤ ਉਪਰ ਮੁਸਲਮਾਨਾਂ ਦੀ ਪ੍ਰਧਾਨਗੀ ਰਹੀ। 1834 ਈ. ਵਿਚ ਲੁਧਿਆਣੇ ਮਿਸ਼ਨ ਪ੍ਰੈੱਸ ਲਾਇਆ ਗਿਆ ਅਤੇ ਈਸਾਈ ਸਾਹਿੱਤ ਹੋਂਦ ਵਿਚ ਆਇਆ। ਪੰਜਵੇਂ ਦੌਰ (1849-1947 ਈ.) ਵਿਚ ਸੂਫ਼ੀ ਅਤੇ ਕਿੱਸਾ ਕਾਵਿ ਦੀਆਂ ਰਵਾਇਤਾਂ ਜਾਰੀ ਰਹੀਆਂ। ਈਸਾਈਆਂ ਨੇ ਨਜ਼ਮ ਅਤੇ ਨਸਰ (ਵਾਰਤਕ) ਦੀਆਂ ਜਦੀਦ (ਆਧੁਨਿਕ) ਵੰਨਗੀਆਂ ਤੋਂ ਪੰਜਾਬੀਆਂ ਨੂੰ ਜਾਣੂ ਕਰਵਾਇਆ। ਸਿੱਖਾਂ ਨੇ ਗੁਰਮੁਖੀ ਵਿਚ ਆਧੁਨਿਕ ਸਾਹਿੱਤ ਦੇ ਖੇਤਰ ਵਿਚ ਵਧੇਰੇ ਕੰਮ ਕੀਤਾ। ਸ਼ਾਹਬਾਜ਼ ਮਲਿਕ ਅਨੁਸਾਰ ਪਾਕਿਸਤਾਨ ਵਿਚ ਛੇਵਾਂ ਦੌਰ ਪਾਕਿਸਤਾਨੀ ਹੈ। ਗ਼ੈਰ-ਮੁਸਲਿਮ ਲਿਖਾਰੀ ਭਾਰਤ ਵਿਚ ਚਲੇ ਗਏ। ਸਾਡੇ ਲਿਖਾਰੀਆਂ ਨੇ ਅਰਬੀ, ਫ਼ਾਰਸੀ, ਉਰਦੂ ਨਾਲ ਆਪਣੇ ਆਪ ਨੂੰ ਜੋੜੀ ਰੱਖਣ ਦੇ ਨਾਲ-ਨਾਲ ਇਸਲਾਮੀ ਫ਼ਿਕਰ ਤੋਂ ਵੀ ਆਪਣੇ ਆਪ ਨੂੰ ਦੂਰ ਨਹੀਂ ਹੋਣ ਦਿੱਤਾ। ('ਪਾਕਿਸਤਾਨੀ ਅਦਬੀ ਪੰਜਾਬੀ ਅਤੇ ਪਾਕਿਸਤਾਨੀ ਜ਼ਬਾਨਾਂ ਦੇ ਅੰਤਰ-ਸੰਬੰਧ', ਖੋਜ ਪਤ੍ਰਿਕਾ-37 : ਪਾਕਿਸਤਾਨੀ ਪੰਜਾਬੀ *ਸਾਹਿੱਤ ਵਿਸ਼ੇਸ਼ ਅੰਕ*, ਪੰਨੇ 23-24)

ਸ਼ਾਹਬਾਜ਼ ਮਲਿਕ ਦੇ ਉਪਰੋਕਤ ਵਿਚਾਰਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪਾਕਿਸਤਾਨ ਦੇ ਸਾਹਿੱਤਕਾਰ ਤੇ ਹੋਰ ਲੋਕ ਆਪਣੀ ਹਕੂਮਤ ਦੇ ਦਮਨ-ਚੱਕਰ ਤੋਂ ਡਰਦੇ ਗ਼ੈਰ-ਮੁਸਲਿਮ ਪੰਜਾਬੀ ਲੇਖਕਾਂ ਦੀ ਦੇਣ ਨੂੰ ਤਸਲੀਮ ਕਰਨ ਤੋਂ ਝਿਜਕਦੇ ਰਹਿੰਦੇ ਹਨ, ਜਦੋਂ ਕਿ ਭਾਰਤੀ ਪੰਜਾਬ ਵਿਚ ਇਸ ਪ੍ਰਕਾਰ ਦਾ ਕੋਈ ਦਬਾਉ ਨਹੀਂ ਹੈ। ਸਾਡੇ ਆਲੋਚਕ, ਲੇਖਕ ਅਤੇ ਪਾਠਕ, ਸ਼ੇਖ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਮੁਕਬਲ, ਵਾਰਿਸ, ਹਾਸ਼ਮ ਅਤੇ ਕਾਦਰ ਯਾਰ ਨੂੰ ਵੀ ਓਨਾ ਹੀ ਮਾਨ ਅਤੇ ਅਦਬ ਦਿੰਦੇ ਹਨ, ਜਿੰਨਾ ਸਿਖ ਗੁਰੂ ਸਾਹਿਬਾਨ ਅਤੇ ਆਧੁਨਿਕ ਕਾਲ ਦੇ ਹਿੰਦੂ ਲੇਖਕਾਂ ਨੂੰ ਪ੍ਰਦਾਨ ਕਰਦੇ ਹਨ। ਨਿਕਟ ਭਵਿੱਖ ਵਿਚ ਪਾਕਿਸਤਾਨ ਅੰਦਰ ਇਹੋ ਜਿਹੀ ਸੈਕੂਲਰ ਸੋਚ ਦੇ ਵਿਕਾਸ ਦੀਆਂ ਬਹੁਤੀਆਂ ਸੰਭਾਵਨਾਵਾਂ ਨਜ਼ਰ ਵੀ ਨਹੀਂ ਆਉਂਦੀਆਂ। ਸੋ ਸੰਯੁਕਤ-ਇਤਿਹਾਸਕਾਰੀ ਦੇ ਮਹਤਵਪੂਰਨ ਕਾਰਜ ਨੂੰ ਏਧਰਲੇ ਪੰਜਾਬੀ ਲੇਖਕਾਂ ਵਲੋਂ ਹੀ ਸੰਰੰਜਾਮ ਦੇਣਾ ਪੈਣਾ ਹੈ। ਇਸ ਪ੍ਰਸੰਗ ਵਿਚ ਡਾ. ਅਜਮੇਰ ਸਿੰਘ ਦੇ ਕੁਝ ਸੁਝਾਉ ਵੀ ਉਲੇਖਯੋਗ ਹਨ। 'ਪਾਕਿਸਤਾਨੀ ਪੰਜਾਬੀ ਸਾਹਿੱਤ ਵਿਸ਼ੇਸ਼ ਅੰਕ' ਦੀ ਭੂਮਿਕਾ ਵਿਚ ਉਹ ਲਿਖਦਾ ਹੈ :

(i) ਹਰ ਸਾਲ ਪਾਕਿਸਤਾਨ ਵਿਚ ਰਚੀਆਂ ਗਈਆਂ 5-10 ਚੋਣਵੀਆਂ ਕਿਤਾਬਾਂ ਨੂੰ ਗੁਰਮੁਖੀ ਵਿਚ ਲਿਪੀਆਂਤਰ ਕਰਵਾਇਆ ਜਾਵੇ।

(ii) ਪਾਕਿਸਤਾਨੀ ਪੰਜਾਬੀ ਸਾਹਿਤ-ਕੋਸ਼ ਤਿਆਰ ਕੀਤਾ ਜਾਵੇ।

(iii) ਪਾਕਿਸਤਾਨ ਵਿਚ ਉਪਲਬਧ ਪੰਜਾਬੀ ਖਰੜਿਆਂ ਨੂੰ ਫੋਟੋਸਟੈਟ/ ਮਾਈਕਰੋ ਫਿਲਮਾਂ ਦੇ ਰੂਪ ਵਿਚ ਮੁਹੱਈਆ ਕਰਵਾਉਣ ਲਈ ਜ਼ਰੂਰੀ ਉਪਰਾਲੇ ਕੀਤੇ ਜਾਣ।

(iv) ਬਾਬਾ ਫ਼ਰੀਦ ਚੇਅਰ ਵਾਂਗ ਵਾਰਿਸ, ਬੁੱਲੇ ਸ਼ਾਹ ਅਤੇ ਹਾਸ਼ਮ ਆਦਿ ਦੀਆਂ ਚੇਅਰਾਂ ਸਥਾਪਿਤ ਕੀਤੀਆਂ ਜਾਣ।

(v) ਪਾਕਿਸਤਾਨੀ ਅਦੀਬਾਂ ਵਲੋਂ ਵਰਤੀ ਜਾ ਰਹੀ ਸ਼ਬਦਾਵਲੀ ਦਾ ਕੋਸ਼ ਤਿਆਰ ਕੀਤਾ ਜਾਵੇ।

(vi) ਭਾਰਤੀ ਅਤੇ ਪਾਕਿਸਤਾਨੀ ਅਦੀਬਾਂ ਦੇ ਮਨਾਏ ਜਾਣ ਵਾਲੇ ਦਿਨ-ਦਿਹਾਰਾਂ ਅਤੇ ਉਰਸਾਂ ਸਮੇਂ ਸਮਕਾਲੀ ਲੇਖਕਾਂ ਨੂੰ ਖੁਲ੍ਹਦਿਲੀ ਨਾਲ ਵੀਜ਼ੇ ਦਿੱਤੇ ਜਾਣ।

(vii) ਪਾਕਿਸਤਾਨ ਵਿਚ ਪੰਜਾਬੀ ਨੂੰ ਪੰਜਾਬ ਦੀ ਰਾਜ-ਭਾਸ਼ਾ ਬਣਾਇਆ ਜਾਵੇ। (*ਖੋਜ ਪਤ੍ਰਿਕਾ*, 37)

**ਨਿਸ਼ਕਰਸ਼**

ਸੰਯੁਕਤ ਪੰਜਾਬੀ-ਇਤਿਹਾਸਕਾਰੀ ਦਾ ਸੰਕਲਪ ਅਤਿਅੰਤ ਪ੍ਰਾਸੰਗਿਕ ਅਤੇ ਮਹਤਵਪੂਰਨ ਹੈ। ਇਸ ਪਹੁੰਚ-ਵਿਧੀ ਨੂੰ ਅਪਣਾਉਣ ਤੋਂ ਬਗ਼ੈਰ ਅਸੀਂ ਪੰਜਾਬੀ ਸਾਹਿਤ ਦੀਆਂ ਪ੍ਰਵਿਰਤੀਆਂ ਅਤੇ ਗਤੀਸ਼ੀਲ ਪ੍ਰਵਾਹ ਦਾ ਅਨੁਮਾਨ ਨਹੀਂ ਲਗਾ ਸਕਦੇ। ਪੰਜਾਬੀ ਬੋਲਣ ਅਤੇ ਲਿਖਣ ਵਾਲਿਆਂ ਦਾ ਇਕ ਵੱਡਾ ਵਰਗ ਪਾਕਿਸਤਾਨ ਵਿਚ ਰਹਿੰਦਾ ਹੈ। ਇਕ ਹੋਰ ਵਰਗ ਰੁਜ਼ਗਾਰ ਦੇ ਚੰਗੇ ਮੌਕਿਆਂ ਦੀ ਤਲਾਸ਼ ਵਿਚ ਵਿਦੇਸ਼ਾਂ ਵਲ ਪਲਾਇਣ ਕਰ ਗਿਆ ਹੈ। ਤੀਜਾ ਵਰਗ ਭਾਰਤੀ ਪੰਜਾਬ ਵਿਚ ਰਹਿੰਦਾ ਹੈ। ਇਹੀ ਸਭ ਤੋਂ ਵੱਧ ਸਰਗਰਮ ਹੈ ਅਤੇ ਇਸ ਕਾਰਨ ਪੰਜਾਬੀ ਦੀ ਮੌਜੂਦਾ ਇਤਿਹਾਸਕਾਰੀ ਵਿਚ ਇਸੇ ਵਰਗ ਦਾ ਸਭ ਤੋਂ ਵਧੇਰੇ ਜ਼ਿਕਰ ਹੁੰਦਾ ਹੈ। ਸਾਡੇ ਲਈ ਇਹ ਜ਼ਰੂਰੀ ਹੈ ਕਿ ਪੰਜਾਬੀ ਸਾਹਿੱਤ ਦਾ ਸਰਬਾਂਗੀ ਅਤੇ ਸੰਪੂਰਨ ਇਤਿਹਾਸ ਲਿਖਣ ਲਈ ਪਹਿਲੇ ਦੋ ਵਰਗਾਂ ਵਲੋਂ ਰਚੇ ਗਏ ਸਾਹਿਤ ਨੂੰ ਵੀ ਬਣਦਾ ਸਥਾਨ ਦਿੱਤਾ ਜਾਵੇ।

## ਮਹੱਤਵਪੂਰਨ ਪ੍ਰਸ਼ਨ

1. ਸੰਯੁਕਤ ਪੰਜਾਬੀ ਸਾਹਿੱਤ ਦੀ ਇਤਿਹਾਸਕਾਰੀ ਦੇ ਸੰਕਲਪ ਨਾਲ ਜਾਣ-ਪਹਿਚਾਣ ਕਰਵਾਓ।
2. ਕੀ ਪੰਜਾਬੀ ਸਾਹਿੱਤ ਦਾ ਸੰਯੁਕਤ ਇਤਿਹਾਸ ਸੰਭਵ ਹੈ? ਇਸ ਪ੍ਰਾਜੈਕਟ ਦੇ ਰਾਹ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਦੇ ਸਮਾਧਾਨ ਬਾਰੇ ਵਿਚਾਰ ਕਰੋ।
3. ਪੰਜਾਬੀ ਸਾਹਿੱਤ ਦੀ ਸੰਯੁਕਤ ਇਤਿਹਾਸਕਾਰੀ ਦਾ ਮਾਡਲ ਕਿਹੋ ਜਿਹਾ ਹੋਣਾ ਚਾਹੀਦਾ ਹੈ? ਵਿਚਾਰ ਕਰੋ।
4. ਸੰਯੁਕਤ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਕਿਉਂ ਜ਼ਰੂਰੀ ਹੈ? ਆਧੁਨਿਕ ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਸਪਸ਼ਟ ਕਰੋ। (ਮਈ 2016)

ਪਾਠ ਨੰ: 2.12 ਪ੍ਰੋ. ਬ੍ਰਹਮਜਗਦੀਸ਼ ਸਿੰਘ

## ਦੇਸ਼-ਵੰਡ ਦੇ ਸਾਹਿਤਕ-ਸਭਿਆਚਾਰਕ ਪ੍ਰਭਾਵ

**1. ਰੂਪ ਰੇਖਾ**

ਭਾਰਤ ਨੂੰ ਆਜ਼ਾਦ ਕਰਵਾਉਣ ਲਈ ਵੀਹਵੀਂ ਸਦੀ ਦੇ ਆਰੰਭ ਵਿਚ ਇਕ ਵਿਆਪਕ ਅੰਦੋਲਨ ਸ਼ੁਰੂ ਹੋ ਗਿਆ ਸੀ, ਜਿਸ ਵਿਚ ਗ਼ਦਰ ਪਾਰਟੀ, ਨੌਜਵਾਨ ਭਾਰਤ ਸਭਾ, ਕੁਲ ਹਿੰਦ ਕਾਂਗਰਸ ਪਾਰਟੀ, ਅਕਾਲੀ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ ਅਤੇ ਹੋਰ ਬਹੁਤ ਸਾਰੀਆਂ ਪਾਰਟੀਆਂ ਨੇ ਆਪਣਾ-ਆਪਣਾ ਯੋਗਦਾਨ ਪਾਇਆ। ਉਧਰ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਹੋਏ ਦੋ ਵਿਸ਼ਵ-ਯੁੱਧਾਂ ਨੇ ਅੰਗਰੇਜ਼ ਸਾਮਰਾਜ ਦਾ ਲੱਕ ਤੋੜ ਦਿੱਤਾ ਸੀ। ਪੂਰੀ ਦੁਨੀਆਂ ਵਿਚ ਸਾਮਰਾਜਵਾਦ ਦੇ ਵਿਰੁੱਧ ਵਿਦਰੋਹ ਸ਼ੁਰੂ ਹੋ ਚੁਕਾ ਸੀ। ਇਸ ਕਾਰਨ 15 ਅਗਸਤ 1947 ਨੂੰ ਅੰਗਰੇਜ਼ ਹੁਕਮਰਾਨਾਂ ਨੇ ਭਾਰਤ ਨੂੰ ਆਜ਼ਾਦ ਕਰ ਦਿੱਤਾ। ਪਰੰਤੂ ਜਾਣ ਤੋਂ ਪਹਿਲਾਂ ਨਾ ਕੇਵਲ ਉਹ ਹਿੰਦੂ ਅਤੇ ਮੁਸਲਿਮ ਆਬਾਦੀ ਦੇ ਹਿਸਾਬ ਨਾਲ ਦੇਸ਼ ਨੂੰ ਤਿੰਨ ਭਾਗਾਂ ਵਿਚ ਤਕਸੀਮ ਕਰ ਗਏ, ਜਿਨ੍ਹਾਂ ਦਾ ਨਾਮ ਹਿੰਦੁਸਤਾਨ, ਪੱਛਮੀ ਪਾਕਿਸਤਾਨ ਅਤੇ ਪੂਰਬੀ ਪਾਕਿਸਤਾਨ (ਹੁਣ ਬੰਗਲਾ ਦੇਸ਼) ਪੈ ਗਿਆ ਬਲਕਿ ਹਿੰਦੁਸਤਾਨ ਵਿਚ ਮੌਜੂਦ ਲਗਭਗ ਤਿੰਨ-ਚਾਰ ਸੌ ਰਿਆਸਤਾਂ ਨੂੰ ਵੀ ਉਨ੍ਹਾਂ ਦੀ ਮਰਜ਼ੀ ਅਨੁਸਾਰ ਆਤਮ-ਨਿਰਭਰ ਛੱਡ ਕੇ ਚਲੇ ਗਏ। ਇਹ ਰਿਆਸਤਾਂ ਤਾਂ ਬਾਅਦ ਵਿਚ ਹਿੰਦੁਸਤਾਨ ਦਾ ਅੰਗ ਬਣ ਗਈਆਂ ਪਰੰਤੂ ਪਾਕਿਸਤਾਨ ਇਕ ਆਜ਼ਾਦ ਦੇਸ਼ ਬਣ ਗਿਆ। ਪੱਛਮੀ ਪਾਕਿਸਤਾਨ ਵਿਚ ਪੰਜਾਬ ਦਾ ਅੱਧੇ ਨਾਲੋਂ ਬਹੁਤਾ ਜ਼ਰਖੇਜ਼ ਭਾਗ ਚਲਾ ਗਿਆ ਸੀ, ਜਿਸ ਕਾਰਨ ਪੰਜਾਬੀ ਸਾਹਿਤ, ਸਭਿਆਚਾਰ ਅਤੇ ਅਰਥਚਾਰੇ ਨੂੰ ਬਹੁਤ ਨੁਕਸਾਨ ਪਹੁੰਚਿਆ। ਇਸ ਪਾਠ ਵਿਚ ਅਸੀਂ ਦੇਸ਼ ਵੰਡ ਦੇ ਸਾਹਿਤਿਕ ਅਤੇ ਸਭਿਆਚਾਰਕ ਪ੍ਰਭਾਵਾਂ ਬਾਰੇ ਚਰਚਾ ਕਰ ਰਹੇ ਹਾਂ। ਵਿਦਿਆਰਥੀਆਂ ਦੀ ਸਹੂਲਤ ਲਈ ਅਸੀਂ ਇਸ ਪਾਠ ਨੂੰ ਹੇਠ ਲਿਖੇ ਉਪ-ਭਾਗਾਂ ਵਿਚ ਵੰਡ ਲਿਆ ਹੈ :

1. ਦੇਸ਼-ਵੰਡ ਦੀ ਇਤਿਹਾਸਕ ਪ੍ਰਿਸ਼ਠਭੂਮੀ
2. ਹਿੰਸਾ ਅਤੇ ਹਿਜਰਤ
3. ਦੇਸ਼-ਵੰਡ ਦੇ ਸਭਿਆਚਾਰਕ ਪ੍ਰਭਾਵ
4. ਦੇਸ਼-ਵੰਡ ਦੇ ਸਾਹਿਤਿਕ ਪ੍ਰਭਾਵ।

**2. ਉਦੇਸ਼**

ਦੇਸ਼-ਵੰਡ ਵਿਸ਼ਵ ਸਭਿਆਚਾਰਕ ਇਤਿਹਾਸ ਦਾ ਇਕ ਬਹੁਤ ਹੀ ਤ੍ਰਾਸਦਕ ਅਧਿਆਇ ਹੈ। ਇਹ ਹੀ ਦੇਸ਼ ਵਿਚ ਰਹਿਣ ਵਾਲੇ ਲੋਕਾਂ ਨੂੰ ਦੇਸ਼-ਵੰਡ ਦੇ ਕਾਰਨ ਆਪਣੀ-ਆਪਣੀ ਜਨਮ ਭੂਮੀ ਨੂੰ ਛੱਡ ਕੇ ਨਵੇਂ ਬਣੇ ਦੇਸ਼ ਵਿਚ ਪਨਾਹ ਲੈਣੀ ਪਈ। ਉਨ੍ਹਾਂ ਦੇ ਘਰ-ਬਾਰ, ਜ਼ਮੀਨ-ਜਾਇਦਾਦ ਅਤੇ ਧਨ-ਦੌਲਤ ਪਿਛਲੇ ਦੇਸ਼ ਵਿਚ ਹੀ ਰਹਿ ਗਈ ਅਤੇ ਉਨ੍ਹਾਂ ਨੂੰ ਨਵੇਂ-ਸਿਰਿਉਂ ਸਭ ਕੁਝ ਤਿਆਰ ਕਰਨਾ ਪਿਆ। ਇਸ ਘਲੂਘਾਰੇ ਵਿਚ ਅਨੇਕ ਬਹੂ-ਬੇਟੀਆਂ ਦੀ ਇੱਜ਼ਤ ਚਲੀ ਗਈ, ਨੌਜਵਾਨਾਂ ਅਤੇ ਬਾਲ-ਬੱਚਿਆਂ ਨੂੰ ਕਤਲ ਕਰ ਦਿੱਤਾ ਗਿਆ ਅਤੇ ਸਦੀਆਂ ਪੁਰਾਣੀ ਸਭਿਆਚਾਰਕ ਸਾਂਝ ਤਾਰ-ਤਾਰ ਹੋ ਗਈ। ਅੱਜ ਲਗਪਗ 80 ਸਾਲ ਬੀਤ ਜਾਣ ਉਪਰੰਤ ਵੀ ਇਧਰ ਅਤੇ ਉਧਰ ਜਾ ਵਸੇ ਪੰਜਾਬੀਆਂ ਦੇ ਜ਼ਖ਼ਮ ਅਜੇ ਵੀ ਹਰੇ ਹਨ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਦੇਸ਼-ਵੰਡ ਦੇ ਸਾਹਿਤਿਕ ਅਤੇ ਸਭਿਆਚਾਰਕ ਪ੍ਰਭਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਹੈ।

**3. ਭੂਮਿਕਾ**

ਅੰਗਰੇਜ਼ਾਂ ਨੇ ਆਪਣੀ ਕੁਟਿਲ ਨੀਤੀ ਉਪਰ ਚਲਦਿਆ ਭਾਰਤ ਨੂੰ ਆਜ਼ਾਦ ਕਰਨ ਮੌਕੇ ਦੋ ਭਾਗਾਂ ਵਿਚ ਤਕਸੀਮ ਕਰ ਦਿੱਤਾ। ਭਾਵੇਂ ਆਜ਼ਾਦੀ ਦੀ ਜੰਗ ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਨੇ ਰਲ ਕੇ ਲੜੀ ਸੀ ਅਤੇ ਸਦੀਆਂ

ਤੋਂ ਇਕੱਠੇ ਰਹਿੰਦੇ ਆ ਰਹੇ ਲੋਕਾਂ ਵਿਚ ਸਭਿਆਚਾਰਕ-ਸਾਂਝ ਦੀਆਂ ਤੰਦਾਂ ਬੜੀਆਂ ਪੀਡੀਆਂ ਸਨ ਪਰ ਤਾਂ ਵੀ ਅੰਗਰੇਜ਼ਾਂ ਨੇ ਆਪਣੀ ਹਕੂਮਤ ਕਾਇਮ ਰੱਖਣ ਲਈ ਇਕ ਧਰਮ ਦੇ ਲੋਕਾਂ ਨੂੰ ਦੂਜੇ ਧਰਮ ਦੇ ਵਿਰੁੱਧ ਭੜਕਾਈ ਰੱਖਿਆ। ਇਕ ਸਥਿਰ ਰਾਜ-ਪ੍ਰਬੰਧ ਲਈ ਇਹੋ ਜਿਹੀ ਨੀਤੀ ਜ਼ਰੂਰੀ ਵੀ ਹੋ ਜਾਂਦੀ ਹੈ ਕਿਉਂਕਿ ਜੇ ਸਾਰੇ ਲੋਕ (ਪਰਜਾ) ਇਕੱਠੇ ਹੋ ਜਾਣਗੇ ਤਾਂ ਹੁਕਮਰਾਨ ਆਪਣੀਆਂ ਮਨਆਈਆਂ ਕਿਵੇਂ ਕਰ ਸਕਣਗੇ? ਭਾਰਤੀ ਨੇਤਾ ਅਤੇ ਦਾਨਿਸ਼ਵਰ ਲੋਕਾਂ ਨੂੰ ਇਸ ਗੱਲ ਦੀ ਸਮਝ ਨਹੀਂ ਸੀ ਕਿ ਆਜ਼ਾਦੀ ਨੂੰ ਪ੍ਰਾਪਤ ਅਤੇ ਕਾਇਮ ਰੱਖਣ ਲਈ ਸਭਿਆਚਾਰਕ-ਸਾਂਝ ਅਤੇ ਪਰਸਪਰ ਸਦਭਾਵਨਾ ਬੜੀ ਜ਼ਰੂਰੀ ਹੁੰਦੀ ਹੈ। ਧਾਰਮਿਕ ਮੁਖੀਏ ਆਪਣੇ-ਆਪਣੇ ਧਰਮ ਨੂੰ ਸਰਵਸ੍ਰੇਸ਼ਠ ਸਿੱਧ ਕਰਨ ਦੀ ਜ਼ਿਦ (ਕਮਅਕਲੀ?) ਵਿਚ ਲੱਗੇ ਰਹਿੰਦੇ ਹਨ। ਸਿੱਟੇ ਵਜੋਂ ਵਿਕਾਸਸ਼ੀਲ ਦੇਸ਼ਾਂ ਵਿਚ ਧਾਰਮਿਕ ਜਾਂ ਫਿਰਕੂ ਦੰਗੇ ਹੁੰਦੇ ਹੀ ਰਹਿੰਦੇ ਹਨ। ਦੇਸ਼ ਦੀ ਆਜ਼ਾਦੀ ਸਮੇਂ ਇਹ ਫ਼ਿਰਕੂ ਦੰਗੇ ਬੜੇ ਭਿਆਨਕ ਰੂਪ ਵਿਚ ਭੜਕ ਉਠੇ ਸਨ ਅਤੇ ਕਈ ਮਹੀਨਿਆਂ ਤਕ ਚਲਦੇ ਰਹੇ, ਜਿਨ੍ਹਾਂ ਕਾਰਨ ਇਨਸਾਨੀ ਜਾਨ-ਮਾਲ ਅਤੇ ਹੋਰ ਸੰਪਤੀ ਦਾ ਬਹੁਤ ਨੁਕਸਾਨ ਹੋਇਆ। ਦੇਸ਼-ਵੰਡ ਦਾ ਅਧਿਆਇ ਭਾਰਤੀ ਸਭਿਆਚਾਰ ਦਾ ਇਕ ਅਤਿਅੰਤ ਦੁਖਦ ਅਤੇ ਹਿਰਦੇਵੇਧਕ ਅਧਿਆਇ ਹੈ। ਇਸ ਪਾਠ ਵਿਚ ਅਸੀਂ ਇਸ ਅਧਿਆਇ ਬਾਰੇ ਆਪਣੇ ਵਿਦਿਆਰਥੀਆਂ ਨੂੰ ਸੰਖੇਪ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ।

### 4.1 ਦੇਸ਼-ਵੰਡ ਦੀ ਇਤਿਹਾਸਕ ਪ੍ਰਿਸ਼ਟਭੂਮੀ

ਦੂਜੇ ਵਿਸ਼ਵ-ਯੁੱਧ ਦੇ ਆਰੰਭ ਵਿਚ ਹੀ ਇਹ ਕਨਸੋਆਂ ਆਉਣੀਆਂ ਸ਼ੁਰੂ ਹੋ ਗਈਆਂ ਸਨ ਕਿ ਅੰਗਰੇਜ਼ ਛੇਤੀ ਹੀ ਭਾਰਤ ਨੂੰ ਛੱਡ ਜਾਣਗੇ। ਇਸੇ ਦੌਰਾਨ ਮੁਸਲਿਮ ਲੀਗ ਨੇ 1940 ਈ. ਵਿਚ ਇਕ ਮਤਾ ਪਾਸ ਕਰ ਕੇ ਆਪਣੇ ਲਈ ਇਕ ਵੱਖਰੇ ਰਾਜ ਦੀ ਮੰਗ ਕਰ ਦਿੱਤੀ। ਇਸ ਮੰਗ ਕਾਰਨ ਸਿੱਖ ਬੜੀ ਦੁਬਿਧਾ ਵਿਚ ਫਸ ਗਏ। ਉਨ੍ਹਾਂ ਦੇ ਸਨਮੁਖ ਦੋ ਰਸਤੇ ਸਨ। ਪਹਿਲਾ, ਜਾਂ ਤਾਂ ਉਹ ਆਪਣੇ ਆਪ ਨੂੰ ਭਾਰਤੀ ਰਾਸ਼ਟਰ ਕਾਂਗਰਸ ਨਾਲ ਜੋੜ ਕੇ ਮੁਸਲਿਮ ਲੀਗ ਦੀ ਇਸ ਮੰਗ ਦਾ ਵਿਰੋਧ ਕਰਨ ਅਤੇ ਦੂਜਾ, ਉਹ ਆਪਣੇ ਲਈ ਵੀ ਇਕ ਸਿੱਖ ਰਾਜ ਦੀ ਮੰਗ ਕਰਨ। ਦੂਜੇ ਵਿਸ਼ਵ-ਯੁੱਧ ਦੌਰਾਨ (1939-45) ਸਿੱਖ, ਮੁਸਲਮਾਨਾਂ ਦੀ ਇਸ ਮੰਗ ਦਾ ਵਿਰੋਧ ਕਰਦੇ ਰਹੇ। ਸਰ ਸਿਕੰਦਰ ਹਯਾਤ ਖਾਨ ਨੇ ਸਿੱਖਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਡਰਨ ਦੀ ਲੋੜ ਨਹੀਂ। ਉਸ ਨੇ ਕਿਹਾ ਕਿ ਸਾਨੂੰ ਅਜਿਹੀ ਆਜ਼ਾਦੀ ਨਹੀਂ ਚਾਹੀਦੀ, ਜਿਥੇ ਇਧਰ ਮੁਸਲਮਾਨ ਰਾਜ ਕਰਨ ਅਤੇ ਉਧਰ ਹਿੰਦੂ। ਸਾਡੇ ਪੰਜਾਬ ਵਿਚ ਹਰ ਇਕ ਲਈ ਆਰਥਿਕ ਅਤੇ ਪ੍ਰਬੰਧਕੀ ਖੇਤਰਾਂ ਵਿਚ ਇਕੋ ਜਿਹੇ ਅਵਸਰ ਉਪਲਬਧ ਹੋਣਗੇ। ਪੰਜਾਬ ਕੋਈ ਪਾਕਿਸਤਾਨ ਨਹੀਂ ਬਣੇਗਾ ਬਲਕਿ ਪੰਜਾਂ ਦਰਿਆਵਾਂ ਦੀ ਸਾਂਝੀ ਧਰਤੀ ਬਣਿਆ ਰਹੇਗਾ।

ਦਸੰਬਰ 1942 ਵਿਚ ਸਿਕੰਦਰ ਹਯਾਤ ਖਾਨ ਦੀ ਮੌਤ ਹੋ ਗਈ ਅਤੇ ਉਸ ਤੋਂ ਪਿਛੋਂ ਮੁਹੰਮਦ ਅਲੀ ਜਿਨਾਹ ਮੁਸਲਮਾਨਾਂ ਦਾ ਸਰਬ-ਸਾਂਝਾ ਨੇਤਾ ਬਣ ਗਿਆ। ਪੰਜਾਬ ਵਿਚ ਖਿਜ਼ਰ ਹਯਾਤ ਖਾਨ ਸਾਂਝੇ ਪੰਜਾਬ ਦੇ ਸੰਕਲਪ ਨਾਲ ਜੁੜਿਆ ਹੋਇਆ ਸੀ। ਜਿਨਾਹ ਨੇ ਉਸ ਨੂੰ ਇਹ ਸੰਕਲਪ ਛੱਡਣ ਲਈ ਕਾਫ਼ੀ ਕਿਹਾ ਪਰ ਉਹ ਆਪਣੇ ਵਿਚਾਰ ਉਪਰ ਡਟਿਆ ਰਿਹਾ। ਉਸ ਦੇ ਮੁਸਲਮਾਨ ਸਾਥੀ ਉਸ ਨੂੰ ਛੱਡ ਕੇ ਜਿਨਾਹ ਨਾਲ ਜਾ ਮਿਲੇ ਅਤੇ ਉਸ ਦੀ ਵਜ਼ਾਰਤ ਅਕਾਲੀਆਂ ਅਤੇ ਕਾਂਗਰਸੀਆਂ ਦੀ ਹਿਮਾਇਤ ਨਾਲ ਹੀ ਬਚੀ ਰਹੀ। ਇਸੇ ਦੌਰਾਨ ਗੋਪਾਲਾਚਾਰੀਆ ਨੇ ਇਕ ਨਵਾਂ ਫਾਰਮੂਲਾ ਪੇਸ਼ ਕਰ ਦਿੱਤਾ ਕਿ ਜੇ ਮੁਸਲਮਾਨ 'ਤਤਕਾਲ ਆਜ਼ਾਦੀ' ਦੀ ਮੰਗ ਨੂੰ ਸਵੀਕਾਰ ਕਰ ਲੈਣ ਤਾਂ ਇਕ ਅਜਿਹਾ ਕਮਿਸ਼ਨ ਮੁਕਰੱਰ ਕੀਤਾ ਜਾਵੇਗਾ ਜੋ ਪੰਜਾਬ ਵਿਚੋਂ ਮੁਸਲਿਮ ਬਹੁਗਿਣਤੀ ਦੇ ਇਲਾਕੇ ਚੁਣ ਕੇ ਉਨ੍ਹਾਂ ਵਿਚ ਰਹਿਣ ਵਾਲੇ ਲੋਕਾਂ ਦੀ ਇੱਛਾ ਮੁਤਾਬਿਕ ਫੈਸਲਾ ਕਰ ਦੇਵੇਗਾ। ਇਹ ਵੀ ਕਿਹਾ ਗਿਆ ਕਿ ਇਸ ਫਾਰਮੂਲੇ ਨੂੰ ਮਹਾਤਮਾ ਗਾਂਧੀ ਦਾ ਸਮਰਥਨ ਪ੍ਰਾਪਤ ਹੈ। ਸਿੱਖਾਂ ਨੇ ਇਸ ਦਾ ਡਟ ਕੇ ਵਿਰੋਧ ਕੀਤਾ। 20 ਅਗਸਤ 1944 ਨੂੰ ਅੰਮ੍ਰਿਤਸਰ ਵਿਚ ਸਿੱਖਾਂ ਦਾ ਇਕ ਸੰਮੇਲਨ ਬੁਲਾਇਆ ਗਿਆ। ਇਸ ਸੰਮੇਲਨ ਵਿਚ ਮਾਸਟਰ ਤਾਰਾ ਸਿੰਘ ਨੇ ਪਹਿਲੀ ਵਾਰ ਇਹ ਘੋਸ਼ਣਾ ਕੀਤੀ ਕਿ ਸਿੱਖ ਇਕ ਵੱਖਰੀ ਕੌਮ ਹਨ ਪਰ ਤਾਂ ਵੀ ਸਿੱਖਾਂ ਲਈ ਕਿਸੇ ਵੱਖਰੇ ਰਾਜ ਦੀ ਮੰਗ ਕਰਨ ਤੋਂ ਗੁਰੇਜ਼ ਕੀਤਾ ਗਿਆ।

7 ਮਈ 1945 ਨੂੰ ਨਾਜ਼ੀ ਜਰਮਨੀ ਨੇ ਹਥਿਆਰ ਸੁੱਟ ਦਿੱਤੇ। ਜਾਪਾਨੀਆਂ ਨੂੰ ਵੀ ਹਰ ਮੋਰਚੇ ਉਪਰ ਹਾਰ ਹੋ ਰਹੀ ਸੀ। ਅੰਗਰੇਜ਼ ਸਰਕਾਰ ਨੇ ਇਕ ਵਾਰ ਫੇਰ ਭਾਰਤ ਦੇ ਨੇਤਾਵਾਂ ਨੂੰ ਜਿੱਤਣ ਲਈ ਇਕ ਮੀਟਿੰਗ ਬੁਲਾਈ।

ਲਾਰਡ ਵੇਵਲ ਨੇ 21 ਭਾਰਤੀ ਨੇਤਾਵਾਂ ਨੂੰ ਬੁਲਾਇਆ ਜਿਨ੍ਹਾਂ ਵਿਚ ਮਾਸਟਰ ਤਾਰਾ ਸਿੰਘ ਵੀ ਸ਼ਾਮਲ ਸੀ। ਜੂਨ 1945 ਦੇ ਆਖਰੀ ਹਫ਼ਤੇ ਇਹ ਮੀਟਿੰਗ ਸ਼ਿਮਲੇ ਵਿਚ ਹੋਈ। ਪਰ ਜਿਨਾਹ ਦੇ ਵਿਰੋਧ ਕਾਰਨ ਕੋਈ ਫ਼ੈਸਲਾ ਨਾ ਹੋ ਸਕਿਆ। ਜਿਨਾਹ ਦੇ ਵਿਰੋਧ ਕਾਰਨ ਕਾਂਗਰਸ ਦੇ ਨੇਤਾਵਾਂ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਉਸ ਨਾਲ ਕਿਸੇ ਸਮਝੌਤੇ ਦੀ ਗੱਲ ਕਰਨਾ ਵਿਅਰਥ ਹੈ। 1945 ਦੀਆਂ ਚੋਣਾਂ ਭਾਰਤ ਦੇ ਇਤਿਹਾਸ ਵਿਚ ਫੈਸਲਾਕੁਨ ਸਾਬਤ ਹੋਈਆਂ। ਇੰਗਲੈਂਡ ਦੀ ਸਰਕਾਰ ਭਾਰਤ ਨੂੰ ਆਜ਼ਾਦ ਕਰਨ ਲਈ ਦ੍ਰਿੜ-ਸੰਕਲਪ ਹੋ ਚੁਕੀ ਸੀ। ਉਸ ਨੂੰ ਅਜਿਹੇ ਨੇਤਾਵਾਂ ਦੀ ਤਲਾਸ਼ ਸੀ, ਜਿਨ੍ਹਾਂ ਨੂੰ ਸੱਤਾ ਸੌਂਪੀ ਜਾ ਸਕੇ। ਕਾਂਗਰਸ ਪਾਰਟੀ ਨੇ ਇਨ੍ਹਾਂ ਚੋਣਾਂ ਦੇ ਮਹਤਵ ਨੂੰ ਦੇਖਦੇ ਹੋਏ ਵੋਟਰਾਂ ਨੂੰ ਇਕ ਆਜ਼ਾਦ ਅਤੇ ਸੰਯੁਕਤ ਭਾਰਤ ਵਾਸਤੇ ਵੋਟਾਂ ਪਾਉਣ ਦਾ ਪ੍ਰਚਾਰ ਕੀਤਾ। ਭਾਵੇਂ ਕਾਂਗਰਸ ਇਹ ਚੋਣਾਂ ਜਿੱਤ ਤਾਂ ਗਈ ਪਰ ਇਹ ਮੁਸਲਮਾਨਾਂ ਉਪਰ ਮੁਸਲਿਮ ਲੀਗ ਦੇ ਪ੍ਰਭਾਵ ਨੂੰ ਖ਼ਤਮ ਨਾ ਕਰ ਸਕੀ। ਲੀਗ ਪਾਕਿਸਤਾਨ ਦੀ ਮੰਗ ਲੈ ਕੇ ਚੋਣ-ਮੈਦਾਨ ਵਿਚ ਗਈ ਅਤੇ ਇਸ ਨੇ ਕੇਂਦਰੀ ਵਿਧਾਨ ਸਭਾ ਦੀ ਹਰ 'ਮੁਸਲਿਮ ਸੀਟ' ਉਪਰ ਜਿੱਤ ਪ੍ਰਾਪਤ ਕੀਤੀ। ਇਸ ਕਾਰਨ ਪ੍ਰਭਾਵ ਇਹ ਬਣਿਆ ਕਿ ਗ਼ੈਰ-ਮੁਸਲਿਮ ਲੋਕ ਸੰਯੁਕਤ ਭਾਰਤ ਚਾਹੁੰਦੇ ਹਨ ਅਤੇ ਮੁਸਲਮਾਨ ਭਾਰਤ ਛੱਡ ਕੇ ਪਾਕਿਸਤਾਨ ਹਾਸਲ ਕਰਨਾ ਚਾਹੁੰਦੇ ਹਨ। ਪੰਜਾਬ ਵਿਚ ਕੁਲ 175 ਸੀਟਾਂ ਵਿਚੋਂ 79 ਸੀਟਾਂ ਮੁਸਲਿਮ ਲੀਗ ਦੇ ਹਿੱਸੇ ਆਈਆਂ। ਕਾਂਗਰਸ ਨੂੰ 51 ਮਿਲੀਆਂ, ਪੰਥਕ ਉਮੀਦਵਾਰਾਂ ਨੂੰ 22, ਯੂਨੀਅਨਿਸਟਾਂ ਅਤੇ ਆਜ਼ਾਦ ਉਮੀਦਵਾਰਾਂ ਦੇ ਹਿੱਸੇ 10-10 ਸੀਟਾਂ ਆਈਆਂ। ਤਿੰਨ ਸੀਟਾਂ ਉਪਰ ਦੋਬਾਰਾ ਚੋਣ ਕਰਨ ਦਾ ਫੈਸਲਾ ਹੋਇਆ। ਸਰ ਖ਼ਿਜ਼ਰ ਹਯਾਤ ਖਾਨ ਨੇ ਕਾਂਗਰਸੀ ਅਤੇ ਅਕਾਲੀ ਉਮੀਦਵਾਰਾਂ ਦੇ ਸਹਿਯੋਗ ਨਾਲ ਆਪਣੀ ਸਰਕਾਰ ਦੋਬਾਰਾ ਬਣਾ ਲਈ।

1946 ਦੇ ਆਰੰਭ ਵਿਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਭਾਰਤ ਨੂੰ ਆਜ਼ਾਦੀ ਦੇਣ ਦੇ ਅਗਲੇ ਕਦਮ ਵਜੋਂ ਇਕ ਕੈਬਨਿਟ ਮਿਸ਼ਨ ਭੇਜਿਆ, ਜਿਸਦਾ ਮੰਤਵ ਪਾਕਿਸਤਾਨ ਦੇ ਮਾਮਲੇ ਵਿਚ ਭਾਰਤੀ ਨੇਤਾਵਾ ਦੀ ਸਲਾਹ ਲੈਣਾ ਸੀ। ਸਿਖਾਂ ਦੀ ਪ੍ਰਤੀਨਿਧਤਾ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਕਰ ਰਹੇ ਸਨ। ਇਨ੍ਹਾਂ ਨੇਤਾਵਾਂ ਨੇ ਕਿਹਾ ਕਿ ਜੇ ਪਾਕਿਸਤਾਨ ਬਣਦਾ ਹੈ ਤਾਂ ਉਨ੍ਹਾਂ ਨੂੰ ਵੀ ਇਕ ਵੱਖਰੀ ਸਟੇਟ ਮਿਲੇ। ਜਿਥੇ ਉਹ ਰਾਜ ਕਰ ਸਕਣ। ਇਸ ਸਟੇਟ ਵਿਚ ਉਹ ਪੂਰਾ ਜਲੰਧਰ ਅਤੇ ਲਾਹੌਰ ਡਵੀਯਨ ਲੈਣਾ ਚਾਹੁੰਦੇ ਸਨ। ਬਲਦੇਵ ਸਿੰਘ ਨੇ ਇਸ ਸਟੇਟ ਨੂੰ ਸਿੱਖ ਸਟੇਟ ਦਾ ਨਾਮ ਦਿੱਤਾ। ਪਰ ਕੈਬਨਿਟ ਕਮਿਸ਼ਨ ਇਸ ਮੰਗ ਨਾਲ ਸਹਿਮਤ ਨਾ ਹੋਇਆ। (ਖੁਸ਼ਵੰਤ ਸਿੰਘ, *ਹਿਸਟਰੀ ਆਫ਼ ਦ ਸਿਖਸ*, ਪੰਨੈ 257-259) ਇਸ ਨੇ ਸਿੱਖਾਂ ਦੀ ਮੰਗ ਨੂੰ ਗ਼ੈਰ-ਵਾਜਿਬ ਮੰਨਿਆ। ਸੂਬਿਆਂ ਦੀ ਗਠਬੰਦੀ ਬਾਰੇ ਕਾਂਗਰਸ ਪਾਰਟੀ ਅੰਗਰੇਜ਼ ਸਰਕਾਰ ਨਾਲ ਸਹਿਮਤ ਨਹੀਂ ਸੀ। ਇਸ ਲਈ ਪੰਡਿਤ ਨਹਿਰੂ ਅੰਤਰਿਮ ਸਰਕਾਰ ਵਿਚ ਸ਼ਾਮਲ ਹੋਣ ਲਈ ਤਿਆਰ ਨਾ ਹੋਇਆ। ਉਸਦਾ ਇਨਕਾਰ ਦੇਖ ਕੇ ਜਿਨਾਹ ਲੇ ਆਪਣੇ ਆਪ ਨੂੰ ਸਰਕਾਰ ਚਲਾਉਣ ਲਈ ਪੇਸ਼ ਕਰ ਦਿੱਤਾ ਪਰ ਉਸਦੀ ਪੇਸ਼ਕਸ਼ ਵਾਇਸਰਾਇ ਨੂੰ ਪ੍ਰਵਾਨ ਨਹੀਂ ਸੀ। ਇਸ ਤੋਂ ਭੜਕ ਕੇ ਜਿਨਾਹ ਨੇ ਸਿੱਧੀ ਕਾਰਵਾਈ ਕਰਨ ਦੀ ਧਮਕੀ ਦੇ ਦਿੱਤੀ। ਇਸ ਧਮਕੀ ਨਾਲ ਦੇਸ਼ ਵਿਚ ਫ਼ਿਰਕੂ ਦੰਗੇ ਸ਼ੁਰੂ ਹੋ ਗਏ। ਆਖਰ ਵਾਇਸਰਾਇ ਨੇ ਕਾਂਗਰਸ ਨੂੰ ਸਰਕਾਰ ਚਲਾਉਣ ਲਈ ਮਨਾ ਲਿਆ। ਉਸ ਦਾ ਖ਼ਿਆਲ ਸੀ ਕਿ ਪੰਡਿਤ ਨਹਿਰੂ ਮੁਸਲਿਮ ਲੀਗ ਨੂੰ ਰਾਜ਼ੀ ਕਰ ਲਵੇਗਾ। ਲੀਗ ਤਾਂ ਨਾ ਮੰਨੀ ਪਰ ਸਿੱਖ ਜ਼ਰੂਰ ਵਿਰੋਧ ਛੱਡਣ ਲਈ ਮੰਨ ਗਏ। 2 ਸਤੰਬਰ 1946 ਨੂੰ ਨਹਿਰੂ ਦੀ ਕੈਬਨਿਟ ਨੇ ਸਹੁੰ ਚੁੱਕ ਲਈ, ਜਿਸ ਵਿਚ ਬਲਦੇਵ ਸਿੰਘ ਨੂੰ ਡੀਫੈਂਸ ਮਨਿਸਟਰ ਬਣਾਇਆ ਗਿਆ। ਕੁਝ ਹਫ਼ਤਿਆਂ ਬਾਅਦ ਫ਼ਿਰਕੂ ਦੰਗੇ ਹੋਰ ਵੀ ਤੇਜ਼ ਹੋ ਗਏ ਤਾਂ ਮੁਸਲਿਮ ਲੀਗ ਨੇ ਵੀ ਸਰਕਾਰ ਵਿਚ ਸ਼ਾਮਲ ਹੋਣਾ ਸਵੀਕਾਰ ਕਰ ਲਿਆ। 26 ਅਕਤੂਬਰ 1946 ਨੂੰ ਅੰਤਰਿਮ ਸਰਕਾਰ ਦਾ ਪੁਨਰ-ਗਠਨ ਹੋਇਆ। ਪਰ ਦੰਗਿਆਂ ਉਪਰ ਕਾਬੂ ਨਾ ਪਾਇਆ ਜਾ ਸਕਿਆ। ਕਾਂਗਰਸ ਨੇ ਲੀਗ ਦੇ ਮੈਂਬਰਾਂ ਤੋਂ ਅਸਤੀਫ਼ੇ ਮੰਗ ਲਏ। ਗੱਲਬਾਤ ਕਿਸੇ ਸਿਰੇ ਨਾ ਲਗਦੀ ਵੇਖ ਕੇ ਐਟਲੀ ਨੇ 20 ਫਰਵਰੀ 1947 ਨੂੰ ਪਾਰਲੀਮੈਂਟ ਵਿਚ ਐਲਾਨ ਕਰ ਦਿੱਤਾ ਕਿ ਜੂਨ 1947 ਤੱਕ ਭਾਰਤ ਨੂੰ ਆਜ਼ਾਦ ਕਰ ਦਿੱਤਾ ਜਾਵੇਗਾ। ਲਾਰਡ ਮਾਊਂਟਬੈਟਨ, ਲਾਰਡ ਵੇਵਲ ਦਾ ਵਾਇਸਰਾਇ ਵਜੋਂ ਸਥਾਨ ਲੈ ਲਵੇਗਾ ਅਤੇ ਸ਼ਕਤੀ ਦੇ ਵਟਾਂਦਰੇ ਦਾ ਇੰਤਜ਼ਾਮ ਕਰੇਗਾ। ਐਟਲੀ ਸੋਚਦਾ ਸੀ ਕਿ ਉਸਦੇ ਇਸ ਐਲਾਨ ਨਾਲ ਭਾਰਤੀ ਨੇਤਾਵਾਂ ਦੀ ਅਕਲ ਕੁਝ ਟਿਕਾਣੇ ਆ ਜਾਵੇਗੀ ਅਤੇ ਉਹ ਸਥਿਤੀ ਨੂੰ ਸੰਭਾਲਣ ਵਿਚ ਲੱਗ ਜਾਣਗੇ ਪਰ ਦੇਖਦੇ-ਦੇਖਦੇ ਦੰਗੇ ਇਕ ਸਿਵਿਲ ਵਾਰ ਦਾ ਰੂਪ ਧਾਰਨ ਕਰ ਗਏ।

### 4.2 ਹਿੰਸਾ ਅਤੇ ਹਿਜ਼ਰਤ

ਭਾਰਤ ਵਰਗੇ ਗ਼ਰੀਬ ਅਤੇ ਬਹੁਧਰਮੀ ਦੇਸ਼ ਵਿਚ ਦੰਗੇ ਭੜਕ ਪੈਣੇ ਕੋਈ ਅਲੋਕਾਰ ਗੱਲ ਨਹੀਂ ਸੀ। ਮੁਸਲਮਾਨਾਂ ਦੇ ਆਗਮਨ ਤੋਂ ਬਾਅਦ ਇਥੇ ਅਜਿਹੇ ਦੰਗੇ ਹੁੰਦੇ ਰਹਿੰਦੇ ਸਨ। ਜਲਸੇ-ਜਲੂਸਾਂ ਦੇ ਮੌਕੇ, ਵਿਰੋਧੀ ਧਿਰਾਂ ਦੇ ਲੋਕ ਪਥਰਾਉ ਕਰਨ ਤੋਂ ਬਾਜ਼ ਨਹੀਂ ਆਉਂਦੇ ਸਨ ਅਤੇ ਅਕਸਰ ਲੋਕ ਖ਼ੂਨ ਵਿਚ ਰੰਗੇ ਜਾਂਦੇ ਸਨ। ਮੁਹੱਰਮ, ਬਕਰੀਦ ਅਤੇ ਹੋਲੀ ਦੇ ਦਿਨਾਂ ਵਿਚ ਅਕਸਰ ਦੰਗੇ ਹੋ ਜਾਂਦੇ ਸਨ। ਸੰਪਰਦਾਇਕ ਹਿੰਸਾ ਪਿੰਡਾਂ ਦੀ ਬਜਾਇ ਸ਼ਹਿਰੀ ਖੇਤਰਾਂ ਵਿਚ ਜ਼ਿਆਦਾ ਵਾਪਰਦੀ ਸੀ। ਪੇਂਡੂ ਖੇਤਰਾਂ ਵਿਚ ਰਵਾਇਤੀ ਭਾਈਚਾਰਾ ਅਜੇ ਕਾਇਮ ਸੀ ਪਰ ਸ਼ਹਿਰਾਂ ਤੋਂ ਆਉਣ ਵਾਲੀਆਂ ਅਫ਼ਵਾਹਾਂ ਨੇ ਪੇਂਡੂ ਲੋਕਾਂ ਦੇ ਮਨਾਂ ਵਿਚ ਵੀ ਸ਼ੱਕ ਅਤੇ ਨਫ਼ਰਤ ਪੈਦਾ ਕਰ ਦਿੱਤੀ। 1946-47 ਵਿਚ ਹੋਣ ਵਾਲੇ ਇਹ ਦੰਗੇ ਬਹੁਤ ਭਿਆਨਕ ਸਨ। ਅਤੀਤ ਵਿਚ ਦੰਗੇ ਕੇਵਲ ਕੁੱਟ-ਮਾਰ ਜਾਂ ਧੱਕੋ-ਮੁੱਕੀ ਤਕ ਹੀ ਸੀਮਿਤ ਰਹਿੰਦੇ ਸਨ ਪਰ ਹੁਣ ਪਿਸਤੌਲਾਂ-ਬੰਦੂਕਾਂ ਤਕ ਨੌਬਤ ਪਹੁੰਚ ਗਈ ਸੀ। ਬੱਚਿਆਂ, ਬੁੱਢਿਆਂ ਅਤੇ ਇਸਤ੍ਰੀਆਂ ਦਾ ਵੀ ਕੋਈ ਲਿਹਾਜ ਨਹੀਂ ਸੀ ਕੀਤਾ ਜਾਂਦਾ ਬਲਕਿ ਇਨ੍ਹਾਂ ਨੂੰ ਹੀ ਨਿਸ਼ਾਨਾ ਬਣਾਇਆ ਜਾਂਦਾ ਸੀ। ਇਸਤ੍ਰੀਆਂ ਨਾਲ ਸਾਮੂਹਿਕ ਬਲਾਤਕਾਰ ਕਰਨ ਪਿਛੋਂ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਂਦਾ ਸੀ। ਹਿੰਦੂ-ਮੁਸਲਮਾਨਾਂ ਦੇ ਦੰਗਿਆਂ ਵਿਚ ਮੁਸਲਮਾਨਾਂ ਦੇ ਦੰਗਿਆਂ ਵਿਚ ਮੁਸਲਮਾਨਾਂ ਨੇ ਸਿੱਖਾਂ ਨੂੰ ਹਿੰਦੂਆਂ ਦਾ ਤਾਕਤਵਰ ਅੰਗ ਮੰਨ ਕੇ ਇਨ੍ਹਾਂ ਨੂੰ ਸਬਕ ਸਿਖਾਉਣ ਦੀ ਨੀਤੀ ਬਣਾ ਲਈ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਜੇ ਸਿੱਖ ਪਾਕਿਸਤਾਨ ਵਿਚੋਂ ਨਿਕਲ ਜਾਣਗੇ ਤਾਂ ਉਨ੍ਹਾਂ ਦੀਆਂ ਉਪਜਾਊ ਜ਼ਮੀਨਾਂ ਅਤੇ ਜ਼ਾਇਦਾਦ ਮੁਸਲਮਾਨਾਂ ਦੇ ਹੱਥ ਆ ਜਾਵੇਗੀ। ਇਸ ਲਈ 1947 ਦੇ ਦੰਗਿਆਂ ਵਿਚ ਸਿੱਖ ਸਭ ਤੋਂ ਵੱਧ ਸ਼ਿਕਾਰ ਹੋਏ। ਸਿਖ ਕੌਮ ਲਈ ਇਹ ਦੰਗੇ ਭਿਆਨਕ ਸਦਮਾ ਸੀ।

ਸਰ ਰੈੱਡਕਲਿਫ਼ ਦੀ ਅਗਵਾਈ ਵਿਚ ਕਾਇਮ ਕੀਤੇ ਬਾਊਂਡਰੀ ਕਮਿਸ਼ਨ ਨੇ ਸੰਯੁਕਤ ਪੰਜਾਬ ਦੇ 13 ਜ਼ਿਲੇ ਪੰਜਾਬ ਨੂੰ ਦੇ ਦਿੱਤੇ ਅਤੇ ਬਾਕੀ ਪੂਰਾ ਪੰਜਾਬ (62% ਖੇਤਰ) ਪਾਕਿਸਤਾਨ ਨੂੰ ਦੇ ਦਿੱਤਾ। ਇਸ ਵੰਡ ਦਾ ਸਭ ਤੋਂ ਜ਼ਿਆਦਾ ਨੁਕਸਾਨ ਸਿੱਖਾਂ ਨੂੰ ਹੋਇਆ। ਜਿਨ੍ਹਾਂ ਦੀਆਂ ਉਪਜਾਊ ਜ਼ਮੀਨਾਂ, 150 ਗੁਰਦੁਆਰੇ ਅਤੇ 50% ਆਬਾਦੀ ਪਾਕਿਸਤਾਨ ਵਿਚ ਰਹਿ ਗਈ। 15 ਅਗਸਤ 1947 ਨੂੰ ਜਦੋਂ ਦੇਸ਼ ਆਜ਼ਾਦੀ ਦੇ ਜਸ਼ਨ ਮਨਾ ਰਿਹਾ ਸੀ, ਪੰਜਾਬ ਦੇ ਲਗਪਗ ਇਕ ਕਰੋੜ ਲੋਕ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਚੁਕੇ ਸਨ। ਇਧਰ ਪੂਰਬੀ ਪੰਜਾਬ ਵਿਚ ਸਿੱਖਾਂ ਦੇ ਜੱਥਿਆਂ ਨੇ ਮੁਸਲਮਾਨਾਂ ਨੂੰ ਚੁਣ-ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਪੱਛਮੀ ਪੰਜਾਬ ਵਿਚ ਮੁਸਲਮਾਨਾਂ ਵਲੋਂ ਹਿੰਦੂ-ਸਿੱਖਾਂ ਨੂੰ ਅੰਨ੍ਹੀ ਵਹਿਸ਼ਤ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਇਧਰੋਂ ਉਧਰ ਅਤੇ ਉਧਰੋਂ ਇਧਰ ਆਉਣ ਵਾਲੇ ਸ਼ਰਨਾਰਥੀਆਂ ਉਪਰ ਵੀ ਹਮਲੇ ਹੋਣ ਲੱਗ ਪਏ। ਰੇਲ-ਗੱਡੀਆਂ ਵਿਚ ਸਾਮੂਹਿਕ ਨਰਸੰਘਾਰ ਕੀਤਾ ਗਿਆ। ਦੁਨੀਆਂ ਦੇ ਇਤਿਹਾਸ ਵਿਚ ਹੋਰ ਕਿਧਰੇ ਵੀ ਲੋਕਾਂ ਦੀ ਇਸ ਤੋਂ ਵੱਡੀ ਹਿਜਰਤ (exodus) ਅਤੇ ਵਿਆਪਕ ਪੱਧਰ ਉਤੇ ਹੋਏ ਖ਼ੂਨ ਖ਼ਰਾਬੇ ਦੇ ਮਿਸਾਲ ਨਹੀਂ ਮਿਲਦੀ। ਭਾਰਤ ਸਰਕਾਰ ਨੇ ਪੱਛਮੀ ਪੰਜਾਬ ਤੋਂ ਆਉਣ ਵਾਲੇ ਲੋਕਾਂ ਨੂੰ ਪਨਾਹ ਦੇਣ ਲਈ ਬਹੁਤ ਸਾਰੇ ਕੈਂਪ ਲਗਾ ਰੱਖੇ ਸਨ। ਅਕਤੂਬਰ 1947 ਵਿਚ ਇਨ੍ਹਾਂ ਕੈਂਪਾਂ ਵਿਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਸੱਤ ਲਖ ਵੀਹ ਹਜ਼ਾਰ ਸੀ। ਉਨ੍ਹਾਂ ਦੇ ਪੁਨਰ-ਵਸੇਬੇ ਲਈ ਸ. ਤਰਲੋਕ ਸਿੰਘ ਅਤੇ ਮਹਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ 8000 ਪਟਵਾਰੀ ਲਾਏ ਗਏ। ਪਰ ਇਹ ਕੰਮ ਕੋਈ ਸੌਖਾ ਨਹੀਂ ਸੀ। ਉਧਰੋਂ ਆਉਣ ਵਾਲੇ ਹਿੰਦੂ-ਸਿੱਖਾਂ ਦੀ ਗਿਣਤੀ ਏਧਰੋਂ ਗਏ ਮੁਸਲਮਾਨਾਂ ਨਾਲੋਂ ਜ਼ਿਆਦਾ ਸੀ। ਇਕ ਹੋਰ ਕਠਨਾਈ ਇਹ ਸੀ ਕਿ ਹਿੰਦੂ-ਸਿਖ ਉਧਰ 67 ਲੱਖ ਏਕੜ ਉਪਜਾਊ ਜ਼ਮੀਨ ਛੱਡ ਕੇ ਆਏ ਸਨ ਜਦੋਂ ਕਿ ਮੁਸਲਮਾਨ ਲੋਕ ਕੇਵਲ 47 ਲੱਖ ਏਕੜ ਗ਼ੈਰ-ਉਪਜਾਊ ਜ਼ਮੀਨ ਛੱਡ ਕੇ ਗਏ ਸਨ। ਇਸ ਤਰ੍ਹਾਂ ਦੇਸ਼-ਵੰਡ ਦਾ ਹਿੰਦੂ-ਸਿੱਖਾਂ ਨੂੰ ਭਾਰੀ ਨੁਕਸਾਨ ਹੋਇਆ ਅਤੇ ਮੁਸਲਮਾਨ ਜਾਗੀਰਦਾਰ ਕਾਫ਼ੀ ਫ਼ਾਇਦੇ ਵਿਚ ਰਹੇ।

### ਦੇਸ਼-ਵੰਡ ਦੇ ਸਭਿਆਚਾਰਕ ਪ੍ਰਭਾਵ

ਪੰਜਾਬੀ ਸਭਿਆਚਾਰ ਉਪਰ ਪਏ ਦੇਸ਼-ਵੰਡ ਦੇ ਪ੍ਰਭਾਵ ਨੂੰ ਅਜੇ ਤਕ ਪੂਰੀ ਤਰ੍ਹਾਂ ਨਾਲ ਅੰਕਿਆ ਨਹੀਂ ਜਾ ਸਕਿਆ। ਭਾਰਤ ਵਿਚ ਆ ਕੇ ਸਿੱਖਾਂ ਦੇ ਪੂਰੇ ਦੇਸ਼ ਵਿਚ ਖਿੱਲਰ ਜਾਣ ਕਾਰਨ ਸਿੱਖ ਲੀਡਰਸ਼ਿਪ ਵਿਚ ਕਾਫ਼ੀ ਤਬਦੀਲੀਆਂ ਆ ਗਈਆਂ। ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਤਾਂ ਕੁਝ ਸਮੇਂ ਲਈ ਬਚੀ ਰਹੀ ਪਰੰਤੂ ਸ. ਉੱਜਲ ਸਿੰਘ ਅਤੇ ਸ. ਹੁਕਮ ਸਿੰਘ ਵਰਗੇ ਨੇਤਾਵਾਂ ਨੂੰ ਕੇਂਦਰੀ ਲੀਡਰਸ਼ਿਪ (ਕਾਂਗਰਸ) ਨਾਲ ਮਿਲ-ਮਿਲਾ ਕੇ ਆਪਣੇ ਵਜੂਦ

ਨੂੰ ਬਚਾਉਣਾ ਪਿਆ। ਇਨ੍ਹਾਂ ਨੇਤਾਵਾਂ ਦਾ ਸਥਾਨ ਪੂਰਬੀ ਪੰਜਾਬ ਵਿਚ ਪੈਦਾ ਹੋਏ ਨੇਤਾਵਾਂ ਸ. ਪਰਤਾਪ ਸਿੰਘ ਕੈਰੋਂ, ਸ. ਸਵਰਨ ਸਿੰਘ, ਗਿਆਨ ਸਿੰਘ ਰਾੜੇਵਾਲਾ ਅਤੇ ਪ੍ਰਕਾਸ਼ ਸਿੰਘ ਬਾਦਲ ਆਦਿ ਨੇ ਲੈ ਲਿਆ। ਪਾਕਿਸਤਾਨ ਵਿਚੋਂ ਆਏ ਬਹੁਤੇ ਸ਼ਰਨਾਰਥੀ ਪੰਜਾਬ ਦੇ ਮਾਲਵਾ ਖੇਤਰ ਵਿਚ ਵਸ ਗਏ। ਇਸ ਕਾਰਨ ਹੌਲੀ-ਹੌਲੀ ਸਿਖਾਂ ਉਪਰ ਮਲਵਈ ਲੀਡਰਸ਼ਿਪ ਭਾਰੂ ਹੁੰਦੀ ਗਈ। ਇਹ ਪ੍ਰਕਿਰਿਆ ਅਜੇ ਤਕ ਜਾਰੀ ਹੈ।

ਸ਼ਾਹ ਮੁਹੰਮਦ ਵਰਗੇ ਕੌਮੀ ਕਵੀਆਂ ਨੇ ਬੜੇ ਵਿਸ਼ਵਾਸ ਨਾਲ ਪੰਜਾਬ ਦੇ ਸਾਂਝੇ ਸਭਿਆਚਾਰ ਦੀ ਦੁਹਾਈ ਦਿੱਤੀ ਸੀ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਇਕ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

ਪਰ ਅਸਲ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਦਰਮਿਆਨ ਵੈਰ-ਵਿਰੋਧ ਦੇ ਬੀਜ ਬਹੁਤ ਪੁਰਾਣੇ ਸਮੇਂ ਤੋਂ ਪਏ ਹੋਏ ਸਨ। ਦੋਹਾਂ ਨੇ ਕਦੇ ਇਕ-ਦੂਜੇ ਦੀ ਸਪੇਸ ਦਾ ਸਤਿਕਾਰ ਨਹੀਂ ਸੀ ਕੀਤਾ। ਮੁਸਲਮਾਨ ਹਾਕਮ ਆਪਣੇ ਤਖ਼ਤ ਨੂੰ ਸਲਾਮਤ ਰੱਖਣ ਲਈ ਮੁਸਲਮਾਨ ਪੱਤਾ ਵਰਤਦੇ ਰਹੇ ਸਨ। ਸਿਰਫ਼ ਅਕਬਰ ਨੇ ਹੀ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਚੰਗੇ ਰਿਸ਼ਤੇ ਪੈਦਾ ਕਰਨੇ ਚਾਹੇ ਸਨ। ਉਸ ਤੋਂ ਬਾਅਦ ਜਹਾਂਗੀਰ, ਸ਼ਾਹਜਹਾਨ ਅਤੇ ਔਰੰਗਜ਼ੇਬ ਆਦਿਕ ਬਾਦਸ਼ਾਹ ਬੇਹੱਦ ਮੁਤਅੱਸਬੀ ਸਨ। ਉਨ੍ਹਾਂ ਦੀ ਸ਼ਹਿ ਉਤੇ ਆਮ ਮੁਸਲਮਾਨ ਵੀ ਹਿੰਦੂਆਂ ਨਾਲ ਧੱਕਾ ਕਰਨ ਤੋਂ ਗੁਰੇਜ਼ ਨਹੀਂ ਸਨ ਕਰਦੇ। ਇਸੇ ਕਾਰਨ ਸਿੱਖ ਸਤਿਗੁਰਾਂ ਨਾਲ ਮੁਗ਼ਲ ਹਾਕਮਾਂ ਦੀ ਹਮੇਸ਼ਾ ਠਣੀ ਰਹੀ। ਅਕਬਰ ਨੂੰ ਛੱਡ ਕੇ ਹੋਰ ਸਾਰੇ ਮੁਸਲਮਾਨ ਬਾਦਸ਼ਾਹ ਸਿੱਖ ਗੁਰੂਆਂ ਨੂੰ ਸ਼ੱਕ ਅਤੇ ਅਵਿਸ਼ਵਾਸ ਦੀ ਨਜ਼ਰ ਨਾਲ ਦੇਖਦੇ ਰਹੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਬਾਦਸ਼ਾਹ ਬਾਬਰ ਨੂੰ 'ਜਮ ਦਾ ਰੂਪ' ਦੱਸਿਆ ਸੀ :

ਖੁਰਾਸਾਨ ਖਸਮਾਨਾ ਕੀਆ ਹਿੰਦਸਤਾਨ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮ ਕਰਿ ਮੁਗਲ ਚੜਾਇਆ॥

ਸਿੱਖ ਇਤਿਹਾਸਕਾਰਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੂੰ ਬਾਬਰ ਨੇ ਕੈਦ ਕਰ ਲਿਆ ਸੀ। ਹਮਾਯੂੰ ਨੇ ਗੁਰੂ ਅੰਗਦ ਦੇਵ ਜੀ ਉਪਰ ਤਲਵਾਰ ਸੂਤ ਲਈ ਸੀ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਜ਼ਰਬੰਦ ਕਰ ਲਿਆ ਸੀ। ਸ਼ਾਹ ਜਹਾਨ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ ਕਈ ਵਾਰ ਫੌਜ ਭੇਜੀ ਸੀ। ਔਰੰਗਜ਼ੇਬ ਨੇ ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਦਰਬਾਰ ਵਿਖੇ ਬੁਲਾਇਆ। ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ, ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸ਼ਹੀਦ ਕਰਵਾ ਦਿੱਤਾ। ਇਉਂ ਸਿੱਖ ਇਤਿਹਾਸ ਮੁਗ਼ਲ ਰਾਜਿਆਂ ਦੇ ਜਬਰ-ਜ਼ੁਲਮ ਦੀਆਂ ਹਿਰਦੇਵੇਧਕ ਘਟਨਾਵਾਂ ਨਾਲ ਭਰਪੂਰ ਹੈ। ਅੰਗਰੇਜ਼ਾਂ ਨੇ ਵੀ ਫੁੱਟਪਾਊ ਨੀਤੀ ਉਤੇ ਚਲਦਿਆਂ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਇਕੱਠੇ ਮਿਲ ਕੇ ਨਾ ਚੱਲਣ ਦਿੱਤਾ।

ਉਨ੍ਹੀਵੀਂ ਸਦੀ ਦੇ ਅੰਤ ਵਿਚ ਚੱਲੀਆਂ ਸੁਧਾਰਵਾਦੀ ਲਹਿਰਾਂ ਨੇ ਵੀ ਫ਼ਿਰਕਾਪ੍ਰਸਤੀ ਵਿਚ ਵਾਧਾ ਕੀਤਾ। ਇਸ ਕਾਰਨ ਦੇਸ਼ ਦੀ ਫ਼ਿਰਕੂ ਲੀਹਾਂ ਉਤੇ ਵੰਡ ਹੋਣੀ ਅਸੁਭਾਵਿਕ ਨਹੀਂ ਸੀ। ਵੰਡ ਉਪਰੰਤ ਪੰਜਾਬੀ ਬੋਲਦਾ ਬਹੁਤਾ ਇਲਾਕਾ ਪਾਕਿਸਤਾਨ ਵਿਚ ਚਲਾ ਗਿਆ ਅਤੇ ਭਾਰਤ ਦੇ ਹਿੱਸੇ ਥੋੜਾ ਖੇਤਰ ਆਇਆ। ਇਸ ਥੋੜੇ ਜਿਹੇ ਖੇਤਰ ਵਿਚੋਂ ਵੀ ਹਰਿਆਣਾ ਅਤੇ ਹਿਮਾਚਲ ਨੂੰ ਅਲੱਗ ਕਰ ਦਿੱਤਾ ਗਿਆ, ਜਿਸ ਕਾਰਨ ਅਜੋਕਾ ਪੰਜਾਬ, ਸੰਯੁਕਤ ਪੰਜਾਬ ਦਾ ਮਸਾਂ 15% ਭਾਗ ਹੀ ਰਹਿ ਗਿਆ ਹੈ। ਇਸ ਵਿਚੋਂ ਵੀ ਆਬਾਦੀ ਦਾ ਬਹੁਤਾ ਹਿੱਸਾ ਪ੍ਰਵਾਸ ਕਰ ਕੇ ਵਿਦੇਸ਼ਾਂ ਵਿਚ ਜਾ ਰਿਹਾ ਹੈ। ਇਨ੍ਹਾਂ ਲੋਕਾਂ ਦੀ ਥਾਂ ਲੈਣ ਲਈ ਬਿਹਾਰ ਅਤੇ ਯੂ.ਪੀ. ਦੇ ਗ਼ਰੀਬ ਲੋਕ ਪੰਜਾਬ ਵਿਚ ਆ ਰਹੇ ਹਨ। ਇਉਂ ਪੰਜਾਬੀ ਸਭਿਆਚਾਰ ਨੂੰ ਖੋਰਾ ਲਗਦਾ ਜਾ ਰਿਹਾ ਹੈ। ਇਸ ਦੀਆਂ ਵੱਖ-ਵੱਖ ਸੰਸਥਾਵਾਂ ਅਤੇ ਅੰਗ ਵਿਕ੍ਰਿਤ ਜਾਂ ਰੂਪਾਂਤਰਿਤ ਹੋ ਰਹੇ ਹਨ।

ਦੂਜੇ ਪਾਸੇ ਪੱਛਮੀ ਪੰਜਾਬ ਵਿਚ ਬਹੁਤੇ ਲੋਕ ਅਨਪੜ੍ਹ ਹਨ। ਉਥੋਂ ਦੀਆਂ ਵੱਖ-ਵੱਖ ਸਰਕਾਰਾਂ ਨੇ ਆਮ ਕਿਸਾਨਾ ਅਤੇ ਮਜ਼ਦੂਰਾਂ ਨੂੰ ਸੁਸਿੱਖਿਅਤ ਕਰਨ ਦਾ ਕੋਈ ਇੰਤਜ਼ਾਮ ਨਹੀਂ ਕੀਤਾ। ਕੇਵਲ ਗਿਣਤੀ ਦੇ ਜਾਗੀਰਦਾਰ ਅਤੇ ਕਾਰਖਾਨੇਦਾਰ ਲੋਕ ਹੀ ਪੜ੍ਹੇ-ਲਿਖੇ ਹਨ ਅਤੇ ਉਹੀ ਰਾਜ-ਸੱਤਾ ਦੇ ਮਾਲਕ ਹਨ। ਇਨ੍ਹਾਂ ਦੇ ਬੱਚੇ ਵਿਦੇਸ਼ਾਂ ਵਿਚ ਜਾ ਕੇ ਅੰਗਰੇਜ਼ੀ ਪੜ੍ਹਦੇ ਅਤੇ ਬੋਲਦੇ ਹਨ। ਸਿੱਟੇ ਵਜੋਂ ਏਨੇ ਵੱਡੇ ਪੱਛਮੀ ਪੰਜਾਬ ਵਿਚ ਪੰਜਾਬੀ ਬੋਲੀ ਦਾ ਕੋਈ ਵਾਲੀ-ਵਾਰਿਸ ਨਹੀਂ ਹੈ। ਪੰਜਾਬੀ ਬੋਲੀ ਨੂੰ ਗੁਰਮੁਖੀ ਲਿਪੀ ਵਿਚ ਹੀ ਪ੍ਰਮਾਣਿਕ ਅਤੇ ਸ਼ੁੱਧ ਢੰਗ ਨਾਲ ਲਿਖਿਆ ਜਾ ਸਕਦਾ ਹੈ ਪਰ ਮੁਸਲਮਾਨ ਹਾਕਮਾਂ ਅਤੇ ਨੌਕਰਸ਼ਾਹਾਂ ਨੇ ਮਜ਼ਹਬੀ ਆਧਾਰ ਕਾਰਨ ਗੁਰਮੁਖੀ ਲਿਪੀ ਨੂੰ ਛੱਡ ਰੱਖਿਆ ਹੈ। ਇਹੀ ਕਾਰਨ ਹੈ ਕਿ ਉਥੇ ਪੰਜਾਬੀ ਸਾਹਿੱਤ ਅਤੇ ਬੋਲੀ ਦਾ ਵਿਕਾਸ ਦਿਨੋ-ਦਿਨ ਪਛੜਦਾ ਜਾ ਰਿਹਾ ਹੈ। ਭਾਵੇਂ ਏਧਰਲੇ ਉਰਦੂ ਭਾਸ਼ਾ ਨੂੰ ਜਾਣਨ-ਸਮਝਣ ਵਾਲੇ ਭਾਵੁਕ ਕਿਸਮ ਦੇ ਲੋਕ ਤਾਂ ਇਹ ਕਹਿੰਦੇ ਹੋਏ ਝਿਜਕ ਨਹੀਂ ਕਰਦੇ ਕਿ ਅਸਲ ਪੰਜਾਬੀ ਤਾਂ ਓਧਰਲੇ ਪਾਕਿਸਤਾਨੀ ਵੀਰ ਹੀ ਬੋਲਦੇ ਹਨ ਪਰ ਜੇ ਅਜੋਕੀ ਪੀੜ੍ਹੀ ਨੂੰ ਓਧਰਲੀ ਪੰਜਾਬੀ ਪੜ੍ਹਨੀ ਜਾਂ ਸੁਣਨੀ ਪੈ ਜਾਵੇ ਤਾਂ ਉਨ੍ਹਾਂ ਨੂੰ ਉਰਦੂ, ਫ਼ਾਰਸੀ ਡਿਕਸ਼ਨਰੀਆਂ ਦੀ ਲੋੜ ਪਵੇਗੀ ਕਿਉਂਕਿ ਉਨ੍ਹਾਂ ਦੇ ਹਰ ਵਾਕ ਵਿਚ ਅੱਧਿਓਂ ਬਹੁਤੇ ਸ਼ਬਦ ਉਰਦੂ-ਫ਼ਾਰਸੀ ਦੇ ਹੁੰਦੇ ਹਨ।

ਪੱਛਮੀ ਪੰਜਾਬ ਦੇ ਬਹੁਤੇ ਸਾਹਿਤਕਾਰਾਂ ਦੀ ਸਥਿਤੀ ਅਨਪੜ੍ਹ ਲੋਕਾਂ ਤੋਂ ਵੀ ਬਦਤਰ ਹੈ। ਜੇ ਉਨ੍ਹਾਂ ਨੂੰ ਪੰਜਾਬੀ ਸਾਹਿੱਤਕਾਰਾਂ ਦੀ ਗੱਲ ਕਰਨੀ ਪਵੇ ਤਾਂ ਉਹ ਵੰਡ ਤੋਂ ਪਹਿਲਾਂ ਦੇ ਸਾਹਿਤਕਾਰਾਂ ਵਿਚੋਂ ਕੇਵਲ ਮੁਸਲਮਾਨ ਲਿਖਾਰੀਆਂ ਦੀ ਹੀ ਗੱਲ ਕਰਨਗੇ, ਹਿੰਦੂ-ਸਿੱਖ ਲਿਖਾਰੀਆਂ ਦੀ ਗੱਲ ਨਹੀਂ ਕਰਦੇ। ਹੋਰ ਤਾਂ ਹੋਰ, ਉਹ ਸਿੱਖ ਸਤਿਗੁਰਾਂ ਦਾ ਨਾਮ ਲੈਣ ਦੀ ਵੀ ਲੋੜ ਨਹੀਂ ਸਮਝਦੇ। ਉਨ੍ਹਾਂ ਨੂੰ ਇਸ ਗੱਲ ਦੀ ਵੀ ਕੋਈ ਲਿਹਾਜ ਨਹੀਂ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ਼ ਫ਼ਰੀਦ ਵਰਗੇ ਮੁਸਲਮਾਨ ਦੀ ਬਾਣੀ ਵੀ ਸੰਕਲਿਤ ਕੀਤੀ ਹੋਈ ਹੈ। ਇਉਂ ਪੰਜਾਬੀ ਸਾਹਿੱਤ ਨਾਲ ਉਨ੍ਹਾਂ ਦਾ ਨਾਤਾ ਬੜਾ ਅਧੂਰਾ ਅਤੇ ਸਤਹੀ ਕਿਸਮ ਦਾ ਬਣ ਕੇ ਰਹਿ ਗਿਆ ਹੈ।

ਪਾਕਿਸਤਾਨ ਵਿਚ ਪੱਤਰਕਾਰੀ ਦੇ ਖੇਤਰ ਉਰਦੂ ਅਤੇ ਅੰਗਰੇਜ਼ੀ ਨੇ ਮੱਲੇ ਹੋਏ ਹਨ। ਅਜਕਲ੍ਹ ਪਾਕਿਸਤਾਨ ਵਿਚ 1000 ਤੋਂ ਵੱਧ ਅਖ਼ਬਾਰ ਅਤੇ ਰਿਸਾਲੇ ਨਿਕਲ ਰਹੇ ਹਨ ਜਿਨ੍ਹਾਂ ਵਿਚੋਂ ਰੋਜ਼ਾਨਾ ਅਖ਼ਬਾਰਾਂ ਦੀ ਗਿਣਤੀ ਡੇਢ ਸੌ ਹੈ। ਪਾਕਿਸਤਾਨ ਦੇ ਰੋਜ਼ਾਨਾ ਉਰਦੂ ਅਖਬਾਰਾਂ ਦੀ ਛਪਣ ਗਿਣਤੀ ਬਾਰਾ ਲੱਖ ਹੈ, ਜਦੋਂ ਕਿ ਅੰਗਰੇਜ਼ੀ ਦੇ ਅਖ਼ਬਾਰ ਲਗਪਗ ਤਿੰਨ ਲੱਖ ਵਿਕਦੇ ਹਨ। ਇਕ ਅਨੁਮਾਨ ਮੁਤਾਬਿਕ ਪਾਕਿਸਤਾਨ ਵਿਚ ਅੰਗਰੇਜ਼ੀ ਅਖ਼ਬਾਰਾਂ ਦੀ ਪਹੁੰਚ 3% ਲੋਕਾਂ ਤੋਂ ਵੱਧ ਨਹੀਂ ਪਰ ਰਾਜਸੀ, ਸਾਹਿਤਿਕ ਅਤੇ ਅਕਾਦਮਿਕ ਖੇਤਰਾਂ ਵਿਚ ਇਨ੍ਹਾਂ ਦਾ ਚੰਗਾ ਬੋਲਬਾਲਾ ਹੈ। ਉਰਦੂ ਦੀ ਸਭ ਤੋਂ ਵੱਡੀ ਅਖ਼ਬਾਰ 'ਜੰਗ' ਹੈ ਪਰ 'ਨਵਾਇ ਵਕਤ' ਅਤੇ 'ਇਮਰੋਜ਼' ਵੀ ਕਾਫ਼ੀ ਪਸੰਦ ਕੀਤੇ ਜਾਂਦੇ ਹਨ। ਅੰਗਰੇਜ਼ੀ ਅਖ਼ਬਾਰਾਂ ਵਿਚੋਂ 'ਡਾਨ' ਅਤੇ 'ਦ ਨੇਸ਼ਨ' ਪ੍ਰਮੁਖ ਹਨ। (ਨਵਜੀਤ ਜੌਹਲ, *ਖੋਜ ਪਤ੍ਰਿਕਾ : ਪੰਜਾਬੀ ਸਾਹਿਤ ਵਿਸ਼ੇਸ਼ ਅੰਕ)* ਪਾਕਿਸਤਾਨ ਵਿਚ ਅਖ਼ਬਾਰਾਂ ਦੀ ਘੱਟ ਛਪਣ-ਗਿਣਤੀ ਦਾ ਮੁਖ ਕਾਰਨ ਘੱਟ ਸਾਖਰਤਾ ਦਰ ਹੈ। 1987 ਈ. ਵਿਚ ਪਾਕਿਸਤਾਨ ਦੀ ਸਾਖਰਤਾ ਦਰ ਮਸਾਂ 26% ਸੀ। ਹੁਣ ਤਕ ਪੰਜ-ਸੱਤ ਪ੍ਰਤੀਸ਼ਤ ਹੋਰ ਵਧ ਗਈ ਹੋਵੇਗੀ। ਭਾਵੇਂ ਪਾਕਿਸਤਾਨ ਵਿਚ ਉਰਦੂ ਅਤੇ ਅੰਗਰੇਜ਼ੀ ਪੱਤਰਕਾਰੀ ਨੇ ਵੀ ਬਹੁਤਾ ਵਿਕਾਸ ਨਹੀਂ ਕੀਤਾ ਪਰ ਪੰਜਾਬੀ ਪੱਤਰਕਾਰੀ ਦੀ ਸਥਿਤੀ ਅਤਿਅੰਤ ਤਰਸਯੋਗ ਹੈ। ਪਾਕਿਸਤਾਨ ਦੀ ਕੁਲ 12 ਕਰੋੜ ਆਬਾਦੀ ਵਿਚੋਂ ਪੰਜਾਬੀਆਂ ਦੀ ਆਬਾਦੀ ਛੇ ਕਰੋੜ ਹੋਣ ਦੇ ਬਾਵਜੂਦ ਉਥੇ ਪੰਜਾਬੀ ਬੋਲੀ ਦੀ ਕੋਈ ਪੁੱਛ-ਪ੍ਰਤੀਤ ਨਹੀਂ ਹੈ। ਇਹ ਬਹੁਤ ਹੀ ਦਿਲਚਸਪ ਪਹਿਲੂ ਹੈ ਕਿ ਜਿਸ ਦੇਸ਼ ਵਿਚ ਰੇਡੀਉ ਅਤੇ ਟੈਲੀਵਿਯਨ ਦੇ ਬਹੁਤ ਸਾਰੇ ਪ੍ਰੋਗਰਾਮ ਪੰਜਾਬੀ ਵਿਚ ਹੋਣ। ਪੰਜਾਬੀ ਫ਼ਿਲਮਾਂ ਵੀ ਵੱਡੀ ਗਿਣਤੀ ਵਿਚ ਬਣਦੀਆਂ ਹੋਣ, ਉਥੇ ਪੰਜਾਬੀ ਦਾ ਇਕ ਵੀ ਰੋਜ਼ਾਨਾ ਅਖ਼ਬਾਰ ਨਾ ਨਿਕਲਦਾ ਹੋਵੇ, ਜੇ ਕਦੇ ਨਿਕਲਿਆ ਵੀ ਹੋਵੇ ਤਾਂ ਦੋ ਸਾਲ ਦੇ ਅੰਦਰ-ਅੰਦਰ ਦਮ ਤੋੜ ਜਾਵੇ। ਹਾਲਾਂਕਿ 1947 ਈ. ਤੋਂ ਪਹਿਲਾਂ ਲਾਹੌਰ ਪੰਜਾਬੀ ਪੱਤਰਕਾਰੀ ਦਾ ਇਕ ਬਹੁਤ ਵੱਡਾ ਕੇਂਦਰ ਸੀ ਪਰ ਇਨ੍ਹਾਂ ਸਾਰੇ ਪਰਚਿਆਂ ਦੀ ਪਾਠਕਤਾ ਸਿੱਖਾਂ ਦੀ ਸੀ ਜੋ ਵੰਡ ਤੋਂ ਬਾਅਦ ਏਧਰਲੇ ਪੰਜਾਬ ਆ ਗਈ।

### 4.4 ਦੇਸ਼ ਵੰਡ ਦੇ ਸਾਹਿਤਿਕ ਪ੍ਰਭਾਵ

ਦੇਸ਼-ਵੰਡ ਦਾ ਸਭ ਤੋਂ ਵੱਡਾ ਸਾਹਿਤਿਕ ਪ੍ਰਭਾਵ ਇਹ ਪਿਆ ਹੈ ਕਿ ਪੰਜਾਬੀ ਬੋਲਣ ਅਤੇ ਲਿਖਣ ਵਾਲੇ

ਬਹੁਤੇ ਲੋਕ ਪਾਕਿਸਤਾਨ ਚਲੇ ਗਏ। ਜਦੋਂ ਕਿਸੇ ਬੋਲੀ ਨੂੰ ਬੋਲਣ ਵਾਲੇ ਅੱਧਿਓਂ ਬਹੁਤੇ ਲੋਕ ਜੁਦਾ ਹੋ ਜਾਣ ਤਾਂ ਹਾਲਾਤ ਕਾਫ਼ੀ ਦੁਸ਼ਵਾਰ ਹੋ ਜਾਂਦੇ ਹਨ। ਵੰਡ ਤੋਂ ਪਹਿਲਾਂ ਨਾ ਕੇਵਲ ਮੁਸਲਮਾਨ ਲੋਕ ਪੰਜਾਬੀ ਸਾਹਿੱਤ ਨੂੰ ਪੜ੍ਹਦੇ ਸਨ ਬਲਕਿ ਲਿਖਣ ਵਾਲੇ ਸਾਹਿੱਤਕਾਰਾਂ ਦੀ ਗਿਣਤੀ ਵੀ ਚੰਗੀ-ਚੋਖੀ ਸੀ। ਮੌਲਾ ਬਖ਼ਸ਼ ਕੁਸ਼ਤਾ, ਫ਼ਕੀਰ ਮੁਹੰਮਦ ਫ਼ਕੀਰ, ਐਨਹੁੱਲਕ ਫ਼ਰੀਦਕੋਟੀ ਆਦਿਕ ਬਹੁਤ ਸਾਰੇਲੋਕ ਪੰਜਾਬੀ ਸਾਹਿੱਤ ਵਿਚ ਮਹਤਵਪੂਰਨ ਰਚਨਾਵਾਂ ਕਰ ਰਹੇ ਸਨ। ਇਧਰ ਇਨ੍ਹਾਂ ਲੇਖਕਾਂ ਨੂੰ ਪੰਜਾਬੀ ਪੜ੍ਹਨ ਜਾਂ ਲਿਖਣ ਸੰਬੰਧੀ ਕੋਈ ਰੋਕ-ਟੋਕ ਵੀ ਨਹੀਂ ਸੀ ਪਰੰਤੂ ਪਾਕਿਸਤਾਨ ਵਿਚ ਜਾਣ ਉਪਰੰਤ ਇਨ੍ਹਾਂ ਉਪਰ ਬਹੁਤ ਸਾਰੇ ਸੈਂਸਰ ਲੱਗ ਗਏ। ਬਹੁਤੇ ਪੰਜਾਬੀਆਂ ਦੇ ਮਨ ਵਿਚ ਇਕ ਝਿਜਕ ਵੀ ਪੈਦਾ ਹੋ ਗਈ ਕਿ ਪੰਜਾਬੀ ਦਾ ਪ੍ਰਚਾਰ ਕਰਨ ਕਰ ਕੇ ਕਿਧਰੇ ਉਨ੍ਹਾਂ ਨੂੰ ਗ਼ਲਤ ਨਾ ਸਮਝ ਲਿਆ ਜਾਵੇ। ਇਸ ਕਾਰਨ ਉਨ੍ਹਾਂ ਨੇ ਪੰਜਾਬੀ ਬਾਰੇ ਕੋਈ ਗੱਲ ਕਰਨੀ ਹੀ ਛੱਡ ਦਿੱਤੀ। ਕਿਉਂਕਿ ਪਾਕਿਸਤਾਨ ਧਰਮ ਦੇ ਆਧਾਰ ਉਤੇ ਹੋਂਦ ਵਿਚ ਆਇਆ ਸੀ ਅਤੇ ਇਹ ਧਰਮ ਇਸਲਾਮ ਸੀ। ਇਸ ਕਾਰਨ ਕੇਵਲ ਉਨ੍ਹਾਂ ਲੋਕਾਂ ਬਾਰੇ ਹੀ ਗੱਲ ਕੀਤੀ ਜਾਂਦੀ ਸੀ ਜੋ ਮੁਸਲਮਾਨ ਸਨ। ਪਾਕਿਸਤਾਨ ਵਿਚ ਕਈ ਪੰਜਾਬੀ ਪਿਆਰਿਆਂ ਨੇ ਪੰਜਾਬੀ ਸਾਹਿੱਤ ਦੇ ਇਤਿਹਾਸ ਵੀ ਲਿਖੇ ਪਰ ਹਰ ਇਕ ਨੇ ਕੇਵਲ ਮੁਸਲਮਾਨ ਲੇਖਕਾਂ ਦਾ ਹੀ ਜ਼ਿਕਰ ਕੀਤਾ। ਮੀਆਂ ਮੌਲਾ ਬਖਸ਼ ਕੁਸ਼ਤਾ ਨੇ ਜ਼ਰੂਰ 'ਪੰਜਾਬੀ ਸਾਹਿੱਤ ਦਾ ਤਜ਼ਕਰਾ' ਪੁਸਤਕ ਵਿਚ ਕੁਝ ਨਿਰਪੱਖ ਅਤੇ ਖੁਲ੍ਹਦਿਲਾ ਹੋਣ ਦੀ ਕੋਸ਼ਿਸ਼ ਕੀਤੀ ਸੀ ਪਰ ਇਹ ਪੁਸਤਕ ਉਸ ਦੀ ਮ੍ਰਿਤੂ ਤੋਂ ਬਾਅਦ ਪ੍ਰਕਾਸ਼ਿਤ ਹੋਈ, ਜਿਸ ਕਾਰਨ ਇਸ ਦਾ ਬਹੁਤਾ ਨੋਟਿਸ ਨਾ ਲਿਆ ਗਿਆ।

ਪੰਜਾਬੀ ਬੋਲੀ ਦੇ ਵਿਕਾਸ ਲਈ ਇਸ ਤੱਥ ਨੂੰ ਯਾਦ ਰੱਖਣਾ ਬੜਾ ਜ਼ਰੂਰੀ ਹੈ ਕਿ ਏਧਰਲੇ ਪੰਜਾਬ ਦੇ ਲੋਕਾਂ ਅਤੇ ਲੇਖਕਾਂ ਨੇ ਮੁਸਲਮਾਨਾਂ ਨੂੰ ਆਪਣਾ ਅਨਿੱਖੜ ਅੰਗ ਮੰਨ ਕੇ ਸਦਾ ਯਾਦ ਰੱਖਿਆ ਹੈ। ਪੰਜਾਬੀ ਸਾਹਿੱਤ ਵਿਚ ਹਿੰਦੂ ਅਤੇ ਸਿੱਖ ਕਵੀਆਂ ਦੀ ਦੇਣ ਦੇ ਨਾਲ-ਨਾਲ ਮੁਸਲਮਾਨ ਕਵੀਆਂ ਦੀ ਦੇਣ ਨੂੰ ਵੀ ਸਾਡੇ ਕਿਸੇ ਪਾਠਕ ਜਾਂ ਆਲੋਚਕ ਨੇ ਨਜ਼ਰਅੰਦਾਜ਼ ਨਹੀਂ ਕੀਤਾ। ਪੰਜਾਬੀ ਸੂਫ਼ੀ ਕਾਵਿ ਦੇ ਆਦਿ ਕਵੀ ਸ਼ੇਖ ਬਾਬਾ ਫ਼ਰੀਦ ਜੀ ਦੁਆਰਾ ਰਚਿਤ 112 ਸਲੋਕਾਂ ਅਤੇ 4 ਸ਼ਬਦਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਬੜੇ ਸਤਿਕਾਰ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤਾ। ਇਹ ਬਾਣੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਪਾਕਪਟਨ ਦੀ ਗੱਦੀ ਉਪਰ ਬੈਠੇ ਸ਼ੇਖ ਇਬਰਾਹੀਮ ਪਾਸੋਂ ਹਾਸਲ ਕੀਤੀ, ਜੋ ਉਸ ਸਮੇਂ ਫ਼ਰੀਦ ਜੀ ਦੀ ਗੱਦੀ ਦੇ ਸੰਚਾਲਕ ਸਨ। ਫ਼ਰੀਦ ਜੀ ਤੋਂ ਉਪਰੰਤ ਪੰਜਾਬੀ ਸੂਫ਼ੀ ਕਾਵਿ ਪਰੰਪਰਾ ਦੇ ਵਿਕਾਸ ਵਿਚ ਸੁਲਤਾਨ ਬਾਹੂ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਫ਼ਰੀਦ ਫ਼ਕੀਰ ਅਤੇ ਹਾਸ਼ਮ ਆਦਿ ਕਵੀਆਂ ਦਾ ਵੱਡਾ ਯੋਗਦਾਨ ਰਿਹਾ ਹੈ। ਸਤਾਰ੍ਹਵੀਂ ਤੋਂ ਉਨ੍ਹੀਵੀਂ ਸਦੀ ਤਕ ਪੰਜਾਬੀ ਕਿੱਸਾ ਕਾਵਿ ਦੇ ਵਿਕਾਸ ਵਿਚ ਪੀਲੂ, ਹਾਫ਼ਜ਼ ਬਰਖ਼ੁਰਦਾਰ, ਮੁਕਬਲ, ਵਾਰਿਸ ਸ਼ਾਹ, ਹਾਸ਼ਮ, ਕਾਦਰ ਯਾਰ, ਫ਼ਜ਼ਲ ਸ਼ਾਹ, ਮੀਆਂ ਮੁਹੰਮਦ ਬਖ਼ਸ਼ ਅਤੇ ਹੋਰ ਅਨੇਕ ਮੁਸਲਮਾਨ ਕਵੀਆਂ ਦੇ ਦੇਣ ਬਹੁਮੁੱਖੀ ਰਹੀ ਹੈ। ਇਸੇ ਤਰ੍ਹਾਂ ਪੰਜਾਬੀ ਬੀਰ ਕਾਵਿ ਦੇ ਪ੍ਰਸੰਗ ਵਿਚ ਨਜਾਬਤ, ਪੀਰ ਮੁਹੰਮਦ ਅਤੇ ਸ਼ਾਹ ਮੁਹੰਮਦ ਦੀ ਦੇਣ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ ਅਤੇ ਡਾ. ਹਰਿਭਜਨ ਸਿੰਘ ਵਰਗੇ ਕਵੀਆਂ ਨੇ ਪੰਜਾਬ ਦੇ ਸਾਂਝੇ ਸਭਿਆਚਾਰਕ ਵਿਰਸੇ ਦਾ ਸਿਮਰਨ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਨੇ ਮੈਂ 'ਤਵਾਰੀਖ਼ ਹਾਂ ਹਿੰਦ ਦੀ' ਵਰਗੀਆਂ ਲੰਬੀਆਂ ਬਿਰਤਾਂਤਕ ਕਵਿਤਾਵਾਂ ਵਿਚ ਦੇਸ਼-ਵੰਡ ਦੇ ਦੁਖਾਂਤ ਨੂੰ ਬੜੀ ਸ਼ਿੱਦਤ ਨਾਲ ਬਿਆਨ ਕੀਤਾ ਹੈ। ਉਸ ਨੇ ਵਾਰਿਸ ਸ਼ਾਹ ਨੂੰ 'ਪ੍ਰੀਤਾਂ ਦਾ ਪਹਿਰੇਦਾਰ' ਮੰਨਦਿਆਂ ਹੋਇਆਂ ਲਿਖਿਆ ਸੀ :

ਅਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ।
ਅਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।
ਵੇ ਦਰਦਮੰਦਾਂ ਦਿਆ ਦਰਦੀਆ ਉਠ ਤੱਕ ਆਪਣਾ ਪੰਜਾਬ।
ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।

*(ਅਜ ਆਖਾਂ ਵਾਰਿਸ ਸ਼ਾਹ ਨੂੰ)*

ਪ੍ਰੋ. ਮੋਹਨ ਸਿੰਘ ਨੇ ਦੇਸ਼-ਵੰਡ ਦੇ ਦੁਖਾਂਤ ਵਿਚ ਗੁੰਮ-ਗਵਾਚ ਗਈ ਸਾਂਝ ਅਤੇ ਰਵਾਦਾਰੀ ਨੂੰ ਗੁਰੂ ਨਾਨਕ

ਦੇਵ ਜੀ ਦੇ ਹਵਾਲੇ ਨਾਲ ਯਾਦ ਕੀਤਾ ਸੀ :

ਆ ਬਾਬਾ ਵਤਨ ਤੇਰਾ ਮੁੜ ਵੀਰਾਨ ਹੋ ਗਿਆ।
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ।
ਜੋ ਖ਼ਾਬ ਸੀ ਤੂੰ ਦੇਖਿਆ ਵਣ ਥੱਲੇ ਸੁਤਿਆਂ,
ਸੋਹਣਾ ਉਹ ਖ਼ਾਬ ਤੇਰਾ ਮੁੜ ਪਰੇਸ਼ਾਨ ਹੋ ਗਿਆ।

*(ਗੁਰੂ ਨਾਨਕ ਨੂੰ)*

ਡਾ. ਹਰਿਭਜਨ ਸਿੰਘ ਨੇ ਵੰਡ ਦੇ ਸਮੇਂ ਅਚਾਨਕ ਪ੍ਰਗਟ ਹੋ ਗਏ ਮਨੁੱਖ ਦੇ ਖ਼ੂੰਖਾਰ ਅਤੇ ਵਹਿਸ਼ੀ ਚਿਹਰੇ ਨੂੰ ਆਪਣੇ ਇਕ ਪ੍ਰਗੀਤ ਵਿਚ ਪੇਸ਼ ਕੀਤਾ ਹੈ :

ਸੌਂ ਜਾ ਮੇਰੇ ਮਾਲਕਾ ਵਰਾਨ ਹੋਈ ਰਾਤ।
ਹੈ ਖੂਹਾਂ ਵਿਚ ਆਦਮੀ ਦੀ ਜਾਗਦੀ ਸੜਾਂਦ।
ਤੇ ਸੌਂ ਗਏ ਨੇ ਆਦਮੀ ਤੋਂ ਸੱਖਣੇ ਗਵਾਂਢ।
ਵੇ ਸੀਤ ਨੇ ਮੁਆਤੇ ਤੇ ਗਸ਼ ਹੈ ਜ਼ਮੀਨ।
ਵੇ ਸੀਨਿਆਂ 'ਚ ਸੁੰਨ ਦੋਵੇਂ ਖ਼ੂਨ ਤੇ ਸੰਗੀਨ।
ਵਿਹਲਾ ਹੋ ਕੇ ਸੌਂ ਗਿਆ ਏ ਲੋਹਾ ਅਸਪਾਤ।
ਸੌਂ ਜਾ ਮੇਰੇ ਮਾਲਕਾ ਵਰਾਨ ਹੋਈ ਰਾਤ।

*(ਵਰਾਨ ਹੋਈ ਰਾਤ)*

ਆਧੁਨਿਕ ਪੰਜਾਬੀ ਲੇਖਕਾਂ ਵਿਚੋਂ ਹਰਭਜਨ ਸਿੰਘ ਹੁੰਦਲ ਇਕ ਹੋਰ ਅਜਿਹਾ ਕਵੀ ਹੈ, ਜਿਹੜਾ ਵੰਡ ਦੇ ਸੰਤਾਪ ਨੂੰ ਨਹੀਂ ਭੁੱਲਿਆ। ਦੇਸ਼-ਵੰਡ ਸਮੇਂ ਅਜੇ ਉਹ ਬਾਲ-ਅਵਸਥਾ ਵਿਚੋਂ ਗੁਜ਼ਰ ਰਿਹਾ ਸੀ ਪਰ ਫਿਰ ਵੀ ਉਸ ਨੂੰ ਹਿਜਰਤ ਦਾ ਸਾਰਾ ਬਿਰਤਾਂਤ ਪੂਰੀ ਤਰ੍ਹਾਂ ਨਾਲ ਯਾਦ ਹੈ। ਇਸ ਕਸਕ ਨੂੰ ਮਿਟਾ ਕੇ ਉਹ ਪਾਕਿਸਤਾਨ ਦੇ ਇਕ-ਦੋ ਚੱਕਰ ਲਾ ਵੀ ਆਇਆ ਹੈ। ਉਸ ਨੇ ਪਾਕਿਸਤਾਨੀ ਪੰਜਾਬੀ ਕਵੀਆਂ ਦੇ ਕਲਾਮ ਨੂੰ ਲਿਪੀਆਂਤਰ ਕਰ ਕੇ ਪ੍ਰਕਾਸ਼ਿਤ ਵੀ ਕੀਤਾ ਹੈ। ਦੇਸ਼-ਵੰਡ ਦੇ ਦੁਖਾਂਤ ਦਾ ਨਿਰੂਪਣ ਕਰਦਾ ਹੋਇਆ ਆਪਣੀ ਇਕ ਕਵਿਤਾ ਵਿਚ ਉਹ ਲਿਖਦਾ ਹੈ :

ਰਾਤ ਅੱਧੀ ਆਰ, ਅੱਧੀ ਪਾਰ ਸੀ।
'ਵੰਡ' ਦੀ ਬਰਛੀ ਜਿਗਰ ਵਿਚਕਾਰ ਸੀ।
ਮੋਹ ਦੀਆਂ ਤੰਦਾਂ ਨੂੰ ਟੁਕਦੀ ਸੀ ਪਈ,
ਪਾਗ਼ਲਾਂ ਦੇ ਹੱਥ ਵਿਚ ਤਲਵਾਰ ਸੀ।
ਥੱਕੀਆਂ ਰੋ ਰੋ ਉਮੰਗਾਂ, ਹਸਰਤਾਂ
ਲਹੂ ਦਾ ਦਰਿਆ ਕਰਨਾ ਪਾਰ ਸੀ।
ਰਹਿ ਗਿਆ ਸੀ ਦੂਰ ਟੋਭਾ ਟੇਕ ਸਿੰਘ,
ਤੜਪਦਾ ਹੱਦਾਂ ਤੇ ਕਿਸ ਦਾ ਯਾਰ ਸੀ।
ਅਜੇ ਵੀ ਵਕਤ ਹੈ ਕਿ ਦਿਲ ਫੋਲੀਏ,
ਆਖਦਾ 'ਬੁੱਲ੍ਹਾ' ਤੇ 'ਬਰਖ਼ੁਰਦਾਰ' ਸੀ।

*(ਪੰਜਾਬ ਦੀ ਤਕਸੀਮ)*

ਸਮਕਾਲੀ ਕਵੀਆਂ ਵਿਚੋਂ ਸੁਖਵਿੰਦਰ ਕੰਬੋਜ ਵੀ ਹਾਲੇ ਤਕ ਪੰਜਾਬ ਦੀ ਤਕਸੀਮ ਨੂੰ ਨਹੀਂ ਭੁੱਲਿਆ। ਬੇਸ਼ੱਕ ਉਸ ਦਾ ਜਨਮ ਓਧਰ ਪੱਛਮੀ ਪੰਜਾਬ ਵਿਚ ਨਹੀਂ ਹੋਇਆ ਪਰ ਉਸ ਦੇ ਵੱਡੇ-ਵਡੇਰੇ ਤਾਂ ਕਈ ਵਰ੍ਹੇ ਓਧਰ ਰਹਿ ਗਈਆਂ ਬਾਰਾਂ ਦੇ ਸੋਹਲੇ ਗਾਉਂਦੇ ਰਹਿੰਦੇ ਸਨ। ਇਨ੍ਹਾਂ ਸੋਹਲਿਆਂ ਨੂੰ ਸੁਣਦਾ-ਸੁਣਦਾ ਜਦੋਂ ਉਹ ਜਵਾਨ ਹੋਇਆ ਤਾਂ

ਇਕ ਵਾਰ ਫੇਰ ਦਹਿਸ਼ਤਗਰਦਾਂ ਨੇ ਪੰਜਾਬ ਦੇ ਸਾਂਝੇ ਹਿੰਦੂ-ਸਿਖ ਸਭਿਆਚਾਰ ਨੂੰ ਲੀਰਾਂ-ਲੀਰਾਂ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਦੇ ਅਚੇਤ ਮਨ ਵਿਚ ਰੜਕਦਾ ਦੇਸ਼-ਵੰਡ ਦਾ ਬਿੰਬ ਇਕ ਵਾਰ ਫੇਰ ਜੀਵਿਤ ਹੋ ਉਠਿਆ ਅਤੇ ਉਹ ਘਬਰਾ ਕੇ ਉੱਤਰੀ ਅਮਰੀਕਾ ਵਿਚ ਪਰਵਾਸ ਕਰ ਗਿਆ। ਆਪਣੀ ਇਕ ਕਵਿਤਾ ਵਿਚ ਉਹ ਇਸ ਸੰਤਾਪ ਦਾ ਨਿਰੂਪਣ ਕਰਦਾ ਹੋਇਆ ਲਿਖਦਾ ਹੈ :

ਤੈਨੂੰ ਤਾਂ ਸ਼ਾਇਦ ਯਾਦ ਵੀ ਨਾ ਹੋਵੇ
ਉਨ੍ਹਾਂ ਲਈ ਕਿੰਨਾ ਅਸਹਿ ਸੀ 'ਜੜ੍ਹਾਂ ਵਾਲੇ ਦੀ ਬਾਰ' ਛੱਡਣੀ
ਜਿਨ੍ਹਾਂ ਦੇ ਹੱਥਾਂ ਦੇ ਰੱਟਣ
ਉਸ ਜੰਗਲ ਨੂੰ ਸੁਆਰਦੇ ਅਜੇ ਵੀ ਜ਼ਖ਼ਮੀ ਸਨ
ਤੇਰੇ ਭਾਣੇ ਤਾਂ 'ਟੋਕਾ ਟੇਕ ਸਿੰਘ' ਇਕ ਘੁੰਮਦਾ ਰਕਾਟ ਸੀ
ਜੀਹਦੀ ਘਸੀ ਹੋਈ ਆਵਾਜ਼ ਕੇਵਲ ਦੱਸ ਸਕਦੀ ਸੀ
ਉਧਰ ਰਹਿ ਗਈ ਬਾਜਵਿਆਂ ਦੀ ਕਿੰਦਰ ਦੀ ਕਹਾਣੀ
ਤੇ ਛੱਤੀ ਚਾਦਰ ਚੱਕ ਕੋਲ ਮਾਰੇ ਗਏ ਤਾਏ ਬਿਸ਼ਨੇ ਦੀ ਲਾਸ਼
ਕਿੰਝ ਅਰਦਾਸ ਨੂੰ ਤਰਸਦੀ ਪੰਛੀਆਂ ਦੀ ਭੇਟ ਹੋ ਗਈ ਸੀ
ਜਦੋਂ ਕਿ ਲਾਲ ਕਿਲ੍ਹੇ ਤੋਂ ਉਹ ਐਲਾਨ ਕਰ ਰਹੇ ਸਨ :
'ਹਮ ਨੇ ਆਜ਼ਾਦੀ ਲੀ ਬਿਨਾਂ ਏਕ ਕਤਰਾ ਖ਼ੂਨ ਬਹਾਏ !'

*(ਪੰਜਾਬ ਕਥਾ)*

ਕਵਿਤਾ ਦੇ ਨਾਲ-ਨਾਲ ਪੰਜਾਬੀ ਸਾਹਿੱਤ ਦੇ ਹੋਰ ਰੂਪਾਕਾਰਾਂ ਵਿਚ ਵੀ ਦੇਸ਼-ਵੰਡ ਦੇ ਸੰਤਾਪ ਦਾ ਵਰਣਨ ਕਾਫ਼ੀ ਵੇਰਵੇ ਨਾਲ ਕੀਤਾ ਗਿਆ ਹੈ। ਇਸ ਪ੍ਰਸੰਗ ਵਿਚ ਸ. ਨਾਨਕ ਸਿੰਘ ਅਤੇ ਕਰਤਾਰ ਸਿੰਘ ਦੁੱਗਲ ਦੀ ਗਲਪ ਇਕ ਦਸਤਾਵੇਜ਼ੀ ਰੁਤਬਾ ਰੱਖਦੀ ਹੈ। ਨਾਨਕ ਸਿੰਘ ਨੇ ਆਪਣੇ ਚਾਰ ਨਾਵਲਾਂ 'ਖ਼ੂਨ ਦੇ ਸੋਹਲੇ' (1948), 'ਅੱਗ ਦੀ ਖੇਡ' (1948), 'ਮੰਝਧਾਰ' (1950) ਅਤੇ 'ਚਿਤਰਕਾਰ' (1951) ਵਿਚ ਦੇਸ਼ ਦੀ ਆਜ਼ਾਦੀ ਨਾਲ ਜੁੜੇ ਪੰਜਾਬ-ਵਿਭਾਜਨ ਦੇ ਮਹਾਂਦੁਖਾਂਤ ਨੂੰ ਪੇਸ਼ ਕੀਤਾ ਹੈ। ਇਹ ਨਾਵਲ ਨਾਨਕ ਸਿੰਘ ਦੇ ਮਾਨਵਤਾਵਾਦੀ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦੇ ਹਨ ਅਤੇ ਇਨ੍ਹਾਂ ਵਿਚ ਉਸਨੇ ਧਾਰਮਿਕ-ਜਨੂੰਨ ਅਤੇ ਮਜ਼ਹਬੀ-ਫ਼ਿਰਕਾਪ੍ਰਸਤੀ ਦਾ ਬੜੀ ਦ੍ਰਿੜ੍ਹਤਾ ਨਾਲ ਵਿਰੋਧ ਕੀਤਾ ਹੈ। ਉਸ ਦੇ ਹੋਰ ਵੀ ਬਹੁਤ ਸਾਰੇ ਨਾਵਲਾਂ ਵਿਚ ਪੰਜਾਬ ਦੇ ਸਾਂਝੇ ਸਭਿਆਚਾਰਕ ਵਿਰਸੇ ਦਾ ਚਿਤ੍ਰਣ ਹੋਇਆ ਹੈ। 'ਚਿੱਟਾ ਲਹੂ' ਦਾ ਇਕ ਪ੍ਰਮੁਖ ਕਿਰਦਾਰ 'ਬਾਬਾ ਰੋਡੂ' ਇਕ ਅਜਿਹਾ ਮੁਸਲਮਾਨ ਪਾਤਰ ਹੈ, ਜੋ ਸਹਾਨੁਭੂਤੀ ਅਤੇ ਕਰੁਣਾ ਦੀ ਮੂਰਤ ਹੈ। ਅੰਮ੍ਰਿਤਾ ਪ੍ਰੀਤਮ ਦੇ ਪ੍ਰਸਿੱਧ ਨਾਵਲ ਪਿੰਜਰ ਵਿਚ ਦੇਸ਼-ਵੰਡ ਦੇ ਸੰਤਾਪ ਨੂੰ ਇਕ ਔਰਤ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਵੰਡ ਤੋਂ ਪਹਿਲਾਂ ਵੀ ਪੱਛਮੀ ਪੰਜਾਬ ਦੇ ਮੁਸਲਿਮ ਬਹੁਗਿਣਤੀ ਖੇਤਰ ਵਿਚ ਰਹਿੰਦੇ ਹੋਏ ਹਿੰਦੂ-ਸਿੱਖ ਪਰਿਵਾਰ ਸੁਰੱਖਿਅਤ ਨਹੀਂ ਸਨ। ਹਿੰਦੂ ਸ਼ਾਹੂਕਾਰਾਂ ਅਤੇ ਦੁਕਾਨਦਾਰਾਂ ਦੀਆਂ ਕੁੜੀਆਂ ਨੂੰ ਮੁਸਲਮਾਨ ਲੋਕ ਧੱਕੇ ਨਾਲ ਚੁੱਕ ਕੇ ਲੈ ਜਾਂਦੇ ਸਨ। ਜੇ ਧੱਕਾ ਕਰਨ ਵਾਲੀ ਧਿਰ ਦਾ ਪਤਾ ਵੀ ਲੱਗ ਜਾਂਦਾ ਤਾਂ ਵੀ ਹਿੰਦੂ ਲੋਕ ਮੁਸਲਮਾਨਾਂ ਤੋਂ ਡਰਦੇ ਹੋਏ ਆਵਾਜ਼ ਨਹੀਂ ਉਠਾਉਂਦੇ ਸਨ। ਦੇਸ਼-ਵੰਡ ਨਾਲ ਜੁੜਿਆ ਇਕ ਹੋਰ ਨਾਵਲ, ਨਰਿੰਜਨ ਤਸਨੀਮ ਰਚਿਤ 'ਗਵਾਚੇ ਅਰਥ' ਹੈ। ਕਰਤਾਰ ਸਿੰਘ ਦੁੱਗਲ ਨੇ 'ਹਾਲ ਮੁਰੀਦਾਂ ਦਾ' ਨਾਵਲ ਵਿਚ ਸਾਂਝੇ ਸਭਿਆਚਾਰ ਦਾ ਬੜਾ ਪ੍ਰਭਾਵਸ਼ਾਲੀ ਵਰਣਨ ਕੀਤਾ ਹੈ। ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਵੀ ਸੰਯੁਕਤ ਪੰਜਾਬ ਦਾ ਨਿਰੂਪਣ ਕੀਤਾ ਗਿਆ ਹੈ। ਕਹਾਣੀ ਦੇ ਖੇਤਰ ਵਿਚ ਸ. ਨਾਨਕ ਸਿੰਘ, ਕੁਲਵੰਤ ਸਿੰਘ ਵਿਰਕ ਅਤੇ ਮਹਿੰਦਰ ਸਿੰਘ ਸਰਨਾ ਨੇ ਦੇਸ਼-ਵੰਡ ਦੇ ਵਿਸ਼ੈ ਨੂੰ ਲੈ ਕੇ ਬਹੁਤ ਪ੍ਰਾਸੰਗਿਕ ਕਹਾਣੀਆਂ ਲਿਖੀਆਂ ਹਨ। ਇਸ ਪ੍ਰਸੰਗ ਵਿਚ ਕੁਲਵੰਤ ਸਿੰਘ ਵਿਰਕ ਦੀ 'ਖੱਬਲ' ਅਤੇ ਮਹਿੰਦਰ ਸਿੰਘ ਸਰਨਾ ਦੀ 'ਛਵ੍ਹੀਆਂ ਦੀ ਰੁੱਤ' ਕਲਾਸੀਕਲ ਰਚਨਾਵਾਂ ਦਾ ਰੂਪ ਧਾਰਨ ਕਰ ਗਈਆਂ ਹਨ। ਸ. ਖੁਸ਼ਵੰਤ ਸਿੰਘ ਦੇ ਅੰਗਰੇਜ਼ੀ ਨਾਵਲ 'ਪਾਕਿਸਤਾਨ ਮੇਲ' ਦਾ ਪੰਜਾਬੀ ਅਨੁਵਾਦ ਇਸੇ ਦੁਖਾਂਤ ਦਾ ਵਰਣਨ ਕਰਨ ਵਾਲੀ ਇਕ ਹੋਰ ਪ੍ਰਸਿੱਧ ਰਚਨਾ ਹੈ। ਡਾ. ਹਰਚਰਨ ਸਿੰਘ ਅਤੇ

ਗੁਰਦਿਆਲ ਸਿੰਘ ਖੋਸਲਾ ਦੇ ਕਈ ਨਾਟਕਾਂ ਵਿਚ ਵੀ ਦੇਸ਼-ਵੰਡ ਦੇ ਕਾਰਨ ਪੈਦਾ ਹੋਈਆਂ ਸ਼ਰਨਾਰਥੀਆਂ ਦੀਆਂ ਸਮੱਸਿਆਵਾਂ ਦਾ ਭਰਪੂਰ ਵਰਣਨ ਹੋਇਆ ਹੈ।

ਪੰਜਾਬ ਅਤੇ ਦਿੱਲੀ ਦੀਆਂ ਯੂਨੀਵਰਸਿਟੀਆਂ ਨੂੰ ਇਹ ਕਰੈਡਿਟ ਜਾਂਦਾ ਹੈ ਕਿ ਉਹ ਯੂਨੀਵਰਸਿਟੀ ਦੇ ਪਾਠ-ਕ੍ਰਮਾਂ ਵਿਚ ਪਾਕਿਸਤਾਨੀ ਪੰਜਾਬੀ ਸਾਹਿਤਕਾਰਾਂ ਨੂੰ ਬਣਦਾ ਸਥਾਨ ਦਿੰਦੇ ਰਹਿੰਦੇ ਹਨ। ਅਜਿਹੇ ਲੇਖਕਾਂ ਵਿਚ ਅਫ਼ਜ਼ਲ ਅਹਿਸਨ ਰੰਧਾਵਾ, ਸਲੀਮ ਖਾਂ ਗਿੰਮੀ, ਫਖ਼ਰ ਜ਼ਮਾਂ ਅਤੇ ਨਜਮ ਹੁਸੈਨ ਸਯਦ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਮੌਲਾ ਬਖ਼ਸ਼ ਕੁਸ਼ਤਾ, ਫ਼ਕੀਰ ਮੁਹੰਮਦ ਫ਼ਕੀਰ, ਫੀਰੋਜ਼ਦੀਨ ਸ਼ਰਫ਼, ਇਲਿਆਸ ਘੁੰਮਣ ਅਤੇ ਸਿਬਤੁਲ ਹਸਨ ਜ਼ੈਗਮ ਵਰਗੇ ਲੇਖਕਾਂ ਨੂੰ ਤਾਂ ਕਦੇ ਕਿਸੇ ਪਾਠਕ ਜਾਂ ਆਲੋਚਕ ਨੇ ਪਾਕਿਸਤਾਨੀ ਸਮਝਿਆ ਹੀ ਨਹੀਂ। ਉਹ ਤਾਂ ਸਦਾ ਸਾਡੀ ਸਾਂਝੀ ਪੰਜਾਬੀਅਤ ਦਾ ਅੰਗ ਬਣੇ ਰਹੇ ਹਨ। ਪਾਕਿਸਤਾਨੀ ਲੇਖਕਾਂ ਅਤੇ ਕਲਾਕਾਰਾਂ ਨੂੰ ਵੀ ਹਕੂਮਤ ਅਤੇ ਦੀਨ ਦੇ ਖੌਫ਼ ਤੋਂ ਨਿਰਭੈ ਹੋ ਕੇ ਸਾਹਿੱਤ-ਸਿਰਜਣਾ ਦੇ ਮੈਦਾਨ ਵਿਚ ਨਿਰਪੱਖਤਾ ਅਤੇ ਸਦਭਾਵਨਾ ਨਾਲ ਨਿੱਤਰਣਾ ਚਾਹੀਦਾ ਹੈ, ਨਹੀਂ ਤਾਂ ਆਪਣੇ ਸਾਂਝੇ ਵਿਰਸੇ ਤੋਂ ਟੁੱਟ ਕੇ ਉਹ ਅਪੰਗ ਬਣ ਕੇ ਰਹਿ ਜਾਣਗੇ। ਪੰਜਾਬੀ ਸਭਿਆਚਾਰ ਅਤੇ ਸਾਹਿੱਤ ਦੀ ਬਹੁਮੁੱਲੀ ਵਿਰਾਸਤ ਫ਼ਿਰਕਾਪ੍ਰਸਤੀ ਅਤੇ ਧਾਰਮਿਕ ਪੂਰਵਾਗ੍ਰਹਿਆਂ ਤੋਂ ਕਿਤੇ ਉੱਚੀ ਅਤੇ ਸੁੱਚੀ ਦਾਤ ਹੈ।

## 5.1 ਨਿਸ਼ਕਰਸ਼ : ਸਥਾਪਨਾਵਾਂ ਅਤੇ ਸਿੱਟੇ

1947 ਈ. ਵਿਚ ਹੋਈ ਦੇਸ਼-ਵੰਡ ਨੇ ਪੰਜਾਬੀ ਸਭਿਆਚਾਰ ਅਤੇ ਸਾਹਿੱਤ ਉਪਰ ਬਹੁਪੱਖੀ ਅਸਰ ਪਾਇਆ ਹੈ। ਸਾਂਝੇ ਸਭਿਆਚਾਰ ਵਿਚ ਜੀਂਦੇ-ਥੀਂਦੇ ਪੰਜਾਬੀ ਦੋ ਮੁਲਕਾਂ ਦੀਆਂ ਸੀਮਾਵਾਂ ਵਿਚ ਕੈਦ ਹੋ ਕੇ ਰਹਿ ਗਏ ਹਨ। ਪਹਿਲੇ-ਪਹਿਲ ਲੋਕਾਂ ਦੇ ਮਨਾ ਵਿਚ ਇਹ ਖ਼ਿਆਲ ਸੀ ਕਿ ਦੋ ਮੁਲਕਾਂ ਦੀ ਕਲਪਨਾ ਐਵੇਂ ਚੰਦ ਸਿਆਸਤਦਾਨਾਂ ਦਾ ਇਕ ਪਾਗ਼ਲਪਣ ਹੈ। ਭੱਜੀਆਂ ਬਾਹਾਂ ਆਖਰ ਗਲ ਨੂੰ ਆਉਂਦੀਆਂ ਹਨ ਅਤੇ ਪੰਜਾਬੀ ਲੋਕ ਫੇਰ ਇਕੱਠੇ ਹੋ ਜਾਣਗੇ ਪਰ ਇਹ ਕ੍ਰਿਸ਼ਮਾ ਨਾ ਹੋ ਸਕਿਆ। ਸਿਆਸਤਦਾਨਾਂ ਨੇ ਪਰਸਪਰ ਨਫ਼ਰਤ ਅਤੇ ਦਵੈਖ ਦੀ ਅਜਿਹੀ ਅਗਨੀ ਭੜਕਾਈ ਕਿ ਕੋਮਲ ਸੰਵੇਦਨਾਵਾਂ ਝੁਲਸ ਕੇ ਰਹਿ ਗਈਆਂ। ਹੁਣ ਭਾਵੇਂ ਵੰਡ ਨੂੰ 70 ਵਰ੍ਹੇ ਗੁਜ਼ਰ ਗਏ ਹਨ ਅਤੇ ਉਹ ਪੀੜ੍ਹੀ ਜਿਸ ਨੇ ਇਸ ਘਲੂਘਾਰੇ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਅਤੇ ਹੱਡੀਂ ਹੰਢਾਇਆ ਸੀ, ਇਕ-ਇਕ ਕਰ ਕੇ ਅਲ੍ਹਾ ਨੂੰ ਪਿਆਰੀ ਹੋ ਚੁੱਕੀ ਹੈ ਪਰ ਅਜੇ ਵੀ ਜ਼ਖਮ ਰਿਸਦੇ ਹਨ ਅਤੇ ਅਵਚੇਤਨ ਵਿਚ ਪਈ ਸਾਂਝ ਅਤੇ ਮੁਹੱਬਤ ਮੁੜ ਕੇ ਮੌਲਣਾ ਲੋਚਦੀ ਹੈ। ਇਸ ਪ੍ਰਸੰਗ ਵਿਚ ਪੰਜਾਬੀ ਸਾਹਿਤਕਾਰਾਂ ਦੀ ਜ਼ਿਮੇਵਾਰੀ ਬਹੁਤ ਵਧ ਜਾਂਦੀ ਹੈ। ਉਨ੍ਹਾਂ ਨੂੰ ਆਪਣੀਆਂ ਲਿਖਤਾਂ ਦੇ ਮਾਧਿਅਮ ਦੁਆਰਾ ਸਦਭਾਵਨਾ, ਮੁਹੱਬਤ, ਨੇਕਨੀਅਤੀ ਅਤੇ ਸਾਂਝ ਦੇ ਦੀਪਕ ਬਾਲੀ ਰਖਣੇ ਚਾਹੀਦੇ ਹਨ। ਇਧਰ ਪੂਰਬੀ ਪੰਜਾਬ ਵਿਚ ਪੱਛਮੀ ਪੰਜਾਬ ਦੇ ਸਾਹਿੱਤ ਨੂੰ ਸਾਂਭਣ ਅਤੇ ਪੜ੍ਹਨ-ਸਮਝਣ ਦੇ ਬੜੇ ਸੁਹਿਰਦ ਯਤਨ ਹੋ ਰਹੇ ਹਨ। ਪਰ ਓਧਰ ਦੀ ਸਥਿਤੀ ਸਾਵੀਂ ਅਤੇ ਤਸੱਲੀਬਖਸ਼ ਨਹੀਂ। ਉਧਰ ਪੰਜਾਬੀ ਭਾਸ਼ਾ ਨੂੰ ਅਜੇ ਤਕ ਬਣਦਾ ਸਥਾਨ ਨਹੀਂ ਮਿਲ ਸਕਿਆ। ਇਸ ਪ੍ਰਸੰਗ ਵਿਚ ਭਾਰਤੀ ਪੰਜਾਬ ਦੇ ਸਾਹਿੱਤਕਾਰਾਂ ਨੂੰ ਪਾਕਿਸਤਾਨੀ ਪੰਜਾਬੀ ਲੇਖਕਾਂ ਨੂੰ ਭਰਪੂਰ ਸਮਰਥਨ ਅਤੇ ਹਲਾਸ਼ੇਰੀ ਦੇਣੀ ਚਾਹੀਦੀ ਹੈ ਤਾਂ ਜੋ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਝੰਡੇ ਸਾਰੀ ਦੁਨੀਆਂ ਵਿਚ ਝੂਲਦੇ ਰਹਿਣ।

### ਮਹੱਤਵਪੂਰਨ ਪ੍ਰਸ਼ਨ

1. ਦੇਸ਼-ਵੰਡ ਦੇ ਪੰਜਾਬੀ ਸਾਹਿੱਤ ਅਤੇ ਸਭਿਆਚਾਰ ਉਪਰ ਪਏ ਪ੍ਰਭਾਵਾਂ ਬਾਰੇ ਚਰਚਾ ਕਰੋ।
2. ਸਾਂਝੇ ਪੰਜਾਬੀ ਸਭਿਆਚਾਰ ਨੂੰ ਬਚਾਈ ਰੱਖਣ ਵਿਚ ਸਾਹਿੱਤ ਦੀ ਕਿਹੋ ਜਿਹੀ ਭੂਮਿਕਾ ਹੋਣੀ ਚਾਹੀਦੀ ਹੈ ?
3. ਪੱਛਮੀ ਪੰਜਾਬ ਵਿਚ ਪੰਜਾਬੀ ਸਾਹਿੱਤ ਦੀ ਅਧੋਗਤੀ ਲਈ ਕਿਹੜੀਆਂ ਸ਼ਕਤੀਆਂ ਜ਼ਿੰਮੇਵਾਰ ਹਨ ?
4. ਆਧੁਨਿਕ ਪੰਜਾਬੀ ਸਾਹਿਤ ਉਪਰ ਦੇਸ਼-ਵੰਡ ਦਾ ਪ੍ਰਭਾਵ ਕਿਸ ਤਰ੍ਹਾਂ ਪਿਆ ਅਤੇ ਪੰਜਾਬੀ ਸਾਹਿਤਕਾਰਾਂ ਦਾ ਇਸ ਪ੍ਰਤਿ ਹੁੰਗਾਰਾ ਕਿਹੋ ਜਿਹਾ ਸੀ? ਬਹਿਸ ਕਰੋ। (ਮਈ 2016)

ਪਾਠ ਨੰ: 2.13 - ਪ੍ਰੋ. ਬ੍ਰਹਮਜਗਦੀਸ਼ ਸਿੰਘ

# ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਵੰਨਗੀਆਂ (ਕਾਵਿ, ਨਾਵਲ, ਨਾਟਕ, ਕਹਾਣੀ) ਦੀ ਸੰਯੁਕਤ ਇਤਿਹਾਸਕਾਰੀ : ਸੰਭਾਵਨਾਵਾਂ ਤੇ ਸਮੱਸਿਆਵਾਂ

## 1. ਰੂਪ ਰੇਖਾ

ਇਸ ਪਾਠ ਵਿਚ ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਵੰਨਗੀਆਂ (ਕਾਵਿ, ਨਾਵਲ, ਨਾਟਕ ਅਤੇ ਕਹਾਣੀ) ਦੀ ਸੰਯੁਕਤ ਇਤਿਹਾਸਕਾਰੀ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ-ਚਰਚਾ ਕੀਤੀ ਜਾ ਰਹੀ ਹੈ। ਕਾਵਿ, ਨਾਵਲ, ਨਾਟਕ ਅਤੇ ਕਹਾਣੀ ਪੰਜਾਬੀ ਸਾਹਿੱਤ ਦੇ ਕੁਝ ਪ੍ਰਮੁੱਖ ਰੂਪਾਕਾਰ ਹਨ ਅਤੇ ਇਹ ਨਾ ਕੇਵਲ ਭਾਰਤੀ ਪੰਜਾਬ ਵਿਚ ਹੀ ਲਿਖੇ-ਰਚੇ ਜਾ ਰਹੇ ਹਨ ਬਲਕਿ ਪੱਛਮੀ ਪੰਜਾਬ (ਪਾਕਿਸਤਾਨ), ਇੰਗਲੈਂਡ, ਉੱਤਰੀ ਅਮਰੀਕਾ ਅਤੇ ਵਿਸ਼ਵ ਦੇ ਕੁਝ ਹੋਰ ਦੇਸ਼ਾਂ ਵਿਚ ਜਾ ਵੱਸੇ ਪੰਜਾਬੀ ਲੇਖਕ ਵੀ ਨਿਰੰਤਰ ਲਿਖ ਰਹੇ ਹਨ। ਇਨ੍ਹਾਂ ਸਾਹਿੱਤ-ਰੂਪਾਂ ਦੇ ਵਿਕਾਸ ਦਾ ਯੋਗ ਅਧਿਐਨ ਅਤੇ ਮੁਲਾਂਕਣ ਕਰਨ ਲਈ ਜ਼ਰੂਰੀ ਹੈ ਕਿ ਇਨ੍ਹਾਂ ਦੀ ਸੰਯੁਕਤ ਇਤਿਹਾਸਕਾਰੀ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕੀਤੀ ਜਾਵੇ ਅਤੇ ਇਸ ਮੰਤਵ ਦੀ ਪੂਰਤੀ ਲਈ ਆੜੇ ਆ ਰਹੀਆਂ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ। ਇਸ ਵਿਸ਼ੈ ਦਾ ਅਧਿਐਨ ਕਰਨ ਲਈ ਹਥਲੇ ਪਾਠ ਨੂੰ ਹੇਠ ਲਿਖੇ ਉਪਭਾਗਾਂ ਅਨੁਸਾਰ ਵੰਡਿਆ ਗਿਆ ਹੈ :

1. ਕਾਵਿ ਦੀ ਸੰਯੁਕਤ ਇਤਿਹਾਸਕਾਰੀ
2. ਨਾਵਲ ਦੀ ਸੰਯੁਕਤ ਇਤਿਹਾਸਕਾਰੀ
3. ਨਾਟਕ ਦੀ ਸੰਯੁਕਤ ਇਤਿਹਾਸਕਾਰੀ
4. ਕਹਾਣੀ ਦੀ ਸੰਯੁਕਤ ਇਤਿਹਾਸਕਾਰੀ
5. ਨਿਸ਼ਕਰਸ਼ : ਸਮੱਸਿਆਵਾਂ ਅਤੇ ਸਮਾਧਾਨ।

## 2. ਉਦੇਸ਼

ਇਸ ਪਾਠ ਦਾ ਉਦੇਸ਼ ਸੁਤੰਤਰਤਾ ਉਪਰੰਤ ਰਚੇ ਗਏ ਪੰਜਾਬੀ ਸਾਹਿੱਤ ਦੀ ਇਤਿਹਾਸਕਾਰੀ ਦਾ ਕਾਰਜ ਨਵੇਂ ਅਤੇ ਵਿਗਿਆਨਕ ਢੰਗ ਨਾਲ ਕਰਨ ਦਾ ਯਤਨ ਕਰਨਾ ਹੈ। ਸੁਤੰਤਰਤਾ ਤੋਂ ਪਹਿਲਾਂ ਪੰਜਾਬ ਇਕ ਸੰਯੁਕਤ ਪ੍ਰਦੇਸ਼ ਸੀ ਅਤੇ ਪੰਜਾਬੀ ਸਾਹਿੱਤ ਦੀ ਰਚਨਾ ਕੇਵਲ ਇਸੇ ਖਿੱਤੇ ਵਿਚ ਰਹਿਣ ਵਾਲੇ ਸਾਹਿਤਕਾਰ ਕਰਦੇ ਸਨ। ਇਨ੍ਹਾਂ ਸਾਹਿਤਕਾਰਾਂ ਨੂੰ ਧਾਰਾਵਾਂ ਜਾਂ ਰੂਪਾਕਾਰਾਂ ਅਨੁਸਾਰ ਵਰਗੀਕ੍ਰਿਤ ਕਰ ਲਿਆ ਜਾਂਦਾ ਸੀ, ਜਿਵੇਂ ਨਾਥ ਜੋਗੀਆਂ ਦਾ ਸਾਹਿੱਤ, ਗੁਰਮਤਿ ਕਾਵਿ ਧਾਰਾ, ਸੂਫ਼ੀ ਕਾਵਿ ਧਾਰਾ, ਕਿੱਸਾ ਕਾਵਿ ਧਾਰਾ, ਬੀਰ ਕਾਵਿ ਧਾਰਾ ਅਤੇ ਵਾਰਤਕ (ਜਨਮਸਾਖੀਆਂ, ਬਚਨ, ਹੁਕਮਨਾਮੇ, ਰਹਿਤਨਾਮੇ ਆਦਿਕ)। ਪਰੰਤੂ ਸੁਤੰਤਰਤਾ ਤੋਂ ਬਾਅਦ ਪੰਜਾਬੀ ਬੋਲਦਾ ਖੇਤਰ ਦੋ ਭਾਗਾਂ ਵਿਚ ਵਿਭਾਜਿਤ ਕਰ ਦਿੱਤਾ ਗਿਆ। ਵੱਡਾ ਭਾਗ ਪਾਕਿਸਤਾਨ ਦੇ ਹਿੱਸੇ ਆ ਗਿਆ ਅਤੇ ਛੋਟਾ ਭਾਗ ਭਾਰਤ ਨੂੰ ਮਿਲ ਗਿਆ। ਇਨ੍ਹਾਂ ਭਾਗਾਂ ਵਿਚ ਰਹਿਣ ਵਾਲੇ ਸਾਹਿੱਤਕਾਰ ਆਪੋ-ਆਪਣੇ ਦੇਸ਼ ਵਿਚ ਬੈਠ ਕੇ ਨਾਵਲ, ਨਾਟਕ, ਕਾਵਿ ਅਤੇ ਕਹਾਣੀ ਆਦਿਕ ਰੂਪਾਂ ਦੀ ਰਚਨਾ ਕਰਦੇ ਰਹੇ ਪਰ ਇਨ੍ਹਾਂ ਰਚਨਾਵਾਂ ਨੂੰ ਕਿਸੇ ਸੰਯੁਕਤ-ਇਤਿਹਾਸ ਵਿਚ ਸੰਕਲਿਤ ਨਾ ਕੀਤਾ ਜਾ ਸਕਿਆ। ਸੰਯੁਕਤ-ਇਤਿਹਾਸਕਾਰੀ ਦੀ ਚੇਤਨਾਂ ਅਜੇ ਥੋੜਾ ਸਮਾਂ ਪਹਿਲਾਂ ਹੀ ਪੈਦਾ ਹੋਈ ਹੈ ਅਤੇ ਇਸ ਚੇਤਨਾ ਦੀ ਪ੍ਰੇਰਨਾ ਦੇਣ ਵਾਲੇ ਵਿਦਵਾਨਾਂ ਵਿਚ ਡਾ. ਅਤਰ ਸਿੰਘ, ਡਾ. ਕਰਨੈਲ ਸਿੰਘ ਥਿੰਦ, ਸਿਬਤੁਲ ਹਸਨ ਜ਼ੈਗਮ, ਡਾ. ਜਗਤਾਰ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਅਧਿਆਪਨ-ਕਾਰਜ ਕਰ ਰਹੇ ਬਹੁਤ ਸਾਰੇ ਅਧਿਆਪਕਾਂ ਦਾ ਨਾਮ ਲਿਆ ਜਾ ਸਕਦਾ ਹੈ। ਆਸ਼ਾ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਕੁਝ ਸਮੇਂ ਵਿਚ ਇਸ ਸਮੱਸਿਆ ਨੂੰ ਪੂਰੀ ਤਰ੍ਹਾਂ ਨਜਿੱਠ ਲਿਆ ਜਾਵੇਗਾ ਅਤੇ ਪੰਜਾਬੀ ਸਾਹਿੱਤ ਦੇ ਵਿਦਿਆਰਥੀ ਸਮੁੱਚੇ ਪੰਜਾਬੀ ਸਾਹਿੱਤ ਦਾ ਇਕਾਲਕੀ (ਸਿੰਟੈਗਮੈਟਿਕ) ਅਧਿਐਨ ਕਰ ਸਕਣਗੇ। ਹਥਲਾ ਪਾਠ, ਇਸੇ ਉਦੇਸ਼ ਦੀ ਪੂਰਤੀ ਨੂੰ ਸਮਰਪਿਤ ਹੈ।

### 3. ਭੂਮਿਕਾ

ਸੰਯੁਕਤ-ਇਤਿਹਾਸਕਾਰੀ ਦਾ ਸੰਕਲਪ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਇਕ ਨਵਾਂ ਪਰੰਤੂ ਅਤਿਅੰਤ ਜ਼ਰੂਰੀ ਸੰਕਲਪ ਹੈ। ਸਾਡੇ ਇਤਿਹਾਸਕਾਰ ਆਪਣੇ ਪੰਜਾਬ ਵਿਚ ਲਿਖੇ ਜਾ ਰਹੇ ਰੂਪਾਂ ਨੂੰ ਕਾਲ-ਕ੍ਰਮ ਜਾਂ ਪ੍ਰਵਿਰਤੀਆਂ ਅਨੁਸਾਰ ਵਿਉਂਤਬਧ ਕਰ ਕੇ ਪੇਸ਼ ਕਰਦੇ ਰਹੇ ਹਨ ਅਤੇ ਹਰ ਅਧਿਆਇ ਦੇ ਅੰਤ ਵਿਚ ਇਕ-ਦੋ ਪੈਰੇ ਪੱਛਮੀ ਪੰਜਾਬ ਜਾਂ ਹੋਰ ਦੇਸ਼ਾਂ ਵਿਚ ਰਚੇ ਜਾ ਰਹੇ ਸਾਹਿੱਤ-ਰੂਪਾਂ ਨੂੰ ਦੇ ਕੇ ਸੰਤੋਸ਼ ਕਰ ਲੈਂਦੇ ਹਨ ਪਰੰਤੂ ਜਿੰਨੀ ਦੇਰ ਤਕ ਅਸੀਂ ਕਿਸੇ ਵੀ ਸਾਹਿੱਤ-ਰੂਪ ਨੂੰ ਦੇਸ਼ ਪਰਦੇਸ ਦੀਆਂ ਸੀਮਾਵਾਂ ਤੋਂ ਉਪਰ ਉੱਠ ਕੇ ਸਮਝਣ-ਸਮਝਾਉਣ ਦੀ ਕੋਸ਼ਿਸ਼ ਨਹੀਂ ਕਰਦੇ, ਉਤਨੀ ਦੇਰ ਤਕ ਪੰਜਾਬੀ ਸਾਹਿੱਤ ਦਾ ਹਰ ਇਤਿਹਾਸ ਅਧੂਰਾ ਅਤੇ ਇਕ ਪਾਸੜ ਹੀ ਰਹੇਗਾ। ਸੋ ਹਰ ਸਾਹਿੱਤ-ਰੂਪ ਦੀ ਸੰਯੁਕਤ ਇਤਿਹਾਸਕਾਰੀ ਦੀਆਂ ਸੰਭਾਵਨਾਵਾਂ ਤਲਾਸ਼ਣੀਆਂ ਇਕ ਜ਼ਰੂਰੀ ਅਤੇ ਮਹਤਵਪੂਰਨ ਪ੍ਰਾਜੈਕਟ ਹੈ।

### 4.1 ਆਧੁਨਿਕ ਕਾਵਿ

ਪੰਜਾਬ ਵਿਚ ਆਧੁਨਿਕਤਾ ਦਾ ਜਨਮ ਅੰਗਰੇਜ਼ੀ ਸਾਹਿੱਤ ਦੇ ਪ੍ਰਭਾਵ ਅਧੀਨ ਹੋਇਆ। ਅੰਗਰੇਜ਼ੀ ਰਾਜ ਦੀ ਸਥਾਪਨਾ ਹੋ ਜਾਣ ਉਪਰੰਤ ਪੰਜਾਬ ਵਿਚ ਪੱਛਮੀ ਢੰਗ ਦੀ ਸਿੱਖਿਆ-ਪ੍ਰਣਾਲੀ ਸ਼ੁਰੂ ਹੋ ਗਈ। ਅੰਗਰੇਜ਼ਾਂ ਦੇ ਆਗਮਨ ਤੋਂ ਪਹਿਲਾਂ ਪੰਜਾਬ ਦੇ ਵਿਦਿਆਰਥੀ ਆਪਣੇ-ਆਪਣੇ ਧਰਮ-ਸਥਾਨਾਂ ਤੋਂ ਲਿਖਣਾ-ਪੜ੍ਹਨਾ ਸਿੱਖ ਲੈਂਦੇ ਸਨ। ਗੁਰਦੁਆਰਿਆਂ, ਮਸੀਤਾਂ ਅਤੇ ਹਿੰਦੂ-ਆਸ਼ਰਮਾਂ ਵਿਚ ਪੜ੍ਹਾਈ ਦਾ ਥੋੜਾ-ਬਹੁਤਾ ਇੰਤਜ਼ਾਮ ਹੁੰਦਾ ਸੀ ਅਤੇ ਵਿਦਿਆਰਥੀ ਇਨ੍ਹਾਂ ਸਥਾਨਾ ਤੋਂ ਆਪਣੇ ਜੋਗਾ ਅੱਖਰ-ਗਿਆਨ ਹਾਸਲ ਕਰ ਲੈਂਦੇ ਸਨ। ਪਰੰਤੂ ਉਨੀਵੀਂ ਸਦੀ ਦੇ ਅੰਤ ਵਿਚ ਪੰਜਾਬ ਦੇ ਹਰ ਛੋਟੇ-ਵੱਡੇ ਸ਼ਹਿਰ ਵਿਚ ਅੰਗਰੇਜ਼ ਮਿਸ਼ਨਰੀਆਂ ਨੇ ਸਕੂਲ ਖੋਲ੍ਹ ਦਿੱਤੇ ਸਨ। ਇਨ੍ਹਾਂ ਸਕੂਲਾਂ ਦਾ ਮੁਕਾਬਲਾ ਕਰਨ ਲਈ ਸਿੰਘ ਸਭਾ ਵਾਲਿਆਂ ਅਤੇ ਆਰੀਆ ਸਮਾਜੀਆਂ ਨੇ ਵੀ ਆਪਣੇ-ਆਪਣੇ ਸਕੂਲ ਖੋਲ੍ਹ ਲਏ ਸਨ ਪਰ ਸਾਰੇ ਸਕੂਲਾਂ ਦਾ ਪਾਠ-ਕ੍ਰਮ ਇਕ ਜੈਸਾ ਹੀ ਹੁੰਦਾ ਸੀ। ਹਰ ਸਕੂਲ ਵਿਚ ਅੰਗਰੇਜ਼ੀ, ਹਿਸਾਬ, ਤਾਰੀਖ਼, ਜੁਗਰਾਫ਼ੀਆ, ਵਿਗਿਆਨ ਅਤੇ ਕੁਝ ਹੋਰ ਮਜ਼ਮੂਨ ਪੜ੍ਹਾਏ ਜਾਂਦੇ ਸਨ। ਮਿਸ਼ਨਰੀਆਂ ਵੱਲੋਂ ਖੋਲ੍ਹੇ ਸਕੂਲਾਂ ਦਾ ਮਾਧਿਅਮ ਅੰਗਰੇਜ਼ੀ ਹੁੰਦਾ ਸੀ, ਜਦੋਂ ਕਿ ਹੋਰ ਸਕੂਲਾਂ ਵਿਚ ਉਰਦੂ ਮਾਧਿਅਮ ਦਾ ਪ੍ਰਯੋਗ ਕੀਤਾ ਜਾਂਦਾ ਸੀ। ਉੱਚੀਆਂ ਸ਼੍ਰੇਣੀਆਂ, ਵਿਸ਼ੇਸ਼ ਕਰ ਕਾਲਜਾਂ ਵਿਚ ਅੰਗਰੇਜ਼ੀ ਸਾਹਿੱਤ ਵੀ ਪੜ੍ਹਾਇਆ ਜਾਂਦਾ ਸੀ। ਇਹੀ ਕਾਰਨ ਹੈ ਕਿ ਪੰਜਾਬੀ ਵਿਚ ਆਧੁਨਿਕ ਕਵਿਤਾ ਲਿਖਣ ਵਾਲੇ ਬਹੁਤੇ ਸਾਹਿੱਤਕਾਰ ਉਹੀ ਲੋਕ ਬਣੇ ਜਿਨ੍ਹਾਂ ਨੇ ਉੱਚ-ਸਿਖਿਆ ਪ੍ਰਾਪਤ ਕੀਤੀ ਹੋਈ ਸੀ। ਉਸ ਸਮੇਂ ਤੋਂ ਲੈ ਕੇ ਅਜ ਤਕ ਆਧੁਨਿਕ ਸਾਹਿੱਤ ਦੇ ਪ੍ਰਮੁਖ ਲੇਖਕ ਬਹੁਤੇ ਕਰ ਕੇ ਪ੍ਰੋਫ਼ੈਸਰ ਹੀ ਰਹੇ ਹਨ, ਪਰ ਉਨੀਵੀਂ ਸਦੀ ਦੇ ਮਧ ਤਕ ਇਹ ਗੱਲ ਨਹੀਂ ਸੀ। ਕਿੱਸੇ, ਜੰਗਨਾਮੇ, ਵਾਰਾਂ ਅਤੇ ਸਾਹਿੱਤ ਦੇ ਹੋਰ ਰੂਪ ਲਿਖਣ ਵਾਲੇ ਲੋਕਾਂ ਉਪਰ ਉੱਚੀ-ਪੜ੍ਹਾਈ ਦੀ ਸ਼ਰਤ ਲਾਗੂ ਨਹੀਂ ਸੀ ਹੁੰਦੀ।

ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਪੰਜਾਬੀ ਕਾਵਿ ਦੇ ਦੋ ਵਰਗ ਸਨ। ਪਹਿਲਾ ਵਰਗ ਆਧੁਨਿਕ ਕਾਵਿ ਲਿਖਣ ਵਾਲੇ ਕੁਝ ਗਿਣਤੀ ਦੇ ਕਵੀਆਂ ਦਾ ਸੀ, ਜਿਸ ਵਿਚ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ ਆਦਿਕ ਪੜ੍ਹੇ-ਲਿਖੇ ਲੋਕ ਸਨ। ਦੂਜੇ ਵਰਗ ਵਿਚ ਕਿੱਸਾਕਾਰ, ਕਵੀਸ਼ਰ ਅਤੇ ਸਟੇਜੀ ਕਵੀ ਆਦਿ ਆਉਂਦੇ ਸਨ। ਇਨ੍ਹਾਂ ਕਵੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ ਅਤੇ 1950 ਈ. ਤਕ ਪੰਜਾਬੀ ਲੋਕ ਵਧੇਰੇ ਕਰ ਕੇ ਸਟੇਜੀ ਕਵੀਆਂ ਨੂੰ ਹੀ ਸੁਣਦੇ-ਮਾਣਦੇ ਸਨ। ਇਨ੍ਹਾਂ ਕਵੀਆਂ ਵਿਚ ਸੁੰਦਰ ਦਾਸ ਆਸੀ, ਫ਼ੀਰੋਜ਼ਦੀਨ ਸ਼ਰਫ਼, ਉਸਤਾਦ ਹਮਦਮ, ਵਿਧਾਤਾ ਸਿੰਘ ਤੀਰ, ਗੁਰਦਿਤ ਸਿੰਘ ਕੁੰਦਨ, ਜਸਵੰਤ ਸਿੰਘ ਵੰਤਾ, ਕਰਤਾਰ ਸਿੰਘ ਬਲੱਗਣ, ਬਰਕਤ ਰਾਮ ਯੁਮਨ, ਹਜ਼ਾਰਾ ਸਿੰਘ ਮੁਸ਼ਤਾਕ ਅਤੇ ਹੋਰ ਬਹੁਤ ਸਾਰੇ ਲੋਕਪ੍ਰਿਅ ਕਵੀ ਸ਼ਾਮਲ ਸਨ।

ਆਧੁਨਿਕ ਕਵਿਤਾ ਕਵੀ ਦੇ ਨਿੱਜੀ ਅਨੁਭਵ ਦਾ ਅਭਿਵਿਅੰਜਨ ਹੁੰਦੀ ਹੈ, ਜਦੋਂ ਕਿ ਪਰੰਪਰਾਵਾਦੀ ਕਾਵਿ ਉਪਰ ਇਹ ਕਥਨ ਪੂਰੀ ਤਰ੍ਹਾਂ ਨਾਲ ਲਾਗੂ ਨਹੀਂ ਹੁੰਦਾ। ਉਸ ਕਾਵਿ ਵਿਚ ਸਾਮੂਹਿਕ ਅਨੁਭਵ ਦਾ ਅਭਿਵਿਅੰਜਨ ਕੀਤਾ ਜਾਂਦਾ ਹੈ ਅਤੇ ਕਈ ਵਾਰ ਤਾਂ ਕਵੀ ਲੋਕ ਮਾਂਗਵੇ ਅਨੁਭਵ ਨੂੰ ਵੀ ਆਪਣੇ ਕਾਵਿ ਦਾ ਆਧਾਰ ਬਣਾ ਲੈਂਦੇ ਸਨ। ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ ਵਰਗੇ ਪਹਿਲੀ ਪੀੜ੍ਹੀ ਦੇ ਆਧੁਨਿਕ ਕਵੀਆਂ ਨੇ ਜਿਸ ਪ੍ਰਕਾਰ ਦੀਆਂ ਕਵਿਤਾਵਾਂ ਲਿਖੀਆਂ, ਉਹ ਬਹੁਤੇ ਪੰਜਾਬੀ ਪਾਠਕਾਂ ਦੀ ਸਮਝ ਤੋਂ ਪਰੇ ਹੁੰਦੀਆਂ ਸਨ। ਹੌਲੀ-ਹੌਲੀ ਸਾਡੇ ਕਵੀ

ਉਨ੍ਹਾਂ ਦੇ ਅਨੁਭਵ ਨੂੰ ਸਮਝਣ ਦੇ ਸਮਰੱਥ ਹੋਏ। ਇਸੇ ਪੀੜ੍ਹੀ ਦੇ ਕਈ ਕਵੀ ਤਾਂ ਕਾਫ਼ੀ ਸਤਾਂ ਪੰਜਾਬੀ ਪਾਠਕਾਂ ਲਈ ਓਪਰੇ ਅਤੇ ਅਜਨਬੀ ਬਣੇ ਰਹੇ। ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ ਅਤੇ ਦੀਵਾਨ ਸਿੰਘ ਕਾਲੇਪਾਣੀ ਦੀਆਂ ਕਵਿਤਾਵਾਂ ਪਾਠਕਾਂ ਲਈ ਸਤਿਕਾਰਯੋਗ ਤਾਂ ਜ਼ਰੂਰ ਸਨ, ਗ੍ਰਹਿਣਯੋਗ ਨਾ ਬਣ ਸਕੀਆਂ, ਕਿਉਂਕਿ ਪੰਜਾਬੀ ਪਾਠਕ ਅਜੇ ਤਕ ਵੀ ਕਵੀਆਂ ਪਾਸੋਂ ਸਾਮੂਹਿਕ ਅਨੁਭਵ ਵਾਲੀਆਂ ਕਵਿਤਾਵਾਂ ਦੀ ਮੰਗ ਕਰਦੇ ਸਨ। ਭਾਈ ਵੀਰ ਸਿੰਘ ਨੇ ਰੁਬਾਈ ਵਰਗੇ ਲਘੂ-ਰੂਪਾਕਾਰ ਨੂੰ ਆਪਣੇ ਭਾਵਾਂ ਦਾ ਮਾਧਿਅਮ ਬਣਾਇਆ। ਧਨੀਰਾਮ ਚਾਤ੍ਰਿਕ ਨੇ ਰੁਬਾਈ, ਕਾਫ਼ੀ ਅਤੇ ਗ਼ਜ਼ਲ ਵਰਗੇ ਪ੍ਰਗੀਤ ਕਾਵਿ ਰੂਪਾਂ ਦਾ ਪ੍ਰਯੋਗ ਕੀਤਾ। ਪੂਰਨ ਸਿੰਘ ਅਤੇ ਦੀਵਾਨ ਸਿੰਘ ਕਾਲੇਪਾਣੀ ਨੇ ਛੰਦਮੁਕਤ (ਖੁਲ੍ਹੀ) ਕਵਿਤਾ ਲਿਖੀ।

ਦੂਜੀ ਪੀੜ੍ਹੀ ਦੀ ਪ੍ਰਤੀਨਿਧਤਾ ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਨੇ ਕੀਤੀ। ਮੋਹਨ ਸਿੰਘ ਦਾ ਅਨੁਭਵ ਕਾਫ਼ੀ ਵਿਸ਼ਾਲ ਅਤੇ ਬਹੁਪਸਾਰੀ ਸੀ। ਬੇਸ਼ਕ ਉਸ ਨੇ ਰੋਮਾਂਸਵਾਦ ਤੋਂ ਆਪਣੀ ਕਾਵਿ ਯਾਤਰਾ ਸ਼ੁਰੂ ਕੀਤੀ ਪਰ ਹੌਲੀ-ਹੌਲੀ ਉਹ ਪ੍ਰਗਤੀਵਾਦ ਅਤੇ ਮਨੋਵਿਗਿਆਨਕ ਯਥਾਰਥਵਾਦ ਤਕ ਪਹੁੰਚ ਗਿਆ। ਉਸ ਨੇ ਪਰੰਪਰਾ ਤੋਂ ਪ੍ਰਾਪਤ ਕਾਵਿ ਰੂਪਾਂ ਦੇ ਨਾਲ-ਨਾਲ ਕੁਝ ਨਵੇਂ ਪ੍ਰਯੋਗ ਵੀ ਕੀਤੇ। 'ਜੰਦਰੇ', 'ਜੈ ਮੀਰ' ਅਤੇ 'ਬੂਹੇ' ਆਦਿ ਰਚਨਾਵਾਂ ਵਿਚ ਉਸਦੀ ਪ੍ਰਯੋਗਸ਼ੀਲਤਾ ਸਾਫ਼ ਝਲਕਦੀ ਹੈ। ਅੰਮ੍ਰਿਤਾ ਪ੍ਰੀਤਮ ਮੂਲ ਰੂਪ ਵਿਚ ਪ੍ਰਗੀਤ ਦੀ ਕਵਿੱਤਰੀ ਸੀ। 1960 ਈ. ਤਕ ਉਸ ਨੇ ਪ੍ਰਗੀਤ ਦੇ ਮਾਧਿਅਮ ਦੁਆਰਾ ਆਪਣੇ ਭਾਵਾਂ ਨੂੰ ਜ਼ਬਾਨ ਦਿੱਤੀ। ਇਸ ਤੋਂ ਬਾਅਦ ਪ੍ਰਯੋਗਵਾਦ ਦੇ ਪ੍ਰਭਾਵ ਅਧੀਨ ਉਸ ਨੇ ਕੁਝ ਖੁੱਲ੍ਹੀਆਂ ਕਵਿਤਾਵਾਂ ਵੀ ਲਿਖੀਆਂ, ਜੋ ਉਸ ਦੀ ਪ੍ਰਮੁਖ ਰਚਨਾ 'ਕਾਗਜ਼ ਤੇ ਕੈਨਵੱਸ ਤੋਂ ਬਾਅਦ' ਵਿਚ ਪ੍ਰਕਾਸ਼ਿਤ ਹੋਈਆਂ ਹਨ ਪਰ ਉਹ ਨਿੱਜੀ ਪ੍ਰੇਮ ਵਿਚੋਂ ਪ੍ਰਾਪਤ ਵਿਸ਼ਾਦ ਅਤੇ ਕੁੰਠਾ ਤੋਂ ਅੱਗੇ ਨਾ ਜਾ ਸਕੀ। ਇਸ ਕਾਰਨ ਆਪਣੇ ਜੀਵਨ ਦੇ ਆਖਰੀ ਦੌਰ ਵਿਚ ਉਸ ਨੇ ਕਵਿਤਾ ਲਿਖਣੀ ਬੰਦ ਹੀ ਕਰ ਦਿੱਤੀ ਸੀ। ਸੰਤੋਖ ਸਿੰਘ ਧੀਰ, ਸੁਰਜੀਤ ਰਾਮਪੁਰੀ, ਗੁਰਚਰਨ ਰਾਮਪੁਰੀ, ਤਖ਼ਤ ਸਿੰਘ, ਤਾਰਾ ਸਿੰਘ ਅਤੇ ਪ੍ਰਭਜੋਤ ਕੌਰ ਵਰਗੇ ਕਵੀ ਅੰਮ੍ਰਿਤਾ-ਮੋਹਨ ਸਿੰਘ ਪਰੰਪਰਾ ਦੇ ਦਾਇਰੇ ਵਿਚ ਹੀ ਲਿਖਦੇ ਰਹੇ ਪਰ ਇਨ੍ਹਾਂ ਨੇ ਆਪਣੇ ਵਿਅਕਤੀਗਤ ਅਨੁਭਵ ਦਾ ਨਿਰੂਪਣ ਅਤਿਅੰਤ ਮੌਲਿਕ ਢੰਗ ਨਾਲ ਕੀਤਾ।

ਆਧੁਨਿਕ ਪੰਜਾਬੀ ਕਾਵਿ ਵਿਚ ਮੋਹਭੰਗ ਦੀ ਸਥਿਤੀ ਦਾ ਨਿਰੂਪਣ ਪ੍ਰਯੋਗਵਾਦੀ ਕਵੀਆਂ ਦੀ ਢਾਣੀ ਨੇ ਕੀਤਾ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਪਹੁੰਚ ਕੇ ਸਾਡੇ ਕਵੀ ਆਪਣੇ ਸਮਕਾਲੀ ਨਿਜ਼ਾਮ ਤੋਂ ਉਪਰਾਮ ਅਤੇ ਰੁਸ਼ਟ ਹੋਣ ਲੱਗ ਪਏ। ਚਾਰੇ ਪਾਸੇ ਭ੍ਰਸ਼ਟਾਚਾਰ, ਬੇਈਮਾਨੀ ਅਤੇ ਧੱਕੇਸ਼ਾਹੀ ਦਾ ਸਾਮਰਾਜ ਪਸਰਦਾ ਜਾ ਰਿਹਾ ਸੀ। ਪੁਰਾਣੇ ਸਥਾਪਿਤ ਕਵੀ ਛੋਟੇ ਮੋਟੇ ਪੁਰਸਕਾਰ ਅਤੇ ਸਨਮਾਨ ਲੈ ਕੇ ਹੀ ਸੰਤੁਸ਼ਟ ਸਨ। ਉਨ੍ਹਾਂ ਨੇ ਸੱਚੇ ਮਨੋਂ ਕਦੇ ਵੀ ਨਿਜ਼ਾਮ ਨੂੰ ਬਦਲਣ ਬਾਰੇ ਨਹੀਂ ਸੋਚਿਆ ਸੀ। ਮਾਰਕਸਵਾਦ ਅਸਫ਼ਲ ਹੋ ਚੁਕਾ ਸੀ। ਸਾਰੀ ਦੁਨੀਆਂ ਵਿਕਾਸ ਦੇ ਪੂੰਜੀਵਾਦੀ ਮਾਡਲ ਪ੍ਰਤੀ ਆਕ੍ਰਸ਼ਿਤ ਸੀ। ਪ੍ਰਯੋਗਵਾਦੀਆਂ ਨੇ ਬੜੀ ਦ੍ਰਿੜ੍ਹਤਾ ਨਾਲ ਮਧਸ਼੍ਰੇਣਿਕ ਜ਼ੇਹਨੀਅਤ ਦੀ ਆਲੋਚਨਾ ਕੀਤੀ ਅਤੇ ਪੂੰਜੀਵਾਦੀ ਅਰਥਚਾਰੇ ਦੇ ਆਮ ਆਦਮੀ ਉਪਰ ਪੈ ਰਹੇ ਦਬਾਵਾਂ ਨੂੰ ਕਾਵਿਬੱਧ ਕੀਤਾ ਪਰ ਇਨ੍ਹਾਂ ਕਵੀਆਂ ਦੀ ਸ਼ੈਲੀ ਅਤੇ ਅੰਦਾਜ਼ ਆਮ ਪਾਠਕਾਂ ਨੂੰ ਪਸੰਦ ਨਹੀਂ ਸੀ। ਉਹ ਚਾਹੁੰਦੇ ਸਨ ਕਿ ਕਿਰਤੀਆਂ ਅਤੇ ਕਿਸਾਨਾਂ ਦੀ ਦੁਰਦਸ਼ਾ ਦਾ ਵਰਣਨ ਸਿੱਧੇ, ਸਪਸ਼ਟ ਢੰਗ ਨਾਲ ਕੀਤਾ ਜਾਵੇ। ਇਹ ਕੰਮ ਪਾਸ਼, ਦਰਸ਼ਨ ਖਟਕੜ, ਜਗਤਾਰ, ਅਮਰਜੀਤ ਚੰਦਨ ਅਤੇ ਸੰਤ ਰਾਮ ਉਦਾਸੀ ਨੇ ਆਪਣੇ ਜ਼ਿੰਮੇ ਲਿਆ। ਪਰ ਬੁਰਜੁਆ ਸਟੇਟ ਨਹੀਂ ਸੀ ਚਾਹੁੰਦੀ ਕਿ ਪੂੰਜੀਵਾਦ ਅਤੇ ਪੂੰਜੀਪਤੀਆਂ ਦਾ ਨੰਗੇ-ਚਿੱਟੇ ਰੂਪ ਵਿਚ ਵਿਰੋਧ ਕੀਤਾ ਜਾਵੇ। ਇਸ ਲਈ ਸਟੇਟ ਨੇ ਪੂਰੀ ਕਠੋਰਤਾ ਨਾਲ ਇਸ ਧਾਰਾ ਦੇ ਜੁਝਾਰਵਾਦੀ ਕਵੀਆਂ ਨੂੰ ਕੁਚਲ ਦਿੱਤਾ। ਸਟੇਟ ਤੋਂ ਬਚਣ ਲਈ ਬਹੁਤ ਸਾਰੇ ਜੁਝਾਰਵਾਦੀ ਕਵੀ ਆਪਣੇ ਦੇਸ਼ ਤੋਂ ਪਲਾਇਣ ਵੀ ਕਰ ਗਏ।

1980 ਤੋਂ ਬਾਅਦ ਪੰਜਾਬੀ ਕਾਵਿ ਵਿਚ ਵਿਚਾਰਧਾਰਕ ਪ੍ਰਵਿਰਤੀਆਂ ਦਾ ਇਕ ਸੰਕਟ ਸਾਹਮਣੇ ਆਉਣ ਲੱਗਦਾ ਹੈ। ਇਹ ਵਰਤਾਰਾ ਕੇਵਲ ਸਾਡੇ ਦੇਸ਼ ਦੀ ਉਦਾਸੀਨ ਸਥਿਤੀ ਨੂੰ ਹੀ ਨਹੀਂ ਦਰਸਾਉਂਦਾ ਬਲਕਿ ਵਿਸ਼ਵ-ਵਿਆਪੀ ਹਕੀਕਤ ਦਾ ਰੂਪ ਧਾਰਨ ਕਰ ਗਿਆ ਸੀ। ਖਪਤਵਾਦ ਅਤੇ ਵੈਸ਼ਵੀਕਰਣ ਨੇ ਪੂਰੀ ਦੁਨੀਆਂ ਵਿਚ ਆਪਣੇ ਪੈਰ ਪਸਾਰ ਲਏ ਸਨ। ਪ੍ਰਤਿਪਾਵਾਂ ਅਤੇ ਬੁੱਧੀਜੀਵੀਆਂ ਨੂੰ ਅਨੁਪਯੋਗੀ ਮੰਨ ਕੇ ਹਾਸ਼ੀਏ ਵਿਚ ਕਰ ਦਿੱਤਾ ਗਿਆ ਅਤੇ ਔਸਤ ਪੱਧਰ ਦੇ ਲੋਕਾਂ ਨੂੰ ਅੱਗੇ ਲੈ ਆਂਦਾ ਗਿਆ। ਸਿੱਖਿਆ-ਪ੍ਰਣਾਲੀ ਨੂੰ ਕੁਝ ਇਸ ਤਰ੍ਹਾਂ ਦਾ ਪੁੱਠਾ ਗੇੜਾ ਦਿੱਤਾ

ਗਿਆ ਕਿ ਪ੍ਰਤਿਭਾਸ਼ੀਲ ਵਿਅਕਤੀ ਮੁਕਾਬਲੇ ਦੀਆਂ ਪਰੀਖਿਆਵਾਂ ਵਿਚ ਫਾਡੀ ਰਹਿਣ ਲੱਗ ਪਏ। ਬਿਉਰੋਕ੍ਰੇਸੀ, ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਉੱਚ-ਪਦਵੀਆਂ ਲਈ ਇਹੋ ਜਿਹੇ ਵਿਅਕਤੀ ਚੁਣੇ ਜਾਣ ਲੱਗ ਪਏ ਜੋ ਯਥਾਸਥਿਤੀਵਾਦੀ ਅਤੇ ਜੀ-ਹਜ਼ੂਰ ਸਨ। ਇਸ ਸੂਰਤਿ ਹਾਲ ਵਿਚ ਕਵਿਤਾ ਅਤੇ ਕਲਾ ਦੇ ਖੇਤਰ ਵਿਚ ਪ੍ਰਤਿਭਾਵਾਂ ਦਾ ਸੰਕਟ ਆ ਗਿਆ। ਸਿੱਟੇ ਵਜੋਂ ਅਜੋਕੇ ਦੌਰ ਵਿਚ ਗੀਤ ਅਤੇ ਗ਼ਜ਼ਲ ਵਰਗੇ ਕਾਵਿ ਰੂਪ ਹੀ ਰਚੇ ਜਾ ਰਹੇ ਹਨ। ਕਵੀ ਲੋਕ ਬਾਰ-ਬਾਰ ਆਪਣੇ ਆਪ ਨੂੰ ਅਤੇ ਇਕ-ਦੂਸਰੇ ਨੂੰ ਦੁਹਰਾ ਰਹੇ ਹਨ ਪਰ ਪਾਠਕਾਂ ਨੂੰ ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਚਾਰ-ਚੁਫ਼ੇਰੇ ਪੱਸਰੀ ਹੋਈ ਵਸਤੂ-ਸਥਿਤੀ ਨੂੰ ਕੋਈ ਵੀ ਬਦਲਣਾ ਨਹੀਂ ਚਾਹੁੰਦਾ। ਹਰ ਕਿਸੇ ਨੂੰ ਯਥਾਸਥਿਤੀਵਾਦ ਰਾਸ ਆ ਗਿਆ ਹੈ। ਬਜ਼ਾਰਾਂ ਵਿਚ ਇਸ ਪ੍ਰਕਾਰ ਦੀਆਂ ਪੁਸਤਕਾਂ ਧੜਾਧੜ ਆ ਰਹੀਆਂ ਹਨ ਕਿ ਆਪਣੇ ਆਪ ਨੂੰ ਕਿਸੇ ਦਫ਼ਤਰ, ਕਾਰੋਬਾਰੀ ਅਦਾਰੇ ਜਾਂ ਸੰਸਥਾ ਵਿਚ ਫਿਟ ਕਿਵੇਂ ਕਰੀਏ? ਕਿਵੇਂ ਜੀ-ਹਜ਼ੂਰ ਬਣਿਆ ਜਾਵੇ ! ਇਸ ਸੂਰਤ ਵਿਚ ਆਧੁਨਿਕ ਕਵਿਤਾ ਵੀ ਆਪਣੇ ਲਕਸ਼ ਤੋਂ ਭਟਕਦੀ ਜਾ ਰਹੀ ਹੈ। ਕਵੀ ਲੋਕ ਇਨਾਮਾਂ-ਸਨਮਾਨਾਂ ਦੀ ਪ੍ਰਾਪਤੀ ਲਈ ਸੱਤਾਧਾਰੀਆਂ ਦੀ ਪਰਿਕਰਮਾ ਕਰ ਰਹੇ ਹਨ।

ਪਾਕਿਸਤਾਨ ਵਿਚ ਸਮਾਜਿਕ-ਸਭਿਆਚਾਰਕ ਸਥਿਤੀ ਹੋਰ ਵੀ ਬਦਤਰ ਹੈ। ਪਾਕਿਸਤਾਨ ਬਣਨ ਸਾਰ ਹਾਕਮਾਂ ਨੇ ਉਰਦੂ ਨੂੰ ਪੂਰੇ ਦੇਸ਼ ਦੀ ਸੰਪਰਕ-ਭਾਸ਼ਾ ਦਾ ਦਰਜਾ ਦੇ ਦਿੱਤਾ। ਪੰਜ-ਛੇ ਕਰੋੜ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਕਿਸੇ ਨੇ ਵੀ ਮਰਜ਼ੀ ਨਾ ਪੁੱਛੀ। ਹਾਕਮ ਅਤੇ ਬਿਉਰੋਕ੍ਰੇਟ ਮਹਿੰਗੇ ਅੰਗਰੇਜ਼ੀ ਸਕੂਲਾਂ ਅਤੇ ਵਲਾਇਤ ਤੋਂ ਸਿੱਖਿਆ ਹਾਸਲ ਕਰ ਕੇ ਆਉਂਦੇ ਹਨ ਅਤੇ ਸੱਤਾ ਨੂੰ ਸੰਭਾਲ ਲੈਂਦੇ ਹਨ। ਸਾਖਰਤਾ ਦਰ 35% ਵੀ ਨਹੀਂ ਹੈ। ਹੋਰ ਤਾਂ ਹੋਰ, ਸਮੇਂ-ਸਮੇਂ ਫੌਜੀ ਤਾਨਾਸ਼ਾਹ ਦੇਸ਼ ਦੀ ਵਾਗਡੋਰ ਸੰਭਾਲ ਲੈਂਦੇ ਹਨ ਅਤੇ ਕਿਸੇ ਵਿਦਰੋਹੀ ਜਾਂ ਆਜ਼ਾਦ ਖਿਆਲ ਵਿਅਕਤੀ ਨੂੰ ਕੁਸਕਣ ਵੀ ਨਹੀਂ ਦਿੰਦੇ। ਇਸ ਸੂਰਤ ਵਿਚ ਕਵਿਤਾ ਨੇ ਵੀ ਪ੍ਰਫੁਲਤ ਹੋਣਾ ਹੋਇਆ ? ਚੰਦ ਲੋਕ-ਕਵੀ ਹੀ ਅਰਥਪੂਰਨ ਕਾਵਿ ਦੀ ਰਚਨਾ ਕਰ ਰਹੇ ਹਨ, ਜਿਨ੍ਹਾਂ ਵਿਚ ਉਸਤਾਦ ਦਾਮਨ, ਬਾਬਾ ਨਜਮੀ, ਮੁਨੀਰ ਨਿਆਜ਼ੀ, ਸ਼ਾਹਬਾਜ਼ ਮਲਿਕ ਅਤੇ ਅਹਿਮਦ ਰਾਹੀ ਆਦਿ ਨੂੰ ਗਿਣਿਆ ਜਾ ਸਕਾਦ ਹੈ। ਸੈਂਸਰ ਅਤੇ ਵਿਵਸਥਾ ਦੇ ਆਤੰਕ ਤੋਂ ਬਚਣ ਲਈ ਕਵੀ ਲੋਕ ਪ੍ਰਤੀਕਵਾਦੀ ਅਤੇ ਅਸਪਸ਼ਟ ਪ੍ਰਕਾਰ ਦੀ ਕਾਵਿ ਰਚਨਾ ਕਰ ਰਹੇ ਹਨ। ਬਹੁਤੇ ਕਵੀ ਗ਼ਜ਼ਲ ਦਾ ਸਹਾਰਾ ਲੈ ਰਹੇ ਹਨ ਕਿਉਂਕਿ ਗ਼ਜ਼ਲ ਵਿਚ ਵਿਚਾਰਧਾਰਾ ਨੂੰ ਕਿਸੇ ਸਿਲਸਿਲੇ ਦਾ ਰੂਪ ਦੇਣ ਦੀ ਜ਼ਰੂਰਤ ਨਹੀਂ ਪੈਂਦੀ। ਪਾਕਿਸਤਾਨ ਵਿਚ ਮਧ-ਸ਼੍ਰੇਣਿਕ ਲੋਕ ਘੱਟ ਗਿਣਤੀ ਵਿਚ ਹਨ। ਚੰਦ ਵੱਡੇ ਜਾਗੀਰਦਾਰ ਅਤੇ ਉਦਯੋਗਪਤੀ ਹਨ ਅਤੇ ਬਹੁਤੇ ਲੋਕ ਉਨ੍ਹਾਂ ਦੇ ਮੁਜ਼ਾਰੇ ਅਤੇ ਮਜ਼ਦੂਰ ਹਨ। ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਪੱਛਮੀ ਪੰਜਾਬ ਵਿਚ ਦਹਿਸ਼ਤਗਰਦਾਂ ਦਾ ਆਤੰਕ ਛਾਇਆ ਹੋਇਆ ਹੈ। ਇਹ ਲੋਕ ਭਾੜੇ ਦੇ ਮਜ਼ਦੂਰ ਹਨ। ਦੇਸ਼ ਤੋਂ ਬਾਹਰ ਬੈਠੀਆਂ ਪੂੰਜੀਵਾਦੀ ਤਾਕਤਾਂ ਇਨ੍ਹਾਂ ਪਾਸੋਂ ਆਜ਼ਾਦ ਸੋਚ ਰੱਖਣ ਵਾਲੇ ਲੋਕਾਂ ਦਾ ਸਫ਼ਾਇਆ ਕਰਵਾ ਰਹੀਆਂ ਹਨ। ਹਰ ਤਰਫ਼ ਸਹਿਮ ਅਤੇ ਅਵਿਵਸਥਾ ਦਾ ਸਾਮਰਾਜ ਹੈ। ਕਵਿਤਾ ਦੀ ਆਜ਼ਾਦ ਗੂੰਜ ਕਿਧਰੇ ਵੀ ਸੁਣਾਈ ਨਹੀਂ ਦਿੰਦੀ। ਪ੍ਰਮਾਣਿਕ ਲਿਖਣ ਵਾਲੇ ਕਵੀਆਂ ਨੂੰ ਉਤਸਾਹਿਤ ਕਰਨ ਵਾਲੀ ਕੋਈ ਧਿਰ ਨਹੀਂ ਹੈ। ਅਜ ਤੋਂ ਤਿੰਨ-ਚਾਰ ਦਹਾਕੇ ਪਹਿਲਾਂ ਫਖਰ ਜ਼ਮਾਂ, ਨਜਮ ਹੁਸੈਨ ਸੱਯਦ, ਮੁਨੀਰ ਨਿਆਜ਼ੀ, ਮਾਜਿਦ ਸਦੀਕੀ, ਅਬਾਸ ਅਤਹਰ ਅਤੇ ਸਾਰਾ ਸ਼ਗੁਫ਼ਤਾ ਕਾਵਿ ਦੇ ਖੇਤਰ ਵਿਚ ਬੜਾ ਮਹਤਵਪੂਰਨ ਕਾਰਜ ਕਰ ਰਹੇ ਸਨ ਪਰ ਵਿਵਸਥਾ ਇਨ੍ਹਾਂ ਨੂੰ ਖਾਮੋਸ਼ ਕਰਨ ਵਿਚ ਸਫ਼ਲ ਹੋ ਗਈ ਹੈ।

ਪੰਜਾਬੀ ਕਾਵਿ ਨੂੰ ਸਮਰਿਧ ਬਣਾਉਣ ਵਾਲੀ ਇਕ ਹੋਰ ਧਿਰ ਪਰਵਾਸੀ ਪੰਜਾਬੀ ਕਵੀਆਂ ਦੀ ਹੈ। ਉੱਤਰੀ ਅਮਰੀਕਾ, ਇੰਗਲੈਂਡ ਅਤੇ ਹੋਰ ਵਿਕਸਿਤ ਦੇਸ਼ਾਂ ਵਿਚ ਪੰਜਾਬੀ ਦੇ ਪ੍ਰਮਖ ਕਵੀ ਰਚਨਾਸ਼ੀਲ ਹਨ। ਇਨ੍ਹਾਂ ਵਿਚੋਂ ਰਵਿੰਦਰ ਰਵੀ, ਅਜਾਇਬ ਕਮਲ, ਦੇਵਿੰਦਰ ਕੌਰ, ਅਵਤਾਰ ਜੰਡਿਆਲਵੀ, ਅਮਰਜੀਤ ਚੰਦਨ ਅਤੇ ਮਹਿੰਦਰ ਗਿੱਲ ਆਦਿਕ ਕਵੀ ਪਰਵਾਸੀ ਬਣਨ ਤੋਂ ਪਹਿਲਾਂ ਵੀ ਸਮਰੱਥ ਕਵੀ ਬਣ ਚੁਕੇ ਸਨ। ਉਧਰ ਜਾ ਕੇ ਮਹਤਵਪੂਰਨ ਕਵੀ ਬਣੇ ਵਿਅਕਤੀਆਂ ਵਿਚ ਜਗਤਾਰ ਢਾਅ, ਸੁਖਵਿੰਦਰ ਕੰਬੋਜ, ਸੁਖਿੰਦਰ, ਚਰਨ ਸਿੰਘ, ਭੁਪਿੰਦਰ ਦੁਲੇਅ, ਮਨਜੀਤ ਮੀਤ, ਗਿੱਲ ਮੋਰਾਂਵਾਲੀ ਆਦਿ ਸਮਰਪਿਤ ਕਵੀਆਂ ਦਾ ਨਾਮ ਲਿਆ ਜਾ ਸਕਦਾ ਹੈ। ਬਰਤਾਨਵੀ ਪੰਜਾਬੀ ਕਵੀਆਂ ਦੇ ਅਨੁਭਵ ਦੀ ਵਿਲੱਖਣਤਾ ਬਾਰੇ ਚਰਚਾ ਕਰਦਾ ਹੋਇਆ ਡਾ. ਪ੍ਰੀਤਮ ਸਿੰਘ ਕੈਂਥੋ ਲਿਖਦਾ ਹੈ, "ਪਰਵਾਸੀਆਂ ਨੂੰ ਬਰਤਾਨੀਆ ਆ ਕੇ ਅਨੇਕ ਸਮੱਸਿਆਵਾਂ ਨਾਲ ਨਿਪਟਨਾ ਪਿਆ। ਇਸ ਮੁਲਕ ਦੀਆਂ ਸਮੱਸਿਆਵਾਂ ਜਿਥੇ ਜਿਸਮਾਨੀ ਤੌਰ ਤੇ

ਕਸ਼ਟਦਾਇਕ ਸਨ, ਉਥੇ ਮਾਨਸਿਕ ਕਲੇਸ਼ ਦੀਆਂ ਭਾਗੀਦਾਰ ਵੀ ਬਣਦੀਆਂ ਸਨ।... ਮਨੋਰਥ ਇਹ, ਇਥੋਂ ਦੀਆਂ ਬੇਅੰਤ ਸਮੱਸਿਆਵਾਂ ਨੇ ਜਿਥੇ ਪਰਵਾਸੀਆਂ ਦੀਆਂ ਰੂਹਾਂ ਨੂੰ ਪਿੰਜਿਆ, ਉਥੇ ਇਨ੍ਹਾਂ ਦਾ ਅਸਰ ਕਵੀਆਂ ਦੇ ਚੇਤੰਨ ਤੇ ਭਾਵੁਕ ਹੋਣ ਕਰਕੇ ਪ੍ਰਬਲ ਰੂਪ ਵਿਚ ਪ੍ਰਗਟ ਹੋਇਆ। ਇਹ ਸੰਕਟ ਭਾਵੇਂ ਹੇਰਵੇ ਕਾਰਨ ਉਪਜਿਆ, ਭਾਵੇਂ ਆਰਥਿਕ ਸਮੱਸਿਆਵਾਂ ਕਾਰਨ ਉੱਭਰਿਆ ਜਾਂ ਨਸਲੀ ਭਿੰਨ-ਭੇਦ ਦੀਆਂ ਹਰਕਤਾਂ ਨੇ ਭੈਅ ਦੇ ਰੂਪ ਵਿਚ ਉਪਜਾਇਆ ਜਾਂ ਪੰਜਾਬ ਮਸਲੇ ਨੇ ਤੀਖਣ ਕੀਤਾ; ਇਨ੍ਹਾਂ ਸਭ ਮਿਲਵੇਂ ਪ੍ਰਭਾਵਾਂ ਨੇ ਪਰਵਾਸੀਆਂ ਦੇ ਭਵਿੱਖ ਨੂੰ ਅਨਿਸ਼ਚਿਤਤਾ ਵੱਲ ਧੱਕ ਦਿੱਤਾ। ਇਨ੍ਹਾਂ ਦੁਖਾਂ ਦੇ ਅਹਿਸਾਸਾਂ ਵਿਚੋਂ ਕਵੀ-ਮਨ 'ਚ ਮਾਨਸਿਕ ਉਤਰਾਅ-ਚੜ੍ਹਾਅ ਆਏ, ਜੋ ਭਾਵੁਕ ਵਹਿਣ ਵਿਚ ਵਹਿ ਤੁਰੇ।" (*ਬਰਤਾਨਵੀ ਪੰਜਾਬੀ ਕਵਿਤਾ : ਇਕ ਦ੍ਰਿਸ਼ਟੀ*, ਪੰਨੇ 19-20) ਪ੍ਰੀਤਮ ਸਿੰਘ ਕੈਂਬੋ ਨੂੰ ਪੰਜਾਬੀ ਆਲੋਚਕਾਂ ਉਪਰ ਬਣਾ ਯੋਗ ਗਿਲਾ ਹੈ ਕਿ ਪੰਜਾਬੀ ਸਾਹਿਤ ਆਲੋਚਨਾ ਵਿਚ ਬਰਤਾਨਵੀ ਪੰਜਾਬੀ ਕਵਿਤਾ ਬਾਰੇ ਜਦੋਂ ਗੱਲ ਤੁਰਦੀ ਹੈ ਤਾਂ ਉਹ ਕੁਝ ਗਿਣੇ-ਮਿਥੇ ਕਵੀਆਂ ਤਕ ਸੀਮਿਤ ਹੋ ਕੇ ਰਹਿ ਜਾਂਦੀ ਹੈ। ਬਰਤਾਨੀਆ ਵਾਂਗ ਕੈਨੇਡਾ ਵਿਚ ਵੀ ਪੰਜਾਬੀ ਕਵੀ ਅਤਿਅੰਤ ਸਰਗਰਮ ਹਨ। ਰਵਿੰਦਰ ਰਵੀ, ਮਿੱਤਰ ਰਾਸ਼ਾ ਅਤੇ ਗੁਰਚਰਨ ਰਾਮਪੁਰੀ ਤਾਂ ਪੁਰਾਣੇ ਅਤੇ ਸਥਾਪਿਤ ਲੇਖਕ ਹਨ, ਪਰ ਉਧਰ ਜਾ ਕੇ ਹੀ ਕਾਵਿ ਕਰਮ ਨਾਲ ਜੁੜੇ ਕਵੀਆਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਹੈ। ਸੁਖਿੰਦਰ ਕੈਨੇਡੀਅਨ ਪੰਜਾਬੀ ਸਾਹਿੱਤ ਦਾ ਪਰਿਚਯ ਕਰਵਾਉਂਦਾ ਹੋਇਆ ਲਿਖਦਾ ਹੈ, "ਕੈਨੇਡੀਅਨ ਸਾਹਿਤਕਾਰਾਂ ਦੀਆਂ ਰਚਨਾਵਾਂ ਪੜ੍ਹ ਕੇ ਅਹਿਸਾਸ ਹੁੰਦਾ ਹੈ ਕਿ ਉਹ ਬਹੁਤ ਜਾਗਰੂਕ ਹਨ। ਉਹ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਹੋਇਆਂ ਪੁਰਾਣੀਆਂ ਅਤੇ ਸਮਾਂ ਵਿਹਾ ਚੁੱਕੀਆਂ ਕਦਰਾਂ-ਕੀਮਤਾਂ ਵਿਰੁੱਧ ਵੀ ਬੜੀ ਜੁੱਰਅਤ ਨਾਲ ਆਪਣੀ ਆਵਾਜ਼ ਉਠਾਉਂਦੇ ਹਨ। ਇਹ ਲੇਖਕ ਸਮਾਜ ਨੂੰ ਬਦਲ ਦੇਣ ਲਈ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਦੇ ਹਨ, ਇਨ੍ਹਾਂ ਦੀਆਂ ਲਿਖਤਾਂ ਹਨੇਰੀ ਰਾਤ ਵਿਚ ਮਿਸ਼ਾਲਾਂ ਵਾਂਗ ਬਲ ਰਹੀਆਂ ਹਨ।" (*ਕੈਨੇਡੀਅਨ ਪੰਜਾਬੀ ਸਾਹਿੱਤ*, ਪੰਨਾ 14)

### 4.2 ਨਾਵਲ

ਨਾਵਲ ਨੂੰ ਆਧੁਨਿਕ ਯੁਗ ਦਾ ਮਹਾਂਕਾਵਿ ਕਿਹਾ ਜਾਂਦਾ ਹੈ ਕਿਉਂਕਿ ਆਧੁਨਿਕ ਪੂੰਜੀਵਾਦੀ ਯੁਗ ਦਾ ਜਿੰਨਾ ਸਟੀਕ ਅਭਿਵਿਅੰਜਨ ਨਾਵਲ ਦੇ ਮਾਧਿਅਮ ਦੁਆਰਾ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾ ਚੁਕਾ ਹੈ, ਉਹ ਸਾਹਿੱਤ ਦੇ ਕਿਸੇ ਹੋਰ ਰੂਪ ਵਿਚ ਸੰਭਵ ਨਹੀਂ ਹੈ। ਪੰਜਾਬੀ ਨਾਵਲ, ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਉਨੀਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਪੈਦਾ ਹੋਇਆ। ਇਸ ਸਮੇਂ ਤੱਕ ਸਕੂਲਾਂ-ਕਾਲਜਾਂ ਦੇ ਪਾਠਕ੍ਰਮ ਵਿਚ ਯੂਰਪੀ ਸਾਹਿਤ ਸ਼ਾਮਲ ਹੋ ਚੁਕਾ ਸੀ ਅਤੇ ਨਾਵਲ, ਯੂਰਪੀ ਸਾਹਿੱਤ ਦਾ ਇਕ ਮੁਖ ਅੰਗ ਸੀ। ਇਸ ਕਾਰਨ ਨਾਵਲ, ਪੜ੍ਹੇ-ਲਿਖੇ ਲੋਕਾਂ ਦੀ ਪਸੰਦ ਵਿਚ ਸ਼ਾਮਿਲ ਹੋ ਚੁਕਾ ਸੀ। ਭਾਰਤ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਹੋ ਜਾਣ ਨਾਲ ਸਾਡੇ ਅਰਥਚਾਰੇ ਵਿਚ ਵੀ ਵੱਡੇ ਪਰਿਵਰਤਨ ਆ ਰਹੇ ਸਨ। ਦੇਸ਼ ਮਧਕਾਲੀਲ ਜਾਗੀਰਦਾਰੀ ਵਿਵਸਥਾ ਵਿਚੋਂ ਨਿਕਲ ਕੇ ਪੂੰਜੀਵਾਦੀ ਵਿਵਸਥਾ ਨੂੰ ਅਪਣਾ ਰਿਹਾ ਸੀ। ਪੰਜਾਬ ਦੇ ਹਰ ਸ਼ਹਿਰ ਵਿਚ ਮੰਡੀਆਂ ਸਥਾਪਿਤ ਹੋ ਗਈਆਂ ਸਨ। ਰੇਲਵੇਜ਼, ਡਾਕਖਾਨਿਆਂ, ਬੈਂਕਾਂ ਅਤੇ ਸੜਕਾਂ ਦਾ ਜਾਲ ਵਿਛ ਗਿਆ ਸੀ। ਹਰ ਕਸਬੇ ਅਤੇ ਸ਼ਹਿਰ ਵਿਚ ਅੰਗਰੇਜ਼ੀ ਤਰਜ਼ ਦੇ ਸਕੂਲ ਖੁਲ੍ਹ ਗਏ ਸਨ। ਮਨੁੱਖੀ ਆਚਾਰ-ਵਿਹਾਰ ਵਿਚ ਤਬਦੀਲੀ ਆ ਰਹੀ ਸੀ। ਪੰਜਾਬੀ ਲੋਕ ਹੌਲੀ-ਹੌਲੀ ਰਸਮੀ ਬੋਲ-ਬਾਣੀ ਸਿੱਖਦੇ ਜਾ ਰਹੇ ਸਨ। ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਨਾਲ ਇਕ ਨਵੀਂ ਜਾਗ੍ਰਿਤੀ ਵੀ ਆ ਰਹੀ ਸੀ। ਇਸ ਬਦਲ ਰਹੇ ਪਰਿਵੇਸ਼ ਵਿਚੋਂ ਹੀ ਪੰਜਾਬੀ ਨਾਵਲ ਦਾ ਜਨਮ ਹੋਇਆ। ਪੰਜਾਬੀ ਦੇ ਮੁਢਲੇ ਨਾਵਲ ਡਾ. ਚਰਨ ਸਿੰਘ, ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਆਦਿ ਲੇਖਕਾਂ ਨੇ ਰਚੇ। ਪਰ ਇਹ ਨਾਵਲ ਅਸਲ ਵਿਚ ਲੰਬੀਆਂ ਸਿੱਖਿਆਦਾਇਕ ਜਾਂ ਉਪਦੇਸ਼ਾਤਮਕ ਕਹਾਣੀਆਂ ਹੀ ਸਨ। ਲੇਖਕਾਂ ਨੂੰ ਨਾਵਲ ਦੀ ਤਕਨੀਕ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਅਤੇ ਨਾ ਹੀ ਉਹ ਆਪਣੇ ਤਤਕਾਲੀ ਸਮਾਜ ਦਾ ਨਿਰੂਪਣ ਕਰਨ ਵਾਲੀ ਆਲੋਚਨਾਤਮਕ ਦ੍ਰਿਸ਼ਟੀ ਦੇ ਮਾਲਕ ਸਨ।

ਅੰਗਰੇਜ਼ ਹੁਕਮਰਾਨ ਭਾਰਤ ਦੇ ਪੂਰਬ ਤੋਂ ਹੌਲੀ-ਹੌਲੀ ਪੱਛਮ ਵੱਲ ਵਧੇ ਸਨ। ਸਭ ਤੋਂ ਪਹਿਲਾਂ ਉਹ ਬੰਗਾਲ ਵਿਚ ਸਥਾਪਿਤ ਹੋਏ ਅਤੇ ਪੰਜਾਬ ਵਿਚ ਸਭ ਤੋਂ ਅੰਤ ਵਿਚ ਅਰਥਾਤ 1849 ਈ. ਵਿਚ ਦਾਖ਼ਲ ਹੋਏ। ਇਸ ਕਾਰਨ ਭਾਰਤ ਵਿਚ ਨਾਵਲ ਸਭ ਤੋਂ ਪਹਿਲਾਂ ਬੰਗਾਲ ਵਿਚ ਪ੍ਰਚਲਿਤ ਹੋਇਆ। ਬੰਕਿਮ ਚੰਦਰ ਚੈਟਰਜੀ, ਸੂਰਤ ਚੰਦਰ ਅਤੇ

ਵਿਭੂਤੀਭੂਸ਼ਣ ਗੰਗੋਪਾਧਿਆਇ ਨੇ ਬੰਗਾਲੀ ਵਿਚ ਮੁਢਲੇ ਨਾਵਲ ਲਿਖੇ। ਇਸ ਉਪਰੰਤ ਮੁਨਸ਼ੀ ਪ੍ਰੇਮ ਚੰਦ (ਉਤਰ ਪ੍ਰਦੇਸ਼) ਇਸ ਵਿਧਾ ਵਲ ਆਕ੍ਰਸ਼ਿਤ ਹੋਇਆ। ਪੰਜਾਬੀ ਦੇ ਮੁਢਲੇ ਨਾਵਲਕਾਰ ਸ. ਨਾਨਕ ਸਿੰਘ ਨੂੰ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਮੁਨਸ਼ੀ ਪ੍ਰੇਮ ਚੰਦ ਅਤੇ ਕੁਝ ਬੰਗਾਲੀ ਲੇਖਕਾਂ ਦੇ ਨਾਵਲ ਪੜ੍ਹ ਕੇ ਇਸ ਵਿਧਾ ਬਾਰੇ ਜਾਣਕਾਰੀ ਹਾਸਲ ਹੋਈ। ਇਸ ਵਿਧਾ ਨੇ ਉਸ ਨੂੰ ਏਨਾ ਪ੍ਰਭਾਵਿਤ ਕੀਤਾ ਕਿ ਉਹ ਕਵੀਸ਼ਰੀ ਅਤੇ ਧਾਰਮਿਕ ਗੀਤਕਾਰੀ ਨੂੰ ਛੱਡ ਕੇ ਨਾਵਲ-ਲੇਖਣ ਵਲ ਰੁਚਿਤ ਹੋ ਗਿਆ ਅਤੇ 1928 ਈ. ਤੋਂ ਲੈ ਕੇ 1968 ਈ. ਤਕ ਉਸ ਨੇ ਲਗਪਗ 40 ਨਾਵਲਾਂ ਦੀ ਰਚਨਾ ਕਰ ਦਿੱਤੀ। ਨਾਨਕ ਸਿੰਘ ਨੂੰ ਪਲਾਟ, ਪਾਤਰ ਚਿਤ੍ਰਣ, ਸਥਾਨਕ ਰੰਗਣ ਅਤੇ ਵਾਰਤਾਲਾਪ ਆਦਿ ਨਾਵਲੀ ਤੱਤਾਂ ਉਪਰ ਬਹੁਤ ਮੁਹਾਰਤ ਸੀ। ਬੇਸ਼ਕ ਉਸ ਨੇ ਸੁਧਾਰਵਾਦੀ ਕਿਸਮ ਦੇ ਨਾਵਲ ਲਿਖੇ ਪਰ ਉਸ ਨੇ ਚਿੱਟਾ ਲਹੂ, ਪਵਿੱਤਰ ਪਾਪੀ, ਆਦਮਖੋਰ, ਬੰਜਰ ਅਤੇ ਚਿਤਰਕਾਰ ਆਦਿ ਨਾਵਲਾਂ ਵਿਚ ਕੁਝ ਅਜਿਹੇ ਅਭੁੱਲ ਪਾਤਰ ਸਿਰਜ ਦਿੱਤੇ ਕਿ ਨਵੇਂ ਲੇਖਕਾਂ ਨੇ ਉਸ ਤੋਂ ਬੇਹੱਦ ਪ੍ਰੇਰਨਾ ਲਈ ਅਤੇ ਪੰਜਾਬੀ ਨਾਵਲ ਦਾ ਭੰਡਾਰ ਅਤਿਅੰਤ ਅਮੀਰ ਹੋ ਗਿਆ। ਉਸ ਨੂੰ ਕਥਾਨਕ ਸਿਰਜਣ ਵਿਚ ਬਹੁਤ ਪ੍ਰਵੀਣਾਤ ਹਾਸਲ ਸੀ। ਉਸ ਦੇ ਨਾਵਲਾਂ ਵਿਚ ਉਤਸੁਕਤਾ, ਰੋਚਿਕਤਾ ਅਤੇ ਭਾਵੁਕਤਾ ਦੇ ਗੁਣ-ਲੱਛਣ ਬਹੁਤ ਜ਼ਿਆਦਾ ਹਨ। ਉਸ ਨੇ ਆਪਣੇ ਨਾਵਲਾਂ ਵਿਚ ਮਧ ਸ਼੍ਰੇਣੀ ਦੀਆਂ ਸਮਾਜਿਕ-ਆਰਥਿਕ ਸਮੱਸਿਆਵਾਂ ਦਾ ਬੜਾ ਸਟੀਕ ਨਿਰੂਪਣ ਕੀਤਾ ਹੈ।

ਨਾਨਕ ਸਿੰਘ ਤੋਂ ਬਾਅਦ ਜਸਵੰਤ ਸਿੰਘ ਕੰਵਲ ਨੇ ਪੰਜਾਬੀ ਨਾਵਲ ਨੂੰ ਮਾਲਵੇ ਦੀ ਕਿਸਾਨੀ ਨਾਲ ਜੁੜੇ ਸਰੋਕਾਰਾਂ ਦਾ ਮਾਧਿਅਮ ਬਣਾਇਆ। ਕੰਵਲ ਨੇ ਆਪਣੀ ਰਚਨਾਤਮਕ ਦ੍ਰਿਸ਼ਟੀ ਦਾ ਫੋਕਸ ਤਾਂ ਮਾਲਵੇ ਦੇ ਆਂਚਲ ਉਪਰ ਹੀ ਰੱਖਿਆ ਪਰ ਉਸ ਦਾ ਅਨੁਭਵ ਨਿਰੰਤਰ ਤਬਦੀਲ ਹੁੰਦਾ ਰਿਹਾ। ਆਰੰਭ ਵਿਚ ਉਹ ਇਕ ਰੋਮਾਂਟਿਕ ਗਲਪਕਾਰ ਸੀ, ਬਾਅਦ ਵਿਚ ਯਥਾਰਥਵਾਦੀ, ਫਿਰ ਪ੍ਰਗਤੀਵਾਦੀ ਅਤੇ ਅੰਤ ਜੁਝਾਰਵਾਦੀ ਵੀ ਬਣ ਗਿਆ। ਉਸ ਨੇ ਪੰਜਾਬੀ ਵਿਚ ਆਂਚਲਿਕ ਵੰਨਗੀ ਦੇ ਨਾਵਲ ਲਿਖਣ ਦੀ ਪਰੰਪਰਾ ਸ਼ੁਰੂ ਕੀਤੀ, ਜਿਸ ਨਾਲ ਪੰਜਾਬ ਦੇ ਉਪ-ਸਭਿਆਚਾਰਾਂ ਨੂੰ ਵੀ ਸਾਹਿਤ-ਸਿਰਜਣਾ ਵਿਚ ਯਥਾਯੋਗ ਸਥਾਨ ਮਿਲਣ ਲੱਗਿਆ। ਸੋਹਣ ਸਿੰਘ ਸੀਤਲ ਮਾਝੇ ਦੇ ਸਭਿਆਚਾਰ ਦਾ ਚਿਤੇਰਾ ਬਣਿਆ। ਮੋਹਨ ਕਾਹਲੋਂ ਅਤੇ ਧਰਮਪਾਲ ਸਾਹਿਲ ਨੇ ਪੰਜਾਬ ਦੇ ਉੱਤਰੀ ਖੇਤਰ ਵਿਚ ਵਸੇ ਕੁਝ ਕਬੀਲਿਆਂ ਦੀ ਜੀਵਨ-ਸ਼ੈਲੀ ਨੂੰ ਬਿਆਨ ਕੀਤਾ। ਕਰਤਾਰ ਸਿੰਘ ਦੁੱਗਲ, ਸਵਿੰਦਰ ਸਿੰਘ ਉਪਲ ਅਤੇ ਚੰਦਨ ਨੇਗੀ ਨੇ ਪੱਛਮੀ ਪੰਜਾਬ ਦੇ ਪੋਠੋਹਾਰ ਆਂਚਲ ਨੂੰ ਕਲਮਬੱਧ ਕੀਤਾ। ਵਸਤੂ-ਸਮੱਗਰੀ ਦੇ ਨਾਲ-ਨਾਲ ਨਾਵਲ ਦੇ ਅਭਿਵਿਅੰਜਨਾ ਪੱਖ ਵਿਚ ਵੀ ਵਿਕਾਸ ਅਤੇ ਸੁਧਾਰ ਹੁੰਦਾ ਗਿਆ।

ਨਾਰੀਵਾਦੀ ਲੇਖਣ ਦੀ ਪਰੰਪਰਾ ਵਿਚ ਅੰਮ੍ਰਿਤਾ ਪ੍ਰੀਤਮ ਨੇ ਨਾਵਲ ਲਿਖਣੇ ਸ਼ੁਰੂ ਕੀਤੇ। ਉਸ ਨੇ ਵੱਡੀ ਗਿਣਤੀ ਵਿਚ ਛੋਟੇ-ਛੋਟੇ ਨਾਵਲਾਂ ਦੀ ਸਿਰਜਣਾ ਕੀਤੀ। ਦਲੀਪ ਕੌਰ ਟਿਵਾਣਾ ਨਾਵਲ ਦੇ ਖੇਤਰ ਵਿਚ ਇਕ ਹੋਰ ਉੱਘਾ ਹਸਤਾਖਰ ਬਣੀ। ਉਸ ਨੇ ਨਾਰੀ ਦੇ ਅਸਤਿਤਵ ਨਾਲ ਜੁੜੇ ਕੁਝ ਮੂਲਭੂਤ ਸਰੋਕਾਰਾਂ ਨੂੰ ਆਪਣੇ ਨਾਵਲਾਂ ਵਿਚ ਉਠਾਇਆ। ਚੇਤਨਾ ਪ੍ਰਵਾਹ ਤਕਨੀਕ ਦਾ ਪ੍ਰਯੋਗ ਕਰਨ ਵਾਲੀ ਉਹ ਪਹਿਲੀ ਇਸਤ੍ਰੀ ਨਾਵਲਕਾਰ ਬਣੀ ਹਾਲਾਂਕਿ ਮਰਦ ਨਾਵਲਕਾਰਾਂ ਵਿਚ ਸੁਰਜੀਤ ਸਿੰਘ ਸੇਠੀ ਉਸ ਤੋਂ ਪਹਿਲਾਂ ਇਸ ਤਕਨੀਕ ਦਾ ਕੁਸ਼ਲ ਪ੍ਰਯੋਗ ਕਰ ਚੁਕਾ ਸੀ। ਕਰਨਲ ਨਰਿੰਦਰਪਾਲ ਸਿੰਘ ਨੇ ਇਤਿਹਾਸਕ ਨਾਵਲਾਂ ਦੇ ਨਾਲ-ਨਾਲ ਦਾਰਸ਼ਨਿਕ ਵੰਨਗੀ ਦੇ ਨਾਵਲ ਲਿਖਣ ਦਾ ਆਰੰਭ ਕੀਤਾ। ਸੁਰਜੀਤ ਸਿੰਘ ਸੇਠੀ ਅਤੇ ਨਰਿੰਦਰ ਪਾਲ ਸਿੰਘ ਨੇ ਐਂਟੀ-ਨਾਵਲ ਲਿਖਣ ਦੀ ਪਰੰਪਰਾ ਵੀ ਤੋਰੀ, ਜਿਨ੍ਹਾਂ ਵਿਚ ਕਥਾਨਕ ਅਤੇ ਕਥਾ ਨੂੰ ਜਾਣ-ਬੁਝ ਕੇ ਅਣਗੌਲਿਆ ਕੀਤਾ ਜਾਂਦਾ ਹੈ ਅਤੇ ਪਾਤਰਾਂ ਦੀ ਮਨੋਸਥਿਤੀ ਉਪਰ ਵਧੇਰੇ ਧਿਆਨ ਦਿੱਤਾ ਜਾਂਦਾ ਹੈ।

ਸੁਖਬੀਰ ਨੇ ਪ੍ਰਯੋਗਵਾਦੀ ਨਾਵਲਾਂ ਦੀ ਰਚਨਾ ਕੀਤੀ। ਉਸ ਨੇ ਮਹਾਂਨਗਰੀ ਜੀਵਨ ਦੇ ਦਬਾਵਾਂ ਅਤੇ ਉਲਾਰਾਂ-ਵਿਕਾਰਾਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ। ਨਰਿੰਜਨ ਤਸਨੀਮ ਸ਼ਹਿਰੀ ਜੀਵਨ ਦੇ ਅੰਤਰਵਿਰੋਧਾਂ ਨੂੰ ਰੂਪਮਾਨ ਕਰਨ ਵਾਲਾ ਇਕ ਹੋਰ ਸਮਰੱਥ ਨਾਵਲਕਾਰ ਹੈ। ਉਹ ਨਾਵਲ ਦੀ ਤਕਨੀਕ ਉਪਰ ਵਿਸ਼ੇਸ਼ ਬਲ ਦਿੰਦਾ ਹੈ ਅਤੇ ਅਭਿਵਿਅਕਤੀ ਦੇ ਖੇਤਰ ਵਿਚ ਨਵੇਂ-ਨਵੇਂ ਪ੍ਰਯੋਗ ਕਰਦਾ ਹੈ। ਰਾਮ ਸਰੂਪ ਅਣਖੀ ਅਤੇ ਗੁਰਦਿਆਲ ਸਿੰਘ ਪੰਜਾਬੀ ਨਾਵਲ ਨੂੰ ਇਕ ਵਾਰ ਫੇਰ ਮਾਲਵੇ ਦੇ ਆਂਚਲ ਨਾਲ ਜੋੜ ਦਿੰਦੇ ਹਨ। ਦੋਵੇਂ ਆਲੋਚਨਾਤਮਕ ਯਥਾਰਥਵਾਦ ਦੇ ਅਨੁਆਈ ਰਹੇ ਹਨ। ਅਣਖੀ ਦੇ ਨਾਵਲ ਪੰਜਾਬ ਦੀ ਕਿਰਸਾਣੀ ਦੇ ਦੁਖਾਂਤ ਨੂੰ ਪੇਸ਼ ਕਰਦੇ ਹਨ, ਜਦੋਂ ਕਿ

ਗੁਰਦਿਆਲ ਸਿੰਘ ਪੰਜਾਬ ਦੇ ਖੇਤ-ਮਜ਼ਦੂਰਾਂ ਅਤੇ ਨਿਮਨ ਜਾਤੀਆਂ ਦੇ ਹਾਸ਼ੀਏ ਉਪਰ ਧੱਕੇ ਜਾਣ ਦੇ ਬਿਰਤਾਂਤ ਨੂੰ ਪੇਸ਼ ਕਰਦਾ ਹੈ। ਗੁਰਦਿਆਲ ਸਿੰਘ ਥੁੜੇ-ਟੁੱਟੇ ਅਤੇ ਅਣਗੌਲੇ-ਅਣਹੋਏ ਪਾਤਰਾਂ ਦਾ ਗਲਪਕਾਰ ਹੈ। ਉਹ ਆਪ ਇਕ ਵਿੱਥ ਉਤੇ ਖੜੋ ਕੇ ਇਨ੍ਹਾਂ ਸ਼੍ਰੇਣੀਆਂ ਨਾਲ ਜੁੜੇ ਲੋਕਾਂ ਦੇ ਜੀਵਨ-ਸੰਘਰਸ਼ ਨੂੰ ਰੂਪਮਾਨ ਕਰਦਾ ਹੈ। ਓਮ ਪ੍ਰਕਾਸ਼ ਗਾਸੋ, ਬਲਜੀਤ ਬੱਲੀ, ਕਰਮਜੀਤ ਕੁੱਸਾ, ਜਸਬੀਰ ਭੁੱਲਰ, ਬਲਦੇਵ ਸਿੰਘ ਅਤੇ ਜ਼ੋਰਾ ਸਿੰਘ ਸੰਧੂ ਸਮਕਾਲੀ ਦੌਰ ਦੇ ਕੁਝ ਹੋਰ ਮਹਤਵਪੂਰਨ ਨਾਵਲਕਾਰ ਹਨ ਅਤੇ ਇਨ੍ਹਾਂ ਵਿਚੋਂ ਵਿਸ਼ਿਆਂ ਦੀ ਵਿਵਿਧਤਾ ਅਤੇ ਲੇਖਣ ਦੀ ਨਿਰੰਤਰਤਾ ਦੇ ਕਾਰਨ ਬਲਦੇਵ ਸਿੰਘ ਵਧੇਰੇ ਉਲੇਖਯੋਗ ਹਸਤਾਖਰ ਬਣ ਗਿਆ ਹੈ।

ਪੰਜਾਬੀ ਨਾਵਲ ਨੂੰ ਪਰਵਾਸੀ ਨਾਵਲਕਾਰਾਂ ਦੀ ਦੇਣ ਬਹੁਤ ਮਹੱਤਵਪੂਰਨ ਹੈ। ਸਵਰਨ ਚੰਦਨ ਨੇ ਵਲਾਇਤ ਜਾਣ ਤੋਂ ਪਹਿਲਾਂ ਹੀ ਨਾਵਲ ਦੇ ਖੇਤਰ ਵਿਚ ਆਪਣਾ ਵਿਸ਼ੇਸ਼ ਮੁਕਾਮ ਬਣਾ ਰਖਿਆ ਸੀ। ਉਧਰ ਜਾ ਕੇ ਉਸ ਨੇ ਆਪਣੀ ਯਾਤਰਾ ਸ਼ੁਰੂ ਰੱਖੀ। 'ਕੰਜਕਾਂ' ਉਸਦਾ ਇਕ ਵੱਡਾਕਾਰੀ ਨਾਵਲ ਹੈ, ਜਿਸ ਵਿਚ ਉਸ ਨੇ ਬਰਤਾਨੀਆ ਵਿਚ ਰਹਿਣ ਵਾਲੀ ਇਕ ਪਰਵਾਸੀ ਔਰਤ ਦਾ ਬਿਰਤਾਂਤ ਲਿਖਿਆ ਹੈ, 'ਪੰਜਾਬ ਸੰਤਾਲੀ' (ਤ੍ਰੈਲੜੀ) ਵਿਚ ਉਸ ਨੇ ਮਨੁੱਖ ਦੇ ਉਜਾੜੇ ਅਤੇ ਪੁਨਰ-ਵਸੇਬੇ ਦੀ ਗਲਪੀ ਕਥਾ ਬਿਆਨ ਕੀਤੀ ਹੈ। ਦਰਸ਼ਨ ਧੀਰ ਦੇ ਨਾਵਲਾਂ ਵਿਚ ਪਰਵਾਸੀ ਪੰਜਾਬੀਆਂ ਦੇ ਸੰਘਰਸ਼ ਦੀ ਇਕ ਪ੍ਰਗਤੀਸ਼ੀਲ ਦਾਸਤਾਨ ਕਲਮਬੰਦ ਹੋਈ ਹੈ। ਹਰਜੀਤ ਅਟਵਾਲ ਨੇ 'ਵਨ ਵੇਅ', 'ਰੇਤ' ਅਤੇ 'ਆਪਣਾ' ਆਦਿਕ ਨਾਵਲਾਂ ਵਿਚ ਅਨੁਭਵ ਦੇ ਵੱਖ-ਵੱਖ ਪਾਸਾਰਾਂ ਨੂੰ ਰੂਪਮਾਨ ਕੀਤਾ ਹੈ। ਰਘਬੀਰ ਢੰਡ ਦਾ 'ਰਿਸ਼ਤਿਆਂ ਦੀ ਯਾਤਰਾ' ਕਲਾਤਮਕ ਦ੍ਰਿਸ਼ਟੀ ਤੋਂ ਇਕ ਪਰਿਪੱਕ ਰਚਨਾ ਹੈ। ਮਨਜੀਤ ਰਾਣਾ ਨੇ 'ਅੰਗਰੇਜ਼ ਕੁੜੀਆਂ', 'ਧਰਤੀ ਦੇ ਵਾਰਸ', 'ਦਿਲ ਤੇ ਦੁਨੀਆਂ' ਆਦਿਕ ਨਾਵਲ ਦੀ ਰਚਨਾ ਕੀਤੀ। ਹਰਮਹਿੰਦਰ ਚਹਿਲ ਦੇ ਨਾਵਲ 'ਬਲੀ' ਅਤੇ 'ਆਫੀਆ ਸਦੀਕੀ ਦਾ ਜੇਹਾਦ' ਐਡਵੈਂਚਰ-ਨਾਵਲ ਦੀ ਵੰਨਗੀ ਹਨ। ਨਿੰਦਰ ਗਿੱਲ, ਜਗਜੀਤ ਬਰਾੜ, ਭੁਪਿੰਦਰ ਸਿੰਘ, ਸੁਰਿੰਦਰ ਸਿੰਘ ਸੀਰਤ ਅਤੇ ਇਕਬਾਲ ਰਾਮੂਵਾਲੀਆ ਦੇ ਨਾਵਲ ਵੀ ਪੰਜਾਬੀ ਪਾਠਕਾਂ ਵਿਚ ਕਾਫ਼ੀ ਚਰਚਿਤ ਹੋਏ ਹਨ।

ਪੱਛਮੀ ਪੰਜਾਬ ਵਿਚ ਕਵਿਤਾ ਦੇ ਮੁਕਾਬਲੇ ਵਿਚ ਨਾਵਲ ਬਹੁਤ ਘੱਟ ਲਿਖਿਆ ਗਿਆ ਹੈ। ਪਾਕਿਸਤਾਨ ਵਿਚ ਲਿਖਣ ਵਾਲੇ ਪੰਜਾਬੀ ਨਾਵਲਕਾਰਾਂ ਵਿਚ ਪੀਰ ਬਖ਼ਸ਼ ਮਿਨਹਾਸ, ਅਬਦੁਲ ਮਜੀਦ ਭੱਟੀ, ਅਫ਼ਜ਼ਲ ਅਹਿਸਨ ਰੰਧਾਵਾ, ਸਲੀਮ ਖਾਂ ਗਿੰਮੀ, ਫਰਖੰਦਾ ਲੋਧੀ ਅਤੇ ਫ਼ਖਰ ਜ਼ਮਾਂ ਆਦਿਕ ਪ੍ਰਮੁਖ ਹਨ। ਪਾਕਿਸਤਾਨੀ ਲੇਖਕ ਆਪਣੀ ਰਹਿਤਲ ਨਾਲ ਵਧੇਰੇ ਡੂੰਘੀ ਤਰ੍ਹਾਂ ਜੁੜੇ ਹੋਏ ਹਨ। ਉਹ ਬੌਧਿਕ ਵਾਦ-ਵਿਵਾਦ ਰਚਾਉਣ ਦੀ ਬਜਾਇ ਪਾਤਰਾਂ ਦੀ ਜੀਵਨ-ਸ਼ੈਲੀ ਅਤੇ ਉਨ੍ਹਾਂ ਦੇ ਸਭਿਆਚਾਰ ਨੂੰ ਪੇਸ਼ ਕਰਨ ਵਿਚ ਵਧੇਰੇ ਰੁਚੀ ਲੈਂਦੇ ਹਨ। ਅਫ਼ਜ਼ਲ ਅਹਿਸਨ ਰੰਧਾਵਾ ਨੇ 'ਦੀਵਾ ਅਤੇ ਦਰਿਆ' ਵਿਚ ਪੇਂਡੂ ਜੀਵਨ ਦਾ ਚਿਤ੍ਰਣ ਕੀਤਾ ਹੈ। 'ਦੁਆਬਾ' ਵਿਚ ਸਾਂਝੇ ਸਭਿਆਚਾਰ ਦੀ ਮਹਿਕ ਨੂੰ ਪਕੜਿਆ ਹੈ। 'ਸੂਰਜ ਗ੍ਰਹਿਣ' ਪੱਤਰ-ਵਿਹਾਰ ਦੇ ਸ਼ੈਲੀ ਵਿਚ ਲਿਖਿਆ ਨਾਵਲ ਹੈ। ਅਹਿਮਦ ਸਲੀਮ ਦਾ ਨਾਵਲ 'ਨਾਲ ਮੇਰੇ ਕੋਈ ਚੱਲੇ' ਬਾਲ-ਸਮੱਸਿਆਵਾ ਦੀ ਪੇਸ਼ਕਾਰੀ ਕਰਦਾ ਹੈ। ਨਾਵਲਕਾਰ ਦਰਸਾਉਂਦਾ ਹੈ ਕਿ ਬਾਲ-ਮਨ ਉਪਰ ਪਈਆਂ ਹੋਈਆਂ ਝਰੀਟਾਂ ਕਦੇ ਨਹੀਂ ਮਿਟਦੀਆਂ ਬਲਕਿ ਸਾਰੀ ਉਮਰ ਮੌਜੂਦ ਰਹਿੰਦੀਆਂ ਹਨ। ਮੁਸਤਨਸਰ ਹੁਸੈਨ ਤਾਰੜ ਦਾ ਨਾਵਲ 'ਪੰਖੇਰੂ' ਇਕ ਅਜਿਹੇ ਪਾਤਰ ਦੀ ਕਹਾਣੀ ਹੈ ਜੋ ਸਰਮਾਏਦਾਰੀ ਨਿਜ਼ਾਮ ਨਾਲ ਟੱਕਰ ਲੈਂਦਾ ਹੈ। ਆਸਫ਼ ਸ਼ਾਹਕਾਰ ਨੇ ਸ਼ੋਅ-ਬਿਜ਼ਨੈਸ ਰਾਹੀਂ ਪਰਵਾਸੀ ਜੀਵਨ ਦੇ ਵੇਰਵੇ ਪੇਸ਼ ਕੀਤੇ ਹਨ।

ਪੱਛਮੀ ਪੰਜਾਬ ਦੇ ਨਾਵਲਕਾਰਾਂ ਵਿਚ ਫਖਰ ਜ਼ਮਾਂ ਇਕ ਬੇਹੱਦ ਚਰਚਿਤ ਨਾਮ ਹੈ। ਉਸ ਦੁਆਰਾ ਲਿਖੇ ਤਿੰਨ ਨਾਵਲਾਂ 'ਸੱਤ ਗਵਾਚੇ ਲੋਕ', 'ਇਕ ਮਰੇ ਬੰਦੇ ਦੀ ਕਹਾਣੀ' ਅਤੇ 'ਬੰਦੀਵਾਨ' ਦੀ ਇਧਰ ਭਾਰਤੀ ਪੰਜਾਬ ਵਿਚ ਵੀ ਕਾਫ਼ੀ ਚਰਚਾ ਰਹੀ ਹੈ। ਉਸ ਉਪਰ ਨਵੇਂ ਪੱਛਮੀ ਨਾਵਲ ਦੀ ਤਕਨੀਕ ਦਾ ਕਾਫ਼ੀ ਪ੍ਰਭਾਵ ਹੈ। ਉਹ ਮਨੋਵਿਗਿਆਨਕ ਅਤੇ ਦਾਰਸ਼ਨਿਕ ਵੰਨਗੀ ਦੇ ਨਾਵਲ ਲਿਖਦਾ ਹੈ। 'ਸੱਤ ਗਵਾਚੇ ਲੋਕ' ਵਿਚ ਉਨ੍ਹਾਂ ਸੱਤ ਪਾਤਰਾਂ ਦੀ ਕਹਾਣੀ ਸੁਣਾਈ ਗਈ ਹੈ, ਜਿਨ੍ਹਾਂ ਨੂੰ ਇਹ ਪਤਾ ਨਹੀਂ ਕਿ ਵਿਵਸਥਾ ਕਿਉਂ ਉਨ੍ਹਾਂ ਨੂੰ ਸਜ਼ਾ ਦੇ ਰਹੀ ਹੈ। 'ਇਕ ਮਰੇ ਬੰਦੇ ਦੀ ਕਹਾਣੀ' ਵਿਚ ਇਕ ਅਜਿਹੇ ਪਾਤਰ ਦਾ ਬਿਰਤਾਂਤ ਅੰਕਿਤ ਹੈ ਜਿਸ ਨੂੰ ਉਸ ਦੇ ਸਾਰੇ ਸਕੇ-ਸੰਬੰਧੀ ਅਤੇ ਜਾਣਕਾਰ ਆਪਣੇ ਮਤਲਬ ਦੀ ਪੂਰਤੀ ਲਈ ਵਰਤਦੇ ਰਹਿੰਦੇ ਹਨ। 'ਬੰਦੀਵਾਨ' ਵਿਚ ਵਕਤ ਦੀ ਤਾਨਾਸ਼ਾਹ ਸਰਕਾਰ ਵਲੋਂ ਇਕ ਸੱਚੇ ਇਨਸਾਨ ਨੂੰ ਕੈਦੀ ਬਣਾਇਆ ਗਿਆ ਹੈ ਕਿਉਂਕਿ ਸਰਕਾਰਾਂ ਨੂੰ ਸੱਚੇ-ਸੁੱਚੇ ਵਿਅਕਤੀਆਂ ਵਲੋਂ ਸਦਾ

ਖ਼ਤਰਾ ਰਹਿੰਦਾ ਹੈ। ਪਾਕਿਸਤਾਨ ਵਿਚ ਲਿਖਣ ਵਾਲੇ ਹੋਰ ਨਾਵਲਕਾਰਾਂ ਵਿਚ ਸਫ਼ੀਆ ਅਕੀਲ (ਢਲ ਰਹੀ ਰਾਤ), ਕਹਿਕਸ਼ਾਂ ਮਲਿਕ (ਚਿੱਕੜ ਰੰਗੀ ਮੂਰਤੀ), ਅਹਿਸਨ ਬਟਾਲਵੀ (ਇਕ ਇੱਜੜ ਦੀ ਕਹਾਣੀ), ਇਜਾਜ਼ ਹੱਕ (ਸੁੱਕੇ ਪਾਣੀ), ਅਸਗਰ ਸ਼ਾਮੀ (ਪ੍ਰੇਤ), ਹਨੀਫ਼ ਚੌਧਰੀ (ਮਹਿੰਦੀ ਵਾਲੇ ਹੱਥ) ਅਤੇ ਫਰਖੰਦਾ ਲੋਧੀ (ਜੰਡ ਦਾ ਅੰਗਿਆਰ) ਉਲੇਖਯੋਗ ਹਨ। ਜ਼ਮੀਨੀ ਹਕੀਕਤਾਂ ਨਾਲ ਪੱਕੀ ਤਰ੍ਹਾਂ ਜੁੜੇ ਹੋਣ ਅਤੇ ਪ੍ਰਤੀਕਾਤਮਕ ਅਭਿਵਿਅੰਜਨ ਦੇ ਕਾਰਨ ਪਾਕਿਸਤਾਨੀ ਪੰਜਾਬੀ ਨਾਵਲ ਆਲੋਚਕਾਂ ਪਾਸੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ।

### 4.3 ਨਾਟਕ

ਨਾਟਕ ਸਾਹਿਤਿਕ ਅਭਿਵਿਅਕਤੀ ਦੀ ਇਕ ਅਜਿਹੀ ਵਿਧਾ ਹੈ, ਜੋ ਸਾਹਿੱਤ ਦੇ ਨਾਲ-ਨਾਲ ਪੇਸ਼ਕਾਰੀ (performance) ਦੀ ਇਕ ਕਲਾ ਵੀ ਹੈ। ਨਾਟਕ ਦੀ ਰਚਨਾ-ਪ੍ਰਕਿਰਿਆ ਕੇਵਲ ਲਿਖੇ ਜਾਣ ਨਾਲ ਹੀ ਸੰਪੂਰਨ ਨਹੀਂ ਹੋ ਜਾਂਦੀ ਬਲਕਿ ਇਸਦਾ ਪੂਰਨ ਸੰਚਾਰ ਅਤੇ ਵਿਕਾਸ ਰੰਗਮੰਚ ਉਪਰ ਜਾ ਕੇ ਹੀ ਹੁੰਦਾ ਹੈ। ਇਸ ਲਈ ਰੰਗਮੰਚ ਤੋਂ ਨਖੇੜ ਕੇ ਨਾਟਕ ਦਾ ਵਿਸ਼ਲੇਸ਼ਣ ਕਰਨਾ ਕੇਵਲ ਅਪੂਰਨ ਹੀ ਨਹੀਂ ਬਲਕਿ ਭਰਮਜਨਕ ਵੀ ਹੋ ਜਾਂਦਾ ਹੈ। ਇਸ ਸਥਿਤੀ ਵਿਚ ਨਾਟਕਕਾਰ ਇਹ ਸਮਝਣ ਲਗਦਾ ਹੈ ਕਿ ਨਾਟ-ਕ੍ਰਿਤੀ ਹੀ ਸਭ ਕੁਝ ਹੈ। ਦੂਜੇ ਪਾਸੇ ਨਿਰਦੇਸ਼ਕ ਅਤੇ ਨਿਰਮਾਤਾ ਇਹ ਸੋਚਦੇ ਹਨ ਕਿ ਨਾਟ-ਕ੍ਰਿਤੀ ਕੇਵਲ ਆਧਾਰਭੂਤ ਸ਼ਾਬਦਿਕ ਯੋਗਤਾ ਮਾਤਰ ਹੈ। ਇਸ ਨੂੰ ਵਾਸਤਵਿਕ ਸੰਪੂਰਨਤਾ ਰੰਗਮੰਚ ਹੀ ਪ੍ਰਦਾਨ ਕਰਦਾ ਹੈ। ਆਂਸ਼ਿਕ ਰੂਪ ਵਿਚ ਦੋਵੇਂ ਧਿਰਾਂ ਸਹੀ ਹਨ। ਨਾਟਕ ਇਕ ਅਜਿਹੀ ਕ੍ਰਿਤੀ ਵੀ ਹੈ ਜਿਸਦੇ ਪਾਠ ਦੁਆਰਾ ਸਾਹਿਤਿਕ ਆਨੰਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ ਅਤੇ ਇਸਦੇ ਨਾਲ-ਨਾਲ ਇਹ ਇਕ ਅਜਿਹੀ ਪੇਸ਼ਕਾਰੀ ਵੀ ਹੈ, ਜੋ ਨਾਟਕੀ-ਪਾਠ ਨੂੰ ਮੰਚੀ ਪਾਠ ਵਿਚ ਰੂਪਾਂਤਰਿਤ ਕਰ ਕੇ ਇਕ ਸਹੀ ਕਿਸਮ ਦੇ ਨਾਟਕ ਅਨੁਭਵ ਨੂੰ ਜਨਮ ਦਿੰਦੀ ਹੈ। ਆਧੁਨਿਕ ਪੰਜਾਬੀ ਨਾਟਕ ਅਤੇ ਰੰਗਮੰਚ ਦਾ ਨਿਕਾਸ ਵੀਹਵੀਂ ਸਦੀ ਵਿਚ ਅੰਗਰੇਜ਼ੀ ਨਾਟਕ ਦੀ ਪਰੰਪਰਾ ਤੋਂ ਪਰਿਚਿਤ ਨਾਟਕਕਾਰਾਂ ਅਤੇ ਨਿਰਦੇਸ਼ਕਾਂ ਦੇ ਸਾਂਝੇ ਯਤਨਾਂ ਨਾਲ ਹੋਇਆ। ਨੋਰਾ ਰਿਚਰਡਜ਼ ਨੇ ਆਧੁਨਿਕ ਪੰਜਾਬੀ ਨਾਟਕ ਦੇ ਵਿਕਾਸ ਵਿਚ ਪ੍ਰਮੁਖ ਯੋਗਦਾਨ ਪਾਇਆ। ਉਹ 1911 ਈ. ਵਿਚ ਆਪਣੇ ਪਤੀ ਪੀ.ਈ. ਰਿਚਰਡਜ਼ ਨਾਲ ਲਾਹੌਰ ਪਹੁੰਚੀ ਸੀ, ਜੋ ਦਿਆਲ ਸਿੰਘ ਕਾਲਜ ਵਿਚ ਅੰਗਰੇਜ਼ੀ ਭਾਸ਼ਾ ਦਾ ਪ੍ਰੋਫ਼ੈਸਰ ਨਿਯੁਕਤ ਹੋਇਆ ਸੀ। ਨੋਰਾ ਆਇਰਲੈਂਡ ਦੀ ਜੰਮਪਲ ਸੀ ਅਤੇ ਆਇਰਿਸ਼ ਨਾਟ ਪਰੰਪਰਾ ਤੋਂ ਸੁਪਰਿਚਿਤ ਸੀ। ਪੰਜਾਬ ਵਿਚ ਆ ਕੇ ਉਸ ਨੇ ਮਹਿਸੂਸ ਕੀਤਾ ਕਿ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਵਿਚ ਨਾਟਕ ਲਿਖਣੇ ਚਾਹੀਦੇ ਹਨ। ਉਸ ਨੇ 'ਸਰਸਵਤੀ ਨਾਟਕ ਸੋਸਾਇਟੀ' ਕਾਇਮ ਕੀਤੀ ਅਤੇ ਆਈ.ਸੀ. ਨੰਦਾ ਵਰਗੇ ਨਾਟਕਕਾਰਾਂ ਨੂੰ ਪੰਜਾਬੀ ਵਿਚ ਨਾਟਕ ਲਿਖਣ ਲਈ ਉਤਸਾਹਿਤ ਕੀਤਾ। ਪ੍ਰੋ. ਨੰਦਾ ਨੇ ਪੰਜਾਬ ਦੀਆਂ ਤਤਕਾਲੀਨ ਸਮੱਸਿਆਵਾਂ ਬਾਰੇ ਬਹੁਤ ਸਾਰੇ ਇਕਾਂਗੀਆਂ ਅਤੇ ਦੋ ਪੂਰੇ ਨਾਟਕਾਂ ਦੀ ਰਚਨਾ ਕੀਤੀ।

ਡਾ. ਹਰਚਰਨ ਸਿੰਘ ਨੇ ਸਿਖ ਇਤਿਹਾਸ ਅਤੇ ਪੰਜਾਬ ਦੀਆਂ ਪ੍ਰਮੁੱਖ ਸਮੱਸਿਆਵਾਂ ਬਾਰੇ ਬਹੁਤ ਸਾਰੇ ਨਾਟਕਾਂ ਦੀ ਰਚਨਾ ਕੀਤੀ। ਉਸ ਦੇ ਬਹੁਤੇ ਨਾਟਕ ਹਰਪਾਲ ਟਿਵਾਣਾ ਵਲੋਂ ਖੇਡੇ ਗਏ, ਜੋ ਨੈਸ਼ਨਲ ਸਕੂਲ ਆਫ਼ ਡਰਾਮਾ ਤੋਂ ਸੁਸਿੱਖਿਅਤ ਨਿਰਦੇਸ਼ਕ ਸੀ। ਬਲਵੰਤ ਗਾਰਗੀ ਨੂੰ ਪੂਰਬੀ ਅਤੇ ਪੱਛਮੀ ਦੋਹਾਂ ਨਾਟ ਪਰੰਪਰਾਵਾਂ ਦਾ ਭਰਪੂਰ ਗਿਆਨ ਸੀ। ਉਸ ਨੇ ਨਾਟਕ ਦੀ ਭਾਸ਼ਾ ਉਪਰ ਬਹੁਤ ਜ਼ੋਰ ਦਿੱਤਾ ਕਿਉਂਕਿ ਨਾਟਕ ਵਿਚ ਵਾਰਤਾਲਾਪ ਸਭ ਤੋਂ ਪ੍ਰਮੁਖ ਭੂਮਿਕਾ ਨਿਭਾਉਂਦੇ ਹਨ। ਉਸ ਦੇ ਨਾਟਕ ਦੇਸ਼-ਵਿਦੇਸ਼ ਵਿਚ ਬੜੀ ਸਫ਼ਲਤਾ ਨਾਲ ਖੇਡੇ ਗਏ। ਉਹ ਆਪਣਾ ਹਰ ਨਾਟਕ ਮੰਚਣ ਕੀਤੇ ਜਾਣ ਤੋਂ ਬਾਅਦ ਪ੍ਰਕਾਸ਼ਿਤ ਕਰਵਾਉਂਦਾ ਸੀ। ਸੰਤ ਸਿੰਘ ਸੇਖੋਂ ਨੇ ਪੰਜਾਬੀ ਵਿਚ ਬੌਧਿਕ ਕਿਸਮ ਦੇ ਨਾਟਕ ਲਿਖਣ ਦੀ ਪਰੰਪਰਾ ਸ਼ੁਰੂ ਕੀਤੀ। ਉਸ ਨੇ ਨਾਟਕਾਂ ਦੇ ਮਾਧਿਅਮ ਦੁਆਰਾ ਪੰਜਾਬ ਦੇ ਇਤਿਹਾਸ ਅਤੇ ਭਾਰਤ ਦੇ ਮਿਥਿਹਾਸ ਦਾ ਪੁਨਰ-ਲੇਖਣ ਵੀ ਕੀਤਾ। ਕਰਤਾਰ ਸਿੰਘ ਦੁੱਗਲ ਕੁਝ ਸਮਾਂ ਆਲ ਇੰਡੀਆ ਰੇਡੀਉ ਨਾਨ ਸੰਬੰਧਿਤ ਰਿਹਾ। ਉਸ ਨੇ ਰੇਡੀਉ ਨਾਟਕ ਦੀ ਵਿਧਾ ਨੂੰ ਮਜ਼ਬੂਤ ਬਣਾਇਆ। ਪ੍ਰੋ. ਗੁਰਦਿਆਲ ਸਿੰਘ ਫੁੱਲ ਨੇ ਸਿਖ ਇਤਿਹਾਸ ਦੇ ਨਾਲ-ਨਾਲ ਸਮਾਜਿਕ ਨਾਟਕਾਂ ਦੀ ਰਚਨਾ ਵੀ ਕੀਤੀ। ਉਸ ਦੇ ਨਾਟਕ ਆਧੁਨਿਕ ਜੀਵਨ ਦੀਆਂ ਵਿਸੰਗਤੀਆਂ ਦੀ ਪੇਸ਼ਕਾਰੀ ਕਰਦੇ ਹਨ। ਗੁਰਦਿਆਲ ਸਿੰਘ ਖੋਸਲਾ ਨੇ ਸ਼ਹਿਰੀ ਮਧ ਸ਼੍ਰੇਣੀ ਅਤੇ ਪੱਛਮੀ ਪੰਜਾਬ ਤੋਂ ਉੱਜੜ ਕੇ ਆਏ ਸ਼ਰਨਾਰਥੀਆਂ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ। ਇਹ ਸਾਰੇ ਨਾਟਕਕਾਰ ਰੰਗਮੰਚ ਨਾਲ ਬੜੇ ਕਰੀਬੀ ਤੌਰ ਤੇ ਜੁੜੇ ਰਹੇ।

ਡਾ. ਸੁਰਜੀਤ ਸਿੰਘ ਸੇਠੀ ਨੇ ਯੂਰਪੀ ਰੰਗਮੰਚ ਦੇ ਖੇਤਰ ਵਿਚ ਹੋ ਰਹੇ ਨਵੇਂ ਪ੍ਰਯੋਗਾਂ ਦੀ ਰੌਸ਼ਨੀ ਵਿਚ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਨਵੀਂ ਪਹਿਚਾਣ ਦਿੱਤੀ। ਉਸ ਨੇ ਸੈਮੁਅਲ ਬੈਕੇਟ, ਇਆਨੈਸਕੋ, ਆਰਤੋ ਅਤੇ ਬਰੈਖਤ ਤੋਂ ਪ੍ਰੇਰਨਾ ਪ੍ਰਾਪਤ ਕਰ ਕੇ ਬਹੁਤ ਸਾਰੇ ਐਬਸਰਡ ਪ੍ਰਕਿਰਤੀ ਦੇ ਨਾਟਕਾਂ ਦੀ ਰਚਨਾ ਕੀਤੀ ਅਤੇ ਉਨ੍ਹਾਂ ਨੂੰ ਮੰਚਿਤ ਕੀਤਾ। ਉਸ ਨੇ 'ਟੋਟਲ ਥੀਏਟਰ' ਦੇ ਸੰਕਲਪ ਨੂੰ ਵੀ ਪੰਜਾਬੀ ਵਿਚ ਲਿਆਉਣ ਦਾ ਉਪਰਾਲਾ ਕੀਤਾ। ਕਪੂਰ ਸਿੰਘ ਘੁੰਮਣ ਨੇ ਪ੍ਰੇਮ, ਸ਼ਨਾਖਤ, ਸੰਤਾਪ ਅਤੇ ਖੰਡਿਤ-ਸ੍ਵੈ ਦੇ ਵਿਸ਼ਿਆਂ ਨੂੰ ਬੜੇ ਨਵੇਂ ਢੰਗ ਨਾਲ ਪੇਸ਼ ਕੀਤਾ। ਉਹ ਸਟਰਿੰਡਬਰਗ ਦੀ ਪਰੰਪਰਾ ਦਾ ਨਾਟਕਕਾਰ ਬਣਿਆ। ਚਰਨ ਦਾਸ ਸਿੱਧੂ ਨੇ ਦਬੇ-ਕੁਚਲੇ ਅਤੇ ਹਾਸ਼ੀਏ ਉਪਰ ਆ ਚੁਕੇ ਵਰਗਾਂ ਦੇ ਸਰੋਕਾਰਾਂ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ। ਆਤਮਜੀਤ ਨੇ ਪੂੰਜੀਵਾਦੀ ਵਿਵਸਥਾ ਦੇ ਦਬਾਵਾਂ ਵਿਚ ਪਿਸ ਰਹੇ ਆਮ ਆਦਮੀ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਦੇ ਮਾਧਿਅਮ ਦੁਆਰਾ ਪੇਸ਼ ਕੀਤਾ। ਗੁਰਸ਼ਰਨ ਸਿੰਘ ਨੇ ਲੋਕ-ਨਾਟ ਦੀ ਪਰੰਪਰਾ ਦੁਆਰਾ ਇਨਕਲਾਬੀ ਸੰਦੇਸ਼ ਦੇਣ ਵਾਲੇ ਨਾਟਕ ਪੇਸ਼ ਕੀਤੇ। ਸਤੀਸ਼ ਕੁਮਾਰ ਬਰੈਖਤ ਅਤੇ ਲੋਕ-ਨਾਟ ਪਰੰਪਰਾਵਾਂ ਦੇ ਸੁਮੇਲ ਦੁਆਰਾ ਆਧੁਨਿਕ ਯੁਗ ਦੀਆਂ ਸਮੱਸਿਆਵਾਂ ਦਾ ਨਿਰੂਪਣ ਕਰਦਾ ਹੈ। ਪਾਲੀ ਭੁਪਿੰਦਰ ਸਿੰਘ, ਸਵਰਾਜ ਬੀਰ, ਜਤਿੰਦਰ ਬਰਾੜ ਅਤੇ ਦੇਵਿੰਦਰ ਦਮਨ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਕੁਝ ਹੋਰ ਰੌਸ਼ਨ ਹਸਤਾਖਰ ਹਨ।

ਪਰਵਾਸੀ ਨਾਟਕ ਦੇ ਪ੍ਰਸੰਗ ਵਿਚ ਰਵਿੰਦਰ ਰਵੀ ਨੇ ਬੜੇ ਮੌਲਿਕ ਅਤੇ ਪ੍ਰਭਾਵਸ਼ਾਲੀ ਪ੍ਰਯੋਗ ਕੀਤੇ ਹਨ। ਆਧੁਨਿਕ ਜਗਤ ਵਿਚ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਮਨੁੱਖ ਦਾ ਅਜਨਬੀਕਰਨ ਉਸ ਦੇ ਨਾਟਕਾਂ ਦੇ ਮੁਖ ਵਿਸ਼ੈ ਹਨ। ਉਸ ਨੇ ਕਾਵਿ-ਨਾਟਕ ਦੀ ਵਿਧਾ ਦਾ ਪ੍ਰਯੋਗ ਕੀਤਾ ਹੈ। ਆਧੁਨਿਕ ਵਿਅਕਤੀ ਦਾ ਖੋਖਲਾਪਣ, ਦੰਭ ਅਤੇ ਅਨੈਤਿਕ ਵਿਹਾਰ ਵੀ ਉਸ ਦੇ ਕੁਝ ਨਾਟਕਾਂ ਦਾ ਵਿਸ਼ਾ ਬਣਿਆ ਹੈ। ਅਜਾਇਬ ਕਮਾਲ ਯਥਾਰਥ ਦੇ ਵਿਰੂਪਣ (distortion) ਦੁਆਰਾ ਅਤਿਯਥਾਰਥਵਾਦੀ ਕਿਸਮ ਦੇ ਨਾਟਕ ਲਿਖਦਾ ਰਿਹਾ ਹੈ। ਉਸ ਦਾ ਵਿਚਾਰ ਸੀ ਕਿ ਆਧੁਨਿਕ ਮਨੁੱਖ ਨੂੰ ਉਸਦੀ ਸਮੁੱਚਤਾ ਵਿਚ ਪੇਸ਼ ਕਰਨ ਲਈ ਪ੍ਰਤੀਕਾਤਮਕ ਅਤੇ ਕਾਵਿਮਈ ਵਿਧੀ ਦੀ ਸਭ ਤੋਂ ਉਚਿਤ ਸਿੱਧ ਹੁੰਦੀ ਹੈ। ਪਾਕਿਸਤਾਨੀ ਨਾਟਕਕਾਰਾਂ ਵਿਚ ਮੇਜਰ ਇਸਹਾਕ ਮੁਹੰਮਦ, ਨਜਮ ਹੁਸੈਨ ਸੱਯਦ, ਅਸ਼ਫਾਕ ਅਹਿਮਦ, ਅਖ਼ਤਰ ਹਾਸ਼ਮੀ, ਸੱਜਾਦ ਹੈਦਰ, ਸ਼ਾਹਿਦ ਨਦੀਮ, ਸਰਮਦ ਸਹਿਬਾਈ, ਨਜ਼ਰ ਫਾਤਿਮਾ, ਬਾਨੋ ਕੁਦਸੀਆ, ਮੁਨੀਰ ਨਿਆਜ਼ੀ, ਮਨੂ ਭਾਈ ਅਤੇ ਬਾਬਾ ਜਾਵੇਦ ਦੇ ਨਾਮ ਉਲੇਖਯੋਗ ਹਨ। ਉਧਰ ਟੀ.ਵੀ. ਨਾਟਕ ਵੀ ਇਕ ਅਤਿਅੰਤ ਵਿਕਸਿਤ ਵਿਧਾ ਹੈ ਅਤੇ ਟੀ.ਵੀ. ਰਾਹੀਂ ਮਨੋਵਿਗਿਆਨਕ ਅਤੇ ਸਮਾਜਿਕ ਨਾਟਕ ਪੇਸ਼ ਕੀਤੇ ਜਾਂਦੇ ਹਨ। ਪੰਜਾਬੀ ਸਭਿਆਚਾਰ ਦਾ ਰੂਪਾਂਤਰਣ ਪਾਕਿਸਤਾਨੀ ਨਾਟਕਕਾਰਾਂ ਦਾ ਇਕ ਮਨਭਾਉਂਦਾ ਵਿਸ਼ਾ ਰਿਹਾ ਹੈ। ਪਾਕਿਸਤਾਨ ਵਿਚ ਨਾਟਕ ਅਤੇ ਰੰਗਮੰਚ ਪਰੰਪਰਾ ਬੇਹੱਦ ਮਕਬੂਲ ਅਤੇ ਮਜ਼ਬੂਤ ਹੈ। ਇਹ ਵੱਖਰੀ ਗੱਲ ਹੈ ਕਿ ਉਥੋਂ ਦੇ ਨਾਟਕ ਦੀ ਪਰੰਪਰਾ ਬਾਰੇ ਸਿਧਾਂਤਿਕ ਅਤੇ ਨਾਟ-ਸ਼ਾਸਤਰੀ ਲਿਖਤਾਂ ਦਾ ਅਭਾਵ ਹੈ।

### 4.4 ਕਹਾਣੀ

ਪਿਛਲੇ ਅੱਠ-ਨੌਂ ਦਹਾਕਿਆਂ ਦੇ ਅਰਸੇ ਵਿਚ ਪੰਜਾਬੀ ਨਿੱਕੀ ਕਹਾਣੀ ਨੇ ਸਾਹਿੱਤ ਦੇ ਹੋਰ ਸਾਰੇ ਰੂਪਾਂ ਨੂੰ ਪਛਾੜ ਦਿੱਤਾ ਹੈ। ਲੋਕਪ੍ਰਿਅਤਾ ਅਤੇ ਪਠਨਯੋਗਤਾ ਦੀ ਦ੍ਰਿਸ਼ਟੀ ਤੋਂ ਇਹ ਪੰਜਾਬੀ ਸਾਹਿੱਤ ਦੇ ਹੋਰ ਰੂਪਾਕਾਰਾਂ ਤੋਂ ਅੱਗੇ ਲੰਘ ਗਈ ਹੈ। ਇਸ ਦੀ ਪ੍ਰਸਿੱਧੀ ਦਾ ਮੁਖ ਕਾਰਨ ਇਸ ਦਾ ਸਮਾਜਿਕ-ਸਭਿਆਚਾਰਕ ਸਰੋਕਾਰਾਂ ਨਾਲ ਪੂਰੀ ਤਰ੍ਹਾਂ ਜੁੜੇ ਹੋਣਾ ਹੈ। ਸਮਕਾਲੀਨ ਸਮੱਸਿਆਵਾਂ ਅਤੇ ਸਵਾਲਾਂ ਦੇ ਰੂਬਰੂ ਹੋਣ ਦੇ ਕਾਰਨ ਹੀ ਨਿੱਕੀ ਕਹਾਣੀ ਪਾਠਕਾਂ ਦਾ ਸਭ ਤੋਂ ਪਸੰਦੀਦਾ ਰੂਪਾਕਾਰ ਬਣੀ ਹੋਈ ਹੈ। 'ਡਿਕਸ਼ਨਰੀ ਆਫ ਲਿਟਰੇਰੀ ਟਰਮਜ਼' ਵਿਚ ਨਿੱਕੀ ਕਹਾਣੀ ਨੂੰ 100 ਜਾਂ 200 ਮੀਟਰ ਦੀ ਸਪਰਿੰਟ ਨਾਲ ਤੁਲਨਾ ਦਿੱਤੀ ਗਈ ਹੈ। (ਪੰਨਾ 815) ਪਰ ਕੇਵਲ ਆਕਾਰ ਜਾਂ ਛੋਟੇਪਣ ਨੂੰ ਹੀ ਨਿੱਕੀ ਕਹਾਣੀ ਦਾ ਇਕੋ-ਇਕ ਆਧਾਰ ਨਹੀਂ ਮਿਥਿਆ ਜਾ ਸਕਦਾ। ਕਈ ਲੇਖਕਾਂ ਨੇ ਬੜੀਆਂ ਲੰਮੀਆਂ ਕਹਾਣੀਆਂ ਲਿਖੀਆਂ ਹਨ ਅਤੇ ਕੁਝ ਹੋਰਨਾਂ ਨੇ ਛੋਟੀਆਂ ਪਰੰਤੂ ਇਸ ਭਿੰਨਤਾ ਦੇ ਬਾਵਜੂਦ ਦੋਹਾਂ ਵੰਨਗੀਆਂ ਨੂੰ ਉੱਤਮ ਅਤੇ ਕਲਾਤਮਕ ਕਹਾਣੀਆਂ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਅਸਲ ਵਿਚ ਨਿੱਕੀ ਕਹਾਣੀ ਅਨੁਭਵ ਦੀ ਵਿਲੱਖਣਤਾ ਕਾਰਨ ਪਹਿਚਾਣੀ ਜਾਂਦੀ ਹੈ। ਪੂੰਜੀਵਾਦੀ ਸਮਾਜ ਵਿਚ ਰਹਿਣ ਵਾਲੇ ਲੋਕਾਂ ਦੇ ਆਪਸੀ ਰਿਸ਼ਤੇ ਸਿੱਧੇ ਅਤੇ ਸਥਿਰ ਨਹੀਂ ਹੁੰਦੇ ਬਲਕਿ ਜਟਿਲ ਅਤੇ ਅਸਥਿਰ ਹੁੰਦੇ ਹਨ। ਨਿੱਕੀ ਕਹਾਣੀ ਵਿਚ ਪੂੰਜੀਵਾਦੀ ਰਿਸ਼ਤਿਆਂ ਦੀ ਪੇਸ਼ਕਾਰੀ ਹੁੰਦੀ

ਹੈ।

ਪੰਜਾਬੀ ਵਿਚ ਨਿੱਕੀ ਕਹਾਣੀ ਦਾ ਆਰੰਭ ਸੁਜਾਨ ਸਿੰਘ ਅਤੇ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਨਾਲ ਹੋਇਆ। ਭਾਵੇਂ ਇਨ੍ਹਾਂ ਤੋਂ ਪਹਿਲਾਂ ਸ. ਨਾਨਕ ਸਿੰਘ ਅਤੇ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਵੀ ਕਾਫ਼ੀ ਕਹਾਣੀਆਂ ਲਿਖੀਆਂ ਸਨ ਪਰੰਤੂ ਅਨੁਭਵ ਦੀ ਦ੍ਰਿਸ਼ਟੀ ਤੋਂ ਉਹ ਆਧੁਨਿਕ ਨਿੱਕੀ ਕਹਾਣੀ ਦੀ ਕਸਵੱਟੀ ਉਤੇ ਪੂਰੀਆਂ ਨਹੀਂ ਸਨ ਉੱਤਰਦੀਆਂ। ਸੰਤ ਸਿੰਘ ਸੇਖੋਂ ਪ੍ਰਗਤੀਵਾਦੀ ਅਨੁਭਵ ਦਾ ਸੁਆਮੀ ਸੀ। ਉਸ ਦੀਆਂ ਬਹੁਤੀਆਂ ਕਹਾਣੀਆਂ ਪੇਂਡੂ ਨਿਮਨ ਕਿਰਸਾਣੀ ਦੇ ਜੀਵਨ ਨਾਲ ਸੰਬੰਧ ਰੱਖਦੀਆਂ ਹਨ। ਉਸ ਦੀਆਂ ਕਹਾਣੀਆਂ ਦੇ ਪਾਤਰ ਤੰਗੀਆਂ-ਤੁਰਸ਼ੀਆਂ ਨਾਲ ਜੂਝਦੇ, ਮਿਹਨਤ ਕਰਦੇ ਪਰੰਤੂ ਇਸਦੇ ਬਾਵਜੂਦ ਕਰਜ਼ ਦੇ ਭਾਰ ਹੇਠ ਦੱਬੇ ਰਹਿੰਦੇ ਹਨ। ਪ੍ਰਗਤੀਵਾਦੀ ਲੇਖਕ ਲੋਣ ਕਰ ਕੇ ਉਹ ਉਨ੍ਹਾਂ ਯਥਾਰਥ ਦੇ ਘੇਰੇ ਤੋਂ ਬਾਹਰ ਨਹੀਂ ਜਾਣ ਦਿੰਦਾ। ਪ੍ਰਿੰਸੀਪਲ ਸੁਜਾਨ ਸਿੰਘ ਆਪਣੇ ਰਚਨਾਤਮਕ ਸਫ਼ਰ ਦੇ ਆਰੰਭ ਤੋਂ ਹੀ 'ਕਲਾ ਸਮਾਜ ਲਈ' ਦੇ ਸਿਧਾਂਤ ਦਾ ਧਾਰਨੀ ਰਿਹਾ ਹੈ ਅਤੇ ਇਸ ਮੰਤਵ ਲਈ ਮਾਰਕਸਵਾਦੀ ਚਿੰਤਨ ਤੋਂ ਸੇਧ ਅਤੇ ਅਗਵਾਈ ਪ੍ਰਾਪਤ ਕਰਦਾ ਹੈ। ਉਸ ਨੇ ਆਮ ਆਦਮੀ ਦੇ ਦੁਖ-ਸੁਖ ਨੂੰ ਬੜੀ ਗਹੁ ਨਾਲ ਵੇਖਿਆ ਹੈ, ਭਾਵੇਂ ਉਸ ਦੀ ਦ੍ਰਿਸ਼ਟੀ ਸੁਖ ਨਾਲੋਂ ਦੁਖ ਉਤੇ ਵਧੇਰੇ ਕੇਂਦ੍ਰਿਤ ਰਹੀ ਹੈ। ਉਹ ਅਜੋਕੇ ਸਰਮਾਏਦਾਰੀ ਨਿਜ਼ਾਮ ਵਿਚ ਭਾਰਤੀ ਇਸਤ੍ਰੀ ਨੂੰ ਦੁਖਾਂ ਵਿਚ ਫਸੀ ਦਿਖਾਉਂਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਅਜੋਕੇ ਸਮਾਜਿਕ ਢਾਚੇ ਵਿਚ ਮਰਦ, ਔਰਤ ਨੂੰ ਕੇਵਲ ਕਾਮ-ਤ੍ਰਿਪਤੀ ਲਈ, ਬੱਚਿਆਂ ਦੀ ਪੈਦਾਇਸ਼ ਲਈ ਜਾਂ ਘਰ ਵਿਚ ਨੌਕਰਾਣੀ ਦਾ ਕੰਮ ਕਰਨ ਲਈ ਵਰਤ ਰਿਹਾ ਹੈ। ਉਸ ਦੀਆਂ ਕਹਾਣੀਆਂ ਵਿਚ ਤਿੰਨ ਪ੍ਰਕਾਰ ਦੇ ਪਾਤਰ ਪੇਸ਼ ਹੁੰਦੇ ਹਨ। ਇਕ ਤਾਂ ਉਹ ਗ਼ਰੀਬ ਅਤੇ ਹੰਭੇ-ਹਾਰੇ ਲੋਕ ਹੁੰਦੇ ਹਨ, ਜਿਨ੍ਹਾਂ ਦਾ ਨਿਰੰਤਰ ਸ਼ੋਸ਼ਣ ਹੁੰਦਾ ਰਹਿੰਦਾ ਹੈ, ਦੂਜੀ ਪ੍ਰਕਾਰ ਦੇ ਪਾਤਰ ਸੱਤਾਧਾਰੀ ਜਾਂ ਪੂੰਜੀਪਤੀ ਵਰਗ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਤੀਜੇ ਵਰਗ ਵਿਚ ਉਹ ਪਾਤਰ ਆਉਂਦੇ ਹਨ, ਜੋ ਚੇਤੰਨ ਹਨ। ਇਸੇ ਪੀੜ੍ਹੀ ਦੇ ਇਕ ਹੋਰ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਨੇ ਸਭ ਤੋਂ ਵੱਧ ਕਹਾਣੀਆਂ ਦੀ ਰਚਨਾ ਕੀਤੀ ਹੈ। ਗੁਣਾਤਮਕ ਪੱਖੋਂ ਵੀ ਉਸ ਦੀਆਂ ਕਹਾਣੀਆਂ ਬਹੁਤ ਮਹਤਵਪੂਰਨ ਹਨ। ਉਹ ਮਨੋਵਿਗਿਆਨਕ ਵੰਨਗੀ ਦੀਆਂ ਕਹਾਣੀਆਂ ਲਿਖਦਾ ਰਿਹਾ ਹੈ। ਮਨੁੱਖ ਦੇ ਅਮਾਨਵੀਕਰਣ ਦੀ ਪ੍ਰਕਿਰਿਆ ਨੂੰ ਵੀ ਉਸ ਨੇ ਬਹੁਤ ਪ੍ਰਮਾਣਿਕ ਢੰਗ ਨਾਲ ਚਿਤਰਿਆ ਹੈ। ਟੀ.ਆਰ. ਵਿਨੋਦ ਉਸ ਨੂੰ ਪੈਟੀ-ਬੁਰਜੁਆ ਦ੍ਰਿਸ਼ਟੀਕੋਣ ਦਾ ਕਹਾਣੀਕਾਰ ਸਿੱਧ ਕਰਦਾ ਹੈ। (*ਕਹਾਣੀਕਾਰ ਕਰਤਾਰ ਸਿੰਘ ਦੁੱਗਲ*, ਪੰਨੇ 17-18) ਦੇਵਿੰਦਰ ਸਤਿਆਰਥੀ ਤਕਨੀਕ ਦੇ ਪ੍ਰਸੰਗ ਵਿਚ ਨਿਰੰਤਰ ਨਵੇਂ ਪ੍ਰਯੋਗ ਕਰਦਾ ਰਿਹਾ ਹੈ। ਉਹ ਇਕ ਜਟਿਲ ਅਨੁਭਵ ਦਾ ਕਹਾਣੀਕਾਰ ਹੈ, ਇਸ ਕਾਰਨ ਸਿੱਧ-ਪੱਧਰੇ ਅਨੁਭਵ ਨਾਲ ਗਿੱਝੇ ਪਾਠਕ ਉਸ ਦੀਆਂ ਕਹਾਣੀਆਂ ਨੂੰ ਸਹੀ ਰੂਪ ਵਿਚ ਸਮਝਣ ਤੋਂ ਅਸਮਰਥ ਰਹਿੰਦੇ ਹਨ। ਗੁਰਮੁਖ ਸਿੰਘ ਮੁਸਾਫ਼ਿਰ, ਸੰਤੋਖ ਸਿੰਘ ਧੀਰ, ਲੋਚਨ ਬਖਸ਼ੀ ਅਤੇ ਹਰੀ ਸਿੰਘ ਦਿਲਬਰ ਪੰਜਾਬੀ ਦੇ ਕੁਝ ਹੋਰ ਪ੍ਰਮੁਖ ਕਹਾਣੀਕਾਰ ਰਹੇ ਹਨ।

ਪੰਜਾਬੀ ਦੇ ਮਾਨਵਤਾਵਾਦੀ ਕਹਾਣੀਕਾਰਾਂ ਵਿਚ ਕੁਲਵੰਤ ਸਿੰਘ ਵਿਰਕ, ਨਵਤੇਜ ਸਿੰਘ, ਰਾਮ ਸਰੂਪ ਅਣਖੀ, ਸੁਖਬੀਰ ਅਤੇ ਗੁਰਦਿਆਲ ਸਿੰਘ ਦਾ ਨਾਮ ਲਿਆ ਜਾ ਸਕਦਾ ਹੈ। ਵਿਰਕ ਆਪਣੀਆਂ ਕਹਾਣੀਆਂ ਨੂੰ ਵੱਧ ਤੋਂ ਵੱਧ ਵਸਤੂਮੁਖ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਪ੍ਰਭਾਵ ਨੂੰ ਤੀਖਣ ਕਰਨ ਲਈ ਉਹ ਕਈ ਵਾਰ ਦੋ ਘਟਨਾਵਾਂ ਨੂੰ ਇਕ-ਦੂਜੀ ਦੇ ਸਮਵਿੱਥ ਟਿਕਾ ਕੇ, ਇਨ੍ਹਾਂ ਦੇ ਟਕਰਾਉ ਵਿਚੋਂ ਪੈਦਾ ਹੋਣ ਵਾਲੇ ਵਿਸਫ਼ੋਟ ਨੂੰ ਉਜਾਗਰ ਕਰਦਾ ਹੈ। ਨਵਤੇਜ ਸਿੰਘ ਨੇ ਪੰਜਾਬੀ ਕਹਾਣੀ ਨੂੰ ਅੰਤਰ-ਰਾਸ਼ਟਰੀ ਸਰੋਕਾਰਾਂ ਨਾਲ ਜੋੜਿਆ ਹੈ। ਕਹਾਣੀ ਦੇ ਪ੍ਰਭਾਵ ਨੂੰ ਤੀਖਣ ਕਰਨ ਲਈ ਉਹ ਅਤਿਕਥਨ (overstatement) ਅਤੇ ਨਿਊਨ-ਕਥਨ (understatement) ਆਦਿਕ ਵਿਧੀਆਂ ਦਾ ਪ੍ਰਯੋਗ ਕਰਦਾ ਹੈ। ਰਾਮ ਸਰੂਪ ਅਣਖੀ ਆਪਣੇ ਆਲੇ-ਦੁਆਲੇ ਸਮਾਜਿਕ-ਸਭਿਆਚਾਰਕ ਪਰਿਵੇਸ਼ ਵਿਚੋਂ ਕਹਾਣੀ ਦਾ ਕਥਾਨਕ ਹਾਸਲ ਕਰਦਾ ਹੈ। ਉਸ ਨੇ ਮਰਦ-ਔਰਤ ਦੇ ਅਵੈਧ ਸੰਬੰਧਾਂ ਨੂੰ ਵੀ ਵਸਤੂ-ਸਮੱਗਰੀ ਵਜੋਂ ਵਰਤਿਆ ਹੈ। ਉਸ ਨੂੰ ਪੇਂਡੂ ਮੁਹਾਵਰੇ, ਸ਼ਬਦਾਵਲੀ ਅਤੇ ਬੋਲੀ ਉਪਰ ਪੂਰਨ ਅਧਿਕਾਰ ਹੈ। ਸੁਖਬੀਰ ਨੇ ਮਹਾਂਨਗਰੀ ਪਰਿਵੇਸ਼ ਦੀਆਂ ਜਟਿਲ ਕਹਾਣੀਆਂ ਦੀ ਰਚਨਾ ਕੀਤੀ ਹੈ। ਗੁਰਦਿਆਲ ਸਿੰਘ ਆਲੋਚਨਾਤਮਕ ਯਥਾਰਥਵਾਦ ਦਾ ਅਨੁਸਾਰੀ ਹੈ। ਕਿਸਾਨਾਂ ਅਤੇ ਕਾਮਿਆਂ ਬਾਰੇ ਲਿਖੀਆਂ ਉਸ ਦੀਆਂ ਕਹਾਣੀਆਂ ਮਲਵਈ ਸਮਾਜ ਦਾ ਪ੍ਰਮਾਣਿਕ ਚਿਤਰ ਪੇਸ਼ ਕਰਦੀਆਂ ਹਨ। ਇਸਤ੍ਰੀ ਕਹਾਣੀਕਾਰਾਂ ਵਿਚ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਚਿੰਤ ਕੌਰ, ਚੰਦਨ ਨੇਗੀ ਅਤੇ

ਸੁਖਵੰਤ ਕੌਰ ਮਾਨ ਪ੍ਰਮੁਖ ਹਨ।

ਆਧੁਨਿਕ ਭਾਵਬੋਧ ਦੀਆਂ ਕਹਾਣੀਆਂ ਲਿਖਣ ਵਿਚ ਪ੍ਰੇਮ ਪ੍ਰਕਾਸ਼, ਵਰਿਆਮ ਬੰਧੂ, ਮੋਹਨ ਭੰਡਾਰੀ, ਗੁਰਬਚਨ ਭੁੱਲਰ, ਗੁਰਦੇਵ ਰੁਪਾਣਾ, ਅਤਰਜੀਤ, ਜਸਵੰਤ ਸਿੰਘ ਵਿਰਦੀ, ਜਸਬੀਰ ਭੁੱਲਰ ਅਤੇ ਗੁਲਜ਼ਾਰ ਸਿੰਘ ਬੰਧੂ ਵਰਣਨਯੋਗ ਇਨ੍ਹਾਂ ਕਹਾਣੀਕਾਰਾਂ ਨੇ ਆਧੁਨਿਕ ਯੁਗ ਦੇ ਤਣਾਵਾਂ, ਕਿਸਾਨੀ ਦੇ ਸੰਕਟ, ਆਮ ਆਦਮੀ ਦੇ ਸੰਤਾਪ, ਦਲਿਤਾਂ ਅਤੇ ਦਬਿਆਂ-ਕੁਚਲਿਆਂ ਦੇ ਸ਼ੋਸ਼ਣ, ਪੂੰਜੀਵਾਦ ਵਿਚ ਕਦਰਾਂ ਕੀਮਤਾਂ ਨੂੰ ਲੱਗ ਰਹੇ ਖੋਰੇ ਅਤੇ ਮਰਦ-ਔਰਤ ਦੇ ਜਿਨਸੀ ਸੰਬੰਧਾਂ ਬਾਰੇ ਮਨੋਵਿਗਿਆਲਕ ਦ੍ਰਿਸ਼ਟੀਕੋਣ ਤੋਂ ਲਿਖਿਆ ਹੈ। ਅਸਲੋਂ ਨਵੇਂ ਕਹਾਣੀਕਾਰਾਂ ਵਿਚ ਜਿੰਦਰ, ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ, ਜਸਬੀਰ ਕਲਸੀ, ਮਨਿੰਦਰ ਕਾਂਗ, ਜਸਵਿੰਦਰ ਸਿੰਘ, ਬੀ.ਐਸ. ਬੀਰ, ਦੇਵ ਭਾਰਦਵਾਜ, ਪ੍ਰੇਮ ਗੋਰਖੀ, ਹਰਜਿੰਦਰ ਸੂਰੇਵਾਲੀਆ, ਜੋਗਿੰਦਰ ਸਿੰਘ ਨਿਰਾਲਾ, ਕੇ. ਐਲ. ਗਰਗ, ਅਮਰਜੀਤ ਸਿੰਘ ਅਕਸ ਅਤੇ ਕਿਰਪਾਲ ਕਜ਼ਾਕ ਆਦਿਕ ਪ੍ਰਮੁਖ ਕਹਾਣੀਕਾਰ ਹਨ।

ਪੰਜਾਬੀ ਕਹਾਣੀ ਦੇ ਵਿਕਾਸ ਵਿਚ ਪਰਵਾਸੀ ਕਹਾਣੀਕਾਰਾਂ ਨੇ ਵੀ ਬੜਾ ਅਹਿਮ ਯੋਗਦਾਨ ਪਾਇਆ ਹੈ। ਪ੍ਰੀਤਮ ਸਿੱਧੂ, ਸ਼ਿਵਚਰਨ ਗਿੱਲ, ਸਾਥੀ ਲੁਧਿਆਣਵੀ, ਤਰਸੇਮ ਨੀਲਗਿਰੀ, ਜਰਨੈਲ ਸਿੰਘ, ਰਘਬੀਰ ਢੰਡ, ਸਵਰਨ ਚੰਦਨ ਅਤੇ ਰਵਿੰਦਰ ਰਵੀ ਆਦਿਕ ਕਹਾਣੀਕਾਰਾਂ ਨੇ ਪੰਜਾਬੀ ਕਹਾਣੀ ਨੂੰ ਇਕ ਨਵੀਂ ਅਤੇ ਅੰਤਰ-ਰਾਸ਼ਟਰੀ ਸ਼ਨਾਖਤ ਪ੍ਰਦਾਨ ਕਰਨ ਵਿਚ ਮਹਤਵਪੂਰਨ ਭੂਮਿਕਾ ਨਿਭਾਈ ਹੈ। ਨਸਲਵਾਦ, ਭੂਹੇਰਵਾ ਅਤੇ ਅਜਨਬੀਅਤ ਦਾ ਅਹਿਸਾਸ ਪਰਵਾਸੀ ਪੰਜਾਬੀ ਕਹਾਣੀ ਦੇ ਪ੍ਰਮੁਖ ਸਰੋਕਾਰ ਹਨ। ਉਕਤ ਕਹਾਣੀਕਾਰਾਂ ਦੀਆਂ ਰਚਨਾਵਾਂ ਪਰਵਾਸ ਹੰਢਾ ਰਹੇ ਹਿੰਦੁਸਤਾਨੀਆਂ ਦੀਆਂ ਮੁਸ਼ਕਿਲਾਂ, ਦੁਸ਼ਵਾਰੀਆਂ ਅਤੇ ਵਿਸੰਗਤੀਆਂ ਨੂੰ ਪੇਸ਼ ਕਰਦੀਆਂ ਹਨ। ਰਘਬੀਰ ਢੰਡ ਅਤੇ ਹਰਜੀਤ ਅਟਵਾਲ ਦੀਆਂ ਕਹਾਣੀਆਂ ਵਿਚ ਨਸਲਵਾਦ ਬਾਰੇ ਵੀ ਭਰਵੇਂ ਸੰਕੇਤ ਮਿਲਦੇ ਹਨ। ਸਵਰਨ ਚੰਦਨ ਦੀਆਂ ਕਹਾਣੀਆਂ ਪੂੰਜੀਵਾਦੀ ਪਰਿਵੇਸ਼ ਵਿਚ ਅਜਨਬੀ ਹੋ ਚੁਕੇ ਮਨੁੱਖਾਂ ਦੇ ਬਿਰਤਾਂਤ ਨੂੰ ਪੇਸ਼ ਕਰਦੀਆਂ ਹਨ। ਰਵਿੰਦਰ ਰਵੀ ਕੀਨੀਆ ਅਤੇ ਕੈਨੇਡਾ ਵਰਗੇ ਦੇਸ਼ਾਂ ਦੀਆਂ ਸਮਾਜਿਕ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਦਾ ਚਿਤ੍ਰਣ ਕਰਦਾ ਹੈ। ਵੀਨਾ ਵਰਗਾ, ਸਾਧੂ ਬਿਲਿੰਗ, ਰਾਣੀ ਨਗਿੰਦਰ, ਅਮਨਪਾਲ ਸਾਰਾ, ਸ਼ਸ਼ੀ ਸਮੁੰਦਰਾ, ਪ੍ਰਵੇਜ਼ ਸੰਧੂ ਆਦਿ ਕਹਾਣੀਕਾਰ ਆਪਣੇ ਵਿਲੱਖਣ ਅੰਦਾਜ਼ ਅਤੇ ਅਨੁਭਵ ਦੀ ਮੌਲਿਕਤਾ ਦੇ ਕਾਰਨ ਵਰਣਨਯੋਗ ਹਨ।

ਪੰਜਾਬ ਦੀ ਵੰਡ ਹੋਣ ਸਮੇਂ ਕੇਵਲ ਦੋ ਕਹਾਣੀਕਾਰ ਹੀ ਪਾਕਿਸਤਾਨ ਦੇ ਹਿੱਸੇ ਆਏ ਸਨ : ਜੋਸ਼ੂਆ ਫ਼ਜ਼ਲਦੀਨ ਅਤੇ ਅਬਦੁਲ ਮਜੀਦ ਭੱਟੀ। ਪਰੰਤੂ 1960 ਈ. ਤਕ ਪਾਕਿਸਤਾਨ ਵਿਚ ਬਹੁਤ ਸਾਰੇ ਨਵੇਂ ਕਹਾਣੀਕਾਰ ਪੈਦਾ ਹੋ ਚੁਕੇ ਸਨ। ਅਕਬਰ ਲਾਹੌਰੀ, ਅਫ਼ਜ਼ਲ ਅਹਿਸਨ ਰੰਧਾਵਾ, ਕੰਵਲ ਮੁਸ਼ਤਾਕ, ਹਨੀਫ਼ ਚੌਧਰੀ, ਮੁਹੰਮਦ ਮਨਸ਼ਾ ਯਾਦ, ਮਜ਼ਹਰ-ਉਲ-ਇਸਲਾਮ, ਪ੍ਰਵੀਨ ਮਲਿਕ, ਸਲੀਮ ਖਾਂ ਗਿੰਮੀ, ਅਹਿਮਦ ਰਾਹੀ, ਹਨੀਫ਼ ਬਾਵਾ ਅਤੇ ਨਜ਼ਰ ਫ਼ਾਤਿਮਾ ਉਥੋਂ ਦੇ ਕੁਝ ਪ੍ਰਸਿੱਧ ਕਹਾਣੀਕਾਰ ਹਨ। ਪਾਕਿਸਤਾਨ ਦੇ ਪ੍ਰਮੁੱਖ ਕਹਾਣੀਕਾਰਾਂ ਵਿਚ ਪ੍ਰਤੀਕਾਂ ਅਤੇ ਬਿੰਬਾਂ ਦੀ ਇਸ ਕਦਰ ਭਰਮਾਰ ਹੁੰਦੀ ਹੈ ਕਿ ਅਸਲ ਗੱਲ ਗੁੰਮ ਗਵਾਚ ਜਾਂਦੀ ਹੈ। ਹਨੀਫ਼ ਬਾਵਾ, ਇਕਬਾਲ ਸਲਾਹੁਦੀਨ, ਕੰਵਲ ਮੁਸ਼ਤਾਕ, ਮੁਹੰਮਦ ਮਨਸ਼ਾ ਯਾਦ, ਇਜ਼ਰਾ ਅਸਗਰ ਅਤੇ ਡੋਗਰ ਅਹਿਮਦ ਵਰਗੇ ਬਹੁਤ ਸਾਰੇ ਕਹਾਣੀਕਾਰ ਏਧਰਲੇ ਪੰਜਾਬ ਵਿਚ, ਓਧਰ ਨਾਲੋਂ ਵਧੇਰੇ ਪ੍ਰਸਿੱਧ ਹਨ ਅਤੇ ਨਾਗਮਣੀ, ਚਰਾਗ਼, ਕਹਾਣੀ ਪੰਜਾਬ ਆਦਿਕ ਰਿਸਾਲਿਆਂ ਵਿਚ ਨਿਰੰਤਰ ਛਪਦੇ ਰਹਿੰਦੇ ਹਨ। ਇਸਤ੍ਰੀ ਕਹਾਣੀਕਾਰਾਂ ਵਿਚ ਰਫ਼ਾਤ-ਸ਼ਫਕਤ, ਸੁਲਤਾਨਾ ਨਾਸਰੀ, ਖ਼ਾਲਿਦਾ ਮਲਿਕ, ਨਜ਼ਰ ਫ਼ਾਤਮਾ, ਬਾਨੋ ਕੁਦਸੀਆ, ਨਜ਼ਰ ਨਾਜ਼ਮਾ, ਪ੍ਰੋ. ਰਜ਼ੀਆ, ਕਹਿਕਸ਼ਾਂ ਮਲਿਕ, ਨਸਰੀਂ ਬਟ ਅਤੇ ਬਸ਼ਰੀ ਅਬਦੁੱਲਾ ਆਪਣੀ ਵਿਸ਼ੇਸ਼ ਪਹਿਚਾਣ ਬਣਾ ਚੁਕੀਆਂ ਹਨ। ਪਰੰਤੂ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਵਿਕਾਸ ਦੀ ਨਿਸ਼ਾਨਦੇਹੀ ਦੇ ਯਤਨ ਕਰਨ ਦਾ ਜਿਹੋ-ਜਿਹਾ ਸੁਹਿਰਦ ਅਤੇ ਵਿਧੀਵਤ ਯਤਨ ਭਾਰਤੀ ਪੰਜਾਬ ਵਿਚ ਹੋਇਆ ਹੈ, ਉਹੋ ਜਿਹਾ ਯਤਨ ਪੱਛਮੀ ਪੰਜਾਬ ਵਿਚ ਨਹੀਂ ਹੋਇਆ। ਸਿੱਟੇ ਵਜੋਂ ਉਥੋਂ ਦੀ ਕਹਾਣੀ ਨੂੰ ਸਮੁੱਚਤਾ ਵਿਚ ਸਮਝਣਾ ਅਜੇ ਵੀ ਇਕ ਚੁਣੌਤੀ ਬਣਿਆ ਹੋਇਆ ਹੈ।

## 5. ਨਿਸ਼ਕਰਸ਼

ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਵੰਨਗੀਆਂ ਨੂੰ ਸੰਯੁਕਤ ਰੂਪ ਵਿਚ ਸਮਝਣ ਤੋਂ ਬਿਨਾ ਪੰਜਾਬੀ ਸਾਹਿੱਤ ਦਾ ਇਤਿਹਾਸ ਵਿਧੀਵਤ ਅਤੇ ਸੰਪੂਰਨ ਰੂਪ ਵਿਚ ਨਹੀਂ ਲਿਖਿਆ ਜਾ ਸਕਦਾ। ਇਸ ਪਾਸੇ ਜਿੰਨੇ ਕੁ ਯਤਨ ਹੋਏ ਹਨ,

ਉਨ੍ਹਾਂ ਅਨੁਸਾਰ ਸਮੁਚੇ ਅਧਿਐਨ ਨੂੰ ਤਿੰਨ-ਚਾਰ ਭਾਗਾਂ ਵਿਚ ਵੰਡ ਲਿਆ ਜਾਂਦਾ ਹੈ। ਪਹਿਲੇ ਭਾਗ ਵਿਚ ਏਧਰਲੇ ਪੰਜਾਬ ਦੇ ਕਿਸੇ ਰੂਪ ਜਾਂ ਪ੍ਰਵਿਰਤੀ ਬਾਰੇ ਵਿਸਤ੍ਰਿਤ ਚਰਚਾ ਕਰ ਲਈ ਜਾਂਦੀ ਹੈ ਅਤੇ ਬਾਕੀ ਭਾਗਾਂ ਵਿਚ ਪਰਵਾਸੀ ਅਤੇ ਪਾਕਿਸਤਾਨੀ ਪੰਜਾਬ ਵਿਚ ਰਚੇ ਗਏ ਸਾਹਿਤ ਬਾਰੇ ਅੱਧੇ-ਅਧੂਰੇ ਮਨ ਨਾਲ ਚਰਚਾ ਹੋ ਜਾਂਦੀ ਹੈ। ਅਸਲ ਵਿਚ ਜਿੰਨੀ ਦੇਰ ਤਕ ਪਾਕਿਸਤਾਨੀ ਪੰਜਾਬ ਅਤੇ ਵਿਦੇਸ਼ਾਂ ਵਿਚ ਰਚੇ ਜਾ ਰਹੇ ਸਾਹਿੱਤ ਬਾਰੇ ਵਿਸਤ੍ਰਿਤ ਜਾਣਕਾਰੀ ਇਕੋ ਥਾਂ ਕਿਸੇ ਰੈਫਰੈਂਸ ਪੁਸਤਕ ਜਾਂ ਕੋਸ਼ ਵਿਚ ਉਪਲਬਧ ਨਹੀਂ ਹੁੰਦੀ, ਉਤਨੀ ਦੇਰ ਤਕ ਇਸ ਕਾਰਜ ਨੂੰ ਸੰਤੋਖਜਨਕ ਢੰਗ ਨਾਲ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਪਾਕਿਸਤਾਨੀ ਪੰਜਾਬੀ ਸਾਹਿੱਤ ਅਤੇ ਪਰਵਾਸੀ ਸਾਹਿੱਤ ਬਾਰੇ ਸੁਤੰਤਰ ਵਿਭਾਗ ਸ਼ੁਰੂ ਕਰਨ ਦੀ ਜ਼ਰੂਰਤ ਹੈ।

## ਮਹੱਤਵਪੂਰਨ ਪ੍ਰਸ਼ਨ

1. ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਵੰਨਗੀਆਂ ਦੀ ਸੰਯੁਕਤ ਇਤਿਹਾਸਕਾਰੀ ਉਪਰ ਇਕ ਸੰਖੇਪ ਨੋਟ ਲਿਖੋ।
2. ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਵੰਨਗੀਆਂ ਦੀ ਸੰਯੁਕਤ ਇਤਿਹਾਸਕਾਰੀ ਕਿਉਂ ਜ਼ਰੂਰੀ ਹੈ। ਇਸ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕਰੋ।

ਪਾਠ ਨੰ: 2.14                                    - ਪ੍ਰੋ. ਬ੍ਰਹਮਜਗਦੀਸ਼ ਸਿੰਘ

## (ਸੰਖੇਪ ਪ੍ਰਸ਼ਨ-ਉੱਤਰ)

**1. ਰੂਪ ਰੇਖਾ**

ਇਸ ਪਾਠ ਵਿਚ ਆਧੁਨਿਕ ਪੰਜਾਬੀ ਸਾਹਿੱਤ ਦੇ ਇਤਿਹਾਸ ਨਾਲ ਸੰਬੰਧਿਤ ਸੰਖੇਪ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾ ਰਹੇ ਹਨ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਧੁਨਿਕ ਪੰਜਾਬੀ ਸਾਹਿੱਤ ਦੇ ਇਤਿਹਾਸ ਨਾਲ ਸੰਬੰਧਿਤ ਸਾਰੇ ਪਾਠ ਧਿਆਨ ਨਾਲ ਪੜ੍ਹ ਲੈਣ ਤਾਂ ਜੋ ਸੰਖੇਪ ਪ੍ਰਸ਼ਨ-ਉੱਤਰਾਂ ਵਾਲੇ ਸਵਾਲ ਨੂੰ ਉਹ ਪੂਰੇ ਵਿਸ਼ਵਾਸ ਨਾਲ ਹੱਲ ਕਰ ਸਕਣ। ਇਸ ਪਾਠ ਵਿਚ ਉਹ ਸਾਰੇ ਪ੍ਰਸ਼ਨ (ਉੱਤਰਾਂ ਸਹਿਤ) ਦਿੱਤੇ ਗਏ ਹਨ, ਜਿਨ੍ਹਾਂ ਬਾਰੇ ਪਰੀਖਿਅਕ ਵਿਦਿਆਰਥੀਆਂ ਨੂੰ ਪੁੱਛ ਸਕਦਾ ਹੈ। ਸੋ ਇਸ ਪਾਠ ਦਾ ਅਧਿਐਨ ਪੂਰੀ ਤਰ੍ਹਾਂ ਇਕਾਗਰਚਿੱਤ ਹੋ ਕੇ ਕਰ ਲੈਣਾ ਚਾਹੀਦਾ ਹੈ।

**2. ਉਦੇਸ਼**

ਆਧੁਨਿਕ ਦੌਰ ਵਿਚ ਪਰੀਖਿਆ-ਪ੍ਰਣਾਲੀ ਕਾਫ਼ੀ ਬਦਲ ਗਈ ਹੈ। ਵਿਦਿਆਰਥੀ ਦੇ ਗਿਆਨ ਦਾ ਮੁਲਾਂਕਣ ਕਰਨ ਲਈ ਬਹੁਤ ਸਾਰੀਆਂ ਨਵੀਆਂ ਵਿਧੀਆਂ ਸਾਹਮਣੇ ਆ ਗਈਆਂ ਹਨ। ਇਨ੍ਹਾਂ ਵਿਚੋਂ ਇਕ ਵਿਧੀ ਵਸਤੂਮੁਖ ਵੰਨਗੀ ਪ੍ਰਸ਼ਨ (objective type questions) ਪੁੱਛਣ ਦੀ ਹੈ। ਇਸ ਵਿਧੀ ਦੁਆਰਾ ਇਹ ਪਤਾ ਚੱਲ ਜਾਂਦਾ ਹੈ ਕਿ ਕਿਸੇ ਵਿਦਿਆਰਥੀ ਨੂੰ ਸਾਹਿਤ-ਸੰਕਲਪਾਂ ਦੀ ਕਿੰਨੀ ਕੁ ਸਮਝ ਹੈ। ਇਹੋ ਜਿਹੇ ਪ੍ਰਸ਼ਨਾਂ ਦੀ ਗਿਣਤੀ 10 ਤਕ ਹੋ ਸਕਦੀ ਹੈ। ਸਾਹਿਤ ਦੇ ਵਿਦਿਆਰਥੀ ਆਤਮਮੁਖ (subjective type) ਵੰਨਗੀ ਦੇ ਪ੍ਰਸ਼ਨਾਂ ਤੋਂ ਤਾਂ ਨਹੀਂ ਘਬਰਾਉਂਦੇ ਪਰ ਕਈ ਵਾਰ ਵਸਤੂਮੁਖ ਪ੍ਰਸ਼ਨਾਂ ਦੇ ਉੱਤਰ ਲਿਖਣ ਸਮੇਂ ਥਿੜਕ ਜਾਂਦੇ ਹਨ। ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ ਨੂੰ ਪ੍ਰਬਲ ਕਰਨ ਲਈ ਇਸ ਪਾਠ ਵਿਚ ਕੁਝ ਸੰਖੇਪ ਪ੍ਰਸ਼ਨ ਅਤੇ ਉਨ੍ਹਾਂ ਦੇ ਉੱਤਰ ਦਿੱਤੇ ਜਾਂਦੇ ਹਨ।

**3. ਭੂਮਿਕਾ**

ਸੰਖੇਪ ਪ੍ਰਸ਼ਨ-ਉੱਤਰਾਂ ਵਾਲਾ ਸਵਾਲ ਹਰ ਪੇਪਰ ਵਿਚ ਪੁੱਛਿਆ ਜਾਂਦਾ ਹੈ। ਪਿਛਲੇ ਵਰ੍ਹਿਆਂ ਵਿਚ ਪਰੀਖਿਅਕਾਂ ਨੂੰ ਇਹ ਮਹਿਸੂਸ ਹੋਣ ਲੱਗਾ ਸੀ ਕਿ ਵਿਦਿਆਰਥੀ ਪਾਠ-ਕ੍ਰਮ ਵਿਚ ਲੱਗੀਆਂ ਮੂਲ ਪੁਸਤਕਾਂ (text-books) ਨਹੀਂ ਪੜ੍ਹਦੇ ਬਲਕਿ ਸਹਾਇਕ ਸਮੱਗਰੀ ਅਤੇ ਉਧਾਰੇ ਲਏ ਨੋਟਸ ਨੂੰ ਪੜ੍ਹ ਕੇ ਹੀ ਪਰੀਖਿਆ ਵਿਚ ਬੈਠ ਜਾਂਦੇ ਹਨ ਅਤੇ ਪਰੀਖਿਆ-ਪ੍ਰਣਾਲੀ ਦੇ ਦੋਸ਼ਪੂਰਨ ਚਰਿੱਤਰ ਦੇ ਸਦਕਾ ਨੰਬਰ ਵੀ ਚੰਗੇ ਲੈ ਜਾਂਦੇ ਹਨ। ਇਸ ਭੈੜੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਹੀ ਪਾਠ-ਕ੍ਰਮ ਵਿਚ ਸੰਖੇਪ ਪ੍ਰਸ਼ਨ-ਉਤਰਾਂ ਵਾਲਾ ਸਵਾਲ ਪੁਛਿਆ ਜਾਣ ਲੱਗਾ ਹੈ। ਇਸ ਸਵਾਲ ਦੀ ਤਿਆਰੀ ਲਈ ਵਿਦਿਆਰਥੀਆਂ ਨੂੰ ਆਪਣੀਆਂ ਪਾਠ-ਪੁਸਤਕਾਂ, ਉਨ੍ਹਾਂ ਦੇ ਆਰੰਭ ਵਿਚ ਦਿੱਤੀਆਂ ਭੂਮਿਕਾਵਾਂ ਅਤੇ ਅੰਤ ਵਿਚ ਆਈਆਂ ਅੰਤਿਕਾਵਾਂ ਪੂਰੇ ਧਿਆਨ ਨਾਲ ਪੜ੍ਹ ਲੈਣੀਆਂ ਚਾਹੀਦੀਆਂ ਹਨ ਕਿਉਂਕਿ ਇਨ੍ਹਾਂ ਵਿਚੋਂ ਵੀ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਇਨ੍ਹਾਂ ਸੰਖੇਪ ਪ੍ਰਸ਼ਨ ਦੇ ਸਹੀ ਉਤਰ ਲਿਖਣ ਨਾਲ ਪਰੀਖਿਆਰਥੀ ਨੂੰ ਪੂਰੇ ਨੰਬਰ ਵੀ ਮਿਲ ਜਾਂਦੇ ਹਨ, ਜਿਹੜੇ ਉਸ ਦੇ ਪ੍ਰਤੀਸ਼ਤ ਅੰਕ ਵਧਾਉਣ ਵਿਚ ਕਾਫ਼ੀ ਸਹਾਈ ਹੁੰਦੇ ਹਨ। ਸੋ ਇਸ ਪਾਠ ਵਿਚ ਦਿੱਤੀ ਸਾਰੀ ਸਮੱਗਰੀ ਨੂੰ ਪੂਰੇ ਧਿਆਨ ਨਾਲ ਪੜ੍ਹਨ ਦੀ ਜ਼ਰੂਰਤ ਹੈ।

**4. ਸੰਖੇਪ ਪ੍ਰਸ਼ਨ-ਉਤਰ**

**ਪ੍ਰਸ਼ਨ** 1 : ਸੰਯੁਕਤ ਇਤਿਹਾਸਕਾਰੀ ਦਾ ਸੰਕਲਪ ਕੀ ਹੈ ?

**ਉੱਤਰ** : ਸੰਯੁਕਤ ਇਤਿਹਾਸਕਾਰੀ ਦਾ ਸੰਕਲਪ ਮੂਲ ਰੂਪ ਵਿਚ ਇਸ ਭਾਵਨਾ ਅਥਵਾ ਉਦੇਸ਼ ਉਪਰ ਆਧਾਰਿਤ ਹੈ ਕਿ ਪੰਜਾਬੀ ਸਾਹਿੱਤ ਨੂੰ ਵੱਖ-ਵੱਖ ਧਰਮਾਂ ਜਾਂ ਦੇਸ਼ਾਂ ਦੀਆਂ ਸੀਮਾਵਾਂ ਵਿਚ ਨਾ ਬੰਨ੍ਹਿਆ ਜਾਵੇ। ਸਾਹਿੱਤ

ਅਤੇ ਭਾਸ਼ਾ ਦਾ ਧਰਮਾਂ ਜਾਂ ਦੇਸ਼ਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਹ ਸਰਬ-ਸਾਂਝੇ ਹੁੰਦੇ ਹਨ। 1947 ਈ. ਤਕ ਪੰਜਾਬੀ ਸਾਹਿੱਤ ਦੀ ਇਤਿਹਾਸਕਾਰੀ ਕਰਨ ਵਾਲੇ ਵਿਦਵਾਨਾਂ ਨੂੰ ਇਸ ਪ੍ਰਕਾਰ ਦੀ ਕੋਈ ਸਮੱਸਿਆ ਨਹੀਂ ਸੀ ਕਿਉਂਕਿ ਪੰਜਾਬੀ ਬੋਲਣ ਅਤੇ ਲਿਖਣ ਵਾਲੇ ਲੋਕ ਇਕ ਹੀ ਸਾਂਝੇ ਪੰਜਾਬ ਵਿਚ ਰਹਿੰਦੇ ਸਨ। ਪਰੰਤੂ ਦੇਸ਼-ਵੰਡ ਉਪਰੰਤ ਪੰਜਾਬ ਦੋ ਭਾਗਾਂ ਵਿਚ ਵੰਡਿਆ ਗਿਆ ਅਤੇ ਪੰਜਾਬ ਦੇ ਬਹੁਤੇ ਮੁਸਲਮਾਨ ਲੇਖਕ ਪਾਕਿਸਤਾਨ ਵਿਚ ਚਲੇ ਗਏ। 1947 ਈ. ਤੋਂ ਬਾਅਦ ਦੋਹਾਂ ਦੇਸ਼ਾਂ ਦੇ ਸਾਹਿਤਕਾਰਾਂ ਵਲੋਂ ਕੀਤੀਆਂ ਜਾ ਰਹੀਆਂ ਰਚਨਾਵਾਂ ਨੂੰ ਇਕ-ਸੂਤਰ ਵਿਚ ਬੰਨ੍ਹਣ ਲਈ ਸੰਯੁਕਤ ਇਤਿਹਾਸਕਾਰੀ ਦੀ ਜ਼ਰੂਰਤ ਹੈ।

**ਪ੍ਰਸ਼ਨ** 2 : ਸੰਯੁਕਤ ਇਤਿਹਾਸਕਾਰੀ ਦਾ ਸਰੂਪ ਕੈਸਾ ਹੋਣਾ ਚਾਹੀਦਾ ਹੈ?

**ਉੱਤਰ** : ਹਰ ਲੇਖਕ ਕਿਸੇ ਵਿਸ਼ੇਸ਼ ਦੇਸ਼ ਅਤੇ ਕਾਲ ਵਿਚ ਪੈਦਾ ਹੁੰਦਾ ਹੈ। ਇਸ ਕਾਰਨ ਉਸ ਦੀ ਰਚਨਾ ਉਪਰ ਆਪਣੇ ਦੇਸ਼-ਕਾਲ ਦੀ ਛਾਪ ਲੱਗੀ ਰਹਿੰਦੀ ਹੈ। ਉਸ ਨੂੰ ਦੇਸ਼-ਕਾਲ ਤੋਂ ਵਿਜੋਗ ਕੇ ਨਹੀਂ ਪੜ੍ਹਿਆ ਜਾ ਸਕਦਾ। ਸੰਯੁਕਤ ਇਤਿਹਾਸਕਾਰੀ, ਸਾਹਿੱਤ ਦੇ ਰੂਪਾਂ ਦੀ ਇਤਿਹਾਸਕਾਰੀ ਹੋਵੇਗੀ। ਪੰਜਾਬੀ ਸਾਹਿੱਤ ਦੇ ਵਿਭਿੰਨ ਰੂਪਾਂ ਕਾਵਿ, ਨਾਵਲ, ਕਹਾਣੀ, ਨਾਟਕ ਅਤੇ ਵਾਰਤਕ ਆਦਿ ਦੇ ਇਤਿਹਾਸ ਨੂੰ ਇਕੱਠਾ ਇਕੋ ਸਥਾਨ ਉਪਰ ਰੱਖ ਕੇ ਵੇਖਣਾ ਅਤੇ ਵਾਚਣਾ ਚਾਹੀਦਾ ਹੈ ਤਾਂ ਹੀ ਅਸੀਂ ਇਨ੍ਹਾਂ ਦੇ ਵਿਕਾਸ ਬਾਰੇ ਸਹੀ ਨਿਰਣੇ/ਨਿਸ਼ਕਰਸ਼ ਉਪਰ ਪਹੁੰਚ ਸਕਦੇ ਹਾਂ।

**ਪ੍ਰਸ਼ਨ** 3 : ਪੰਜਾਬੀ ਸਾਹਿਤ ਦੀ ਸੰਯੁਕਤ ਇਤਿਹਾਸਕਾਰੀ ਦੇ ਰਸਤੇ ਵਿਚ ਕਿਹੜੀਆਂ-ਕਿਹੜੀਆਂ ਔਕੜਾਂ ਹਨ ?

**ਉੱਤਰ** : ਪੰਜਾਬੀ ਸਾਹਿੱਤ ਦੀ ਇਤਿਹਾਸਕਾਰੀ ਦੇ ਰਾਹ ਵਿਚ ਕਈ ਔਕੜਾਂ ਹਨ :

(i) ਪੱਛਮੀ ਪੰਜਾਬੀ ਵਿਚ ਰਚੇ ਗਏ ਸਾਹਿੱਤ ਦੀ ਮੁਕੰਮਲ ਅਤੇ ਸਹੀ ਜਾਣਕਾਰੀ ਸਾਡੇ ਤਕ ਨਹੀਂ ਪਹੁੰਚਦੀ ਕਿਉਂਕਿ ਦੋਹਾਂ ਦੇਸ਼ਾਂ ਦੇ ਸੰਬੰਧ ਠੀਕ ਨਾ ਹੋਣ ਕਾਰਨ ਸੰਚਾਰ ਦੀ ਵਿਵਸਥਾ ਨਹੀਂ ਹੈ।

(ii) ਪੱਛਮੀ ਪੰਜਾਬ ਦੇ ਲੋਕ ਸ਼ਾਹਮੁਖੀ ਲਿਪੀ ਵਿਚ ਲਿਖਣ ਲਈ ਬਜ਼ਿਦ ਹਨ, ਹਾਲਾਂਕਿ ਉਹ ਜਾਣਦੇ ਹਨ ਕਿ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਹੀ ਸਭ ਤੋਂ ਉਚਿਤ ਲਿਪੀ ਹੈ। ਪੰਜਾਬੀ ਦੀਆਂ ਧੁਨੀਆਂ ਦੇ ਨਿਰੂਪਣ ਲਈ ਸ਼ਾਹਮੁਖੀ ਲਿੱਪੀ ਪਾਸ ਢੁੱਕਵੇਂ ਲਿੱਪੀ-ਚਿੰਨ੍ਹ ਨਹੀਂ ਹਨ।

(iii) ਪਰਵਾਸੀ ਪੰਜਾਬੀ ਸਾਹਿੱਤ ਬਾਰੇ ਵੀ ਸਾਡੇ ਪਾਸ ਅੱਧੀ-ਅਧੂਰੀ ਜਾਣਕਾਰੀ ਹੀ ਹੈ ਕਿਉਂਕਿ ਜਿਹੜੇ ਲੇਖਕਾਂ ਦੀਆਂ ਰਚਨਾਵਾਂ ਅਜੇ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਨਹੀਂ ਹੋਈਆਂ, ਉਨ੍ਹਾਂ ਬਾਰੇ ਕੋਈ ਨਿਰਣਾ ਦੇਣਾ ਕਠਿਨ ਹੋ ਜਾਂਦਾ ਹੈ।

**ਪ੍ਰਸ਼ਨ** 4 : ਪੱਛਮੀ ਪੰਜਾਬੀਆਂ ਦੇ ਸੰਯੁਕਤ ਇਤਿਹਾਸਕਾਰੀ ਦੇ ਸੰਕਲਪ ਬਾਰੇ ਕਿਹੜੇ ਪੂਰਵਾਗ੍ਰਹਿ ਹਨ।

**ਉੱਤਰ** : ਪੱਛਮੀ ਪੰਜਾਬੀ (ਪਾਕਿਸਤਾਨ) ਦਾ ਨਿਰਮਾਣ ਦੋ ਕੌਮਾਂ ਦੀ ਥਿਊਰੀ ਉਪਰ ਹੋਇਆ ਸੀ ਜਿਸਦਾ ਭਾਵ ਇਹ ਸੀ ਕਿ ਮੁਸਲਮਾਲ ਅਤੇ ਹਿੰਦੂ-ਸਿੱਖ ਦੋ ਵੱਖੋ-ਵੱਖ ਕੌਮਾਂ ਹਨ। ਇਨ੍ਹਾਂ ਦੀ ਤਹਿਜ਼ੀਬ ਅਤੇ ਰਹਿਣ-ਸਹਿਣ ਵੱਖਰਾ ਹੈ। ਇਸ ਕਾਰਨ ਪੱਛਮੀ ਪੰਜਾਬ ਦੇ ਹਾਕਮ ਅਤੇ ਨੌਕਰਸ਼ਾਹ ਆਮ ਲੋਕਾਂ ਨੂੰ ਪੂਰਬੀ ਪੰਜਾਬ ਨਾਲ ਸਦਭਾਵਨਾ ਨਹੀਂ ਰੱਖਣ ਦਿੰਦੇ। ਉਹ ਆਪਣੀ ਪੰਜਾਬੀ ਨੂੰ ਵੀ ਭਾਰਤੀ ਪੰਜਾਬੀ ਨਾਲੋਂ ਵੱਖਰਾ ਸਿੱਧ ਕਰਨ ਲਈ ਬਜ਼ਿਦ ਹਨ ਹਾਲਾਂਕਿ 1947 ਈ. ਤੋਂ ਪਹਿਲਾਂ ਇਸ ਪ੍ਰਕਾਰ ਦੀ ਕੋਈ ਧਾਰਨਾ ਸੀ। ਸਮੁਚੀ ਪੰਜਾਬੀ ਇਕੋ ਸਮੇਂ ਵਿਕਸਿਤ ਹੋਈ ਸੀ ਅਤੇ ਇਸੇ ਸਾਂਝੀ ਭਾਸ਼ਾ ਨੂੰ ਹਿੰਦੂ, ਸਿਖ ਅਤੇ ਮੁਸਲਮਾਨ ਰਲ ਕੇ ਬੋਲਦੇ ਸਨ। ਪਾਕਿਸਤਾਨ ਦੇ ਕੁਝ ਖੁਸ਼ਾਮਦੀ ਕਿਸਮ ਦੇ ਸਾਹਿਤਕਾਰਾਂ ਨੇ ਪੰਜਾਬੀ ਸਾਹਿੱਤ ਦਾ ਜੋ ਇਤਿਹਾਸ ਤਿਆਰ ਕੀਤਾ ਹੈ, ਉਸ ਵਿਚ ਉਨ੍ਹਾਂ ਨੇ ਕੇਵਲ ਮੁਸਲਮਾਨ ਲੇਖਕਾਂ ਨੂੰ ਹੀ ਸ਼ਾਮਲ ਕੀਤਾ ਹੈ ਅਤੇ ਸਾਰੇ ਸਿੱਖ-ਹਿੰਦੂ ਲੇਖਕਾਂ ਨੂੰ ਇਸ ਵਿਚੋਂ ਬਾਹਰ ਕੱਢ ਦਿੱਤਾ ਹੈ। ਇਸ ਸੂਰਤ ਵਿਚ ਸੰਯੁਕਤ-ਇਤਿਹਾਸਕਾਰੀ ਦਾ ਵਿਚਾਰ ਮੁਕੰਮਲ ਨਹੀਂ ਹੋ ਪਾਉਂਦਾ।

**ਪ੍ਰਸ਼ਨ** 5 : ਸੰਯੁਕਤ ਇਤਿਹਾਸਕਾਰੀ ਦਾ ਪ੍ਰਾਜੈਕਟ ਮੁਕੰਮਲ ਕਰਨ ਲਈ ਕਿਹੜੇ ਆਧਾਰ-ਗ੍ਰੰਥਾਂ ਦੀ ਜ਼ਰੂਰਤ ਹੈ ?

**ਉੱਤਰ** : ਸੰਯੁਕਤ ਇਤਿਹਾਸਕਾਰੀ ਦਾ ਪ੍ਰਾਜੈਕਟ ਮੁਕੰਮਲ ਕਰਨ ਲਈ ਹੇਠ ਲਿਖੇ ਆਧਾਰ-ਗ੍ਰੰਥਾਂ ਦੀ ਜ਼ਰੂਰਤ ਹੈ :

(i) ਪੱਛਮੀ ਪੰਜਾਬ ਦਾ ਸਾਰਾ ਪ੍ਰਤੀਨਿਧ ਸਾਹਿਤ ਗੁਰਮੁਖੀ ਲਿਪੀ ਵਿਚ ਉਪਲਬਧ ਹੋ ਜਾਵੇ।

(ii) ਪਾਕਿਸਤਾਨ ਅਤੇ ਵਿਦੇਸ਼ਾਂ ਵਿਚ ਲਿਖਣ ਵਾਲੇ ਸਾਹਿੱਤਕਾਰਾਂ ਦੀਆਂ ਵਰਣਨਾਤਮਕ ਪੁਸਤਕ-ਸੂਚੀਆਂ

ਪ੍ਰਾਪਤ ਹੋਣ।

(iii) ਪਾਕਿਸਤਾਨ ਵਿਚ ਪੰਜਾਬੀ ਰਾਜ-ਭਾਸ਼ਾ ਵਜੋਂ ਮਾਨਤਾ ਪ੍ਰਾਪਤ ਕਰ ਲਵੇ।

**ਪ੍ਰਸ਼ਨ** 6 : ਦੇਸ਼-ਵੰਡ ਦੇ ਪੰਜਾਬੀ ਸਾਹਿੱਤ ਉਪਰ ਕਿਹੜੇ ਸਭਿਆਚਾਰਕ ਪ੍ਰਭਾਵ ਪਏ ?

**ਉੱਤਰ :** ਦੇਸ਼-ਵੰਡ ਕਾਰਨ ਸਦੀਆਂ ਪੁਰਾਣੀ ਪੰਜਾਬੀਆਂ ਦੀ ਸਾਂਝ ਵਲੂੰਧਰੀ ਗਈ। ਉਸ ਸਮੇਂ ਦੇ ਲੱਗੇ ਹੋਏ ਜ਼ਖਮ ਅਜੇ ਤਕ ਰਿਸ ਰਹੇ ਹਨ। ਹਿੰਦੂ-ਸਿੱਖਾਂ ਨੂੰ ਓਧਰੋਂ ਆਪਣੇ ਭਰੇ-ਭਕੁੰਨੇ ਘਰ ਅਤੇ ਖੇਤ-ਖਲਿਆਣ ਛੱਡ ਕੇ ਇਧਰ ਪੁਨਰ-ਵਸੇਬਾ ਕਰਨਾ ਪਿਆ ਅਤੇ ਮੁਸਲਮਾਨ ਆਪਣੀਆਂ ਜੜ੍ਹਾਂ ਏਧਰਲੇ ਪੰਜਾਬ ਵਿਚ ਛੱਡ ਗਏ। ਜੜ੍ਹਾਂ ਦੀ ਤਲਾਸ਼ ਵਿਚ ਅਜੇ ਤਕ ਲੋਕ ਤੜਪ ਰਹੇ ਹਨ। ਹਿੰਦੂ, ਸਿੱਖ ਅਤੇ ਮੁਸਲਮਾਨ ਰਲ ਕੇ ਆਪਣੇ ਤਿਉਹਾਰ ਮਨਾਇਆ ਕਰਦੇ ਸਨ, ਹੁਣ ਤਿਉਹਾਰਾਂ ਵਿਚ ਨਾ ਪੁਰਾਣਾ ਰੰਗ ਰਿਹਾ ਹੈ ਅਤੇ ਨਾ ਰੌਣਕ। ਬੋਲੀ ਵੀ ਬਦਲਦੀ ਜਾ ਰਹੀ ਹੈ। ਪਾਕਿਸਤਾਨੀ ਪੰਜਾਬੀ ਉਪਰ ਉਰਦੂ-ਫ਼ਾਰਸੀ ਦਾ ਓਪਰਾ ਰੰਗ ਚੜ੍ਹ ਰਿਹਾ ਹੈ ਅਤੇ ਏਧਰਲੀ ਪੰਜਾਬੀ ਹਿੰਦੀ ਅਤੇ ਅੰਗਰੇਜ਼ੀ ਦੇ ਗ਼ਲਬੇ ਅਧੀਨ ਆ ਗਈ ਹੈ।

**ਪ੍ਰਸ਼ਨ** 7 : ਦੇਸ਼ ਵੰਡ ਦੇ ਸਾਹਿਤਿਕ ਪ੍ਰਭਾਵਾਂ ਉਪਰ ਇਕ ਟਿੱਪਣੀ ਕਰੋ।

**ਉੱਤਰ :** ਦੇਸ਼ ਵੰਡ ਦੇ ਕਾਰਨ ਪੰਜਾਬੀ ਬੋਲਦਾ ਖੇਤਰ ਦੋ ਭਾਗਾਂ ਵਿਚ ਵਿਭਾਜਿਤ ਹੋ ਗਿਆ। ਮੁਸਲਮਾਨ ਸਾਹਿਤਕਾਰ ਪਾਕਿਸਤਾਨ ਵਿਚ ਚਲੇ ਗਏ ਅਤੇ ਹਿੰਦੂ-ਸਿੱਖ ਸਾਹਿਤਕਾਰ ਪੱਛਮੀ ਪੰਜਾਬ ਤੋਂ ਉਜੜ ਕੇ ਭਾਰਤ ਵਿਚ ਆ ਗਏ। ਬੋਲੀਆਂ ਅਤੇ ਸਾਹਿੱਤ ਦਾ ਬਟਵਾਰਾ, ਲੋਕਾਂ ਨੂੰ ਮਾਨਸਿਕ ਤੌਰ ਉਤੇ ਅਪੰਗ ਬਣਾ ਛਡਦਾ ਹੈ। ਮੁਸਲਮਾਨ ਸਾਹਿੱਤਕਾਰਾਂ ਨੇ ਪੰਜਾਬੀ ਕਿੱਸਾ ਕਾਵਿ, ਬੀਰ ਕਾਵਿ ਅਤੇ ਸੂਫ਼ੀ ਕਾਵਿ ਦੀ ਸਿਰਜਣਾ ਵਿਚ ਵਡਮੁਲਾ ਯੋਗਦਾਨ ਪਾਇਆ ਸੀ। ਏਧਰਲੇ ਸਾਹਿੱਤਕਾਰ ਆਧੁਨਿਕ ਵੰਨਗੀ ਦੇ ਰੂਪਾਕਾਰ ਸਿਰਜਣ ਵਿਚ ਵਧੇਰੇ ਨਿਪੁੰਨ ਹਨ। ਹਿੰਦੂ, ਸਿਖ ਅਤੇ ਮੁਸਲਮਾਨ ਸਾਰੇ ਅਦੀਬ ਰਲ-ਮਿਲ ਕੇ ਬੈਠਦੇ ਅਤੇ ਕਵੀ ਦਰਬਾਰਾਂ ਵਿਚ ਸ਼ਿਰਕਤ ਕਰਿਆ ਕਰਦੇ ਸਨ। ਪਰੰਤੂ ਵੰਡ ਦੇ ਕਾਰਨ ਸਾਰੀ ਸਾਂਝ ਖ਼ਤਮ ਹੋ ਗਈ। ਕਵੀ ਦਰਬਾਰਾਂ ਦੀ ਉਹ ਪੁਰਾਣੀ ਸ਼ਾਨ ਅਤੇ ਗੌਰਵ ਨਹੀਂ ਰਿਹਾ। ਪੁਰਾਣੀਆਂ ਯਾਦਾਂ ਅਜੇ ਵੀ ਪੰਜਾਬ ਦੇ ਲੋਕਾਂ ਨੂੰ ਤੜਪਾਉਂਦੀਆਂ ਰਹਿੰਦੀਆਂ ਹਨ। ਪੰਜਾਬੀ ਸਾਹਿਤ ਦੀ ਊਰਜਾ ਵੀ ਕਾਫ਼ੀ ਘਟ ਗਈ ਹੈ।

**ਪ੍ਰਸ਼ਨ** 8 : ਸਾਂਝੇ ਪੰਜਾਬੀ ਸਭਿਆਚਾਰ ਦਾ ਜ਼ਿਕਰ ਕਰਨ ਵਾਲੇ ਪੰਜਾਬੀ ਸਾਹਿਤਕਾਰਾਂ ਦਾ ਵਰਣਨ ਕਰੋ?

**ਉੱਤਰ :**

1. ਅਫ਼ਜ਼ਲ ਅਹਿਸਨ ਰੰਧਾਵਾ
2. ਅੰਮ੍ਰਿਤਾ ਪ੍ਰੀਤਮ
3. ਪ੍ਰੋ. ਮੋਹਨ ਸਿੰਘ
4. ਸੁਖਵਿੰਦਰ ਕੰਬੋਜ
5. ਅਹਿਮਦ ਸਲੀਮ
6. ਸਲੀਮ ਖਾਂ ਗਿੰਮੀ
7. ਕਰਤਾਰ ਸਿੰਘ ਦੁੱਗਲ
8. ਮਹਿੰਦਰ ਸਿੰਘ ਸਰਨਾ... ਇਤਿਆਦਿ।

**ਪ੍ਰਸ਼ਨ** 9 : ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਵੰਨਗੀਆਂ ਦੀ ਸੰਯੁਕਤ ਇਤਿਹਾਸਕਾਰੀ ਦਾ ਮਾਡਲ ਕਿਹੋ ਜਿਹਾ ਹੋਵੇ ?

**ਉੱਤਰ :** ਪੰਜਾਬੀ ਸਾਹਿੱਤ ਦੇ ਆਧੁਨਿਕ ਰੂਪ ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ, ਇੰਗਲੈਂਡ, ਉੱਤਰੀ ਅਮਰੀਕਾ ਅਤੇ ਵਿਸ਼ਵ ਦੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਰਚੇ ਜਾ ਰਹੇ ਹਨ। ਇਨ੍ਹਾਂ ਰੂਪਾਂ ਦੀ ਇਤਿਹਾਸਕਾਰੀ ਲਈ ਸੰਯੁਕਤ ਇਤਿਹਾਸਾਂ ਦੀ ਰਚਨਾ ਹੋਣੀ ਚਾਹੀਦੀ ਹੈ। ਹਾਲ ਦੀ ਘੜੀ ਪੂਰਬੀ ਪੰਜਾਬੀ ਸਾਹਿੱਤ ਦਾ ਵਖਰਾ ਇਤਿਹਾਸ ਰਚਿਆ ਜਾ ਰਿਹਾ ਹੈ, ਪਾਕਿਸਤਾਨੀ ਪੰਜਾਬ ਦਾ ਵੱਖਰਾ ਅਤੇ ਪਰਵਾਸੀ ਲੇਖਕਾਂ ਦਾ ਵੱਖਰਾ। ਇਸ ਖੰਡਿਤ ਵਿਧੀ ਨਾਲ ਅਸੀਂ ਆਪਣੇ ਸਾਹਿੱਤ ਦੇ ਵੱਖ-ਵੱਖ ਰੂਪਾਂ ਦੇ ਵਿਕਾਸ ਅਤੇ ਸੰਭਾਵਨਾਵਾਂ ਨੂੰ ਸਹੀ ਰੂਪ ਵਿਚ ਨਹੀਂ ਅੰਕ ਸਕਦੇ। ਸੋ ਸਾਡੇ

ਲਈ ਸੰਯੁਕਤ ਇਤਿਹਾਸਕਾਰੀ ਦਾ ਕਾਰਜ ਅਤਿਅੰਤ ਜ਼ਰੂਰੀ ਹੈ।

**ਪ੍ਰਸ਼ਨ** 10 : ਪਾਕਿਸਤਾਨ ਵਿਚ ਆਧੁਨਿਕ ਪੰਜਾਬੀ ਕਾਵਿ ਦੀ ਰਚਨਾ ਕਰਨ ਵਾਲੇ ਚਾਰ ਕਵੀਆਂ ਦੇ ਨਾਮ ਲਿਖੋ :

**ਉੱਤਰ** : ਪਾਕਿਸਤਾਨ ਵਿਚ ਆਧੁਨਿਕ (ਜਦੀਦ) ਕਾਵਿ ਦੀ ਰਚਨਾ ਕਰਨ ਵਾਲੇ ਕੁਝ ਪ੍ਰਮੁੱਖ ਲੇਖਕ ਇਸ ਪ੍ਰਕਾਰ ਹਨ :

(i) ਉਸਤਾਦ ਚਰਾਗ਼ਦੀਨ ਦਾਮਨ
(ii) ਬਾਬਾ ਨਜਮੀ
(iii) ਮੁਨੀਰ ਨਿਆਜ਼ੀ
(iv) ਸ਼ਾਹਬਾਜ ਮਲਿਕ
(v) ਅਬਾਸ ਅਤਹਰ
(vi) ਸਾਰਾ ਸ਼ਗੁਫ਼ਤਾ... ਇਤਿਆਦਿ।

**ਪ੍ਰਸ਼ਨ** 11 : ਪਾਕਿਸਤਾਨੀ ਪੰਜਾਬ ਵਿਚ ਰਚਨਾ ਕਰਨ ਵਾਲੇ ਚਾਰ ਪ੍ਰਮੁੱਖ ਗਲਪਕਾਰਾਂ ਦੇ ਨਾਮ ਲਿਖੋ?

**ਉੱਤਰ** : (i) ਫ਼ਖ਼ਰ ਜ਼ਮਾਂ
(ii) ਅਫ਼ਜ਼ਲ ਅਹਿਸਨ ਰੰਧਾਵਾ
(iii) ਸਲੀਮ ਖਾਂ ਗਿੰਮੀ
(iv) ਫ਼ਰਖੰਦਾ ਲੋਧੀ
(v) ਅਹਿਮਦ ਸਲੀਮ
(vi) ਅਬਦੁਲ ਮਜੀਦ ਭੱਟੀ ... ਇਤਿਆਦਿ।

**ਪ੍ਰਸ਼ਨ** 12 : ਪਾਕਿਸਤਾਨੀ (ਪੱਛਮੀ) ਪੰਜਾਬ ਵਿਚ ਨਾਟਕ ਅਤੇ ਰੰਗਮੰਚ ਦੇ ਖੇਤਰ ਵਿਚ ਉੱਘਾ ਕੰਮ ਕਰਨ ਵਾਲੇ ਚਾਰ ਨਾਟਕਕਾਰਾਂ ਦੇ ਨਾਮ ਲਿਖੋ।

**ਉੱਤਰ** : (i) ਮੇਜਰ ਇਸਹਾਕ ਮੁਹੰਮਦ
(ii) ਨਜਮ ਹੁਸੈਨ ਸਯਦ
(iii) ਸੱਜਾਦ ਹੈਦਰ
(iv) ਸਰਮਦ ਸਹਿਬਾਈ
(v) ਸ਼ਾਹਿਦ ਨਦੀਮ
(vi) ਮਨੂ ਭਾਈ ਅਤੇ ਬਾਬਾ ਜਾਵੇਦ ... ਆਦਿਕ।

**ਪ੍ਰਸ਼ਨ 13 : ਪੰਜਾਬੀ ਰੰਗਮੰਚ ਵਿਕਾਸ ਕਿਉਂ ਨਹੀਂ ਕਰ ਰਿਹਾ ? (ਅਪ੍ਰੈਲ 2003)**

**ਉੱਤਰ** : ਪੰਜਾਬੀ ਰੰਗਮੰਚ ਦੇ ਵਿਕਾਸ ਨਾ ਕਰਨ ਦੇ ਕਈ ਕਾਰਨ ਹਨ :

(i) ਪੰਜਾਬੀ ਵਿਚ ਸੁਸਿੱਖਿਅਤ ਰੰਗਕਰਮੀਆਂ ਦੀ ਘਾਟ;
(ii) ਪ੍ਰੋਫ਼ੈਸਨਲ ਨਿਰਮਾਤਾ-ਨਿਰਦੇਸ਼ਕਾਂ ਦਾ ਨਾ ਹੋਣਾ;
(iii) ਹਰ ਰੰਗਕਰਮੀ ਦਾ ਕਿਸੇ ਇਕ ਨਿਰਦੇਸ਼ਕ ਵੱਲੋਂ ਕੀਤੀਆਂ ਪ੍ਰੋਡਕਸ਼ਨਾਂ ਨੂੰ ਜਿਉਂ-ਦਾ-ਤਿਉਂ ਦੁਹਰਾਈ ਜਾਣਾ;
(iv) ਵਿੱਤੀ ਸਾਧਨਾਂ ਦੀ ਘਾਟ: ਰੰਗਕਰਮੀਆਂ ਦੀ ਗ਼ਰੀਬੀ।
(v) ਪੰਜਾਬੀ ਦਰਸ਼ਕਾਂ ਦਾ ਮੁਫ਼ਤਖੋਰੇ ਹੋਣਾ।

**ਪ੍ਰਸ਼ਨ 14 : ਪੰਜਾਬੀ ਦਾ ਪਹਿਲਾ ਮੌਲਿਕ ਇਕਾਂਗੀਕਾਰ ਕਿਹੜਾ ਹੈ। ਉਸਦੇ ਦੋ ਇਕਾਂਗੀ ਸੰਗ੍ਰਹਾਂ ਦੇ ਨਾਮ ਦੱਸੋ।**

**ਉੱਤਰ** : ਪੰਜਾਬੀ ਦਾ ਪਹਿਲਾ ਮੌਲਿਕ ਇਕਾਂਗੀਕਾਰ ਪ੍ਰੋ. ਆਈ. ਸੀ. ਨੰਦਾ ਹੈ। ਉਸ ਦੇ ਦੋ ਇਕਾਂਗੀ ਸੰਗ੍ਰਹਿਆਂ ਦੇ

ਨਾਮ ਇਹ ਹਨ :

(i) ਝਲਕਾਰੇ।

(ii) ਲਿਸ਼ਕਾਰੇ।

**ਪ੍ਰਸ਼ਨ 15 : ਕਿਹੜੇ ਦੋ ਪੰਜਾਬੀ ਲੇਖਕਾਂ ਨੂੰ ਉਨ੍ਹਾਂ ਦੀ ਕਿਹੜੀ ਪੁਸਤਕ ਉਪਰ ਗਿਆਨਪੀਠ ਇਨਾਮ ਦਿੱਤਾ ਗਿਆ ਹੈ?**

**ਉੱਤਰ** : ਹੇਠ ਲਿਖਤ ਪੰਜਾਬੀ ਲੇਖਕਾਂ ਨੂੰ ਗਿਆਨ ਪੀਠ ਇਨਾਮ ਹਾਸਲ ਹੋਇਆ ਹੈ ?

(i) ਅੰਮ੍ਰਿਤਾ ਪ੍ਰੀਤਮ : **ਕਾਗ਼ਜ਼ ਤੇ ਕੈਨਵੱਸ** (ਕਵਿਤਾ)

(ii) ਪ੍ਰੋ. ਗੁਰਦਿਆਲ ਸਿੰਘ : **ਪਰਸਾ** (ਨਾਵਲ)

**ਪ੍ਰਸ਼ਨ 16 : ਚਾਰ ਪ੍ਰਵਾਸੀ ਪੰਜਾਬੀ ਲੇਖਕਾਂ ਅਤੇ ਉਨ੍ਹਾਂ ਦੀ ਇਕ-ਇਕ ਪੁਸਤਕ ਦਾ ਨਾਮ ਲਿਖੋ:**

**ਉੱਤਰ** :(i) ਰਵਿੰਦਰ ਰਵੀ : ਚੌਕ ਨਾਟਕ

(ii) ਸਵਰਨ ਚੰਦਨ : ਕੰਜਕਾਂ

(iii) ਦਰਸ਼ਨ ਧੀਰ : ਘਰ ਤੇ ਕਮਰੇ

(iv) ਨਵਤੇਜ ਭਾਰਤੀ : ਲੀਲ੍ਹਾ

(v) ਹਰਜੀਤ ਅਟਵਾਲ : ਰੇਤ

**ਪ੍ਰਸ਼ਨ 17 : ਪੰਜਾਬੀ ਵਿਚ ਨਿਕਲ ਰਹੇ ਚਾਰ ਆਲੋਚਨਾਤਮਕ ਰਸਾਲਿਆਂ ਦੇ ਨਾਮ ਦੱਸੋ।**

**ਉੱਤਰ** : ਪੰਜਾਬੀ ਵਿਚ ਨਿਕਲ ਰਹੇ ਚਾਰ ਆਲੋਚਨਾਤਮਕ ਰਸਾਲਿਆਂ ਦੇ ਨਾਮ ਇਹ ਹਨ :

(i) ਪੰਜਾਬੀ ਦੁਨੀਆਂ

(ii) ਆਲੋਚਨਾ

(iii) ਖੋਜ ਪਤ੍ਰਿਕਾ

(iv) ਖੋਜ ਦਰਪਣ

(v) ਸਮਦਰਸ਼ੀ।

**ਪ੍ਰਸ਼ਨ 18 : ਆਧੁਨਿਕ ਪੰਜਾਬੀ ਵਾਰਤਕ ਦੇ ਚਾਰ ਰੂਪ ਕਿਹੜੇ-ਕਿਹੜੇ ਹਨ ?**

**ਉੱਤਰ** : ਆਧੁਨਿਕ ਪੰਜਾਬੀ ਵਾਰਤਕ ਦੇ ਚਾਰ ਮੁੱਖ ਰੂਪ ਇਹ ਹਨ :

(i) ਨਿਬੰਧ

(ii) ਜੀਵਨੀ

(iii) ਸਫ਼ਰਨਾਮਾ

(iv) ਰੇਖਾ-ਚਿਤਰਕਾਰੀ

(v) ਨਾਵਲ, ਕਹਾਣੀ, ਨਾਟਕ ਇਤਿਆਦਿ।

**ਪ੍ਰਸ਼ਨ 19 : ਚਾਰ ਪੰਜਾਬੀ ਨਾਟਕਕਾਰਾਂ ਤੇ ਉਨ੍ਹਾਂ ਦੇ ਇੱਕ-ਇੱਕ ਨਾਟਕ ਦਾ ਨਾਮ ਲਿਖੋ:**

**ਉੱਤਰ** : ਪੰਜਾਬੀ ਦੇ ਚਾਰ ਨਾਟਕਕਾਰਾਂ ਅਤੇ ਉਨ੍ਹਾਂ ਦੇ ਇੱਕ-ਇੱਕ ਨਾਟਕ ਦਾ ਨਾਮ ਇਹ ਹੈ :

(i) ਆਈ.ਸੀ. ਨੰਦਾ : ਵਰ ਘਰ ਜਾਂ ਲਿੱਲੀ ਦਾ ਵਿਆਹ

(ii) ਡਾ. ਹਰਚਰਨ ਸਿੰਘ : ਕੱਲ੍ਹ, ਅੱਜ ਤੇ ਭਲਕ

(iii) ਬਲਵੰਤ ਗਾਰਗੀ : ਲੋਹਾ ਕੁੱਟ

(iv) ਪ੍ਰੋ. ਸੰਤ ਸਿੰਘ ਸੇਖੋਂ : ਮੋਇਆਂ ਸਾਰ ਨਾ ਕਾਈ

(v) ਕਪੂਰ ਸਿੰਘ ਘੁੰਮਣ : ਮੂਕ ਸੰਸਾਰ

**ਪ੍ਰਸ਼ਨ 20 : ਆਧੁਨਿਕ ਕਾਲ ਦੀਆਂ ਪੰਜ ਆਲੋਚਨਾ ਪ੍ਰਣਾਲੀਆਂ ਦੇ ਨਾਮ ਲਿਖੋ :**

**ਉੱਤਰ** : ਆਧੁਨਿਕ ਕਾਲ ਦੀਆਂ ਪੰਜ ਆਲੋਚਨਾ ਪ੍ਰਣਾਲੀਆਂ ਦੇ ਨਾਮ ਇਹ ਹਨ :

(i) ਪ੍ਰਭਾਵਵਾਦੀ ਆਲੋਚਨਾ ਪ੍ਰਣਾਲੀ
(ii) ਅਕਾਦਮਿਕ ਆਲੋਚਨਾ ਪ੍ਰਣਾਲੀ
(iii) ਮਾਰਕਸਵਾਦੀ ਆਲੋਚਨਾ ਪ੍ਰਣਾਲੀ
(iv) ਸੰਰਚਨਾਵਾਦੀ ਆਲੋਚਨਾ ਪ੍ਰਣਾਲੀ
(v) ਚਿਹਨ-ਵਿਗਿਆਨਕ ਆਲੋਚਨਾ ਪ੍ਰਣਾਲੀ
(vi) ਡੀਕਨਸਟਰਕਸ਼ਨ (ਵਿਰਚਨਾ) ਪ੍ਰਣਾਲੀ

**ਪ੍ਰਸ਼ਨ 21 : ਆਧੁਨਿਕ ਕਾਲ ਵਿਚ ਉਪਜੀ ਕਵਿਤਾ ਦੇ ਪ੍ਰਮੁੱਖ ਰੂਪਾਂ ਦਾ ਵੇਰਵਾ ਦੱਸੋ।**

**ਉੱਤਰ** : ਆਧੁਨਿਕ ਕਾਲ ਵਿਚ ਉਪਜੀ ਕਵਿਤਾ ਦੇ ਕੁਝ ਪ੍ਰਮੁੱਖ ਰੂਪ ਇਹ ਹਨ :

(i) ਬਿਆਨੀਆ ਕਾਵਿ
(ii) ਸੰਬੋਧਨੀ ਕਾਵਿ
(iii) ਛੰਦਮੁਕਤ ਕਾਵਿ
(iv) ਗ਼ਜ਼ਲ
(v) ਗੀਤ
(vi) ਰੁਬਾਈ ਆਦਿਕ।

**ਪ੍ਰਸ਼ਨ 22 : ਪੰਜਾਬੀ ਸਾਹਿੱਤ ਵਿਚ ਜਿਨ੍ਹਾਂ ਗ਼ੈਰ-ਸਰਕਾਰੀ ਸੰਸਥਾਵਾਂ ਨੇ ਹਿੱਸਾ ਪਾਇਆ ਹੈ, ਉਨ੍ਹਾਂ ਦੇ ਨਾਮ ਲਿਖੋ।**

**ਉੱਤਰ** : ਪੰਜਾਬੀ ਸਾਹਿੱਤ ਦੇ ਨਿਰਮਾਣ ਵਿਚ ਯੋਗਦਾਨ ਪਾਉਣ ਵਾਲੀਆਂ ਗ਼ੈਰ-ਸਰਕਾਰੀ ਸੰਸਥਾਵਾਂ ਇਹ ਹਨ :

(i) ਪੰਜਾਬ ਦੇ ਹਰ ਸ਼ਹਿਰ ਵਿਚ ਬਣੀਆਂ ਸਾਹਿੱਤ-ਸਭਾਵਾਂ
(ii) ਕੇਂਦਰੀ ਪੰਜਾਬੀ ਲੇਖਕ ਸਭਾ, ਜਲੰਧਰ।
(iii) ਕੇਂਦਰੀ ਪੰਜਾਬੀ ਲੇਖਕ ਸਭਾ, ਸੰਗਰੂਰ।
(iv) ਪੰਜਾਬੀ ਲੇਖਕ ਸੱਥ ਲਾਂਬੜਾਂ।
(v) ਪੰਜਾਬੀ ਸਾਹਿੱਤ ਟਰਸਟ, ਢੁੱਡੀਕੇ.... ਇਤਿਆਦਿ।

**ਪ੍ਰਸ਼ਨ 23 : ਭਾਰਤੀ ਸਾਹਿੱਤ ਅਕਾਦਮੀ ਵੱਲੋਂ ਪੁਰਸਕਾਰਿਤ ਪੰਜ ਲੇਖਕਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਨਾਮ ਲਿਖੋ:**

**ਉੱਤਰ** : ਪੰਜਾਬੀ ਸਾਹਿੱਤ ਅਕਾਦਮੀ ਦਿੱਲੀ ਵੱਲੋਂ ਪੁਰਸਕਾਰਿਤ ਪੰਜ ਲੇਖਕਾਂ ਦੇ ਨਾਮ ਇਹ ਹਨ :

1. ਭਾਈ ਵੀਰ ਸਿੰਘ : ਮੇਰੇ ਸਾਈਆਂ ਜੀਓ
2. ਅੰਮ੍ਰਿਤਾ ਪ੍ਰੀਤਮ : ਸੁਨੇਹੁੜੇ
3. ਸ.ਸ. ਮੀਸ਼ਾ : ਕੱਚ ਦੇ ਵਸਤਰ
4. ਸ਼ਿਵ ਕੁਮਾਰ : ਲੂਣਾ
5. ਸੁਰਜੀਤ ਪਾਤਰ : ਹਨੇਰੇ ਵਿਚ ਸੁਲਗਦੀ ਵਰਣਮਾਲਾ
6. ਦਲੀਪ ਕੌਰ ਟਿਵਾਣਾ: ਏਹੁ ਹਮਾਰਾ ਜੀਵਣਾ।

**ਪ੍ਰਸ਼ਨ 24 : ਪੰਜਾਬੀ ਸਾਹਿੱਤ ਵਿਚ ਲਿਖਿਆ ਪਹਿਲਾ ਨਾਟਕ ਅਤੇ ਉਸਦੇ ਕਰਤਾ ਦਾ ਪਰਿਚਯ ਕਰਵਾਉ।**

**ਉੱਤਰ**: ਪੰਜਾਬੀ ਦਾ ਪਹਿਲਾ ਨਾਟਕ 'ਰਾਜਾ ਲਖਦਾਤਾ ਸਿੰਘ' ਨੂੰ ਮੰਨਿਆ ਜਾਂਦਾ ਹੈ। ਇਸ ਦੀ ਰਚਨਾ ਪੰਜਾਬੀ ਦੇ ਪ੍ਰਸਿੱਧ ਲੇਖਕ ਭਾਈ ਵੀਰ ਸਿੰਘ ਨੇ ਕੀਤੀ ਸੀ। ਕਈ ਆਲੋਚਕ ਬਾਵਾ ਬੁੱਧ ਸਿੰਘ ਦੇ ਨਾਟਕਾਂ 'ਚੰਦਰ ਹਰੀ' ਅਤੇ 'ਮੁੰਦਰੀ ਛਲ' ਨੂੰ ਵੀ ਪੰਜਾਬੀ ਦੇ ਮੁਢਲੇ ਨਾਟਕ ਮੰਨਦੇ ਹਨ।

**ਪ੍ਰਸ਼ਨ 25 : ਆਧੁਨਿਕ ਪੰਜਾਬੀ ਸਾਹਿਤ ਦੇ ਪ੍ਰਮੁੱਖ ਜੀਵਨੀਕਾਰ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਨਾਮ ਦੱਸੋ।**

**ਉੱਤਰ** : ਪੰਜਾਬੀ ਦੇ ਪ੍ਰਮੁੱਖ ਜੀਵਨੀਕਾਰਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਨਾਮ ਇਸ ਪ੍ਰਕਾਰ ਹਨ :

(i) ਦੁਰਲਭ ਸਿੰਘ : ਮਾਸਟਰ ਤਾਰਾ ਸਿੰਘ
(ii) ਸੁਰਜੀਤ ਸਿੰਘ ਸੇਠੀ : ਇਤਿਹਾਸ ਨੇਤਾ ਜੀ
(iii) ਪ੍ਰੋ. ਕਰਤਾਰ ਸਿੰਘ : ਜੀਵਨ ਗੁਰੂ ਗੋਬਿੰਦ ਸਿੰਘ
(iv) ਸੰਤ ਇੰਦਰ ਸਿੰਘ ਚਕ੍ਰਵਰਤੀ : ਅਟੱਲ ਪ੍ਰਤਾਪੀ ਸਤਿਗੁਰੂ
(v) ਗੁਰਮੁਖ ਸਿੰਘ ਮੁਸਾਫ਼ਿਰ : ਨੇੜਿਓਂ ਤੱਕਿਆ ਜਵਾਹਰ ਲਾਲ
(vi) ਸ. ਸੂਬਾ ਸਿੰਘ : ਦੀਵਾਨ ਸਿੰਘ ਕਾਲੇਪਾਣੀ
(vii) ਜਸਵੰਤ ਸਿੰਘ ਜਸ : ਬਾਬਾ ਰਾਮ ਸਿੰਘ

**ਪ੍ਰਸ਼ਨ 26 : ਪੰਜਾਬੀ ਸਫ਼ਰਨਾਮਾ ਸਾਹਿੱਤ ਦਾ ਆਰੰਭ ਕਦੋਂ ਅਤੇ ਕਿਸ ਨੇ ਕੀਤਾ ?**

**ਉੱਤਰ** : ਪੰਜਾਬੀ ਸਫ਼ਰਨਾਮਾ ਸਾਹਿੱਤ ਦਾ ਆਰੰਭ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਹੋਇਆ। ਸਭ ਤੋਂ ਮੁਢਲੇ ਸਫ਼ਰਨਾਮੇ ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖੇ। ਉਸ ਦੁਆਰਾ ਲਿਖਿਆ 'ਵਲਾਇਤ ਦਾ ਸਫ਼ਰਨਾਮਾ', 1907 ਈ. ਵਿਚ ਅਤੇ 'ਵਲਾਇਤ ਦਾ ਸਫ਼ਰ', 1908 ਈ. ਵਿਚ ਲਿਖੇ ਗਏ। ਲਾਲ ਸਿੰਘ ਕਮਲਾ ਅਕਾਲੀ ਦੁਆਰਾ ਰਚਿਤ 'ਮੇਰਾ ਵਲਾਇਤੀ ਸਫ਼ਰਨਾਮਾ' (1931) ਪੰਜਾਬੀ ਸਫ਼ਰਨਾਮਾ ਸਾਹਿੱਤ ਦੀ ਇਕ ਮਹੱਤਵਪੂਰਨ ਉਪਲਬਧੀ ਹੈ।

**ਪ੍ਰਸ਼ਨ 27 : ਨਵੀਂ ਪੰਜਾਬੀ ਕਵਿਤਾ ਦੀਆਂ ਮੁੱਖ ਪ੍ਰਵਿਰਤੀਆਂ ਦਰਸਾਉ।**

**ਉੱਤਰ** : ਨਵੀਂ ਪੰਜਾਬੀ ਕਵਿਤਾ ਦੀਆਂ ਮੁੱਖ ਪ੍ਰਵਿਰਤੀਆਂ ਇਹ ਹਨ :

(i) ਆਧੁਨਿਕਵਾਦ
(ii) ਸੁਹਜਵਾਦ
(iii) ਮਨੋਵਿਗਿਆਨਕ ਯਥਾਰਥਵਾਦ
(iv) ਨਵ-ਰਹੱਸਵਾਦ

**ਪ੍ਰਸ਼ਨ 28 : ਪੰਜਾਬੀ ਸ੍ਵੈਜੀਵਨੀ ਦਾ ਆਰੰਭ ਕਦੋਂ ਹੋਇਆ ?**

**ਉੱਤਰ** : ਪੰਜਾਬੀ ਵਿਚ ਲਿਖੀ ਪਹਿਲੀ ਸ੍ਵੈਜੀਵਨੀ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਬਚਿਤ੍ਰ ਨਾਟਕ' (ਸਤਾਰ੍ਹਵੀਂ ਸਦੀ) ਹੈ। ਆਧੁਨਿਕ ਸ੍ਵੈਜੀਵਨੀਕਾਰਾਂ ਵਿਚ ਪ੍ਰੋ. ਪੂਰਨ ਸਿੰਘ (ਜੀਵਨ ਦੇ ਰਾਹਾਂ ਤੇ, 1931), ਗਿਆਨੀ ਹੀਰਾ ਸਿੰਘ ਦਰਦ (ਮੇਰੀਆਂ ਕੁਝ ਇਤਿਹਾਸਕ ਯਾਦਾਂ, 1960) ਅਤੇ ਪ੍ਰਿੰਸੀਪਲ ਤੇਜਾ ਸਿੰਘ (ਆਰਸੀ, 1953) ਆਦਿ ਦੇ ਨਾਮ ਲਏ ਜਾ ਸਕਦੇ ਹਨ।

**ਪ੍ਰਸ਼ਨ 29: ਪ੍ਰਮੁੱਖ ਮਾਰਕਸਵਾਦੀ ਆਲੋਚਕਾਂ ਦੇ ਨਾਮ ਤਰਤੀਬਵਾਰ ਲਿਖੋ :**

**ਉੱਤਰ** : ਪੰਜਾਬੀ ਦੇ ਕੁਝ ਪ੍ਰਮੁੱਖ ਮਾਰਕਸਵਾਦੀ ਆਲੋਚਕਾਂ ਦੀ ਤਰਤੀਬ ਇਸ ਪ੍ਰਕਾਰ ਹੈ :

(i) ਪ੍ਰੋ. ਸੰਤ ਸਿੰਘ ਸੇਖੋਂ
(ii) ਪ੍ਰੋ. ਕਿਸ਼ਨ ਸਿੰਘ
(iii) ਡਾ. ਤੇਜਵੰਤ ਸਿੰਘ ਗਿੱਲ
(iv) ਡਾ. ਟੀ.ਆਰ. ਵਿਨੋਦ
(v) ਡਾ. ਸੁਰਜੀਤ ਸਿੰਘ ਭੱਟੀ।
(vi) ਡਾ. ਤੇਜਵੰਤ ਮਾਨ

**ਪ੍ਰਸ਼ਨ 30: ਆਧੁਨਿਕ ਪੰਜਾਬੀ ਕਾਵਿ ਦਾ ਵਿਕਾਸ ਕਦੋਂ ਹੋਇਆ ਅਤੇ ਕਿਸਨੇ ਕੀਤਾ ?**

**ਉੱਤਰ** : ਆਧੁਨਿਕ ਪੰਜਾਬੀ ਕਾਵਿ ਦਾ ਵਿਕਾਸ, ਪੰਜਾਬ ਵਿਚ ਅੰਗਰੇਜ਼ਾਂ ਦੇ ਆਗਮਨ ਤੋਂ ਬਾਅਦ ਆਰਥਿਕ-ਪਦਾਰਥਕ ਸਥਿਤੀਆਂ ਬਦਲ ਜਾਣ ਤੇ ਵੀਹਵੀਂ ਸਦੀ ਦੇ ਆਰੰਭ ਵਿਚ ਹੋਇਆ। ਇਸ ਦੇ ਵਿਕਾਸ ਵਿਚ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਲਾਲਾ ਧਨੀ ਰਾਮ ਚਾਤ੍ਰਿਕ ਨੇ ਵਿਸ਼ੇਸ਼ ਯੋਗਦਾਨ ਪਾਇਆ।

**ਪ੍ਰਸ਼ਨ 31: ਜੀਵਨੀ ਅਤੇ ਸ੍ਵੈਜੀਵਨੀ ਵਿਚ ਕੀ ਫ਼ਰਕ ਹੈ ? (ਅਪ੍ਰੈਲ 2005)**

**ਉੱਤਰ** : ਜੀਵਨੀ ਅਤੇ ਸ੍ਵੈਜੀਵਨੀ, ਦੋਹਾਂ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦੇ ਜੀਵਨ ਨੂੰ ਰੂਪਮਾਨ ਕੀਤਾ ਜਾਂਦਾ ਹੈ।

ਜੀਵਨੀ ਦਾ ਲੇਖਕ ਕੋਈ ਹੋਰ ਹੁੰਦਾ ਹੈ ਅਤੇ ਸ੍ਵੈਜੀਵਨੀ ਵਿਚ ਸ੍ਵੈਜੀਵਨੀਕਾਰ ਆਪਣੇ ਹੀ ਜੀਵਨ-ਬ੍ਰਿਤਾਂਤ ਦੀ ਰਚਨਾ ਕਰਦਾ ਹੈ।

**ਪ੍ਰਸ਼ਨ 32: 1947 ਈ. ਦੀ ਵੰਡ ਦਾ ਪੰਜਾਬੀ ਸਾਹਿੱਤ ਤੇ ਕੀ ਪ੍ਰਭਾਵ ਪਿਆ ?**

**ਉੱਤਰ** : ਇਸ ਵੰਡ ਦੇ ਪੰਜਾਬੀ ਸਾਹਿੱਤ ਉਪਰ ਕਈ ਪ੍ਰਭਾਵ ਪਏ :

(i) ਪੰਜਾਬੀ ਬੋਲਦਾ ਇਲਾਕਾ ਦੋ ਦੇਸ਼ਾਂ ਭਾਰਤ ਅਤੇ ਪਾਕਿਸਤਾਨ ਵਿਚ ਵੰਡਿਆ ਗਿਆ।

(ii) ਵੰਡ ਕਾਰਨ ਪੰਜਾਬੀਆਂ ਨੂੰ ਆਰਥਿਕ ਔਕੜਾਂ ਸਹਿਣੀਆਂ ਪਈਆਂ ਜਿਸ ਕਾਰਨ ਉਹ ਸਾਹਿੱਤ ਪੜ੍ਹਨ-ਪੜ੍ਹਾਉਣ ਦੇ ਮਾਮਲੇ ਵਿਚ ਪਛੜ ਗਏ।

(iii) ਸਾਂਝੇ ਸਭਿਆਚਾਰ ਦੇ ਵੰਡੇ ਜਾਣ ਕਾਰਨ ਦੋਵੇਂ ਦੇਸ਼ਾਂ ਦੇ ਲੇਖਕ ਅਤੇ ਪਾਠਕ ਆਪਣੀਆਂ-ਆਪਣੀਆਂ ਜੜ੍ਹਾਂ ਦੀ ਤਲਾਸ਼ ਵਿਚ ਭਟਕ ਰਹੇ ਹਨ।

(iv) ਮਾਨਵਤਾ ਦਾ ਘਾਣ ਹੋ ਗਿਆ ਅਤੇ ਸਦੀਆਂ ਤੋਂ ਇਕੱਠੇ ਰਹਿੰਦੇ ਲੋਕ, ਇਕ ਦੂਜੇ ਦੇ ਲਹੂ ਦੇ ਪਿਆਸੇ ਬਣ ਗਏ। ਇਸ ਦੁਖਾਂਤ ਨੇ ਸਾਹਿੱਤ ਉਤੇ ਬੜਾ ਪ੍ਰਭਾਵ ਪਾਇਆ।

**ਪ੍ਰਸ਼ਨ 33: ਪੰਜਾਬੀ ਨਾਵਲ ਦੀਆਂ ਦੋ ਪ੍ਰਮੁੱਖ ਪ੍ਰਵਿਰਤੀਆਂ ਦਾ ਉਲੇਖ ਕਰੋ ਅਤੇ ਹਰ ਪ੍ਰਵਿਰਤੀ ਨਾਲ ਸੰਬੰਧਿਤ ਨਾਵਲਕਾਰ ਦੀ ਇਕ-ਇਕ ਰਚਨਾ ਦਾ ਜ਼ਿਕਰ ਕਰੋ।**

**ਉੱਤਰ** : ਪੰਜਾਬੀ ਨਾਵਲ ਦੀਆਂ ਦੋ ਪ੍ਰਮੁੱਖ ਪ੍ਰਵਿਰਤੀਆਂ ਇਹ ਹਨ :

1. ਸੁਧਾਰਵਾਦੀ ਪ੍ਰਵਿਰਤੀ : ਸ. ਨਾਨਕ ਸਿੰਘ (ਚਿੱਟਾ ਲਹੂ)
2. ਪ੍ਰਗਤੀਵਾਦੀ ਪ੍ਰਵਿਰਤੀ : ਜਸਵੰਤ ਸਿੰਘ ਕੰਵਲ (ਲਹੂ ਦੀ ਲੋਅ)

**ਪ੍ਰਸ਼ਨ 34: ਪੰਜਾਬੀ ਜੀਵਨੀ ਸਾਹਿੱਤ ਵਿਚ ਦੋ ਲੇਖਕਾਂ ਦੀਆਂ ਦੋ ਜੀਵਨੀ ਪੁਸਤਕਾਂ ਦਾ ਜ਼ਿਕਰ ਕਰੋ ਜਿਨ੍ਹਾਂ ਵਿਚੋਂ ਇਕ ਪੁਸਤਕ ਕਿਸੇ ਸਾਹਿੱਤਕਾਰ ਦੇ ਜੀਵਨ ਨਾਲ ਸੰਬੰਧਿਤ ਹੋਵੇ ਅਤੇ ਦੂਜੀ ਕਿਸੇ ਦੇਸ਼ਭਗਤ ਸੰਗਰਾਮੀਏ ਦੇ ਜੀਵਨ ਨਾਲ।**

**ਉੱਤਰ** : ਦੋ ਜੀਵਨੀਆਂ ਦੇ ਨਾਮ ਇਸ ਪ੍ਰਕਾਰ ਹਨ :

1. ਹਰਦਿਆਲ ਸਿੰਘ : ਇਕ ਸੁਨਹਿਰੀ ਦਿਲ (ਸਾਹਿੱਤਕਾਰ ਦੀਵਾਨ ਸਿੰਘ ਕਾਲੇਪਾਣੀ ਬਾਰੇ)
2. ਗੁਰਮੁਖ ਸਿੰਘ : ਨੇੜਿਓ ਤੱਕਿਆ ਜਵਾਹਰ ਲਾਲ (ਦੇਸ਼ਭਗਤ ਸੰਗਰਾਮੀਏ ਬਾਰੇ)

**ਪ੍ਰਸ਼ਨ 35: ਪੰਜਾਬੀ ਨਾਟਕ ਦੀਆਂ ਦੋ ਪ੍ਰਵਿਰਤੀਆਂ ਬਾਰੇ ਦੱਸੋ ਅਤੇ ਸੰਬੰਧਿਤ ਨਾਟਕਕਾਰਾਂ ਦਾ ਜ਼ਿਕਰ ਵੀ ਕਰੋ :**

**ਉੱਤਰ** :
1. ਸੁਧਾਰਵਾਦੀ ਪ੍ਰਵਿਰਤੀ : ਪ੍ਰੋ. ਆਈ. ਸੀ. ਨੰਦਾ
2. ਯਥਾਰਥਵਾਦੀ ਪ੍ਰਵਿਰਤੀ : ਡਾ. ਹਰਚਰਨ ਸਿੰਘ ਅਤੇ ਸੰਤ ਸਿੰਘ ਸੇਖੋਂ।

**ਪ੍ਰਸ਼ਨ 36: 1960 ਈ. ਤੋਂ ਪਿੱਛੋਂ ਦੇ ਪੰਜਾਬੀ ਸ੍ਵੈਜੀਵਨੀ ਦੇ ਇਤਿਹਾਸ ਵਿਚ ਦੋ ਲੇਖਕਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਜ਼ਿਕਰ ਕਰੋ :**

**ਉੱਤਰ** : ਪੰਜਾਬੀ ਦੀਆਂ ਦੋ ਸ੍ਵੈਜੀਵਨੀਆਂ ਅਤੇ ਉਨ੍ਹਾਂ ਦੇ ਲੇਖਕਾਂ ਦੇ ਨਾਮ ਇਸ ਪ੍ਰਕਾਰ ਹਨ :

1. ਅੰਮ੍ਰਿਤਾ ਪ੍ਰੀਤਮ : ਰਸੀਦੀ ਟਿਕਟ (1977)
2. ਕਰਤਾਰ ਸਿੰਘ ਦੁੱਗਲ : ਕਿਸ ਪਹਿ ਖੋਲਉ ਗੰਠੜੀ (1985)

**ਪ੍ਰਸ਼ਨ 37: ਪੰਜਾਬੀ ਸਫ਼ਰਨਾਮਾ ਸਾਹਿੱਤ ਵਿਚ ਦੋ ਲੇਖਕਾਂ ਦੀਆਂ ਯਾਤਰਾ ਪੁਸਤਕਾਂ ਦਾ ਜ਼ਿਕਰ ਕਰੋ ਜਿਨ੍ਹਾਂ ਵਿਚੋਂ ਇਕ ਪੁਸਤਕ 1947 ਈ. ਤੋਂ ਪਹਿਲਾਂ ਅਤੇ ਦੂਜੀ ਪਿਛੋਂ ਦੀ ਹੋਵੇ।**

**ਉੱਤਰ** : 1947 ਈ. ਤੋਂ ਪਹਿਲਾਂ ਅਤੇ ਪਿਛੋਂ ਦੇ ਦੋ ਸਫ਼ਰਨਾਮੇ ਇਸ ਪ੍ਰਕਾਰ ਹਨ :

1. ਲਾਲ ਸਿੰਘ ਕਮਲਾ ਅਕਾਲੀ : ਮੇਰਾ ਵਲਾਇਤੀ ਸਫ਼ਰਨਾਮਾ (1931)
2. ਬਲਰਾਜ ਸਾਹਨੀ : ਮੇਰਾ ਰੂਸੀ ਸਫ਼ਰਨਾਮਾ (1967)

**ਪ੍ਰਸ਼ਨ 38: ਪੰਜਾਬੀ ਵਿਚ ਪ੍ਰਯੋਗਸ਼ੀਲ ਕਵਿਤਾ ਦਾ ਦੌਰ ਕਿਸ ਸਮੇਂ ਚੱਲਿਆ ਅਤੇ ਇਸ ਨਾਲ ਸੰਬੰਧਿਤ ਦੋ ਕਵੀਆਂ ਦਾ ਜ਼ਿਕਰ ਕਰੋ।**

**ਉੱਤਰ** : ਪੰਜਾਬੀ ਵਿਚ ਪ੍ਰਯੋਗਸ਼ੀਲ ਕਵਿਤਾ ਦਾ ਦੌਰ 1960-1970 ਈ. ਤਕ ਚੱਲਿਆ। ਇਸ ਧਾਰਾ ਨਾਲ ਸੰਬੰਧਿਤ ਦੋ ਕਵੀ ਇਹ ਹਨ :

1. ਡਾ. ਜਸਬੀਰ ਸਿੰਘ ਆਹਲੂਵਾਲੀਆ : ਕਾਗਜ਼ ਦਾ ਰਾਵਣ
2. ਅਜਾਇਬ ਕਮਲ : ਸ਼ਤਰੰਜ ਦੀ ਖੇਡ
3. ਰਵਿੰਦਰ ਰਵੀ : ਦਿਲ ਟਰਾਂਸਪਲਾਂਟ ਤੋਂ ਬਾਅਦ।

**ਪ੍ਰਸ਼ਨ 39: ਪੰਜਾਬੀ ਦੇ ਦੋ ਸਾਹਿਤਕਾਰਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਵਰਣਨ ਕਰੋ ਜਿਨ੍ਹਾਂ ਦਾ ਪੰਜਾਬੀ ਨਿਬੰਧ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਹੈ।**

**ਉੱਤਰ** : ਪੰਜਾਬੀ ਦੇ ਦੋ ਪ੍ਰਮੁਖ ਨਿਬੰਧਕਾਰ ਅਤੇ ਉਨ੍ਹਾਂ ਦੀਆਂ ਪ੍ਰਮੁਖ ਰਚਨਾਵਾਂ ਇਹ ਹਨ :

1. ਪ੍ਰੋ. ਪੂਰਨ ਸਿੰਘ : ਖੁਲ੍ਹੇ ਲੇਖ
2. ਪ੍ਰੋ. ਤੇਜਾ ਸਿੰਘ : ਘਰ ਦਾ ਪਿਆਰ
3. ਸ. ਗੁਰਬਖਸ਼ ਸਿੰਘ ਪ੍ਰੀਤਲੜੀ: ਰੀਝਾਂ ਦੀ ਖੱਡੀ।

**ਪ੍ਰਸ਼ਨ 40: ਆਧੁਨਿਕ ਯੁੱਗ ਵਿਚ ਨਾਵਲ ਦੀ ਲੋਕਪ੍ਰਿਅਤਾ ਦੇ ਕੀ ਕਾਰਨ ਹਨ ?**

**ਉੱਤਰ** : ਆਧੁਨਿਕ ਯੁੱਗ ਵਿਚ ਪੂੰਜੀਵਾਦੀ ਅਰਥਵਿਵਸਥਾ ਦਾ ਬੋਲਬਾਲਾ ਹੈ। ਇਸ ਵਿਵਸਥਾ ਦੀ ਪੇਸ਼ਕਾਰੀ ਕਰਨ ਵਾਸਤੇ ਨਾਵਲ ਦਾ ਰੂਪਾਕਾਰ ਸਭ ਤੋਂ ਸਮਰੱਥ ਸਿੱਧ ਹੋਇਆ ਹੈ। ਨਾਵਲ ਨੂੰ ਪੂੰਜੀਵਾਦੀ ਯੁੱਗ ਦਾ ਮਹਾਂਕਾਵਿ ਵੀ ਕਿਹਾ ਗਿਆ ਹੈ। ਇਸ ਲਈ ਇਸ ਯੁੱਗ ਵਿਚ ਨਾਵਲ ਸਭ ਤੋਂ ਲੋਕਪ੍ਰਿਅ ਰੂਪ ਹੈ।

**ਪ੍ਰਸ਼ਨ 41: ਪ੍ਰਗਤੀਵਾਦੀ ਪੰਜਾਬੀ ਕਾਵਿ ਦੀਆਂ ਦੋ ਵਿਸ਼ੇਸ਼ ਪ੍ਰਾਪਤੀਆਂ ਦੱਸੋ :**

**ਉੱਤਰ** : ਪ੍ਰਗਤੀਵਾਦੀ ਪੰਜਾਬੀ ਕਾਵਿ ਦੀਆਂ ਦੋ ਵਿਸ਼ੇਸ਼ ਪ੍ਰਾਪਤੀਆਂ ਇਹ ਹਨ :

1. ਕਿਰਸਾਨਾਂ ਅਤੇ ਮਜ਼ਦੂਰੀ ਵਿਚ ਰਾਜਸੀ ਚੇਤਨਾ ਪੈਦਾ ਕਰਨਾ।
2. ਸਾਹਿੱਤ ਨੂੰ ਸਮਾਜ ਦਾ ਦਰਪਣ ਬਣਾਉਣਾ, ਅਤੇ
3. ਸੌਂਦਰਯ ਦੇ ਨਵੀਨ ਪ੍ਰਤੀਮਾਨ ਸਿਰਜਣਾ।

**ਪ੍ਰਸ਼ਨ 42: ਨਾਵਲ ਅਤੇ ਕਹਾਣੀ ਵਿਚ ਕੀ ਅੰਤਰ ਹੈ ?**

**ਉੱਤਰ** : ਨਾਵਲ ਅਤੇ ਕਹਾਣੀ ਵਿਚ ਵੱਡਾ ਅੰਤਰ ਮਨੁੱਖੀ ਅਨੁਭਵ ਦਾ ਹੈ। ਆਧੁਨਿਕ ਜੀਵਨ ਦੀ ਜਟਿਲਤਾ ਨੇ ਮਨੁੱਖੀ ਅਨੁਭਵ ਨੂੰ ਖੰਡਿਤ ਕਰਕੇ ਰੱਖ ਦਿਤਾ ਹੈ। ਨਿੱਕੀ ਕਹਾਣੀ ਵਿਚ ਮਨੁੱਖੀ ਅਨੁਭਵ ਦੇ ਕਿਸੇ ਇਕ ਖੰਡ ਨੂੰ ਬਿਆਨ ਕੀਤਾ ਜਾਂਦਾ ਹੈ ਜਦੋਂ ਕਿ ਨਾਵਲ ਵਿਚ ਅਨੁਭਵ ਨੂੰ ਸਮੁੱਚੇ ਰੂਪ ਵਿਚ ਬਿਆਨ ਕੀਤਾ ਜਾਂਦਾ ਹੈ। ਨਿੱਕੀ ਕਹਾਣੀ ਮਨੁੱਖੀ ਜੀਵਨ ਦੀ ਕਿਸੇ ਇਕ ਘਟਨਾ ਦੁਆਲੇ ਘੁੰਮਦੀ ਹੈ ਅਤੇ ਨਾਵਲ ਵਿਚ ਬਹੁਤ ਸਾਰੀਆਂ ਘਟਨਾਵਾਂ ਅਤੇ ਪਾਤਰਾਂ ਦੇ ਮਾਧਿਅਮ ਦੁਆਰਾ ਕਿਸੇ ਇਕ ਜਾਂ ਬਹੁਤੇ ਵਿਅਕਤੀਆਂ ਦੇ ਸਮੁੱਚੇ ਜੀਵਨ ਨੂੰ ਪੇਸ਼ ਕੀਤਾ ਜਾਂਦਾ ਹੈ।

**ਪ੍ਰਸ਼ਨ 43: ਨਿਬੰਧ ਦੇ ਮੂਲ ਲੱਛਣ ਦੱਸੋ।**

**ਉੱਤਰ** : ਨਿਬੰਧ ਦੇ ਮੂਲ ਲੱਛਣ ਇਹ ਹਨ :

1. ਸੰਖੇਪਤਾ
2. ਸਹਿਜ ਸੁਭਾਵਿਕਤਾ
3. ਨਿਆਇ (ਵਿਵੇਕ)
4. ਵਿਅਕਤੀਗਤ ਛਾਪ
5. ਮੌਲਿਕਤਾ

**ਪ੍ਰਸ਼ਨ 44: ਮੁੱਢਲੀ ਅਤੇ ਸਮਕਾਲੀ ਪੰਜਾਬੀ ਕਹਾਣੀ ਵਿਚ ਕੀ ਅੰਤਰ ਹੈ ?**

**ਉੱਤਰ** : 1. ਮੁੱਢਲੀ ਕਹਾਣੀ ਵਿਚ ਘਟਨਾਵਾਂ ਦਾ ਵਿਸਤਾਰ ਵਧੇਰੇ ਸੀ। ਅਜੋਕੀ ਕਹਾਣੀ ਵਿਚ ਸੂਤਰਬੱਧਤਾ ਆ

ਗਈ ਹੈ।

2. ਮੁੱਢਲੀ ਕਹਾਣੀ ਪਰੰਪਰਾਗਤ ਅਨੁਭਵ ਵਿਚੋਂ ਪੈਦਾ ਹੋਈ ਸੀ। ਸਮਕਾਲੀ ਕਹਾਣੀ ਅਜੋਕੇ ਪੂੰਜੀਵਾਦੀ ਯੁਗ ਵਿਚੋਂ ਪੈਦਾ ਹੋਏ ਅਨੁਭਵ ਦੀ ਦੇਣ ਹੈ।
3. ਮੁੱਢਲੀ ਕਹਾਣੀ ਵਿਚ ਪ੍ਰਭਾਵ ਦੀ ਏਕਤਾ ਵੱਲ ਬਹੁਤੀ ਤਜਵਹੁ ਨਹੀਂ ਸੀ ਦਿੱਤੀ ਜਾਂਦੀ ਜਦੋਂ ਕਿ ਸਮਕਾਲੀ ਕਹਾਣੀ ਦਾ ਮੁਖ ਲੱਛਣ ਪ੍ਰਭਾਵ ਦੀ ਏਕਤਾ ਹੈ।

**ਪ੍ਰਸ਼ਨ 45: ਕਵਿਤਾ ਦੇ ਮੂਲ ਤੱਤਾਂ ਦਾ ਵੇਰਵਾ ਦਿਉ।**

**ਉੱਤਰ** : 1. ਅਨੁਭਵ ਦੀ ਸੁਹਿਰਦਤਾ,
2. ਕਲਪਨਾ ਦੀ ਪ੍ਰਚੰਡਤਾ,
3. ਭਾਵ ਜਾਂ ਜਜ਼ਬੇ ਦੀ ਸ਼ਿੱਦਤ,
4. ਛੰਦ, ਬਿੰਬ, ਅਲੰਕਾਰ ਅਤੇ ਕਾਵਿ ਸ਼ਬਦਾਵਲੀ ਦਾ ਢੁੱਕਵਾਂਪਣ।

**ਪ੍ਰਸ਼ਨ 46: ਨਾਟਕ ਲਿਖਣ ਦਾ ਮੰਤਵ ਕੀ ਹੈ ?**

**ਉੱਤਰ** : ਨਾਟਕ ਲਿਖਣ ਦਾ ਮੰਤਵ ਵਾਰਤਾਲਾਪ ਦੇ ਮਾਧਿਅਮ ਦੁਆਰਾ ਕਿਸੇ ਵਿਅਕਤੀ ਅਥਵਾ ਵਿਅਕਤੀ ਸਮੂਹ ਦੇ ਜੀਵਨ ਦੀ ਹੂਬਹੂ ਤਸਵੀਰ ਦਰਸ਼ਕਾਂ ਦੇ ਸਨਮੁਖ ਪੇਸ਼ ਕਰਨਾ ਹੁੰਦਾ ਹੈ। ਇਸ ਵਿਚ ਅਭਿਨੇਤਾ ਲੋਕ, ਰੰਗਮੰਚ ਉਪਰ ਉਪਸਥਿਤ ਹੋ ਕੇ, ਨਾਟਕੀ ਕਾਰਜ ਦੁਆਰਾ ਕਿਸੇ ਮਨੁੱਖੀ ਸਥਿਤੀ ਨੂੰ ਸਾਕਾਰ ਕਰਦੇ ਹਨ।

**ਪ੍ਰਸ਼ਨ 47: ਪੰਜਾਬੀ ਨਾਵਲ ਵਿਚ ਕਿਹੜੇ ਨਾਵਲਕਾਰ ਪੱਛਮੀ ਪ੍ਰਭਾਵਾਂ ਨਾਲ ਜੁੜੇ ਸਨ ? (ਅਪ੍ਰੈਲ 2003)**

**ਉੱਤਰ** : ਪੰਜਾਬੀ ਨਾਵਲ ਦੇ ਪ੍ਰਸੰਗ ਵਿਚ ਸੁਰਜੀਤ ਸਿੰਘ ਸੇਠੀ (ਇਕ ਖਾਲੀ ਪਿਆਲਾ), ਨਰਿੰਜਨ ਤਸਨੀਮ (ਤ੍ਰੇੜਾਂ ਤੇ ਰੂਪ) ਅਤੇ ਸੁਖਬੀਰ (ਸੜਕਾਂ ਤੇ ਕਮਰੇ) ਵਰਗੇ ਨਾਵਲਕਾਰ ਪੱਛਮੀ ਪ੍ਰਭਾਵਾਂ ਨਾਲ ਜੁੜੇ ਹੋਏ ਸਨ।

**ਪ੍ਰਸ਼ਨ 48: ਪੰਜਾਬੀ ਨਾਟਕ ਕਿਉਂ ਖੜੋਤ ਵਿਚ ਹੈ ? (ਅਪ੍ਰੈਲ 2003)**

**ਉੱਤਰ** : ਪੰਜਾਬੀ ਨਾਟਕ ਦੇ ਖੜੋਤ ਵਿਚ ਹੋਣ ਦੇ ਇਹ ਕਾਰਨ ਹਨ :
(i) ਪੰਜਾਬੀ ਵਿਚ ਪੇਸ਼ਾਵਰ (ਪ੍ਰੋਫ਼ੈਸ਼ਨਲ) ਰੰਗਮੰਚ ਦੀ ਅਣਹੋਂਦ ;
(ii) ਰੰਗਕਰਮੀਆਂ ਦਾ ਰਵਾਇਤ ਦੇ ਧਾਰਨੀ ਹੋਣਾ ਅਤੇ ਪ੍ਰਯੋਗ ਕਰਨ ਤੋਂ ਸੰਕੋਚ ;
(iii) ਨਾਟਕਕਾਰਾਂ ਅਤੇ ਰੰਗਕਰਮੀਆਂ ਪਾਸ ਵਿੱਤੀ ਸਾਧਨਾਂ ਦੀ ਘਾਟ।

**ਪ੍ਰਸ਼ਨ 49: ਪੰਜਾਬੀ ਆਲੋਚਨਾ ਆਪਣਾ ਕਾਵਿ-ਸ਼ਾਸਤਰ ਕਿਉਂ ਨਹੀਂ ਉਸਾਰ ਸਕੀ ? (ਅਪ੍ਰੈਲ 2003)**

**ਉੱਤਰ** : (i) ਬਸਤੀਵਾਦੀ ਝੁਕਾਵਾਂ ਦੇ ਪ੍ਰਭਾਵ ਕਾਰਨ ;
(ii) ਆਲੋਚਕਾਂ ਦੇ ਸਸਤੀ ਸ਼ੋਹਰਤ ਦੇ ਪਿਛੇ ਨੱਠਣ ਕਾਰਨ ;
(iii) ਆਲੋਚਕਾਂ ਦੇ ਆਲਸੀ ਸੁਭਾਉ ਦੇ ਕਾਰਨ ;
(iv) ਪੰਜਾਬੀ ਵਿਚ ਸਾਹਿੱਤ-ਆਲੋਚਨਾ ਪ੍ਰਤੀ ਬੇਮੁੱਖਤਾ ਦੇ ਕਾਰਨ।

**ਪ੍ਰਸ਼ਨ 50: ਕੀ ਸਫ਼ਰਨਾਮੇ ਨੂੰ ਸਭਿਆਚਾਰਕ ਦੂਤ ਕਿਹਾ ਜਾ ਸਕਦਾ ਹੈ ? (ਅਪ੍ਰੈਲ 2003)**

**ਉੱਤਰ** : ਸਫ਼ਰਨਾਮੇ ਵਿਚ ਬਾਹਰਲੇ ਦੇਸ਼ਾਂ ਦੇ ਸਭਿਆਚਾਰ ਦੀ ਭਰਪੂਰ ਝਲਕ ਦਿਖਾਈ ਦਿੰਦੀ ਹੈ। ਚੰਗੇ ਸਫ਼ਰਨਾਮੇ ਨੂੰ ਪੜ੍ਹ ਕੇ ਅਸੀਂ ਕਿਸੇ ਦੇਸ਼ ਦੇ ਸਭਿਆਚਾਰ ਬਾਰੇ ਪ੍ਰਮਾਣਿਕ ਜਾਣਕਾਰੀ ਅਤੇ ਸੂਚਨਾ ਪ੍ਰਾਪਤ ਕਰ ਸਕਦੇ ਹਾਂ। ਇਸ ਲਈ ਸਫ਼ਰਨਾਮੇ ਨੂੰ ਸਭਿਆਚਾਰਕ ਦੂਤ ਕਿਹਾ ਜਾ ਸਕਦਾ ਹੈ।

**ਪ੍ਰਸ਼ਨ 51: ਸੁਤੰਤਰਤਾ ਉਪਰੰਤ ਪੰਜਾਬੀ ਸਾਹਿੱਤ ਵਿਚ ਕਿਹੜੇ ਨਵੇਂ ਵਿਸ਼ੇ ਪ੍ਰਵੇਸ਼ ਕਰਦੇ ਹਨ :**

**ਉੱਤਰ** : ਸੁਤੰਤਰਤਾ ਉਪਰੰਤ ਪੰਜਾਬੀ ਸਾਹਿੱਤ ਵਿਚ ਹੇਠ ਲਿਖੇ ਨਵੇਂ ਵਿਸ਼ੇ ਪ੍ਰਵੇਸ਼ ਕਰਦੇ ਹਨ :
(i) ਦੇਸ਼-ਵੰਡ ਦਾ ਸੰਤਾਪ
(ii) ਪ੍ਰਗਤੀਵਾਦ ਅਤੇ ਸਮਾਜਵਾਦੀ ਨਿਜ਼ਾਮ ਦੀ ਸਥਾਪਨਾ
(iii) ਪ੍ਰਯੋਗਵਾਦ ਅਤੇ ਮਹਾਨਗਰੀ ਚੇਤਨਾ

(iv) ਆਧੁਨਿਕਤਾਵਾਦ ਅਤੇ ਜੀਵਨ ਦੀ ਜਟਿਲਤਾ

(v) ਜੁਝਾਰਵਾਦ ਅਤੇ ਕ੍ਰਾਂਤੀ ਦਾ ਆਹਵਾਨ।

**ਪ੍ਰਸ਼ਨ 52: ਕੀ 1849 ਈ. ਤੋਂ ਪਿੱਛੋਂ ਲਿਖੀ ਹਰ ਰਚਨਾ ਹੀ ਆਧੁਨਿਕ ਹੈ ?**

**ਉੱਤਰ** : ਨਹੀਂ। 1849 ਈ. ਤੋਂ 1900 ਈ. ਤਕ ਰਚਿਆ ਗਿਆ ਵਧੇਰੇ ਪੰਜਾਬੀ ਸਾਹਿਤ ਮੱਧਕਾਲੀਨ ਚਰਿਤਰ ਦਾ ਧਾਰਨੀ ਹੀ ਰਿਹਾ ਹੈ। ਸ਼ਾਹ ਮੁਹੰਮਦ, ਹਾਸ਼ਮ ਅਤੇ ਫ਼ਜ਼ਲ ਸ਼ਾਹ ਵਰਗੇ ਵੱਡੇ ਕਵੀਆਂ ਨੂੰ ਵੀ ਆਧੁਨਿਕ ਨਹੀਂ ਕਿਹਾ ਜਾ ਸਕਦਾ। ਪੂੰਜੀਵਾਦੀ ਅਰਥ ਵਿਵਸਥਾ ਦੇ ਸਥਾਪਿਤ ਹੋ ਜਾਣ ਨਾਲ ਜਿਹੜਾ ਨਵੀਨ ਪ੍ਰਕਾਰ ਦਾ ਅਨੁਭਵ ਪੰਜਾਬੀ ਲੇਖਕਾਂ ਨੇ ਗ੍ਰਹਿਣ ਕੀਤਾ, ਉਸੇ ਵਿਚੋਂ ਹੀ ਆਧੁਨਿਕ ਰਚਨਾਵਾਂ ਦਾ ਜਨਮ ਹੋਇਆ। ਭਾਈ ਵੀਰ ਸਿੰਘ ਦੀਆਂ ਨਿੱਕੀਆਂ ਕਵਿਤਾਵਾਂ, ਪ੍ਰੋ. ਪੂਰਨ ਸਿੰਘ ਅਤੇ ਧਨੀ ਰਾਮ ਚਾਤ੍ਰਿਕ ਵਰਗੇ ਲੇਖਕਾਂ ਦੀਆਂ ਰਚਨਾਵਾਂ ਹੀ ਆਧੁਨਿਕਤਾ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਸਕੀਆਂ।

**ਪ੍ਰਸ਼ਨ 53: ਸ਼ਾਹ ਮੁਹੰਮਦ ਦੇ ਜੰਗਨਾਮੇ ਨੂੰ ਤੁਸੀਂ ਕਿਸ ਕਿਸਮ ਦੀ ਰਚਨਾ ਮੰਨਦੇ ਹੋ ਅਤੇ ਕਿਉਂ ?**

**ਉੱਤਰ** : ਸ਼ਾਹ ਮੁਹੰਮਦ ਦਾ ਜੰਗਨਾਮਾ ਮੱਧਕਾਲੀਨ ਚਰਿਤਰ ਦਾ ਧਾਰਨੀ ਹੈ ਕਿਉਂਕਿ

(i) ਇਸ ਵਿਚ ਪਾਰਲੌਕਿਕ ਦ੍ਰਿਸ਼ਟੀ ਦਾ ਨਿਰੂਪਣ ਹੋਇਆ ਹੈ।

(ii) ਮੱਧਕਾਲੀਨ ਕਵੀਆਂ ਵਾਂਗ ਸ਼ਾਹ ਮੁਹੰਮਦ ਜ਼ਰ, ਜ਼ੋਰੂ ਅਤੇ ਜ਼ਮੀਨ ਨੂੰ ਜੰਗਾਂ-ਯੁੱਧਾਂ ਦਾ ਕਾਰਨ ਮੰਨਦਾ ਹੈ।

(iii) ਜੰਗਨਾਮਾ ਆਧੁਨਿਕ ਸਾਹਿੱਤ ਦਾ ਰੂਪਾਕਾਰ ਨਹੀਂ ਹੈ।

(iv) ਸ਼ਾਹ ਮੁਹੰਮਦ ਦਾ ਕਾਵਿ-ਅਨੁਭਵ ਮੱਧਕਾਲੀਨ ਕਦਰਾਂ-ਕੀਮਤਾਂ ਦਾ ਧਾਰਨੀ ਹੈ।

**ਪ੍ਰਸ਼ਨ 54: ਪੰਜਾਬੀ ਦੀਆਂ ਪੰਜ ਔਰਤ ਸ੍ਵੈਜੀਵਨੀਕਾਰਾਂ ਦੇ ਨਾਮ ਦੱਸੋ :**

**ਉੱਤਰ** : ਪੰਜਾਬੀ ਦੀਆਂ ਪੰਜ ਔਰਤ ਸ੍ਵੈਜੀਵਨੀਕਾਰਾਂ ਦੇ ਨਾਮ ਇਹ ਹਨ :

| | | | |
|---|---|---|---|
| (i) | ਅੰਮ੍ਰਿਤਾ ਪ੍ਰੀਤਮ | : | ਰਸੀਦੀ ਟਿਕਟ |
| (ii) | ਦਲੀਪ ਕੌਰ ਟਿਵਾਣਾ | : | ਨੰਗੇ ਪੈਰਾਂ ਦਾ ਸਫ਼ਰ |
| (iii) | ਅਜੀਤ ਕੌਰ | : | ਖਾਨਾਬਦੋਸ਼ |
| (iv) | ਪ੍ਰਭਜੋਤ ਕੌਰ | : | ਜੀਣਾ ਵੀ ਇਕ ਅਦਾ ਹੈ |
| (v) | ਬਚਿੰਤ ਕੌਰ | : | ਪਗਡੰਡੀਆਂ |

**ਪ੍ਰਸ਼ਨ 55: ਸਾਹਿੱਤਕਾਰਾਂ ਵਿਚੋਂ ਸਭ ਤੋਂ ਵੱਧ ਕਿਸ ਸਾਹਿੱਤਕਾਰ ਦੀ ਜੀਵਨੀ ਲਿਖੀ ਗਈ ਹੈ ?**

**ਉੱਤਰ** : ਪੰਜਾਬੀ ਸਾਹਿੱਤਕਾਰਾਂ ਵਿਚੋਂ ਸਭ ਤੋ- ਵੱਧ ਵਾਰ ਦੀਵਾਨ ਸਿੰਘ ਕਾਲੇਪਾਣੀ ਦੀ ਜੀਵਨੀ ਲਿਖੀ ਗਈ ਹੈ। ਉਸ ਦੇ ਜੀਵਨ ਬਾਰੇ ਘੱਟ ਤੋਂ ਘੱਟ ਪੰਜ ਲੇਖਕਾਂ ਹਰਦਿਆਲ ਸਿੰਘ, ਸੂਬਾ ਸਿੰਘ, ਐਨ. ਇਕਬਾਲ ਸਿੰਘ, ਸੁਰਿੰਦਰ ਗਿੱਲ ਅਤੇ ਕੁਲਬੀਰ ਸਿੰਘ ਕਾਂਗ ਨੇ ਜੀਵਨੀ-ਸਾਹਿੱਤ ਦੀ ਰਚਨਾ ਕੀਤੀ ਹੈ।

**ਪ੍ਰਸ਼ਨ 56: ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਸ੍ਵੈਜੀਵਨੀ ਦਾ ਕੀ ਨਾਂ ਹੈ ਅਤੇ ਇਸ ਦੇ ਕਿੰਨੇ ਭਾਗ ਹਨ।**

**ਉੱਤਰ** : ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਸ੍ਵੈਜੀਵਨੀ ਦਾ ਨਾਂ 'ਮੇਰੀ ਜੀਵਨ ਕਹਾਣੀ' ਹੈ। ਇਹ ਤਿੰਨ ਭਾਗਾਂ ਵਿਚ ਪ੍ਰਕਾਸ਼ਿਤ ਹੋਈ ਹੈ।

**ਪ੍ਰਸ਼ਨ 57: ਪਾਕਿਸਤਾਨ ਨਾਲ ਸੰਬੰਧਿਤ ਸਫ਼ਰਨਾਮਿਆਂ ਅਤੇ ਸਫ਼ਰਨਾਮਾਕਾਰਾਂ ਦੇ ਨਾਂ ਲਿਖੋ।**

**ਉੱਤਰ** : ਪਾਕਿਸਤਾਨ ਨਾਲ ਸੰਬੰਧਿਤ ਪ੍ਰਮੁੱਖ ਸਫ਼ਰਨਾਮੇ ਇਹ ਹਨ :

| | | | |
|---|---|---|---|
| 1. | ਮੇਰਾ ਪਾਕਿਸਤਾਨੀ ਸਫ਼ਰਨਾਮਾ | : | ਬਲਰਾਜ ਸਾਹਨੀ |
| 2. | ਕਬੂਤਰਾਂ ਦੀ ਪ੍ਰਵਾਜ਼ | : | ਪ੍ਰੀਤਮ ਸਿੰਘ ਆਈ.ਏ.ਐਸ. |
| 3. | ਦੇਸ ਪ੍ਰਦੇਸ | : | ਸਲੀਮ ਖਾਂ ਗਿੰਮੀ |
| 4. | ਪਾਕਿਸਤਾਨੀ ਸਫ਼ਰਨਾਮਾ | : | ਗੁਰਚਰਨ ਸੱਗੂ। |

**ਪ੍ਰਸ਼ਨ 58: ਰੂਸ ਨਾਲ ਸੰਬੰਧਿਤ ਸਫ਼ਰਨਾਮਿਆਂ ਦਾ ਨਾਂ ਦੱਸੋ।**

**ਉੱਤਰ** : ਰੂਸ ਨਾਲ ਸੰਬੰਧਿਤ ਪ੍ਰਮੁਖ ਸਫ਼ਰਨਾਮੇ ਇਹ ਹਨ :

1. ਨਿਰਭਉ ਨਿਰਵੈਰ : ਡਾ. ਹਰਿਭਜਨ ਸਿੰਘ (1986)
2. ਸੋਹਣ ਸਿੰਘ ਜੋਸ਼ : ਮੇਰੀ ਰੂਸ ਯਾਤਰਾ (1958)
3. ਨਰਿੰਦਰਪਾਲ ਸਿੰਘ : ਰੂਸ ਯਾਤਰਾ (1959)
4. ਸਾਧੂ ਸਿੰਘ ਹਮਦਰਦ : ਅੱਖੀਂ ਡਿੱਠਾ ਰੂਸ (1971)

**ਪ੍ਰਸ਼ਨ 59: ਪਾਕਿਸਤਾਨ ਨਾਲ ਸੰਬੰਧਿਤ ਸਫ਼ਰਨਾਮਿਆਂ ਵਿਚ ਕਿਸ ਭਾਵ ਦੀ ਵਧੇਰੇ ਪ੍ਰਧਾਨਤਾ ਹੈ ?**

**ਉੱਤਰ** : ਪਾਕਿਸਤਾਨ ਜਾਣ ਵਾਲੇ ਲੇਖਕਾਂ ਨੂੰ ਉਥੇ ਘੁੰਮਣ-ਫਿਰਣ ਦੀ ਆਜ਼ਾਦੀ ਨਹੀਂ ਮਿਲਦੀ। ਇਸ ਕਾਰਨ ਉਸ ਦੇਸ਼ ਬਾਰੇ ਲਿਖੇ ਸਫ਼ਰਨਾਮਿਆਂ ਵਿਚ ਭਾਵੁਕਤਾ ਅਤੇ ਰੋਮਾਂਸ ਪ੍ਰਧਾਨ ਰਹਿੰਦੇ ਹਨ। ਸਦੀਆਂ ਤੱਕ ਸਾਂਝੇ ਸਭਿਆਚਾਰ ਵਿਚ ਜੁੜੇ ਰਹਿਣ ਕਾਰਨ ਸਾਡੇ ਲੇਖਕਾਂ ਨੇ ਉਸ ਦੇਸ਼ ਬਾਰੇ ਬੜੀ ਭਾਵੁਕਤਾ ਨਾਲ ਆਪਣੇ ਵਿਚਾਰ ਪ੍ਰਗਟ ਕੀਤੇ ਹਨ।

**ਪ੍ਰਸ਼ਨ 60: ਜੁਝਾਰ ਕਾਵਿ ਲਹਿਰ ਦੇ ਪੰਜ ਕਵੀਆਂ ਦੇ ਨਾਂ ਲਿਖੋ :**

**ਉੱਤਰ** : ਜੁਝਾਰ ਕਾਵਿ ਲਹਿਰ ਨਾਲ ਸੰਬੰਧਿਤ ਪੰਜ ਪ੍ਰਮੁਖ ਕਵੀ ਇਹ ਹਨ :

1. ਪਾਸ਼
2. ਦਰਸ਼ਨ ਖਟਕੜ
3. ਸੰਤ ਰਾਮ ਉਦਾਸੀ
4. ਅਮਰਜੀਤ ਚੰਦਨ
5. ਲਾਲ ਸਿੰਘ ਦਿਲ

**ਪ੍ਰਸ਼ਨ 61: ਪੰਜਾਬੀ ਦੇ ਕਿਸ ਨਾਵਲਕਾਰ ਨੂੰ ਸਰਸਵਤੀ ਐਵਾਰਡ ਮਿਲਿਆ ਹੈ।**

**ਉੱਤਰ** : ਪੰਜਾਬੀ ਵਿਚ 'ਸਰਸਵਤੀ ਐਵਾਰਡ' ਦਲੀਪ ਕੌਰ ਟਿਵਾਣਾ ਦੇ ਛੇ ਜਿਲਦਾਂ ਵਿਚ ਪ੍ਰਕਾਸ਼ਿਤ ਵੱਡਾਕਾਰੀ ਨਾਵਲ 'ਕਥਾ ਕਹੋ ਉਰਵਸ਼ੀ' ਨੂੰ ਮਿਲਿਆ ਹੈ।

**ਪ੍ਰਸ਼ਨ 62: 'ਖੁਲ੍ਹੇ ਲੇਖ' ਪੁਸਤਕ ਦਾ ਲੇਖਕ ਕੌਣ ਹੈ ? (ਅਪ੍ਰੈਲ 2004)**

**ਉੱਤਰ** : ਇਸ ਪੁਸਤਕ ਦਾ ਲੇਖਕ ਪ੍ਰੋ. ਪੂਰਨ ਸਿੰਘ ਸੀ। ਇਸ ਪੁਸਤਕ ਨਾਲ ਪੰਜਾਬੀ ਵਿਚ ਲੇਖ ਲਿਖਣ ਦੀ ਪਰੰਪਰਾ ਸ਼ੁਰੂ ਹੋਈ।

**ਪ੍ਰਸ਼ਨ 63 : ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕਿਸ ਕਵੀ ਨੂੰ ਮੰਨਿਆ ਜਾਂਦਾ ਹੈ ? (ਸਤੰਬਰ 2005)**

**ਉੱਤਰ** : ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਭਾਈ ਵੀਰ ਸਿੰਘ ਨੂੰ ਮੰਨਿਆ ਜਾਂਦਾ ਹੈ। ਹਾਲਾਂਕਿ ਕੁਝ ਆਲੋਚਕ ਇਹ ਮਾਨ ਪ੍ਰੋ. ਪੂਰਨ ਸਿੰਘ ਨੂੰ ਦਿੰਦੇ ਹਨ।

**ਪ੍ਰਸ਼ਨ 64: 'ਰਸੀਦੀ ਟਿਕਟ' ਕਿਸ ਦੀ ਸ੍ਵੈਜੀਵਨੀ ਹੈ ? (ਸਤੰਬਰ 2004)**

**ਉੱਤਰ** : 'ਰਸੀਦੀ ਟਿਕਟ' ਪੰਜਾਬੀ ਦੀ ਪ੍ਰਸਿੱਧ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਦੀ ਸ੍ਵੈਜੀਵਨੀ ਹੈ।

**ਪ੍ਰਸ਼ਨ 65: ਸੁਰਜੀਤ ਪਾਤਰ ਦੀ ਕਿਸ ਰਚਨਾ ਨੂੰ ਸਾਹਿੱਤ ਅਕਾਦਮੀ ਦਾ ਪੁਰਸਕਾਰ ਮਿਲਿਆ ਹੈ ? (ਸਤੰਬਰ 2004)**

**ਉੱਤਰ** : ਸੁਰਜੀਤ ਪਾਤਰ ਦੇ ਕਾਵਿ ਸੰਗ੍ਰਹਿ 'ਹਨ੍ਹੇਰੇ ਵਿਚ ਸੁਲ਼ਗਦੀ ਵਰਣਮਾਲਾ' ਨੂੰ ਇਹ ਪੁਰਸਕਾਰ ਮਿਲਿਆ ਹੈ।

**ਪ੍ਰਸ਼ਨ 66: ਸ਼ਿਵ ਕੁਮਾਰ ਦੇ ਪ੍ਰਸਿੱਧ ਕਾਵਿ-ਨਾਟ ਦਾ ਕੀ ਨਾਂ ਹੈ ? (ਸਤੰਬਰ 2004)**

**ਉੱਤਰ** : ਸੁਰਜੀਤ ਪਾਤਰ ਦੇ ਕਾਵਿ-ਨਾਟ ਦਾ ਨਾਮ 'ਲੂਣਾ' ਹੈ।

**ਪ੍ਰਸ਼ਨ 67: ਪੰਜਾਬੀ ਦੀਆਂ ਪੰਜ ਕਵਿੱਤਰੀਆਂ ਦੇ ਨਾਂ ਲਿਖੋ। (ਸਤੰਬਰ 2004)**

**ਉੱਤਰ** : ਪੰਜਾਬੀ ਦੀਆਂ ਪੰਜ ਪ੍ਰਮੁੱਖ ਕਵਿਤਰੀਆਂ ਦੇ ਨਾਂ ਇਹ ਹਨ :

(i) ਅੰਮ੍ਰਿਤਾ ਪ੍ਰੀਤਮ

(ii) ਪ੍ਰਭਜੋਤ ਕੌਰ
(iii) ਪਾਲ ਕੌਰ
(iv) ਵਨੀਤਾ
(v) ਸੁਖਵਿੰਦਰ ਅੰਮ੍ਰਿਤ
(vi) ਮਨਜੀਤ ਪਾਲ ਕੌਰ
(vii) ਮਨਜੀਤ ਟਿਵਾਣਾ

**ਪ੍ਰਸ਼ਨ 68: 'ਪੂਛਤੇ ਹੋ ਤੋ ਸੁਨੋ' ਕਿਸ ਦੀ ਪੁਸਤਕ ਹੈ ?**

**ਉੱਤਰ** : 'ਪੂਛਤੇ ਹੋ ਤੋ ਸੁਨੋ' ਦਲੀਪ ਕੌਰ ਟਿਵਾਣਾ ਦੀ ਸਾਹਿਤਕ ਸ੍ਵੈਜੀਵਨੀ ਦਾ ਨਾਮ ਹੈ।

**ਪ੍ਰਸ਼ਨ 69: ਆਧੁਨਿਕ ਪੰਜਾਬੀ ਕਹਾਣੀ ਦੇ ਚਰਿੱਤਰ ਦੀ ਮੁੱਖ ਵਿਸ਼ੇਸ਼ਤਾ ਕੀ ਹੈ ? (ਅਪ੍ਰੈਲ 2005)**

**ਉੱਤਰ** : ਆਧੁਨਿਕ ਪੰਜਾਬੀ ਕਹਾਣੀ ਮਨੁਖੀ ਜੀਵਨ ਦੇ ਖੰਡਿਤ ਹੋ ਚੁੱਕੇ ਅਨੁਭਵ ਨੂੰ ਰੂਪਮਾਨ ਕਰਨ ਵਾਲੀ ਗਲਪ ਵਿਧਾ ਹੈ। ਇਹ ਨਾਟਕੀਅਤਾ ਅਤੇ ਵਚਿੱਤਰਤਾ ਆਦਿ ਬਿਰਤਾਂਤ-ਜੁਗਤਾਂ ਦਾ ਪ੍ਰਯੋਗ ਕਰਦੀ ਹੈ।

**ਪ੍ਰਸ਼ਨ 70: ਪੰਜਾਬੀ ਰੰਗਮੰਚ ਦੀ ਮੁੱਖ ਸੀਮਾ ਕੀ ਹੈ ? (ਅਪ੍ਰੈਲ 2005)**

**ਉੱਤਰ** : ਪੰਜਾਬੀ ਰੰਗਮੰਚ ਦੀ ਮੁਖ ਸੀਮਾ ਇਸ ਦਾ ਪੇਸ਼ਾਵਰ (ਪ੍ਰੋਫ਼ੈਸ਼ਨਲ) ਰੰਗਮੰਚ ਨਾ ਬਣ ਸਕਣਾ ਹੈ। ਵਿੱਤੀ ਸਾਧਨਾਂ ਤੋਂ ਮਹਿਰੂਮ ਨਾਟ-ਕਰਮੀਆਂ ਨੂੰ ਪੈਰ-ਪੈਰ 'ਤੇ ਆਪਣੀ ਕਲਾ ਨਾਲ ਸਮਝੌਤੇ ਕਰਨੇ ਪੈਂਦੇ ਹਨ, ਜਿਸ ਕਾਰਨ ਪੰਜਾਬੀ ਰੰਗਮੰਚ ਪੂਰਨ ਭਾਂਤ ਪ੍ਰਫੁਲਿਤ ਨਹੀਂ ਹੋ ਸਕਿਆ।

**ਪ੍ਰਸ਼ਨ 71: ਆਧੁਨਿਕ ਪੰਜਾਬੀ ਕਵਿਤਾ ਦੀਆਂ ਮੁੱਖ ਪ੍ਰਵਿਰਤੀਆਂ ਦੇ ਨਾਂ ਦੱਸੋ। (ਅਪ੍ਰੈਲ 2005)**

**ਉੱਤਰ** : ਆਧੁਨਿਕ ਪੰਜਾਬੀ ਕਵਿਤਾ ਦੀਆਂ ਮੁੱਖ ਪ੍ਰਵਿਰਤੀਆਂ ਇਹ ਹਨ :

1. ਸੁਧਾਰਵਾਦੀ ਆਦਰਸ਼ਵਾਦੀ ਪ੍ਰਵਿਰਤੀ
2. ਰੋਮਾਂਸਵਾਦੀ ਪ੍ਰਵਿਰਤੀ
3. ਪ੍ਰਗਤੀਵਾਦੀ ਪ੍ਰਵਿਰਤੀ
4. ਪ੍ਰਯੋਗਵਾਦੀ ਪ੍ਰਵਿਰਤੀ
5. ਜੁਝਾਰਵਾਦੀ ਪ੍ਰਵਿਰਤੀ
6. ਆਧੁਨਿਕਵਾਦੀ ਪ੍ਰਵਿਰਤੀ
7. ਸੁਹਜਵਾਦੀ-ਮਨੋਵਿਗਿਆਨਕ ਪ੍ਰਵਿਰਤੀ

**ਪ੍ਰਸ਼ਨ 72: ਪੰਜਾਬੀ ਦੇ ਪੰਜ ਸਫ਼ਰਨਾਮਿਆਂ ਤੇ ਉਨ੍ਹਾਂ ਦੇ ਲੇਖਕਾਂ ਦੇ ਨਾਮ ਦੱਸੋ। (ਅਪ੍ਰੈਲ 2006)**

**ਉੱਤਰ** : ਪੰਜਾਬੀ ਦੇ ਪੰਜ ਸਫ਼ਰਨਾਮਿਆਂ ਅਤੇ ਉਨ੍ਹਾਂ ਦੇ ਲੇਖਕਾਂ ਦੇ ਨਾਮ ਇਸ ਪ੍ਰਕਾਰ ਹਨ :

| | | | |
|---|---|---|---|
| (i) | ਮੇਰਾ ਵਲਾਇਤੀ ਸਫ਼ਰਨਾਮਾ | : | ਲਾਲ ਸਿੰਘ ਕਮਲਾ ਅਕਾਲੀ |
| (ii) | ਪੂਰਬ ਅਤੇ ਪੱਛਮ | : | ਹਰਦਿੱਤ ਸਿੰਘ ਢਿੱਲੋਂ |
| (iii) | ਇਕ ਝਾਤ ਪੂਰਬ ਪੱਛਮ ਤੇ | : | ਗੁਰਬਖ਼ਸ਼ ਸਿੰਘ ਪ੍ਰੀਤਲੜੀ |
| (iv) | ਮੇਰਾ ਰੂਸੀ ਸਫ਼ਰਨਾਮਾ | : | ਬਲਰਾਜ ਸਾਹਨੀ |
| (v) | ਨਿਰਭਉ ਨਿਰਵੈਰ | : | ਹਰਿਭਜਨ ਸਿੰਘ |
| (vi) | ਸੱਚੋ-ਸੱਚ | ; | ਨਰਿੰਦਰ ਸਿੰਘ ਕਪੂਰ |

**ਪ੍ਰਸ਼ਨ 73: ਜੁਝਾਰਵਾਦੀ ਕਾਵਿ ਦੇ ਕਿਸੇ ਦੋ ਕਵੀਆਂ ਤੇ ਉਹਨਾਂ ਦੀਆਂ ਕਿਤਾਬਾਂ ਦੇ ਨਾਂ ਦੱਸੋ। (ਅਪ੍ਰੈਲ 2006)**

**ਉੱਤਰ** : ਜੁਝਾਰਵਾਦੀ ਕਾਵਿ ਦੇ ਦੋ ਪ੍ਰਮੁੱਖ ਕਵੀ ਅਤੇ ਉਨ੍ਹਾਂ ਦੀਆਂ ਕਿਤਾਬਾਂ ਦੇ ਨਾਂ ਇਸ ਪ੍ਰਕਾਰ ਹਨ :

1. ਪਾਸ਼ : ਲੋਹ ਕਥਾ,

2. ਲਾਲ ਸਿੰਘ ਦਿਲ : ਸਤਲੁਜ ਦੀ ਹਵਾ, ਨਾਗਵਲ

**ਪ੍ਰਸ਼ਨ 74: ਪੰਜਾਬੀ ਦੇ ਉਨ੍ਹਾਂ ਕਹਾਣੀਕਾਰਾਂ ਤੇ ਰਚਨਾ ਦੇ ਨਾਂ ਦੱਸੋ ਜਿਨ੍ਹਾਂ ਨੂੰ ਦਿੱਲੀ ਸਾਹਿੱਤ ਅਕਾਡਮੀ ਵੱਲੋਂ ਐਵਾਰਡ ਮਿਲਿਆ ਹੈ ? (ਅਪ੍ਰੈਲ 2006)**

**ਉੱਤਰ** : ਭਾਰਤੀ ਸਾਹਿੱਤ ਅਕਾਡਮੀ ਦਿੱਲੀ ਵੱਲੋਂ ਹੇਠ ਲਿਖੇ ਕਹਾਣੀਕਾਰਾਂ ਨੂੰ ਉਨ੍ਹਾਂ ਦੀ ਹੇਠ ਲਿਖਤ ਪੁਸਤਕਾਂ ਉਪਰ ਇਨਾਮ ਮਿਲਿਆ ਹੈ :

1. ਕਰਤਾਰ ਸਿੰਘ ਦੁੱਗਲ : ਇਕ ਛਿੱਟ ਚਾਨਣ ਦੀ
2. ਸੁਜਾਨ ਸਿੰਘ : ਸ਼ਹਿਰ ਤੇ ਗ੍ਰਾਂ
3. ਕੁਲਵੰਤ ਸਿੰਘ ਵਿਰਕ : ਨਵੇਂ ਲੋਕ
4. ਪ੍ਰੇਮ ਪ੍ਰਕਾਸ਼ : ਕੁਝ ਅਣਕਿਹਾ ਵੀ
5. ਮੋਹਨ ਭੰਡਾਰੀ : ਮੂਨ ਦੀ ਅੱਖ।

ਇਨ੍ਹਾਂ ਕਹਾਣੀਕਾਰਾਂ ਤੋਂ ਬਿਨਾਂ ਗੁਲਜ਼ਾਰ ਸਿੰਘ ਸੰਧੂ, ਵਰਿਆਮ ਸੰਧੂ ਅਤੇ ਸੰਤੋਖ ਸਿੰਘ ਧੀਰ ਨੂੰ ਵੀ ਇਹ ਇਨਾਮ ਹਾਸਲ ਹੋ ਚੁੱਕਾ ਹੈ।

**ਪ੍ਰਸ਼ਨ 75: ਆਧੁਨਿਕ ਪੰਜਾਬੀ ਕਾਵਿ ਵਿਚੋਂ ਚਾਰ ਰੁਮਾਂਟਿਕ ਕਵੀਆਂ ਦੇ ਨਾਮ ਇਤਿਹਾਸਕ ਤਰਤੀਬ ਵਿਚ ਲਿਖੋ। (ਅਪ੍ਰੈਲ 2009)**

**ਉੱਤਰ** :
1. ਪ੍ਰੋ. ਪੂਰਨ ਸਿੰਘ
2. ਪ੍ਰੋ. ਮੋਹਨ ਸਿੰਘ
3. ਅੰਮ੍ਰਿਤਾ ਪ੍ਰੀਤਮ
4. ਸ਼ਿਵ ਕੁਮਾਰ।

**ਪ੍ਰਸ਼ਨ 76: 1947 ਈ. ਤੋਂ ਪਹਿਲਾਂ ਦੇ ਚਾਰ ਨਾਵਲਕਾਰਾਂ ਦੇ ਨਾਂ ਲਿਖੋ। (ਅਪ੍ਰੈਲ 2009)**

**ਉੱਤਰ** :
1. ਭਾਈ ਵੀਰ ਸਿੰਘ
2. ਭਾਈ ਮੋਹਨ ਸਿੰਘ ਵੈਦ
3. ਸ. ਨਾਨਕ ਸਿੰਘ
4. ਗਿਆਨੀ ਸੋਹਣ ਸਿੰਘ ਸੀਤਲ
5. ਜਸਵੰਤ ਸਿੰਘ ਕੰਵਲ।

**ਪ੍ਰਸ਼ਨ 77: ਪੰਜਾਬੀ ਨਾਟਕ ਦੇ ਵਿਕਾਸ ਪੜਾਅ ਕਿਹੜੇ-ਕਿਹੜੇ ਮਿਥੇ ਜਾਂਦੇ ਹਨ। (ਅਪ੍ਰੈਲ 2009)**

**ਉੱਤਰ** : ਪੰਜਾਬੀ ਨਾਟਕ ਦੇ ਪ੍ਰਮੁੱਖ ਵਿਕਾਸ ਪੜਾਅ ਇਹ ਹਨ :

1. ਸੁਧਾਰਵਾਦੀ ਪੰਜਾਬੀ ਨਾਟਕ
2. ਯਥਾਰਥਵਾਦੀ ਪੰਜਾਬੀ ਨਾਟਕ
3. ਮਨੋਵਿਗਿਆਨਕ ਪੰਜਾਬੀ ਨਾਟਕ
4. ਪ੍ਰਯੋਗਵਾਦੀ ਪੰਜਾਬੀ ਨਾਟਕ
5. ਜਨਵਾਦੀ-ਆਂਚਲਿਕ ਪੰਜਾਬੀ ਨਾਟਕ।

**ਪ੍ਰਸ਼ਨ 78: ਪੰਜਾਬੀ ਨਾਵਲ ਵਿਚ ਯਥਾਰਥਵਾਦੀ ਪਰੰਪਰਾ ਦੇ ਦੋ ਮੋਢੀ ਨਾਵਲਕਾਰਾਂ ਅਤੇ ਉਨ੍ਹਾਂ ਦੇ ਇਕ-ਇਕ ਨਾਵਲ ਦਾ ਨਾਂ ਲਿਖੋ। (ਅਪ੍ਰੈਲ 2009)**

**ਉੱਤਰ** : ਪੰਜਾਬੀ ਨਾਵਲ ਦੀ ਯਥਾਰਥਵਾਦੀ ਪਰੰਪਰਾ ਦੇ ਦੋ ਮੋਢੀ ਨਾਵਲਕਾਰ ਇਹ ਹਨ :

1. ਸੁਰਿੰਦਰ ਸਿੰਘ ਨਰੂਲਾ : ਪਿਉ ਪੁੱਤਰ
2. ਸੋਹਣ ਸਿੰਘ ਸੀਤਲ : ਤੂਤਾਂ ਵਾਲਾ ਖੂਹ
3. ਸੰਤ ਸਿੰਘ ਸੇਖੋਂ : ਲਹੂ ਮਿੱਟੀ

## ਕੁੱਝ ਮਹੱਤਵਪੂਰਨ ਪ੍ਰਸ਼ਨ

1. ਰੂਪਾਕਾਰ ਨਾਟਕ ਦੇ ਇਤਿਹਾਸਕ ਵਿਕਾਸ ਨੂੰ ਪੇਸ਼ ਕਰਦਿਆਂ, ਇਸ ਦੀ ਆਲੋਚਨਾ ਦਾ ਲੇਖਾ-ਜੋਖਾ ਪੇਸ਼ ਕਰੋ। (ਅਪਰੈਲ 2010)
2. ਐਬਸਰਡ ਪੰਜਾਬੀ ਨਾਟਕ ਦੇ ਸਰੂਪ ਅਤੇ ਸੀਮਾਵਾਂ ਨੂੰ ਮਿਸਾਲਾਂ ਸਹਿਤ ਸਪਸ਼ਟ ਕਰੋ। (ਅਪਰੈਲ 2010 ਸਮੈ 2)
3. ਪੰਜਾਬੀ ਸ੍ਵੈਜੀਵਨੀ ਦੀ ਇਤਿਹਾਸ-ਰੇਖਾ ਵਿਚ ਪੰਜਾਬੀ ਸ੍ਵੈ-ਜੀਵਨੀਕਾਰਾਂ ਨੇ ਕਿਹੜੇ ਨਵੇਂ ਵੇਰਵਿਆਂ ਨੂੰ ਜੋੜਿਆ ਹੈ? ਉੱਤਰ ਮਿਸਾਲਾਂ ਸਹਿਤ ਦਿਓ। (ਅਪਰੈਲ 2010 ਸਮੈ 2)
4. ਸੰਯੁਕਤ ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਦੇ ਵੱਖ-ਵੱਖ ਪੱਖਾਂ ਅਤੇ ਪਛਾਣ-ਚਿੰਨ੍ਹਾਂ ਉਪਰ ਰੋਸ਼ਨੀ ਪਾਓ। (ਅਪਰੈਲ 2010 ਸਮੈ 2)
5. ਪੰਜਾਬੀ ਨਾਵਲ ਦੇ ਆਰੰਭ ਤੇ ਵਿਕਾਸ ਬਾਰੇ ਚਰਚਾ ਕਰੋ।
6. ਪੰਜਾਬੀ ਸਫ਼ਰਨਾਮਾ ਸਾਹਿਤ ਦੇ ਵਿਕਾਸ ਨੂੰ ਬਿਆਨ ਕਰੋ।
7. ਪੰਜਾਬੀ ਨਾਵਲ ਦੇ ਇਤਿਹਾਸ ਵਿਚ ਆਏ ਮੁੱਖ ਪੜਾਵਾਂ ਜਾਂ ਪ੍ਰਵਿਰਤੀਆਂ ਬਾਰੇ ਚਾਨਣਾ ਪਾਓ। (ਅਪਰੈਲ 2011)
8. ਪੰਜਾਬੀ ਵਿਚ ਪ੍ਰਗਤੀਵਾਦੀ ਪ੍ਰਵਿਰਤੀ ਅਧੀਨ ਲਿਖੀ ਗਈ ਕਵਿਤਾ ਦੀਆਂ ਮੁੱਖ ਪ੍ਰਾਪਤੀਆਂ ਬਾਰੇ ਚਰਚਾ ਕਰੋ।(ਅਪਰੈਲ 2011)
9. ਪੰਜਾਬੀ ਨਾਟਕ ਅਤੇ ਰੰਗਮੰਚ ਦੇ ਵਿਕਾਸ ਬਾਰੇ ਚਾਨਣਾ ਪਾਉ। (ਅਪਰੈਲ 2012)
10. 1901 ਤੋਂ 1955 ਤੱਕ ਪੰਜਾਬੀ ਕਵਿਤਾ ਵਿਚ ਆਈਆਂ ਮੁੱਖ ਪ੍ਰਵਿਰਤੀਆਂ ਬਾਰੇ ਚਰਚਾ ਕਰੋ। (ਅਪਰੈਲ 2012)
11. ਆਧੁਨਿਕ ਪੰਜਾਬੀ ਵਾਰਤਕ ਦੇ ਵਿਕਾਸ ਅਤੇ ਸਥਿਤੀ ਦਾ ਮੁਲਾਂਕਣ ਕਰੋ। (ਅਪਰੈਲ 2014)
12. ਪਰਵਾਸੀ ਤੇ ਪਾਕਿਸਤਾਨੀ ਕਾਵਿ ਸਮੇਤ ਆਧੁਨਿਕ ਪੰਜਾਬੀ ਕਾਵਿ ਦੀਆਂ ਪ੍ਰਾਪਤੀਆਂ ਦਾ ਵਿਸ਼ਲੇਸ਼ਣ ਕਰੋ। (ਅਪਰੈਲ 2014)
13. ਆਧੁਨਿਕ ਪੰਜਾਬੀ ਕਾਵਿ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਅਤੇ ਸੀਮਾਵਾਂ ਦਾ ਅਧਿਐਨ ਪ੍ਰਸਤੁਤ ਕਰੋ। (ਅਪਰੈਲ 2015)
14. ਪੰਜਾਬੀ ਗਲਪ ਦੇ ਵਿਕਾਸ ਅਤੇ ਪ੍ਰਾਪਤੀਆਂ ਦੀ ਚਰਚਾ ਕਰੋ। (ਅਪਰੈਲ 2015)
15. ਪੰਜਾਬੀ ਕਹਾਣੀ ਦਾ ਵਿਕਾਸ ਉਲੀਕਦੇ ਹੋਏ, ਇਸ ਦੇ ਮੁੱਖ-ਮੁੱਖ ਪੜ੍ਹਾਵਾਂ ਦੀ ਨਿਸ਼ਾਨਦੇਹੀ ਕਰਦੇ ਹੋਏ, ਇਸ ਦੀਆਂ ਪ੍ਰਵਿਰਤੀਆਂ ਤੋਂ ਜਾਣੂ ਕਰਵਾਓ। (ਮਈ 2017)
16. ਪੰਜਾਬੀ ਸਫ਼ਰਨਾਮੇ ਦਾ ਸੰਖੇਪ ਇਤਿਹਾਸ ਉਲੀਕਦੇ ਹੋਏ, ਇਸ ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਤੋਂ ਵੀ ਜਾਣੂ ਕਰਾਓ। (ਮਈ 2017)
17. ਸੰਯੁਕਤ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਸੰਕਲਪ ਕੀ ਹੈ? ਆਧੁਨਿਕ ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਇਸ ਨੂੰ ਸਪਸ਼ਟ ਕਰੋ। (ਮਈ 2017)
18. ਪੰਜਾਬੀ ਨਾਟਕ ਦੀ ਸੰਯੁਕਤ ਇਤਿਹਾਸ ਦੀਆਂ ਸੰਭਾਵਨਾਵਾਂ ਅਤੇ ਸਮੱਸਿਆਵਾਂ ਤੋਂ ਜਾਣੂ ਕਰਾਓ। (ਮਈ 2017)

## ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਪੰਜਾਬੀ ਦੀਆਂ ਛੇ ਪ੍ਰਮੁੱਖ ਸ੍ਵੈਜੀਵਨੀ ਕਰਤਾ ਤੇ ਉਹਨਾਂ ਦੀਆਂ ਸਵੈਜੀਵਨੀਆਂ ਦੇ ਨਾਮ ਦੱਸੋ। (ਅਪਰੈਲ 2010)
2. ਪੰਜਾਬੀ ਸਾਹਿਤ ਦੇ ਆਧੁਨਿਕ ਕਾਲ ਵਿਚ ਕਿਸ ਰੂਪਾਕਾਰ ਦੀ ਗੋਲੋਬਲੀ ਪੱਧਰ ਉਪਰ ਵਧੇਰੇ ਮਾਨਤਾ ਹੈ? (ਅਪਰੈਲ 2010)
3. ਕੀ ਪੰਜਾਬੀ ਵਿਚ ਸਫ਼ਰਨਾਮਾ ਸਾਹਿਤ ਪੱਛੜਿਆ ਹੋਇਆ ਹੈ? (ਅਪਰੈਲ 2010)
4. ਪੰਜਾਬੀ ਵਿਚ ਨਿਬੰਧ ਕਲਾ ਦੀ ਕੀ ਸਥਿਤੀ ਹੈ? (ਅਪਰੈਲ 2010)
5. ਪ੍ਰਯੋਗਸ਼ੀਲ ਪ੍ਰਵਿਰਤੀ ਦੀ ਪੰਜਾਬੀ ਕਾਵਿ ਵਿਚ ਉਦੈ ਦੇ ਕੀ ਕਾਰਨ ਸਨ? (ਅਪਰੈਲ 2010)
6. ਸਾਹਿਤ ਇਤਿਹਾਸ ਅਤੇ ਸਾਹਿਤ ਆਲੋਚਨਾ ਦਾ ਨਿਖੇੜਾ ਕਰੋ। (ਅਪਰੈਲ 2010 ਸਮੈ 2)

7. ਲਘੂ ਨਾਟਕ ਅਤੇ ਇਕਾਂਗੀ ਦਾ ਅੰਤਰ ਸਪਸ਼ਟ ਕਰੋ। (ਅਪਰੈਲ 2010 ਸਮੈ 2)
8. ਪੰਜਾਬੀ ਸਵੈ-ਜੀਵਨੀ ਦੀ ਅਵੇਰ-ਵਿਉਤਪਤੀ ਦੇ ਕਾਰਨ ਸਪਸ਼ਟ ਕਰੋ। (ਅਪਰੈਲ 2010 ਸਮੈ 2)
9. ਦੇਸ਼-ਵੰਡ ਦੇ ਸਾਹਿਤਕ ਸਭਿਆਚਾਰਕ ਪ੍ਰਭਾਵ ਨੂੰ ਉਘਾੜਦੇ ਦੋ ਨਾਵਲਾਂ ਦੇ ਨਾਂ ਲਿਖੋ। (ਅਪਰੈਲ 2010 ਸਮੈ 2)
10. ਪੰਜਾਬੀ ਕਾਵਿ ਦੀ ਜੁਝਾਰਵਾਦੀ ਲਹਿਰ ਨਾਲ ਸੰਬੰਧਤ ਪੰਜ ਪ੍ਰਮੁੱਖ ਕਵੀਆਂ ਦੇ ਨਾਂ ਲਿਖੋ। (ਅਪਰੈਲ 2011)
11. ਚਾਰ ਇਸਤਰੀ ਕਹਾਣੀਕਾਰ ਦੇ ਨਾਂ ਲਿਖੋ। (ਅਪਰੈਲ 2011)
12. ਲੇਖਕਾਂ ਦੇ ਰੇਖਾ-ਚਿੱਤਰਾਂ ਬਾਰੇ ਰਚੀਆਂ ਗਈਆਂ ਚਾਰ ਪੁਸਤਕਾਂ ਦੇ ਸਿਰਲੇਖ ਲਿਖੋ। (ਅਪਰੈਲ 2011)
13. ਚਾਰ ਮੁੱਢਲੇ ਨਾਟਕਕਾਰਾਂ ਦੇ ਨਾਂ ਲਿਖੋ। (ਅਪਰੈਲ 2011)
14. 1947 ਈ. ਤੋਂ ਪਹਿਲਾਂ ਦੇ ਚਾਰ ਨਾਵਲਕਾਰਾਂ ਦੇ ਨਾਂ ਲਿਖੋ। (ਅਪਰੈਲ 2011)
15. 1960 ਤੋਂ ਪਹਿਲਾਂ ਦੇ ਚਾਰ ਸਾਹਿਤ ਖੋਜੀਆਂ ਤੇ ਆਲੋਚਕਾਂ ਦੇ ਨਾਂ ਗਿਣਾਉ। (ਅਪਰੈਲ 2012)
16. ਮਾਰਕਸਵਾਦੀ ਵਿਚਾਰਧਾਰਾ ਨਾਲ ਸੰਬੰਧਤ ਚਾਰ ਪ੍ਰਮੁੱਖ ਆਲੋਚਕਾਂ ਦੇ ਨਾਂ ਲਿਖੋ। (ਅਪਰੈਲ 2012)
17. 1901 ਤੋਂ 1935 ਤੱਕ ਚਾਰ ਪ੍ਰਮੁੱਖ ਪੰਜਾਬੀ ਕਵੀਆਂ ਦੇ ਨਾਂ ਲਿਖੋ। (ਅਪਰੈਲ 2012)
18. ਪੰਜਾਬੀ ਨਾਟਕ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਕਿਹੜੀਆਂ ਰਹੀਆਂ ਹਨ। (ਅਪਰੈਲ 2012)
19. ਪ੍ਰਯੋਗਸ਼ੀਲ ਲਹਿਰ ਦੇ ਚਾਰ ਕਵੀਆਂ ਦੇ ਨਾਂ ਲਿਖੋ। (ਅਪਰੈਲ 2013)
20. ਪ੍ਰਗਤੀਵਾਦੀ ਕਾਵਿ-ਧਾਰਾ ਦੇ ਪੰਜ ਲੱਛਣਾਂ ਬਾਰੇ ਲਿਖੋ। (ਅਪਰੈਲ 2013)
21. ਜੁਝਾਰਵਾਦੀ ਕਾਵਿ-ਧਾਰਾ ਦੇ ਪੰਜ ਕਵੀਆਂ ਦੇ ਨਾਂ ਦੱਸੋ। (ਅਪਰੈਲ 2013)
22. ਪੰਜਾਬੀ ਦੇ ਤਿੰਨ ਮੁੱਢਲੇ ਸਾਹਿਤ ਆਲੋਚਕਾਂ ਦੇ ਨਾਂ ਦੱਸੋ। (ਅਪਰੈਲ 2013)
23. ਪੰਜਾਬੀ ਸਾਹਿਤ ਵਿਚੋਂ ਚਾਰ ਸਫ਼ਰਨਾਮਾ ਲੇਖਕਾਂ ਦੇ ਨਾਂ ਲਿਖੋ। (ਅਪਰੈਲ 2013)
24. ਕੋਈ ਤਿੰਨ ਔਰਤ ਲੇਖਿਕਾਵਾਂ ਦੀਆਂ ਸਵੈ-ਜੀਵਨੀਆਂ ਦੇ ਨਾਂ ਲਿਖੋ। (ਅਪਰੈਲ 2013 ਮਈ 2016)
25. ਤੁਸੀਂ ਆਧੁਨਿਕ ਕਾਲ ਦਾ ਪਹਿਲਾ ਸ਼ਾਇਰ ਕਿਸ ਨੂੰ ਮੰਨਦੇ ਹੋ ਅਤੇ ਕਿਉਂ? ਸੰਖੇਪ ਚਰਚਾ ਕਰੋ। (ਅਪਰੈਲ 2014)
26. ਪੰਜਾਬੀ ਸਾਹਿਤ ਦੇ ਚਾਰ ਸਫ਼ਰਨਾਮਾ ਲੇਖਕਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਨਾਂ ਦੱਸੋ। (ਅਪਰੈਲ 2014)
27. ਆਧੁਨਿਕ ਕਾਲ ਦੇ ਹਾਸ-ਵਿਅੰਗ ਸਾਹਿਤ ਉਤੇ ਸੰਖੇਪ ਟਿੱਪਣੀ ਕਰੋ। (ਅਪਰੈਲ 2014)
28. ਪਾਕਿਸਤਾਨੀ ਪੰਜਾਬੀ ਸਾਹਿਤ ਦੇ ਸਾਂਝੇ ਲੱਛਣਾਂ ਉੱਤੇ ਸੰਖੇਪ ਟਿੱਪਣੀ ਕਰੋ। (ਅਪਰੈਲ 2015)
29. ਪੰਜਾਬੀ ਨਿਬੰਧ ਦੇ ਘੱਟ ਵਿਕਸਤ ਹੋਣ ਦੇ ਕਾਰਨਾਂ ਉੱਤੇ ਸੰਖੇਪ ਟਿੱਪਣੀ ਕਰੋ। (ਅਪਰੈਲ 2015)
30. ਪੰਜਾਬੀ ਆਲੋਚਨਾ ਦੀਆਂ ਸੀਮਾਵਾਂ ਉੱਤੇ ਸੰਖੇਪ ਟਿੱਪਣੀ ਕਰੋ। (ਅਪਰੈਲ 2015)
31. ਉਨੀਵੀਂ ਸਦੀ ਦੇ ਦੂਜੇ ਅੱਧ ਦੀ ਪੰਜਾਬੀ ਵਾਰਤਕ ਦਾ ਪਰਿਚਯ ਦਿਓ। (ਮਈ 2016)
32. ਰੇਖਾ-ਚਿੱਤਰ ਅਤੇ ਜੀਵਨੀ ਵਿਚ ਕੀ-ਕੀ ਅੰਤਰ ਹਨ? (ਮਈ 2016)
33. ਸਿੰਘ ਸਭਾ ਲਹਿਰ ਦੀ ਪੰਜਾਬੀ ਪੱਤਰਕਾਰੀ ਨੂੰ ਕੀ ਦੇਣ ਹੈ? (ਮਈ 2016)
34. ਦੋ ਨਾਵਲਕਾਰਾਂ ਦੇ ਨਾਂ ਲਿਖੋ, ਜਿਨ੍ਹਾਂ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ ਹੋਵੇ। ਨਾਵਲਾਂ ਦੇ ਨਾਂ ਵੀ ਦੱਸੋ। (ਮਈ 2016)
35. ਲੰਬੀ ਕਹਾਣੀ ਲਿਖਣ ਵਾਲੇ ਦੋ ਕਹਾਣੀਕਾਰਾਂ ਦੇ ਨਾਂ ਲਿਖੋ। (ਮਈ 2016)
36. ਚਾਰ ਓਪੇਰਾ ਨਾਟਕਕਾਰਾਂ ਦੇ ਨਾਂ ਲਿਖੋ। (ਮਈ 2016)
37. ਪੰਜਾਬੀ ਨਾਟਕ ਦੀ ਨੱਕੜਦਾਦੀ ਕਿਸ ਨੂੰ ਆਖਿਆ ਜਾਂਦਾ ਹੈ ਅਤੇ ਕਿਉਂ? (ਮਈ 2016)
38. ਦੋ ਪਾਕਿਸਤਾਨੀ ਨਾਵਲਕਾਰ ਅਤੇ ਉਨ੍ਹਾਂ ਦੇ ਇਕ-ਇਕ ਪੰਜਾਬੀ ਨਾਵਲ ਦਾ ਨਾਮ ਲਿਖੋ। (ਮਈ 2016)
39. ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਕਿਹੜੇ-ਕਿਹੜੇ ਵਾਰਤਕ ਰੂਪ ਪੰਜਾਬੀ ਵਿਚ ਦਾਖ਼ਲ ਹੋਏ? (ਮਈ 2016)
40. ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ-ਪ੍ਰਸਾਰ ਵਿਚ ਪੱਤਰਕਾਰੀ ਦਾ ਕੀ ਯੋਗਦਾਨ ਹੈ? (ਮਈ 2016)
41. ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਵਾਲੇ ਚਾਰ ਇਤਿਹਾਸਕਾਰਾਂ ਅਤੇ ਉਨ੍ਹਾਂ ਦੀਆਂ ਪੁਸਤਕਾਂ ਦੇ ਨਾਂ ਲਿਖੋ। (ਮਈ 2016)

42. ਚਾਰ ਇਸਤਰੀ ਸਵੈਜੀਵਨੀਕਾਰਾਂ ਦੇ ਨਾਂ ਲਿਖੋ ਅਤੇ ਉਨ੍ਹਾਂ ਦੀ ਇਕ-ਇਕ ਸਵੈਜੀਵਨੀ ਦਾ ਨਾਂ ਵੀ ਲਿਖੋ। (ਮਈ 2017)
43. ਚਾਰ ਨਾਟਕਕਾਰਾਂ ਦੇ ਨਾਂ ਲਿਖੋ ਜੋ ਅਦਾਕਾਰ ਵੀ ਰਹੇ। (ਮਈ 2017)
44. ਪੰਜਾਬ ਸੰਕਟ ਨਾਲ ਸੰਬੰਧਤ ਚਾਰ ਕਹਾਣੀਕਾਰਾਂ ਅਤੇ ਉਨ੍ਹਾਂ ਦੇ ਇਕ-ਇਕ ਕਹਾਣੀ ਸੰਗ੍ਰਹਿ ਦਾ ਨਾਂ ਵੀ ਲਿਖੋ। (ਮਈ 2017)
45. ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਚਾਰ ਮਹਾਂਕਾਵਿ ਕਿਹੜੇ-ਕਿਹੜੇ ਹਨ? ਰਚਨਾਕਾਰਾਂ ਦੇ ਨਾਂ ਵੀ ਲਿਖੋ। (ਮਈ 2017)
46. ਚਾਰ ਮਾਰਕਸਵਾਦੀ ਆਲੋਚਕਾਂ ਅਤੇ ਉਨ੍ਹਾਂ ਦੀ ਇਕ-ਇਕ ਆਲੋਚਨਾ ਪੁਸਤਕ ਦਾ ਨਾਂ ਲਿਖੋ। (ਮਈ 2017)

## ਸਹਾਇਕ ਪੁਸਤਕਾਵਲੀ


1. ਅਹਿਮਦ ਹੁਸੈਨ ਕੁਰੈਸ਼ੀ, *ਪੰਜਾਬੀ ਅਦਬ ਕੀ ਮੁਖ਼ਤਸਰ ਤਾਰੀਖ਼*, ਲਾਹੌਰ, 1964.
2. ਸੁਖਿੰਦਰ, *ਕੈਨੇਡੀਅਨ ਪੰਜਾਬੀ ਸਾਹਿਤ*, ਵਿਸ਼ਵਭਾਰਤੀ ਪ੍ਰਕਾਸ਼ਨ, ਬਰਨਾਲਾ, 2010.
3. ਸੁਰਿੰਦਰਪਾਲ ਸਿੰਘ, *ਪਰਵਾਸੀ ਪੰਜਾਬੀ ਸਾਹਿੱਤ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988.
4. ਸਤੀਸ਼ ਕੁਮਾਰ ਵਰਮਾ, *ਪੰਜਾਬੀ ਨਾਟਕ ਦਾ ਇਤਿਹਾਸ*, ਪੰਜਾਬੀ ਅਕਾਦਮੀ, ਦਿੱਲੀ, 2005
5. ਹਾਫ਼ਿਜ਼ ਮਹਿਮੂਦ ਸ਼ੇਰਾਨੀ, *ਪੰਜਾਬ ਵਿਚ ਉਰਦੂ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1962.
6. ਕਰਮਜੀਤ ਸਿੰਘ, *ਆਧੁਨਿਕ ਪੰਜਾਬੀ ਕਾਵਿਧਾਰਾਵਾਂ ਦੇ ਵਿਚਾਰਧਾਰਾਈ ਆਧਾਰ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983.
7. ਪ੍ਰੀਤਮ ਸਿੰਘ ਕੈਂਬੋ, *ਬਰਤਾਨਵੀ ਪੰਜਾਬੀ ਕਵਿਤਾ : ਇਕ ਦ੍ਰਿਸ਼ਟੀ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1999.
8. ਬ੍ਰਹਮਜਗਦੀਸ਼ ਸਿੰਘ ਅਤੇ ਰਾਜਬੀਰ ਕੌਰ, *ਪੰਜਾਬੀ ਸਾਹਿੱਤ ਦਾ ਇਤਿਹਾਸ*, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2011.
9. ਬ੍ਰਹਮਜਗਦੀਸ਼ ਸਿੰਘ, *ਸਮਾਲੋਚਨਾ ਸ਼ਾਸਤਰ*, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2011.
10. _______, *ਪੰਜਾਬੀ ਕਹਾਣੀ : ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ*, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2012.
11. _______, *ਸਾਹਿਤ ਸੰਕਲਪ ਕੋਸ਼*, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2013.
12. _______, *ਸਾਹਿੱਤ ਦੇ ਰੂਪ : ਸਿਧਾਂਤ, ਇਤਿਹਾਸ ਤੇ ਵਿਕਾਸ*, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2014.
13. _______, *ਆਧੁਨਿਕ ਪੰਜਾਬੀ ਕਾਵਿ : ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ*, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2014.
14. ਮਹਿੰਦਰਪਾਲ ਕੋਹਲੀ, *ਪੰਜਾਬੀ ਸਾਹਿਤ ਦਾ ਇਤਿਹਾਸ : ਆਧੁਨਿਕ ਕਾਲ*, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 1981

15. ਰਤਨ ਸਿੰਘ ਜੱਗੀ, *ਸਾਹਿੱਤ ਦੇ ਰੂਪ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

**ਰਿਸਾਲੇ :**

*ਖੋਜ ਪਤ੍ਰਿਕਾ : ਪਾਕਿਸਤਾਨੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ*

*ਖੋਜ ਪਤ੍ਰਿਕਾ : ਸਾਹਿਤਿਕ ਵਾਦ ਅੰਕ ਭਾਗ I ਅਤੇ II*

**Type Setting :**
**Department of Distance Education, Punjabi University, Patiala.**